# ਮਾਸਟਰ ਨਿਹਾਲ ਸਿੰਘ ਜੀ ਰਚਨਾਵਲੀ

## ਚੋਜੀ ਪ੍ਰੀਤਮ

(ਸਾਖੀਆਂ-1)



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਮਾਸਟਰ ਨਿਹਾਲ ਸਿੰਘ ਜੀ
# ਰਚਨਾਵਲੀ

## ਚੋਜੀ ਪ੍ਰੀਤਮ

(ਸਾਖੀਆਂ–1)

ਸੰਪਾਦਕ
ਤਾਰਾ ਸਿੰਘ ਅਨਜਾਣ

ਆਰਸੀ ਪਬਲਿਸ਼ਰਜ਼, ਦਿੱਲੀ

Sri Satguru Jagjit Singh Ji eLibrary NamdhariElibrary@gmail.com

MASTER NIHAL SINGH JI RACHNAWALI
Chozi Pritam (Saakhian)
by
**Master Nihal Singh**
**(Ed. Tara Singh Anjaan)**

**Arsee Publishers,** 51 Parda Bagh, Darya Ganj, New Delhi-2
Website : www.arseepublishers.com
E-mail : arseepublishers@rediffmail.com

*All rights reserved. No part of this book may be reproduced, stored in a retrieval system, or transmitted in any form or by any means electronic, mechanical, photocopying recording or otherwise without prior written permission in writing from both the Author and Publisher.*

ISBN-978-81-8299-457-7

© 2019

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, 51 ਪਰਦਾ ਬਾਗ, ਦਰਿਆ ਗੰਜ,
ਨੇੜੇ ਪੈਟਰੋਲ ਪੰਪ, ਨਵੀਂ ਦਿੱਲੀ-110002
ਫ਼ੋਨ : 23280657, 8076749930
E-mail: arseepublishers@rediffmail.com

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਨਵੀਂ ਦਿੱਲੀ-110002

ਟਾਈਪਸੈਟਿੰਗ : ਕੋਹਲੀ ਕੰਪਿਊਟਰਸ, ਦਿੱਲੀ-110 05
ਫ਼ੋਨ : 9810656683

ਮੁੱਲ : 500/- ਰੁਪਏ

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਨਾਮਧਾਰੀ ਪੰਥ ਦੇ ਸਿਰਤਾਜ
ਹਾਜ਼ਰਾ-ਹਜ਼ੂਰ ਪਹਿਰੇ ਦੇ ਮਾਲਕ, ਠੰਢੀ ਮੂਰਤ
**ਸ੍ਰੀ ਸਤਿਗੁਰੂ ਉਦੈ ਸਿੰਘ ਜੀ**
ਦੇ ਚਰਨ-ਕਮਲਾਂ 'ਚ ਸਮਰਪਿਤ ਹੈ,
ਜਿਨ੍ਹਾਂ ਨਾਮਧਾਰੀ ਪੰਥ ਦੀ ਬੇਲ ਨੂੰ
ਆਪਣੇ ਪ੍ਰੇਮ ਦੇ ਸਪਰਸ਼ ਨਾਲ
ਹਰਿਆ-ਭਰਿਆ ਰੱਖਿਆ ਹੈ।

Sri Satguru Jagjit Singh Ji eLibrary NamdhariElibrary@gmail.com

## "ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ"

ਗੁਰਬਾਣੀ ਦੀ ਇਸ ਤੁਕ ਵਿੱਚ ਗੁਰੂ ਜੀ ਨੇ ਗੁਰਸਿੱਖ ਵਾਸਤੇ ਦੋ ਸ਼ਰਤਾਂ ਰੱਖੀਆਂ ਹਨ। ਇੱਕ - ਅਕਾਲ ਪੁਰਖ ਦਾ ਹੁਕਮ ਉਹਦੀ ਕਿਰਪਾ ਨਾਲ ਸਿੱਖ ਪਾਸੋਂ ਮਨਿਆ ਜਾਵੇ। ਦੂਸਰੀ - ਸਤਿਗੁਰੂ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਕਰਕੇ ਸੇਵਕ ਅਕਾਲ ਪੁਰਖ ਨੂੰ ਕਬੂਲ ਹੁੰਦਾ ਹੈ। ਜਦੋਂ ਸੇਵਕ ਉਹੀ ਕੰਮ ਕਰਦਾ ਹੈ ਜੋ ਸਤਿਗੁਰੂ ਨੂੰ ਚੰਗਾ ਲਗਦਾ ਹੈ ਤਾਂ ਉਹ ਸੇਵਕ ਪਰਵਾਨ ਹੋ ਜਾਂਦਾ ਹੈ। ਐਸਾ ਕੁੱਝ ਹੀ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਨਾਲ ਅਖੀਰ ਸਮੇਂ ਵਾਪਰਿਆ ਅਤੇ ਸੰਸਾਰ ਯਾਤਰਾ ਪ੍ਰਵਾਨ ਹੋ ਗਈ। ਸਤਿਗੁਰੂ ਜਗਜੀਤ ਸਿੰਘ ਜੀ ਉਹਨੀਂ ਦਿਨੀ ਸਵੇਰੇ 11 ਕੁ ਵਜੇ ਰੋਜ਼ਾਨਾ ਪੰਡਿਤ ਗੋਪਾਲ ਸਿੰਘ ਜੀ ਪਾਸੋਂ ਸਤਿਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਨਿਆ ਕਰਦੇ ਸਨ। ਮਾਸਟਰ ਜੀ ਕੁਝ ਚੁਨਿੰਦੇ ਸਰੋਤਿਆਂ ਵਿੱਚੋਂ ਇੱਕ ਹੋਇਆ ਕਰਦੇ ਸਨ। ਇੱਕ ਦਿਨ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਅੱਜ ਮਾਸਟਰ ਜੀ ਤੁਸੀਂ ਸਾਖੀਆਂ ਸੁਨਾਉ। ਮਾਸਟਰ ਜੀ ਨੂੰ ਆਸਨ ਵਿਛਾ ਕੇ ਉਸ ਉੱਚੇ ਸਥਾਨ ਤੇ ਬਿਠਾਇਆ ਗਿਆ ਜਿਥੇ ਬੈਠ ਪੰਡਿਤ ਜੀ ਸਾਖੀਆਂ ਸੁਨਾਂਦੇ ਸਨ। ਕਿਉਂ ਜੋ ਸਾਖੀਆਂ ਗੁਰੂ ਸਾਹਿਬਾਨ ਦੀਆਂ ਹੁੰਦੀਆਂ ਸਨ, ਇਸ ਕਰਕੇ ਸੁਨਾਉਣ ਵਾਲੇ ਨੂੰ ਸ੍ਰੀ ਸਤਿਗੁਰੂ ਜੀ ਆਪਣੇ ਬਰਾਬਰ ਬਿਠਾਉਂਦੇ ਸਨ। ਮਾਸਟਰ ਜੀ ਨੇ ਬੜੇ ਰੋਚਕ ਢੰਗ ਨਾਲ ਪੂਰੀ ਸ਼ਰਧਾ ਅਨੁਸਾਰ ਹੁਕਮ ਮੰਨ ਸਾਖੀਆਂ ਸੁਨਾਈਆਂ। ਸ੍ਰੀ ਸਤਿਗੁਰੂ ਜੀ ਨੇ ਮਾਸਟਰ ਜੀ ਦਵਾਰਾ ਕੀਤੀ ਵਿਆਖਿਆ ਪ੍ਰਵਾਨ ਕੀਤੀ ਅਤੇ ਅਤਿ ਪ੍ਰਸੰਨ ਹੋਏ। ਮਾਸਟਰ ਜੀ ਨੇ ਆਗਿਆ ਮੰਗੀ ਤੁਰਨ ਸਮੇਂ, ਅਰਜ਼ ਕੀਤੀ ਗਰੀਬ ਨਿਵਾਜ਼ ਜੀ ਹੁਣ ਛੁੱਟੀਆਂ ਨੇ, ਖ਼ੁਸ਼ੀਆਂ ਬਖਸ਼ੋ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਮਾਸਟਰ ਜੀ ਪੂਰੀਆਂ ਖ਼ੁਸ਼ੀਆਂ ਨੇ ਅਤੇ ਛੁੱਟੀਆਂ ਵੀ। ਮਾਸਟਰ ਜੀ ਵਿਦਾ ਹੋ ਰਸੋਈ ਵਿੱਚ ਛਕਨ-ਛਕਾਨ ਵਾਸਤੇ ਗਏ। ਮਾਸਟਰ ਜੀ ਦੇ ਸੱਜੇ-ਖੱਬੇ ਪੁੱਤਰ ਚਰਨਜੀਤ ਸਿੰਘ ਅਤੇ ਪੋਤਰਾ ਗੁਰਸੇਵ ਸਿੰਘ ਬੈਠੇ ਪ੍ਰਸ਼ਾਦਾ ਛੱਕ ਰਹੇ ਸਨ। ਮਾਸਟਰ ਜੀ ਦੇ ਥਾਲੇ ਵਿੱਚ ਖਿਚੜੀ ਸੀ। ਗੁਰਬਾਣੀ ਦੀ ਤੁਕ ਪੜੀ, "ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨ।" ਇੱਕ ਚਿਮਚਾ ਖਿਚੜੀ ਦਾ ਮੂੰਹ ਵਿੱਚ ਪਾਇਆ, ਧੰਨ ਸਤਿਗੁਰੂ ਜਗਜੀਤ ਸਿੰਘ ਆਖ ਥਾਲਾ ਥੱਲੇ ਰੱਖ ਦਿੱਤਾ, ਪਿਛੇ ਢੋਹ ਲਗ ਗਈ

Sri Satguru Jagjit Singh Ji eLibrary NamdhariElibrary@gmail.com

ਅਤੇ ਸੁਆਸ ਪੂਰੇ ਹੋ ਗਏ। ਮਰਉ ਤਾਂ ਹਰਿ ਕੇ ਦੁਆਰੁ? ਵਾਲਾ ਵਾਕ ਪੂਰਾ ਹੋ ਗਿਆ। "ਐਸੀ ਮਰਨੀ ਜੋ ਮਰੈ ਬਹੁਰਿ ਨਾ ਮਰਨਾ ਹੋਇ।" ਸੰਸਾਰ ਯਾਤਰਾ ਮਾਸਟਰ ਜੀ ਦੀ ਬੜੇ ਸੁਖਾਲੇ ਜਹੇ ਢੰਗ ਨਾਲ ਪੂਰੀ ਹੋ ਗਈ। ਹੁਕਮ ਵੀ ਮੰਨਿਆ ਗਿਆ ਅਤੇ ਪ੍ਰਵਾਨ ਵੀ ਚੜ੍ਹ ਗਿਆ।

ਨਾਮਧਾਰੀ ਸਮਾਜ ਵਿੱਚ ਮਾਸਟਰ ਜੀ ਦੀ ਬਹੁਤੀ ਜਾਣ ਪਛਾਣ ਦੀ ਲੋੜ ਇਸ ਲਈ ਨਹੀਂ, ਕਿਉਂ ਜੋ ਸਭ ਜਾਣਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਵਰੋਸਾਏ ਹੋਏ ਗੁਰੂ ਘਰ ਦੇ ਅਨੰਨ ਸੇਵਕ ਸਨ ਮਾਸਟਰ ਨਿਹਾਲ ਸਿੰਘ ਜੀ। ਮਾਸਟਰ ਇਹਨਾਂ ਦਾ ਤਖੱਲਸ ਨਹੀਂ ਸੀ, ਆਪ ਸੱਚ-ਮੁੱਚ ਹੀ ਅਧਿਆਪਕ ਸਨ। ਮਾਸਟਰ ਜੀ ਦਾ ਜਨਮ 24 ਸਤੰਬਰ 1910 ਈ: ਨੂੰ ਪਿੰਡ ਗਿਲ, ਜ਼ਿਲ੍ਹਾ ਸਿਆਲ ਕੋਟ ਵਿੱਚ ਮਾਤਾ ਧੰਨ ਦਈ ਦੀ ਕੁਖੋਂ ਹੋਇਆ। ਆਪਦੇ ਪਿਤਾ ਦਾ ਨਾਮ ਸ੍ਰੀ ਅਰੂੜ ਸਿੰਘ ਸੀ।

ਮਾਸਟਰ ਜੀ ਮਹਾਨ ਸਨ, ਉਹਨਾਂ ਕਦੇ ਮਹਾਨ ਬਣਨ ਦੀ ਵਾਸਤਵਿਕਤਾ ਵਿੱਚ ਯਤਨ ਨਹੀਂ ਸੀ ਕੀਤੇ। ਉਹਨਾਂ ਦੀ ਅਸਾਧਾਰਣਤਾ ਹੀ ਇਸ ਗੱਲ ਦੀ ਸੀ ਕਿ ਉਹ ਸਦਾ ਸਾਧਾਰਣਤਾ ਵਿੱਚ ਵਿਚਰੇ। ਉਹਨਾਂ ਵਿੱਚ ਇਹ ਇੱਕ ਦੁਰਲਭ ਗੁਣ ਸੀ। ਮਾਸਟਰ ਜੀ ਅਸਲੋਂ ਅੰਦਰੋਂ ਬਾਹਰੋਂ ਇੱਕ ਸਨ। ਉਹ ਬਿਲਕੁਲ ਪਾਰਦਰਸ਼ੀ ਸਨ, ਇਸੇ ਕਰਕੇ ਉਹ ਪ੍ਰਮਾਣੀਕ ਸਨ। ਉਹਨਾਂ ਦੇ ਦਰਸ਼ਨ ਕਰਕੇ, ਉਹਨਾਂ ਨਾਲ ਕੰਮ ਕਰਕੇ, ਉਹਨਾਂ ਨਾਲ ਗੱਲ ਬਾਤ ਕਰਕੇ, ਵਿਚਰ ਕੇ ਸਹਜੇ ਹੀ ਗੁਰੂ ਘਰ ਨਾਲ ਗੁਰਬਾਣੀ ਨਾਲ ਗੁਰਸਿੱਖੀ ਜੀਵਨ ਨਾਲ ਸ਼ਰਧਾ ਸਤਿਕਾਰ ਉਪਜਤਾ ਸੀ।

ਮੈਨੂੰ ਮਾਸਟਰ ਜੀ ਨਾਲ ਬਹੁਤ ਲੰਬਾ ਮਸਾਂ ਕੰਮ ਕਰਨ ਦਾ ਮੌਕਾ ਮਿਲਿਆ, ਕਹਿ ਸਕਦਾ ਹਾਂ 1965 ਤੋਂ ਹੀ। ਵਿਸਥਾਰ ਵਿੱਚ ਨਾਂ ਵੀ ਜਾਵਾਂ, ਤਾਂ ਇਹ ਆਖਨਾ ਸੌਖਾ ਹੀ ਹੈ ਕਿ ਉਹਨਾਂ ਦਾ ਸਾਰਾ ਜੀਵਨ ਹੀ ਗੁਰੂ ਘਰ ਨੂੰ ਸੰਪੂਰਨ ਸਮਰਪਿਤ ਰਿਹਾ। ਜੈਸੀ ਪ੍ਰਭਾਸ਼ਾ ਗੁਰਬਾਣੀ ਅਨੁਸਾਰ ਇੱਕ ਸੱਚੇ ਸਿੱਖ ਦੀ ਹੋ ਸਕਦੀ ਹੈ, ਉਹ ਵੈਸੇ ਹੀ ਸਨ। ਉਹਨਾਂ ਨੇ ਆਪਣਾ ਤਨ, ਮਨ, ਧਨ, ਬੁਧੀ ਤੇ ਪਰਿਵਾਰ ਵੀ ਸਭ ਕੁੱਝ ਗੁਰੂ ਨੂੰ, ਗੁਰੂ ਹੁਕਮ ਨੂੰ ਗੁਰੂ ਪੰਥ ਨੂੰ ਸੱਚੇ ਅਰਥਾਂ ਵਿੱਚ ਸੌਂਪਿਆ ਹੋਇਆ ਸੀ। ਉਹ ਭਾਵੇਂ ਜਿਥੇ ਭੀ ਰਹਿਣ ਘਰ ਜਾਂ ਸ੍ਰੀ ਭੈਣੀ ਸਾਹਿਬ ਸਦਾ ਸਤਿਗੁਰਾਂ ਨੂੰ ਸਮਰਪਿਤ ਰਹਿੰਦੇ ਸਨ। ਇੱਕ ਸਨਆਸੀ ਵਾਂਗੂ ਵਿਚਰਦੇ ਸਨ। ਗੁਰੂ ਜੀ ਦਾ ਬਚਨ ਰੇ ਮਨ ਐਸਾ ਕਰ ਸਨਿਆਸਾ? ਪੂਰੀ ਤਰਾਂ ਉਹਨਾਂ ਨਿਭਾਇਆ। ਇਹ ਸੌਖਿਆਂ ਹੀ ਉਹਨਾਂ ਵਾਸਤੇ ਕਿਹਾ ਜਾ ਸਕਦਾ ਹੈ ਕਿ ਉਹ ਇੱਕ ਪ੍ਰਮਾਣੀਕ ਨਾਮਧਾਰੀ ਸਿੱਖ ਸਨ। ਉਹਨਾਂ ਨੇ ਪੰਥ ਲਈ ਜੋ ਵੀ ਕਾਰਜ ਕੀਤੇ, ਜੋ ਵੀ ਸੇਵਾ ਸਤਿਗੁਰੂ ਜੀ ਨੇ ਉਹਨਾਂ ਨੂੰ ਬਖਸ਼ੀ, ਜਿਸ ਪਦ ਤੇ ਵੀ ਉਹਨਾਂ ਨੂੰ ਸ਼ੁਸ਼ੋਭਿਤ ਕੀਤਾ ਗਿਆ, ਜੋ ਵੀ

Sri Satguru Jagjit Singh Ji eLibrary NamdhariElibrary@gmail.com

ਮਾਨ-ਸਨਮਾਨ ਬਖਸ਼ੇ ਗਏ, ਅਤੇ ਉਹ ਜਿਸ ਵੀ ਰੂਪ, ਜਿਸ ਵੀ ਰੰਗ ਵਿੱਚ ਰਹੇ ਕਿਰਪਾ ਇਹ ਸੀ ਇੱਕ ਗੁਰਸਿੱਖ ਦੇ ਰੂਪ ਵਿਚਰਦੇ ਰਹੇ।

ਮਾਸਟਰ ਜੀ ਨੇ ਦਰਜਨਾਂ ਤੋਂ ਵੱਧ ਕਿਤਾਬਾਂ ਲਿਖੀਆਂ, ਬਹੁਮੁੱਲੇ ਲੇਖ ਲਿਖੇ। ਗੁਰਸਿੱਖੀ ਦੀ ਸਾਖੀਆਂ, ਸਤਿਗੁਰ ਸਾਖੀਆਂ, ਸਿੱਖਾਂ ਤੇ ਸਤਿਗੁਰੂ ਜੀ ਦੀਆਂ ਜੀਵਰਨੀਆਂ ਉਹਨਾਂ ਦਾ ਮਨ ਭਾਉਂਦਾ ਵਿਸ਼ਾ ਰਿਹਾ। ਸਾਖੀ ਦਾ ਅਰਥ ਹੈ ਗਵਾਹੀ। ਸਾਖੀਆਂ ਬਨਾਉਟੀ ਜਾ ਕਾਲਪਨਿਕ ਕਹਾਨੀਆਂ ਨਹੀਂ ਹੁੰਦੀਆਂ। ਸਾਖੀਆਂ ਸਚਮੁਚ ਦੇ ਜੀਵਨ ਵਿੱਚੋਂ ਮਿਲਦੀਆਂ ਗਵਾਹੀਆਂ, ਕਿਸੇ ਪ੍ਰਮਾਣ ਦੇ ਆਧਾਰ ਤੇ ਰਚੀਆ ਜਾਂਦੀਆਂ ਹਨ। ਮਾਸਟਰ ਜੀ ਦੀ ਬਿਰਤੀ ਕਿਸੇ ਝੂਠੀ, ਕਿਸੇ ਬਨਾਵਟੀ ਚੀਜ਼ ਵੱਲ ਜਾਂਦੀ ਹੀ ਨਹੀਂ ਸੀ। ਉਹ ਪੜਦੇ ਵੀ ਮਹਾਨ ਆਤਮਾਵਾਂ ਦੀਆਂ ਜੀਵਨੀਆਂ ਤੇ ਸਾਖੀਆਂ ਹੀ ਰਹੇ ਅਤੇ ਲਿਖਦੇ ਵੀ ਜੀਵਨੀਆਂ ਤੇ ਸਾਖੀਆਂ ਹੀ ਰਹੇ। ਅੰਤ ਸਮੇਂ ਸ੍ਰੀ ਸਤਿਗੁਰੂ ਜੀ ਨੂੰ ਸਾਖੀਆਂ ਸੁਨਾਉਣ ਉਪਰੰਤ ਹੀ ਉਹਨਾਂ ਦੇ ਸਵਾਸ ਪੂਰੇ ਹੋਏ।

ਉਹਨਾਂ ਦੇ ਦੋਨੇ ਸਪੁਤਰ ਸ. ਮਨਮੋਹਨ ਸਿੰਘ ਅਤੇ ਸ. ਚਰਨਜੀਤ ਸਿੰਘ ਦੇ ਵਿਸ਼ੇਸ਼ ਉਦਮ ਕਰਕੇ, ਮਾਸਟਰ ਜੀ ਦੀਆਂ ਕਿਤਾਬਾਂ ਅਤੇ ਲੇਖਾਂ ਦਾ ਸੰਕਲਨ ਕਰਕੇ 10 ਗ੍ਰੰਥਾਂ ਦੇ ਰੂਪ ਵਿੱਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਪ੍ਰਵਾਨਗੀ ਉਪਰੰਤ ਹੀ ਛਾਪੀਆਂ ਗਈਆਂ ਹਨ। ਏਥੇ ਪ੍ਰੋ. ਤਾਰਾ ਸਿੰਘ ਅਨਜਾਣ ਜੀ ਨੂੰ ਯਾਦ ਕਰਨਾ ਭੀ ਜ਼ਰੂਰੀ ਹੈ। ਇਹ ਸੋਚ ਅਤੇ ਪ੍ਰੇਰਣਾ ਉਹਨਾਂ ਦੀ ਹੀ ਸੀ ਕਿ ਮਾਸਟਰ ਜੀ ਦੇ ਕੰਮਾਂ ਦਾ ਸੰਕਲਨ ਕੀਤਾ ਜਾਵੇ। ਇਸ ਕੰਮ ਦੀ ਸ਼ੁਰੂਆਤ ਉਹਨਾਂ ਨੇ ਹੀ ਕੀਤੀ ਸੀ। ਵਧੀਆ ਛਪਾਈ ਤੇ ਸੁੰਦਰ ਗ੍ਰੰਥਾਂ ਦੇ ਰੂਪ ਵਿੱਚ ਲਿਆਉਣ ਵਾਸਤੇ ਸ੍ਰੀ ਰੰਜੀਤ ਸਿੰਘ ਆਰਸੀ? ਦਾ ਵਿਸ਼ੇਸ਼ ਜ਼ਿਕਰ ਵੀ ਜ਼ਰੂਰੀ ਹੈ।

ਇਹਨਾਂ ਗ੍ਰੰਥਾਂ ਦਾ ਅਧਿਯਨ ਕਰਕੇ ਪਾਠਕਾਂ ਦੀ ਸ੍ਰੀ ਸਤਿਗੁਰੂ ਜੀ ਪ੍ਰਤੀ ਸ਼ਰਧਾ-ਵਿਸ਼ਵਾਸ ਤੇ ਸਮਰਪਣ ਭਾਵਨਾ ਸਹਿਜੇ ਹੀ ਉਪਜੇਗੀ। ਅੰਦਰੂਨੀ ਚਰਿਤ੍ਰ ਵਿੱਚੋਂ ਸਹਜੇ ਹੀ ਸਦਾ ਬਹਾਰ ਪੌਦਾ ਪ੍ਰਸਫੁਟਿਤ ਹੋਏਗਾ। ਸ੍ਰੀ ਸਤਿਗੁਰੂ ਜੀ ਲਈ ਸ਼ਰਧਾ ਤੇ ਸਮਰਪਣ ਭਾਵ ਜੀਵਨ ਯਾਤਰਾ ਨੂੰ ਸੁਖਾਵਾਂ ਬਨਾਏਗਾ।

19.7.2019

ਹਰਵਿੰਦਰ ਸਿੰਘ ਹੰਸਪਾਲ, Ex. M.P.
ਪ੍ਰਧਾਨ - ਨਾਮਧਾਰੀ ਦਰਬਾਰ

Sri Satguru Jagjit Singh Ji eLibrary NamdhariElibrary@gmail.com

# ਕਿੱਥੇ ਕੀ?


1. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ........ 10
2. ਪ੍ਰਕਾਸ਼ ........ 12
3. ਬਾਲ ਕਾਲ ........ 16
4. ਅਨੰਦ ........ 23
5. ਡਾਢਾ ਪੀਰ ........ 33
6. ਛੱਤੀ ਪਦਾਰਥ ........ 39
7. ਪਾਰਸ ਛੁਹ ........ 46
8. ਆਪ ਬੀਤੀ ........ 53
9. ਹਾਜ਼ਰ ਨਾਜ਼ਰ ........ 58
10. ਕਿੱਲੀ ਦੇ ਦਾਣੇ ........ 67
11. ਪ੍ਰਸ਼ਾਦਾ ਵਿੱਚੇ ........ 75
12. ਪੱਥਰਾਂ ਚੋਂ ਹੀਰਾ ........ 82
13. ਇੰਦਰ ਬਾਗ਼ ........ 93
14. ਚੀਫ਼ ਇੰਜੀਨੀਅਰ ........ 99
15. ਬਖਸ਼ਿਸ਼ ........ 103
16. ਪ੍ਰਾਣ ਰਖਿਅਕ ........ 107
17. ਚੰਨ ਸੂਰਜ ........ 112
18. ਮਸਕੀਨਾਂ ਦੇ ਮਹਿਰਮ ........ 115
19. ਗਰਬ ਪ੍ਰਹਾਰੀ ........ 121
20. ਅਗਿਆਨੀ ਗਿਆਨੀ ........ 129
21. ਮੈਨੂੰ ਮਾਰਨ ਵਾਲੇ ........ 136
22. ਸ੍ਰੀ ਭੈਣੀ ਸਾਹਿਬ ਦੀ ਉਧਾਰਤਾ ........ 140
23. ਚਰਨ ਗੁਰੂ ........ 143
24. ਆਪ ਨਰਾਇਣ ........ 149
25. ਰਮੇ ਰਾਮ ........ 151
26. ਬੰਸੀ ਵਾਲਾ ........ 153
27. ਸ਼ਹੀਦਾਂ ਦੇ ਸਿਰਵਾਜ ........ 155


Sri Satguru Jagjit Singh Ji eLibrary NamdhariElibrary@gmail.com

28. ਮੀਰੀ ਪੀਰੀ ਦੇ ਮਾਲਕ ........................................ 156
29. ਕਲਘੀ ਵਾਲੇ ........................................ 158
30. ਫ਼ੌਜਾਂ ਵਾਲੇ ........................................ 160
31. ਨਿਹੰਗ ਦੇ ਸਤਿਗੁਰ ........................................ 161
32. ਹਜ਼ਰਤ ਬਾਬਾ ਨਾਨਕ ........................................ 163
33. ਪੀਰਾਨੇ ਪੀਰ ........................................ 165
34. ਕਦਮ ਬੋਸ ........................................ 167
35. ਖਾਨ ਦਾ ਪੀਰ ........................................ 169
36. ਬੰਨੇ ਚੰਨੇ ਦੇ ਭਰਾ ........................................ 174
37. ਔਹ ਖ਼ੁਦਾ ਆ ਗਿਆ ........................................ 179
38. ਨਾਨਕ ਸ਼ਾਹ ਦਾ ਲੰਗਰ ........................................ 183
39. ਹਜ਼ਰਤ ਈਸਾ ਦਾ ਰੱਬ ........................................ 185
40. ਫੱਕਰ ........................................ 187
41. ਬੇਸਿਦਕਾਂ ਨੂੰ ਸਿਦਕ ........................................ 191
42. ਸਤਿਗੁਰ ਮੂਰਤਿ ........................................ 195
43. ਸੇਵਕ ਦੀ ਲਾਜ ........................................ 199
44. ਗੋਲੀਆਂ ਦੀ ਵਾਛੜ ਬੇਅਸਰ ........................................ 201
45. ਬੰਦ ਖਲਾਸ ........................................ 203
46. ਚੋਰ ਤੋਂ ਸੰਤ ........................................ 205
47. ਨਿਰਖ ਬਦਲੇ ........................................ 208
48. ਤੋਲ ਪੂਰਾ ........................................ 210
49. ਰੀਫ-ਕਪ-ਨੌ-ਦੋ-ਯਾਰਾਂ ........................................ 212
50. ਹੈਂਕੜਰਾਜ਼ ਚਰਨੀਂ ........................................ 214
51. ਅਨੋਖਾ ਵਕੀਲ ........................................ 217
52. ਮਸਤਾਨੀ ਦੀ ਸ਼ਰਧਾ ........................................ 219
53. ਮਾਈ ਦਾਨੀ ........................................ 220
54. ਵੀਹਵੀਂ ਸਦੀ ਦੇ ਕਬੀਰ ........................................ 227
55. ਤਲਵਾਰਾਂ ਤੋਂ ਰਖਿਆ ........................................ 229
56. ਮੌਤ ਦੇ ਭੰਵਰਾਂ 'ਚੋਂ ........................................ 232
57. ਫਾਇਰ ਮਿਸ ........................................ 240
58. ਸ਼ਿਕਾਰੀ ਨੂੰ ਗੋਲੀ ........................................ 241
59. ਗੁਲਬਦਨ ਦੀ ਲਾਜ ........................................ 243

Sri Satguru Jagjit Singh Ji eLibrary NamdhariElibrary@gmail.com

60. ਪੰਡਿਤ ਜੀ ਤੋਂ ਸੇਵਾ ........ 249
61. ਸਤਿਗੁਰ ਸੁਨੇਹਾ ........ 254
62. ਇੰਦਰ ਮੋਹਣੀਆਂ ........ 258
63. ਗੁਪਤ ਖ਼ਜ਼ਾਨੇ ........ 261
64. ਗੁਰੂ ਕਾ ਲੰਗਰ ........ 263
65. ਕੋਠੇ ਤੋਂ ਕੋਠੀ ........ 268
66. ਬੰਗਲੇ ਦੀ ਸਾਈ ........ 273
67. ਟੈਕਟਰ ਤੇ ਟਿਊਬਵੈੱਲ ........ 274
68. ਬਾਪੂ ........ 276
69. ਮੋਟਰ ਸਾਈਕਲ ਤੇ ਕਾਰ ........ 282
70. ਦਰਿਆ ਰਾਮ ਦਰਿਆ ਰਾਮ ........ 283
71. ਸਿੱਖ ਦੀ ਡੋਰੀ ........ 287
72. ਚੋਜੀ ਪ੍ਰੀਤਮ ........ 288
73. ਨਾਗਣੀ ਨੂੰ ਲੱਤ ........ 290
74. ਯਰਕਾਨ ........ 295
75. ਬਵਾਸੀਰ ........ 296
76. ਮੂਤ ਰੋਗ ........ 297
77. ਭੂਤਨੀਆਂ ਦਾ ਮੰਤਰ ........ 297
78. ਚਿੱਟੇ ........ 298
79. ਸਿਫਲਸ ........ 299
80. ਔਧਾ-ਪੌਨ ........ 300
81. ਸ਼ੂਗਰ ........ 301
82. ਰੋਗੀ ਹਸਪਤਾਲੋਂ ਨਸਿਆ ........ 306
83. ਟੂਟੀ ਗੰਢਨਹਾਰ ........ 308
84. ਮੁਰਦੇ 'ਚ ਜਾਨ ........ 310
85. ਛਪਾਕੀ ........ 312
86. ਚਰਨਾਮ੍ਰਿਤ ........ 313
87. ਅੱਡੀ ਪੀੜ ........ 314
88. ਨਾਮ ਦਾਰੂ ........ 315
89. ਉਹ ਸੀ ਵੈਦ ਬਿਮਾਰਾਂ ਦਾ ........ 318
90. ਮਿਹਰਾਂ ਦਾ ਮੀਂਹ ........ 319

Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ੁਭ ਉਪਦੇਸ਼

- ਜਿੱਥੇ ਨਾਮ ਹੈ ਸਭੇ ਸੁੱਖ ਆ ਜਾਂਦੇ ਹਨ।
- ਭਜਨ ਕਰੋਗੇ, ਬਾਣੀ ਪੜ੍ਹੋਗੇ ਮਨ ਸ਼ੁੱਧ ਹੋਵੇਗਾ।
- ਕੂਕਿਓ! ਸਤਿਗੁਰੂ ਰਾਮ ਸਿੰਘ ਦਾ ਰੂਪ ਧਾਰਨ ਕਰੋ ਤੁਹਾਡੀਆਂ ਕਾਮਨਾਵਾਂ ਪੂਰੀਆਂ ਹੋ ਜਾਣਗੀਆਂ।
- ਸਤਿਗੁਰੂ ਨੂੰ ਅਸੀਂ ਮਾਲਾ ਨਾਲ ਨਹੀਂ ਮਿਲ ਸਕਦੇ; ਅਸੀਂ ਨਹਾ ਕੇ ਨਹੀਂ ਮਿਲ ਸਕਦੇ; ਸਤਿਗੁਰ ਪਾਸੋਂ ਸਿਦਕ ਮੰਗੋ।
- ਜਿੰਨਾ ਜਿੰਨਾ ਸਤਿਗੁਰ ਨੂੰ ਭੁੱਲੋਗੇ, ਦੁਖ ਪਾਉਗੇ।
- ਆਦਿ ਗ੍ਰੰਥ ਸਾਹਿਬ ਦੇ 100 ਪਤਰਿਆਂ ਦਾ ਪਾਠ ਰੋਜ਼ ਕਰਿਆ ਕਰੋ ਮਨ ਭਟਕਣ ਤੋਂ ਰੁੱਕ ਜਾਵੇਗਾ।
- ਸਮਾਂ ਆਵੇਗਾ ਨ ਕੋਈ ਅਕਾਲੀ ਵੱਖਰਾ ਰਹਿਣਾ ਏ ਨ ਕਾਂਗ੍ਰਸੀ ਵੱਖਰਾ ਰਹਿਣਾ ਹੈ ਨ ਕੋਈ ਕਮਿਊਨਿਸਟ ਸਭ ਮਿਲ ਕੇ ਰਾਜ ਕਰਨਗੇ।
- ਜਿਸ ਰਸਤੇ ਟੁਰੇ ਹੋਏਓ, ਜਿਹੜੀ ਬੇੜੀ ਚੜ੍ਹੇ ਹੋਏਓ, ਉਸੇ ਤੇ ਸਵਾਰ ਰਹੋ ਪਰ ਘੰਟਾ ਜ਼ਰੂਰ ਕੱਢੋ, ਭਜਨ ਕਰੋ, ਦਾਨ ਕਰੋ ਭੁੱਖੇ ਨੂੰ ਰੋਟੀ ਜ਼ਰੂਰ ਦਿਓ।

Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

| | |
|---|---|
| ਪ੍ਰਕਾਸ਼ | - ਚੇਤ ਵਦੀ ਤੀਜ ਸੰਮਤ 1946 |
| ਪਿਤਾ | - ਸ੍ਰੀ ਗੁਰੂ ਹਰੀ ਸਿੰਘ ਜੀ |
| ਮਾਤਾ | - ਪੂਜਯ ਮਾਤਾ ਜੀਵਨ ਕੌਰ ਜੀ |
| ਗੱਦੀ ਨਸ਼ੀਨੀ | - ਜੈਠ ਵਦੀ ਦਸਵੀਂ 1963 ਬਿਕਰਮੀ |
| ਅਨੰਦ ਕਾਰਜ | - 13 ਪੋਹ 1971 ਬਿਕਰਮੀ |
| ਮਹਿਲ | - ਮਾਤਾ ਭੂਪਿੰਦਰ ਕੌਰ ਸਪੁਤ੍ਰੀ ਸ੍ਰ: ਸੁੰਦਰ ਸਿੰਘ ਗੁਰੂਸਰ। |
| ਸੰਤਾਨ | - (1) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ<br>(2) ਪੂਜਯ ਮਹਾਰਾਜ ਬੀਰ ਸਿੰਘ ਜੀ |
| ਜੋਤੀ ਜੋਤ ਸਮਾਣਾ | - 5 ਭਾਦਰੋਂ 2016 |

Sri Satguru Jagjit Singh Ji eLibrary NamdhariElibrary@gmail.com

## ਪ੍ਰਕਾਸ਼

ਅੰਮ੍ਰਿਤ ਵੇਲਾ ਸੀ। ਆਕਾਸ਼ ਨਿਰਮਲ ਸੀ। ਤਾਰੇ ਟਮਟਮਾ ਰਹੇ ਸਨ। ਨਿੰਮੀ-ਨਿੰਮੀ ਪੌਣ ਰੁਮਕ ਰਹੀ ਸੀ। ਰੱਬ ਦੇ ਪਿਆਰੇ ਖੂਹਾਂ, ਬੌਲੀਆਂ, ਨਦੀਆਂ ਜਾਂ ਸਰੋਵਰਾਂ ਵਲ ਜਾਣ ਦੇ ਆਹਰ-ਪਾਹਰ ਵਿਚ ਸਨ। ਕਈ ਨਹਾ ਰਹੇ ਸਨ, ਨਾਲ ਹੀ ਸੁਰਾਂ ਲਾ ਰਹੇ ਸਨ:-

**ਭਿੰਨੀ ਰੈਨੜੀ ਏ ਚਮਕਨਿ ਤਾਰੇ।**
**ਜਾਗਣਿ ਸੰਤ ਜਨਾਂ ਮੇਰੇ ਰਾਮ ਪਿਆਰੇ।**

ਕਈ ਪ੍ਰੇਮੀ ਡੁੰਬਲਾਂ ਮਾਰ ਮਾਹੀ ਨਾਲ ਇਕ ਮਿਕ ਹੋ ਉਸ ਦੇ ਨਾਲ ਗਵਾਚ ਚੁਕੇ ਸਨ। ਨਾਮ ਰਸੀਏ ਨਾਮ-ਰੰਗ ਵਿਚ ਚਲੂਲਣ ਹਿਤ ਇਕ ਦੂਜੇ ਨਾਲੋਂ ਉਤਾਵਲੇ ਹੋ ਰਹੇ ਸਨ:-

**ਹਰਿ ਅੰਮ੍ਰਿਤ ਭਿੰਨੇ ਲੋਇਣਾ**
**ਮਨ ਪ੍ਰੇਮ ਰਤੰਨਾ ਰਾਮ ਰਾਜੇ।**

ਦੀਆਂ ਰਸ ਭਿੰਨੀਆਂ ਸੁਰਾਂ ਪ੍ਰਕਿਰਤੀ ਨੂੰ ਵਜਦ ਵਿਚ ਲਿਆ ਆਪਣੇ ਮਿਠੜੇ ਸੋਧ ਨਾਲ ਕਈ ਸੁਭਾਗੀ ਥਾਵਾਂ ਨੂੰ ਸਰਸਾਰ ਕਰਨ ਲੱਗ ਪਈਆਂ ਸਨ। ਤਾਰੇ ਟਮਟਮਾਣ ਲੱਗ ਪਏ ਅਤੇ ਪਹੁ ਫੁਟਾਲਾ ਹੋਣ ਲੱਗ ਪਿਆ:-

**ਚਿੜੀ ਚਹੁਕੀ ਪਹੁ ਫੁਟੀ**
**ਵਗਣ ਬਹੁਤ ਤਰੰਗ।**
**ਅਚਰਜ ਰੰਗ ਸੰਤਨ ਰਚੇ**
**ਨਾਨਕ ਗੂੜਾ ਰੰਗ।**

ਹਾਲੀਆਂ ਹਲ ਜੋੜ ਲਏ। ਪਾਂਧੀ ਪੰਧ ਪੈ ਗਏ। ਧੀਰੇ ਧੀਰੇ ਪੂਰਵ ਨੂੰ ਗੁਲਨਾਰ ਲੱਗਣੇ ਅਰੰਭ ਹੋ ਗਏ। ਭਾਈ ਕਲਿਆਣ ਸਿੰਘ ਤੇ ਕ੍ਰਿਪਾਲ ਸਿੰਘ ਕਲਗੀਧਰ ਦੀਆਂ ਲਾਡਲੀਆਂ ਫ਼ੌਜਾਂ ਕੋਹ ਕਾਫਾਂ ਦਾ ਪੈਂਡਾ ਚੂਰਦੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਨੇੜੇ ਪੁਜਣ ਵਾਲੇ ਸਨ। ਕੋਹ ਮੁਕ ਚੁਕੇ ਸਨ। ਕਦਮ ਰਹਿ ਗਏ ਸਨ, ਕਿ ਆਕਾਸ਼ ਬਾਣੀ ਹੋਈ, "ਗੁਰੂ ਕੀਓ ਲਾਡਲੀਓ ਫੌਜੋ! ਜਿਸ ਦੇ ਧਾਮ ਦੇ ਦਰਸ਼ਨਾਂ ਨੂੰ ਜਾ ਰਹੇ ਹੋ, ਉਹਦਾ ਪ੍ਰਕਾਸ਼ ਸ੍ਰੀ ਭੈਣੀ ਸਾਹਿਬ ਹੋ ਚੁੱਕਾ ਹੈ। ਜਾਓ ਓਥੇ ਦਰਸ਼ਨ ਕਰੋ।" ਚਲਦੇ ਚਲਦੇ ਕਲਿਆਣ ਸਿੰਘ ਦੇ ਕਦਮ ਰੁਕ ਗਏ। ਉਹਨਾਂ ਅਨੰਦਪੁਰ ਜਾਣੋਂ ਨਾਂਹ ਕਰ ਦਿੱਤੀ। "ਕਲਗੀਧਰ ਪਿਤਾ! ਸ੍ਰੀ ਭੈਣੀ ਸਾਹਿਬ!! ਧਨ ਭਾਗ!!!" ਸਿੰਘ ਦੁਚਿਤਾ ਸੀ। ਅਗ੍ਹਾਂ ਵਧੀਏ ਕਿ ਪਿਛਾਂ ਮੁੜੀਏ। ਮਗਰ ਕਲਿਆਣ ਸਿੰਘ ਨੇ

Sri Satguru Jagjit Singh Ji eLibrary NamdhariElibrary@gmail.com

ਦ੍ਰਿੜ੍ਹ ਇਰਾਦਾ ਕਰ ਲਿਆ ਕਿ ਸ੍ਰੀ ਭੈਣੀ ਸਾਹਿਬ ਜਾ ਕੇ ਦਰਸ਼ਨ ਕੀਤੇ ਜਾਣ। ਉਹ ਭਾਗਾਂ ਭਰੀ ਥਾਂ ਦੀ ਧੂੜੀ ਨੂੰ ਮੱਥੇ ਲਾਇਆ ਜਾਵੇ। ਸਿੰਘ ਸਾਹਿਬ ਨੇ ਸ੍ਰੀ ਭੈਣੀ ਸਾਹਿਬ ਨੂੰ ਮੁੜਨ ਦਾ ਅਰਦਾਸਾ ਸੋਧ ਦਿੱਤਾ।

ਦਿਨ ਚੜ੍ਹ ਆਇਆ, ਸੂਰਜ ਵਧਦਾ ਵਧਦਾ ਸਿਖਰ ਪੁਜਾ ਫੇਰ ਢਲਣਾ ਅਰੰਭ ਹੋ ਗਿਆ ਅੱਜ ਨਿਹੰਗ ਸਿੰਘਾਂ ਦੇ ਮਸਤ ਲੰਗਰ ਸਨ। ਮਸਤ ਹੁੰਦੇ ਵੀ ਕਿਉਂ ਨਾ ਜਿਸ ਥੈਲੀ ਵਿਚ ਜਲ ਪ੍ਰਸਾਦਿ ਜਾਣਾ ਸੀ ਉਹ ਵਿਹਲੀ ਨਹੀਂ ਸੀ, ਨੱਕੋ-ਨੱਕ ਲਬ੍ਰੇਜ ਸੀ। ਉੱਥੇ ਸ੍ਰੀ ਭੈਣੀ ਸਾਹਿਬ ਦੀ ਯਾਦ ਦੇ ਪਰੌਂਠੇ ਪਕ ਰਹੇ ਸਨ ਅਤੇ ਸਿਮਰਨ ਦੇ ਰਗੜੇ ਲੱਗ ਰਹੇ ਸਨ। ਅੱਖਾਂ ਅੱਗੇ ਸੀ ਨੂਰਾਨੀ ਦ੍ਰਿਸ਼, ਕੰਨਾਂ ਵਿਚ ਸੀ ਇਲਾਹੀ ਨਾਦ। ਬਸ ਚਲ ਸੋ ਚਲ, ਪਰ ਪੈਂਡਾ ਪੈਂਡਾ ਹੁੰਦਾ ਹੈ।

**ਪ੍ਰੇਮ ਮਾਹੀ ਦਾ ਪੈਂਡਾ ਲੰਮਾ**
**ਇਹਨਾਂ ਕਦਮਾਂ ਨਾਲ ਨ ਮੁਕਦਾ**
**ਸਿਰ ਦੇ ਕਦਮ ਬਣਾਈਏ ਜੇਕਰ**
**ਤਾਂ ਇਹ ਪੈਂਡਾ ਮੁਕਦਾ, ਮੂਲ ਨ ਰੁਕਦਾ**

ਫ਼ਰੀਦ ਜੀ ਵੀ ਏਸ ਰਾਹ ਪਏ ਸਨ, ਤਦ ਉਹਨਾਂ ਵੀ ਅਜੇਹੇ ਪੈਂਡੇ ਨੂੰ ਮੁਕਾਣ ਦਾ ਇਹੋ ਰਾਹ ਦੱਸਿਆ ਸੀ:-

**ਫਰੀਦਾ-ਤਨ ਤਪਾਇ ਤਨੂਰ ਜਿਉਂ**
**ਬਾਲਣ ਹਡ ਬਲੰਨ**
**ਪੈਰੀ ਥੱਕਾਂ ਸਿਰ ਜੁਲਾਂ**
**ਜੇ ਮੂ ਪਿਰੀ ਮਲੰਨ।**

ਪਰ ਇੱਥੇ ਤਾਂ ਦਰਸ਼ਨਾਂ ਦਾ ਇਕਰਾਰ ਵੀ ਹੋ ਚੁੱਕਾ ਸੀ, ਹੁਣ ਗੱਲ ਲੰਮੀ ਨਹੀਂ ਸੀ। ਸੂਰਜ ਚੱਲਦਾ ਚੱਲਦਾ ਕੂਹ ਕਾਫ ਦੀਆਂ ਪਹਾੜੀਆਂ ਪਿੱਛੇ ਲੁੱਕ ਗਿਆ ਮਗਰ ਨਿਹਾਲ ਸਿੰਘ ਦੇਰ ਤਕ ਪੈਂਡੇ ਨਾਲ ਘੁਲਦੇ ਰਹੇ। ਅੰਤ ਦੋ ਘੜੀਆਂ ਅਰਾਮ ਦਾ ਫ਼ੈਸਲਾ ਕੀਤਾ। ਦੁਮਾਲੇ ਢਿੱਲੇ ਕੀਤੇ ਅਤੇ ਸਿੰਘ ਸਾਹਿਬ ਅਸਤਰਾਂ, ਸ਼ਸਤਾਰਾਂ ਨਾਲ ਹੀ ਅੜਿੱਗ ਬੜਿੰਗ ਹੋ ਗਏ। ਪ੍ਰੰਤੂ ਧਰਮ ਰਾਜ ਦੀ ਪੁੱਤਰੀ ਵੀ ਪ੍ਰੇਮੀਆਂ ਦੇ ਲਾਗੇ ਨਹੀਂ ਲੱਗਦੀ। ਅੱਖਾਂ ਵਿਚ ਰਾਤ ਕੱਟੀ ਅਤੇ ਸੁਰਤ ਸ੍ਰੀ ਭੈਣੀ ਸਾਹਿਬ ਦੀਆਂ ਪ੍ਰਕਰਮਾ ਕਰਦੀ ਰਹੀ। ਇਕ ਸੂਫੀ ਫ਼ਕੀਰ ਕਹਿੰਦਾ ਏ:-

**ਆਸ਼ਿਕਾਂ ਰਾ ਨੇ ਨਿਸ਼ਾਨੀ ਐ ਪਿਸਰ**
**ਰੰਗ ਜ਼ਰਦੋ ਆਹ ਸਰਦੋ ਚਸ਼ਮ ਤਰ।**
**ਇੰਤਜ਼ਾਰੀ ਬੇਕਰਾਰੀ ਖ਼ਾਬੇ ਹਰਾਮ।**
**ਕਮ ਖੁਰਦਨੀ ਦਮ ਗੁਫਤਨੀ ਬੇ ਤੁਆਮ।**

ਪ੍ਰੇਮੀਆਂ ਦੀਆਂ ਇਹ ਨਿਸ਼ਾਨੀਆਂ ਹਨ। ਹਉਕੇ, ਅੱਖਾਂ ਭਰ, ਉਡੀਕ, ਬੇਚੈਨੀ, ਬੇ-ਅਰਾਮੀ, ਥੋੜ੍ਹਾ ਖਾਣਾ, ਤੇ ਥੋੜ੍ਹਾ ਸੌਣਾ ਇਹਨਾਂ ਦੇ ਪੱਲੇ ਪੈਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਅੱਖਾਂ ਵਿਚ ਰਾਤ ਕੱਟੀ ਤੇ ਤੜਕੇਸਾਰ ਘੋੜਿਆਂ ਤੇ ਸਵਾਰ ਹੋ ਟੁਰੇ। ਦੂਸਰੇ ਦਿਨ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਆ ਪੁਜੇ। ਇਕ ਰਾਹੀ ਨੂੰ ਪੁਛਿਆ ਕੂਕਿਆਂ ਦੀ ਭੈਣੀ ਕਿੰਨੀ ਕੁ ਦੂਰ ਹੈ? ਉਸ ਹੱਥ ਨਾਲ ਇਸ਼ਾਰਾ ਕਰਦਿਆਂ ਕਹਿਆ, "ਉਹ ਸਾਹਵੇਂ ਰੁਖਾਂ ਵਿਚ ਘਿਰੀ ਦਿਸ ਰਹੀ ਹੈ।"

ਨਿਹੰਗ ਸਿੰਘਾਂ ਅੱਖ ਉਠਾ ਕੇ ਵੇਖਿਆ ਚਿੱਟੇ ਚਿੱਟੇ ਬਸਤਰ ਨਜ਼ਰੀਂ ਆਏ। ਆਕਾਸ਼ ਵਲ ਨਜ਼ਰ ਉਠਾਈ ਤਾਂ ਅੱਪਛਰਾਂ ਪੁਸ਼ਪ ਵਰਖਾ ਕਰ ਰਹੀਆਂ ਸਨ। ਅਜਬ ਰਾਗ ਰੰਗ ਸੁਣਾਈ ਦੇਣ ਲੱਗਾ। ਸਭ ਪੁਰੀਆਂ ਤੋਂ ਮੰਗਲਾਂ ਚਰਨ ਦੀਆਂ ਸੋਤਾਂ ਕੰਨੀ ਪੈਣ ਲੱਗ ਪਈਆਂ, ਧਰਤੀ ਤੇ ਹੰਸਲਿਆਂ ਦੀਆਂ ਡਾਰਾਂ ਵਿਖਾਈ ਦੇਣ। ਮਨ ਵਿਚ ਤਸੱਲੀ ਹੋ ਗਈ ਕਿ ਮਾਹੀਏ ਨੇ ਇਸ ਧਰਤੀ ਨੂੰ ਭਾਗ ਲਾਏ ਹਨ। ਚਿਹਰਿਆਂ ਤੇ ਲਾਲੀਆਂ ਨ੍ਰਿਤਕਾਰੀ ਅਰੰਭ ਕਰ ਦਿੱਤੀ। ਥਕੇ ਮਾਂਦੇ ਕਦਮਾਂ ਵਿਚ ਬਿਜਲੀ ਦੀ ਰੌ ਆ ਗਈ। ਪੈਰ ਤਿੱਖੇ ਹੋ ਟੁਰੇ। ਜਦ ਦੇਵ ਪੁਰੀ ਦੇ ਬਾਹਰਲੇ ਬੋਹੜ ਕੋਲ ਪੁਜੇ ਤਾਂ ਨਰ-ਨਾਰੀ ਦੇ ਚਿਹਰਿਆਂ ਤੇ ਖੇੜੇ ਦਾ ਪਸਾਰਾ ਸੀ। ਭਾਵੇਂ ਸੇਵਾ ਵਿਚ ਰੁਝੇ ਸਨ ਮਗਰ ਰਸਨਾ ਟੱਕ ਟੱਕ ਚਲ ਰਹੀਆਂ ਸਨ। ਘੋੜਿਆਂ ਦੇ ਸੇਵਾਦਾਰ, ਗਊਆਂ ਦੇ ਵਾਗੀ, ਲਾਂਗਰੀ, ਪਹਿਰੂਏ, ਜਲ ਢੋਣ ਵਾਲੇ ਅਤੇ ਬਾਲਣ ਲਿਆਉਣ ਵਾਲੇ ਸਭ ਨੂੰ ਖੁਮਾਰੀ ਚੜ੍ਹੀ ਹੋਈ ਸੀ। ਮਾਈਆਂ ਦਾਣਾ ਫਕਾ ਸਾਫ ਕਰਦੀਆਂ ਹੋਈਆਂ? ਭਾਂਡੇ ਮਾਂਜਦੀਆਂ ਅਤੇ ਗੋਹਾ ਕੂੜਾ ਕਰਦੀਆਂ ਸਭ ਬਾਣੀ ਦੇ ਗਾੜੇ ਗਫੇ ਲਾ ਰਹੇ ਸਨ। ਕੋਈ ਹੋਰ ਬੋਲ ਨਹੀਂ ਸੀ ਸੁਣਾਈ ਦੇਂਦਾ। ਇਕ ਸੁਰ ਉਠੀ ਤੇ ਅਕਾਸ਼ ਨੂੰ ਗੂੰਜਦੀ ਦੂਜੇ ਮੰਡਲਾਂ ਨੂੰ ਸੁਨੇਹੜਾ ਦੇਣ ਗਈ।

**ਹੋ ਰਹੀ ਜੈ ਜੈ ਕਾਰ ਗੁਰੂ ਰਾਮ ਸਿੰਘ ਤੇਰੀ**

ਇਸ ਦੇ ਮਗਰੋਂ ਇਕ ਦੂਸਰੀ ਸੁਰ ਨੇ ਵਾਯੂ ਮੰਡਲ ਨੂੰ ਵਜਦ ਵਿਚ ਲੈ ਆਂਦਾ:-

**ਐਡਣਾ ਸੁਹਾਵਾ ਮੇਰਾ**
**ਐਡਣਾ ਸੁਹਾਵਾ ਮੇਰਾ**

ਇਹ ਦ੍ਰਿਸ਼ ਵੇਖ ਨਿਹੰਗ ਸਿੰਘਾਂ ਦੇ ਚਿਹਰੇ ਚਮਕ ਉੱਠੇ ਅਤੇ ਗਦ ਗਦ ਹੋ ਨੱਚੇ। ਪੁਛਿਆ ਇਹਨਾਂ ਮੰਗਲਾਂ ਚਾਰਾਂ ਦਾ ਕੀ ਕਾਰਨ ਹੈ? ਸਿੰਘ ਨੇ ਉੱਤਰ ਦਿੱਤਾ, "ਸਿੰਘੋ! ਇਸ ਗੁਰੂ ਰਾਮ ਸਿੰਘ ਜੀ ਦੀ ਚਰਨ ਛੂਹ ਪ੍ਰਾਪਤ ਕਰਨ ਵਾਲੀ ਧਰਤੀ ਤੇ ਨਵਾਂ ਸੂਰਜ ਚੜ੍ਹਿਆ ਏ। ਗੁਰੂ ਹਰੀ ਸਿੰਘ ਜੀ ਦੇ ਮਹਿਲ ਸੁਹਾਏ ਨੇ ਮਹਾਂ ਬਲੀ ਨੇ ਅਵਤਾਰ ਧਾਰਿਆ ਹੈ। ਨਿਹੰਗ ਸਿੰਘਾਂ ਖੁਸ਼ੀ ਨਾਲ ਸ਼ਸਤਰਾਂ ਨੂੰ ਹਵਾ ਵਿਚ ਲਹਿਰਾਂਦਿਆਂ ਪੰਜ ਜੈਕਾਰੇ ਛੱਡੇ ਅਤੇ ਬੇਨਤੀ ਕੀਤੀ, "ਅਸੀਂ ਸਾਹਿਬਾਂ ਦੇ ਦੂਰੋਂ ਦਰਸ਼ਨ ਕਰਨ ਆਏ ਹਾਂ। ਸਿੰਘਾਂ ਕਹਿਆ, "ਜਲ ਪ੍ਰਸ਼ਾਦਿ ਛੱਕੋ। ਗੱਫੇ ਲਾਓ ਦਰਸ਼ਨ ਵੀ ਹੋ ਜਾਣਗੇ।" ਨਿਹੰਗ ਸਿੰਘਾਂ ਮੁੜਵਾਂ ਉੱਤਰ ਦਿੱਤਾ, "ਸਾਡਾ ਪ੍ਰਸਾਦ ਮਾਹੀ ਦੇ ਦਰਸ਼ਨ, ਸਾਡਾ ਜਲ ਕਲੱਗੀਆਂ ਵਾਲੇ ਦੇ ਦੀਦਾਰੇ। ਛੇਤੀ ਕਰੋ ਦੇਰ ਨਾ ਲਾਓ।"

Sri Satguru Jagjit Singh Ji eLibrary NamdhariElibrary@gmail.com

ਨਿਹੰਗ ਸਿੰਘਾਂ ਦੀ ਤੀਬਰਤਾ ਵੇਖ ਸਿੰਘ ਉਹਨਾਂ ਨੂੰ ਗੁਰੂ ਹਰੀ ਸਿੰਘ ਜੀ ਪਾਸ ਲੈ ਗਏ। ਇਹਨਾਂ ਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਸਾਰੀ ਵਾਰਤਾ ਸੁਣਾਈ। ਸ੍ਰੋਤੇ ਵੀ ਜਿਉਂ ਜਿਉਂ ਸੁਣਦੇ ਸਨ, ਗਦ ਗਦ ਹੁੰਦੇ ਜਾਂਦੇ ਸਨ। ਧੰਨ ਗੁਰੂ ਰਾਮ ਸਿੰਘ ਧੰਨ ਗੁਰੂ ਹਰੀ ਸਿੰਘ ਤੇ ਧੰਨ ਮਾਤਾ ਜੀਊਣ ਕੌਰ ਦੇ ਜੈਕਾਰਿਆਂ ਨਾਲ ਆਲੇ ਦੁਆਲੇ ਨੂੰ ਗੂੰਜਾ ਦਿੱਤਾ।

ਗੁਰੂ ਜੀ ਦਾ ਬਚਨ ਪਾ ਕੇ ਸਾਹਿਬਜ਼ਾਦੇ ਨੂੰ ਬਾਹਰ ਲਿਆਂਦਾ ਗਿਆ। ਨਿਹੰਗ ਸਿੰਘਾਂ ਪੰਜ ਇਸ਼ਨਾਨੇ ਕੀਤੇ। ਬਾਲਕ ਦਾ ਜਲਾਲ ਝੱਲਿਆ ਨਹੀਂ ਜਾਂਦਾ ਸੀ। ਕਲਿਆਣ ਸਿੰਘ ਨੂੰ ਠੀਕ ਗੁਰੂ ਗੋਬਿੰਦ ਸਿੰਘ ਦਾ ਮੁਖੜਾ ਨਜ਼ਰੀਂ ਆਇਆ:-

**ਵਾਂਗ ਚੰਦ੍ਰਮਾਂ ਮੱਥਾ ਡਲ੍ਹਕੇ।**
**ਨੈਣ ਸੁੰਦਰ ਮਤਵਾਲੇ।**
**ਭਵਾਂ ਕਮਾਨ ਤਿੱਖਾ ਨੱਕ ਸੋਹੇ**
**ਕੋਮਲ ਅੰਗ ਰਸਾਲੇ।**
**ਕਮਲ ਸਮਾਨ ਬਦਨ ਇਉਂ ਭਾਸੇ**
**ਜਿਵੇਂ ਕੋਈ ਵਡ ਪ੍ਰਤਾਪੀ,**
**ਦਰਸ਼ਨ ਕਰ ਹਰ ਆਤਮਾ ਕਹਿੰਦਾ**
**ਫਿਰ ਆਏ ਬਾਜਾਂ ਵਾਲੇ।**

ਦਰਸ਼ਨ ਕਰਦਿਆਂ ਦੁਆਲੇ ਔਹ ਜਾ ਪਏ ਮਸਤ ਹੋ ਨਚੇ ਫੇਰ ਅੱਗੇ ਵੱਧੇ। ਪਹਿਲਾਂ ਡੰਡੌਤ ਕੀਤੀ ਮੁੜ ਪ੍ਰਕਰਮਾ ਕੀਤੀਆਂ। ਚਰਨਾਂ ਵਿਚ ਭੇਟਾ ਤੇ ਮੁੜ ਜੈਕਾਰੇ ਛੱਡੇ। ਬੜੇ ਪ੍ਰਸੰਨ ਹੋਏ। ਬਚਨ ਕੀਤਾ ਸਾਡੇ ਵਡੇਂ ਭਾਗ, ਅਸਾਂ ਸਾਹਿਬਾਂ ਦੇ ਦਰਸ਼ਨ ਪਾ ਲਏ, ਸਾਡਾ ਜਨਮ ਜਨਮਾਂਤਰਾਂ ਦਾ ਕੋੜ੍ਹ ਦੂਰ ਹੋ ਗਿਆ ਹੈ। ਸਾਡੇ ਸਭ ਥਕੇਵੇਂ ਉਤਰ ਗਏ ਹਨ। ਸਾਡੀ ਘਾਲਣਾ ਥਾਏ ਪੈ ਗਈ ਹੈ। ਸਾਡਾ ਜਨਮ ਸਫਲ ਹੋ ਗਿਆ ਹੈ। ਸਿੰਘੋ! ਇਸ ਬਾਲਕ ਨੂੰ ਬਾਲਕ ਨਾ ਜਾਣੋਂ। ਇਹ ਉਹ ਰੱਬੀ ਜੋਤ ਹੈ ਜਿਸ ਨੇ ਚਿੜੀਆਂ ਤੋਂ ਬਾਜ ਤੁੜਾਏ ਸਨ।

Sri Satguru Jagjit Singh Ji eLibrary NamdhariElibrary@gmail.com

# ਬਾਲ ਕਾਲ

ਸਤਿਗੁਰੂ ਪ੍ਰਤਾਪ ਸਿੰਘ ਜੀ ਲੱਗਪਗ 5 ਸਾਲ ਦੇ ਹੋਣਗੇ ਜਦ ਇਹ ਮੋਹਣੀ ਮੂਰਤ ਸੰਤ ਧਿਆਨ ਸਿੰਘ ਜੀ ਪਾਸ ਪੜ੍ਹਨ ਗਏ। ਥਾਲ ਵਿਚ ਪਤਾਸੇ, ਇਕ ਦਸਤਾਰ ਸਵਾ ਰੁਪਿਆ ਉਪਰ ਰੱਖ, ਮਾਤਾ ਜੀ ਨਾਲ ਲੈ ਸੰਤਾਂ ਪਾਸ ਪੁੱਜੇ। ਸੰਤਾਂ ਬੜੇ ਅਦਬ ਨਾਲ ਪਿਆਰ ਕਰਦਿਆਂ ਪੈਂਤੀ ਦੇ ਪਹਿਲੇ ਪੰਜ ਅੱਖਰ ਪੜ੍ਹਾਏ। ਸੱਚੇ ਪਾਤਸ਼ਾਹ ਥੋੜ੍ਹੇ ਦਿਨਾਂ ਵਿਚ ਬਾਲ ਉਪਦੇਸ਼ ਮੁਕਾ, ਪੰਜ ਗ੍ਰੰਥੀ ਵੀ ਪੜ੍ਹ ਲਈ। ਬਸ ਪੰਜ ਗ੍ਰੰਥੀ ਦਾ ਭੋਗ ਪਾਇਆ ਤੇ ਆਦਿ ਗ੍ਰੰਥ ਸਾਹਿਬ ਦਾ ਪਾਠ ਅਰੰਭ ਦਿੱਤਾ। ਹੋਣਹਾਰ ਬਿਰਵਾ ਕੇ ਹੋਤ ਚਿਕਨੇ ਪਾਤ। ਬੁੱਧੀ ਤੀਖਣ ਤੇ ਯਾਦ ਸ਼ਕਤੀ ਪਰਲੇ ਦਰਜੇ ਦੀ ਸੀ। ਜੋ ਪੜ੍ਹ ਲਿਆ ਯਾਦ ਹੋ ਗਿਆ। ਜੋ ਸੁਣ ਲਿਆ ਉਹ ਭੁਲਣਾ ਨਹੀਂ। ਗ੍ਰੰਥ ਸਾਹਿਬ ਦਾ ਪਾਠ ਆਪ ਹੀ ਕਰ ਲਿਆ, ਕਿਤੇ ਅਟਕ ਨਾ ਆਈ। ਰਵਾਨੀ ਤੇ ਸਰਲਤਾ ਅਥਾਹ। ਥੋੜ੍ਹੇ ਸਮੇਂ ਵਿਚ ਹੀ ਦਸਮ ਗ੍ਰੰਥ ਦਾ ਵੀ ਪਾਠ ਕਰ ਲਿਆ। ਪੜ੍ਹਨ ਦੇ ਨਾਲ ਨਾਲ ਬਾਣੀ ਕੰਠ ਵੀ ਕਰ ਲਈ। ਜਪੁਜੀ ਸਾਹਿਬ, ਜਾਪੁ ਸਾਹਿਬ, ਦੋਹਾਂ ਦੇ ਸ਼ਬਦ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ, ਆਸਾ ਦੀ ਵਾਰ ਤੇ ਸੁਖਮਣੀ ਸਾਹਿਬ ਜ਼ਬਾਨੀ ਯਾਦ ਹੋ ਗਏ। ਇਸ ਦੇ ਨਾਲ ਹੀ ਲਘੂ ਕੌਮ ਦੀ ਹਨੂਮਾਨ ਨਾਟਕ ਤੇ ਹੋਰ ਗ੍ਰੰਥਾਂ ਦੇ ਪਾਠ ਕਰ ਲਏ। ਸੰਤਾਂ ਬਾਰੇ ਸਤਿਗੁਰਾਂ ਦੀ ਇਹ ਰਾਏ ਹੈ, "ਕਿ ਉਹ ਜਿਤਨੇ ਵਿਦਵਾਨ ਸਨ, ਉਤਨੇ ਨਿਰਮਾਨ ਸਨ।"

ਸੰਗੀਤ ਵਿਦਿਆ ਸੁੱਤੇ ਹੀ ਪ੍ਰਾਪਤ ਕੀਤੀ। ਹਾਂ, ਬਖਸ਼ੀ ਹਰਦੇਵ ਸਿੰਘ ਦੇ ਕਥਨ ਅਨੁਸਾਰ ਤਾਊਸ ਦੀ ਜਾਣਕਾਰੀ ਜੀਊਣ ਸਿੰਘ ਪਟਿਆਲਵੀ ਤੇ ਅੰਮ੍ਰਿਤਸਰ ਦੇ ਹੀਰੇ ਤੋਂ ਪ੍ਰਾਪਤ ਹੋਈ ਕੀਰਤਨ ਦਾ ਗਿਆਨ ਰਸਮੀ ਤੌਰ ਤੇ ਭਾਈ ਕਾਲੂ ਪਾਸੋਂ ਗ੍ਰਹਿਣ ਕੀਤਾ।

ਸਤਿਗੁਰੂ ਜੀ ਸਵੇਰ ਦਾ ਸਮਾਂ ਤਾਂ ਪੜ੍ਹਨ ਸੁਣਨ ਤੇ ਸੰਗੀਤ ਤੇ ਲਾਂਦੇ, ਪਰ ਪਿਛਲੇ ਪਹਿਰ ਖੇਡਣ ਮੱਲਣ ਦਾ ਸੀ। ਮਸਤਾਨ ਸਿੰਘ, ਦਾਨ ਸਿੰਘ, ਸ੍ਰੀ ਭੈਣੀ ਸਾਹਿਬ, ਭਗਵਾਨ ਸਿੰਘ, ਜੈ ਸਿੰਘ, ਮਾਘਾ ਸਿੰਘ ਅਲੋੜ, ਲਾਲ ਸਿੰਘ ਬਲੂਆਨਾ ਤੇ ਦੇਵਰਾਜ ਸ੍ਰੀ ਭੈਣੀ ਸਾਹਿਬ ਖੇਡਣ ਸਮੇਂ ਇਉਂ ਉਡੀਕਦੇ ਜਿਵੇਂ ਚਕੋਰ ਚੰਦ ਨੂੰ! ਜਦ ਸਤਿਗੁਰੂ ਜੀ ਤੇ ਇਹਨਾਂ ਦੇ ਛੋਟੇ ਭਰਾ ਮਹਾਰਾਜ ਨਿਹਾਲ ਸਿੰਘ ਨੂੰ ਇਹ ਟੋਲੀ ਮਿਲਦੀ ਤਾਂ ਮੂੰਹ ਤੇ ਲਾਲੀਆਂ ਚੜ੍ਹ ਜਾਂਦੀਆਂ। ਜੈਕਾਰੇ ਛੱਡਦੇ, ਤਬੇਲੇ ਵਲ ਪੈਰ ਪੁਟਦੇ। ਪੁਲਸ ਵਾਲੇ ਤਬੇਲੇ ਦੇ ਬਾਹਰਲੇ

Sri Satguru Jagjit Singh Ji eLibrary NamdhariElibrary@gmail.com

ਦਰਵਾਜ਼ੇ ਨੂੰ ਜੰਦਰਾ ਮਾਰ ਚਾਬੀ ਆਪਣੇ ਪਾਸ ਰਖ ਲੈਂਦੇ। ਆੜੀ ਵੰਡੇ ਜਾਂਦੇ ਤੇ ਹੇੜੂਆਂ (ਖਿਦੋ ਖੂੰਡੀ) ਕਬੱਡੀ, ਸ਼ੁਰੂ ਹੋ ਜਾਂਦੀ। ਖੈਨੂੰਆ ਦਾ ਪਤਾ ਨਾ ਲੱਗਦਾ। ਰੋਜ਼ ਨਵਾਂ ਖੇਨੂੰ ਤਿਆਰ ਹੁੰਦਾ। ਸ਼ਾਮ ਨੂੰ ਉਸ ਵੇਲੇ ਹਟਣਾ ਜਦ ਉਸ ਦੀਆਂ ਲੀਰਾਂ ਖਿਲਰ ਪੁਲਰ ਜਾਣ। ਕੁਸ਼ਤੀ ਵੀ ਲੜਦੇ। ਗਤਕੇਬਾਜ਼ੀ ਦੇ ਹੱਥ ਵਖਾਂਦੇ ਤੇ ਕਈ ਵੇਰ ਨਹਿਰ ਤੇ ਜਾ ਕੇ ਤਾਰੀਆਂ ਵੀ ਲਾਂਦੇ। ਜਿਹੜੀ ਖੇਡ ਹੋਵੇ ਓਸੇ ਦਾ ਰੂਪ ਵਟਾ ਲੈਂਦੇ ਕੁਸ਼ਤੀ ਆਮ ਤੌਰ ਤੇ ਜੰਗ ਸਿੰਘ ਰਾਖ ਤੇ ਗਤਕੇਬਾਜ਼ੀ ਹਰਨਾਮ ਸਿੰਘ ਨਿਥਾਣੀਏ ਨਾਲ ਹੁੰਦੀ। ਮਾਤਾ ਜੀ ਨੇ ਇਹਨਾਂ ਦੀ ਨਿਗਰਾਨੀ ਲਈ ਦਰਸ਼ਨ ਸਿਘ ਨੂੰ ਰਖਿਆ ਹੋਇਆ ਸੀ। ਇਹ ਕਈ ਗੱਲਾਂ ਵੱਧ ਘੱਟ ਲਾ ਕੇ ਵੀ ਮਾਤਾ ਜੀ ਨੂੰ ਜਾ ਦੱਸਦਾ।

ਇਕ ਦਿਨ ਮਹੰਤ ਸੇਵਾ ਸਿੰਘ ਨੇ ਦੇਵਰਾਜ ਨੂੰ ਖੇਡਦਿਆਂ ਵੇਖਿਆ ਤਾਂ ਮਾਤਾ ਜੀ ਨੂੰ ਕਿਹਾ, "ਜੀ ਸਾਹਿਬਜ਼ਾਦੇ ਕੁਸੰਗੀਆਂ ਨਾਲ ਖੇਡਦੇ ਹਨ।" ਉਹਨਾਂ ਦੇਵਰਾਜ ਨੂੰ ਖੇਡਣ ਤੋਂ ਰੋਕ ਦਿੱਤਾ, ਪਰ ਮੌਜ ਦੇ ਮਾਲਿਕ ਨੇ ਦੇਵਰਾਜ ਨੂੰ ਦਲਾਸਾ ਦੇਂਦਿਆਂ ਕਿਹਾ, "ਤੂੰ ਖੇਡਣ ਵੇਲੇ ਬਾਹਰਲੇ ਦਰਵਾਜ਼ੇ ਨਾਲ ਆ ਕੇ ਉਸ ਨੂੰ ਖੜਕਾਇਆ ਕਰ, ਅਗੋਂ ਅਸੀਂ ਸੰਭਲ ਲਵਾਂਗੇ। ਅਗਲੇ ਭਲਕ ਹਰਦੇਵ ਬਖਸ਼ੀ ਨੇ ਜਾ ਕੇ ਦਰਵਾਜ਼ਾ ਖਟਕਾਇਆ। ਸੱਚੇ ਪਾਤਸ਼ਾਹ ਦਰਵਾਜ਼ੇ ਹੇਠੋਂ ਮਿੱਟੀ ਪੁਟਵਾ ਸੁੱਟੀ ਤੇ ਆਖਿਆ, "ਦੇਵ ਤੂੰ ਸਿਰ ਹੇਠੋਂ ਦੀ ਲੰਘਾ।" ਦੇਵ ਨੇ ਉਵੇਂ ਕੀਤਾ, ਇਹਨਾਂ ਬਾਹਵਾਂ ਤੋਂ ਫੜ ਖਿਚ ਕੇ ਅੰਦਰ ਲੈ ਆਂਦਾ ਤੇ ਖੂਬ ਖੇਡ ਮਚਾਈ। ਚੰਗੀ ਖਿੱਲੀ ਮੱਚੀ। ਕੁਝ ਦਿਨ ਲੰਘੇ ਤੇ ਇਹ ਚਾਲ ਨੰਗੀ ਹੋ ਗਈ। ਮੁੜ ਦੇਵਰਾਜ ਦੇ ਆਉਣ ਤੇ ਰੋਕ ਲੱਗ ਗਈ। ਪਰ ਪਿਆਰ ਸਾਰੇ ਰਾਹ ਸਮਝਾ ਦੇਂਦਾ ਏ। ਸਤਿਗੁਰੂ ਜੀ ਦੇਵ ਨੂੰ ਕਹਿਆ, "ਤੂੰ ਕਛਹਿਰਾ ਸਵਾ ਲੈ ਫੇਰ ਕੋਈ ਨਹੀਂ ਰੋਕਦਾ। ਦੇਵੀਆ ਘਰ ਗਿਆ ਤੇ ਕਛਹਿਰਾ ਸਵਾ ਲਿਆ। ਇਹ ਬ੍ਰਾਮ੍ਹਣਾਂ ਦਾ ਮੁੰਡਾ ਕਛਿਹਰਾ ਪਾ ਨਹਾ ਧੋ ਮੰਦਰਾਂ ਦੇ ਪਿਛਲੇ ਪਾਸਿਓਂ ਪੌੜੀ ਲਾ ਉਪਰ ਚੜ੍ਹ ਗਿਆ। ਅੱਗੇ ਕਥਾ ਹੋ ਰਹੀ ਸੀ। ਗੁਰੂ ਹਰੀ ਸਿੰਘ ਜੀ ਨੇਤਰ ਮੂੰਦ ਸੁਣ ਰਹੇ ਸਨ। ਦੇਵਰਾਜ ਨੇ ਜਾ ਮੱਥਾ ਟੇਕਿਆ। ਗੁਰੂ ਜੀ ਨੇਤ੍ਰ ਉਤਾਂਹ ਕੀਤੇ। ਬੱਚੇ ਦੇ ਲੱਕ ਕਛਹਿਰਾ ਵੇਖ ਬੜੇ ਪ੍ਰਸੰਨ ਹੋਏ ਤੇ ਬਚਨ ਕੀਤਾ, "ਵਾਹ ਭਾਈ! ਅੱਜ ਤਾਂ ਇਹ ਮੁੰਡਾ ਬੜਾ ਸੋਹਣਾ ਬਣ ਆਇਆ ਏ। ਸੰਤੋਖ ਸਿੰਘਾ ਇਸ ਦੇ ਕੰਨ ਵਿਚ ਭਜਨ ਦਸ ਇਹ ਪ੍ਰਤਾਪ ਸਿੰਘ ਨਾਲ ਖੇਡਿਆ ਕਰੇਗਾ।" ਸੰਤਾਂ ਭਜਨ ਦਸ ਦਿੱਤਾ ਤੇ ਹਰਦੇਵ ਛਾਲਾਂ ਮਾਰਦਾ ਹੇਠਾਂ ਉਤਰ ਗਿਆ। ਸਤਿਗੁਰੂ ਜੀ ਵੀ ਉਡੀਕ ਕਰ ਰਹੇ ਸਨ; ਇਸ ਜਾ ਚਰਨੀ ਹੱਥ ਲਾਇਆ। ਆੜੀਆਂ ਚੰਗੇ ਜੈਕਾਰੇ ਛਡੇ। ਸਭ ਤਬੇਲੇ ਵਿਚ ਖੇਡਣ ਚਲੇ ਗਏ।

ਇਕ ਦਿਨ ਸਤਿਗੁਰੂ ਜੀ ਨੇ ਦੇਵਰਾਜ ਨੂੰ ਕਿਹਾ, "ਤੂੰ ਮੇਰੇ ਨਾਲ ਕੁਸ਼ਤੀ ਲੜ।" ਪਰ ਦੇਵ ਨੇ ਅਰਜ਼ ਕੀਤੀ, "ਜੀ ਤੁਸੀਂ ਤਾਂ ਮੈਨੂੰ ਕਰਾਮਾਤ ਨਾਲ ਢਾਹੋਗੇ।" ਸੱਚੇ ਪਾਤਸ਼ਾਹ ਕਿਹਾ, "ਮੈਂ ਕਰਾਮਾਤ ਨਾਲ ਕੁਸ਼ਤੀ ਨਹੀਂ ਲੜਦਾ

Sri Satguru Jagjit Singh Ji eLibrary NamdhariElibrary@gmail.com

ਤੂੰ ਚਿੰਤਾ ਨਾ ਕਰ।" ਦੋਵੇਂ ਜਣੇ ਤਿਆਰ ਬਰ ਤਿਆਰ ਹੋ ਕੁਸ਼ਤੀ ਕਰਨ ਲੱਗੇ, ਦੇਵਰਾਜ ਉਪਰ ਆ ਗਿਆ ਤੇ ਸਤਿਗੁਰੂ ਜੀ ਹੇਠਾਂ ਸਨ। ਇਤਨੇ ਨੂੰ ਥੱਮਣ ਸਿੰਘ ਸਿਰ ਤੇ ਬਾਲਣ ਚੁਕੀ, ਮੋਢੇ ਤੇ ਕੁਹਾੜੀ ਰਖੀ ਆ ਨਿਕਲਿਆ। ਉਸ ਦੇਵ ਨੂੰ ਉਪਰ ਵੇਖ ਕੇ ਦਬਕਾ ਮਾਰਿਆ, ਮਗਰ ਸਤਿਗੁਰੂ ਜੀ ਨੇ ਤੇਜ਼ੀ ਨਾਲ ਬਚਨ ਕੀਤਾ "ਤੂੰ ਕੌਣ ਏਂ ਸਾਡੀ ਕੁਸ਼ਤੀ ਵਿਚ ਦਖਲ ਦੇਣ ਵਾਲਾ।" ਥੱਮਣ ਸਿੰਘ ਕੰਨ ਵਲੇਟ, ਨਮਸਕਾਰ ਕਰਦਾ ਅੱਗੇ ਨਿਕਲ ਗਿਆ।

ਇਹ ਬਾਲ ਟੋਲੀ ਇਕੱਠਿਆਂ ਹੀ ਬ੍ਹਾਜਿਆ ਕਰਦੀ ਸੀ। ਸਤਿਗੁਰਾਂ ਦਾ ਮੰਜਾ ਵਿਛ ਜਾਂਦਾ। ਉਪਰ ਚਿੱਟੀ ਚਾਦਰ। ਪਤਾ ਨਹੀਂ ਇਕ ਦਿਨ ਸਤਿਗੁਰਾਂ ਦੇ ਮਨ ਵਿਚ ਕੀ ਆਇਆ, ਕਿ ਇਹਨਾਂ ਕਿਹਾ ਕਿ, "ਮੈਂ ਬਨ-ਮਾਣੂ ਦੀ ਬਾਜ਼ੀ ਪਾ ਕੇ ਵਖਾਂਦਾ ਹਾਂ।" ਸੇਵਕਾਂ ਕੀ ਕਹਿਣਾ ਸੀ। ਝੱਟ ਸਰੀਰ ਨੂੰ ਕਸ ਕੇ ਬਾਜ਼ੀ ਮਾਰੀ। ਬਾਜ਼ੀ ਵਜਦਿਆਂ ਹੀ ਕੜਕ ਦੀ ਅਵਾਜ਼ ਆਈ ਤੇ ਚਾਰੇ ਪਾਵੇ ਟੁੱਟ ਗਏ ਤੇ ਆਪ ਟੁੱਟੇ ਮੰਜੇ ਤੇ ਚੌਕੜਾ ਮਾਰ ਬੈਠ ਗਏ। ਆੜੀ ਹੱਕੇ ਬੱਕੇ ਕਿ ਜੇ ਮਾਤਾ ਜੀ ਨੂੰ ਪਤਾ ਲੱਗਾ ਤਾਂ ਪਿਟਾਈ ਹੋਵੇਗੀ। ਸਭ ਚੁੱਪ ਚਾਪ ਭੁੰਜੇ ਬ੍ਹਾਜ ਗਏ ਤੇ ਮੰਜੇ ਨੂੰ ਜੋੜ ਜਾੜ ਖੜਾ ਕਰ ਦਿੱਤਾ। ਦੇਵਨੇਤ ਉਸ ਰਾਤ ਕਾਲੀ ਬੋਲੀ ਹਨੇਰੀ ਆਈ। ਸਤਿਗੁਰੂ ਜੀ ਸਾਥੀਆਂ ਨੂੰ ਕਿਹਾ, ਮੌਕਾ ਚੰਗਾ ਏ, ਮੰਜਾ ਚੁੱਕ ਕੇ ਦੂਰ ਸੁਟੋ ਤੇ ਮਾਤਾ ਜੀ ਨੂੰ ਕਹਾਂਗੇ ਕਿ ਹਨੇਰੀ ਮੰਜਾ ਚੁੱਕ ਤੋੜਿਆ ਹੈ। ਸਾਥੀਆਂ ਉਵੇਂ ਕੀਤਾ। ਜਦ ਸਵੇਰ ਹੋਈ ਤਾਂ ਮਾਤਾ ਜੀ ਨੂੰ ਘੜੀ ਘੜਾਈ ਕਹਾਣੀ ਸਾਥੀਆਂ ਸੁਣਾਈ। ਮਾਤਾ ਜੀ ਸ਼ੁਕਰ ਸ਼ੁਕਰ ਕਰਦੇ ਚਲੇ ਗਏ। ਪਰ ਇਹ ਬਾਲ ਟੋਲੀ ਵਿਚੋਂ ਵਿਚ ਗੁਟਕਦੀ ਰਹੀ। ਮਾਤਾ ਜੀ ਦਾ ਇਕ ਸੇਵਾਦਾਰ ਦਰਸ਼ਨ ਲੋਹਗੜ੍ਹ ਦਾ ਸੀ। ਇਹ ਇੱਕ ਪ੍ਰਕਾਰ ਇਸ ਬਾਲ ਟੋਲੀ ਵਾਸਤੇ ਸੂਹੀਆ ਸੀ, ਜਿਹੜਾ ਮਾਤਾ ਜੀ ਵੱਲੋਂ ਖੁਫ਼ੀਆ ਤੌਰ ਤੇ ਨਿਗਰਾਨੀ ਰੱਖਦਾ ਸੀ। ਇਕ ਦਿਨ ਇਹ ਜਥਾ ਬ੍ਹਾਜਣ ਦੀਆਂ ਤਿਆਰੀਆਂ ਕਰ ਰਿਹਾ ਸੀ ਕਿ ਦਰਸ਼ਨ ਸਿੰਘ ਆ ਨਿਕਲਿਆ। ਸਤਿਗੁਰੂ ਜੀ ਨੇ ਮਾਘਾ ਸਿੰਘ ਦੇ ਕੰਨ ਵਿਚ ਕੁਝ ਕਿਹਾ ਉਹ ਝੱਟ ਪੱਟ ਕੋਠੇ ਤੋਂ ਹੇਠਾਂ ਉਤਰ, ਇਕ ਮਾਈ ਦਾ ਘਗਰਾ ਲੈ ਗਇਆ ਤੇ ਜਾਂਦਿਆਂ ਹੀ ਦਰਸ਼ਨ ਸਿੰਘ ਦੇ ਗਲ ਪਾ ਦਿੱਤਾ ਤੇ ਰਸੀ ਨਾਲ ਕਸ ਦਿੱਤਾ। ਸਾਰਿਆਂ ਹਸਦਿਆਂ ਹਸਦਿਆਂ ਕਿਹਾ, "ਦਰਸ਼ਨ ਸਿੰਘ! ਨੱਚ ਕੇ ਵਖਾ।" ਉਹ ਨੱਚਣ ਈ ਲੱਗਾ ਸੀ ਕਿ ਮਾਤਾ ਜੀ ਆ ਗਏ। ਮਹਾਰਾਜ ਨਿਹਾਲ ਸਿੰਘ ਜੀ ਕਹਿਆ "ਮਾਤਾ ਜੀ, ਤੁਹਾਡਾ ਦਰਸ਼ਨ ਸਿੰਘ ਬੜੀ ਸ਼੍ਰਾਰਤੀ ਏ, ਤੁਸੀਂ ਇਹ ਵੇਖੋ ਇਹ ਘਾਗਰਾ ਪਾ ਕੇ ਨੱਚਦਾ ਏ। ਮਾਤਾ ਜੀ ਦਰਸ਼ਨ ਸਿੰਘ ਦੀ ਝਾੜ ਝੰਭ ਕੀਤੀ। ਉਸ ਗ਼ਰੀਬ ਬਥੇਰੀ ਸਫ਼ਾਈ ਪੇਸ਼ ਕੀਤੀ, ਮਗਰ ਮਾਤਾ ਜੀ ਇਕ ਨ ਸੁਣੀ।

ਖੇਡਦਿਆਂ ਖੇਡਦਿਆਂ ਇਕ ਦਿਨ ਲਾਲ ਸਿੰਘ ਨੇ ਕਹਿਆ, ਸਾਹਿਬਜ਼ਾਦਿਓ! ਸੰਤਰੇ ਚੁਪਾਓ। ਸਤਿਗੁਰੂ ਜੀ ਨੇ ਕਿਹਾ ਚਲੋ ਬਾਗ਼ ਵਲ ਚਲੀਏ। ਉਸ ਸਮੇਂ ਬਾਗ਼ ਦਾ ਸੇਵਾਦਾਰ ਰਤਨ ਸਿੰਘ ਖੰਨਾ ਸੀ। ਉਹ ਬੜਾ ਕਰੜਾ ਸੀ। ਉਸ

Sri Satguru Jagjit Singh Ji eLibrary NamdhariElibrary@gmail.com

ਛਾਪੇ ਦੇ ਵਾੜ ਇਉਂ ਬਣਾਈ ਹੋਈ ਸੀ ਜਿਵੇਂ ਖਿਜੜੇ ਦਾ ਘਰ। ਸਤਿਗੁਰੂ ਜੀ ਕਿਹਾ ਇਕ ਡਾਂਗ ਲਿਆਓ। ਡਾਂਗ ਲਿਆਂਦੀ ਗਈ ਉਸ ਨੂੰ ਵਾੜ ਵਿਚ ਘੁਮਾ ਘੁਮਾ ਕੇ ਇਕ ਚੰਗਾ ਮਗੋਰਾ ਕਰ ਦਿੱਤਾ ਤੇ ਦੇਵਰਾਜ ਨੂੰ ਕਿਹਾ ਤੂੰ ਸੰਤਰੇ ਤੋੜ ਤੋੜ ਬਾਹਰ ਸੁੱਟੀ ਜਾ। ਅਸੀਂ ਦਬੋਚੀ ਜਾਵਾਂਗੇ। ਦੇਵਰਾਜ ਵਾੜ ਦੇ ਮੋਘੇ ਵਿਚੋਂ ਇਉਂ ਲੰਘ ਨਿਕਲਿਆ ਜਿਵੇਂ ਨਿਉਲਾ ਲੰਘ ਜਾਂਦਾ ਏ। ਦੇਵ ਜਾਂਦਿਆਂ ਈ ਸੰਤਰੇ ਤੋੜਨੇ ਸ਼ੁਰੂ ਕਰ ਦਿੱਤੇ ਤੇ ਇਹ ਬਾਲ ਜਥਾ ਇਉਂ ਸਾਂਭੀ ਗਿਆ ਜਿਵੇਂ ਬਾਜ਼ੀਗਰ ਜੰਞ ਦੀ ਛੋਟ ਵੇਲੇ ਕਪੜਿਆਂ ਨਾਲ ਪੈਸੇ ਸਾਂਭੀ ਜਾਂਦੇ ਹਨ। ਘੜੀਆਂ ਪਲਾਂ ਵਿਚ ਸੰਤਰਿਆਂ ਦਾ ਖ਼ਾਸਾ ਢੇਰ ਲੱਗ ਗਿਆ "ਬਸ" ਦਾ ਸ਼ਬਦ ਸੁਣ ਦੇਵਰਾਜ ਬਾਹਰ ਆ ਗਿਆ ਤੇ ਸਤਿਗੁਰੂ ਜੀ ਓਸੇ ਸੋਟੀ ਨਾਲ ਵਾੜ ਮੁੜ ਬੰਦ ਕਰ ਦਿੱਤੀ। ਸਭ ਨੇ ਰੱਜ ਰੱਜ ਸੰਤਰੇ ਚੂਪੇ। ਸਾਰੀਆਂ ਛਿਲਾਂ ਇਕੱਠੀਆਂ ਕਰ ਇਕ ਟੋਏ ਵਿਚ ਉਪਰ ਮਿੱਟੀ ਪਾ ਦਿੱਤੀ। ਸਾਰੇ ਡਕਾਰ ਮਾਰਦੇ ਡੇਰੇ ਪੁੱਜੇ ਤੇ ਬਿਸਤਰੇ ਤੇ ਜਾ ਲੇਟੇ। ਇਸੇ ਢੰਗ ਨਾਲ ਅੰਗੂਰ ਵੀ ਖਾਧੇ।

ਚੌਕੀ ਦੇ ਸਪਾਹੀ ਆਈਆਂ ਸੰਗਤਾਂ ਨੂੰ ਬੜਾ ਤੰਗ ਕਰਦੇ ਸਨ ਤੇ ਪ੍ਰਸ਼ਾਦੇ ਲੰਗਰੋਂ ਛਕਦੇ ਸਨ। ਇਕ ਦਿਨ ਪੁਲਸੀਏ ਨੇ ਇਕ ਮੁੰਡੇ ਨੂੰ ਕਹਿ ਕੇ ਪ੍ਰਸ਼ਾਦੇ ਮੰਗਵਾਏ। ਉਹ ਪ੍ਰਸ਼ਾਦੇ ਲੈ ਆਇਆ। ਸਪਾਹਟੇ ਪੁਛਿਆ, "ਲੌਂਡੇ ਤਰਕਾਰੀ ਕਾਹਦੀ ਬਣੀ ਏ? ਤਰਕਾਰੀ ਦਾ ਸ਼ਬਦ ਸੁਣ ਸਤਿਗੁਰੂ ਜੀ ਨੂੰ ਬੜੀ ਘਿਰਣਾ ਆਈ ਤੇ ਉਹਨਾਂ ਦੇ ਚਿਹਰੇ ਦਾ ਰੰਗ ਲਾਲ ਹੋ ਗਿਆ। ਉਹਨਾਂ ਦੇਵਰਾਜ ਨੂੰ ਕੁਝ ਸਮਝਾ ਟੋਰਿਆ। ਦੇਵਰਾਜ ਲੰਗਰ ਵਿਚੋਂ ਆ ਕੇ ਕਹਿਣ ਲੱਗਾ, "ਜਮਾਦਾਰ! ਅੱਜ ਲੰਗਰ ਵਿਚ ਭੋਏ ਸੂਰ ਬਣੇ ਨੇ।" ਭੋਏ ਸੂਰ ਦਾ ਨਾਉਂ ਸੁਣ ਸਪਾਹੀ ਲੋਹਾ ਲਾਖਾ ਹੋ ਗਿਆ ਤੇ ਲਾਹੋਲਵਿਲਾ, ਲਾਹੋਲਵਿਲਾ, ਕਹਿੰਦਾ ਕੰਨਾਂ ਤੇ ਹੱਥ ਰਖਦਾ ਚੌਕੀ ਵਿਚ ਚਲਾ ਗਿਆ ਤੇ ਦੂਜੇ ਸਪਾਹੀਆਂ ਨੂੰ ਕਹਿਣ ਲੱਗਾ, "ਅਸੀਂ ਕਾਫ਼ਰਾਂ ਘਰੋਂ ਐਵੇਂ ਖਾਂਦੇ ਰਹੇ, ਇਥੇ ਸੂਰ ਪਕਦਾ ਏ, ਬਾਲ ਟੋਲੀ ਮੂੰਹ ਵਿਚ ਗੁਟਕਦੀ ਅੱਗੇ ਨਿਕਲ ਗਈ ਤੇ ਸਪਾਹਟੇ ਉਬਲਦੀ ਹਾਂਡੀ ਵਾਂਗ ਗੜਕਣ ਲੱਗੇ। ਥੋੜੇ ਸਮੇਂ ਉਪ੍ਰੰਤ ਸਤਿਗੁਰੂ ਜੀ ਚੁਬਾਰੇ ਤੋਂ ਉਤਰੇ ਤੇ ਕਿਹਾ, "ਬਹਾਰ ਸ਼ਾਹ! ਘਬਰਾਓ ਨਾ ਸਾਡੀ ਬੋਲੀ ਵਿਚ ਸ਼ਲੱਗਮਾਂ ਨੂੰ ਭੋਏਸੂਰ ਕਹਿੰਦੇ ਹਨ।" ਇਹ ਸੁਣ ਉਹਨਾਂ ਦੇ ਸਾਹ ਨਾਲ ਸਾਹ ਰਲਿਆ ਤੇ ਅੱਗੇ ਤੋਂ ਕਦੇ ਉਹਨਾਂ 'ਤਰਕਾਰੀ' ਸ਼ਬਦ ਨਹੀਂ ਵਰਤਿਆ।

ਇਕ ਸਮੇਂ ਕਿਸੇ ਸ਼ਰਧਾਲੂ ਨੇ ਸੰਤ ਧਿਆਨ ਸਿੰਘ ਅੱਗੇ ਉਬਲੇ ਛੋਲੇ ਲਿਆ ਕੇ ਰੱਖੇ। ਸੰਤਾਂ ਉਹ ਛੋਲੇ ਮੁੰਡਿਆਂ ਵਿਚ ਵੰਡ ਦਿੱਤੇ। ਦੇਵਰਾਜ ਬਾਹਰੋਂ ਜੰਗਲ ਹੋ ਕੇ ਆਇਆ ਸੀ। ਪ੍ਰਸ਼ਾਦ ਵਰਤਦਾ ਵੇਖ ਉਸ ਵੀ ਝੱਟ ਪੱਟ ਹੱਥ ਅੱਗੇ ਕਰ ਦਿੱਤੇ। ਸੰਤਾਂ ਉਸ ਨੂੰ ਛੋਲੇ ਦਿੱਤੇ। ਦੇਵਰਾਜ ਘੁੰਢਣੀਆਂ ਲੈਂਦਿਆਂ ਸਾਰ ਮੂੰਹ ਵਿਚ ਪਾ ਲਈਆਂ। ਸਤਿਗੁਰੂ ਜੀ ਤੇਜ਼ੀ ਨਾਲ ਬਚਨ ਕੀਤਾ "ਸੰਤ ਜੀ!

Sri Satguru Jagjit Singh Ji eLibrary NamdhariElibrary@gmail.com

ਸੰਤ ਜੀ! ਦੇਵੀਆ ਕਿੱਡਾ ਦਲਿਦਰੀ ਏ ਇਸ ਨੇ ਬਿਨਾਂ ਪੰਜ ਇਸ਼ਨਾਨ ਕੀਤੇ ਬਕਲੀਆਂ ਖਾ ਲਈਆਂ ਹਨ।" ਬਕਲੀਆਂ ਤਾਂ ਮੁਕ ਗਈਆਂ ਪਰ ਦੇਵੀਏ ਦੇ ਦੁਆਲੇ ਦਲਿੱਦਰ ਆ ਹੋਇਆ। ਸਿਰ ਵਿਚ ਜੂੰਆਂ। ਕਪੜਿਆਂ ਵਿਚ ਜੂੰਆਂ, ਅੱਖਾਂ ਵਿਚ ਚਮਜੂਆਂ। ਜਿੱਥੇ ਹੱਥ ਪਾਏ ਜੂੰਆਂ ਜਾਂ ਚਮਜੂਆਂ ਹੱਥ ਆਉਣ। ਹਰਦੇਵ ਦੀ ਮਾਤਾ ਜੂ ਬੂਟੀ, ਮਿੱਟੀ ਦੇ ਤੇਲ ਦੀ ਮਾਲਿਸ਼ ਕੀਤੀ ਪਰ ਜੂੰਆਂ ਵੱਧਦੀਆਂ ਗਈਆਂ। ਛੇ ਮਹੀਨੇ ਲੰਘ ਗਏ।

ਇਕ ਦਿਨ ਸਤਿਗੁਰੂ ਜੀ ਸਾਥੀਆਂ ਨਾਲ ਰਾਮਸਰੋਵਰ ਦੀ ਕਾਰ ਸੇਵਾ ਕਰ ਰਹੇ ਸਨ। ਦੇਵ ਬਾਹਰ ਕੰਡੇ ਤੇ ਖੜਾ ਖੁਰਕੀ ਜਾ ਰਿਹਾ ਸੀ। ਸਤਿਗੁਰੂ ਜੀ ਮਾਘਾ ਸਿੰਘ ਨੂੰ ਕਿਹਾ "ਦੇਵ ਨੂੰ ਚੁੱਕ ਲਿਆਓ।" ਮਾਘਾ ਸਿੰਘ ਤੇ ਲਾਲ ਸਿੰਘ ਬਾਹਰ ਗਏ ਤੇ ਦੇਵ ਨੂੰ ਲੱਤਾਂ ਬਾਹਾਂ ਤੋਂ ਫੜ ਸਰੋਵਰ ਵਿਚ ਲੈ ਗਏ। ਵਿਚਾਰਾ ਗ਼ਰੀਬ ਬਥੇਰੀਆਂ ਲੱਤਾਂ ਬਾਹਾਂ ਮਾਰੇ ਪਰ ਪੇਸ਼ ਨ ਗਈ। ਵਾਹ ਚੋਜੀਆ ਤੇਰੇ ਚੋਜ ਨਿਰਾਲੇ। ਤੇਰੀ ਖੇਡ ਨਿਰਾਲੀ। ਤੇਰੇ ਬਚਨ ਅਮੋਲੇ! ਤੂੰ ਸੱਤਾਂ ਵਰ੍ਹਿਆਂ ਦਾ ਹੋਵੇਂ ਜਾਂ ਸੱਤਰ੍ਹਾਂ ਦਾ ਤੇਰੀ ਉਹੋ ਸ਼ਕਤੀ। ਤੂੰ ਸਦਾ ਲਬਾ ਲਬ! ਤੂੰ ਮੌਜ ਵਿਚ ਹੱਸੇਂ ਮੌਜ ਵਿਚ ਖੇਡੇਂ। ਸਤਿਗੁਰੂ ਜੀ ਆਪ ਬਾਂਹ ਤੋਂ ਫੜ ਹਸਦਿਆਂ ਹਸਦਿਆਂ ਚਾਰ ਡੋਬੇ ਦਿੱਤੇ/ਕੁੱਬੇ ਨੂੰ ਲੱਤ ਮਾਰੀ। ਦੇਵਰਾਜ ਦੀ ਦੇਹ ਕੁੰਦਨ ਵਰਗੀ ਹੋ ਗਈ। ਇਸਦਾ ਜਨਮ ਜਨਮਾਂਤਰਾਂ ਦਾ ਦਲਿੱਦਰ ਦੂਰ ਹੋ ਗਿਆ। ਜੂੰਆਂ ਤੇ ਚਮਜੂੰਆਂ ਜਾਂਦੀਆਂ ਨਹੀਂ ਦਿੱਸੀਆਂ। ਦੇਵਰਾਜ ਨੂੰ ਗਿਆਨ ਹੋ ਗਿਆ ਕਿ ਇਸ ਪ੍ਰਕਾਰ ਦੇ ਹੱਥ ਵਿਚ ਰੋਗ ਸੋਗ, ਦੁੱਖ ਸੁੱਖ ਹਨ।

ਵਾਹ ਸ੍ਰੀ ਭੈਣੀ ਸਾਹਿਬ ਦੀਏ ਪਵਿੱਤਰ ਧਰਤੀਏ। ਤੇਰੀ ਕੀ ਉਪਮਾ ਕੀਤੀ ਜਾਵੇ। ਤੂੰ ਨਿਆਸਰਿਆਂ ਦੀ ਆਸਰਾ, ਨਧਿਰਿਆਂ ਦੀ ਧਿਰ, ਨਿਥਾਵਿਆਂ ਦੀ ਥਾਂ। ਬਿਰਧਾਂ ਤੇ ਯਤੀਮਾਂ ਦੀ ਪਾਲਣਾ ਤਾਂ ਅਗੇ ਹੀ ਹੁੰਦੀ ਸੀ, ਲਾਵਾਰਸ ਪਸੂਆਂ ਨੂੰ ਵੀ ਇਥੇ ਟਿਕਾਣਾ ਮਿਲਦਾ। ਲੁਧਿਆਣੇ ਇਕ ਸਾਨ੍ਹ ਸੀ। ਜਣੇ ਖਣੇ ਨੂੰ ਮਾਰੇ। ਰਾਹੀਆਂ ਦੇ ਰਾਹ ਬੰਦ ਕਰ ਦਿੱਤੇ। ਇਕ ਸ਼ਾਹੂਕਾਰ ਦੀ ਬੱਘੀ ਦੇ ਪਹੀਆਂ ਵਿਚ ਸਿੰਘ ਅੜਾ ਕੇ ਪਹੀਏ ਤੋੜ ਦਿੱਤੇ। ਸ਼ਾਹੂਕਾਰ ਨੇ ਦੋ ਚਾਰ ਪਹਿਲਵਾਨਾਂ ਨੂੰ ਪੈਸੇ ਦੇ ਕੇ ਕਿਹਾ ਇਸ ਨੂੰ ਭੈਣੀ ਸਾਹਿਬ ਛੱਡ ਆਓ। ਉਹ ਚੋਬਰ ਆਏ ਤੇ ਢੱਟੇ ਨੂੰ ਸ੍ਰੀ ਭੈਣੀ ਸਾਹਿਬ ਛੱਡ ਗਏ। ਪਿੰਡ ਵਿਚ ਰੌਲਾ ਪੈ ਗਿਆ। ਸੇਵਾਦਾਰਾਂ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਅਰਜ ਕੀਤੀ। ਸਤਿਗੁਰਾਂ ਨੇਤਰ ਉਤਾਂਹ ਕੀਤੇ ਤੇ ਬਚਨ ਕੀਤਾ ਪ੍ਰਤਾਪ ਸਿੰਘ ਨੂੰ ਲੈ ਜਾਓ। ਸਤਿਗੁਰਾਂ ਨੂੰ ਬੁਲਾਇਆ ਗਿਆ। ਸਤਿਗੁਰੂ ਜੀ ਆ ਨਮਸਕਾਰ ਕੀਤੀ। ਬਚਨ ਹੋਇਆ, "ਕਾਕਾ ਜਾਓ ਢੱਟੇ ਨੂੰ ਕਾਬੂ ਕਰੋ। ਲੱਠ ਨਹੀਂ ਖੜਨੀ, ਪਿਆਰ ਨਾਲ ਸਾਰੀ ਕੰਢ ਤੇ ਹੱਥ ਫੇਰੋ। ਸੇਲਾ ਨਹੀਂ ਫੜਨਾ। ਪਿਆਰ ਵੱਡਾ ਜਾਦੂ ਏ, ਪਿਆਰ ਸ਼ਰੋਮਣੀ ਮੰਤਰ ਏ।" ਸਤਿਗੁਰੂ ਜੀ ਸੀਸ

Sri Satguru Jagjit Singh Ji eLibrary NamdhariElibrary@gmail.com

ਨਵਾ ਰਵਾਨਾ ਹੋਏ। ਮੁਡੀਰ ਵਾਧਾ ਤੇ ਹੋਰ ਮੁਲੱਖੀਆ ਮਗਰ ਲੱਗ ਟੁਰਿਆ। ਪੁਲਸੀਏ ਵੀ ਹੈਰਾਨ ਪ੍ਰੇਸ਼ਾਨ। ਪਰ ਸਤਿਗੁਰੂ ਜੀ ਠਰੱਮੇ ਨਾਲ ਸਾਨ੍ਹ ਵਲ ਵਧਦੇ ਗਏ। ਸਾਨ੍ਹ ਗਰਦਨ ਨੀਵੀਂ ਕਰ ਦਿੱਤੀ, ਲੋਕਾਂ ਸਮਝਿਆ ਢੱਟਾ ਮਾਰਨ ਲਗਾ ਏ, ਪਰ ਉਸ ਸਿਰ ਨਹੀਂ ਚੁਕਿਆ। ਸਤਿਗੁਰੂ ਜੀ ਬਿਨਾਂ ਖੌਫ ਉਸਦੇ ਮੂੰਹ ਤੇ ਕਰ ਕਮਲਾਂ ਨਾਲ ਖੁਰਕਣਾ ਸ਼ੁਰੂ ਕੀਤਾ। ਫੇਰ ਬੰਨ ਤੇ, ਮੁੜ ਸਾਰੀ ਕੰਢ ਤੇ ਪਿਆਰ ਦਿੱਤਾ। ਸਾਨ੍ਹ ਕੀਲਿਆ ਗਿਆ। ਫੇਰ ਕਦੇ ਢੱਟੇ ਖੌਰੂ ਨਹੀਂ ਪਾਇਆ। ਡੇਰੇ ਦੀ ਸੇਵਾ ਵਿਚ ਉਮਰ ਗੁਜ਼ਾਰੀ।

ਸਤਿਗੁਰੂ ਜੀ ਨੂੰ ਘੋੜੀ ਦੀ ਸਵਾਰੀ ਦਾ ਸ਼ੌਕ ਸੀ। ਪਰ ਰਾਈਆਂ ਦੇ ਹਜ਼ਾਰਾ ਸਿੰਘ ਨੇ ਦੌੜਦੀ ਘੋੜੀ ਤੋਂ ਉਤਰਨ ਤੇ ਚੜ੍ਹਨ ਦਾ ਢੰਗ ਦੱਸਿਆ। ਇਕ ਸਮੇਂ ਇਕ ਊਠ-ਬੇ-ਮੁਹਾਰਾ ਹੋ ਨੱਸ ਗਿਆ। ਸੇਵਾਦਾਰਾਂ ਦੇ ਕਾਬੂ ਨ ਆਵੇ। ਸਤਿਗੁਰੂ ਜੀ ਉਸਦੇ ਮਗਰ ਘੋੜੀ ਲਾ ਦਿੱਤੀ। ਊਠ ਦੇ ਲਾਗੇ ਜਾਕੇ ਊਠ ਦੀ ਬੰਨ੍ਹ ਤੇ ਹੱਥ ਪਾ ਘੋੜੀ ਛੱਡ ਊਠ ਦੀ ਪਿੱਠ ਤੇ ਬਹਿ ਗਏ ਤੇ ਕਾਬੂ ਕਰ ਲਿਆ। ਸੇਵਾਦਾਰਾਂ ਨਮਸਕਾਰ ਕੀਤੀ ਤੇ ਸ਼ੁਕਰ ਬਜਾ ਲਿਆਏ।

ਇਕ ਸਮੇਂ ਨਿਰਮਲੇ ਸਾਧਾਂ ਦਾ ਅਖਾੜਾ ਆਇਆ ਘੋੜੇ, ਊਠ, ਗੱਡੀਆਂ ਸੰਗੇ ਵਜਾਉਂਦੇ ਜੈ ਮਾਤਾ ਜੀਉਣ ਕੌਰ, ਜੈ ਗੁਰੂ ਹਰੀ ਸਿੰਘ ਕਰਦੇ ਆ ਗਏ। ਮਾਤਾ ਜੀ ਪਸ਼ੂਆਂ ਲਈ ਪੱਠੇ ਦਾਣੇ ਦਾ ਪ੍ਰਬੰਧ ਕਰਵਾ ਦਿੱਤਾ ਤੇ ਸਾਧਾਂ ਨੂੰ ਮਨ ਭਾਉਂਦੇ ਭੋਜਨ ਛਕਾਏ। ਉਨ੍ਹਾਂ ਵਿਚ ਇਕ ਸਾਧੂ ਗਤਕੇਬਾਜ਼ ਸੀ। ਉਸ ਅਖਾੜਾ ਬੰਨ੍ਹਿਆ ਤੇ ਆਖਿਆ ਮੈਂ ਸਾਹਿਬਜ਼ਾਦਿਆਂ ਦੇ ਹੱਥ ਵੇਖਣਾ ਚਾਹੁੰਦਾ ਹਾਂ। ਸਤਿਗੁਰੂ ਜੀ ਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰਕੇ ਅਖਾੜੇ ਵਿਚ ਗਏ ਤੇ ਸੋਟੀਆਂ ਹੱਥਾਂ ਵਿਚ ਲਈਆਂ। ਸਾਧੂ ਲੱਗਾ ਪੈਂਤੜੇ ਬੰਨਣ ਤੇ ਚੋਟਾਂ ਕਰਨ। ਸਤਿਗੁਰੂ ਜੀ ਧੀਰ ਨਾਲ ਉਸਦੇ ਵਾਰ ਰੋਕੇ। ਅਤੇ ਮੌਕਾ ਤਾੜ ਕੇ ਸੱਜੀ ਅੜਕ ਤੇ ਚੋਟ ਚਲਾਈ। ਚੋਟ ਵਜਦਿਆਂ ਸਾਧੂ ਦੇ ਹੱਥੋਂ ਸੋਟੀ ਔਹ ਜਾ ਪਈ। ਮੂਧੜੇ ਮੂੰਹ ਜਾ ਡਿੱਗਾ। ਸਾਧੂ ਦਾ ਦਿਲ ਟੁੱਟ ਗਿਆ ਬਾਂਹ ਨੂੰ ਘੁੱਟਦਾ ਨੱਪਦਾ ਨਮਸਕਾਰ ਕਰਦਾ ਪਿਛਾਂ ਹਟ ਗਿਆ। ਮਹੰਤ ਨੇ ਚੰਗੀ ਝਾੜ ਪਾਈ।

ਸਤਿਗੁਰੂ ਜੀ ਕਈ ਵੇਰ ਸਾਥੀਆਂ ਨਾਲ ਨਹਿਰ ਤੇ ਜਾਂਦੇ ਤੇ ਖ਼ੂਬ ਤਾਰੀਆਂ ਲਾਂਦੇ। ਜਦ ਕਦੀ ਮਨ ਬਣੇ ਤਾਂ ਨਹਿਰ ਨੂੰ ਪਾਰ ਕਰਦੇ, ਪਰ ਨਿਰਾ ਪਾਰ ਈ ਨ ਕਰਦੇ, ਸਿੱਧਾ ਤੀਰ ਵਾਂਗੂ ਜਾਂਦੇ। ਆਮ ਪ੍ਰਸਿੱਧ ਹੈ-

**ਸ਼ੇਰ ਸੀਧਾ ਤੈਰਤਾ ਹੈ ਵਕਤੇ ਰਫਤਨ ਆਬ ਮੇਂ।**

ਪਰ ਸਤਿਗੁਰੂ ਜੀ ਤਾਂ ਕੰਢੇ ਦੇ ਹੇਠਲੇ ਪਾਸੇ ਜਾਣ ਦੇ ਉਪਰਲੇ ਪਾਸੇ ਜਾ ਲੱਗਦੇ। ਇਕ ਦਿਨ ਬੇੜੀ ਵਿਚ ਬੈਠ ਕੇ ਸੈਰ ਹੋ ਰਹੀ ਸੀ, ਕਿ ਬੇੜੀ ਵਿਚ ਛੇਕ ਪੈ ਗਿਆ ਤੇ ਬੇੜੀ ਡੁਬਣੀਂ ਸ਼ੁਰੂ ਹੋ ਗਈ। ਹੌਲੀ ਹੌਲੀ ਸਭ ਛਾਲਾਂ ਮਾਰ ਗਏ, ਪਰ ਸਤਿਗੁਰੂ ਜੀ ਬੇੜੀ ਨਾ ਛੱਡੀ। ਕਿੰਨਾ ਚਿਰ ਬੇੜੀ ਨਜ਼ਰੀਂ

Sri Satguru Jagjit Singh Ji eLibrary NamdhariElibrary@gmail.com

ਨ ਆਈ ਤੇ ਨ ਈ ਸਤਿਗੁਰੂ ਜੀ। ਸਭ ਸੇਵਾਦਾਰ ਪ੍ਰੇਸ਼ਾਨ ਸਨ, ਪਰ ਓਦੋਂ ਹੀ ਪਤਾ ਲੱਗਾ ਕਿ ਜਦ ਬੇੜੀ ਨੂੰ ਜਾ ਕੰਢੇ ਲਾਇਆ। ਬਾਹਰ ਦਰਸ਼ਨ ਕਰ ਸਾਥੀ ਘੁੱਟਣ ਨਪਣ ਲੱਗ ਪਏ। ਸਤਿਗੁਰੂ ਜੀ ਮੁਸਕਰਾਂਦਿਆਂ ਕਿਹਾ, ਕਿ ਸਾਡੇ ਵੱਡੇ ਵਡੇਰੇ ਡੁੱਬਦੇ ਬੇੜਿਆਂ ਨੂੰ ਕਢਦੇ ਰਹੇ ਹਨ, ਮੈਂ ਜਾਣਿਆ ਕਿ ਸਾਡੀ ਇਹ ਬੇੜੀ ਡੁੱਬ ਨ ਜਾਵੇ ਇਸਨੂੰ ਬੰਨੇ ਲਾਕੇ ਛੱਡਾਂਗਾ, ਮਤੇ ਵਡੇਰਿਆਂ ਦੇ ਨਾਉਂ ਨੂੰ ਲਾਜ ਲੱਗੇ।

**ਬਖਸ਼ੀ ਹਰਦੇਵ ਸਿੰਘ**
ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

# ਅਨੰਦ

"ਵੀਰੋ" ਜਗਮਾਤਾ ਹੋਵੇਗੀ। ਇਹਦਾ ਮੂੰਹ ਨਹੀਂ ਫਿਟਕਾਰਨਾ। ਸ਼ਕਤੀ ਨੇ ਆਪ ਜਾਮਾ ਧਾਰਿਆ ਹੈ।" ਸੰਤ ਹਰੀ ਸਿੰਘ।

ਸ੍ਰ: ਹਮੀਰ ਸਿੰਘ ਵੱਡੇ ਲੈਂਡ ਲਾਰਡ ਸਨ। ਇਨ੍ਹਾਂ ਗੱਦਾ ਡੋਬ, ਉਰਫ ਰਤਾ ਬਾਸ ਦਾ ਪਿੰਡ ਬਧਾ। ਇਹ ਸਾਊ, ਭਲੇਮਾਣਸ ਅਤੇ ਗਰੀਬ ਗ਼ੁਰਬਿਆਂ ਦੇ ਹਮਦਰਦ ਸਨ। ਉਨ੍ਹਾਂ ਦੇ ਮਹਿਲ ਮਾਤਾ ਰੁਕਮਾ ਜੀ ਬੜੇ ਨੇਮ ਧਰਮੀ ਸਨ। ਅਕਾਲ ਪੁਰਖ ਨੇ ਇੱਕੋ ਜੇਹੀ ਜੋੜੀ ਬਣਾਈ ਸੀ। ਘਰ ਸਦਾ ਇਸਤਰੀਆਂ ਨਾਲ ਉਜਾਗਰ ਹੁੰਦੇ ਹਨ ਇਸਤਰੀਆਂ ਸੁਚੱਜੀ ਹੋਵੇ ਤਾਂ ਘਰ ਨੂੰ ਚਾਰ ਚੰਨ ਲੱਗਦੇ ਹਨ, ਪਰ ਕਰਤਾਰ ਨਾ ਕਕਰੇ ਜੇ ਮੂੜ ਹੋਵੇ ਤਾਂ ਘਰ ਵੀ ਮੂੰਹਦੇ ਹੋ ਡਿੱਗਦੇ ਹਨ। ਮਾਤਾ ਰੁਕਮਾ ਸੁੱਚਮਤਾ ਦਾ ਸਦਾ ਧਿਆਨ ਰੱਖਦੇ, ਜਦ ਤਕ ਸੂਰਜ ਦੇਵ ਨਾ ਲੈਣ ਪ੍ਰਸ਼ਾਦ ਨਹੀਂ ਸਨ ਛਕਦੇ। ਉਨ੍ਹਾਂ ਦਾ ਸੁਭਾਉ ਸੀ, ਘਰ ਵਿਚ ਬੇਰ, ਭੁੰਜੇ ਦਾਣੇ, ਅਤੇ ਪਕੌੜੇ ਤਲਕੇ ਰੱਖਦੇ ਤਾਂਕਿ ਜੇ ਕੋਈ ਅਤਿਥੀ ਆ ਜਾਵੇ ਤਾਂ ਪ੍ਰਸ਼ਾਦ ਦੇ ਤਿਆਰ ਹੋਣ ਤਕ, ਉਸਦੀ ਸੇਵਾ ਹੋ ਸਕੇ, ਉਸਤੋਂ ਉਪ੍ਰੰਤ ਦੁੱਧ, ਮੱਖਣ, ਸ਼ੱਕਰ ਨਾਲ ਰਜਵੀਂ ਸੇਵਾ ਕਰਦੇ। ਮੀਹਾਂ ਸਿੰਘ ਦੀ ਨਾਨੀ ਧਰਮ ਕੌਰ ਤੇ ਉਨ੍ਹਾਂ ਦੇ ਪਿਤਾ ਅਨੂਪ ਸਿੰਘ ਵੀ ਪਰਲੇ ਦਰਜੇ ਦੇ ਸਾਧੂ ਸੁਭਾ ਦੇ ਸਨ। ਅਨੂਪ ਸਿੰਘ ਸੂਬਾ ਮਲੂਕ ਸਿੰਘ ਫੂਲੇ ਵਾਲ ਦੇ ਸੱਕੇ ਭਰਾ ਸਨ। ਸਤਿਗੁਰੂ ਰਾਮ ਸਿੰਘ ਜੀ ਦੀਆਂ ਪੂਰੀਆਂ ਮਿਹਰਾਂ ਸਨ। ਉਹ ਇਕ 40 ਮਣੇ ਭੜੋਲੇ ਨੂੰ ਭਰੀ ਰਖਦੇ। ਫਗਣ ਚੇਤ ਲੋੜਵੰਦਾਂ ਦੇ ਜਥਿਆਂ ਦੇ ਜਥੇ ਆਉਂਦੇ। ਲੋੜ ਅਨੁਸਾਰ ਲਈ ਜਾਂਦੇ। ਪਰ ਡੂਢੇ ਨਾ ਸਵਾਏ। ਪੂਰੋ ਪੂਰੇ। ਭਾਈ ਕਾਲਾ ਸਿੰਘ ਜੀ ਨੇ ਉਨ੍ਹਾਂ ਸਮਿਆਂ ਦਾ ਨਕਸ਼ਾ ਇਉਂ ਖਿਚਿਆ:-

**ਪੈਸਾ ਲੜਕੀ ਦਾ ਲਵੇ ਡੂਢੀ ਜਿਨਸ ਬਿਆਜ**
**ਵਹਿੜਾ ਖਸੀ ਜੋ ਕਰੇ, ਸਜਾ ਦੇਤ ਮਹਾਰਾਜ**

ਇੱਥੇ ਮਹਾਰਾਜ ਸਜਾ ਕਾਹਦੀ ਦੇਣੀ ਸੀ। ਏਥੇ ਤਾਂ ਸਤਿਗੁਰ ਖ਼ੁਸ਼ੀਆਂ ਦੀ ਫੁਹਾਰ ਵੱਸਦੀ ਰਹਿੰਦੀ ਸੀ। ਇਹ ਸਹੁਰਾ ਜਵਾਈ ਲੋਕਾਂ ਦੀਆਂ ਧੀਆਂ ਆਪ ਵਿਆਹੁੰਦੇ ਸਨ ਅਤੇ ਗਰਜ਼ਮੰਦਾਂ ਦੀਆਂ ਗਰਜ਼ਾਂ ਪੂਰੀਆਂ ਕਰਦੇ ਸਨ।

ਹਮੀਰ ਸਿੰਘ ਦੀਆਂ ਅੱਖਾਂ ਦਾ ਤਾਰਾ ਸੁੰਦਰ ਸਿੰਘ ਮਾਪਿਆਂ ਦੀਆਂ ਲੀਹਾਂ ਤੇ ਟੁਰਿਆ, ਕਲਿਜੁਗੀ ਜਵਾਨਾਂ ਵਾਂਗੂ ਸੱਜੇ ਖੱਬੇ ਨਹੀਂ ਝਾਕਿਆ। ਪਿਤਾ ਨੇ ਜੇਹੜੀ ਲੀਹ ਤੋਰਿਆ ਤੁਰਦਾ ਗਿਆ ਮਗਰ ਏਨਾਂ ਨੂੰ ਸਤਿਗੁਰੂ ਜੀ ਦੀ ਸਰਨ

Sri Satguru Jagjit Singh Ji eLibrary NamdhariElibrary@gmail.com

ਆਉਣ ਦਾ ਸੁਭਾਗ ਉਸ ਵੇਲੇ ਪ੍ਰਾਪਤ ਹੋਇਆ ਜਦ ਸਤਿਗੁਰਾਂ ਦੀ ਅਜ਼ਮਤ ਵੇਖ ਲਈ।

ਬੀਬੀ ਸਦਾ ਕੌਰ ਰੂਪਾਣੇ ਵਿਆਹੀ ਹੋਈ ਸੀ। ਉਹ ਪ੍ਰੇਤ ਪੀੜਾਂ ਕਾਰਨ ਕਈ ਵੇਰ ਜੁੜ ਜਾਂਦੀ। ਉਨ੍ਹਾਂ ਦਾ ਦੁੱਖ ਦੇਖਣ ਵਾਲਿਆਂ ਤੋਂ ਜਰਿਆ ਨ ਜਾਂਦਾ। ਦੇਵ ਨੇ ਸੰਤ ਭਗਤ ਸਿੰਘ ਝੋਰੜਾਂ ਦੇ ਗਦਾਂ ਡੋਬ ਆਏ। ਸਾਧੂ ਸਦਾ ਪਰਉਪਕਾਰੀ। ਸਾਧੂ ਸਭ ਦੇ ਭਲਾ ਲੋਚੇ। ਗੁਰੂ ਜੀ ਸਾਧੂ ਬਾਰੇ ਆਪ ਪਵਿੱਤਰ ਰਸਨਾ ਦੁਆਰਾ ਫੁਰਮਾਂਦੇ ਹਨ:-

**ਸਾਧ ਕੈ ਸੰਗਿ ਮਿਟੇ ਸਭਿ ਰੋਗ, ਨਾਨਕ ਸਾਧ ਭੇਟੇ ਸੰਜੋਗ।**

ਸੰਤਾਂ ਨੇ ਬੀਬੀ ਦੀ ਹਾਲਤ ਵੇਖੀ ਤਾਂ ਅਰਜ ਕੀਤੀ ਕਿ ਐਵੇਂ ਖੱਜਲ ਖਰਾਬ ਨਾ ਹੋਵੋ, ਧਾਗਿਆਂ ਤਵੀਤਾਂ ਕੁਝ ਨਹੀਂ ਖੁਹਣਾ। ਤੁਸੀਂ ਸਭ ਤੋਂ ਸ਼ਰੋਮਣੀ ਮੰਤਰ ਦੀ ਸ਼ਰਨ ਲਵੋ। ਇਸ ਵੇਲੇ ਉਸ ਮੰਤਰ ਨੂੰ ਗੁਰੂ ਹਰੀ ਸਿੰਘ ਜੀ ਵਰਤਾ ਰਹੇ ਹਨ। ਉਨ੍ਹਾਂ ਦੀ ਸ਼ਰਨ ਲਵੋ। ਉਹ ਮਿਹਰਾਂ ਕਰਨਗੇ। ਬੀਬੀ ਜੀ ਗੁਰੂਸਰ ਵਲ ਤੁਰ ਪਏ। ਮਗਰ ਉਧਰ ਜਾਂਦਿਆਂ ਬੀਬੀ ਰਾਹ 'ਚ ਜੁੜ ਗਈ। ਪਰੰਤੂ ਨਾਲ ਦੇ ਸਾਥੀ ਬੀਬੀ ਨੂੰ ਦੀਵਾਨ ਵਿਚ ਲੈ ਹੀ ਗਏ। ਸਤਿਗੁਰਾਂ ਭਜਨ ਬਖਸ਼ਿਆ ਤੇ ਆਖਿਆ, ਬੀਬੀ ਸੋਧ ਰੱਖ ਲੈ। ਕੋਈ ਸ਼ੈ ਲਾਗੇ ਨਹੀਂ ਆਵੇਗੀ। ਬੀਬੀ ਨੂੰ ਹੁਕਮ ਕੀਤਾ ਮਾਲਾ ਫੇਰਨੀ ਤੇ ਬਾਣੀ ਯਾਦ ਕਰਨੀ। ਬੀਬੀ ਨੇ ਹੌਲੀ ਹੌਲੀ ਪੰਜ ਗ੍ਰੰਥੀ ਯਾਦ ਕਰ ਲਈ। ਹੁਣ ਪ੍ਰੇਤਣੀਆਂ ਦੂਰੋਂ ਦੂਰੋਂ ਡਰਾਉਣ। ਮੁੱਕੇ ਵੱਟਣ ਦੰਦ ਪੀਹਣ, ਤੇ ਆਖਣ "ਕੁੜੇ! ਮਾਲਾ ਸੁਟ ਦੇਹ, ਨੀਂ ਤਾਂ ਮਾਰ ਦਿਆਂਗੀਆਂ"। ਬੀਬੀ ਤੇ ਸਤਿਗੁਰ ਦੀ ਕਿਰਪਾ ਸੀ। ਓਸ ਨੇ ਮਾਲਾਂ ਸਗੋਂ ਘੁਟਕੇ ਫੜ ਲਈ ਤੇ ਲੱਗੀ ਰਸਨਾ ਚਲਣ, ਅੰਤ ਭੂਤਣੀਆਂ ਹਾਰ ਕਿਸੇ ਵਲੈਤ ਨੂੰ ਨਸ ਗਈਆਂ। ਏਹ ਖੇਡ ਵੇਖ ਸਰਦਾਰ ਸੁੰਦਰ ਸਿੰਘ ਦੀ ਸ਼ਰਧਾ ਹੋਰ ਵੀ ਵਧ ਗਈ ਤੇ ਗੁਰੂ ਘਰ ਵਲ ਹੋਰ ਝੁਕ ਗਏ।

ਇਕ ਵੇਰ ਗੁਰੂ ਹਰੀ ਸਿੰਘ ਜੀ ਦਾ ਦੌਰਾ ਫੂਲੇ ਵਾਲ ਆਇਆ। ਗੁਰੂ ਜੀ ਸਦਾ ਰਥ ਤੇ ਦੌਰਾ ਕਰਦੇ। ਨਾਲ ਸੂਬੇ, ਸੰਤ ਮਹੰਤ, ਰਾਗੀ, ਰਬਾਬੀ, ਘੋੜੇ ਘੋੜੀਆਂ ਤੇ ਸੰਗਤਾਂ ਦੀ ਭਰਮਾਰ ਹੁੰਦੀ। ਦੌਰੇ ਕੋਈ ਪਹਿਲਾਂ ਨੀਯਤ ਨਹੀਂ ਹੁੰਦੇ ਸਨ। ਜਿਸ ਪਿੰਡ ਦਾ ਹੁਕਮ ਲੱਗਦਾ ਸੰਗਤਾਂ ਓਧਰੇ ਵਹੀਰਾਂ ਘਤ ਦੇਂਦੀਆਂ ਨਗਰ ਵਾਸੀ ਪਿੰਡੋਂ ਬਾਹਰ ਆਕੇ ਸਤਿਗੁਰੂ ਜੀ ਦਾ ਸੁਆਗਤ ਕਰਦੀਆਂ। ਥਾਲਾਂ ਵਿਚ ਮਿਸ਼ਰੀ, ਗਰੀ, ਬਦਾਮ, ਨੇਜੇ ਤੇ ਹੋਰ ਮਾਇਆ ਲੈ ਹਾਜ਼ਰ ਹੁੰਦੇ।

ਸ੍ਰ: ਸੁੰਦਰ ਸਿੰਘ ਜੀ ਫੂਲੇ ਵਾਲ ਗਏ ਅਤੇ ਬੇਨਤੀ ਕੀਤੀ। ਗੁਰੂ ਜੀ ਉੱਤਰ ਦਿੱਤਾ ਚਲਾਂਗੇ। ਕੋਲੋਂ ਕੁਝ ਸਿੱਖਾਂ ਕਹਿਆ ਜੀ "ਓਥੋਂ ਦਾ ਜਲ ਠੀਕ ਨਹੀਂ" ਗੁਰੂ ਜੀ ਗਲ ਨਾ ਗੌਲੀ, ਗੁਰੂ ਜੀ ਰਤਾ ਡੇਬ ਦਾ ਹੁਕਮ ਦੇ ਦਿੱਤਾ ਸੰਗਤਾਂ ਦਾ ਸਾਗਰ ਇਸ ਪਾਸੇ ਠਾਠਾਂ ਮਾਰਨ ਲੱਗ ਪਿਆ। ਪਿੰਡ ਦੇ ਲਾਗੇ

Sri Satguru Jagjit Singh Ji eLibrary NamdhariElibrary@gmail.com

ਸਰੀਂ ਦੇ ਮੋਗੇ ਕੋਲ ਪਾਣੀ ਦੀ ਧਾਰ ਪੈਕੇ ਟੋਇਆ ਭਰਿਆ ਪਿਆ ਸੀ। ਇਕ ਮਸਤਾਨੇ ਵੇਖਿਆ ਤੇ ਸਰਦਾਰ ਜੀ ਨੂੰ ਦੱਸਿਆ। ਸੁੰਦਰ ਸਿੰਘ ਨੇ ਉਸੇ ਵੇਲੇ ਜਲ ਤੇ ਪਹਿਰਾ ਬਿਠਾ ਦਿੱਤਾ। ਗੁਰੂ ਜੀ ਕਮਲ ਨੇਤਰ ਉਤਾਂ ਕੀਤੇ ਨਿਗਾਹ ਭਰਕੇ ਜਲ ਵਲ ਵੇਖਿਆ ਫੇਰ ਅਕਾਸ਼ ਵਲ ਤਕਿਆ। ਬਚਨ ਕੀਤਾ ਮੁਕਦਾ ਨਹੀ:-

**ਭੈ ਵਿਚ ਚਲਹਿ ਲਖ ਦਰਿਆਉ।**

ਗੁਰੂ ਜੀ ਡੇਰੇ ਪੁੱਜ ਗਏ। ਨਾਲ ਸਤਾਰਾਂ ਜੋੜੀਆਂ ਰਾਗੀਆਂ ਦੀਆਂ ਸਨ। ਉਨ੍ਹਾਂ ਇਕੱਠਿਆਂ ਈ ਕੀਰਤਨ ਅਰੰਭਿਆ। ਖ਼ੂਬ ਦੀਵਾਨ ਲੱਗੇ। ਖ਼ੂਬ ਮੰਗਲਾਚਾਰ ਹੋਇਆ। ਇਤਨੀ ਗਹਿਮਾ ਗਹਿਮ ਵੇਖ ਗੁਰੂ ਜੀ ਪ੍ਰਸੰਨ ਹੋ ਬਚਨ ਕੀਤਾ ਏਹ ਗਦਾਂ ਡੋਬ ਨਹੀਂ 'ਗੁਰੂ-ਸਰ' ਹੈ। ਸਾਡਾ ਆਪਣਾ ਘਰ ਹੈ। ਸ਼ਬਦ ਕੀਰਤਨ ਚਲ ਰਹਿਆ ਸੀ। ਘੁਮਕਾਰਾਂ ਆਕਾਸ਼ ਨੂੰ ਗੂੰਜਾ ਰਹੀਆਂ ਸਨ।

ਮਾਤਾ ਰਾਮ ਕੌਰ, ਮਹਿਲ ਸਰਦਾਰ ਸੁੰਦਰ ਸਿੰਘ ਬੀਬੀ ਨਾਮੋਂ, ਜਿਹੜੀ ਮੁਦਤਾਂ ਤੋਂ ਬੀਮਾਰ ਸੀ, ਗੋਦ ਵਿਚ ਲਈ ਖੜੇ ਸਨ। ਮਾਤਾ ਜੀ ਉਸਨੂੰ ਗੁਰੂ ਜੀ ਦੇ ਚਰਨਾਂ 'ਚ ਰੱਖ ਦਿੱਤਾ। ਗੁਰੂ ਜੀ ਬੀਬੀ ਨੂੰ ਹੱਥਾਂ ਵਿਚ ਚੁੱਕ ਲਿਆ ਤੇ ਸਹਿਜੇ ਕਹਿਆ ਇਹ ਕਾਠ ਦੀ ਪੁਤਲੀ ਹੈ, ਕਾਠ ਦੀ ਪੁਤਲੀ ਤੇ ਮਾਤਾ ਨੂੰ ਮੋੜ ਦਿੱਤੀ। ਬੀਬੀ ਦਿਨਾਂ 'ਚ ਰਾਜੀ ਹੋ ਗਈ। ਸਰਦਾਰ ਜੀ ਮਨ ਵਿਚ ਧਾਰ ਲਿਆ ਨਾਮੋਂ ਨੂੰ ਗੁਰੂ ਜੀ ਬਚਾਇਆ ਹੈ, ਇਹ ਗੁਰੂ ਕਿਆਂ ਦੀ ਹੋਈ।

ਇਸ ਦੌਰੇ ਸਰਦਾਰ ਜੀ ਨੂੰ ਰੰਗ ਚਾੜ੍ਹ ਦਿੱਤਾ। ਦੰਪਤੀ ਸੇਵਾ ਦੀ ਮੂਰਤੀ ਬਣ ਬੈਠੇ। ਰਾਜੇ ਹਰੀ ਚੰਦ ਤੇ ਤਾਰਾ ਦੀ ਯਾਦ ਤਾਜ਼ਾ ਕਰ ਦਿੱਤੀ ਮਾਤਾ ਆਪ ਸਾਧ ਸੰਗਤ ਦੀ ਸੇਵਾ ਕਰੇ। ਮਾਇਆ ਮਹਾਂ ਪੁਰਸ਼ਾਂ ਦੀ ਸੰਗਤ ਨਾਲ ਵਸ ਆਉਂਦੀ ਹੈ। ਜੇ ਭਲਿਆਂ ਦੀ ਸੰਗਤ ਨ ਹੋਵੇ ਤਾਂ ਏਹ ਨਾਗਨ ਆਉਂਦਿਆਂ ਹੀ ਧੌਣ 'ਚ ਕਿਲਾ ਠੋਕ ਦੇਂਦੀ ਹੈ, ਤੇ ਮਨੁੱਖ ਦੀ ਗਰਦਨ 'ਚੋਂ ਨਿਉਣਤਾ ਉਡ ਜਾਂਦੀ ਹੈ, ਮਨੁੱਖ ਫੂੰਕਾਰੇ ਮਾਰਦਾ ਧਰਤੀ ਤੇ ਪੈਰ ਨਹੀਂ ਟਿਕਾਂਦਾ, ਜੋ ਜਾਣ ਲੱਗਦੀ ਹੈ ਤੇ ਕਮਰ ਤੇ ਲੱਤ ਮਾਰਦੀ ਹੈ, ਮਨੁੱਖ ਸਿੱਧਾ ਨਹੀਂ ਤੁਰ ਸਕਦਾ। ਪਰ ਭਲਿਆਂ ਦੀ ਸੰਗਤ ਨਾਲ ਏਹ ਦਾਸੀ ਬਣਾ ਜੂਠੇ ਭਾਂਡੇ ਮਾਂਜਦੀ ਹੈ। ਚੰਗੀ ਟਹਿਲ ਕਰਦੀ ਹੈ। ਇਸ ਮਾਇਆ ਨੂੰ ਸਰਦਾਰ ਸੁੰਦਰ ਸਿੰਘ ਨੇ ਚੰਗੀ ਤਰ੍ਹਾਂ ਕੀਲ ਲਿਆ। ਘਰ 'ਚ ਇਕ ਵਰਨੀ ਤੋਰ ਦਿੱਤੀ। ਸੰਤ ਧਿਆਨ ਸਿੰਘ, ਗੁਲਾਬ ਸਿੰਘ, ਨਾਰਾਇਣ ਸਿੰਘ, ਇਨ੍ਹਾਂ ਦੇ ਜ਼ਿੰਮੇ ਵਰਨੀ ਪਾਠ ਸੀ। ਬਾਬਾ ਸਾਉਣ ਸਿੰਘ ਨੂੰ ਪਾਠਾਂ ਦਾ ਜ਼ਿੰਮਾ ਲਾ ਦਿੱਤਾ। ਉਹ ਹਰ ਮਹੀਨੇ ਦੋ ਪਾਠ ਕਰ ਦੇਂਦੇ। ਖ਼ੂਬ ਗਜ ਵਜ ਕੇ ਭੋਗ ਪੈਂਦੇ। ਖੁਲੇ ਲੰਗਰ ਵਰਤਦੇ। ਬਾਬਾ ਹਰਨਾਮ ਸਿੰਘ, ਪਹਿਲਾਂ ਥਾਣੇਦਾਰ ਰਹਿ ਚੁੱਕਾ ਸੀ, ਮਾਨ ਸਿੰਘ ਖਟੜਿਆਂ ਦਾ ਇਹ ਵੀ ਹਰ ਵਕਤ ਸ਼ਬਦ ਕੀਰਤਨ ਵਿਚ ਜੁੜੇ ਰਹਿੰਦੇ। ਭਾਈ ਕ੍ਰਿਪਾਲ ਸਿੰਘ ਤੇ ਨਿਹਾਲ ਸਿੰਘ ਰਾਗੀ ਸਨ, ਜਿਹੜੇ

Sri Satguru Jagjit Singh Ji eLibrary NamdhariElibrary@gmail.com

ਦੋਵੇਂ ਵੇਲੇ ਕੀਰਤਨ ਕਰਦੇ। ਬਾਬਾ ਦੇਵਾ ਸਿੰਘ ਲੰਗਰ ਦੀ ਸੇਵਾ ਕਰਦਾ ਸੀ। ਇਨ੍ਹਾਂ ਨੂੰ ਪੰਜ ਪੰਜ ਵਿਘੇ ਜ਼ਮੀਨ ਦਿਤੀ ਹੋਈ ਸੀ। ਪਾਣੀ ਲਾਕੇ ਬੀਜ ਦੇਣੀ। ਵਢਣੀ ਸੰਭਾਲਨੀ ਉਨ੍ਹਾਂ ਦੇ ਜ਼ਿੰਮੇ।

ਪਤੀ ਦੇ ਨਾਲ ਪਤਨੀ ਵੀ ਸੇਵਾ ਦੀ ਮੂਰਤੀ ਬਣ ਗਈ। ਇਕ ਵੇਰ ਬਾਬਾ ਧਿਆਨ ਸਿੰਘ ਨੂੰ ਦਸਤ ਲੱਗ ਗਏ। ਉਨ੍ਹਾਂ ਦਾ ਪ੍ਰਸ਼ਾਦ ਆਪ ਪਕਾਉਣਾ ਉਨ੍ਹਾਂ ਵਾਸਤੇ ਜਲ ਰਖ ਦੇਣਾ ਓਧਰੋਂ ਪ੍ਰਸ਼ਾਦਾ ਤਿਆਰ ਕਰਨਾ। ਉਹ ਜੰਗਲ ਹੋ ਇਸ਼ਨਾਨ ਕਰ ਪ੍ਰਸ਼ਾਦਾ ਛੱਕਦੇ। ਮਾਤਾ ਜੀ ਸੰਤਾਂ ਦੇ ਕਛਹਿਰੇ ਵੀ ਆਪ ਧੋਂਦੇ, ਕੰਮ ਕਾਜ ਵੀ ਕਰਦੇ ਮਾਲਾ ਵੀ ਫੇਰਦੇ। ਦਿਨ ਬੀਤਦੇ ਗਏ। ਹੁਣ ਨਾਮੋ ਜਵਾਨ ਸੀ। ਉਸਦੇ ਵਰ ਦੀ ਢੂੰਡ ਲੱਗੀ। ਸ੍ਰ: ਸੁੰਦਰ ਸਿੰਘ ਨੇ ਆਪਣੇ ਵਡੇ ਭਰਾ ਨਾਲ ਸਲਾਹ ਕੀਤੀ, ਮਗਰ ਵਾਹ ਵਿਧ ਮਾਤਾ! ਤੇਰੀ ਅਜਬ ਬਚਨਾ ਹੈ, ਬੰਦਾ ਕੁਝ ਸੋਚਦਾ ਹੈ, ਤੂੰ ਕੁਝ ਕਰਦੀ ਹੈਂ। ਝੋਰੜਾਂ ਦਾ ਅਮਰ ਸਿੰਘ ਆਇਆ ਉਸ ਇਹ ਗੱਲ ਸੁਣੀ ਓਸ ਲੱਤ ਮਾਰ ਦਿੱਤੀ ਤੇ ਆਖਿਆ ਅਸੀਂ ਸਰਦਾਰ! ਅਸੀਂ ਪੱਗਾਂ ਵਾਲੇ! ਇਹ ਫ਼ਕੀਰ ਸਾਧਾਂ ਫਕੀਰਾਂ ਨਾਲ ਸਰਦਾਰਾਂ ਦਾ ਕੀ ਮੇਲ। ਸੁੰਦਰ ਸਿੰਘ ਨੂੰ ਮਜ਼ਬੂਰਨ ਬੀਬੀ ਹਰਨਾਮ ਕੌਰ ਨੂੰ ਚਗੜ ਸਿੰਘ ਸਪੁੱਤਰ ਹਰਨਾਮ ਸਿੰਘ ਜ਼ੈਲਦਾਰ ਨਾਲ ਵਿਆਹੁਨਾ ਪਿਆ। ਵਿਆਹ ਤਾਂ ਹੋ ਗਿਆ ਮਗਰ ਪਿਤਾ ਨੂੰ ਝੋਰਾ ਲੱਗ ਗਿਆ "ਹੇ ਕਰਤਾਰ! ਕੀ ਵਿਚਾਰਾਂ ਸਨ? ਕੀ ਬਣਿਆ।"

ਹੁਣ ਉਨ੍ਹਾਂ ਦੀਆਂ ਸੋਚਾਂ ਨੇ ਨਵਾਂ ਰੂਪ ਧਾਰ ਲਿਆ। ਅਕਾਲ ਪੁਰਖ ਦੇ ਚਰਨਾਂ ਵਿਚ ਅਰਾਧਨਾ ਸ਼ੁਰੂ ਕੀਤੀ। ਕਾਹਦੇ ਵਾਸਤੇ? ਲੋਕ ਪੁਤ ਮੰਗਦੇ ਹਨ। ਮਗਰ ਸੁੰਦਰ ਸਿੰਘ ਬੀਬੀ ਵਾਸਤੇ ਅਰਜੋਈਆਂ ਕਰਨ ਲੱਗਾ। ਚੰਡੀ ਚਰਿੱਤਰ ਦੂਜੇ ਦਾ ਨੇਮ ਨਾਲ ਪਾਠ ਅਰੰਭ ਦਿੱਤਾ। ਵੈਸੇ ਵੀ ਹਰ ਪੰਦ੍ਰਵਾੜੇ ਗ੍ਰੰਥ ਸਾਹਿਬ ਦਾ ਭੋਗ ਪੈਂਦਾ। ਸੰਗਤਾਂ ਜੁੜਦੀਆਂ ਕੜਾਹ ਪ੍ਰਸ਼ਾਦ ਦੇ ਗੱਫੇ ਲੱਗਦੇ। ਮਾਤਾ ਭਜਨ ਕਰਦੀ ਆਪ ਸੰਗਤਾਂ ਦੇ ਭਾਂਡੇ ਮਾਂਜ ਪ੍ਰਸੰਨ ਹੁੰਦੀ - ਚੰਡੀ ਚਰਿੱਤਰ ਦਾ ਪਾਠ ਸਾਲ ਭਰ ਚਲਦਾ ਰਿਹਾ! ਪਾਠ ਪਿੱਛੋਂ ਅਰਦਾਸਾ ਸੋਧਣਾ ਕਿ "ਸ਼ਕਤੀ ਪ੍ਰਗਟੇ" ਅੰਤ ਉਨ੍ਹਾਂ ਦੀ ਬੇਨਤੀ ਪ੍ਰਵਾਨ ਹੋਈ ਤੇ ਬੀਬੀ ਜਨਮ ਲਿਆ। ਜਿਸਦਾ ਨਾਉਂ ਵੀਰੋ ਰਖਿਆ ਗਿਆ। ਜਦ ਇਹ ਦੌੜਨ ਭਜਨ ਲੱਗੀ ਤਾਂ ਸੰਤ ਹਰੀ ਸਿੰਘ ਨੇ ਬੀਬੀ ਨੂੰ ਵੇਖਿਆ ਤਾਂ ਆਖਿਆ "ਮਾਤਾ ਵੀਰੋ ਦਾ ਮੂੰਹ ਨਾ ਫਿਟਕਾਰਨਾ ਇਹ ਜਗਤ ਮਾਤਾ ਬਣੇਗੀ। ਸ਼ਕਤੀ ਆਪ ਜਾਮਾ ਧਾਰਿਆ ਹੈ।" ਮਾਤਾ ਜੀ ਸਤਿਗੁਰੂ ਜੀ ਦੇ ਚਰਨਾਂ 'ਚ ਅੰਦਰੋਂ ਨਿਮਸ਼ਕਾਰ ਕੀਤੀ।

ਸਮਾਂ ਲੰਘਦਾ ਗਿਆ। ਮਾਤਾ ਜੀ ਵੀਰੋ ਨੂੰ ਭਜਨ ਬਾਣੀ ਪਾਸੇ ਲਾਉਣ ਦੀ ਪ੍ਰੇਰਨਾ ਦੇਂਦੀ। ਵੀਰਾਂ ਵਲ ਯੋਗ ਹੋ ਗਈ। ਓਧਰ ਸ੍ਰ: ਸੁੰਦਰ ਸਿੰਘ ਦਾ ਅੰਤ ਸਮਾਂ ਆ ਗਿਆ। ਬੁਖਾਰ ਚੜ੍ਹਨ ਲੱਗ ਪਿਆ। 22 ਦਿਨ ਮੰਜੇ ਤੇ ਪਏ ਰਹੇ। ਬੀਮਾਰੀ ਦੇ ਦਿਨਾਂ 'ਚ ਸਰਦਾਰ ਸੁੰਦਰ ਸਿੰਘ ਨੇ ਮਿਸਤਰੀ

Sri Satguru Jagjit Singh Ji eLibrary NamdhariElibrary@gmail.com

ਜਵਾਲਾ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਤਾਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੰਤਮ ਸਮੇਂ ਵੇਲੇ ਆਕੇ ਦਰਸ਼ਨ ਦੇਣ ਤੇ ਜਨਮ ਮਰਨ ਦੇ ਫੰਧੇ ਕਟ ਦੇਣ। ਸੰਤ ਜਵਾਲਾ ਸਿੰਘ ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਮਾਤਾ ਜੀ ਦੇ ਚਰਨਾਂ 'ਚ ਅਰਜ ਕੀਤੀ। ਮਾਤਾ ਜੀ ਕਿਹਾ "ਬੀਰਾ! ਸਤਿਗੁਰੂ ਜੀ ਪਤਾ ਨਹੀਂ ਕਿਥੇ ਹਨ। ਭਾਵੇਂ ਹੁਣੇ ਆ ਜਾਣ ਭਾਵੇਂ ਮਹੀਨੇ ਨੂੰ। ਕੁਝ ਪਤਾ ਨਹੀਂ।" ਜਵਾਲਾ ਸਿੰਘ ਮੁੜਨ ਵਾਲੇ ਹੀ ਸਨ ਕਿ ਸਤਿਗੁਰਾਂ ਦੇ ਦਰਸ਼ਨ ਹੋਏ। ਮਿਸਤਰੀ ਜੀ ਨੇ ਸਰਦਾਰ ਸੁੰਦਰ ਸਿੰਘ ਜੀ ਦੀ ਬੇਨਤੀ ਚਰਨਾਂ 'ਚ ਰਖੀ। ਸਤਿਗੁਰੂ ਜੀ ਓਸੇ ਵੇਲੇ ਗੁਰੂ-ਸਰ ਨੂੰ ਭਾਗ ਲਾਉਣ ਲਈ ਟੁਰ ਪਏ।

ਸਤਿਗੁਰੂ ਜੀ ਗੁਰੂ-ਸਰ ਪੁਜੇ ਅਤੇ ਜਾ ਦਰਸ਼ਨ ਦਿਤੇ। ਸ੍ਰ: ਸੁੰਦਰ ਸਿੰਘ ਸਤਿਗੁਰਾਂ ਦੇ ਚਰਨ ਸਿਰ ਤੇ ਰਖੇ ਕੁਝ ਬਚਨ ਕੀਤੇ। ਇਹ ਉਹ ਜਾਣਦੇ ਹਨ ਕਿ ਉਨ੍ਹਾਂ ਕੀ ਆਖਿਆ। ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਆ ਗਏ।

ਅੰਤਮ ਸਵਾਸਾਂ ਤੋਂ ਦੋ ਦਿਨ ਪਹਿਲਾਂ ਸ੍ਰ: ਮੀਹਾਂ ਸਿੰਘ ਨੂੰ ਬੁਲਾਇਆ ਅਤੇ ਅੰਤਮ ਇਛਾ ਪ੍ਰਗਟ ਕੀਤੀ 'ਕਿ ਵੀਰੋ ਦਾ ਅਨੰਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਕੀਤਾ ਜਾਵੇ। ਜੇ ਇਹ ਹੋ ਜਾਵੇ ਤਾਂ ਮੇਰੀਆਂ ਸਭ ਸਧਰਾਂ ਪੂਰੀਆਂ ਹਨ।" ਅਗੋਂ ਮੀਹਾਂ ਸਿੰਘ ਕਿਹਾ "ਸਤਿ ਬਚਨ ਜੀ ਮਹਾਰਾਜ!" ਵਰ ਦਿਓ ਕਿ ਅਸੀਂ ਆਪ ਜੀ ਦੇ ਬਚਨਾਂ ਤੇ ਫੁੱਲ ਚਾੜ੍ਹ ਸਕੀਏ। ਪਰ ਨਾਲ ਹੀ ਏਹ ਚਿਤਾਵਨੀ ਵੀ ਦਿੱਤੀ "ਪੁੱਤਰ ਜੇ ਕਰੋਗੇ ਤਾਂ ਦੁਨੀਆਂ ਤੁਹਾਡੇ ਨਾਲੋਂ ਟੁੱਟ ਜਾਵੇਗੀ। ਪਰ ਡੋਲਣਾ ਨਹੀਂ" ਸਿਦਕ ਵਾਨ ਮੀਹਾਂ ਸਿੰਘ ਅਗੋਂ ਉੱਤਰ ਦਿੱਤਾ "ਪਿਤਾ ਜੀ ਜੇ ਦੁਨੀਆਂ ਟੁੱਟਦੀ ਏ ਤਾਂ ਟੁੱਟੇ, ਸਤਿਗੁਰੂ ਜੀ ਕਿਰਪਾ ਕਰਨ, ਤੁਹਾਡਾ ਬਚਨ ਸਾਥੋਂ ਨਾ ਭਜੇ।" ਪੁਤ! ਜੇ ਤੁਸੀਂ ਏਸ ਕੰਮ ਵਿਚ ਸਫਲ ਹੋ ਗਏ। ਟੁਟੀ ਹੋਈ ਮਿਲ ਜਾਵੇਗੀ। 'ਘਾਬਰਨਾ ਨਹੀਂ'। ਇਹ ਬਚਨ ਕਰ ਸਰਦਾਰ ਸੁੰਦਰ ਸਿੰਘ ਜੀ ਸੱਚਖੰਡ ਨੂੰ ਸਿਧਾਰ ਗਏ। ਪਿੰਡ ਵਿਚ ਸੋਗ ਵਰਤ ਗਿਆ। ਦੂਰੋਂ ਦੂਰੋਂ ਸਰਦਾਰ, ਨਵਾਬ, ਸੇਠ ਤੇ ਹੋਰ ਸਾਕਸੈਨ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਪਿਤਾ ਜੀ ਦੇ ਭੋਗ ਉਪ੍ਰੰਤ ਮੀਹਾਂ ਸਿੰਘ, ਨਾਹਰ ਸਿੰਘ ਤੇ ਕ੍ਰਿਪਾਲ ਸਿੰਘ ਨੇ ਪਿਤਾ ਜੀ ਦੀ ਇਛਾ ਆਪਣੇ ਤਾਏ ਸਦਾ ਸਿੰਘ ਨੂੰ ਦਸੀ ਉਸ ਕਿਹਾ ਏਹ ਤੁਹਾਡਾ ਆਪਣਾ ਮਾਮਲਾ ਹੈ, ਮੈਨੂੰ ਕੋਈ ਇਤਰਾਜ਼ ਨਹੀਂ। ਮਗਰ ਕਲਿਜੁਗ ਕਲਿਜੁਗ ਹੈ। ਆਪਣੀ ਕਰਤੂਤ ਕਰਨੋਂ ਨਹੀਂ ਰਹਿੰਦਾ। ਅਮਰ ਸਿੰਘ ਝੋਰੜੀਂ ਰਹਿੰਦਾ ਸੀ। ਇਹ ਉਹ ਸਜਣ ਸੀ, ਜਿਸਨੂੰ ਗੁਰੂ ਹਰੀ ਸਿੰਘ ਮੌਤ ਦੇ ਮੂੰਹੋਂ ਬਚਾਇਆ ਸੀ। ਉਹ ਸੁਣਦਿਆਂ ਹੀ ਲੋਹਾ ਲਾਖਾ ਹੋ ਗਿਆ। ਆਖਣ ਲੱਗਾ "ਹੈਂ? ਇਹ ਕੀ? ਸਰਦਾਰਾਂ ਦੀ ਧੀ ਫ਼ਕੀਰਾਂ ਘਰ ਜਾਵੇ, ਅਸੀਂ ਗਠ ਉਹ...। ਇਹ ਨਹੀਂ ਹੋਣਾ ਚਾਹੀਦਾ।" ਇਹ ਸਰਦਾਰ ਸਦਾ ਸਿੰਘ ਨੂੰ ਮਿਲਿਆ। ਕਲਿਜੁਗ ਨੇ ਉਸਦੀ ਮਤ ਵੀ ਫੇਰ ਦਿਤੀ। ਉਹ ਵੀ ਅਮਰ ਸਿੰਘ ਦੇ ਖ਼ਿਆਲਾਂ ਦਾ ਹੋ ਗਿਆ। ਦੋਹਾਂ ਹਿਕ ਤੇ ਹਥ ਮਾਰਿਆ ਤੇ ਆਖਿਆ

Sri Satguru Jagjit Singh Ji eLibrary NamdhariElibrary@gmail.com

"ਇਕ ਦੋ, ਤਿੰਨ, ਇਹ ਕੰਮ ਨਹੀਂ ਹੋ ਸਕਦਾ, ਹਮੀਰ ਸਿੰਘ ਦੀ ਪਗ ਨੂੰ ਦਾਗ਼ ਨਹੀਂ ਲੱਗਣ ਦਿਆਂਗੇ।" ਸਦਾ ਸਿੰਘ ਦੀ ਆਲੇ ਦੁਆਲੇ ਨਾਲ ਸਾਂਝ ਭਿਆਲੀ ਸੀ। ਸਭ ਦੇ ਕੰਨ ਭਰ ਦਿੱਤੇ।, ਉਹ ਸਾਰੇ ਇਨ੍ਹਾਂ ਸਤਿਜੁਗੀ ਭਰਾਵਾਂ ਦੇ ਵਿਰੁੱਧ ਹੋ ਗਏ। ਕੀ ਬਾਗੜੀ ਕੀ ਸਿਖ ਸਭ ਨੇ ਡਾਢਾ ਲਾ ਲਿਆ। ਹੋਰ ਤਾਂ ਹੋਰ ਚਘਰ ਸਿੰਘ ਏਨਾਂ ਦੇ ਭਣੂਜੇ ਨੇ ਮਾਈ ਨੂੰ ਧਮਕਾਂਦਿਆਂ ਕਿਹਾ "ਮਾਈ! ਮੇਰੀ ਗਲ ਸੁਣ ਲੈ ਜੇ ਵੀਰੋ ਪ੍ਰਤਾਪ ਸਿੰਘ ਨਾਲ ਵਿਆਹੀ ਗਈ, ਮੈਂ ਨਾਮੋਂ ਨੂੰ ਛਡ ਦਿਆਂਗਾ।" ਮਾਈ ਅੰਦਰ ਸਤਿਗੁਰੂ ਜੀ ਦਾ ਹਥ ਸੀ। ਗੀਭੀਰਤਾ ਨਾਲ ਬੋਲੀ, ਚਘਰ ਸਿੰਘਾਂ ਤੂੰ ਨਾਮੋਂ ਨੂੰ ਛਡ ਦੇਂਗਾ ਤਾਂ ਮੈਂ ਸਮਝਾਂਗੀ ਮੇਰਾ ਜਵਾਈ ਮਰ ਗਿਆ। ਮੇਰੀ ਧੀ, ਰੰਡੀ ਹੋ ਗਈ।" ਮਾਤਾ ਦੇ ਏਹ ਭਰੋਸੇ ਭਰੇ ਸ਼ਬਦ ਸੁਣ, ਵਲੇਟ ਟੁਰ ਗਿਆ ਰਾਖਸ਼ਾਂ ਤੇ ਦੇਵਤਿਆਂ ਵਿਚਾਲੇ ਕੇਵਲ ਬੁੱਧੀ ਦਾ ਫ਼ਰਕ ਹੁੰਦਾ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ:-

**ਸਾਧ ਕਰਮ ਜੋ ਪੁਰਖ ਕਮਾਵੈ।**
**ਨਾਮ ਦੇਵਤਾ ਜਗਤ ਕਹਾਵੈ।**
**ਕੁਕ੍ਰਿਤ ਕਰਮ ਜਗ ਮਹਿ ਜੋ ਕਰਈ।**
**ਨਾਮ ਅਸੁਰ ਤਾਕੋ ਪੁਨ ਧਰਈ।**

ਮੀਹਾਂ ਸਿੰਘ ਆਦਿ ਤਾਂ ਪਹਿਲੀ ਸ਼੍ਰੇਣੀ ਦੇ ਸਨ ਜਦ ਕੇ ਸਦਾ ਸਿੰਘ ਤੇ ਉਨ੍ਹਾਂ ਦੀ ਜੁੰਡਲੀ ਦੂਜੀ ਸ਼੍ਰੇਣੀ ਦੇ। ਇਨ੍ਹਾਂ ਛਵੀਆਂ ਗੀਡਾਸਿਆਂ ਨੂੰ ਤੇਲ ਲਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਇਕੋ ਨਾਅਰਾ ਸੀ। "ਇਹ ਕੰਮ ਨਹੀਂ ਹੋਣ ਦਿੱਤਾ ਜਾਵੇਗਾ। ਸੂਰਜ ਚੜ੍ਹਦੇ ਦੀ ਬਜਾਇ ਲਹਿੰਦਿਓਂ ਚੜ੍ਹਨਾ ਸ਼ੁਰੂ ਹੋ ਜਾਵੇ। ਇਹ ਬਚਨ ਮੂੰਹ ਵਿਚ ਵਾਪਸ ਨਹੀਂ ਜਾਣਗੇ।"

ਮੀਹਾਂ ਸਿੰਘ ਮਾਤਾ ਨੂੰ ਨਾਲ ਲੈ ਅਰਦਾਸਾ ਸੋਧ ਸ੍ਰੀ ਭੈਣੀ ਸਾਹਿਬ ਪੁਜੇ। ਸਤਿਗੁਰੂ ਜੀ ਬਾਗ਼ ਵਿਚ ਟਹਿਲ ਰਹੇ ਸਨ, ਉਨ੍ਹਾਂ ਦਾ ਜਲਵਾ ਝਲਿਆ ਨਹੀਂ ਸੀ ਜਾਂਦਾ ਇਕ ਕਵੀ ਠੀਕ ਆਖਿਆ ਹੈ:-

**ਕੰਵਲ ਸਮਾਨ ਨੈਨ, ਕੋਇਲ ਸੋ ਮੀਠੇ ਬੈਨ,**
**ਮੁਖੜੇ ਕੀ ਤਾਬ ਜੋ ਸਮਾਨ ਆਫਤਾਬ ਏ,**
**ਕਾਲੇ ਕਾਲੇ ਕੇਸ, ਕਾਲੀ ਘਟਾ ਕੇ ਸਮਾਨ ਹੈ,**
**ਸ਼ੇਰ ਜਿਉਂ ਮੁਛਹਿਰੇ ਹੋਠ ਪੰਖੜੀ ਗੁਲਾਬ ਏ।**
**ਗਲੇ ਸੋਹੇ ਮਾਲਾ ਮੋਤੀਓਂ ਸੇ ਅਧਿਕ ਆਲਾ,**
**ਸਵੇਤ ਚੋਗਾ, ਸਵੇਤ ਜੋੜਾ ਸੋਭਦਾ ਜਨਾਬ ਏ।**
**ਸੀਸ ਦਸਤਾਰ ਹੈ ਕੈਲਾਸ਼ ਕੀ ਚੋਟੀ ਸਮ,**
**ਰਾਮ-ਪੁਰੀ ਜੋਬਨ, ਲਾ ਜਵਾਬ, ਲਾ ਜਵਾਬ ਏ।**

ਇਨ੍ਹਾਂ ਮਾਂ ਪੁੱਤਾਂ ਸਾਰੀ ਵਿਥਿਆ ਸੁਣਾਈ। ਰਾਜੇ-ਜੋਗੀ ਠਰ੍ਹੱਮੇ ਨਾਲ ਉਤਰ ਦਿੱਤਾ "ਘਾਬਰੋ ਨਹੀਂ ਜਿਸਦਾ ਕੰਮ ਹੈ, ਉਹ ਆਪ ਈ ਸਵਾਰੇਗਾ। ਤੁਸੀਂ

Sri Satguru Jagjit Singh Ji eLibrary NamdhariElibrary@gmail.com

ਭਰਮ ਨ ਕਰੋ।" ਇਹ ਮਥਾ ਟੇਕ ਮੁੜ ਆਏ। ਕਾਰਜ ਦੀ ਤਿਆਰੀ ਅਰੰਭ ਦਿਤੀ। 17 ਬੋਰੀਆਂ ਖੰਡ, ਘਿਓ, ਬਦਾਮ ਤੇ ਘਟੋ ਘਟ 500 ਸਿੰਘ ਦੇ ਜਲ ਪ੍ਰਸ਼ਾਦੇ ਦਾ ਸਮਾਨ ਕਰ ਦਿੱਤਾ। ਜਿਉਂ ਜਿਉਂ ਦਿਨ ਨੇੜੇ ਆਉਂਦੇ ਜਾਣ, ਤਿਉਂ ਤਿਉਂ ਅਕਾਸ਼ ਤੇ ਕਾਲੇ ਸੰਘਣੇ ਬਦਲ ਨੀਵੇਂ ਹੁੰਦੇ ਜਾਣ। ਮੁੰਡਿਆਂ ਦੀਆਂ ਢਾਣੀਆਂ, ਕੁੜੀਆਂ ਦੇ ਤਿੰਞਣਾਂ, ਹਟੀਆਂ ਦੇ ਥੜਿਆਂ ਤੇ ਬੁੱਢਿਆਂ ਦੀਆਂ ਮਜਲਸਾਂ ਤੇ ਜਨਾਨੀਆਂ ਵਿਚ ਚੰਗੀ ਚਰਚਾ ਚਲ ਪਈ। ਕੋਈ ਕਹੇ ਏਹ ਗਾਠ, ਕੋਈ ਕਹੇ ਉਨ੍ਹਾਂ ਨੂੰ ਪਾਤਸ਼ਾਹ ਸਲਾਮਾਂ ਕਰਦੇ ਹਨ। ਜਿੰਨੇ ਮੂੰਹ ਉਤਨੀਆਂ ਗੱਲਾਂ।

ਪਿੰਡ ਵਾਲਿਆਂ ਇਨ੍ਹਾਂ ਭਰਾਵਾਂ ਦਾ ਬਾਈਕਾਟ ਕਰ ਦਿੱਤਾ। ਕੋਈ ਏਨ੍ਹਾਂ ਨਾਲ ਗੱਲ ਨ ਕਰੇ। ਬਾਹਰਲੇ ਅੱਖਾਂ ਫੇਰ ਗਏ। ਚਿੰਤਾ ਨੇ ਚੁਫੇਰਿਓਂ ਇਨ੍ਹਾਂ ਨੂੰ ਘੇਰ ਲਿਆ ਮਗਰ ਮਾਤਾ ਨੇ ਕਹਿਆ "ਪੁਤ! ਸਤਿਗੁਰਾਂ ਕਹਿਆ ਸੀ, ਜਿਸਦਾ ਕੰਮ ਹੈ ਉਹ ਆਪ ਕਰੇਗਾ। ਤੁਸੀਂ ਘਬਰਾਓ ਨਹੀਂ। ਤੁਸੀਂ ਲੱਗੇ ਜਾਓ।"

ਮੀਹਾਂ ਸਿੰਘ ਬੋਦੀ ਵਾਲ ਭੋਲਾ ਸਿੰਘ ਕੋਲ ਗਿਆ ਉਸ ਪਾਸੋਂ ਗਡਿਆਂ ਦੀਆਂ ਪਟੀਆਂ ਮੰਗੀਆਂ, ਉਸ ਉੱਤਰ ਦਿੱਤਾ "ਮੀਹਾਂ ਸਿੰਘ! ਤੂੰ ਜੱਟੀਆਂ ਮੰਗੇਂ ਮੈਂ ਤੇਰਾ ਸਿਰ ਮੰਗਦਾ ਹਾਂ। ਮੇਰੀਆਂ ਅੱਖਾਂ ਤੋਂ ਦੂਰ ਹੋ ਜਾ। ਮੀਹਾਂ ਸਿੰਘ ਅੰਦਰ ਸਤਿਗੁਰੂ ਜੀ ਦਾ ਹੱਥ ਸੀ ਇਸ ਉਸ ਅੱਗੇ ਸਿਰ ਨੀਵਾਂ ਕਰ ਦਿੱਤਾ ਤੇ ਆਖਿਆ "ਭੋਲਿਆ ਸਿੰਘਾ ਮੇਰਾ ਸਿਰ ਹਾਜਰ ਹੈ।" ਮਗਰ ਭੋਲਾ ਸਿੰਘ ਨੂੰ ਕਿਹਾ "ਅੱਜ ਨਹੀ, ਜਿਦਣ ਪ੍ਰਤਾਪ ਸਿੰਘ ਗਾਨੇ ਬੰਨਕੇ ਆਏਗਾ। ਉਦਣ ਮੈਂ ਤੇਰੇ ਲਹੂ ਨਾਲ ਮਹਿੰਦੀ ਲਾਵਾਂਗਾ। ਮੀਹਾਂ ਸਿੰਘ ਮੁੜ ਆਇਆ। ਆਉਂਦਿਆਂ ਬਾਲ ਸਿੰਘ ਜ਼ਿਮੀਦਾਰ ਮਿਲਿਆ ਉਸ ਆਖਿਆ "ਆ ਭੂਆ ਦਿਆ ਪੁਤਾ।" "ਤੂੰ ਮਾਮੇਂ ਦਾ ਪੁੱਤ ਕਿਥੋਂ ਆਇਆ ਏਂ?" ਮੀਹਾਂ ਸਿੰਘ ਨੇ ਸਾਰੀ ਵਿਥਿਆ ਸੁਣਾਈ। ਬਾਲ ਸਿੰਘ ਨੇ ਆਖਿਆ "ਮੀਹਾਂ ਸਿੰਘਾ! ਤੂੰ ਘਬਰਾ ਨਾ ਭੋਲਾ ਸਿੰਘ ਪਾਸੋਂ ਆਪ ਕੱਢਵਾਕੇ ਲਿਆਵਾਂਗੇ। ਸਤਿਗੁਰਾਂ ਨੇ ਕਈਆਂ ਦੇ ਅੰਦਰ ਆਪ ਹਥ ਰਖਿਆ। ਸੰਤੋਖ ਸਿੰਘ ਫੂਲੇ ਵਾਲ, ਹੀਰਾ ਸਿੰਘ ਦੋਹੇਂ ਵਾਲ, ਪ੍ਰੇਮ ਸਿੰਘ ਨੇ ਚੰਨਣ ਸਿੰਘ ਚੱਕ ਗਿਦੜਾਂ ਵਾਲਿਆਂ ਤੇ ਮਿਹਰ ਸੀ। ਇਹਨਾਂ ਪੂਰੇ ਤਾਣ ਨਾਲ ਹਮਾਇਤ ਕਰਨ ਦਾ ਬਚਨ ਦਿੱਤਾ। ਸ੍ਰ: ਕ੍ਰਿਪਾਲ ਸਿੰਘ, ਮੀਆਂ ਸਰਵਰਦੀਨ, ਨਿਜ਼ਾਮਦੀਨ, ਸਰਾਵਾਂ ਦੇ ਕੋਲ ਗਏ। ਉਨ੍ਹਾਂ ਦੇ ਚਾਰ ਪਿੰਡ ਸਨ। ਅਕਾਲ ਪੁਰਖ ਨੇ ਉਨ੍ਹਾਂ ਨੂੰ ਪ੍ਰੇਰਿਆ। ਇਨ੍ਹਾਂ ਉਨ੍ਹਾਂ ਅਗੇ ਸਾਰੀ ਕਹਾਣੀ ਕੀਤੀ। ਉਨ੍ਹਾਂ ਕਿਹਾ "ਕਿਰਪਾਲ ਸਿੰਘ! ਅੱਲਾ ਖੈਰ ਕਰੇ। ਜੇ ਉਹ ਤੁਹਾਡੇ ਗੁਰੂ ਹਨ ਤਾਂ ਸਾਡੇ ਪੀਰ। ਅਸੀਂ ਉਨ੍ਹਾਂ ਦੇ ਗ਼ੁਲਾਮ ਹਾਂ।" ਕਿਰਪਾਲ ਸਿੰਘ ਕਿਹਾ "ਭਾਈ! ਸਵਾਰੀਆਂ ਚਾਹੀਦੀਆਂ ਹਨ।" "ਉਨ੍ਹਾਂ ਦੇ ਕਦਮਾਂ ਤੋਂ ਨਿਛਾਵਰ। ਘੋੜੇ, ਊਠ, ਬੈਲ ਸਭ ਕੁਰਬਾਨ। ਜਾਨਾਂ

Sri Satguru Jagjit Singh Ji eLibrary NamdhariElibrary@gmail.com

ਵੀ ਹਾਜ਼ਰ ਹੁਕਮ ਕਰੋ।" ਅੱਗੋਂ ਉੱਤਰ ਮਿਲਿਆ। ਇਹ ਘਰਾਂ ਨੂੰ ਮੁੜੇ। ਪਰ ਖ਼ਿਆਲ ਕਰਦਿਆਂ ਕਿ ਸਮਾਗਮ ਸਮੇਂ ਕਲ ਰਾਣੀ ਤੇ ਨਾਰਦ ਰਾਜਾ ਕੋਈ ਵਿਘਨ ਨਾ ਪਾ ਦੇਵੇ ਕਿਉਂ ਨਾ ਸਰਕਾਰੇ ਖਬਰ ਕਰੀਏ। ਮੀਹਾਂ ਸਿੰਘ ਬੰਗਾਲੇ ਫਾਜਿਲਕਾ ਗਿਆ। ਉਸ ਵੇਲੇ ਡੀ.ਸੀ. ਕਾਨਰ ਸੀ। ਉਸਦਾ ਮੁਹੱਰੱਰ ਵੀ ਕੋਲ ਸੀ। ਉਸ ਜੁਗਤ ਦਸੀ ਕਿ ਤੁਸੀਂ ਸਰਕਾਰ ਪਾਸੋਂ ਮੱਦਦ ਮੰਗੋ, ਨਹੀਂ ਤਾਂ ਖਰਚਾ ਤੁਹਾਡੇ ਸਿਰ ਪਵੇਗਾ। ਜਿਵੇਂ ਮੁਹੱਰੱਰ ਕਿਹਾ, ਇਸਨੇ ਲਿਖਕੇ ਹਵਾਲੇ ਕੀਤਾ, ਸਾਹਿਬ ਓਸੇ ਵੇਲੇ ਹੁਕਮ ਲਿਖ ਦਿੱਤਾ "ਮਦਦ ਕੀਤੀ ਜਾਵੇ। ਡੌਂਡੀ ਪਿਟਵਾ ਦਿੱਤੀ ਜਾਵੇ। ਵਿਰੋਧੀ ਅੰਦਰ ਹੋ ਜਾਣ ਜਾਂ ਪਿੰਡ ਛੱਡ ਜਾਣ। ਸਰਕਾਰ ਕੋਈ ਫਸਾਦ ਨਹੀਂ ਵੇਖਣਾ ਚਾਹੁੰਦੀ। ਨੀਯਤ ਸਮੇਂ ਤੋਂ ਪਹਿਲਾਂ ਪਿੰਡ ਦੁਆਲੇ ਲਾਲ ਲਾਲ ਟੋਪੀਆਂ ਵਾਲਿਆਂ ਦੇ ਤੰਬੂ ਲੱਗ ਗਏ। ਡਾਂਗਾਂ, ਕਿਰਚਾਂ ਤੇ ਬੰਦੂਕਾਂ ਦੀ ਸਫਾਈ ਹੋਣ ਲੱਗ ਪਈ ਪ੍ਰੇਡ ਵੀ ਖੜਕੇ।

12 ਪੋਹ ਸੰਮਤ 1971 ਨੂੰ ਸੂਰਜ ਭਗਵਾਨ ਰਥ ਦੀ ਸਵਾਰੀ ਕੀਤੀ। ਤੇਜ਼ੀ ਨਾਲ ਆਪਣੇ ਸਫਰ ਤੇ ਰਵਾਨਾ ਹੋਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਨਹਿਰੀ ਚੋਗਾ ਪਹਿਨਿਆ, ਮਾਤਾ ਜੀਊਣ ਕੌਰ ਜੀ, ਮਾਤਾ ਫਤਹ ਕੌਰ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਤੇ ਹੋਰ ਸੂਬੇ, ਮਹੰਤ, ਜਥੇਦਾਰ ਤੇ ਸੇਵਕ ਪੱਕੀ ਦੇ ਸਟੇਸ਼ਨ ਤੋਂ ਗਡੀਓਂ ਉਤਰੇ। ਸੰਗਤਾਂ ਜੈਕਾਰੇ ਛੱਡੇ। ਆਕਾਸ਼ ਗੂੰਜ ਉਠਿਆ। ਮੁਸਲਮਾਨ ਭਰਾਵਾਂ ਚਰਨਾਂ ਨੂੰ ਚੁੰਮਿਆ ਤੇ ਨਾਲ ਹੀ ਨਾਅਰਾ ਲਾਇਆ "ਅੱਲਾ-ਹੂ-ਅਕਬਰ" ਜੰਗਲ ਬੇਲੇ ਗੂੰਜ ਉਠੇ। ਹਜ਼ਾਰਾਂ ਲੋਕ ਮੌਜੂਦ ਸਨ, ਕੁਝ ਸੱਜਣ, ਕੁਝ ਵਿਰੋਧੀ, ਤਮਾਸ਼ਬੀਨ, ਤੇ ਹੋਰ ਮੁਲਖਈਆ ਜੁੜ ਬੈਠਾ। ਊਠ, ਘੋੜੇ, ਗਡੀਆਂ ਇਕ ਦੂਜੇ ਨਾਲ ਠਹਿਕ ਰਹੇ ਸਨ। ਟਲੀਆਂ, ਘੁੰਗਰੂ, ਹਾਰ ਹਮੇਲਾਂ ਇਕ ਅਜਬ ਸਾਜ਼ ਛੇੜ ਰਖਿਆ ਸੀ, ਪੱਕੀਓਂ ਗੁਰੂਸਰ ਕੋਈ ਪੰਜ ਮੀਲ ਹੈ। ਨਹਿਰ ਪਿੰਡ ਤੋਂ ਚੌਦ੍ਹਾਂ ਸੌ ਕਦਮ ਹੈ। ਇਥੇ ਸਭ ਇਕੱਠੇ ਹੋਏ ਤੇ ਜਲੂਸ ਸ਼ੁਰੂ ਹੋਇਆ। ਪਗਾਂ ਦਾ ਸਾਗਰ ਠਾਠਾਂ ਮਾਰ ਰਿਹਾ ਸੀ। ਕਿਤੇ ਤਿਲ ਸੁਟਣ ਨੂੰ ਥਾਂ ਨਹੀਂ ਸੀ, ਗਡੇ ਨਾਲ ਗਡਾ ਜੁੜ ਕੇ ਚਲਦਾ ਸੀ। ਇਕ ਪਾਸੇ ਹਵਾ ਵਿਚ ਡਾਂਗਾਂ, ਸੋਟੇ, ਛਵੀਆਂ ਬਰਛੀਆਂ ਲਿਸ਼ਕਾਰੇ ਮਾਰ ਰਹੀਆਂ ਸਨ; ਦੂਜੇ ਪਾਸੇ ਢੋਲਕੀ ਛੈਣਿਆਂ ਗੜਗਜ ਮਚਾ ਦਿਤੀ। ਸੰਤ ਭਗਤ ਸਿੰਘ, ਸੰਤ ਮੰਗਲ ਸਿੰਘ, ਪਤੰਗ ਜੀ, ਨਿਧਾਨ ਸਿੰਘ ਜੀ 'ਆਲਿਮ', ਜਥੇਦਾਰ ਟਹਿਲ ਸਿੰਘ, ਸੰਤ ਬੇਲਾ ਸਿੰਘ, ਸੰਤ ਫਤਿਹ ਸਿੰਘ, ਸੰਤ ਅਤਰ ਸਿੰਘ ਤੇ ਹੋਰ ਸੂਬੇ, ਮਹੰਤਮ ਸੰਤ ਅਤੇ ਖ਼ਾਸ ਕਰ ਕੇ ਜ਼ਿੰਦਾ ਸ਼ਹੀਦ ਬਾਬਾ ਜਵੰਦ ਸਿੰਘ....... ਤੇ ਹੋਰ ਅਨੇਕਾਂ ਮਾਈ ਭਾਈ ਸਨ। ਮਸਤਾਨੇ ਨਿਰਤਕਾਰੀ ਕਰ ਰਹੇ ਸਨ।

ਸਤਿਗੁਰੂ ਜੀ ਵਾਸਤੇ ਸਰਦਾਰ ਚੰਨਣ ਸਿੰਘ ਤੇ ਪ੍ਰੇਮ ਸਿੰਘ ਰਥ ਸਜਾ ਕੇ ਲਿਆਏ ਤੇ ਤਿੱਲੇਦਾਰ ਫੁਲਕਾਰੀਆਂ ਤੇ ਸੋਨੇ ਚਾਂਦੀ ਦੀਆਂ ਤਾਰਾਂ ਵਾਲੇ ਫਰੇਰੇ

Sri Satguru Jagjit Singh Ji eLibrary NamdhariElibrary@gmail.com

ਫਰਾਟੇ ਭਰ ਰਹੇ ਸਨ। ਰਾਗੀ ਰਬਾਬੀ ਗਡਿਆਂ ਤੇ ਚੜ੍ਹ ਬੈਠੇ। ਅਜਬ ਜਲੂਸ ਸੀ। ਪ੍ਰੇਮੀ ਗਰੀ ਛੁਹਾਰਿਆਂ ਦੀ ਵਰਖਾ ਕਰ ਰਹੇ ਸਨ। ਆਕਾਸ਼ ਵਿਚੋਂ ਦੇਵਤੇ ਫੁਲ ਵਰਸਾ ਰਹੇ ਸਨ। ਮਗਰ ਦੂਤੀ, ਚੰਡੀਆਂ ਚਮਕਾ ਰਹੇ ਸਨ।

ਭੋਲਾ ਸਿੰਘ 32 ਬਦਮਾਸ਼ ਛਵੀਆਂ ਗੰਡਾਸਿਆਂ ਨਾਲ ਤਿਆਰ ਬਰ ਤਿਆਰ ਹੋਇਆ ਫਿਰ ਰਿਹਾ ਸੀ, ਮੀਹਾਂ ਸਿੰਘ ਨੇ ਸਤਿ ਸ੍ਰੀ ਅਕਾਲ ਬੁਲਾਈ। ਓਸ ਪੁਛਿਆ "ਇਹ ਕੀ ਮੇਲਾ ਹੈ?" ਇਹ ਗੁਰੂ ਕੀ ਮਹਿਮਾ ਹੈ। ਸਭ ਪਾਸੇ ਜੈ ਜੈਕਾਰ ਹੋ ਰਹੀ ਹੈ" ਬਦਮਾਸ਼ਾਂ, ਭੋਲਾ ਸਿੰਘ ਨੂੰ ਕਿਹਾ "ਭੋਲਿਆ!! ਤੂੰ ਗੰਗਾ ਵਿਚ ਗੰਦ ਖਲਾਰਨਾ ਏਂ? ਤੇਰਾ ਸਾਡਸਾ ਸਾਥ ਬਸ।" ਉਹ ਵੀ ਮੀਹਾਂ ਸਿੰਘ ਦੀ ਚਰਨੀ ਲੱਗੇ ਤੇ ਫੇਰ ਸਤਿਗੁਰਾਂ ਦੇ ਚਰਨ ਪਰਸੇ।

ਨਗਰ ਵਾਸੀ ਤਾਂ ਬਾਹਰ ਨ ਨਿਕਲੇ ਮਗਰ ਸਤਿਗੁਰੂ ਜੀ ਦੇ ਚਰਨਾਂ ਦੇ ਭੌਰਿਆਂ... ਪਤਾ ਨਹੀਂ ਲੱਗਣ ਦਿੱਤਾ ਕਿ ਕਿਹੜੇ ਰਾਹ ਤੇ ਕਿਥੋਂ ਆ ਗਏ ਦੋਵੇਂ ਮਾਤਾ ਜੀ ਵੀ ਪੁਜ ਚੁਕੇ ਸਨ। ਗਲੀਆਂ ਵੀ ਨਰ ਨਾਰੀਆਂ ਨਾਲ ਭਰਪੂਰ ਸਨ। ਵੱਖ ਵੱਖ ਪਾਸਿਆਂ ਤੋਂ ਵਖ ਵਖ ਸ਼ਬਦਾਂ ਦੀਆਂ ਧੁੰਨਾਂ ਆ ਰਹੀਆਂ ਸਨ:-

**ਸਤਿਗੁਰ ਤੈਨੂੰ ਵਧਾਈਆਂ,**
**ਵਧਾਈਆਂ ਤੇਰੇ ਸਿਖਾਂ ਨੂੰ!**
**ਵਧਾਈਆਂ ਤੇਰੀਆਂ ਸੰਗਤਾਂ ਨੂੰ**
**ਵਧਾਈਆਂ ਤੇਰੇ ਰਾਹਾਂ ਤੋਂ!**
**ਵਧਾਈਆਂ ਤੇਰੀਆਂ ਧੂੜਾਂ ਤੋਂ!**
**ਵਧਾਈਆਂ ਤੇਰੇ ਊਠਾਂ ਨੂੰ!**
**ਵਧਾਈਆਂ ਤੇਰੇ ਘੋੜਿਆਂ ਨੂੰ!**
**ਵਧਾਈਆਂ ਤੇਰੇ ਗਡਿਆਂ ਨੂੰ!**

ਦੂਜੇ ਪਾਸਿਓਂ ਘਨਘੋਰਾਂ ਉਠ ਰਹੀਆਂ ਸਨ:-

**ਹਮ ਘਰ ਸਾਜਣ ਆਏ ਮਹਾਰਾਜ।**
**ਹਮ ਘਰ ਸਾਜਣ ਆਏ।**
**ਸਾਚੇ ਮੇਲ ਮਿਲਾਏ ਮਹਾਰਾਜ।**
**ਸਾਚੇ ਨੇ ਮੇਲ ਮਿਲਾਏ।**

ਸਭ ਮਾਈ ਭਾਈ ਨੇ ਸਤਿਗੁਰੂ ਜੀ ਦੇ ਚਰਨ ਪਰਸੇ।

ਜਲ ਪ੍ਰਸ਼ਾਦਾ ਛਕਣ ਤੋਂ ਉਪ੍ਰੰਤ ਦੀਵਾਨ ਵਿਚ ਜਾ ਜੁੜੇ। ਪਿੰਡ ਦੇ ਚਾਰ ਚੁਫੇਰੇ ਚੌਕਾਂ, ਬਜ਼ਾਰਾਂ ਵਿਚ ਢੋਲਕੀ ਛੈਣੇ ਖੜਕਣ ਲੱਗੇ। ਸਾਰੀ ਰਾਤ ਕੀਰਤਨ ਹੁੰਦਾ ਰਿਹਾ। ਵਿਰੋਧੀ ਕਿਤੇ ਕੰਨ ਵਿਲੇਟ ਕੇ ਜਾ ਪਏ। ਬਾਬਾ ਜਵੰਦ ਸਿੰਘ ਜ਼ਿੰਦਾ ਸ਼ਹੀਦ ਤੇ ਬਾਬਾ ਜਸਾ ਸਿੰਘ ਰਾਗੀ ਧੂਣੀ ਤਪਾ, ਖੰਡਾ ਫੜ੍ਹ, ਤਿਆਰ ਬਰ ਤਿਆਰ ਸਾਰੀ ਰਾਤ ਪਹਿਰਾ ਦੇਂਦੇ ਰਹੇ।

Sri Satguru Jagjit Singh Ji eLibrary NamdhariElibrary@gmail.com

ਅਗਲੀ ਸਵੇਰ ਵੇਦੀ ਗਡੀ ਗਈ। ਫੁਲਕਾਰੀਆਂ ਤੇ ਫੁਲਾਂ ਨਾਲ ਸਜਾਈ ਗਈ। ਰਾਗੀਆਂ ਕੀਰਤਨ ਕੀਤਾ, ਸੰਗਤਾਂ ਦੀ ਭਾਵੇਂ ਭਰਮਾਰ ਸੀ, ਮਗਰ ਪਿੰਡ ਵਾਲੇ ਪਾਸਿਓਂ ਲਾਲ ਝੰਡੀ ਸੀ। ਕੇਵਲ ਸਰਦਾਰ ਵਜੀਰ ਸਿੰਘ ਤੇ ਜਗੀਰ ਸਿੰਘ ਗ਼ੈਰ ਜਾਨਬਦਾਰ ਸਨ, ਉਹ ਅਨੰਦ ਵੇਲੇ ਆਏ। ਸਤਿਗੁਰੂ ਜੀ ਤੇ ਬੀਬੀ ਵੀਰੋ ਨੂੰ ਅੰਮ੍ਰਿਤ ਛਕਾਇਆ ਗਿਆ, ਲਾਵਾਂ ਪੜ੍ਹੀਆਂ ਗਈਆਂ। ਸੈਂਕੜੇ ਪਾਠਾਂ ਦੇ ਭੋਗ ਪਾਏ ਗਏ। ਕੜਾਹ ਪ੍ਰਸ਼ਾਦ ਦੇ ਖੁਲੇ ਗਫੇ ਵਰਤੇ। ਮਾਤਾ ਜੀਊਣ ਕੌਰ ਤੇ ਫਤਹਿ ਕੌਰ ਨੇ ਘਿਓ ਖੰਡ ਚੰਗੀ ਤਰ੍ਹਾਂ ਵਰਤਾਇਆ। ਬੁਕ ਭਰ ਭਰ ਖੰਡ ਤੇ ਰੁਗ ਭਰ ਭਰ ਘਿਓ ਸਭ ਦੇ ਹਿਸੇ ਆਇਆ। ਹੋਰ ਕਮੀਂ ਕਮੀਣ, ਫਕੀਰਾਂ, ਲੋੜਵੰਦਾਂ ਨੂੰ ਲੀੜਾ ਕਪੜਾ, ਨਕਦ ਜੋ ਕਿਸੇ ਮੰਗਿਆ ਸਭ ਨੂੰ ਲਬਾਲਬ ਕਰ ਤੋਰਿਆ।

ਸਤਿਗੁਰੂ ਜੀ ਮਾਤਾ ਵੀਰ ਕੌਰ ਜੀ ਸ੍ਰੀ ਭੈਣੀ ਸਾਹਿਬ ਨੂੰ ਪਧਾਰੇ, ਸਮੂੰਹ ਸੰਗਤਾਂ ਸ਼ਬਦ ਕੀਰਤਨ ਕਰਦਿਆਂ ਘਰਾਂ ਨੂੰ ਪਰਤੀਆਂ। ਸਭ ਮਸਤੀ ਵਿਚ ਪੜ੍ਹਦੇ ਆਉਂਦੇ ਸਨ:-

**ਹੋਈ ਗੁਰੂ ਜੀ ਤੇਰੀ ਜੈ ਜੈ ਕਾਰ।**<br>**ਹੋਈ ਗੁਰੂ ਜੀ ਤੇਰੀ ਜੈ ਜੈ ਕਾਰ।**

ਸੱਚੇ ਪਾਤਸ਼ਾਹ ਤੇ ਮਾਤਾ ਵੀਰੋ ਜੀ ਸ੍ਰੀ ਭੈਣੀ ਸਾਹਿਬ ਪੁੱਜੇ। ਅਗੋਂ ਸੰਗਤਾਂ ਨਿੱਘਾ ਸੁਆਗਤ ਕੀਤਾ। ਸੱਚੇ ਪਾਤਸ਼ਾਹ ਜੀ ਨੇ ਪੇਕਾ ਨਾਉਂ ਬਦਲਕੇ ਭੁਪਿੰਦਰ ਕੌਰ ਰਖਿਆ।

ਸੂਬਾ ਮੀਆਂ ਸਿੰਘ ਜੀ<br>ਗੁਰੂਸਰ,<br>ਹਾਲ ਸ੍ਰੀ ਭੈਣੀ ਸਾਹਿਬ

**ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੜੀਏ,**<br>**ਜੋ ਹਰਿ ਹਰਿ ਨਾਮ ਦ੍ਰਿੜਾਵੈ ਰਾਮ॥**<br>**ਹਰਿ ਜਪਦਿਆਂ ਖਿਨੁ ਢਿਲ ਨ ਕੀਜਈ ਮੇਰੀ ਜਿੰਦੜੀਏ,**<br>**ਮਤੁ ਕਿ ਜਾਪੈ ਸਾਹ ਆਵੈ ਕਿ ਨ ਆਵੈ ਰਾਮ॥**

(ਮ: ੪, ਪੰਨਾ ੫੪੦)

Sri Satguru Jagjit Singh Ji eLibrary NamdhariElibrary@gmail.com

# ਡਾਢਾ ਪੀਰ

"ਅੱਲਾ! ਅੱਲਾ!!! ਅੱਲਾ!!! ਇਹ ਸਿਖੜੇ ਤਾਂ ਬਲਾ ਹਨ। ਤੌਬਾ ਤੌਬਾ ਮੈਨੂੰ ਤਾਂ ਪਲੇਟ ਫਾਰਮ ਤੇ ਪਗਾਂ ਹੀ ਪਗਾਂ ਨਜਰੀਂ ਆਈਆਂ।" ਗਲ ਕੋਈ ਜ਼ਰੂਰ ਹੈ, "ਮੈਂ ਸੰਢੇ ਮਗਰ ਦੌੜਨ ਲੱਗਾ ਤਾਂ ਮੇਰਾ ਪੈਰ ਸਲਵਾਰ ਦੇ ਪਹੁੰਚੇ ਵਿਚ ਅੜ ਗਿਆ ਤੇ ਮੈਂ ਧੜੰਮ ਕਰਕੇ ਪਲੇਟ ਫਾਰਮ ਤੇ ਜਾ ਪਿਆ।" ਕਸਮ ਰਸੂਲ ਪਾਕ ਦੀ, ਮੇਰੇ ਨਾਲ ਵੀ ਇਵੇਂ ਬੀਤੀ ਮੈਂ ਵਟਕੇ ਘਸੁੰਨ ਮਾਰਿਆ ਤਾਂ ਮੇਰੀ ਬਾਂਹ ਨੂੰ ਕੁੜਣ ਪੈ ਗਿਆ। "ਆਖੋ ਸ਼ਾਬਾਸ਼! ਮੈਂ ਕਈਆਂ ਨੂੰ ਮਾਰ ਮਾਰ ਨਿਸਲ ਕਰ ਦਿੱਤਾ ਉਹ ਸਿਖੜਾ ਤਾਂ ਉਠਣ ਜੋਗਾ ਨਾ ਰਿਹਾ। ਜੇ ਪੁਲੀਸ ਨ ਆਉਂਦੀ ਤਾਂ ਸਿਖਾਂ ਨੂੰ ਆਪੋ ਵਿਚ ਭਿੜਾ ਕੇ ਮਾਰ ਦੇਂਦਾ। ਕੂੜੀਆਂ ਛੱਡੋ ਬੁਰੇ ਦਾ ਫਲ ਬੁਰਾ, ਨੇਕੀ ਦਾ ਫਲ ਨੇਕੀ। ਅਸੀਂ ਭਾਵੇਂ ਕਿੰਨੀਆਂ ਫੜਾਂ ਮਾਰੀਏ ਅਸਲ ਵਿਚ ਅਸਾਂ ਗਲਤੀ ਕੀਤੀ। ਉਸਦਾ ਸਾਨੂੰ ਫਲ ਮਿਲਿਆ। ਅਸਾਂ ਬੁਰਾ ਕੀਤਾ ਸਾਡੀ ਬੇ-ਇਜ਼ਤੀ ਹੋਈ, ਮਾਰ ਵੀ ਖਾਧੀ ਝੂਠੇ ਵੀ ਹੋਏ ਤੇ ਲਾਨ੍ਹਤਾਂ ਵੀ ਸਾਨੂੰ ਪਈਆਂ। ਆਦਮੀ ਤਾਂ ਉਹ ਹੈ ਈ ਨਹੀਂ ਸਨ। ਉਸ ਦੇਵ ਦੀ ਇਕ ਲਤ ਦਰਵਾਜ਼ਾ ਵੀ ਨਾ ਸਹਾਰ ਸਕਿਆ। ਪੈਰ ਵਜਣ ਦੀ ਦੇਰ ਸੀ ਦੰਦ ਅੱਡੇ ਗਏ।

ਸੌ ਹੱਥ ਹਸਾ ਸਿਰੇ ਤੇ ਗੰਢ, ਇਨ੍ਹਾਂ ਦਾ ਪੀਰ ਬੜਾ ਡਾਢਾ ਸੀ। ਨਹੀਂ ਤਾਂ ਇਹ ਪੰਜ-ਛੀ ਸਾਡੇ ਅੱਗੇ ਕੀ ਸਨ? ਸਾਡੇ ਵੰਡੇ ਤਾਂ ਬੋਟੀ ਬੋਟੀ ਵੀ ਨਹੀਂ ਸੀ ਆਉਂਦੀ। ਤੁਸੀਂ ਓਸ ਸਫੈਦ ਰੀਸ਼ ਪੀਰ ਵਲ ਨਹੀਂ ਸੀ ਤਕਿਆ? ਚਿਹਰੇ ਤੇ ਕਿੰਨਾ ਜਲਾਲ ਸੀ। ਉਸਦਾ ਇਸ਼ਾਰਾ ਕਰਨ ਦੀ ਦੇਰ ਸੀ ਸਿਖੜਿਆਂ ਵਿਚ ਗ਼ੈਬੀ ਸ਼ਕਤੀ ਆ ਗਈ। ਮੈਨੂੰ ਤਾਂ ਪਲੇਟਫਾਰਮ ਤੇ ਸਿਖੜੇ ਹੀ ਸਿਖੜੇ ਨਜ਼ਰ ਆਏ। ਇਨ੍ਹਾਂ ਵਿਚੋਂ ਹੀ ਨਲੂਆ ਹੋਇਆ ਹੈ ਜਿਸਦੀ ਧਾਕ ਪਠਾਣੀਆਂ ਵਿਚ ਮਚੀ ਹੋਈ ਹੈ "ਹਰੀਆ ਰਾਗਲੇ" ਆਖ ਮਾਵਾਂ ਬੱਚਿਆਂ ਨੂੰ ਚੁੱਪ ਕਰਾਂਦੀਆਂ ਹਨ।

"ਇਹਨਾਂ ਕਾਫਰਾਂ ਨਾਲ ਮੱਥਾ ਲਾਉਣਾ ਠੀਕ ਨਹੀਂ। ਇਨ੍ਹਾਂ ਨੂੰ ਤਾਂ ਦਰਿਆ ਵੀ ਰਾਹ ਦੇਂਦੇ ਹਨ। ਤੁਸੀਂ ਨਹੀਂ ਸੁਣਿਆਂ ਕਾਣੇ ਰਣਜੀਤ ਸਿੰਘ ਨੇ ਜਦ ਹੜ ਆਏ ਅਟਕ ਨੂੰ ਪਾਰ ਕਰਨ ਲਈ ਘੋੜਾ ਠੇਲਿਆ ਤਾਂ ਕਾਂਗਾਂ ਉਤਰ ਗਈਆਂ। ਇਕ ਦਮ ਵਹਿਨ ਗੋਡੇ ਗੋਡੇ" ਗਡੀ ਚਲਦੀ ਜਾ ਰਹੀ ਸੀ ਤੇ ਹਰ ਡੱਬੇ ਦੇ ਮੁਸਾਫਰਾਂ ਦੀ ਜ਼ਬਾਨ ਤੇ ਨਾਮਧਾਰੀਆਂ ਦੀ ਚਰਚਾ ਸੀ।

Sri Satguru Jagjit Singh Ji eLibrary NamdhariElibrary@gmail.com

ਨੀਲਪੁਰ ਦੇ ਸਟੇਸ਼ਨ ਤੇ ਸਤਿਗੁਰੂ ਜੀ ਸੇਵਕਾਂ ਸਹਿਤ ਗਡੀਓਂ ਲਥੇ। ਨੰਦ ਕੇ ਤਕੀਏ ਲੰਗਰ ਸੀ। ਜਾ ਤੜਪਦੀਆਂ ਰੂਹਾਂ ਨੂੰ ਠਾਰਿਆ। ਸੰਗਤਾਂ ਹਰੀਆਂ ਹੋਈਆਂ, ਨਗਰ ਵਿ ਥਾਂ ਥਾਂ ਕਸੂਰ ਦੀ ਚਰਚਾ ਸੀ, ਰਾਤ ਨੂੰ ਜਦ ਛਕ ਛਕਾ ਵੇਹਲੇ ਹੋਏ ਤਾਂ ਸੰਗਤਾਂ ਆ ਜੁੜੀਆਂ, ਸਮੂਹ ਨੇ ਤੀਬ੍ਰਤਾ ਪਰਗਟ ਕਰਦਿਆਂ ਕਿਹਾ ਸੰਤ ਜੀ ਸਾਨੂੰ ਕਲ ਦੀ ਵਾਰਤਾ ਸੁਣਾਓ! ਸਾਰੇ ਸਜਣ ਭਜਨ ਵਿਚ ਮਸਤ ਸਨ, ਮਗਰ ਸੰਤ ਧਾਰਾ ਸਿੰਘ ਜੀ ਜੀਏ ਬਗੇ ਨੇ ਇਸ ਚੁੱਪ ਦੀ ਬੋਲੀ ਦਾ ਕੜ ਤੋੜਿਆ ਤੇ ਬਚਨ ਅਰੰਭਿਆ 'ਐਵੇਂ ਗਲ ਵੀ ਕੋਈ ਨਹੀਂ ਸੀ ਲੱਸੀ ਤੇ ਲੜਾਈ ਵਧਾਉਂਦਿਆਂ ਕੋਈ ਦੇਰ ਲੱਗਦੀ ਏ।'

ਇਹ ਤਾਂ ਤੁਸੀਂ ਜਾਣਦੇ ਹੋ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਵੇਲੇ ਦੇ ਅਵਤਾਰ ਹਨ। ਇਸ ਕਲਿਜੁਗੀ ਜੀਆਂ ਨੂੰ ਤਾਰਨ ਹਿਤ ਥਾਂ ਪਰ ਥਾਂ ਸੰਗਤਾਂ ਨੂੰ ਦਰਸ਼ਨ ਦੇਂਦੇ ਰਹਿੰਦੇ ਹਨ। ਖੇਟਿਆਂ ਵਿਚ ਬਿਸ਼ਨ ਸਿੰਘ ਸਪੁੱਤਰ ਜੈ ਸਿੰਘ ਵਲਟੋਹੀਏ ਦਾ ਅਨੰਦ ਕਾਰਜ ਸੀ, ਓਥੇ ਬੜੀ ਮਿਹਰ ਹੋਈ। ਬੜੇ ਦੀਵਾਨ ਲੱਗੇ, ਸੈਂਕੜਿਆਂ ਚੋਰੀ ਯਾਰੀ ਛੱਡੀ। ਜੰਞ ਵਿਦਿਆ ਹੋਈ ਅਸਾਂ ਇਸ ਪਾਸੇ ਨੂੰ ਕਮਰ ਕਸੇ ਕੀਤੇ ਤੇ ਫੀਰੋਜ਼ਪੁਰ ਗਡੀ ਚੜ੍ਹਨ ਲੱਗੇ, ਗਡੀ ਵਿਚ ਫ਼ੌਜੀ ਪਠਾਣ ਸਨ। ਕਿਸੇ ਨੂੰ ਲਾਗੇ ਨ ਲੱਗਣ ਦੇਣ, ਲਤਾਂ ਪਸਾਰ ਕੇ ਪਏ ਸਨ ਗਡੀ ਚਲਣ ਵਾਲੀ ਸੀ, ਸਤਿਗੁਰੂ ਜੀ ਤਾਂ ਸੈਕੰਡ ਕਲਾਸ ਦੇ ਡੱਬੇ ਵਿਚ ਬਹਿ ਗਏ, ਮਗਰ ਅਸੀਂ ਵੀ ਮੁਸ਼ਕਲ ਨਾਲ ਇਕ ਡਬੇ ਵਿਚ ਜਾ ਘੁਸੇ।

ਜਦ ਕਸੂਰ ਆਇਆ ਤਾਂ ਸੋਚਿਆ ਖੁਲੇ ਹੋਕੇ ਬੈਠੀਏ, ਡਬਿਓਂ ਬਾਹਰ ਆਏ ਤੇ ਫ਼ੌਜੀਆਂ ਦੇ ਡੱਬਿਆਂ ਵਲ ਵਧੇ। ਫ਼ੌਜੀ ਤਾਂ ਘੁਰਕ ਘੁਰਕ ਪੈਣ। ਖਿਆਲ ਆਇਆ ਇਹ ਧਰਤੀ ਜ਼ਾਬਰਾਂ ਦੀ ਹੈ। ਪਿਛਲੇ ਸਮੇਂ ਕਸੂਰ ਦੇ ਨਵਾਬ ਨੇ ਇਕ ਗਰੀਬ ਦੀ ਬ੍ਰਾਹਮਣੀ ਆਪਣੇ ਹੁਰਮ ਵਿਚ ਦਾਖਲ ਕਰ ਲਈ ਸੀ। ਓਸ ਬ੍ਰਾਹਮਣ ਨੇ ਅਕਾਲ ਤਖਤ ਤੇ ਸਿੰਘਾਂ ਅੱਗੇ ਫਰਿਆਦ ਕੀਤੀ। ਸਿੰਘਾਂ ਅਰਦਾਸਾ ਸੋਧਿਆ ਅਤੇ ਚੜ੍ਹਾਈ ਕਰ ਦਿਤੀ, ਉਸ ਪਾਜੀ ਨੂੰ ਛੱਡ ਦਿੱਤਾ ਅਤੇ ਗ਼ਰੀਬਣੀ ਨੂੰ ਪਿੰਜਰੇ ਵਿਚੋਂ ਆਜ਼ਾਦ ਕਰਾਇਆ। ਇਹ ਉਹੋ ਕਸੂਰ ਹੈ।

ਕਲ ਸਤਿਗੁਰੂ ਜੀ ਨਾਲ ਇਹੋ ਪੰਜ-ਛੀ ਸੱਜਣ ਸਨ, ਇਹ ਸਦਾ ਭਜਨ ਬਾਣੀ ਵਿਚ ਲੀਨ ਰਹਿੰਦੇ ਹਨ। ਦਿਲ ਵੀ ਬੜਾ ਨਰਮ ਹੈ। ਕੀੜੀ ਨੂੰ ਵੀ ਦੁਖਾ ਕੇ ਰਾਜੀ ਨਹੀਂ ਹੁੰਦੇ, ਮਗਰ ਸਤਿਗੁਰੂ ਜੀ ਦੀ ਬੜੀ ਕਿਰਪਾ ਦਾ ਸਦਕਾ ਬਲੀ ਵੀ ਬੜੇ ਹਨ, ਜੇ ਮਜ਼ਬੂਰੀ ਗੱਲ ਪਾਇਆ ਢੋਲ ਵਜਾਉਣਾ ਪਵੇ ਤਾਂ ਫੇਰ ਭਾਵੇਂ ਢੋਲ ਰਹੇ ਜਾਂ ਨ ਰਹੇ ਢੋਲ ਨੂੰ ਚੰਗੀ ਤਰ੍ਹਾਂ ਵਜਾਉਂਦੇ ਹਨ।

ਭਾਈ ਵਜੀਰ ਸਿੰਘ ਵਜੀਰ ਹੁੰਦੇ ਵੀ ਸੇਵਾ ਦੀ ਮੂਰਤੀ ਸਨ। ਗੋਡੇ ਉਠਣ ਜਾਂ ਨ ਉਠਣ ਸੇਵਾ ਵਿਚ ਲੱਗੇ ਰਹਿੰਦੇ ਸਨ। ਉਨ੍ਹਾਂ ਹਜਰਤਈਸਾ ਦੀ ਸ਼ਕਲ ਵਾਲੇ ਸੰਤ ਮੰਗਲ ਸਿੰਘ ਜੀ ਦਾ ਦਰਸ਼ਨ ਕਰੋ। ਗੁਰੂ ਹਰੀ ਸਿੰਘ ਜੀ ਦੀ ਮਿਹਰ ਨਾਲ ਸਰੋਤਿਆਂ ਨੂੰ ਬੁਤ ਬਣਾ ਦੇਂਦੇ ਹਨ। ਸੰਤ ਬਹਾਦਰ ਸਿੰਘ ਜੀ ਕੇਵਲ ਨਾਉਂ ਦੇ ਬਹਾਦਰ ਨਹੀਂ, ਸਗੋਂ ਕਰਮਾਂ ਦੇ ਬਹਾਦਰ ਹਨ। ਉਸ ਮਧਰੇ

Sri Satguru Jagjit Singh Ji eLibrary NamdhariElibrary@gmail.com

ਕਦ ਬਘੇਲ ਸਿੰਘ ਨੂੰ ਤਕੋ, ਇਹ ਇਕ ਵੇਰ ਟਾਹਲੀ ਵੱਢ ਰਿਹਾ ਸੀ ਕਿ ਵਢਦਿਆਂ ਵਢਦਿਆਂ ਟਾਣੇ ਦੇ ਡਿਗਣ ਨਾਲ ਦੋ ਟਾਂਣਿਆਂ ਵਿਚ ਫਸ ਗਿਆ, ਉਪਰਲਾ ਟਾਹਣਾ ਮਣਾ ਮੂਹੀ ਭਾਰੀ ਸੀ। ਟਾਹਣਾ ਡਿਗਣ ਦੀ ਦੇਰ ਸੀ ਕਿ ਅੱਖਾਂ ਫਿਰ ਗਈਆਂ। ਨਬਜ਼ ਮਧਮ ਪੈ ਗਈ ਸਵਾਸ ਰੁਕ ਗਏ। ਅਸਾਂ ਜਾਣਿਆਂ ਬਘੇਲ ਸਿੰਘ ਸਦਾ ਲਈ ਸਾਥੋਂ ਵਿਛੜ ਗਿਆ ਮਗਰ ਸੰਤ ਬਹਾਦਰ ਸਿੰਘ ਜੀ, ਇਹ ਜਿਹੜੇ ਭੀਮ ਵਾਂਗੂੰ ਪਏ ਹਨ, ਸਤਿਗੁਰੂ ਜੀ ਦੇ ਚਰਨਾਂ ਵਿਚ ਧਿਆਨ ਧਰ, ਸਿਰ ਤੇ ਪਰਨਾ ਰਖ ਟਾਹਣੇ ਹੇਠਾਂ ਸਰ ਡਾਹ ਦਿੱਤਾ ਅਤੇ ਜ਼ੋਰ ਲਾਇਆ। ਤੁਸਾਂ ਮੰਨਣਾਂ ਨਹੀਂ ਇਨ੍ਹਾਂ ਦੇ ਸਿਰ ਲਾਉਣ ਦੀ ਦੇਰ ਸੀ, ਟਾਹਣਾ ਇਉਂ ਚੁਕਿਆ ਗਿਆ ਜਿਵੇਂ ਜੈੱਕ ਟਰੱਕ ਨੂੰ ਚੁਕ ਲੈਂਦਾ ਹੈ। ਅਸਾਂ ਪੋਲੇ ਜਿਹੇ ਬਘੇਲ ਸਿੰਘ ਨੂੰ ਕਢਿਆ ਅਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਬਘੇਲ ਸਿੰਘ ਦੇ ਸਵਾਸ ਮੁੜ ਆਏ।

ਖੈਰ ਤੁਸੀਂ ਫਿਰ ਓਥੇ ਆ ਜਾਓ, ਅਸੀਂ ਪਠਾਣਾਂ ਦੇ ਡਬਿਆਂ ਵਲ ਵਧੇ ਇਹ ਤਾਂ ਮੁਸਾਫਰਾਂ ਨੂੰ ਵਢੂ ਵਢੂ ਕਰਨ। ਕਿਸੇ ਨੂੰ ਪਾਸਾ ਨ ਫਟਕਣ ਦੇਣ ਦਰਵਾਜ਼ੇ ਵਿਚ ਡਟਕੇ ਖਲੋ ਗਏ, ਪਰ ਇਸ ਵਿਚ ਵੀ ਮੈਨੂੰ ਇਨ੍ਹਾਂ ਦਾ ਦੋਸ਼ ਘਟ ਨਜ਼ਰੀਂ ਆਇਆ। ਇਹ ਪਠਾਣ ਅੰਗਰੇਜ਼ ਦੇ ਗੁਲਾਮ ਹਨ। ਗੁਲਾਮ ਦਾ ਕਾਹਦਾ ਦੀਨ ਈਮਾਨ। ਗੁਲਾਮ ਗ਼ੁਲਾਮ ਸਦਾ ਗ਼ੁਲਾਮ। ਗ਼ੁਲਾਮ ਸਦਾ ਦਬਿਆ ਅਤੇ ਜਦ ਮੌਕਾ ਮਿਲੇ ਤਾਂ ਭਰਾਵਾਂ ਨੂੰ ਦਬਾਉਂਦਾ ਹੈ। ਗੁਲਾਮ ਕੋਲ ਇਨਸਾਫ਼ ਨਹੀਂ ਹੁੰਦਾ। ਗੁਲਾਮ ਕੋਲ ਫੈਜ਼ ਨਹੀਂ ਹੁੰਦਾ, ਗੁਲਾਮ ਕੋਲ ਹਮਦਰਦੀ ਨਹੀਂ ਹੁੰਦੀ। ਗੁਲਾਮ ਕੋਲ ਸ਼ਰਾਫਤ ਨਹੀਂ ਹੁੰਦੀ। ਗ਼ੁਲਾਮ ਕੋਲ ਹੁੰਦੀ ਹੈ ਘਿਰਨਾ। ਗ਼ੁਲਾਮ ਕੋਲ ਹੁੰਦੀ ਹੈ ਹੈਂਕੜ, ਗ਼ੁਲਾਮ ਕੋਲ ਹੁੰਦੀ ਹੈ ਨੌਸਰ ਬਾਜੀ। ਗ਼ੁਲਾਮ ਸਦਾ ਡੰਡੇ ਦਾ ਯਾਰ।

ਭਾਈ ਵਜੀਰ ਸਿੰਘ ਕਿਹਾ 'ਬਹਾਦਰ ਸਿੰਘਾ! ਗੱਡੀ ਲੰਘ ਜਾਵੇਗੀ ਫੇਰ ਹੀ ਅਗਾਂ ਹੋਵੇਂਗਾ।' ਆਖਰ ਸੰਤ ਇਕ ਡੱਬੇ ਅੱਗੇ ਖਲੋ ਗਏ ਤੇ ਪਠਾਣ ਨੂੰ ਬੜੀ ਨਿਮਰਤਾ ਨਾਲ ਕਿਹਾ 'ਖਾਂ ਸਾਹਿਬ! ਅੱਗੋਂ ਹਟੋ', ਮਗਰ ਅੱਗੋਂ ਓਸ ਕੀ ਹਟਣਾ ਸੀ, ਨਕੋਂ ਠੂੰਹੇ ਡੇਗਦਿਆਂ ਕਿਹਾ, 'ਕਾਫਰ ਕਹੀਂ ਕੇ। ਦੂਰ ਹਟੋ।'

ਸਿਖ ਜਿੰਨਾ ਬਲਵਾਨ ਹੋਵੇ ਉਸਦਾ ਦਿਲ ਵੀ ਉਨ੍ਹਾ ਕੋਮਲ ਹੁੰਦਾ ਏ, ਉਹ ਕਿਸੇ ਨੂੰ ਦੁਖਾਕੇ ਰਾਜੀ ਨਹੀਂ ਹੁੰਦਾ। ਆਪ ਦੁੱਖ ਜਰ ਲੈਂਦਾ ਏ, ਪਰ ਦੂਜੇ ਨੂੰ ਆਪ ਦੁਖੀ ਨਹੀਂ ਵੇਖ ਸਕਦਾ। ਸੰਤਾਂ ਹਥ ਜੋੜਦਿਆਂ ਕਿਹਾ 'ਭਾਈ ਐਵੇਂ ਕੌੜਾ ਨਾ ਬੋਲ। ਦੋ ਘੜੀਆਂ ਸਫਰ ਕਰਨਾ ਏ। ਫੇਰ ਤੂੰ ਆਪਣੇ ਰਾਹ, ਅਸੀਂ ਆਪਣੇ ਰਾਹ। ਮਗਰ ਓਸ ਲਾਲ ਲਾਲ ਅੱਖਾਂ ਕਢਦਿਆਂ ਕੜਕ ਕੇ ਆਖਿਆ 'ਯਹਾਂ ਕੋਈ ਜਗ੍ਹਾ ਨਹੀਂ' ਸੰਤ ਅੱਗੇ ਵੱਧੇ ਤੇ ਬੂਹੇ ਨੂੰ ਹੱਥ ਪਾਇਆ। ਬੂਹੇ ਨੂੰ ਹਥ ਪਾਉਣ ਦੀ ਦੇਰ ਸੀ, ਪਠਾਣ ਭੂਤਰ ਖਲੋਤੇ, ਸੰਤਾਂ ਨੂੰ ਦਾੜੀਓਂ ਫੜ ਲਿਆ। ਸਿੱਖ ਸਦਾ ਸ਼ਾਂਤ। ਸਿੱਖ ਸਦਾ ਹਲੀਮ। ਸਿੱਖ ਸਦਾ ਸੁਲ੍ਹਾਕੁਨ। ਸਿੱਖ

Sri Satguru Jagjit Singh Ji eLibrary NamdhariElibrary@gmail.com

ਸਦਾ ਲੜਾਈ ਝਗੜੇ ਤੋਂ ਦੂਰ। ਸਿੱਖ ਹਰ ਸਭ ਕੁਝ ਸਹਾਰ ਸਕਦਾ ਹੈ, ਪਰ ਕੇਸਾਂ ਦੀ ਬੇਅਦਬੀ ਨਹੀਂ। ਕੇਸ ਸਰਬੰਸ ਦਾਨੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਦੇਣ ਜਾਣਦਾ ਏ। ਦਾੜ੍ਹੀ ਨੂੰ ਹੱਥ ਪੈਣ ਦੀ ਦੇਰ ਸੀ, ਸਿੰਘ ਅੰਦਰ ਬੀਰ ਰਸ ਦਾ ਹੜ ਚੜ੍ਹ ਆਇਆ। ਅੱਖਾਂ ਲਾਲ ਹੋ ਗਈਆਂ, ਸੰਤਾਂ ਦੋਹਾਂ ਪਠਾਣਾਂ ਨੂੰ ਧੌਣੋਂ ਫੜ ਲਿਆ ਤੇ ਧਰੂਹ ਕੇ ਬਾਹਰ ਲੈ ਆਂਦਾ, ਜਦ ਉਹ ਬਾਹਰ ਆਏ ਤਾਂ ਸੰਤਾਂ ਕੁਝ ਢਿੱਲਾ ਕੀਤਾ ਅਤੇ ਡੱਬੇ ਵਿਚ ਚੜ੍ਹਨ ਲੱਗੇ, ਮਗਰ ਸੰਤਾਂ ਦੇ ਛਡਣ ਦੀ ਦੇਰ ਸੀ, ਉਹ ਇਕ ਦਮ ਅੰਦਰ ਜਾ ਵੜੇ ਤੇ ਚਿਟਕਣੀ ਲਾ ਦਿਤੀ। ਹੁਣ ਸੰਤ ਬੀਰ ਰਸ ਦੇ ਘੋੜੇ ਤੇ ਸਵਾਰ ਸਨ। ਕੌਣ ਰੋਕੇ। ਸੰਤਾਂ ਦਰਵਾਜ਼ੇ ਨੂੰ ਲੱਤ ਮਾਰੀ। ਲੱਤ ਵਜਣ ਦੀ ਦੇਰ ਸੀ ਕਿ ਦਰਵਾਜ਼ਾ ਆਪਣੇ ਆਪ ਛਡ ਹਵਾ ਵਿਚ ਤਾਰੀਆਂ ਲੈਣ ਲੱਗ ਪਿਆ। ਕਬਜ਼ੇ ਕਿਤੇ, ਚਿਟਕਣੀਆਂ ਕਿਤੇ। ਸੰਤ ਅੰਦਰ ਚਲੇ ਗਏ ਅਤੇ ਮਗਰੇ ਮਗਰ ਸਾਰੇ ਅਸੀਂ। ਪੈਰ ਰਖੇ ਹੀ ਸਨ ਕਿ ਉਹ ਪਠਾਣ ਛਡ ਛੁਡਾ ਬਾਹਰ ਨਿਕਲ ਗਏ, ਅਤੇ ਰੌਲਾ ਪਾ ਦਿੱਤਾ, ਰੌਲਾ ਸੁਣ ਸਭ ਪਠਾਣ ਡਬਿਆਂ 'ਚੋਂ ਬਾਹਰ ਨਿਕਲ ਆਏ। ਪਠਾਣਾਂ ਨੂੰ ਬਾਹਰ ਆਇਆਂ ਵੇਖ ਬਾਕੀ ਯਾਤਰੂ ਗਡੀ ਅੰਦਰ ਚਲੇ ਗਏ। ਪਲੇਟਫਾਰਮ ਤੇ ਲਾ-ਲਾ-ਲਾ ਸ਼ੁਰੂ ਹੋ ਗਈ। ਪਕੜ ਲਓ! ਪਕੜ ਲਓ!! ਦੇ ਨਾਹਰਿਆਂ ਸਟੇਸ਼ਨ ਨੂੰ ਗੂੰਜਾ ਦਿੱਤਾ, ਸਭ ਪਠਾਣਾਂ ਨੇ ਸਾਡੇ ਡਬੇ ਨੂੰ ਘੇਰ ਲਿਆ। ਸੰਤਾਂ ਤਾਂ ਜਾਣਿਆ ਕਿ ਅੰਦਰ ਬਹਿ ਗਏ ਹਾਂ, ਗੱਲ ਮੁਕ ਗਈ ਏ। ਪਰ ਹੈਂਕੜ ਦਾ ਠੂੰਹਾ ਜਦ ਪੂਛਲ ਚੁਕ ਲਵੇ ਤਾਂ ਸੱਟ ਖਾਧੇ ਬਿਨਾਂ ਹੇਠਾਂ ਨਹੀਂ ਕਰਦਾ ਪਾਸੇ ਹੋਣਾ ਤਾਂ ਇਕ ਪਾਸੇ ਰਿਹਾ, ਲੱਗੇ ਬਕਰੇ ਬੁਲਾਉਣ। ਬੜਕਾਂ ਮਾਰਨ। ਸਾਨੂੰ ਵੀ ਗਲ ਪਇਆ ਢੋਲ ਵਜਾਉਣਾ ਪਇਆ। ਰੌਲਾ ਗੌਲਾ ਸੁਣ ਸਤਿਗੁਰੂ ਜੀ ਵੀ ਡਬਿਓਂ ਬਾਹਰ ਆ ਗਏ। ਤੇ ਖੂੰਡੇ ਦਾ ਢਾਸਣਾ ਲਾ ਜੰਗਲੇ ਲਾਗੇ ਖਲੋ ਗਏ।

ਸੰਤ ਬਹਾਦਰ ਸਿੰਘ ਨੇ ਸਤਿਗੁਰਾਂ ਦੇ ਹੱਥੋਂ ਖੂੰਡਾ ਫੜ ਲਿਆ ਅਤੇ ਹਵਾ ਵਿਚ ਘੁਮਾਇਆ। ਖੂੰਡਾ ਘੁਮਾਣ ਦੀ ਦੇਰ ਸੀ ਕਿ ਪਠਾਣਾਂ 'ਚ ਭਗਦੜ ਮੱਚ ਗਈ। ਗੀਦੀਆਂ ਟਾਕਰਾ ਕੀ ਕਰਨਾ ਸੀ ਇਉਂ ਅਗੇ ਉਠ ਨਸੇ ਜਿਵੇਂ ਪੌਣ ਅੱਗੇ ਪਿੱਪਲ ਦੇ ਪੱਤੇ, ਜਿਵੇਂ ਬਘਿਆੜ ਨੂੰ ਵੇਖ ਭੇਡਾਂ ਦੇ ਇਜੜ। ਧੜਮ ਧੜਮ ਇਕ ਦੂਜੇ ਤੇ ਡਿੱਗੇ, ਜਿਧਰ ਕਿਸੇ ਨੂੰ ਰਾਹ ਲਭਾ ਸਿਰ ਤੇ ਪੈਰ ਰੱਖਕੇ ਦੌੜਿਆ। ਕਈ ਬੈਂਚਾਂ ਹੇਠਾਂ ਜਾ ਲੁੱਕੇ ਕਈ ਟੱਟੀਖਾਨੇ ਜਾ ਵੜੇ, ਕਈ ਕੁਰਸੀਆਂ ਹੇਠਾਂ ਜਾ ਛੁਪੇ। ਇਕ ਦਮ ਸਾਰਾ ਪਲੇਟ ਫਾਰਮ ਖਾਲੀ ਹੋ ਗਿਆ। ਵਿਸਲਾਂ ਵਜਣੀਆਂ ਸ਼ੁਰੂ ਹੋ ਗਈਆਂ। ਹੱਥਕੜੀਆਂ ਬੇੜੀਆਂ ਖੜਕਣ ਲੱਗ ਪਈਆਂ। ਡਾਂਗਾਂ ਲੈਕੇ ਪੁਲੀਸ ਵੀ ਆ ਪਹੁੰਚੀ। ਬੰਦੂਕਾਂ ਵਾਲੇ ਵੀ ਪੁਜ ਗਏ। ਬੰਦੂਕਾਂ ਤਣੀਆਂ ਗਈਆਂ। ਸੰਗੀਨਾਂ ਕਸੀਆਂ ਗਈਆਂ। ਸਿੰਘਾਂ ਨੂੰ ਘੇਰ ਲਿਆ। ਕੁਝ ਪਠਾਣਾਂ ਨੂੰ ਵੀ ਵਲ ਲਿਆ।

Sri Satguru Jagjit Singh Ji eLibrary NamdhariElibrary@gmail.com

ਓਸੇ ਵੇਲੇ ਰੇਲਵੇ ਮਜਿਸਟਰੇਟ ਪਹੁੰਚ ਗਿਆ। ਕੁਸਰੀਆਂ ਡਹਿ ਗਈਆਂ ਵਿਚਾਲੇ ਜੱਜ, ਇਕ ਪਾਸੇ ਸਤਿਗੁਰੂ ਸੱਚੇ ਪਾਤਸ਼ਾਹ ਜੀ, ਇਕ ਪਾਸੇ ਸੂਬੇਦਾਰ ਸਾਹਿਬ। ਬਿਆਨਬਾਜ਼ੀ ਸ਼ੁਰੂ ਹੋਈ ਸ੍ਰੀ ਮਾਨ ਸੰਤ ਮੰਗਲ ਸਿੰਘ ਜੀ, ਉਹ ਜਿਹੜੇ ਮੁਸਕਰਾ ਰਹੇ ਹਨ, ਇਨ੍ਹਾਂ ਗੱਲ ਸ਼ੁਰੂ ਕੀਤੀ। 'ਹਜ਼ੂਰ! ਆਪ ਹੀ ਧਿਆਨ ਕਰੋ। ਸਾਡੇ ਕੋਲ ਕੋਈ ਕੁਹਾੜੀ ਨਹੀਂ, ਬਰਛੀ ਨਹੀਂ। ਸਾਡੇ ਕੋਲ ਇਹ ਮਾਲਾ ਏ, ਇਹ ਸਾਡੇ ਗੁਟਕੇ ਹਨ, ਭਜਨ ਬਾਣੀ ਕਰਨ ਤੇ ਦੂਜਿਆਂ ਤੋਂ ਕਰਾਉਣਾ ਸਾਡਾ ਕੰਮ ਹੈ। ਸਾਡੇ ਸਤਿਗੁਰੂ ਜੀ ਕਲਿਜੁਗ 'ਚ ਸੜ ਰਹੀਆਂ ਰੂਹਾਂ ਨੂੰ ਠਾਰ ਰਹੇ ਹਨ, ਲੋਕਾਂ ਨੂੰ ਮਾਸ, ਸ਼ਰਾਬ, ਚੋਰੀ-ਯਾਰੀ, ਠਗੀ ਛੱਡਾਂਦੇ ਹਨ। ਲੜਾਈ ਝਗੜੇ ਤੋਂ ਵਰਜਦੇ ਹਨ, ਵਿਆਹ ਸ਼ਾਦੀਆਂ ਦੀਆਂ ਫਜ਼ੂਲ ਰਸਮਾਂ ਤੋਂ ਵਰਜਦੇ ਹਨ, ਦਾਜ ਦੇਂਣੀ ਤੋਂ ਹਟਾਂਦੇ ਹਨ। ਅਸੀਂ ਫੀਰੋਜ਼ਪੁਰੋਂ ਗੱਡੀ ਚੜਨਾ ਸੀ ਮਘਰ ਲੜਾਈਓਂ ਡਰਦੇ ਇਥੇ ਆਏ। ਮੂਸਾ ਨਠਾ ਮੌਤ ਤੋਂ ਮੌਤ ਅਗੇ ਖਲੀ ਵਾਲੀ ਗੱਲ ਸਾਡੇ ਨਾਲ ਹੋਈ, ਲੜਾਈ ਨੂੰ ਟਾਲਿਆ ਸੀ, ਲੜਾਈ ਮੁੜ ਆ ਗਲ ਪਈ। ਸਿੱਖ ਸਭ ਸਹਾਰ ਸਕਦਾ ਏ। ਤੂੰਬਾ ਤੂੰਬਾ ਕਰਵਾ ਸਕਦਾ ਏ, ਮਗਰ ਕੇਸਾਂ ਦਾੜ੍ਹੀ ਦੀ ਬੇਅਦਬੀ ਨਹੀਂ ਸਹਾਰ ਸਕਦੇ। ਪਹਿਲ ਅਸਾਂ ਨਹੀਂ ਕੀਤੀ। ਸਾਥੋਂ ਜੋ ਹੋਇਆ ਹੈ, ਬਚਾ ਕਰਦਿਆਂ ਹੋਇਆ, ਬਚਾ ਕਰਦਿਆਂ ਸੱਟ ਫੇਟ ਲੱਗ ਜਾਵੇ, ਕੋਈ ਜ਼ੁਰਮ ਨਹੀਂ। ਪਲੇਟਫਾਰਮ ਵਾਲੇ ਹਿੰਦੂ, ਸਿੱਖ, ਮੁਸਲਮਾਨ ਸੰਤਾਂ ਦੀ ਗਲ ਬੜੇ ਧਿਆਨ ਨਾਲ ਸੁਣ ਰਹੇ ਸਨ, ਖਾਮੋਸ਼ੀ ਇਤਨੀ ਸੀ, ਕਿ ਸੂਈ ਸੁਟਿਆਂ ਸੁਣਾਈ ਦੇਂਦੀ ਸੀ।

ਹਜ਼ੂਰ! ਤੁਸੀਂ ਧਿਆਨ ਦਿਓ! ਕੀ ਇਹ ਫ਼ੌਜੀਆਂ ਦਾ ਕੰਮ ਹੈ! ਜਨਤਾ ਨੂੰ ਡਰਾਨਾ, ਧਮਕਾਣਾ, ਇਨ੍ਹਾਂ ਨੂੰ ਸ਼ੋਭਦਾ ਹੈ? ਇਨ੍ਹਾਂ ਦਾ ਕੰਮ ਹੈ ਦੇਸ਼ ਦੀ ਰਖਿਆ ਕਰਨੀ, ਲੋਕਾਂ ਸਹਾਇਤਾ ਕਰਨੀ। ਲਿਸਿਆਂ ਨੂੰ ਡਾਢਿਆਂ ਤੋਂ ਬਚਾਉਣਾ, ਆਪ ਦੁੱਖ ਉਠਾਉਣਾ ਤੇ ਹੋਰਨਾਂ ਨੂੰ ਸੁਖ ਪਹੁੰਚਾਉਣਾ। ਮੁਸਾਫ਼ਰਾਂ ਦੀ ਸੇਵਾ ਕਰਨ ਦੀ ਬਜਾਏ, ਉਨ੍ਹਾਂ ਦੀਆਂ ਦਾੜ੍ਹੀਆਂ ਨੂੰ ਹੱਥ ਪਾਏ, ਖਿੜਕੀਆਂ ਨੂੰ ਬੰਦ ਕਰ ਦਿੱਤਾ। ਜੇ ਵਾੜ ਈ ਖੇਤ ਨੂੰ ਖਾਣ ਲੱਗ ਪਵੇ ਤਾਂ ਖੇਤ ਨੂੰ ਕੌਣ ਬਚਾਵੇ।

ਹੁਣ ਸੂਬੇਦਾਰ ਵਾਸਤੇ ਚਪਣੀ 'ਚ ਪਾਣੀ ਪਾ ਡੁੱਬ ਮਰਨ ਦਾ ਮੁਕਾਮ ਸੀ, ਸਾਰੀ ਗਲ ਸਮਝ ਗਿਆ ਕਿ ਸਿੰਘਾਂ ਦਾ ਕੋਈ ਕਸੂਰ ਨਹੀਂ, ਕਸੂਰ ਫ਼ੌਜੀਆਂ ਦਾ ਹੈ। ਉਹ ਕੁਰਸੀ ਤੋਂ ਉਠ ਖਲੋਤਾ। ਸਤਿਗੁਰਾਂ ਪਾਸੋਂ ਮਾਫ਼ੀ ਮੰਗੀ, ਸਤਿਗੁਰੂ ਜੀ ਮੁਸਕ੍ਰਾਂਦਿਆਂ ਕਿਹਾ 'ਖਾਂ ਸਾਹਿਬ! ਸਾਡਾ ਕਿਸੇ ਨਾਲ ਵੈਰ ਨਹੀਂ ਕਿਸੇ ਪੈਲੀ ਬੰਨੇ ਦਾ ਸੀਰ ਨਹੀਂ। ਸਾਡੀ ਏਹ ਇੱਛਾ ਹੈ ਕਿ ਧੱਕਾ ਕਿਸੇ ਨਾਲ ਨ ਹੋਵੇ ਸਾਰੇ ਭਰਾਵਾਂ ਵਾਂਗੂ ਰਹਿਣ। ਮਜਿਸਟਰੇਟ ਨੇ ਦੋਹਾਂ ਧਿਰਾਂ ਦੀ ਗੱਲ ਸੁਣੀ। ਅੰਤ ਦੋਹਾਂ ਧਿਰਾਂ ਤੇ ਸਮਝੌਤੇ ਤੇ ਦਸਤਖ਼ਤ ਕਰਾ ਲਏ। ਫਾਈਲ ਬੰਦ ਕਰ ਦਿੱਤੀ। ਸਭ ਉਠ ਬੈਠੇ। ਸਵਾਰੀਆਂ ਡਬਿਆਂ ਵਿਚ ਆ ਗਈਆਂ। ਗਡੀ

Sri Satguru Jagjit Singh Ji eLibrary NamdhariElibrary@gmail.com

ਵਿਸਲ ਦਿੱਤਾ ਅਤੇ ਦੋ ਘੰਟਿਆਂ ਪਿਛੋਂ ਰਵਾਨਾ ਹੋਈ। ਗੱਡੀ ਚੱਲ ਰਹੀ ਸੀ ਅਤੇ ਸਾਰੇ ਮੂੰਹ ਨਾਲ ਮੂੰਹ ਜੋੜ ਸਿੰਘਾਂ ਦੀਆਂ ਸਾਖੀਆਂ ਕਰ ਰਹੇ ਸਨ। ਕਹਿੰਦੇ ਸਨ, 'ਪੜ੍ਹਿਆ ਸੁਣਿਆ ਤਾਂ ਬਹੁਤ ਕੁਝ ਹੈ ਪਰ ਇਸ 'ਚ ਸਿੱਖਾਂ ਦੀ ਕੋਈ ਗੱਲ ਨਹੀਂ ਇਹ ਸਾਰੀ ਕਰਾਮਾਤ ਇਨ੍ਹਾਂ ਦੇ ਗੁਰੂ ਦੀ ਹੈ। ਇਨ੍ਹਾਂ ਦਾ ਪੀਰ ਬੜਾ ਡਾਢਾ ਹੈ।

ਸੰਤ ਧਾਰਾ ਸਿੰਘ, ਪਿਤਾ ਬਿਸ਼ਨ ਸਿੰਘ, ਮਾਤਾ ਪ੍ਰੇਮ ਕੌਰ, ਭਜਨ ਸੰਤ ਫਤਹਿ ਸਿੰਘ ਮਾਂਗਾ। ਇਨ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲਾਂਗਰੀ ਦੇ ਰੂਪ 19 ਵਰ੍ਹੇ ਸੇਵਾ ਕੀਤੀ - (1884 ਤੋਂ 1976)

Sri Satguru Jagjit Singh Ji eLibrary NamdhariElibrary@gmail.com

# ਛੱਤੀ ਪਦਾਰਥ

**ਸੰਤਨ ਕਾ ਦਾਨਾ ਰੁਖਾ ਸੋ ਸਰਬ ਨਿਧਾਨ।**
**ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ।**

ਚੇਤ ਵੈਸਾਖ ਦੇ ਦਿਨ ਸਨ। ਪਿਛਲਾ ਪਹਿਰ ਸੀ। ਨਿਤਨੇਮ ਉਪ੍ਰੰਤ ਸਤਿਗੁਰੂ ਜੀ ਸੰਤ ਨਗਰ ਨੂੰ ਭਾਗ ਲਾਉਣ ਚਲੇ ਗਏ। ਮਗਰ ਸੰਤ ਰਤਨ ਸਿੰਘ ਜੀ ਪਿੱਛੇ ਸਫ ਤੇ ਬੈਠੇ ਰਹੇ। ਸੰਤ ਆਤਮਾ ਸਿੰਘ ਸੰਤ ਸੁਰਜਨ ਸਿੰਘ ਅਤੇ ਹੋਰ ਵੀ ਕਈ ਵਿਅਕਤੀਆਂ ਸੰਤਾਂ ਕੋਲ ਬੈਠ ਗਈਆਂ। ਸੰਤ ਰਤਨ ਸਿੰਘ ਦੇ ਚਿੱਤ ਵਿਚ ਖੇੜਾ ਨਹੀਂ ਸੀ। ਸੂਰਜ ਵੀ ਲੰਮੀਆਂ-ਲੰਮੀਆਂ ਪਲਾਘਾਂ ਭਰਦਾ ਪੱਛਮ ਵੱਲ ਜਾ ਰਿਹਾ ਸੀ। ਫੁਲਾਂ ਦੀਆਂ ਪਤੀਆਂ ਢਿਲਕਣ ਲੱਗ ਪਈਆਂ ਸਨ, ਬਾਗ਼ ਵਿਚ ਬਿਰਹੋਂ ਕੁਠੀ ਕੋਇਲ ਨੇ ਇਕ ਲੰਮੀ ਹੇਕ ਲਾ ਕੇ ਕੂ, ਕੂ, ਕੂ ਕੀਤਾ ਤੇ ਹੇਕ ਦੇ ਨਾਲ ਵਿਜੋਗੀਆਂ ਦੀਆਂ ਅੱਖਾਂ ਤਰ ਹੋ ਗਈਆਂ। ਕੋਲੋਂ ਲੰਘ ਰਹੇ ਬੱਚੇ ਨੇ ਬੜੀ ਵਿਧਵੀਂ ਸੁਰ ਨਾਲ ਸੁਭਾਵਿਕ ਹੀ ਅਲਾਪਿਆ:-

**ਯਾਦਾਂ ਦੀ ਕਹਾਣੀ ਏਂ।**
**ਗੁਰੂ ਪ੍ਰਤਾਪ ਜੀਓ ਹੰਝੂਆਂ ਦੀ ਜਬਾਨੀ ਏ।**

ਇਹਨਾਂ ਸ਼ਬਦਾਂ ਨੇ ਵੈਰਾਗੀਆਂ ਅੰਦਰ ਹੜ੍ਹ ਲੈ ਆਂਦਾ ਰੰਗੇ ਨੇਤਰ ਤਰ ਹੋ ਗਏ। ਸਰ ਸਰ ਕਰਦੀ ਪੌਣ ਰੁਕ ਗਈ। ਇਉਂ ਭਾਸਿਆ ਜਿਵੇਂ ਚੱਲਦਾ ਚੱਲਦਾ ਸੂਰਜ ਵੀ ਥੰਮ ਗਿਆ ਹੋਵੇ, ਸੰਤ ਰਤਨ ਸਿੰਘ ਜੀ ਮੂੰਹ ਮੀਟੀ ਗੁਲਾਬ ਦੀ ਡੋਡੀ ਬਣੇ ਬੈਠੇ ਸਨ, ਕਿ ਥੋੜ੍ਹੇ ਸਮੇਂ ਪਿਛੋਂ ਬੁਲ੍ਹ ਸਰਕੇ ਤੇ ਡੂੰਘੀ ਨਦੀ ਨਿਆਂਈਂ ਧੀਮੀ ਜਿਹੀ ਸੁਰ ਵਿਚ ਗੁਣ ਗੁਣਾਉਣਾ ਆਰੰਭਿਆ "ਮਨ ਨੂੰ ਬੜਾ ਧਰਾਸ ਦੇਂਦਾ ਹਾਂ। ਉਹਨਾਂ ਦੀ ਜੋਤ ਦੇ ਦਰਸ਼ਨ ਵੀ ਕਰਦਾ ਹਾਂ, ਸੇਵਾ ਵਿਚ ਹੀ ਹਾਜ਼ਰ ਰਹਿੰਦਾ ਹਾਂ, ਪਰ ਜਦ ਜ਼ਰਾ ਵਿਹਲ ਮਿਲਦੀ ਏ, ਤਾਂ ਯਾਦ ਆ ਘੇਰਦੀ ਏ। ਉਸ ਵੇਲੇ ਦਿਲ ਨੂੰ ਰੁਗ ਭਰਿਆ ਜਾਂਦਾ ਏ। ਦਿਲ ਡੋਬੂ ਖਾਣ ਲੱਗ ਪੈਂਦਾ ਏ।ਕੀ ਕਰਾਂ ਕੁਝ ਸਮਝ ਨਹੀਂ ਪੈਂਦੀ" ਸਤਿਗੁਰਾਂ ਦੇ ਬਚਨ ਸੁਣਾਓ ਆਪੇ ਮਨ ਹਰਿਆ ਹੋ ਜਾਵੇਗਾ "ਉਹਨਾਂ ਦੀ ਮਹਿਮਾ ਕੌਣ ਵਰਨਣ ਕਰ ਸਕਦਾ ਏ। ਉਹ ਸਨ ਦੀਨ ਦਿਆਲ, ਕ੍ਰਿਪਾ ਨਿਧਾਨ ਅੜਿਆਂ ਥੁੜਿਆਂ ਦੇ ਸਹਾਰੇ ਧੰਨ ਹੋ ਧੰਨ ਹੋ ਸੰਤ ਰਤਨ ਸਿੰਘ ਜੀ" ਸਾਰੇ ਸਰੋਤੇ ਇਕ ਦਮ ਇਕ ਜ਼ਬਾਨ ਬੋਲ ਉਠੇ, "ਸੰਤ ਜੀ ਜਿਵੇਂ ਸਤਿਗੁਰਾਂ ਦਾ ਪਾਰਾਵਾਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਪਾਇਆ ਜਾਂਦਾ ਤਿਵੇਂ ਉਹਨਾਂ ਦੇ ਸਿੱਖ ਵੀ ਗਿਣਤੀਓਂ ਮਿਣਤੀਓਂ ਬਾਹਰ ਹਨ। ਉਹਨਾਂ ਦਾ ਵੀ ਕੋਈ ਹੱਦ ਬੰਨਾਂ ਨਹੀਂ" ਕਸ਼ਮੀਰ ਦੇ ਸਰੋਵਰਾਂ ਵਿਚ ਕੰਵਲ ਟਹਿ ਟਹਿ ਕਰਦੇ ਦਰਸ਼ਕਾਂ ਦੇ ਦੀਦੇ ਠਾਰਦੇ ਹਨ। ਦਿਲਾਂ ਅੰਦਰ ਖੇੜਾ ਲਿਆਉਂਦੇ ਹਨ ਮਗਰ ਕੱਲਰਾਂ ਵਿਚ ਕੰਵਲ ਤੁਸਾਂ ਘਟ ਹੀ ਸੁਣੇ ਹੋਣਗੇ। ਹਾਂ ਭਾਈ ਗੁਰਦਾਸ ਜੀ ਇਸ ਦੀ ਕਲਪਣਾ ਕੀਤੀ ਏ:-

**ਘਰ ਹਰਨਾਕਸ ਦੈਂਤ ਦੇ ਕੱਲਰ ਕਵਲ ਭਗਤ ਪ੍ਰਹਿਲਾਦ॥**

ਜਿਸ ਕੰਵਲ ਨੂੰ ਭਾਈ ਜੀ ਨੇ ਆਪਣੀ ਰਚਨਾ ਵਿਚ ਉਲੀਕਿਆ; ਉਸਨੂੰ ਲੱਖਾਂ ਵਰ੍ਹੇ ਹੋ ਗਏ ਹਨ; ਮਗਰ ਚੀਨੀਵਾਲੇ ਪਾਤਸ਼ਾਹ ਨੇ ਅਤਿ ਕਲਰਾਂ ਨੂੰ ਕੰਵਲ ਹੀ ਕੰਵਲ ਕਰ ਦਿੱਤਾ। ਬੰਜਰਾਂ ਨੂੰ ਗੁਲਜ਼ਾਰਾਂ ਵਿਚ ਬਦਲ ਦਿੱਤਾ। ਕੋਲਿਆਂ ਨੂੰ ਹੀਰੇ ਤੇ ਪੱਥਰਾਂ ਨੂੰ ਪਾਰਸ ਕਰ ਦਿੱਤਾ। ਸਿੰਬਲ ਨੂੰ ਚੰਦਨ ਤੋਂ ਵਧੇਰੇ ਸੁਗੰਧਤ ਤੇ ਵਡਮੁੱਲਾ ਸਹਿਜੇ ਹੀ ਬਣਾ ਦਿੱਤਾ। ਵਰਨ, ਸਮਸਾ, ਲਾਲੇਪੁਰ, ਨੌਸ਼ਹਿਰਾ ਤੇ ਹੋਰ ਵਿਰਕ ਤਪੇ ਕੰਵਲ ਹੀ ਕੰਵਲ ਹੋ ਟਹਿਕੇ। ਇਲਾਕੇ ਦੇ ਅਸਲ ਵਸਨੀਕ ਬੜੇ ਉੱਜੜ, ਅਕੜ ਖਾਂ, ਅਧਨੰਗੇ ਅਤੇ ਅਸਭਯ ਸਨ। ਇਹਨਾਂ ਦੀ ਕਿਰਤ ਵਿਰਤ ਥੋੜ੍ਹੀ ਸੀ ਤੇ ਚੋਰੀ ਧਾੜਾ ਬਹੁਤਾ। ਜਦ ਇਹ ਇਲਾਕਾ ਆਬਾਦ ਹੋਇਆ ਤਾਂ ਗੁਰੂ ਰਾਮ ਸਿੰਘ ਜੀ ਦੇ ਈ ਟਹਿਕਦੇ ਫੁਲਾਂ ਨੇ ਇਸ ਸੁਕੀ ਸੜੀ ਧਰਤੀ ਨੂੰ ਸਬਜ਼ਾਜ਼ਾਰ ਵਿਚ ਬਦਲ ਦਿੱਤਾ। ਇਹਨਾਂ ਅਨੇਕ ਫੁਲਾਂ ਵਿਚੋਂ ਇਕ ਅਜਿਹਾ ਫੁੱਲ ਸੀ ਜਿਸ ਦਾ ਮੁਲ ਇਸ ਮੰਡੀ ਵਿਚ ਨਹੀਂ ਪੈ ਸਕਦਾ। ਇਸ ਦੀਆਂ ਕੋਮਲ ਰਿਸ਼ਮਾ ਦੂਰ ਦੂਰ ਤਕ ਠੰਢ ਪਸਾਰ ਰਹੀਆਂ ਸਨ। ਇਹ ਨਗੀਨਿਆਂ ਵਿਚੋਂ ਸੁੱਚਾ ਨਗੀਨਾ ਸੀ। ਘੜੇ ਜਿੱਡਾ ਮੋਤੀ, ਨਿਰਾ ਰੇਡੀਅਮ ਜਿਸਨੇ ਆਲੇ ਦੁਆਲੇ ਦੀਆਂ ਕਾਲੀਆਂ ਨੁਕਰਾਂ ਨੂੰ ਚਿਟ ਚਟੈਣ ਕਰ ਰੱਖਿਆ ਸੀ। ਇਹ ਸੀ ਫਰਿਸ਼ਤਾ ਸੀਰਤ, ਦੇਵਤਾ ਸਰੂਪ, ਦਸਾਂ ਨਵਾਂ ਦੀ ਕਿਰਤ ਕਰਨ ਵਾਲਾ ਜਿਸਦੇ ਹੱਥ ਕਾਰ ਵਲ ਤੇ ਚਿਤ ਯਾਰ ਵਲ ਰਹਿੰਦਾ ਸੀ। ਇਹ ਸੀ ਹਰੇਕ ਵਿਚ ਗੁਰੂ ਨਾਨਕ ਨੂਰਾਨੀ ਰਿਸ਼ਮਾ ਤਕਣ ਵਾਲਾ। ਸਭਨਾਂ ਦੀ ਧਰਾਸ, ਸਭਨਾਂ ਦਾ ਮੀਜ਼ਬਾਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦਾ ਭੌਰਾ ਸੰਤ ਫਤਹਿ ਸਿੰਘ ਜਿਸਦੀ ਰਸਨਾ ਤੋਂ ਅੰਮ੍ਰਿਤ ਟੇਪੇ ਡਿਗਦੇ ਸਨ। ਜਿਹੜਾ ਅਠੇ ਪਹਿਰ ਰੰਗ ਵਿਚ ਰੰਗਿਆ ਰਹਿੰਦਾ ਸੀ। ਪਸ਼ੂ ਪੰਛੀਆਂ, ਰੁਖਾਂ, ਬਿਰਖਾਂ ਨੂੰ ਅਰਸ਼ੀ ਹੁਲਾਰੇ ਦੇਵਾਂਦਾ ਸੀ; ਤੇ ਸਾਰੀ ਪ੍ਰਕਿਰਤੀ ਉਹਨਾਂ ਗੰਧਰਬਾਂ ਨਾਲ ਰਲ ਗਾਉਣ ਲੱਗ ਪੈਂਦੀ ਸੀ:-

**ਹੋਰ ਮੰਗਣਾ ਕੀ; ਤੇਰੇ ਨਾਮ ਬਿਨਾਂ; ਤੇਰੇ ਨਾਮ ਬਿਨਾਂ।**

ਸੰਤਾਂ ਦੀ ਕੋਈ ਬਹੁਤੀ ਭੋਇੰ ਵਾੜੀ ਨਹੀਂ ਸੀ। ਆਪ ਦਸਾਂ ਨਵ੍ਹਾਂ ਦੀ ਕਿਰਤ ਨੂੰ ਚੰਗਾ ਜਾਣਦੇ ਸਨ। ਵੇਖਣ ਮਾਤਰ ਏਥੇ ਲਛਮੀ ਦੇ ਦਰਸ਼ਨ ਘਟ ਹੁੰਦੇ ਸਨ; ਮਗਰ ਗੁਪਤ ਰੂਪ ਵਿਚ ਉਹ ਏਹਨਾਂ ਦੀ ਪ੍ਰਦਖਣਾਂ ਕਰਕੇ ਅਤੀ ਪ੍ਰਸੰਨ ਹੁੰਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਇਕ ਹੁਕਮਨਾਮੇ ਵਿਚ ਲਿਖਿਆ ਸੀ "ਭਾਈ ਭੁੱਖੇ ਨੂੰ ਰੋਟੀ, ਨੰਗੇ ਨੂੰ ਕਪੜਾ ਜੋੜਾ ਬੀ ਦੇਣਾ ਜਿਨਾਂ

Sri Satguru Jagjit Singh Ji eLibrary NamdhariElibrary@gmail.com

ਸਰੇ।'' ਪੁੰਨ ਦਾਨ ਤੇ ਧੰਨ ਨਹੀਂ ਘਟਦਾ। ਧੰਨ ਤਾਂ ਕੁਚਾਲ ਚਾਲ ਤੇ ਘਟਦਾ ਹੈ।'' ਵਾਹ ਸਤਿਗੁਰੂ ਰਾਮ ਸਿੰਘ ਤੇਰੀ ਸ਼ਾਨ ਨਿਰਾਲੀ। ਤੇਰਾ ਸੌਣਾ ਵੱਖਰਾ, ਤੇਰਾ ਜਾਗਣ ਦਾ ਢੰਗ ਵਖਰਾ। ਤੂੰ ਪਿਆਰ ਦੀ ਵਖਰੀ ਰੀਤੀ ਸਮਝਾਈ। ਤੂੰ ਲੜਨ ਦੀ ਵੱਖਰੀ ਰੀਤੀ ਤੋਰੀ। ਤੂੰ ਲੰਗਰ ਵਿਚੋਂ ਕਿਸੇ ਗਊ ਰਤ ਨਾਲ ਲਿਬੜੀ ਛੁਰੀ ਵਾਲੇ ਕਸਾਈ ਨੂੰ ਖ਼ਾਲੀ ਨਾ ਮੋੜਨ ਦਾ ਪੂਰਨਾ ਪਾਕੇ ਸੰਤ ਫਤਹਿ ਸਿੰਘ ਨੂੰ ਦਾਨ ਪੁੰਨ ਦੀ ਅਲੌਕਿਕ ਰੀਤੀ ਸਮਝਾ ਦਿੱਤੀ। ਭਾਈ ਜੀ ਦੀ ਏਸ ਖੋਹੀ ਮੋਹੀ ਦੇ ਜਮਾਨੇ 'ਚ ਏਸ ਚਾਲੀ ਨੂੰ ਵੇਖਕੇ ਹਾਤਮ ਤੇ ਹਰੀ ਚੰਦ ਵਰਗੇ ਸਭ ਕੁਝ ਹਰੀ ਦੇ ਲੇਖੇ ਲਾਣ ਵਾਲੇ ਮੂੰਹ 'ਚ ਉਂਗਲਾਂ ਪਾ ਰਹੇ ਸਨ।

ਸੰਤ ਫਤਹਿ ਸਿੰਘ ਦੀ ਸੁਗੰਧੀ ਦਿਨੋਂ ਦਿਨ ਦੂਰ ਤਕ ਫੈਲਦੀ ਗਈ। ਇਸ ਦੀਆਂ ਲਪਟਾਂ ਘਰ ਘਰ ਪੁੱਜ ਗਈਆਂ। ਨਾਮਧਾਰੀਆਂ ਤਾਂ ਇਹਨਾਂ ਦੀ ਉਸਤਤ ਕਰਨੀ ਸੀ, ਮਗਰ ਗੈਰ ਨਾਮਧਾਰੀਆਂ ਦੇ ਵੀ ਇਹਨਾਂ ਦੀ ਸੋਭਾ ਕਰਦਿਆਂ ਦੇ ਬੁੱਲ੍ਹ ਸੁਕਦੇ ਸਨ। ਆਲੇ ਦੁਆਲੇ ਦੇ ਜਾਂਗਲੀ ਵੀ ਏਸ ਧਰਤੀ ਦੀਆਂ ਵਡਿਆਈਆਂ ਕਰਦੇ ਨਹੀਂ ਸਨ ਥੱਕਦੇ। ਕਿਸੇ ਗਲੀ-ਗਵਾਂਢ ਨਾਲ ਗਲ ਕਰੋ, ਰਾਹੀ ਨੂੰ ਪੁਛੋ, ਕਿਸੇ ਛੇੜੂ ਨਾਲ ਗਲ ਤੋਰੋ, ਸਭ ਇੱਕੋ ਕਹਿਣਗੇ 'ਫਤਹਿ ਸਿੰਘ ਏਸ ਦੁਨੀਆਂ ਦਾ ਬੰਦਾ ਨਹੀਂ'। ਏਸ ਦੀ ਦੁਨੀਆਂ ਵਖਰੀ ਹੈ। ਏਸ ਦਾ ਵਿਹਾਰ ਇਸ ਦੁਨੀਆਂ ਵਾਲਾ ਨਹੀਂ। ਇਸ ਧਰਤੀ ਦੇ ਵਸਨੀਕਾਂ ਦਾ ਵਿਹਾਰ ਹੈ ਰਾਮ ਰਾਮ ਜਪਣਾ ਪਰਾਇਆ ਮਾਲ ਆਪਣਾ, ਖੋਹ ਲਓ ਖਾ ਲਓ, ਸਭ ਨੇ ਮੂੰਹ ਅੱਡੇ ਹੋਏ ਹਨ। ਸ਼ਾਹ, ਸਾਮੀਆਂ, ਜਿਮੀਂਦਾਰ, ਵਾਹਕ, ਰਾਜੇ, ਰਾਣੇ ਇਕੋ ਹੀ ਪੱਟੀ ਪੜ੍ਹੇ ਹੋਏ ਹਨ, ਮੂੰਹ ਚੁੱਕ ਚੁੱਕ ਸ਼ਿਕਾਰ ਨੂੰ ਭਾਲਦੇ ਹਨ। ਝਾੜੀ ਝਾੜੀ ਉਹਨਾਂ ਦੀ ਢੂੰਡ ਕਰਦੇ ਹਨ, ਮਗਰ ਫਤਹਿ ਸਿੰਘ ਦੁਹੀਂ ਹਥੀਂ ਘਰ ਲੁਟਾਂਦਾ ਹੈ। ਤੰਗਲੀ ਨਾਲ ਉਜਾੜਦਾ ਹੈ, ਸਵਾਰਥੀ ਦੁਨੀਆਂ ਵੱਡੀਆਂ ਪੱਗਾਂ ਨੂੰ ਸਲਾਮਾਂ ਕਰਦੀ ਹੈ, ਮਗਰ ਸੂਝਵਾਨ ਲੋਕ ਏਸ ਦੇ ਖੱਦਰ ਦੇ ਪਰਨੇ ਨੂੰ ਨਿਮਸ਼ਕਾਰਾਂ ਕਰਦੇ ਹਨ। ਤਾਜ ਏਸ ਦੇ ਚਰਨਾਂ ਵਿਚ ਲੇਟਦੇ ਹਨ। ਇਸਦੀ ਕਚੀ ਕੁਟੀਆ ਦਾ ਰਾਜ ਭਵਨ ਪਾਣੀ ਭਰਦੇ ਹਨ। ਇਸਦਾ ਸਾਫ਼ ਸੁਥਰਾ ਵਿਹੜਾ ਸਵਰਗਾਂ ਨਾਲੋਂ ਵਧੇਰੇ ਲਿਸ਼ਕਾਂ ਮਾਰਦਾ ਹੈ। ਉਸਦੇ ਦਰਸ਼ਨ ਕੀ ਹਨ? ਉਸ ਦੇ ਦਰਸ਼ਨ ਸਨ ਰੱਬ ਦੇ ਦਰਸ਼ਨ। ਇਸ ਦੇ ਦਿਦਾਰੇ ਸਨ ਅੱਲਾ ਦੇ ਦਿਦਾਰੇ। ਆਲਾ ਦੁਆਲਾ ਸਵੇਰ ਸਾਰ ਸੰਤਾਂ ਦਾ ਨਾਮ ਸੁਣਕੇ ਪ੍ਰਸੰਨ ਹੁੰਦਾ ਸੀ। ਉਹਨਾਂ ਦਾ ਵਿਸ਼ਵਾਸ ਸੀ, ਕਿ ਏਸ ਮਹਾਂ ਪੁਰਸ਼ ਦਾ ਨਾਮ ਲੈਣ ਨਾਲ ਕੁਸਗਨ ਸਗਨਾਂ ਵਿਚ ਬਦਲ ਜਾਂਦੇ ਹਨ। ਟਪਾਰ ਨਜ਼ਰਾਂ ਮਗਰੋਂ ਲਹਿ ਜਾਂਦੀਆਂ ਹਨ। ਏਸ ਵਾਸਤੇ ਉਹ ਅਰਦਾਸ ਕਰਿਆ ਕਰਦੇ ਹਨ ਕਿ ਹੇ ਦੀਨ-ਦਿਆਲ! ਸਵੇਰ ਸਾਰ ਬਾਬੇ ਫਤਹਿ ਸਿੰਘ ਦੇ ਮਥੇ ਲਾਈਂ, ਜਿਸ ਭਾਗਵਾਨ ਨੂੰ ਅੰਦਰ ਬਾਹਰ ਨਿਕਲਦਿਆਂ ਸੰਤਾਂ ਦੇ ਦਰਸ਼ਨ ਹੋ ਗਏ ਉਹਨਾਂ

Sri Satguru Jagjit Singh Ji eLibrary NamdhariElibrary@gmail.com

ਦਾ ਸਾਰਾ ਦਿਨ ਮਲ੍ਹਾਰਾਂ ਗਾਉਂਦਿਆਂ ਲੰਘ ਗਿਆ, ਉਸ ਨੂੰ ਵਧਾਈਆਂ ਮਿਲਦੀਆਂ ਰਹੀਆਂ।

ਸੰਤਾਂ ਦਾ ਘਰ ਕਾਹਦਾ ਸੀ? ਨਿਰੀ ਇਕ ਸਰਾਂ! ਚਾਰ ਆਏ, ਦੋ ਗਏ, ਪਰ ਏਸ ਘਰ ਨੂੰ ਸਰਾਂ ਕਹਿਣਾ ਭੁਲ ਹੈ। ਸਰਾਂ ਵਿਚ ਸਾਹ ਲੈਣ ਦੇ ਪੈਸੇ , ਰੋਟੀ ਦੇ ਪੈਸੇ, ਮੰਜੇ ਦੇ ਪੈਸੇ ਮਗਰ ਏਥੇ ਮਨ ਮਰਜ਼ੀ ਦਾ ਭੋਜਨ, ਮੰਜੇ ਬਿਸਤਰੇ ਮੁਫ਼ਤ ਸਤਿਕਾਰ ਤੇ ਧੰਨਵਾਦ ਵੱਖਰਾ ਏਥੇ ਰਗੜੇ ਲੱਗਦੇ, ਲੋਹ ਤਪਦੀ, ਦਿਨ ਰਾਤ ਢੋਲਕੀ ਖੜਕਦੀ ਗੂੰਜਾਂ ਗੂੰਜਦੀਆਂ:-

**ਹੋਈ ਗੁਰੂਆ ਤੇਰੀ ਜੈ ਜੈ ਕਾਰ।**

ਸਭ ਤੋਂ ਸੁਆਦੀ ਗੱਲ ਤਾਂ ਇਹ ਸੀ ਕਿ ਘਰ ਵਾਲੇ ਘਰ ਹੋਣ ਤਾਂ ਵੀ ਲਾਮ ਡੋਰ ਬਧੀ ਰਹਿੰਦੀ ਜੇ ਬਾਹਰ ਹੋਣ ਤਾਂ ਵੀ ਤਾਂਤਾ ਬਝਾ ਰਹਿੰਦਾ, ਸੁਰਾਂ ਲੱਗਦੀਆਂ ਰਹਿੰਦੀਆਂ, ਲਾਲੀਆਂ ਚੜੀਆਂ ਰਹਿੰਦੀਆਂ। ਸੰਤ ਜੀ ਜਦ ਪੈਲੀ ਬੰਨੇ ਫੇਰਾ ਮਾਰਨ ਵਾਸਤੇ ਬਾਹਰ ਹੋਣ ਤਾਂ ਘਰ ਦਾ ਪਹਿਰੂਆ (ਜੰਦਰਾ) ਪ੍ਰਾਹੁਣਿਆਂ ਨੂੰ ਜੀਉ ਆਇਆਂ ਕਹਿੰਦਾ ਤੇ ਪਹਿਰੇਦਾਰਨੀ ਓਹਨਾਂ ਦੀ ਸੇਵਾ ਕਰਦੀ, ਅਤਿਥੀਆਂ ਦੇ ਆਉਣ ਤੇ ਦੋਵੇਂ ਜੀ ਕੁਝ ਘੁਸਰ ਮੁਸਰ ਕਰਦੇ ਕਿ ਬੰਦ ਦਰਵਾਜ਼ੇ ਚੌੜ ਚਪਟ ਖੁੱਲ੍ਹ ਜਾਂਦੇ। ਬਦਾਮ ਸ਼ਰਦਾਈ ਤੇ ਖੰਡਾਂ, ਬਰਤਨਾਂ ਵਿਚੋਂ ਨਿਕਲਕੇ ਆਪੇ ਹੀ ਰਗੜਿਆਂ ਵਾਸਤੇ ਆ ਹਾਜਰ ਹੁੰਦੇ। ਆਟੇ ਪਰਾਤਾਂ ਵਿਚ ਭੁੜਕਣ ਲੱਗ ਪੈਂਦੇ ਅਤੇ ਦਾਲੇ ਰਿਝਣੇ ਸ਼ੁਰੂ ਹੋ ਜਾਂਦੇ। ਸੰਤਾਂ ਦਾ ਵਾਸਤਾ ਕੇਵਲ ਪ੍ਰਸ਼ਾਦ ਨਾਲ ਸੀ। ਮਗਰ ਵਧੇਰਾ ਕੰਮ ਭਾਂਡਿਆਂ ਨੂੰ ਭਰਪੂਰ ਕਰਨਾ ਸੀ। ਜੇ ਸ਼ੱਕਰ, ਮੁਕੀ ਤਾਂ ਸ਼ੱਕਰ ਜੇ ਬਦਾਮ ਮੁੱਕੇ ਤਾਂ ਬਦਾਮ ਲਿਆ ਪਾਏ। ਬਸ ਬਾਕੀ ਜਾਣੇ ਗੁਰੂ ਜਾਂ ਗੁਰੂ ਦੀ ਸਾਧ ਸੰਗਤ। ਜਦ ਕਦੀ ਸੰਤ ਕੰਮ ਕਾਰ ਕਰਦੇ ਘਰ ਆਉਂਦੇ ਤਾਂ ਸਾਧਾਂ ਨੂੰ ਲੰਗਰ ਕਰਦਿਆਂ ਵੇਖਦੇ ਤਾਂ ਦੂਰੋਂ ਹੀ ਮਸਤੀ ਚੜ੍ਹ ਜਾਂਦੀ, ਅੱਖਾਂ ਨਸ਼ਿਆ ਜਾਂਦੀਆਂ ਖੁਸ਼ੀਆਂ ਨਾਲ ਲਬਾ ਲਬ ਹੋ ਜਾਂਦੇ ਇਕ ਹੱਥ ਸਿਰ ਤੇ ਇਕ ਹੱਥ ਕੰਨਾਂ ਤੇ ਪੁਜ ਜਾਂਦਾ ਅਤੇ ਪੈਰ ਨਿਰਤ ਅਰੰਭ ਦਿੰਦੇ, ਰਸਨਾ ਸੁਤੇ ਹੀ ਅਲਾਪ ਛੇੜਦੀ:-

**ਘਰ ਆਏ ਸੰਤ ਪ੍ਰਾਹੁਣੇ**
**ਸੋਹੇ ਬੰਕ ਦੁਆਰੇ ਨੇ॥**
**ਘਰ ਆਏ ਸੰਤ ਪ੍ਰਾਹੁਣੇ**
**ਸੋਹੇ ਬੰਕ ਦੁਆਰੇ ਨੇ॥**

ਬਸ ਦੋਹਾਂ ਪਾਸੇ ਲਾਲੀਆਂ ਚੜ੍ਹ ਜਾਂਦੀਆਂ। ਚਰਨਾਂ ਵਲ ਹੱਥ ਦੌੜਦੇ ਵਾਹ ਵਾਹ ਅਤੇ ਬਲੇ ਦੀਆਂ ਧੁਨਾਂ ਅਕਾਸ਼ ਨੂੰ ਗੂੰਜਾ ਦੇਂਦੀਆਂ ਅਰਸ਼ਾਂ ਕੁਰਸ਼ਾਂ ਦਾ ਮਾਲਕ ਆਪਣੇ ਸਿੰਘਾਸਨ ਨੂੰ ਛੱਡ ਛੁਡਾ ਉਹਨਾਂ ਵਿਚ ਰਲ ਲੁਡੀ ਪਾਉਣ ਲੱਗ ਪੈਂਦਾ। ਜੇ ਕਿਸੇ ਸਾਧ ਨੂੰ ਕੁੰਜੀ ਨਾ ਮਿਲਦੀ ਅਤੇ ਸਾਧੂ ਖਾਲੀ ਮੁੜਦੇ। ਜਦ ਫਤਹਿ ਸਿੰਘ ਨੂੰ ਉਹਨਾਂ ਸਾਧੂਆਂ ਦਾ ਪਤਾ ਲੱਗਦਾ ਤਾਂ ਓਨਾਂ ਪਿੱਛੇ ਦੌੜਦਾ, ਉਹਨਾਂ ਨੂੰ ਲਭਦਾ, ਉਹਨਾਂ ਅੱਗੇ ਹੱਥ ਜੋੜਦਾ ਤੇ ਤਦੋਂ ਸਾਹ ਲੈਂਦਾ

Sri Satguru Jagjit Singh Ji eLibrary NamdhariElibrary@gmail.com

ਜਦ ਘਰ ਲਿਆ ਉਹਨਾਂ ਨੂੰ ਪ੍ਰਸ਼ਾਦ ਛਕਾ ਲੈਂਦਾ। ਇਕ ਵੇਰ ਕੁਝ ਸਾਧੂ ਆਏ ਉਹਨਾਂ ਨੂੰ ਕੁੰਜੀ ਨਾ ਮਿਲੀ, ਉਹਨਾਂ ਚੂਥੀ ਪੁੱਟ ਲਈ ਅਤੇ ਲੰਗਰ ਤਿਆਰ ਕਰਨ ਲੱਗ ਪਏ। ਜਿਸ ਵੇਲੇ ਫਤਹਿ ਸਿੰਘ ਹੁਰੀਂ ਘਰ ਮੁੜੇ। ਚੂਥੀ ਪੁਟੀ ਵੇਖੀ ਜੰਦਰਾ ਨਾਲ ਲਮਕਦਾ ਵੇਖਿਆ, ਤਾਂ ਖੁਸ਼ੀਆਂ ਦੇ ਹੜ੍ਹ ਤਾਂ ਅੱਗੇ ਚੜ੍ਹੇ ਹੋਏ ਸਨ ਵੈਰਾਗੀ ਹੋ ਨਚੇ। ਧੰਨ ਮੇਰਾ ਚੀਨੀ ਵਾਲਾ ਪਾਤਸ਼ਾਹ ਧੰਨ ਠੰਡੀ ਮੂਰਤੀ ਸਤਿਗੁਰੂ ਹਰੀ ਸਿੰਘ ਜੀ ਜਿਹਨਾਂ ਨੇ ਇਹਨਾਂ ਮਹਾਂ ਪੁਰਸ਼ਾਂ ਨੂੰ ਸਮਝਾ ਲਿਆ ਹੈ ਕਿ ਇਹ ਘਰ ਫਤਹਿ ਸਿੰਘ ਦਾ ਨਹੀਂ ਇਹ ਘਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੈ। ਇਸੇ ਸੱਚਖੰਡ ਟੁਕੜੀ ਦਾ ਸਦਕਾ ਹੀ ਇਥੋਂ ਦੀਆਂ ਜੂਹਾਂ ਚਰਾਂਦਾਂ ਅਤੇ ਖੇਤਾਂ ਵਿਚੋਂ ਇਹੋ ਧੁਨੀ ਉਠਦੀ ਸੁਣਾਈ ਦੇਂਦੀ:-

**ਬਲੇ ਬਲੇ ਜਿਨਾਂ ਦੇ ਪੁਤ ਨਾਮ ਜਪਦੇ**
**ਧੰਨ ਧੰਨ ਓਨਾਂ ਦੀਆਂ ਮਾਵਾਂ**
**ਜਿਨਾਂ ਦੇ ਪੁਤ ਨਾਮ ਜਪਦੇ**

ਅਤੇ ਕਈ ਵਾਰ ਸੀਨਿਆਂ ਨੂੰ ਚੀਰਨਵਾਲੀਆਂ ਮਾਹੀਏ ਦੀਆਂ ਧੁਨਾਂ ਕਲੇਜਿਆਂ ਨੂੰ ਛਾਣਨੀ ਕਰ ਦੇਂਦੀਆਂ ਸਨ:-

**ਕੋਠੇ ਤੋਂ ਉਡ ਬਤਖੇ**
**ਜਿਨੀ ਰਾਹੀਂ ਆਂਵਦਾ ਦਿਸੇ**
**ਓਨਾਂ ਰਾਹਾਂ ਤੋਂ ਜਾਂ ਸਦਕੇ॥**

ਇਕ ਵੇਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜਿਹਨਾਂ ਦਾ ਸਰੂ ਜਿਹਾ ਕੱਦ, ਸੂਰਜ ਨੂੰ ਸ਼ਰਮਾਉਣ ਵਾਲਾ ਚਿਹਰਾ, ਕੰਵਲ ਨੇਤਰ, ਗੋਲ ਦਾੜ੍ਹਾ, ਸ਼ੇਰ ਨੂੰ ਕੰਬਾਊ ਭਬਕਾਰ, ਪਰ ਸ਼ਹਿਦ ਨਾਲੋਂ ਮਿੱਠੀ ਮੁਸਕਣੀ, ਖਿੜਵਾਂ ਮੱਥਾ, ਜਿਸਦੇ ਕਦਮਾਂ ਤੇ ਰਾਜੇ ਮਹਾਰਾਜੇ, ਸੇਠ ਸ੍ਰਦਾਰ, ਵਡੀਆਂ ਵਡੀਆਂ ਖਿਲਜ਼ਾਂ ਦੇ ਮਾਲਕ, ਭੋਂਆਂ ਦੇ ਮਾਲਕ ਚਰਨਾਂ ਨੂੰ ਛੂਹ ਕੇ ਧੰਨ ਭਾਗ ਜਾਣਦੇ ਸਨ ਅੰਗਰੇਜ਼ ਜਿਸਦੇ ਰਾਜ ਵਿਚ ਸੂਰਜ ਪੁਛ ਕੇ ਚੜ੍ਹਦਾ ਸੀ ਉਸਦੀਆਂ ਖੁਸ਼ੀਆਂ ਲੈਣ ਵਾਸਤੇ ਸੌ ਸੌ ਬਹਾਨੇ ਲਭਦਾ ਸੀ। ਲਾਹੌਰੋਂ ਆਏ, ਗਡੀਓਂ ਉਤਰੇ ਲਾਭ ਸਿੰਘ ਦੇ ਵਾੜੇ ਜਾਣਾ ਸੀ। ਗੱਡੀ ਕੁਝ ਲੇਟ ਪੁੱਜੀ। ਭਾਵੇਂ ਘੋੜੇ ਤਿਆਰ ਖੜੇ ਸਨ ਪਰ ਸਾਹਿਬ ਮੌਜ ਵਿਚ ਆ ਗਏ ਤੇ ਬਚਨ ਕੀਤਾ 'ਰਤਨ! ਲੰਗਰ ਫਤਹਿ ਸਿੰਘ ਦੇ ਡੇਰੇ ਕਰੀਏ।' 'ਜਿਵੇਂ ਰਜਾ।'

ਅੱਗੇ ਅੱਗੇ ਸੱਚੇ ਪਾਤਸ਼ਾਹ ਜੀ ਪਿੱਛੇ ਪਿੱਛੇ ਭਾਈ ਵਜ਼ੀਰ ਸਿੰਘ ਜੀ ਰਤਨ ਸਿੰਘ ਜੀ ਮੁਹਕਮ ਸਿੰਘ ਜੀ ਅਤੇ ਪੰਜ ਸੱਤ ਘੋੜਿਆਂ ਨੂੰ ਲਿਆਉਣ ਵਾਲੇ ਸਿੰਘ। ਸਭ ਮਾਛੀ ਕੇ ਦੀ ਬਸਤੀ ਨੂੰ ਟੁਰ ਪਏ। ਪਤਾ ਨਹੀਂ ਕਿਹੜੀ ਪੌਣ ਭਾਈ ਜੀ ਦੇ ਕੰਨ ਵਿਚ ਕੁਝ ਦਸ ਗਈ ਕਿ ਫਤਹਿ ਸਿੰਘ ਜੀ ਅਗੇ ਗਲੀਆਂ ਵਿਚ ਝਾੜੂ ਦੇ ਰਹੇ ਸਨ। ਸੰਤਾਂ ਨੂੰ ਸਤਿਗੁਰਾਂ ਦੇ ਦਰਸ਼ਨ ਹੋਏ ਬਾਗੋ ਬਾਗ ਹੋ ਗਏ ਆਪਾ ਭੁਲ ਗਏ। ਵੈਰਾਗੀ ਹੋਏ ਚਰਨਾਂ ਤੇ ਲੇਟ ਗਏ, ਉੱਠੇ ਤਾਂ ਇਕੋ ਸਾਹ ਕੂਕੀ ਗਏ 'ਔਹ ਮੇਰੇ ਰਾਮ ਆ ਗਏ ਔਹ ਮੇਰੇ ਕ੍ਰਿਸ਼ਨ ਮੁਰਾਰ

Sri Satguru Jagjit Singh Ji eLibrary NamdhariElibrary@gmail.com

ਆ ਗਏ ਔਹ ਮੇਰੇ ਜਗਤ ਤਾਰਕ ਨਾਨਕ ਆ ਗਏ। ਲੁਕਾਈਏ ਇਹ ਘਟ ਘਟ ਦੀ ਜਾਨਣਹਾਰ ਹਰ ਏਹ ਅਕਾਲ ਪੁਰਖ ਹੈ।'

**ਆਪ ਨਾਰਾਇਣ ਕਲਾ ਧਾਰ**
**ਜਗ ਮਹਿ ਪਰਵਰਿਓ।**

ਏਹ ਹਨ ਕਾਮਨਾਵਾਂ ਪੂਰਕ, ਔਂਸੀਆਂ ਨੂੰ ਰਾਹ ਵਿਖਾਉਣ ਵਾਲੇ। ਆਂਢ ਗੁਆਂਢ ਇਕੱਠਾ ਹੋ ਗਿਆ। ਸਭ ਹਿੰਦੂ ਮੁਸਲਮਾਨਾਂ ਸਤਿਗੁਰਾਂ ਦੇ ਚਰਨ ਪਰਸੇ। ਸੰਤਾਂ ਮੰਜਾ ਡਾਹਿਆ, ਉਪਰ ਚਿੱਟਾ ਖੇਸ ਵਿਛਾਇਆ, ਲਾਗੇ ਪਰਾਲੀ ਸੁੱਟ ਦਿੱਤੀ। ਸੱਚੇ ਪਾਤਸ਼ਾਹ ਮੰਜੇ ਉੱਤੇ ਜਾ ਸਸ਼ੋਭਤ ਹੋਏ ਆਈਆਂ ਸੰਗਤਾਂ ਆਲੇ ਦੁਆਲੇ ਬੈਠ ਗਈਆਂ। ਸੰਤ ਜੀ ਏਧਰੋਂ ਵੇਹਲੇ ਹੋ ਸੰਤ ਰਤਨ ਸਿੰਘ ਜੀ ਅੱਗੇ ਜਾ ਹੱਥ ਜੋੜ ਖਲੋਤੇ:-

**"ਹਾਂ ਹਜ਼ੂਰ ਕੀ ਹੁਕਮ ਹੈ?"**
**'ਲਿਆਓ ਰਸਤ ਲੰਗਰ ਕਰੀਏ।'**

ਧੰਨਭਾਗ! ਤੁਸੀਂ ਮੇਰੀ ਰਸਤ ਪ੍ਰਵਾਨ ਕਰੋ, ਪਰ ਮੈਂ ਲਿਆਵਾਂ ਕੀ? ਸ੍ਰੀ ਭੈਣੀ ਸਾਹਿਬ ਜਾਈਏ ਤਾਂ ਮਾਤਾ ਜੀਉਣ ਕੌਰ ਜੀ ਬਦਾਮਾਂ ਖੰਡਾਂ ਤੇ ਘਿਉਆਂ ਦੇ ਬਾਟੇ ਭਰ-ਭਰ ਬਖਸ਼ਦੇ ਹਨ। ਸਤਿਗੁਰੂ ਜੀ ਆਪ ਸੰਗਤਾਂ ਨੂੰ ਘਿਓ ਵਿਚ ਤਲ ਤਲ ਕੇ ਪ੍ਰਸ਼ਾਦ ਛਕਾਇਆ ਕਰਦੇ ਹਨ, ਤ੍ਰਿਭੌਲ ਦੇ ਗੱਫੇ ਲਵੌਂਦੇ ਥਕਿਆ ਨਹੀਂ ਕਰਦੇ, ਲੱਡੂ ਤੇ ਜਲੇਬੀ ਦੁੱਧਾਂ ਵਿਚ ਰਲਾ ਰਲਾ ਛਕਾ ਪ੍ਰਸੰਨ ਹੋਇਆ ਕਰਦੇ ਹਨ। ਮੈਂ ਲਿਆਵਾਂ ਤਾਂ ਕੀ ਲਿਆਵਾਂ?'

"ਜੋ ਉਹਨਾਂ ਕੋਲ ਹੁੰਦਾ ਹੈ ਉਹ ਛਕਾਉਂਦੇ ਹਨ, ਜੋ ਤੇਰੇ ਕੋਲ ਹੈ ਤੂੰ ਛਕਾ।"

ਫਤਹਿ ਸਿੰਘ ਅੰਦਰ ਗਿਆ ਉਸ ਦਿਨ ਘਰ ਵਿਚ ਕਣਕ ਜੌਂ ਛੋਲਿਆਂ ਦਾ ਮਿੱਸਾ ਆਟਾ ਸੀ, ਅਤੇ ਜੰਡ ਦੀਆਂ ਕੂਲੀਆਂ ਕੂਲੀਆਂ ਫਲੀਆਂ ਸੰਤਾਂ ਉਹ ਲਿਆ ਹਾਜ਼ਰ ਕੀਤੀਆਂ। ਨਿੰਮ੍ਰਤਾ ਨਾਲ ਕਿਹਾ 'ਰਤਨ ਸਿਆਂ ਤੁਹਾਡੀਆਂ ਗਊਆਂ ਤੇ ਘੋੜੀਆਂ ਇਹਨਾਂ ਨੂੰ ਕਬੂਲਦੀਆਂ ਨਹੀਂ ਤੁਹਾਨੂੰ ਰਸਤ ਕਾਹਦੀ?'

'ਤੁਸੀਂ ਫਿਕਰ ਨਾ ਕਰੋ ਜੋ ਕੁਝ ਘਰ ਵਿਚ ਹੈ ਸਭ ਅੰਮ੍ਰਿਤ ਹੈ।'

ਸੰਤ ਰਤਨ ਸਿੰਘ ਜੀ ਲੰਗਰ ਲੱਗ ਗਏ। ਫਤਹਿ ਸਿੰਘ ਹੋਰੀਂ ਕੁਝ ਛੋਟੀ ਮੋਟੀ ਸੇਵਾ ਵਿਚ ਜੁੱਟ ਗਏ ਅਤੇ ਓਧਰ ਸਤਿਗੁਰ ਰੁੱਖਾਂ ਹੇਠ ਬੈਠੇ ਚੀਨੀ ਵਾਲੇ ਦੇ ਕੌਤਕ, ਸ੍ਰੀ ਗੁਰੂ ਹਰੀ ਸਿੰਘ ਦੀਆਂ ਬਖਸ਼ਾਂ, ਨਾਮਧਾਰੀ ਮਹਾਂਪੁਰਸ਼ਾਂ ਦੇ ਉੱਚੇ ਅਤੇ ਸੁੱਚੇ ਜੀਵਨ ਦੇ ਬਚਨ ਬਿਲਾਸ ਕਰਦਿਆਂ ਦੇਸ਼ ਧਰਮ ਦੀ ਰੱਖਿਆ ਹਿਤ ਸਿੰਘਾਂ ਦਾ ਤੋਪਾਂ ਸਾਹਮਣੇ ਉਡਣਾ, ਸਤਿਗੁਰੂ ਜੀ ਦਾ ਪ੍ਰਦੇਸ ਗਮਨ ਕਰਨ ਦੇ ਪ੍ਰਸੰਗ ਵਰਨਣ ਕੀਤੇ ਤਾਂ ਸਰੋਤਿਆਂ ਦੀਆਂ ਅੱਖਾਂ ਡੁੱਲ ਪਈਆਂ। ਸਤਿਗੁਰਾਂ ਦੇ ਨੇਤਰ ਵੀ ਸਜਲ ਹੋ ਗਏ ਇਥੋਂ ਤਕ ਕਿ ਰੁੱਖਾਂ ਦੇ ਪਤਿਆਂਵੀ ਤ੍ਰਪਤ੍ਰਪ ਹੰਝੂ ਕੇਰਨੇ ਸ਼ੁਰੂ ਕਰ ਦਿੱਤੇ।

Sri Satguru Jagjit Singh Ji eLibrary NamdhariElibrary@gmail.com

ਏਨੇ ਨੂੰ ਲੰਗਰ ਤਿਆਰ ਹੋ ਗਿਆ ਸਤਿਗੁਰੂ ਜੀ ਇਸ਼ਨਾਨ ਕੀਤਾ ਪ੍ਰਸਾਦ ਛਕਿਆ ਆਏ ਸਿੱਖਾਂ ਸਾਧਾਂ ਨੇ ਪ੍ਰਸਾਦ ਛਕਿਆ। ਹੋਰ ਅਨੇਕਾਂ ਪ੍ਰਸੰਗ ਹੋਏ। ਸਭ ਪਾਸੇ ਧੰਨ ਧੰਨ ਹੋ ਰਹੀ ਸੀ। ਸਭ ਆਖ ਰਹੇ ਸਨ ਬੜਾ ਅਨੰਦ ਆਇਆ ਹੈ ਬੜਾ ਰਸ ਬਧਾ ਹੈ। ਪਤਾ ਨਹੀਂ ਰਤਨ ਸਿੰਘ ਦੇ ਹੱਥਾਂ ਵਿਚ ਕੀ ਜਾਦੂ ਹੈ ਕਿ ਲੰਗਰ ਵਿਚ ਅੰਮ੍ਰਿਤ ਭਰਦੇ ਜਾਂਦੇ ਹਨ। ਦੂਜੇ ਨੇ ਕਿਹਾ ਜੇ ਰਤਨ ਸਿੰਘ ਜੀ ਅੰਮ੍ਰਿਤ ਭਰਦੇ ਹਨ ਤਾਂ ਫਤਹਿ ਸਿੰਘ ਹੋਰੀਂ ਕਿਹੜੇ ਘੱਟ ਨੇ ਇਹ ਅੰਮ੍ਰਿਤ ਤਿਆਰ ਕਰਦੇ ਹਨ ਰਸ ਕਿਉਂ ਨਾ ਆਵੇ। ਮਗਰ ਸਤਿਗੁਰੂ ਜੀ ਜਿਹੜੇ ਤਰੇਤੇ ਵਿਚ ਰਿਸ਼ੀਆਂ ਦੇ ਪਕਵਾਨ ਤਿਆਗ ਕੇ ਭੀਲਣੀ ਦੇ ਸੁੱਕੇ ਬੇਰਾਂ ਉਤੇ ਰੀਝ ਪਏ ਸਨ। ਜਿਹਨਾਂ ਦਰਯੋਧਨ ਦੇ ਮੇਵਿਆਂ ਨੂੰ ਲਤ ਮਾਰ ਬਿਦਰ ਦੇ ਕੇਲਿਆਂ ਦੀਆਂ ਛਿੱਲਾਂ ਨੂੰ ਬੜੇ ਸਵਾਦ ਨਾਲ ਖਾਧਾ ਸੀ। ਜਿਹਨਾਂ ਮਲਕ ਦੀਆਂ ਪੂਰੀਆਂ ਕਚੌਰੀਆਂ ਨੂੰ ਠੁਕਰਾ ਭਾਈ ਲਾਲੋ ਦੇ ਕੋਧਰੇ ਦੇ ਪ੍ਰਸ਼ਾਦਿਆਂ ਨੂੰ ਭੋਗ ਲਾਇਆ ਸੀ, ਬੜੇ ਪ੍ਰੇਮ ਨਾਲ ਆਖ ਰਹੇ ਸਨ "ਰਤਨ, ਪ੍ਰਸਾਦ ਤਾਂ ਬੜੇ ਛੱਕੇ ਹਨ, ਪਰ ਜੋ ਅਨੰਦ ਅੱਜ ਆਇਆ ਹੈ ਸਾਰੀ ਜ਼ਿੰਦਗੀ ਨਹੀਂ ਆਇਆ। ਪ੍ਰਸਾਦ ਕੀ ਸੀ ਛਤੀ ਪਦਾਰਥ ਸਨ, ਨਿਰਾ ਅੰਮ੍ਰਿਤ ਸੀ।"

ਸੰਤ ਰਤਨ ਸਿੰਘ ਹਜ਼ੂਰੀ ਲਾਂਗਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।

**ਗੁਰ ਕੀ ਮੂਰਤਿ ਮਨ ਮਹਿ ਧਿਆਨ ਗੁਰ ਕੈ ਸਬਦਿ ਮੇਤ੍ਰੁ ਮਨੁ ਮਾਨੁ।**
**ਗੁਰ ਕੇ ਚਰਨ ਰਿਦੈ ਲੈ ਧਾਰਉ ਗੁਰੁ ਪਾਰ ਬ੍ਰਹਮ ਸਦਾ ਨਮਸਕਾਰਉ॥**

–ਗੁਰੂ ਅਰਜਨ ਦੇਵ ਜੀ

Sri Satguru Jagjit Singh Ji eLibrary NamdhariElibrary@gmail.com

# ਪਾਰਸ ਛੂਹ

**ਜਿਥੇ ਢੋਲਕੀ ਛੈਣੇ ਖੜਕਣ**
**ਉਹ ਘਰ ਕੂਕਿਆਂ ਦਾ।**

ਅਜੇਹਾ ਘਰ ਗੁਜਰਾਂਵਾਲਿਉਂ 20-25 ਮੀਲ ਦੱਖਣ ਪਾਸੇ ਚਵਾਂ ਪਾਸਿਓਂ ਤੋਂ ਹਰਿਆ ਭਰਿਆ ਖੇਤਾਂ ਨਾਲ ਘਿਰਿਆ ਨੌਸ਼ਹਿਰੇ ਵਿਚ ਸੀ, ਜਿੱਥੇ ਇਕ ਲੰਮਾਂ ਪਤਲਾ, ਮੂੰਹ ਤੇ ਮਾਤਾ ਦੇ ਦਾਗ ਕਣਕ ਭਿੰਨਾਂ ਰੰਗ ਚੀਨੀ ਵਾਲੇ ਪਾਤਸ਼ਾਹ ਦੇ ਚਰਨਾਂ ਦਾ ਭੌਰਾ ਮੱਘਰ ਸਿੰਘ ਨਾਉਂ ਦਾ ਸਿਦਕੀ ਸਿੱਖ ਸੀ। ਇਸਦੇ ਘਰ ਸ਼ਬਦ ਕੀਰਤਨ ਦੀਆਂ ਘਨਘੋਰਾਂ ਉਠਦੀਆਂ ਤੇ ਨਾਮ ਰਸੀਆਂ ਦੇ ਆਸਣ ਖੁਲਦੇ ਸਨ। ਲੱਖਾਂ ਦਿਲਾਂ ਦੇ ਸ਼ਹਿਨਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਸਾਲ ਵਿਚ ਇਕ ਦੋ ਵੇਰ ਦਰਸ਼ਨ ਦੇਂਦੇ ਅਤੇ ਕਮਲਾਈਆਂ ਰੂਹਾਂ ਨੂੰ ਖੇੜਾ ਬਖਸ਼ਦੇ। ਭਾਈ ਮੱਘਰ ਸਿੰਘ ਕਿਰਤੀ ਸੀ, ਸਦਾ ਸਾਧ ਸੰਗਤ ਨੂੰ ਛਕਾਕੇ ਪ੍ਰਸੰਨ ਹੁੰਦਾ। ਸਤਿਗੁਰੂ ਜੀ ਵੀ ਸਦਾ ਇਸਤੇ ਖੁਸ਼ੀਆਂ ਬਖਸ਼ਦੇ। ਇਹ ਟੁਕੜੀ ਰੱਬ ਰਤੜੀ ਆਤਮਾਵਾਂ ਕਾਰਨ ਦੇਵਪੁਰੀ ਬਣੀ ਹੋਈ ਸੀ। ਇਸਦਾ ਸਦਕਾ ਇਸਦੀ ਖੁਸ਼ਬੂ ਦੂਰ ਦੂਰ ਤਕ ਪਸਰ ਰਹੀ ਸੀ।

ਮਾਲਿਕ ਦੇ ਰੰਗ ਗੁਲਜ਼ਾਰਾਂ ਦੇ ਲਾਗੇ ਕੱਲਰ ਹੋ ਜਾਂਦੇ ਹਨ ਅਤੇ ਚਾਂਦੀ ਦੇ ਚਸ਼ਮੇ ਪੱਥਰਾਂ ਤੇ ਝਾੜ ਬੂਟਾਂ ਵਿਚ ਫੁਟ ਪੈਂਦੇ ਹਨ। ਸਾਗਰਾਂ ਵਿਚ ਟਾਪੂ ਅਤੇ ਮਾਰੂਥਲਾਂ ਵਿਚ ਨਖਲਸਤਾਨ ਉਗ ਪੈਂਦੇ ਹਨ। ਇਸ ਦੇਵਪੁਰੀ ਵਿਚ ਢਿਬੜੀ ਸੀ ਜਿਹੜੀ ਅਤਿ ਦੀ ਕਠੋਰ ਅਤੇ ਕਰੜੀ ਸੀ ਜਿੱਥੇ ਘਾ ਦਾ ਤੀਲਾ ਤਾਂ ਹਰਾ ਕੀ ਹੋਣਾ ਸੀ, ਸਗੋਂ ਹਰਿਆਂ ਭਰਿਆਂ ਬੂਟਿਆਂ ਨੂੰ ਵੀ ਅੰਬਰੀ ਵੇਲ ਨਿਆਈ ਕੋੜ੍ਹਦੀ ਚਲੀ ਜਾਂਦੀ ਸੀ। ਸਮੇਂ ਦਾ ਪੌਣ ਪਾਣੀ ਇਤਨਾ ਵਿਹੁਲਾ ਹੈ ਕਿ ਅਜੇਹੀਆਂ ਟੁੱਕੜੀਆਂ ਥਾਂ ਥਾਂ ਸੁੱਤੇ ਹੀ ਉਗਮ ਪੈਂਦੀਆਂ ਹਨ।

ਇਸੇ ਨਗਰ ਵਿਰਸਾ ਸਿੰਘ, ਜਾਗੀਰ ਸਿੰਘ ਅਤੇ ਸ਼ਿੰਗਾਰ ਸਿੰਘ ਆਦਿ ਦੀ ਜੁੰਡਲੀ ਸੀ। ਜਿਹੜੀ ਖਾਣ ਪੀਣ ਤੋਂ ਬਿਨਾ ਕੁਝ ਨਹੀਂ ਜਾਣਦੀ ਸੀ। ਇਨ੍ਹਾਂ ਦੀ ਘਰੀਂ ਪਿਆਲੇ ਛਲਕਦੇ ਦੇ ਕਬਾਬ ਪੁਜਦੇ। ਕਿਸੇ ਨੰਗੇ ਨੂੰ ਕਪੜੇ ਜਾਂ ਭੁੱਖੇ ਨੂੰ ਗ੍ਰਾਹੀ ਦੇਣੀ ਤਾਂ ਇਕ ਪਾਸੇ ਰਹੀ ਹਾਂ ਦੂਜੇ ਦਾ ਲੀੜਾ ਲਾਹ ਲੈਣਾ ਅਤੇ ਖਾਂਦੇ ਦੇ ਮੂੰਹੋਂ ਗ੍ਰਾਹੀ ਕੱਢ ਕੇ ਖਿੱਲੀ ਮਚਾਣੀ ਇਨ੍ਹਾਂ ਦਾ ਇਕ ਸ਼ੁਗਲ ਸੀ। ਕੰਮ ਆਪਣੇ ਆਪਣੇ। ਭੈੜੇ ਨੂੰ ਭੈੜਾ ਸੌ ਕੁਹ ਦਾ ਵਲਾ ਮਾਰਕੇ ਮਿਲਦਾ ਹੈ ਅਤੇ ਸਾਧੂ ਨੂੰ ਸਾਧੂ ਪ੍ਰਬਤ ਚੀਰਕੇ ਜਾ ਜੱਫੀਆਂ ਪਾਂਦੇ ਹਨ।

ਭਾਈ ਮੱਘਰ ਸਿੰਘ ਜਦ ਇਨ੍ਹਾਂ ਭਲਿਆਂ ਲੋਕਾਂ ਕੋਲੋਂ ਲੰਘਦੇ ਤਾਂ ਖੰਘੂਰਦੇ ਮਗਰ ਇਹ ਸਦਾ ਨਿੰਮ੍ਰਤਾ ਨਾਲ ਬੇਨਤੀ ਕਰਦੇ 'ਭਾਈ! ਮਨੁੱਖਾ ਜਨਮ ਬਾਰ

Sri Satguru Jagjit Singh Ji eLibrary NamdhariElibrary@gmail.com

ਬਾਰ ਹੱਥ ਨਹੀਂ ਆਉਂਦਾ ਇਸਨੂੰ ਭੰਗ ਦੇ ਭੇੜੇ ਨ ਗਵਾਉ। ਕੁਝ ਜੀਵਨ ਦਾ ਲਾਹ ਖਟ ਲਓ'' ਤਾਂ ਉਨ੍ਹਾਂ ਪਾਸੋਂ ਘੜਿਆ ਘੜਾਇਆ ਜਵਾਬ ਮਿਲਦਾ "ਚਲ ਓਏ ਚਲ! ਐਵੇਂ ਵਿਹਲੇ ਮੁਸ਼ਟੰਡਿਆਂ ਦੀਆਂ ਗਲਾਂ ਨ ਸੁਣਾਇਆ ਕਰ। ਰੱਬ ਦੇਵੇ ਗਾਜਰਾਂ ਤਾਂ ਵਿਚੇ ਰੰਬਾ ਰੱਖ, ਖਾ ਗਏ ਰੰਗ ਲਾ ਗਏ।" ਮਗਰ ਇਹ ਸਾਧੂ ਆਪਣਾ ਸੁਭਾ ਨ ਛਡਦਾ। ਹਰ ਵੇਲੇ ਟੁਨਕਾਰਾਂ ਮਾਰਦਾ ਰਹਿੰਦਾ ਜਿਵੇਂ ਸੁਨਾਰਾ ਸੋਨੇ ਨੂੰ ਘੜਨ ਤੋਂ ਪਹਿਲਾਂ ਪੋਲੀਆਂ ਪੋਲੀਆਂ ਸੱਟਾਂ ਮਾਰਦਾ ਏ।

ਨੌਸ਼ਹਿਰੇ ਦੇ ਲਾਗੇ ਹੀ ਕੁਝ ਹੋਰ ਵੀ ਭੋਏ ਟੁੱਕੜੀਆਂ ਸਨ ਜਿਥੋਂ ਦੇ ਵਸਨੀਕ ਦੂਜਿਆਂ ਦੇ ਮਾਲ ਨੂੰ ਖਾਕੇ ਡਕਾਰ ਵੀ ਨਹੀਂ ਮਾਰਦੇ ਸਨ। ਭਲਿਆਂ ਲੋਕਾਂ ਦੀ ਹਾਸੀ ਉਡਾਉਣੀ ਇਨ੍ਹਾਂ ਦੀ ਆਦਤ ਪੱਕ ਚੁਕੀ ਸੀ। ਮੱਘਰ ਸਿੰਘ ਵਹਿਤਰਾਂ ਨਾਲ ਵਿਹਾਰ ਕਰਦਾ। ਚੰਗਾ ਕੰਮ ਬਣਿਆ ਹੋਇਆ ਸੀ, ਪਰ ਜੋ ਬਚਦਾ ਸਭ ਹਰਿਕੇ ਲੇਖੇ ਲਾ ਦੇਂਦਾ ਜਦ ਵਿਹਲ ਮਿਲਦੀ ਤਾਂ ਕੁਰਾਹੇ ਜਾ ਰਿਹਾਂ ਨੂੰ ਰਾਹੇ ਪਾਣ ਦਾ ਜਤਨ ਕਰਦਾ, ਉਹ ਭਾਵੇਂ ਟਿਚਕਰਾਂ ਕਰਨ ਭਾਵੇਂ ਠੱਠਾ ਕਰਨ ਇਹ ਆਪਣੀ ਟੋਰੇ ਟੁਰਿਆ ਰਹਿੰਦਾ। ਭਲਾ ਛੱਡਦਾ ਵੀ ਕਿਉਂ, ਜਦ ਠੂਹਾਂ ਡੰਗ ਮਾਰਨੋਂ ਬਾਜ ਨਹੀਂ ਆਉਂਦਾ ਤਾਂ ਸਾਧੂ ਆਪਣਾ ਸੁਭਾਉ ਕਿਉਂ ਛਡੇ। ਮੱਘਰ ਸਿੰਘ ਜਦ ਉਨ੍ਹਾਂ ਵਿਚੋਂ ਕਿਸੇ ਨੂੰ ਮਿਲਦਾ ਤਾਂ ਇਹ ਉਹਨਾਂ ਦੀ ਚਰਨੀ ਹੱਥ ਲਾਉਂਦਾ ਅਤੇ ਫੇਰ ਉਚੀ ਉਚੀ ਕੂਕਣ ਲੱਗ ਪੈਂਦਾ:-

**ਤੂੰ ਜਨਮ ਗਵਾ ਲਿਆ ਹੀਰਾ**
**ਕੌਡੀਆਂ ਦੇ ਸੰਗ ਲਗਕੇ**

ਇਨ੍ਹਾਂ ਦੀਆਂ ਮੱਘਰ ਸਿੰਘ ਨਾਲ ਕਈ ਝੜਪਾਂ ਹੋਈਆਂ, ਮਗਰ ਮੱਘਰ ਸਿੰਘ ਲਸੂੜੇ ਦੀ ਲੇਸ ਸੀ। ਹੌਸਲਾ ਨਾ ਛੱਡਿਆ ਤੇ ਜਿਵੇਂ ਵੱਡੇ ਵੱਡੇ ਪਲੈਨਰ ਆਪਣੇ ਪਲੈਣ ਪੂਰਤੀ ਲਈ ਨਿਕੇ ਵਡੇ ਹੱਲੇ ਮਾਰਦੇ ਹਨ, ਤਿਵੇਂ ਇਹ ਪਲੈਨਰ ਹਰ ਹਲੇ ਟੀਚੇ ਲਾਗੇ ਪੁੱਜਦਾ ਗਿਆ।

ਮੱਘਰ ਸਿੰਘ ਦਾ ਘਰ ਕਬੀਰ ਦਾ ਘਰ ਸੀ। ਸਾਧਾਂ ਦੇ ਆਸਣ ਖੁਲਦੇ ਰਹਿੰਦੇ। ਇਕ ਗਿਆ ਦੋ ਆਏ, ਕਦੇ ਮੱਥੇ ਵੱਟ ਨਹੀਂ ਪਾਇਆ। ਇਕ ਦਿਨ ਸੰਤ ਰੂੜ ਸਿੰਘ ਬੌਰਿਆਂ ਵਾਲਿਆਂ ਦਾ ਜਥਾ ਆਇਆ। ਪੁਰਾਣੇ ਕੂਕੇ ਜਦ ਕਿਸੇ ਪਿੰਡ ਜਾਇਆ ਕਰਦੇ ਸਨ ਤਾਂ ਢੋਲਕੀ ਆਪੇ ਹੀ ਖੜਕ ਪੈਂਦੀ ਸੀ। ਸੰਤਾਂ ਦੇ ਆਉਣ ਨਾਲ ਨੌਸ਼ਹਿਰੇ ਦੀਆਂ ਗਲੀਆਂ ਗੂੰਜ ਉਠੀਆਂ ਸ਼ਬਦਾਂ ਦੀਆਂ ਘਨਘੋਰਾਂ ਪੈਣ ਲੱਗ ਪਈਆਂ - ਹੰਸ ਚੁਗਦੇ ਮੋਤੀ ਹੀਰਾ - ਲੋਕਾਈ ਕੋਠਿਆਂ ਤੇ ਚੜ ਗਈ। ਸੰਤਾਂ ਨੂੰ ਨਿਮਸਕਾਰਾਂ, ਚਵੀਂ ਪਾਸੀਂ ਧੰਨ ਧੰਨ ਹੋ ਰਹੀ ਸੀ। ਉਸ ਦਿਨ ਮੱਘਰ ਸਿੰਘ ਘਰ-ਘਰ ਗਿਆ ਤੇ ਆਖਿਆ ਪਿਆਰਿਓ! ਅੱਜ ਚੀਨੀਵਾਲੇ ਦੇ ਜਹਾਜ਼ ਦੀਆਂ ਟਿਕਟਾਂ ਬੁਕ ਹੋਣੀਆਂ ਹਨ।... ਜਿਹੜਾ ਜਿਹੜਾ ਲੈਣਾ ਚਾਹੁੰਦਾ ਹੈ, ਸਾਡੇ ਘਰ ਦਰਸ਼ਨ ਦੇਵੇ, ਸੰਤ ਬੌਰਿਆਂ ਵਾਲੇ ਟਿਕਟਾਂ ਦੇਣਗੇ। ਜਦ ਮੱਘਰ ਸਿੰਘ ਨੇ ਵਿਰਸਾ ਸਿੰਘ ਨੂੰ

Sri Satguru Jagjit Singh Ji eLibrary NamdhariElibrary@gmail.com

ਬੇਨਤੀ ਕੀਤੀ ਤਾਂ ਵਿਰਸਾ ਸਿੰਘ ਨੇ ਅਗੋਂ ਆਖਿਆ, ਲੈ ਮੱਘਰਾ! ਅੱਜ ਅਸੀਂ ਵੀ ਤੇਰੇ ਘਰ ਆਵਾਂਗੇ ਆਪਣੇ ਆਪਣੇ ਸਾਥੀਆਂ ਨੂੰ ਲੋਰ ਵਿਚ ਕਿਹਾ ਚਲੋ ਯਾਰੋ ਅਸੀਂ ਕੂਕਿਆਂ ਦੀ ਰੌਲੀ ਸੁਣ ਆਈਏ।" ਮੱਘਰ ਸਿੰਘ ਬੜਾ ਖੁਸ਼ ਹੋਇਆ ਤੇ ਆਖਿਆ ਧੰਨ ਭਾਗ ਤੁਸੀਂ ਕੂਕਿਆਂ ਦੀ ਰੌਲੀ ਸੁਣੋ। ਇਹ ਰੌਲੀ ਹੀ ਤੁਹਾਡੇ ਸੰਗਲ ਤੋੜ ਦੇਵੇਗੀ। ਮੇਰੇ ਚੀਨੀ ਵਾਲੇ ਪਾਤਸ਼ਾਹ ਦਾ ਬਚਨ ਹੈ, ਜਿਹੜਾ ਕਹੇ ਮੈਂ ਕੂਕਿਆਂ ਦੀ ਰੌਲੀ ਸੁਣ ਆਇਆ ਹਾਂ ਉਹਨਾਂ ਦੇ ਵੀ ਜਨਮ ਮਰਨ ਦੇ ਗੇੜੇ ਕੱਟੇ ਜਾਂਦੇ ਹਨ।"

ਲੰਗਰ ਤੋਂ ਉਪ੍ਰੰਤ ਕੋਠੇ ਤੇ ਢੋਲਕੀ ਵੱਜਣੀ ਸ਼ੁਰੂ ਹੋ ਗਈ। ਗਲੀ ਗੁਵਾਂਢ ਆ ਜੁੜਿਆ। ਅਨੇਕ ਨਰ ਨਾਰੀ ਆਏ। ਅੱਜ ਵਿਰਸਾ ਸਿੰਘ ਤੇ ਉਸਦੇ ਸਾਥੀ ਵੀ ਪੁਜ ਗਏ, ਸੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਲ ਧਿਆਨ ਧਰ ਉਠੇ ਅਤੇ ਧਾਰਨਾ ਛੋਹੀ:-

**ਤੂੰ ਜਨਮ ਗਵਾ ਲਿਆ ਹੀਰਾ**
**ਕੌਡੀਆਂ ਦੇ ਸੰਗ ਲੱਗ ਕੇ।**

ਅੱਜ ਸੰਤਾਂ ਦੀ ਰਸਨਾ ਤੇ ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ। ਸੰਤਾਂ ਦੇ ਮੁਖੋਂ ਜੋ ਸ਼ਬਦ ਨਿਕਲਦਾ ਸੀ, ਦਿਲਾਂ ਦੀਆਂ ਡੂੰਘਾਣਾਂ ਤਕ ਪੁਜਦਾ ਜਾਂਦਾ ਸੀ। ਸਰੋਤਿਆਂ ਦੇ ਅੰਦਰੋਂ ਖੋਟ ਉਬਲ ਉਬਲ ਬਾਹਰ ਆਉਣ ਲੱਗ ਪਿਆ, ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਨੇ ਨੰਗਾ ਨਾਚ ਸ਼ੁਰੂ ਕਰ ਦਿੱਤਾ, ਨਚਦਿਆਂ ਨਚਦਿਆਂ ਉਹ ਕਾਲੀਆਂ ਸਪਣੀਆਂ ਬਣ ਖਲੋਤੀਆਂ। ਚਾਰ ਚੁਫੇਰਿਓਂ ਲੱਗੀਆਂ ਡੰਗ ਮਾਰਨ,ਅਜੇ ਇਹ ਫ਼ਿਲਮ ਚੱਲ ਹੀ ਰਹੀ ਸੀ ਕਿ ਸਰੋਤਿਆਂ ਦੀ ਕੰਨੀਂ ਇਹ ਧੁੰਨ ਜਾਂ ਸਮਾਈ:-

**ਭਈ ਪ੍ਰਾਪਤ ਮਾਨੁਖ ਦੇਹੁਰੀਆ।**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।**

ਸੰਤ ਮਸਤੀ ਵਿਚ ਪੜ੍ਹੀ ਜਾ ਰਹੇ ਸਨ, ਅਤੇ ਉਸ ਵੇਲੇ ਕੀ ਵਾਹਕ, ਕੀ ਹਟਵਾਣੀਏਂ? ਛੀਬੇਂ, ਨਾਈ, ਤੇ ਵਿਭਚਾਰੀ ਆਪਣੀਆਂ ਅੰਦਰਲੀਆਂ ਫਾਈਲਾਂ ਦਾ ਫੋਲਾ ਫਾਲੀ ਕਰ ਰਹੇ ਸਨ। ਜਿਵੇਂ ਲੁਹਾਰ ਗਰਮ ਲੋਹੇ ਤੇ ਹੋਰ ਸੱਟ ਮਾਰਦਾ ਹੈ ਤਿਵੇਂ ਬਾਣੀ ਦੀਆਂ ਚਪੇੜਾਂ ਮਾਰ ਮਾਰ ਸੰਤਾਂ ਨੇ ਉਚਾਰ ਕੀਤਾ:-

**ਏ ਸਰੀਰਾ ਮੇਰਿਆ ਇਸ ਜਗ ਮਹਿ ਆਇਕੈ**
**ਕਿਆ ਤੁਧੁ ਕਰਮ ਕਮਾਇਆ।**
**ਕਿ ਕਰਮ ਕਮਾਇਆ ਤੁਧ ਸਰੀਰਾ।**
**ਜਾ ਤੂ ਜਗ ਮਹਿ ਆਇਆ।**
**ਜਿਨਿ ਹਰਿ ਤੇਰਾ ਰਚਨੁ ਰਚਿਆ**
**ਸੋ ਹਰਿ ਮਨਿ ਨ ਵਸਾਇਆ।**

'ਕਿ ਤੁਧ ਕਰਮ ਕਮਾਇਆ?' ਦਾ ਉਤਰ ਕੀ ਮਿਲਣਾ ਸੀ, ਮੈਲੀਆਂ ਆਤਮਾਵਾਂ ਨੂੰ ਫਿਟਕਾਰਾਂ ਪੈ ਰਹੀਆਂ ਸਨ। ਕਿਸੇ ਦੇ ਢੱਗੇ ਕੱਢੇ, ਕਿਸੇ ਦਾ

Sri Satguru Jagjit Singh Ji eLibrary NamdhariElibrary@gmail.com

ਝੁੱਗਾ ਭੰਨਿਆ, ਕਿਸੇ ਦੇ ਲਹੂ ਨਹਾਤੇ, ਕਿਸੇ ਦਾ ਗਲਾ ਕੱਟਿਆ ਤੇ...

**ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।**
**ਗੁਰਪੀਰ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥...**
**ਕਬੀਰ ਪਾਪੀ ਭਗਤਿ ਨ ਭਾਵਈ**
**ਹਰਿ ਪੂਜਾ ਨ ਸੁਹਾਇ।**
**ਮਾਖੀ ਚੰਦਨ ਪਰ ਹਰੇ,**
**ਜਹ ਦੁਰੀਧ ਤਹ ਜਾਇ।**

ਦੀਆਂ ਪੰਗਤੀਆਂ ਨੇ ਵਿਰਸਾ ਸਿੰਘ ਤੇ ਅਰੂੜ ਸਿੰਘ ਅੰਦਰ ਭੂਚਾਲ ਲੈ ਆਂਦਾ। ਉਹ ਕੰਬ ਉਠੇ ਖਬਰੇ ਏਸੇ ਕਰਕੇ ਸਾਨੂੰ ਸਤਿਸੰਗ ਚੰਗਾ ਨਹੀਂ ਲੱਗਦਾ। ਖ਼ਬਰੇ ਸਾਡੇ ਭਾਗ ਖੋਟੇ ਹਨ, ਪਤਾ ਨਹੀਂ ਕਿੰਨਾਂ ਜਨਮਾਂ ਦਾ ਕੋੜ੍ਹ ਲੱਗਾ ਹੋਇਆ ਹੈ? ਕਿ ਭਲੇ ਪਾਸੇ ਟੁਰਨ ਨੂੰ ਮਨ ਨਹੀਂ ਮੰਨਦਾ। ਉਹ ਮੁੜਕੋ ਮੁੜਕੀ ਹੋ ਰਹੇ ਸਨ, ਤ੍ਰੇਲੀਆਂ ਆ ਰਹੀਆਂ ਸਨ। ਗੁਰੂ ਅਰਜਨ ਦੇਵ ਜੀ ਦੇ ਏਨ੍ਹਾਂ ਉਪਦੇਸ਼ਾਂ ਨੇ ਰਹਿੰਦੀ ਖੂੰਹਦੀ ਕਸਰ ਵੀ ਕੱਢ ਦਿਤੀ:-

**ਗੁਰ ਮੰਤਰ ਹੀਣਸ ਪ੍ਰਾਣੀ। ਧ੍ਰਿਗੀਤ ਜਨਮ ਭ੍ਰਸਟਣਹ।**
**ਕੂਦਰਹ ਸੂਕਰਹ ਗਰਧਭਹ, ਕਾਕਹ ਸਮਪਨਹ ਤੁਲ ਖਲਹ।**

ਇਨ੍ਹਾਂ ਪੰਗਤੀਆਂ ਨੇ ਕਾਲੇ ਕੋਟਾਂ ਦੀਆਂ ਕੰਧਾਂ ਨੂੰ ਧੜਮ ਕਰਕੇ ਡੇਗ ਦਿੱਤਾ ਤੇ ਅੰਦਰ ਮਾੜਾ ਜੇਹਾ ਪ੍ਰਕਾਸ਼ ਹੋਇਆ ਜਿਸ ਕਾਰਨ ਇਨ੍ਹਾਂ ਨੂੰ ਕੁੱਤੇ, ਸੂਰ, ਕਾਂ ਖੋਤੇ ਅਤੇ ਰਾਹ ਜਾਂਦਿਆਂ ਨੂੰ ਡੰਗ ਮਾਰਨ ਵਾਲੇ ਸੱਪ ਵੀ ਆਪਣੇ ਨਾਲੋਂ ਕਿਤੇ ਚੰਗੇਰੇ ਜਾਪਣ ਲੱਗ ਪਏ। ਮੈਲੇ ਮਨ ਨੂੰ ਸ਼ਰਮ ਨੇ ਘੇਰਿਆ ਹੋਇਆ ਸੀ ਕਿ ਬੋਰਿਆ ਵਾਲੇ ਤੇ ਮੁਖਾਰ ਬਿੰਦ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕਿਰਪਾ ਕਰਵਾਈ ਤੇ ਅਖਵਾਇਆ:-

**ਗੁਰ ਤੀਰਥ ਗੁਰ ਪਾਰ ਜਾਤ**
**ਗੁਰ ਮਨਸਾ ਪੂਰਨ ਹਾਰ।**
**ਗੁਰ ਦਾਤਾ ਹਰਿਨਾਮ ਦੇਇ**
**ਉਧਰੈ ਸਭ ਸੰਸਾਰ ।**

ਇਨ੍ਹਾਂ ਵਾਕਾਂ ਨੇ ਲੋਕ ਲਾਜ ਦੇ ਜਾਲ ਨੂੰ ਤੋੜ ਸੁਟਿਆ। ਵਿਰਸਾ ਸਿੰਘ ਹੱਥ ਜੋੜ ਖਲੋ ਗਿਆ ਤੇ ਆਖਿਆ 'ਸੰਤ ਜੀ ਕਿਰਪਾ ਕਰੋ! ਮੇਰਾ ਬੇੜਾ ਬੰਨੇ ਲਾਓ, ਗੋਤੇ ਖਾ ਰਹੇ ਨੂੰ ਬਾਹਰ ਕਢੋ, ਜਨਮਾਂ ਦੇ ਟੁਟੇ ਹੋਏ ਨੂੰ ਮੇਲੋ।' ਸੰਤਾਂ ਵਿਅੰਗ ਮਈ ਢੰਗ ਨਾਲ ਆਖਿਆ, 'ਸਰਦਾਰਾ! ਅਜੇ ਕੁੱਝ ਹੋਰ ਖਾ ਜੀ ਲੈ, ਚਾਰ ਦਿਹਾੜੇ ਮੌਜ ਮੇਲਾ ਵੇਖ ਲੈ, ਇਹ ਅਲੂਣੀ ਸਿਲ ਏ।' ਇਨ੍ਹਾਂ ਸ਼ਬਦਾਂ ਨੇ ਵਿਰਸਾ ਸਿੰਘ ਦੀਆਂ ਅੱਖਾਂ ਵਿਚ ਹੜ ਲੈ ਆਂਦਾ ਡਾਡਾਂ ਨਿਕਲ ਗਈਆਂ, 'ਮੇਰੇ ਭਾਗ ਖੋਟੇ ਮੈਂ ਰੀਗਾ ਤੇ ਵੀ ਤਿਹਾਇਆ ਰਿਹਾ। ਕਿੰਨਾਂ ਅਭਾਗਾ ਹਾਂ ਕਿ ਸੱਚਖੰਡ ਵੜਨ ਲਗਿਆਂ ਦਰਵਾਜ਼ੇ ਬੰਦ ਹੋ ਜਾਣ।' ਅਗ੍ਹਾਂ ਹੋਕੇ ਸੰਤਾਂ ਦੇ ਚਰਨਾਂ ਤੇ ਜਾ ਡਿੱਗਾ। ਸੰਤ ਮੱਘਰ ਸਿੰਘ ਕੋਲੋਂ ਅਰਜ ਕੀਤੀ 'ਸੰਤ ਜੀ

Sri Satguru Jagjit Singh Ji eLibrary NamdhariElibrary@gmail.com

ਕਰੋ ਕਿਰਪਾ।' ਸੂਬਾ ਜੀ ਕੰਨ ਵਿਚ ਫੂਕ ਮਾਰ ਦਿਤੀ। ਉਹ ਫੂਕ ਜਿਸ ਕੌਡੇ ਰਾਖਸ਼ ਨੂੰ ਦੇਵਤਾ ਬਣਾ ਦਿੱਤਾ ਸੀ, ਉਹ ਫੂਕ ਜਿਸ ਵਲੀ ਦੇ ਵਲ ਕਢੇ ਸਨ। ਉਹ ਫੂਕ ਜਿਸ ਠਗਾਂ ਨੂੰ ਸਜਣਾਂ ਵਿਚ ਬਦਲਿਆ ਸੀ। ਵਿਰਸਾ ਸਿੰਘ ਬੇਸੁਧ ਹੋਕੇ ਜਾ ਪਇਆ। ਮਸਤੀ ਚੜ੍ਹ ਗਈ ਰੰਗ ਉਘੜ ਆਇਆ ਤੇ ਉਹ ਠੀਕ:-

**ਕਚਹੁ ਕੰਚਨ ਭਇਓ**
**ਸ਼ਬਦ ਗੁਰ ਸ੍ਰਵਣਹ ਸੁਣਿਅਉ।**
**ਬਿਖ ਤੇ ਅੰਮ੍ਰਿਤ ਹੋਇਅਉ**
**ਨਾਮ ਸਤਿਗੁਰ ਮੁਖ ਭਣਿਅਉ।**

ਉਪ੍ਰੰਤ ਅਰਦਾਸਾ ਹੋਇਆ। ਸੰਗਤਾਂ ਵਿਸਮਾਦਤਾ ਵਿਚੋਂ ਘਰਾਂ ਨੂੰ ਮੁੜੀਆਂ ਵਿਰਸਾ ਸਿੰਘ ਸਜ ਵਿਆਹੀ ਵਹੁਟੀ ਵਾਂਗੂ ਚੁੱਪ ਚੁਪੀਤਾ ਘਰ ਪੁੱਜ ਗਿਆ।

ਅਗਲੇ ਦਿਨ ਵਿਰਸਾ ਸਿੰਘ ਸੋਚਾਂ ਵਿਚ ਡੁੱਬਾ ਰਿਹਅ। ਉਸਦੇ ਸਾਹਮਣਿਓਂ ਕਦੇ ਮਿਆਂਕਦੇ ਬਕਰੇ, ਕਦੇ ਕੁਕੜਾਂ ਦੀ ਕੁੜ ਕੁੜ, ਕਿਸੇ ਵੇਲੇ ਸ਼ਰਾਬਾਂ ਦੀਆਂ ਲਾਹਣਾਂ, ਕਿਸੇ ਵੇਲੇ ਪੁਰਾਣੀਆਂ ਯਾਦਾਂ ਨਾਲ ਚੋਰੀ ਦੀਆਂ ਘਟਨਾਵਾਂ ਅੱਖਾਂ ਅਗੋਂ ਲੰਘਦੀਆਂ, ਮਗਰ ਹੁਣ ਭਰਮ ਦਾ ਅੰਡਾ ਫੁੱਟ ਚੁੱਕਾ ਸੀ ਤੇ ਸਤਿਗੁਰਾਂ ਨੇ ਪੈਰਾਂ ਦੇ ਸੰਗਲ ਤੋੜ ਦਿਤੇ ਸਨ। ਹੁਣ ਵਿਰਸਾ ਸਿੰਘ ਰਿਸ਼ੀ ਬਣ ਚੁਕਾ ਸੀ।

ਭਜਨ ਲੈਣ ਪਿਛੋਂ ਸਭ ਤੋਂ ਪਹਿਲਾ ਕੰਮ ਜਿਹੜਾ ਵਿਰਸਾ ਸਿੰਘ ਕੀਤਾ, ਉਹ ਸੀ, ਚੋਰੀ ਕੀਤੀ ਦਾ ਪਛਤਾਵਾ, ਅੰਦਰ ਗਿਆ ਅਤੇ ਕਮੇਟੀ ਦੇ ਪੰਪ ਦੀ ਹੱਥੀ ਜਿਹੜੀ ਖੋਟੀ ਸੰਗਤ ਕਰਕੇ ਚੁਰਾਕੇ ਰਖੀ ਹੋਈ ਸੀ, ਤੁੜੀ ਹੇਠੋਂ ਕਢੀ ਤੇ ਜੁਮੇਸ਼ਾਹ, ਸ਼ਹਿਰ ਦੇ ਚੌਧਰੀ ਅਗੇ ਜਾ ਰਖੀ। ਗਲ ਵਿਚ ਪਲਾ ਪਾਕੇ ਆਖਿਆ 'ਸ਼ਾਹ ਜੀ ਬਖਸ਼ੋ! ਰਾਤੀ ਸੰਤਾਂ ਕਿਰਪਾ ਕੀਤੀ। ਮੇਰੇ ਖੋਟੇ ਕਰਮਾਂ ਦੇ ਜਾਲ ਤੋੜੇ। ਮੇਰੀ ਜਮਾ ਦੀ ਫਾਹੀ ਕਟੀ। ਮੇਰੀ ਕੰਗਾਲੀ ਨੂੰ ਦੇਸ ਨਿਕਾਲਾ ਮਿਲ ਗਿਆ, ਹੁਣ ਮੇਰਾ ਆਪਣਾ ਘਰ ਭਰਪੂਰ ਏ। ਸਤਿਗੁਰਾਂ ਅੰਦਰ ਬਾਹਰ ਭਰ ਦਿੱਤੇ ਹਨ, ਕਿਸੇ ਦੂਜੇ ਦੀ ਵਸਤੂ ਦੀ ਲੋੜ ਨਹੀਂ ਰਹੀ। ਭਾਵੇਂ ਮੈਥੋਂ ਕਿਸੇ ਪੁੱਛ ਗਿੱਛ ਨਹੀਂ ਕੀਤੀ, ਪਰ ਮੇਰੀ ਆਤਮਾ ਨੂੰ ਠੋਕਰਾਂ ਵਜ ਰਹੀਆਂ ਹਨ। ਤੁਸੀਂ ਮੈਨੂੰ ਬਖਸ਼ੋ।' ਜੁਮੇਸ਼ਾਹ ਕਿਹਾ 'ਵਿਰਸਾ ਸਿੰਘ! ਤੈਥੋਂ ਕੁਰਬਾਨ! ਤੇਰੇ ਮੁਰਸ਼ਦ ਤੋਂ ਕੁਰਬਾਨ, ਤੈਨੂੰ ਕਿਹੜਾ ਕਲਿਜੁਗ ਵਿਚ ਮਿਲ ਗਿਆ ਨਹੀਂ ਤਾਂ ਇਲਾਂ ਦੇ ਆਲਣੇ ਤੋਂ ਕਦ ਮਾਸ ਵਾਪਸ ਆਉਂਦਾ ਹੈ' "ਸ਼ਾਹ ਜੀ! ਤੁਸੀਂ ਠੀਕ ਕਹਿੰਦੇ ਹੋ, ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਘਰ ਕਾਹਦਾ ਘਾਟਾ ਏ। ਗੁਰੂ ਹਰੀ ਸਿੰਘ ਜੀ ਕੰਗਲਿਆਂ ਨੂੰ ਰਾਜੇ ਬਨਾਉਂਦੇ ਰਹੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਜ਼ਾਰਾਂ ਨੂੰ ਜੀਅ-ਦਾਨ ਪ੍ਰਦਾਨ ਕਰ ਰਹੇ ਸਨ। ਮੈਂ ਤਾਂ ਭਜਨ ਪੁਛਕੇ ਚੋਰੀ ਮੋੜਨ ਆਇਆ ਹਾਂ, ਮਗਰ ਗੁਰੂ ਰਾਮ ਸਿੰਘ ਜੀ ਦੇ ਵੇਲੇ ਉਨ੍ਹਾਂ ਦੇ ਦਰਸ਼ਨ ਕਰ ਛੇ ਸੌ ਰੁਪਏ ਦੀਆਂ ਚੋਰੀ ਦੀਆਂ ਘੋੜੀਆਂ ਮੋੜ,

Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇ ਜਹਾਜ਼ ਉਤੇ ਸਵਾਰ ਹੋਏ ਸਨ।" ਜੁਮੇਸ਼ਾਹ ਅਗੇ ਵਧਿਆ ਤੇ ਵਿਰਸਾ ਸਿੰਘ ਦੀ ਚਰਨੀ ਹੱਥ ਲਾਇਆ ਤੇ ਆਖਿਆ "ਧੰਨ ਤੁਹਾਡਾ ਸਤਿਗੁਰੂ ਹੈ ਜਿਹੜਾ ਅਜੇਹੀਆਂ ਸਿੱਖਿਆ ਦੇਂਦਾ ਹੈ ਨਹੀਂ ਤਾਂ ਰੀਗਾ ਗਈਆਂ ਹੱਡੀਆਂ ਨੂੰ ਕੌਣ ਮੋੜਦਾ ਏ?"

ਵਿਰਸਾ ਸਿੰਘ ਦੇ ਕੂਕਾ ਬਣਨ ਦੀ ਖਬਰ ਖੰਭ ਲਾ ਉੜੀ। ਗੁਰਮੂਲਾ, ਝਬਰ, ਮਟਵਾਂ ਤੇ ਹੋਰ ਥਾਈਂ ਕਹਾਣੀਆਂ ਪੈਣ ਲੱਗ ਪਈਆਂ, "ਵਿਰਸਾ ਸਿੰਘ ਕੂਕਾ ਬਣ ਗਿਆ। ਵਿਰਸਾ ਸਿੰਘ ਦੇ ਸਾਥੀਆਂ ਕੂਕਿਆਂ ਦਾ ਮੰਤਰ ਲੈ ਲਿਆ। ਇਲਾਕੇ ਦੇ ਛੱਟੇ ਫੂਕੇ ਅਨੋਖ ਸਿੰਘ ਵੱਲੋਂ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ ਵਿਰਸਾ ਸਿੰਘ! ਅਕਾਲੀ ਬਣ ਜਾ, ਨਹੀਂ ਤਾਂ ਮੱਘਰ ਸਿੰਘ ਨੂੰ ਮਾਰ ਦਿਆਂਗੇ।" ਸਭ ਵਿਰੋਧੀ ਪਾਣੀ ਦੀ ਝਗ ਵਾਂਗੂੰ ਬਹਿ ਗਏ। ਵਿਰਸਾ ਸਿੰਘ ਭਜਨ ਬਾਣੀ ਵਿਚ ਲੱਗ ਗਿਆ। ਅਠੇ ਪਹਿਰ ਮਾਲਾ ਹੱਥ ਵਿਚ ਪੁਰਾਣੇ ਸਾਥੀ ਟਿਚਕਰਾਂ ਕਰਨ:-

**ਨੌ ਸੌ ਚੂਹਾ ਖਾ ਬਿਲੀ ਹਜ ਨੂੰ**

ਮਗਰ ਜੋ ਸਵਾਦ ਉਸਨੂੰ ਆਇਆ, ਉਹ ਹੀ ਜਾਣਦਾ ਸੀ, ਕਈ ਵਾਰੀ ਆਖੇ ਜਿਹੜਾ ਉਪਕਾਰ ਮੇਰੇ ਤੇ ਮੱਘਰ ਸਿੰਘ ਕੀਤਾ ਹੈ, ਉਸਦਾ ਦੇਣਾ ਕਈ ਜਨਮ ਧਾਰਕੇ ਵੀ ਨਹੀਂ ਦੇ ਸਕਦਾ।

ਅੰਗਰੇਜ਼ ਰਾਜ ਦਾ ਸੂਰਜ ਭਾਰਤ ਵਿਚੋਂ ਡੁਬਣ ਤੇ ਆ ਗਿਆ। ਸਵੈਤੰਤ੍ਰਤਾ ਦੀ ਚਿਟੀ ਸਵੇਰ ਦੀਆਂ ਆਸਾਂ ਬਝ ਗਈਆਂ, ਪਰ ਆਕਾਸ਼ ਵਿਚ ਫ਼ਿਰਕੂ ਬਦਲ ਗਾੜੇ ਹੋ ਗਏ। ਫਰੰਗੀ ਬੜਾ ਸ਼ੈਤਾਨ ਸੀ, ਭੂਤ ਵਾਂਗੂੰ ਉਹ ਜਾਂਦਾ ਜਾਂਦਾ ਬੰਨੇਰਾ ਭੰਨ ਕੇ ਜਾਣ ਦਾ ਚਾਹਵਾਨ ਸੀ, ਸਿਆਣੇ ਸਮਝ ਗਏ ਖੈਰ ਨਹੀਂ, ਗੜੇ ਮਾਰ ਜ਼ਰੂਰ ਹੋਵੇਗੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਤ੍ਰਿਕਾਲ ਦਰਸ਼ੀ ਸਨ। ਉਨ੍ਹਾਂ ਘਰ ਘਰ ਜਾ ਸਿਖਾਂ ਨੂੰ ਸਮਝਾ ਦਿੱਤਾ ਅਤੇ ਤਾਕੀਦ ਕੀਤੀ 'ਕਿ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਨੂੰ ਰਾਵੀਓਂ ਪਰ ਕਰ ਦਿੱਤਾ ਜਾਵੇ।' ਸਤਿਗੁਰੂ ਦਾ ਅਪਣਾ ਭਾਵੇਂ ਸਭ ਕੁਝ ਕੁਰਬਾਨ ਹੋ ਜਾਵੇ ਮਗਰ, ਸਿੱਖ ਦੀ ਪੀੜ ਨਹੀਂ ਸਹਾਰ ਸਕਦਾ, ਸਿੱਖ ਨੂੰ ਦੁਖੀ ਨਹੀਂ ਵੇਖ ਸਕਦਾ। ਆਉਣ ਵਾਲੀਆਂ ਘਿਨਾਉਣੀਆਂ ਘਟਨਾਵਾਂ ਨੂੰ ਸਾਹਮਣੇ ਰਖ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਜ਼ਿਲਾ ਹਿਸਾਰ ਵਿਚੋਂ ਲੱਗ ਪਗ 30 ਲੱਖ ਰੁਪਏ ਦੀ ਜ਼ਮੀਨ ਦਾ ਪ੍ਰਬੰਧ ਕੀਤਾ। ਜ਼ਮੀਨਾਂ ਲੈਣ ਵਾਲਿਆਂ ਪਾਸੋਂ ਮਾਇਆ ਇਕੱਤਰ ਹੋਣੀ ਸ਼ੁਰੂ ਹੋਈ।

ਨੌਸ਼ਹਿਰੇ ਜ਼ਮੀਨ ਬਾਰੇ ਸਤਿਗੁਰਾਂ ਬਚਨ ਕੀਤਾ, ਸ੍ਰ: ਰੂੜ ਸਿੰਘ ਤੇ ਵਿਰਸਾ ਸਿੰਘ ਤਿਆਰ ਹੋ ਗਏ। ਮੱਘਰ ਸਿੰਘ ਵੀ ਅਰਜ ਕੀਤੀ ਗ਼ਰੀਬ ਨਿਵਾਜ਼! ਮੈਨੂੰ ਵੀ ਭੋਏਂ ਬਖਸ਼ੋ! ਸਤਿਗੁਰਾਂ ਬਚਨ ਕੀਤਾ 'ਮੱਘਰ ਸਿੰਘਾ! ਪੈਸਿਆਂ ਦੀ ਲੋੜ ਏ। ਨਕਦ ਪੈਸੇ ਚਾਹੀਦੇ ਹਨ, ਬਿਨਾਂ ਪੈਸੇ ਜ਼ਮੀਨ ਮੁਸ਼ਕਲ ਏ।' ਇਹ ਸੁਣ ਮੱਘਰ ਸਿੰਘ ਸੀਸ ਨਿਵਾ ਪਿਛਾਂਹ ਹੱਟ ਗਿਆ।

Sri Satguru Jagjit Singh Ji eLibrary NamdhariElibrary@gmail.com

ਇਹ ਗੱਲ ਸੁਣ ਵਿਰਸਾ ਸਿੰਘ ਦੇ ਮਨ ਵਿਚ ਉਥਲ ਪੁਥਲ ਸ਼ੁਰੂ ਹੋ ਗਈ। ਵਿਚਾਰਾਂ ਫੁਰਨ ਲੱਗ ਪਈਆਂ, ਸੰਤ ਮੱਘਰ ਸਿੰਘ ਦਾ ਕਰਜਾ ਉਤਾਰਨ ਦਾ ਹੁਣ ਸਭ ਤੋਂ ਚੰਗਾ ਵੇਲਾ ਹੈ। ਭਾਵੇਂ ਮੈਂ ਉਸਦਾ ਦੇਣ ਨਹੀਂ ਦੇ ਸਕਦਾ, ਉਸਨੇ ਮੇਰਾ ਜੀਵਨ ਬਦਲਿਆ, ਉਸਦਾ ਮੁੱਲ ਹੈ ਸਿਰ। ਸਿਰ ਦੇ ਕੇ ਕਰਜਾ ਮੁਕ ਜਾਵੇ ਤਾਂ ਵੀ ਲਾਹੇਵੰਦਾ ਸੌਦਾ ਹੈ। ਜਿਹੜਾ ਪੁਰਸ਼ ਨਰਕਾਂ ਨੂੰ ਜਾ ਰਹੇ ਨੂੰ ਬਾਹੋਂ ਫੜ ਸੱਚਖੰਡ ਵਲ ਧਕ ਦੇਵੇ ਉਸਦਾ ਬਦਲਾ ਕੌਣ ਚੁਕਾਵੇ? ਮਾਰੂਥਲ ਵਿਚ ਤੜਪਣ ਵਾਲੇ ਤੇ ਖੱਜਲ ਖੁਆਰ ਹੋ ਹਉਕੇ ਭਰਨ ਵਾਲੇ ਨੂੰ ਫੁੱਲਾਂ ਨਾਲ ਭਰਪੂਰ ਰਵਸ਼ ਦਾ ਰਾਹ ਦਸ ਦੇਵੇ ਉਸਦਾ ਦੇਣ ਕਿਵੇਂ ਚੁਕਾਇਆ ਜਾਵੇ। ਕਈ ਜਨਮ ਧਾਰ ਵੀ ਜੇ ਮੈਂ ਸੇਵਾ ਕਰਾਂ ਤਾਂ ਵੀ ਮੁੱਕ ਨਹੀਂ ਸਕਦਾ। ਪਰ ਜੇ ਨਗੂਣਾ ਜਤਨ ਕੀਤਾ ਜਾਵੇ ਤਾਂਕਿ ਭਾਰ ਹੌਲਾ ਹੋ ਜਾਵੇ।

ਵਿਰਸਾ ਸਿੰਘ ਕਿਹਾ 'ਸੰਤ ਮੱਘਰ ਸਿੰਘ ਜੀ ਤੁਸੀਂ ਮੇਰਾ ਕੋੜ੍ਹ ਦੂਰ ਕੀਤਾ, ਜੇ ਸਤਿਗੁਰਾਂ ਚਾਹਿਆ ਤਾਂ ਜ਼ਮੀਨ ਮੈਂ ਲੈ ਕੇ ਦਿਆਂਗਾ।' ਵਿਰਸਾ ਸਿੰਘ ਕੋਲ ਉਸ ਵੇਲੇ ਰੁਪਏ ਨਹੀਂ ਸਨ। ਸਿੱਖ ਦਾ ਬਚਨ ਹੋ ਗਿਆ ਹੁਣ ਬਦਲ ਨਹੀਂ ਸੀ ਸਕਦਾ। ਬਾਬਾ ਦੀਪ ਸਿੰਘ ਜੀ ਕਿਹਾ ਸੀ 'ਇਹ ਸਿਰ ਰਾਮਦਾਸ ਪੁਰੇ ਡਿਗੇਗਾ, ਹੋਣੀ ਨੇ ਪੰਜ ਮੀਲ ਦੂਰ ਸਿਖ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਪਰ ਬਚਨ ਦੇ ਸੂਰੇ ਨੂੰ ਮੌਤ ਵੀ ਨਹੀਂ ਮਾਰ ਸਕਦੀ। ਸਿਰ ਤਲੀ ਉਤੇ ਰਖ ਪੰਜ ਮੀਲ ਲੜਦਾ ਸ੍ਰੀ ਅੰਮ੍ਰਿਤਸਰ ਪੁੱਜਾ। ਖਾਲਸਾਈ ਫ਼ੌਜ ਜਰਵਾਣੇ ਸੋਧਣ ਹਿਤ ਕਾਬਲ ਪੁੱਜੀ। ਅਕਾਲੀ ਫੂਲਾ ਸਿੰਘ ਅਰਦਾਸ ਸੋਧ ਜੈਕਾਰਾ ਛਡ ਆਪਣੀ ਫ਼ੌਜ ਲੈ ਰਵਾਨਾ ਹੋ ਪਏ। ਪਿਛੋਂ ਮਹਾਰਾਜੇ ਨੂੰ ਸੂਹੀਆਂ ਖਬਰਾਂ ਦਿਤੀਆਂ ਕਿ ਦੁਸ਼ਮਨ ਦੇ ਦਲ ਭਾਰੇ ਹਨ। ਮਹਾਰਾਜੇ ਨੇ ਪ੍ਰੋਗਰਾਮ ਬਦਲ ਲਿਆ। ਉਹਨਾਂ ਸਿੰਘ ਸਾਹਿਬ ਨੂੰ ਮਸ਼ਵਰਾ ਦਿੱਤਾ, ਮਗਰ ਸਿੰਘ ਸਾਹਿਬ ਕੜਕ ਕੇ ਬੋਲੇ "ਕਾਨਿਆਂ ਸਿੰਘ ਬਚਨ ਕਰ ਕੇ ਪਿੱਛੇ ਨਹੀਂ ਹੱਟਦੇ, ਸਾਡਾ ਗੁਰੂ ਸਾਡੇ ਅੰਗ-ਸੰਗ ਹੈ।"

ਵਿਰਸਾ ਸਿੰਘ ਕਿਹਾ ਇਸ ਤੋਂ ਚੰਗਾ ਸਮਾਂ ਨਹੀਂ ਲਭਣਾ। ਓਸੇ ਵੇਲੇ 20 ਚਕ ਵਾਲੀ ਜ਼ਮੀਨ ਗਹਿਣੇ ਪਾ ਦਿੱਤੀ ਤੇ 5500 ਦਾ ਬੰਦੋਬਸਤ ਕੀਤਾ ਤੇ ਗੁਰੂ ਜੀ ਅੱਗੇ ਲਿਆ ਹਾਜ਼ਰ ਕੀਤਾ ਤੇ ਅਰਜ਼ ਕੀਤੀ 'ਗ਼ਰੀਬ ਨਿਵਾਜ਼ ਏਹ ਰਕਮ ਸੰਤ ਮੱਘਰ ਸਿੰਘ ਦੀ ਹੈ।' ਜਾਣੀ ਜਾਣ ਜਾਣਦੇ ਸਨ ਮੱਘਰ ਸਿੰਘ ਕੋਲ ਏਨੀ ਰਕਮ ਹੈ ਨਹੀਂ ਏਹ ਤਾਂ ਵਿਰਸਾ ਸਿੰਘ ਆਪਣੇ ਕੋਲੋਂ ਦੇ ਰਿਹਾ ਹੈ! ਆਪਣੀ ਭੌਂ ਗਹਿਣੇ ਰਖ ਕੇ ਕੇਵਲ ਸਾਧ ਸੰਗਤ ਵਿਚ ਲਿਆਉਣ ਬਦਲੇ। ਸਤਿਗੁਰੂ ਜੀ ਓਸੇ ਵੇਲੇ ਖੁਸ਼ੀਆਂ ਦੇ ਭੰਡਾਰੇ ਖੋਲ ਦਿਤੇ, ਬਚਨ ਕੀਤਾ ਨਿਹਾਲ ਓਏ ਸਿੱਖਾ ਨਿਹਾਲ!!! ਸਤਿਗੁਰੂ ਰਾਮ ਸਿੰਘ ਜੀ ਦੀਆਂ ਖੁਸ਼ੀਆਂ। ਏਸ ਸਮੇਂ ਜਦ ਮਨੁੱਖ ਮਾਇਆ ਮਗਰ ਵਿਸ਼ਟਾ ਵਾਂਗ ਲੱਗਾ ਹੈ ਮਾਇਆ ਦਾ ਤਿਆਗ ਵੱਡੀ ਬਲਵਾਨ ਆਤਮਾ ਦੀ ਨਿਸ਼ਾਨੀ ਹੈ। ਵਿਰਸਾ ਸਿੰਘ! ਤੂੰ ਸਿੱਖੀ ਨੂੰ ਚਾਰ ਚੰਨ ਲਾ ਦਿੱਤੇ ਹਨ।

Sri Satguru Jagjit Singh Ji eLibrary NamdhariElibrary@gmail.com

# ਆਪ ਬੀਤੀ

ਇਸ ਤਰ੍ਹਾਂ ਹਾਵਿਆਂ ਹਉਕਿਆਂ ਵਿਚ 1939 ਦੀ ਵੱਡੀ ਜੰਗ ਲੱਗ ਗਈ। ਜਾਣਿਆਂ ਪ੍ਰਭੂ ਦਾ ਭਾਣਾ ਨੇੜੇ ਆ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਾਜੇ ਪੰਥ ਦੀ ਸੰਭਾਲ ਕਰਨ ਲਈ ਸ੍ਰੀ ਰਵਾਲ ਸਰ ਵਿਚ ਪ੍ਰਗਟ ਹੋਣਗੇ। ਮੁਕਦੀ ਗਲ ਕਾਹਦੀ? ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਪੰਥ ਵਾਲੀ ਨੂੰ ਰਵਾਲਸਰ ਮਿਲਣ ਹਿਤ ਸਭ ਘਰ ਬਾਰ ਜਾਇਦਾਦ, ਜ਼ਮੀਨ, ਔਸ਼ਧਿਆਲਾ ਸੰਬੰਧੀ ਤਿਆਗ ਕੇ ਸਮੇਤ ਪ੍ਰਵਾਰ ਰਵਾਲਸਰ ਸਕੇਤ ਪੁੱਜ ਗਿਆ। ਵੇਖਣ ਸੁਨਣ ਹਾਰੇ ਸਭ ਮਨ੍ਹਾ ਕਰਦੇ ਹੀ ਰਹਿ ਗਏ। ਜੰਗ ਵਧਦੀ ਗਈ। ਸਾਡੀਆਂ ਉਡੀਕਾਂ ਵਧਣ ਲੱਗੀਆਂ। ਮੇਰੇ ਸੰਬੰਧੀ 'ਦੋਸਤ' ਮਿਤ੍ਰ ਹਾਣੀ ਸਾਥੀ ਵਰਕਰ ਕੁਝ ਇਸ ਤਰ੍ਹਾਂ ਦੇ ਬਣਕੇ ਰਹਿ ਗਏ ਜਿਵੇਂ 'ਮੁਸ ਮੁਸ ਹੋਵੇ ਕਬੀਰ ਕੀ ਮਾਈ।' ਇਹ ਕੀ ਕਰੇਗਾ? ਕਿਥੋਂ ਖਾਵੇਗਾ? ਪਹਾੜਾਂ ਵਿਚ ਰੁਲ ਕੇ ਸਾਰਾ ਟਬਰ ਭੁਖਾ ਮਰ ਜਾਵੇਗਾ। ਜਿਸਦਾ ਆਸਰਾ ਲੈ ਕੇ ਸਭ ਸੰਸਾਰਕ ਲਟਾਕਾ ਛਡਿਆ ਸੀ, ਉਸ ਅੰਦਰੋਂ ਬਾਂਹ ਫੜੀ ਹੋਈ ਸੀ, ਲੱਗਾ ਸਬਬ ਬਣਨ।

ਇਕ ਮੇਰੀ ਵੱਡੀ ਭੈਣ ਪ੍ਰਸੂਤੇ ਸਮੇਂ ਪੂਰੀ ਹੋ ਗਈ ਸੀ ਤੇ ਉਸਨੂੰ ਅੰਤਕਾਲ ਦੀ ਵਾਸ਼ਨਾ ਵੱਜੋਂ ਪ੍ਰੇਤ ਜੋਨੀ ਮਿਲੀ ਹੋਈ ਸੀ। ਲੋਕਾਂ ਸਿਆਣਿਆਂ ਚੇਲਿਆਂ ਤੋਂ ਪ੍ਰੇਤਾਂ ਦੀ ਜਮਾਤ ਵਿਚ ਉਸਦਾ ਹੋਣਾ, ਚਿਰਾਂ ਤੋਂ ਸੁਣ ਸੁਣ ਬੜਾ ਦੁੱਖ ਲੱਗਿਆ ਕਰਦਾ ਸੀ। ਪਰ ਸਾਡਾ ਕੀ ਚਾਰਾ?

ਸੁੰਦਰ ਨਗਰ ਰਹਿੰਦਿਆਂ ਜਦੋਂ ਮੈਨੂੰ ਪੂਰੀ ਤਸੱਲੀ ਹੋ ਗਈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰ ਗੱਦੀ ਦੇ ਸੱਚੇ ਵਾਰਸ ਵਾਕਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਾਜ਼ਰ ਹਜ਼ੂਰ ਗੁਰੂ ਹਨ, ਤਾਂ ਮੈਂ ਸ੍ਰੀ ਹਜ਼ੂਰ ਦੇ ਦਰਬਾਰ ਵਿਛੜੇ ਮੇਲਣ ਦੀ ਅਰਦਾਸ ਕੀਤੀ। ਉਸ ਦਇਆ ਧਾਰਕੇ ਨਾਮ ਦਾਨ ਦੀ ਬਖਸ਼ੀਸ਼ ਦੇ ਚਰਨੀ ਲਾਇਆ ਮੈਨੂੰ ਸਮਰਥਕ ਸ੍ਰੀ ਕਲਗੀਧਰ ਸ੍ਵਾਮੀ ਰੂਪ ਵਿਖਾਲ ਕੇ ਨਿਹਾਲ ਕੀਤਾ ਥੋੜੇ ਹੀ ਦਿਨਾਂ ਪਿਛੋਂ ਪਿਛਲੀ ਰਾਤ ਵੱਡੇ ਤੜਕੇ ਝਾਲ ਝੁਜੰਬਲੇ ਮੈਂ ਇਹ ਨਜ਼ਾਰਾ ਵੇਖਿਆ ਸਾਰਾ ਕਮਰਾ ਚਿੱਟੇ ਦੁੱਧ ਚਾਨਣੇ ਨਾਲ ਪ੍ਰਕਾਸ਼ਮਾਨ ਹੈ। ਇਕ ਕੰਧ ਨਿਹਾਇਤ ਕਾਲੀ ਸਿਆਹ ਹੈ। ਉਸ ਉੱਤੇ

ੴ
ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

Sri Satguru Jagjit Singh Ji eLibrary NamdhariElibrary@gmail.com

ਬਿਜਲੀ ਚਾਨਣੇ ਵਾਂਙੂ ਲਸ਼ਕਾਰੇ ਮਾਰਦਾ ਹੈ। ਉਸ ਦੇ ਥੱਲੇ ਇਕ ਅਤਿ ਕਲੂਟੀ ਸਿਆਹ ਫਾਮ ਡਰਾਉਣੀ ਸੂਰਤ ਮੇਰੇ ਵਲ ਹੱਥ ਜੋੜਕੇ ਤਰਲੇ ਕਰਦੀ, ਉਸ ਪ੍ਰਕਾਸ਼ ਜਗਮਗਾਂਦੇ ਮੂਲ ਮੰਤਰ ਵਲ ਇਸ਼ਾਰੇ ਕਰ ਰਹੀ ਹੈ, ਫਿਲਮ ਵਾਂਙੂ ਇਹ ਨਜ਼ਾਰਾ ਛਪ ਗਿਆ। ਮੈਂ ਉਭੜ ਵਾਹੇ ਉਠ ਕੇ ਸੋਚੀਂ ਪੈ ਗਿਆ। ਸਮਝ ਵਿਚ ਕੁਝ ਨਾ ਆਇਆ।

ਮਹਾਨ ਪੁਰਸ਼ ਬ੍ਰਹਮ ਨੇਸ਼ਟਾ ਬੀਤ ਰਾਗ ਸੰਤ ਰਲਾ ਸਿੰਘ ਜੀ ਦੀ ਸ਼ਰਨ ਜਾ ਕੇ ਇਸ ਨਜ਼ਾਰੇ ਬਾਬਤ ਅਰਜ਼ ਕੀਤੀ ਪ੍ਰਮੇਸਰ ਰੂਪ ਸੰਤ ਜੀ ਨੇ ਕਿਹਾ "ਭਾਈ ਡਾਕਟਰ! ਇਹ ਸਿਆਹ ਫਾਮ ਡਰਾਉਣੀ ਸ਼ਕਲ ਤਾਂ ਤੇਰੀ ਮਰ ਚੁਕੀ ਪ੍ਰੇਤਣੀ ਭੈਣ ਦੀ ਹੈ। ਪ੍ਰਕਾਸ਼ ਰੂਪੀ ਉਸਦੇ ਪ੍ਰੇਤ ਜੂਨ ਤੋਂ ਉਧਾਰ ਕਰਨ ਵਾਲਾ ਮੰਤਰ ਕਲਯਾਨ ਰੂਪ ਹੈ। ਇਹ ਤੇਰੇ ਦ੍ਰਿਸ਼ਟਾਂਤ ਦਾ ਤਾਤਪ੍ਰਜ ਹੈ।"

"ਫਿਰ ਜੀ ਮੈਂ ਹੁਣ ਕੀ ਕਰਾਂ?"

"ਕਰੇਂ ਕੀ! ਮਹਾਨ ਮੰਤਰ ਦਾ ਵਿਧੀ ਪੂਰਵਕ ਚਲੀਸਾ ਪ੍ਰਯੋਗ ਕਰੇਂਗਾ। ਜੇਕਰ ਤੇਰੀ ਸੁਣੀ ਗਈ ਤਾਂ ਉਸਦਾ ਪ੍ਰੇਤਜੋਨੀ ਤੋਂ ਉਧਾਰ ਹੋ ਜਾਵੇਗਾ।"

"ਜੀ! ਮੇਰੀ ਭੈਣ ਮੋਈ ਨੂੰ 25 ਬਰਸ ਹੋ ਗਏ ਹਨ। ਮੈਂ ਕਦੇ ਉਸਨੂੰ ਅਗੇ ਸੁਪਨੇ ਜਾ ਕਿਸੇ ਹੋਰ ਰੂਪ ਵਿਚ ਵੀ ਨਹੀਂ ਵੇਖਿਆ।"

"ਭੋਲਿਆ! ਤੂੰ ਹੁਣ ਜਾਗਤ ਜੋਤ ਪ੍ਰਤੱਖ ਤੇ ਸਮਰਥ ਪੂਰਨ ਗੁਰੂ ਨੂੰ ਮਿਲਿਆ ਹੈਂ। ਅਗੇ ਤੇਰੀ ਘਾਲ ਗੁਰੂ ਵਾਲਾ ਹੋਣ ਕਰ ਕੇ ਥਾਏ ਪਵੇਗੀ। ਉਸਦੇ ਉਧਾਰ ਦਾ ਨਮਿਤ ਬਣ।"

"ਜੀ! ਮੈਨੂੰ ਪ੍ਰਯੋਗ ਦੀ ਵਿਧੀ ਨਹੀਂ ਆਉਂਦੀ ਕਿਵੇਂ ਕਰਾਂ?"

"ਭਾਈ! ਵਿਧੀ ਤਾਂ ਇਹ ਹੈ ਕਿ ਉਕਤ ਮੂਲ ਸ਼ਬਦ ਦਾ ਸੋਧ ਮਰਯਾਦਾ ਰਖ ਕੇ ਪਿਛਲੀ ਰਾਤ ਧੂਪ, ਦੀਪ, ਕੁੰਭ ਸਹਿਤ ਸੁਚੇ ਥਾਂ ਉਤੇ ਨੀਯਤ ਸਮੇਂ ਅੰਮ੍ਰਿਤ ਵੇਲੇ ਜਾਪ ਅਰੰਭਿਆ ਜਾਵੇ। ਚਾਲੀਸੇ ਪ੍ਰਯੋਗ ਲਈ 29 ਮਾਲਾ ਹਰ ਰੋਜ਼ ਇਸ ਮਹਾਂ ਮੰਤਰ ਦੀਆਂ, ਇਕ ਮਾਲਾ ਭਜਨ ਦੀ ਇਕ ਮਾਲਾ ਭਗਉਤੀ ਦੀ ਰੋਜ਼ ਨੇਕ ਨਾਲ ਤੇ ਊਠਤ ਬੈਠਤ ਚਲਦੇ ਫਿਰਦੇ ਭਜਨ ਕਰ। ਕਿਸੇ ਜਹਾਂ ਕਹਾਂ ਦਾ ਪ੍ਰਸਾਦ ਨਾ ਛੱਕ ਜੂਠ ਜੋ ਜਗਤ ਝੂਠ ਹੈ ਉਸ ਤੋਂ ਬਚ। ਇਸ ਬਿਧ ਪ੍ਰਯੋਗ ਜਿਸਦਾ ਨਿਭ ਜਾਵੇ ਸੱਚੀ ਦਰਗਾਹੇ ਸੁਣੀ ਜਾਂਦੀ ਹੈ।"

ਸਾਰੀ ਤਿਆਰੀ ਕਰ ਕਰਾ ਕੇ ਪ੍ਰਯੋਗ ਅਰੰਭਣ ਦੀ ਕੀਤੀ ਜਿਸਦੀ ਲੱਗਨ ਨੇ ਮੈਨੂੰ ਧੂਹ ਪਾ ਰੱਖੀ ਸੀ। ਇਸ ਸਧਰ ਵਿਚ ਜੋ ਪ੍ਰਯੋਗ ਦੀ ਸਫ਼ਲਤਾ ਵਿਚ ਅਖੁਟ ਭੰਡਾਰੇ ਵਲੋਂ ਦਾਤਾਂ ਮਿਲਣ ਵਾਲੀਆਂ ਸਨ ਉਹ ਗੂੰਗੇ ਦੇ ਗੁੜ ਵਾਲੇ ਸਵਾਦ ਦੀ ਗੱਲ ਸੀ।

**ਸਤਿਗੁਰੂ ਜੇਵਡ ਦਾਤਾ ਕੋ ਨਹੀ**
**ਸਭ ਸੁਣਿਅਹੁ ਲੋਕ ਸਬਾਇਆ।**

ਮਹਾਂ ਪੁਰਸ਼ਾਂ ਦੇ ਦਸੇ ਅਨੁਸਾਰ ਗੁਰਬਾਣੀ ਤੇ ਗੁਰ ਮਰਯਾਦਾ ਅਨੁਕੂਲ ਪ੍ਰਯੋਗ ਵਿਚ ਪ੍ਰਵੇਸ਼ ਮੇਰੇ ਲਈ ਇਕ ਨਵੀਂ ਗੱਲ ਸੀ। ਨਵੇਂ ਸਿਰਿਓਂ ਖੰਡੇ ਦਾ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਪਾਨ ਕਰ ਕੇ ਸੋਧ ਮਰਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਦੀ ਸ਼ਹੀਦੀ ਦੇਗ ਤਿਆਰ ਕਰ ਕੇ ਪਿਛਲੀ ਰਾਤ ਦੋ ਵਜੇ ਸੁਚ ਮਰਯਾਦਾ ਨਾਲ ਇਕ ਇਕਾਂਤ ਥਾਂ ਤੇ ਧੂਪ ਦੀਪ ਕੁੰਭ ਸਹਿਤ ਪੂਰਬ ਮੁਖ ਰਖਕੇ ਅਰੰਭ ਹੋਇਆ। 29 ਮਾਲਾ ਸ਼ਬਦ ਦੀਆਂ, ਇਕ ਮਾਲਾ ਗੁਰਮੰਤਰ, ਇਕ ਮਾਲਾ ਭਗਉਤੀ, ਤੇ ਇਕ ਮਾਲਾ ਸਹਸ ਕ੍ਰਿਤੀ ਸਲੋਕ "ਸਿਰ ਮਸਤਕ ਰਖ੍ਯਾ ਪਾਰ ਬ੍ਰਹਮ" ਦੀ ਪਹਿਲੇ ਦਿਨ ਕੀਤੀ। ਦੋ ਤੋਂ ਸਾਢੇ ਛੇ ਵਜੇ ਤਕ ਇਕ ਆਸਣ ਬੈਠਿਆ। ਬਖਸ਼ਿਸ਼ ਹੋਏ ਸ਼ਹੀਦੀ ਪਹਿਰੇ ਦਾ ਅਹਿਸਾਸ ਇਉਂ ਹੋਇਆ ਕਿ ਸਰੀਰ ਦੇ ਅੰਦਰ ਤੇ ਮਨ ਅੰਦਰ ਖੁਸ਼ੀ ਹਲਕਾਪਨ, ਚਾਉ ਤੇ ਖੇੜਾ ਪ੍ਰਤੀਤ ਹੋਣ ਲੱਗਾ। ਮਿਹਰ ਦੀ ਨਜ਼ਰ ਦਾ ਸਦਕਾ ਦਿਨ ਬੀਤਦੇ ਗਏ, ਪ੍ਰਯੋਗ ਸਮੇਂ ਇਸ ਵਿਚ ਨ ਕੋਈ ਅਜਬ ਨਜ਼ਾਰਾ ਨ ਦ੍ਰਿਸ਼ਟਾਂਤ ਸਾਧਾਰਨ ਹਾਲਤ ਵਿਚ ਸਮਾਂ ਬੀਤਦਾ ਗਿਆ ਪਰ ਨਾਲ ਉਦਾਸੀ ਨਿਰਾਸਤਾ ਫਿਕਰ ਮਨ ਨੂੰ ਖਾਈ ਜਾਵੇ।

**ਇਛ ਕਰੀ ਨਿਤ ਸੁਖ ਮਨਾਈ,**
**ਪ੍ਰਭੁ ਮੇਰੀ ਆਸ ਪੁਜਾਏ।**

ਭਾਗ ਸੁਲੱਖਣਾ ਅਠਾਰ੍ਹਵੇਂ ਦਿਨ ਦਾ ਅੰਮ੍ਰਿਤ ਵੇਲਾ ਅਥਾਹ ਅਗਾਧ ਅਮੁਲੀਕ ਬਰਕਤਾਂ ਲੈ ਕੇ ਆ ਪੁੱਜਾ।

**ਜਹ ਝਿਲ ਮਿਲ ਕਾਰ ਦਿਸੰਤਾ**
**ਤਹ ਅਨਹਦ ਸਬਦ ਵਾਜੰਤਾ।**

ਅਥਰਾ-

**ਯਾਰ ਵੇ ਨਿਤ ਸੁਖ ਸੁਖੇਂਦੀ ਸਾ ਮੈ ਪਾਈ।**
**ਵਰ ਲੋੜੀਂਦਾ ਆਇਆ ਵਜੀ ਵਾਧਾਈ।**
**ਮਹਾਂ ਮੰਗਲ ਰਹਸ ਥੀਆ।**
**ਪਿਰ ਦਇਆਲ ਸਦ ਨਵਰੰਗੀਆ।**
**ਵਡਭਾਗ ਪਾਇਆ ਗੁਰਿ ਮਿਲਾਇਆ**
**ਸਾਧ ਕੈ ਸਤ ਸੰਗੀਆ।**
**- - - -**
**ਜਗ ਮਗ ਜੋਤ ਪੂਰਨ ਪ੍ਰਤਾਪ**
**ਅੰਬਰ ਜਿਮੀਂ ਜਿਹ ਜਪਤ ਜਾਪ**
**ਲੋਕ ਚੌਦਹ ਕੇ ਬਿਖੈ**
**ਜਗ ਜਾਪਈ ਜਿਹ ਜਾਪ**

ਜਾਗਤ ਜੋਤ ਧਰਮ ਧੁੰਜਾ ਕੀ ਕਥਾ ਨੂੰ ਕਥਨ ਲਈ ਸਬਦ ਕਿਥੋਂ ਲਿਆਂਦੇ ਜਾਣ ਕਰੋੜ ਬਿਜਲੀਆਂ ਦੇ ਲਸ਼ਕਾਰੇ ਚਿੱਟੇ ਦੁੱਧ ਪ੍ਰਕਾਸ਼ ਨਾਲ ਮੇਰਾ ਪ੍ਰਯੋਗ ਅੰਙਣ ਲਿਸ਼ਕਾਰੇ ਮਾਰਨ ਲੱਗਾ।

**ਵਿਸਮਾਦ ਰੂਪ, ਵਿਸਮਾਦ ਰੰਗ।**

ਫਰਸ਼ ਛੱਤਾਂ, ਚਾਰ ਦੀਵਾਰੀ ਸਭ ਹੀਰੇ ਲਾਲ ਜੜੰਦੀ ਦਮਕਣ ਲੱਗੀ। ਅਸਚਰਜਤਾ ਵਿਚ ਸੋਚਾਂ। ਸੁਪਨਾ ਪ੍ਰਤਖ ਕੀ ਅਵਸਥਾ ਹੈ? ਅਢਾਈ ਵਜੇ

Sri Satguru Jagjit Singh Ji eLibrary NamdhariElibrary@gmail.com

ਹਵਨ ਸਾਮਗਰੀ ਕੋਲਿਆਂ ਤੇ ਪਾਈ ਜਾਂਦਾ ਹਾਂ। ਮਾਲਾ ਫਿਰ ਰਹੀ ਹੈ। ਰੋਮਾਂ ਨੂੰ ਜੀਭਾਂ ਲੱਗ ਗਈਆਂ, ਸੁਰਤ ਮਹਾਂ ਮੰਗਲ ਨਾਲ ਖੀਵੀ ਹੋ ਰਹੀ ਹੈ। ਇਕ ਦਮ ਇਸ ਮਗਨ ਅਵਸਥਾ ਵਿਚ:-

**ਹਮ ਘਰ ਸਾਜਨ ਆਏ, ਸਾਚੇ ਮੇਲ ਮਿਲਾਏ।**

ਸਬਜੇ ਤੇ ਸਵਾਰ, ਇਕ ਹੱਥ ਰੇਸ਼ਮੀ ਸਵਰਨ ਜੜਤ ਵਾਗਾਂ ਤੇ ਦੂਜੇ ਹੱਥ ਬਾਜ, ਜਿਗ੍ਹਾ ਕਲੱਗੀ ਸਾਰਾ ਸਾਜ ਸਵਰਨ ਦਾ ਹੀਰੇ ਜੜਤ ਰਕਾਬਾਂ ਕਲੱਗੀ ਤੇ ਦੋਹਾਂ ਖੜਗਾਂ ਦੀ ਸੋਭਾ ਕੌਣ ਕਥੇ? ਮੋਢੇ ਧਨੁਸ਼ ਬਾਣ ਸਾਰਾ ਪੁਸ਼ਾਕਾ ਜ਼ੱਰੀਦਾਰ। ਪੰਜ ਪਿਆਰੇ ਸਭ ਸਵਰਨ ਤੇ ਹੀਰੇ ਲਾਲ ਜਵਾਹਰਾਤ ਨਾਲ ਜੜਤ ਸਾਜ ਪੁਸ਼ਾਕੇ। ਮੇਰੇ ਸਾਹਵੇਂ ਛੇ ਸਵਾਰਾਂ ਦੇ ਘੋੜੇ ਕਲੋਲ ਕਰਦੇ ਨਜ਼ਰ ਆਉਣ।

'ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ' ਮੂਲ ਮੰਤਰ ਦੀਆਂ ਧੁਨਾਂ ਮੇਰੇ ਰੋਮ ਰੋਮ ਸਮਾ ਰਹੀਆਂ ਸਨ। ਜਾਪ ਹੁੰਦਾ ਜਾਂਦਾ। ਬਾਰ ਬਾਰ ਨਮਸਕਾਰ ਕਰੀ ਜਾਂਦਾ ਜਾਪ ਆਪੇ ਪਿਆ ਹੁੰਦਾ। ਦੇਹੀ ਤ੍ਰਿਭਵਣ ਮਹੀਪ ਜੀ ਦੀ ਅਟਲ ਪ੍ਰਤਾਪ ਵਾਲੀ ਹੈ। ਹੋਰ ਸਭ ਸਾਜ ਅਨੰਦਪੁਰੀ ਦਸਮੇਸ਼ ਪਿਤਾ ਵਾਲਾ ਹੈ। ਮੈਂ ਨਮਸਕਾਰਾਂ ਕਰਦਾ ਨਹੀਂ ਥਕਦਾ। ਇਹ ਮਹਾਂ ਅਨੰਦੀ ਸੁਖ ਸਮੂੰਹ ਦੋ ਕੁ ਘੰਟੇ ਨਵਰੰਗ ਲਾਲ ਨੇ ਕ੍ਰਿਪਾ ਕਟਾਖ ਅਵਲੋਕਨ ਦੀ ਅੰਮ੍ਰਿਤ ਵਰਖਾ ਕੀਤੀ। ਕਦੇ ਨੇਤਰ ਖੋਲਾਂ ਤਾਂ ਸਾਹਵੇਂ ਪ੍ਰਤਖ ਦੀਦਾਰ। ਜੇ ਅੱਖਾਂ ਮੀਟਾਂ ਤਾਂ ਉਹ ਕੁਝ।

**ਅੰਤਰਿ ਏਕੋ ਬਾਹਜ ਏਕੋ ਸਭ ਮਹਿ ਏਕ ਸਮਾਹੀਐ॥**

"ਕੋਟ ਅਨੰਦ ਰਾਜ ਸੁਖ" ਦੋ ਕੁ ਘੰਟੇ ਭੁਗਾਕੇ ਜਦ 29 ਮਾਲਾ ਪੂਰੀਆਂ ਹੋਣ ਤੇ ਆਈਆਂ ਤਾਂ ਸਾਹਮਣੇ ਧਰਤੀ ਵਿਚੋਂ ਜਿਵੇਂ ਕੋਈ ਚੀਜ਼ ਜ਼ਮੀਨ ਪਾੜਕੇ ਨਿਕਲਦੀ ਹੈ, ਖੁੰਬ ਦੀ ਤਰ੍ਹਾਂ ਉਹੋ ਕਾਲੀ ਸਿਆਹ ਡਰਾਉਣੀ ਸੂਰਤ ਦੋਏ ਹੱਥ ਜੋੜ ਤਰਲੇ ਕਰਦੀ ਨਿਕਲ ਆਈ। ਉਹ ਮੇਰੇ ਵਲ ਮੰਗਤਿਆਂ ਹਾਰ ਤਕ ਹੀ ਰਹੀ ਸੀ। ਮੈਂ ਉਸਨੂੰ ਅਕਾਲ ਮੂਰਤ ਸਤਿਗੁਰੂ ਵਲ ਇਸ਼ਾਰਾ ਕੀਤਾ ਇਹ ਸਭ ਕੁਝ ਅਨਬੋਲਤ ਹੀ ਹੋ ਰਿਹਾ ਸੀ। ਜਦੋਂ ਉਸ ਪ੍ਰੇਤਣੀ ਨੇ ਸਤਿਗੁਰੂ ਜੀ ਵਲ ਮੂੰਹ ਕਰਕੇ ਜੋਦੜੀ ਕੀਤੀ ਤਦੋਂ ਪਤਿਤ ਉਧਰਨ ਹਾਰ, ਸਦ ਬਖਸ਼ਿੰਦ, ਸਦਾ ਦਿਆਲ ਜੀ ਨੇ ਘੋੜੇ ਦੀ ਵਾਗ ਛਡਕੇ ਆਪਣਾ ਲਿਸ਼ਕਦਾ ਤੀਰ ਉਸਦੇ ਸਿਰ ਨਾਲ ਛੁਹਾ ਦਿੱਤਾ ਤੇ ਪਵਿਤਰ ਮੁਖ ਤੋਂ "ਕਲਿਆਨ ਕਲਿਆਨ" ਦਾ ਉਚਾਰ ਹੋਇਆ। ਉਹ ਪ੍ਰੇਤਣੀ ਉਸੀ ਛਿਨ ਅਲੋਪ ਹੋ ਗਈ, ਮੈਂ ਜਦ ਨਮਸਕਾਰ ਕਰਕੇ ਉਪਰ ਸਿਰ ਉਠਾਇਆ ਤਾਂ ਮੇਰਾ ਚੋਜੀ ਪ੍ਰੀਤਮ ਵੀ ਅਲੋਪ। ਨ ਉਹ ਪ੍ਰਕਾਸ਼ ਨ ਉਹ ਪਿਆਰੇ। ਕੇਵਲ ਜੋਤ ਤੇ ਹਵਨ ਕੁੰਡ ਦਾ ਬਾਟਾ। ਧੂਪ ਧੁਖਦੀ ਬਾਕੀ ਸੀ। ਪਰ ਨ ਕੋਈ ਦੁਖ ਨ ਹਾਵਾ ਨ ਵਿਛੋੜਾ। ਮੇਰੀ ਦੇਹ ਮਹਾਂ ਅਨੰਦ ਦੇ ਨਸ਼ੇ ਨਾਲ ਮਖਮੂਰ।

**ਮਾਣੋ ਪ੍ਰਭੂ ਮਾਣੋ ਮੇਰੇ ਪ੍ਰਭੂ ਕਾ ਮਾਣੋ**
**ਜਾਣੋ ਹਰਿ ਜਾਣੋ ਸ੍ਵਾਮੀ ਸੁਘੜ ਸੁਜਾਣੋ**

Sri Satguru Jagjit Singh Ji eLibrary NamdhariElibrary@gmail.com

ਭ੍ਰਮ ਖੋਇਆ ਸਾਤ ਸਹਜ ਸੁਾਮੀ
ਪ੍ਰਗਾਸ ਭਇਆ ਕਉਲ ਖਿਲਿਆ
ਵਰ ਪਾਇਆ ਪ੍ਰਭ ਅੰਤਰਜਾਮੀ
ਨਾਨਕ ਸੁਹਾਗ ਨ ਟਲਿਆ

ਦੀਨਾ ਨਾਥ ਦਇਆਲ ਜੀ ਸਫਲ ਕਰ ਮਸਤਕ ਧਰਕੇ ਪ੍ਰੇਤ ਉਧਾਰ ਹੀ ਨਹੀਂ ਕੀਤਾ ਸਗੋਂ ਜਿਹੜਾ ਮੇਰੇ ਦਿਲ ਵਿਚ ਇਹ ਸੰਸਾ ਰਿਹਾ ਕਰਦਾ ਸੀ ਕਿ ਗੁਰੂ ਤਾਂ ਪਰੀ ਪੂਰਨ ਮਿਲਿਆ ਹੈ ਪਰ ਪਤਾ ਨਹੀਂ ਕਿਉਂ ਇਸ ਮੇਰੇ ਸੁਾਮੀ ਦੇ ਦਰਬਾਰ ਵਿਚ ਕਲਗੀਧਰ ਦਸਮੇਸ਼ ਪਿਤਾ ਦੇ ਨੂਰੀ ਜਾਹੋ ਜਲਾਲ ਵਾਲਾ ਜਲਵਾਰ ਨਜ਼ਰੀ ਨਹੀਂ ਆਉਂਦਾ।

ਹਲਤ ਪਲਤ ਪ੍ਰਭ ਦੋਵੇਂ ਸਵਾਰੇ
ਮੇਰਾ ਗੁਣ ਅਵਗੁਣ ਨ ਬੀਚਾਰਿਆ

ਡਾ: ਤ੍ਰਿਲੋਕ ਸਿੰਘ
ਸੰਤ ਨਗਰ

Sri Satguru Jagjit Singh Ji eLibrary NamdhariElibrary@gmail.com

## ਹਾਜ਼ਰ ਨਾਜ਼ਰ

'ਸੰਤ ਜੀ!'

'ਗ਼ਰੀਬ ਨਿਵਾਜ਼!'

'ਕੱਲ੍ਹ ਸੁਕੇਤ ਜਾਣ ਦਾ ਵਿਚਾਰ ਏ'

'ਜਿਵੇਂ ਰਜ਼ਾ ਦੀਨ ਦਿਆਲ'

'ਜੇ ਮੀਂਹ ਆ ਗਿਆ?'

ਅਕਾਸ਼ ਵਲ ਵੇਖਦਿਆਂ ਸੰਤ ਆਲਾ ਸਿੰਘ ਜੀ ਬਚਨ ਕੀਤਾ - 'ਤੁਹਾਡੀਆਂ ਤੁਸੀਂ ਜਾਣੋ!'

'ਚੰਗਾ ਦਲੀਪ ਸਿੰਘਾ, ਤਿਆਰ ਹੋ ਜਾ!'

'ਸਤਿ ਬਚਨ!'

'ਕਛਹਿਰਾ ਪਰਨਾ ਲੈ ਲੈਂ'

ਸੁਕੇਤੋਂ ਦਿਨ ਚੜ੍ਹਦੇ ਸਾਰ ਤੂੰ ਤੇ ਗਜਣ ਸਿੰਘ, ਦੋਵੇਂ ਜਣੇਂ ਰਤੀ ਖੱਡ ਤਕ ਘੋੜੇ ਲੈ ਆਇਓ।'

'ਜਿਵੇਂ ਹੁਕਮ, ਗ਼ਰੀਬ ਨਿਵਾਜ਼ ਜੀਓ।'

'ਮੰਡੀਓਂ ਸਾਈਕਲ ਤੇ ਦੋ ਬੈਟਰੀਆਂ ਲੈ ਲਈਂ। ਜਾਂਗਲੀ ਜਨੌਰ, ਰੋਸ਼ਨੀ ਤੋਂ ਬੜੇ ਭੈ ਖਾਂਦੇ ਹਨ, ਪਰ ਡਰੀਂ ਨਾ!' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮੇਰੇ ਮੋਢੇ ਤੋਂ ਹੱਥ ਲਾਂਹਦਿਆਂ ਕਿਹਾ।

ਸਿੱਖ ਦਾ ਤੇ ਸਤਿਗੁਰ ਦਾ ਰਿਸ਼ਤਾ ਈ ਸਤ ਬਚਨ ਵਿਚ ਹੈ ਨਹੀਂ ਤਾਂ ਸਿੱਖ ਕਾਹਦਾ? ਤੇ ਸਿੱਖੀ ਕੀ? ਮੈਂ ਹੁਕਮ ਪਾਕੇ ਸਿਰ ਨਿਵਾਉਂਦਿਆਂ ਚਰਨਾਂ ਤੇ ਸੀਸ ਰਖਦਿਆਂ ਨਿਮਰਤਾ ਨਾਲ ਮੰਡੀ ਵਲ ਟੁਰ ਪਿਆ।

**ਜਿਸਕੇ ਸਿਰ ਊਪਰ ਤੂ ਸੁਆਮੀ ਸੋ ਦੁਖ ਕੈਸੇ ਪਾਵੈ**

ਸੂਰਜ ਪੱਛਮ ਦੇ ਮਹਿਲ ਰਾਤ ਦੇ ਆਰਾਮ ਵਾਸਤੇ ਚਲਾ ਗਿਆ। ਬਿਆਸਾ ਮਾਹੀ ਪਰੇਮ ਵਿਚ ਗੁਆਚੀ, ਹੁਕਮ ਵਿਚ ਬਧੀ, ਸਦੀਆਂ ਤੋਂ ਇਕੋ ਟੋਰ ਜਾ ਰਹੀ ਸੀ। ਕੋਈ ਕੋਈ ਆਕਾਸ਼ੀ ਪਾਂਧੀ, ਹੇਠਾਂ ਉਤਰ ਇਸ ਵਿਚ ਟੁਬੀਆਂ ਲਾ, ਮਿੱਠੀਆਂ ਮਿੱਠੀਆਂ ਗੱਲਾਂ ਕਰ ਦਿਲ ਦਾ ਭਾਰ ਹੌਲਾ ਕਰ ਰਿਹਾ ਸੀ, ਮਗਰ ਮੈਂ ਆਪਣੇ ਖਿਆਲ 'ਚ ਮਗਨ ਰਵਾਂ ਰਵੀਂ ਸੇਠ ਜੈਮਲ ਸਿੰਘ ਹੁਰਾਂ ਪਾਸ ਗਿਆ। ਸਾਈਕਲ ਲੈ, ਬੈਟਰੀਆਂ ਥਮ, ਟਕੂਆ ਸੰਭਾਲ, ਅਰਦਾਸਾ ਸੋਧ ਸੁਕੇਤ ਦਾ ਰਾਹ ਫੜਿਆ। ਚੁੰਗੀਓਂ ਅਜੇ ਅਗੇ ਨਹੀਂ ਗਿਆ ਸਾਂ ਕਿ ਸੜਕਾਂ

Sri Satguru Jagjit Singh Ji eLibrary NamdhariElibrary@gmail.com

ਦੇ ਲਟ ਲਟ ਲਾਟੂ ਜਗ ਪਏ। ਮਗਰ ਪੌਣ ਰਾਣੀ ਉਨ੍ਹਾਂ ਵਲ ਘੂਰ ਘੂਰ ਤਕਣ ਲੱਗ ਪਈ।

**ਸੇਵਕ ਕਉ ਸੇਵਾ ਬਣ ਆਈ।**

"ਸੇਵਾਦਾਰ ਦਾ ਕੰਮ ਏ ਸੇਵਾ ਕਰੇ ਵਾ ਵਗੇ ਠਕਾ ਵਗੇ। ਗਰਮੀ ਹੋਵੇ ਸਰਦੀ ਹੋਵੇ, ਦੁੱਖ ਸੁੱਖ ਹੋਵੇ, ਕੋਈ ਸਵਾਲ ਨਹੀਂ। ਉਸਦਾ ਕੰਮ ਏ ਸੇਵਾ। ਕਰੇ ਜਾਂ ਮਰੇ। ਉਸਨੂੰ ਹੀਲ-ਹੁਜਤ ਦੀ ਲੋੜ ਨਹੀਂ। ਉਸਨੂੰ ਬੇ-ਪਰਵਾਹੀਆਂ ਨਾਲ ਟੁਰਦਿਆਂ ਜਾਣਾ ਚਾਹੀਦਾ ਹੈ। ਬਿਜਲੀ ਲਾਟੂਆਂ ਸੈਨਤਾਂ ਨਾਲ ਸਮਝਾਇਆ।

ਮੈਂ ਪੈਡਲਾਂ ਨੂੰ ਪੂਰੇ ਜ਼ੋਰ ਨਾਲ ਘੁਮਾਂਦਿਆਂ ਵਾਹੋ ਦਾਹੀ ਜਾ ਰਿਹ ਸਾਂ ਕਿ ਇਤਨੇ ਨੂੰ ਕਾਲੀਆਂ ਬਦਲੀਆਂ ਚੜ੍ਹਨੀਆਂ ਸ਼ੁਰੂ ਹੋ ਗਈਆਂ। ਥੋੜੇ ਚਿਰ 'ਚ ਹੀ ਉਹਨਾਂ ਆਕਾਸ਼ ਨੂੰ ਘੇਰ ਲਿਆ। ਉਹਨਾਂ ਗੜ ਗੜ ਕਰਦਿਆਂ ਪ੍ਰਬਤਾਂ ਨੂੰ ਗੁੰਜਾਇਆ। ਪੌਣ ਦਾ ਵੇਗ ਤ੍ਰਿਖਾ ਹੋ ਗਿਆ। ਸੜਕਾਂ ਦੇ ਲਾਟੂ ਹਟਕੋਰੇ ਖਾਣ ਲੱਗ ਪਏ। ਵਾਅ ਦੇ ਇੱਕੋ ਬੁੱਲੇ ਨੇ ਉਹਨਾਂ ਦੀਆਂ ਸੰਘੀਆਂ ਨਪ ਦਿੱਤੀਆਂ। ਚੌਹ ਪਾਸੀਂ ਹਨ੍ਹੇਰਾ ਘੁਪ ਛਾ ਗਿਆ। ਹੁਣ ਮੇਰੇ ਅੱਗੇ ਹਨ੍ਹੇਰਾ, ਪਿੱਛੇ ਹਨ੍ਹੇਰਾ, ਸਜੇ ਹਨ੍ਹੇਰਾ, ਖਬੇ ਹਨ੍ਹੇਰਾ, ਉਪਰ ਹਨ੍ਹੇਰਾ, ਹੇਠਾਂ ਹਨ੍ਹੇਰਾ ਸੀ। ਇਸ ਤੋਂ ਵੱਖ ਤੇਜ਼ ਹਨ੍ਹੇਰੀ ਦੀ ਸ਼ਾਂ ਸ਼ਾਂ ਮੈਨੂੰ ਅਨੋਖੇ ਸੁਨੇਹੇ ਸੁਣਾ ਰਹੀ ਸੀ। ਮੈਂ ਸਹਿਮਿਆਂ ਭਜਨ ਕਰਦਾ ਵਾਅ ਨੂੰ ਪਿੱਛੇ ਛੱਡਣ ਦੇ ਯਤਨ 'ਚ ਸਾਂ। ਮਗਰ ਅਜ ਵਾਅ ਰਾਣੀ ਦੀ ਮੇਰੇ ਨਾਲ ਠਣ ਗਈ। ਮੈਂ ਅੱਗੇ ਜਾਣਾ ਚਾਹੁੰਦਾ ਸਾਂ, ਉਹ ਮੈਨੂੰ ਪਿਛੇ ਧਕਦੀ ਸੀ। ਇਸ ਵੇਲੇ ਕਦੇ ਸਤਿਗੁਰਾਂ ਦੇ ਚਰਨਾਂ ਵਲ ਧਿਆਨ ਜਾਂਦਾ ਸੀ, ਕਦੇ ਗਜਣ ਸਿੰਘ ਦੀ ਕੁਟੀਆ ਦੁਆਲੇ ਪ੍ਰਕਰਮਾਂ ਕਰਦਾ ਸਾਂ, ਕਦੀ ਘੋੜਿਆਂ ਨੂੰ ਥਮੀਂ ਰਤੀ ਖਡ ਵਲ ਆ ਰਿਹਾ ਸਾਂ। ਮਗਰ ਜਦ ਸਜੇ ਖਬੇ ਨਜ਼ਰ ਉਠਦੀ ਸੀ ਤਾਂ ਪਰਬਤ ਅਤੇ ਪਰਬਤਣੀਆਂ ਦੈਂਤ ਤੇ ਦੈਂਤਣੀਆਂ ਜਾਪਣ ਲੱਗ ਪੈਂਦੇ ਸਨ। ਬਦਲਾਂ ਦੀ ਗਰਜ ਸ਼ੇਰਾਂ ਦੀ ਗਰਜ ਭਾਸਦੀ ਸੀ। ਇਉਂ ਜਾਪਦਾ ਸੀ ਕਿ ਘਮਾਂ ਘਮ ਮੀਂਹ ਆਇਆ ਕਿ ਆਇਆ। ਨਾ ਕੋਲ ਕੁਲੀ ਹੈ, ਨਾ ਜੁਲੀ ਹੈ, ਨਾ ਥੇਹ ਹੈ, ਨਾ ਖੇੜਾ ਹੈ। ਏਥੇ ਕੌਣ ਹੈ? ਵਾਹ ਸਤਿਗੁਰੂ ਪ੍ਰਤਾਪ ਸਿੰਘ ਤੇਰੀਆਂ ਮੌਜਾਂ! ਤੁਸੀਂ ਕਦੇ ਹਾਸਾ ਠੱਠਾ ਕਰਦਿਆਂ ਖੇੜਾ ਪਸਾਰ ਦੇਂਦੇ ਹੋ। ਕਦੇ ਘੁੱਪ ਹਨ੍ਹੇਰੇ ਵਿਚ ਠੇਲ ਪ੍ਰੀਖਿਆ ਵਿਚ ਪਾ ਦੇਂਦੇਓ। ਤੁਸੀਂ ਵੇਖ ਰਹੇ ਸੌ ਕਿ ਸਾਹਮਣਿਓਂ ਕਾਲੀ ਬੋਲੀ ਰਾਤ ਆ ਰਹੀ ਏ, ਤੁਸੀਂ ਜਾਣਦੇ ਸੌ ਕਿ ਘਨਘੋਰ ਘਟਾਂ ਨੇ ਧਾਵਾ ਬੋਲਣਾ ਹੈ। ਪ੍ਰਾਇਆ ਦੇਸ ਨਾ ਯਾਰ ਨਾ ਮੱਦਦਗਾਰ। ਇੱਥੇ ਕਿਸਨੂੰ ਵਾਜ ਮਾਰਾਂਗਾ? ਕਿਥੇ ਠਹਿਰਾਂਗਾ? ਕੀ ਪਤਾ ਕਿ ਮੇਰੀ ਜ਼ਿੰਦਗੀ ਦੀ ਇਹ ਆਖਰੀ ਰਾਤ ਏ, ਤੇ ਇਹ ਵੀ ਫਿਕਰਾਂ ਚਿੰਤਾ ਵਿਚ ਭਿੱਜੀ ਡੁਬੀ! ਹੇ ਸਤਿਗੁਰੂ!! ਹੇ ਚੀਨੀਵਾਲੇ ਪਾਤਸ਼ਾਹ!!!

Sri Satguru Jagjit Singh Ji eLibrary NamdhariElibrary@gmail.com

ਅਜੇ ਮਸਾਂ ਮੰਡੀਓਂ ਪੰਜ ਮੀਲ ਹੀ ਗਿਆ ਹੋਵਾਂਗਾ ਕਿ ਇਕ ਵੱਡੇ ਚਿਤਰੇ ਨੇ ਸੜਕ ਵਿਚ ਖੜੇ ਵਿਖਾਈ ਦਿੱਤੀ। ਬਸ ਹੱਥਾਂ ਦੇ ਤੋਤੇ ਉੱਡ ਗਏ। ਸਾਹ ਰੁਕ ਗਿਆ ਸਰੀਰ ਡਿਗਣ ਲੱਗ ਪਿਆ। ਪੈਰ ਭਾਰੇ ਹੋ ਗਏ। ਲੱਤਾਂ ਰਬੜ ਟਿਊਬਾਂ ਵਾਂਗ ਫੁਲਣੀਆਂ ਸ਼ੁਰੂ ਹੋ ਗਈਆਂ। ਭਜਨ ਆਪੇ ਹੀ ਫੁਰੀ ਜਾਵੇ। ਮਾਸਟਰ ਜੀ। ਸਚ ਜਾਣਿਓ! ਜਿਨ੍ਹਾਂ ਭਜਨ ਉਸ ਰਾਤ ਫੁਰਿਆ ਸਾਰੀ ਉਮਰ ਭਰ ਨਹੀਂ ਹੋਣਾ। ਸਤਿਗੁਰਾਂ ਦਾ ਬਚਨ ਯਾਦ ਆ ਗਿਆ। ਟਾਰਚਾਂ ਖੋਲ੍ਹੀਆਂ, ਰੋਸ਼ਨੀ ਦੀਆਂ ਤੇਜ਼ ਲਾਟਾਂ ਨਿਕਲੀਆਂ, ਚਿਤਰਾ ਹੇਠਾਂ ਖਡ ਨੂੰ ਨਿਕਲ ਗਿਆ; ਮਗਰ ਅੱਖਾਂ ਸਾਹਮਣੇ ਚਿਰਤੇ ਹੀ ਚਿਤਰੇ ਫਿਰ ਰਹੇ ਸਨ। ਕਾਲੇ ਕਾਲੇ ਬਦਲਾਂ ਤੇ ਹਵਾ ਦੇ ਸਰਾਟਿਆਂ ਦੇ ਨਾਲ ਪਤਿਆਂ ਦਾ ਹਿਲਣਾ ਵੀ ਚਿਤਰਿਆਂ ਦੀਆਂ ਬਿੜਕਾਂ ਭਾਸਦੀਆਂ ਸਨ। ਮਗਰ ਹੁਣ ਸੜਕ ਦੇ ਸਜੇ ਖਬੇ ਘੋੜਿਆਂ ਦੀਆਂ ਟਾਪਾਂ ਸੁਣਾਈ ਦੇਣ ਲੱਗ ਪਈਆਂ, ਪਹਾੜੀ ਰਸਤਿਆਂ ਵਿਚ ਕਦੇ ਉਤਰਾਈ ਕਦੇ ਚੜ੍ਹਾਈ। ਲਹਾਈ ਵੇਲੇ ਮਨ ਪ੍ਰਸੰਨ ਹੁੰਦਾ ਮਗਰ ਚੜ੍ਹਾਈ ਵੇਲੇ ਔਖਿਆਈ। 'ਭਾਈ ਦਲੀਪ ਸਿੰਘਾ! ਇਹ ਕੋਈ ਨਵੀਂ ਗਲ ਨਹੀਂ। ਨੀਵੇਂ ਪਾਸੇ ਰਿੜ੍ਹਨ ਨਾਲ ਸਦਾ ਸੁਖ ਮਲੂਮ ਹੁੰਦਾ ਹੈ। ਮਗਰ ਚੜ੍ਹਾਈ ਵੇਲੇ ਕੋਈ ਕੋਈ ਮਰਦਾਂ ਦੇ ਪੁਤ ਮੂੰਹ ਕਰਦੇ ਹਨ, ਜਿਹੜੇ ਉਹਨਾਂ ਵਲ ਨਿਗਾਹ ਰੱਖਦੇ ਹਨ, ਉਹ ਸਦਾ ਸਵਛ ਮੰਡਲਾਂ ਦੀ ਪਵਿਤਰ ਵਾਯੂ ਦਾ ਅਨੰਦ ਮਾਣਦੇ ਹਨ। ਵਿਸ਼ਾਲ ਚੁੜਿਤਣਾਂ 'ਚ ਉਹਨਾਂ ਦਾ ਪਸਾਰ ਹੁੰਦਾ ਹੈ।

ਕੋਈ ਤਿੰਨ ਕੁ ਮੀਲ ਅਗਾਂਹ ਗਿਆ ਹੋਵਾਂਗਾ ਕਿ ਮੁੜ ਚਿਤਰਾ ਨਜ਼ਰੀਂ ਆਇਆ ਉਹਦਾ ਮੂੰਹ ਸਿੱਧਾ ਮੇਰੇ ਵਲ ਸੀ। ਮਨ ਨੂੰ ਕਿਹਾ, ਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਲ ਧਿਆਨ। ਖਵਰੇ ਕਿਸੇ ਜਨਮ ਇਸ ਚਿਤਰੇ ਦੇ ਪ੍ਰਾਣ ਲਏ ਹੋਣ ਤੇ ਹੁਣ ਮੇਰੀ ਵਾਰੀ ਏ, ਪਰ ਫੇਰ ਬੈਟਰੀ ਤੇ ਹੱਥ ਧਰਿਆ। ਬਟਨ ਦਬਾਇਆ! ਇਕ ਬੈਟਰੀ ਜਵਾਬ ਦੇ ਗਈ। 'ਇਹ ਕੋਈ ਨਵੀਂ ਗਲ ਥੋੜ੍ਹੀ ਏ? ਦੁਨੀਆਂ ਦਾ ਨੇਮ ਹੀ ਇਹੋ ਹੈ।'

**ਸਿਆਹ ਬਸਤੀ ਮੇਂ ਕਬ ਕਿਸੀ ਕਾ ਕੋਈ ਸਾਥ ਦੇਤਾ ਹੈ।**
**ਕਿ ਤਾਰੀਕੀ ਮੇਂ ਸਾਇਆ ਭੀ, ਇਨਸਾਂ ਸੇ ਜੁਦਾ ਹੋਤਾ ਹੈ।**

ਪਰ ਇਕ ਦੋ ਵਾਰ ਬੈਟਰੀ ਚਮਕਾਣ ਨਾਲ ਚਿਤਰਾ ਇਕ ਪਾਸੇ ਹੋ ਗਿਆ। 'ਹਰਿ ਬਿਨ ਨ ਕੋਈ ਮਾਰ ਜੀਵਾਲੇ ਮੇਰੀ ਜਿੰਦੜੀਏ।' ਕਹਿ ਤਾਂ ਇਹ ਰਿਹਾ ਸਾਂ, ਮਗਰ ਵਖੀਆਂ ਵਿਚ ਪੂਰਾ ਸਾਹ ਨਹੀਂ ਸੀ ਜਾ ਰਿਹਾ। ਪੁੜ ਪੁੜੀਆਂ ਗਰਮ ਹੋ ਰਹੀਆਂ ਸਨ। ਅੱਧ ਕੁ ਮੀਲ ਗਿਆ ਹੋਵਾਂਗਾ ਕਿ ਤੀਜੀ ਵਾਰੀ ਮੁੜ ਚਿਤਰਾ ਸੜਕ ਵਿਚ ਮੇਰੇ ਵਲ ਮੂੰਹ ਕਰ ਖੜਾ ਵਿਖਾਈ ਦਿੱਤਾ। ਬਥੇਰੀ ਟਾਰਚ ਮਾਰੀ ਮਗਰ ਉਹ ਪਿਓ ਦਾ ਪੁੱਤ ਨਾ ਹਿਲਿਆ। ਅੱਗੇ ਜਾਣ ਦਾ ਰਾਹ ਨਹੀਂ ਸੀ। 'ਮਨੁੱਖ ਦੇ ਜਦ ਆਪਣੇ ਜਤਨ ਫੇਲ੍ਹ ਹੋ ਜਾਣ ਤਾਂ ਉਹ ਰੱਬ ਵਲ ਧਿਆਨ ਕਰਦਾ ਹੈ ਜੋਦੜੀਆਂ ਕਰਦਾ ਹੈ, ਬੇਨਤੀਆਂ ਦੇ ਪੜ੍ਹਲ ਬੰਨ੍ਹਦਾ ਹੈ, ਜਦ ਸਾਰੇ ਆਸਰਿਆਂ ਦਾ ਝਮੇਲਾ ਛਡਕੇ ਅਰਦਾਸ ਕਰਦਾ ਹੈ

Sri Satguru Jagjit Singh Ji eLibrary NamdhariElibrary@gmail.com

ਤਾਂ ਅਰਸ਼ਾਂ ਕੁਰਸ਼ਾਂ ਦਾ ਮਾਲਿਕ ਸਹਿਜੇ ਹੀ ਆ ਬਹੁੜੀ ਕਰਦਾ ਹੈ।' ਸਾਈਕਲ ਤੋਂ ਉਤਰਿਆ। ਟਕੂਆ ਸੰਭਾਲਿਆ, ਚਿਤਰਾ ਜਿਸ ਦੀਆਂ ਅੱਖਾਂ ਲਾਲ ਬਲਬਾਂ ਵਾਂਗੂ ਲਾਟਾਂ ਛਡ ਰਹੀਆਂ ਸਨ, ਦੇ ਵਿਚਾਲੇ ਸਾਈਕਲ ਖੜਾ ਕਰ ਦਿੱਤਾ। ਉਸ ਵੇਲੇ ਗੁਰੂ ਬਾਣੀ ਨੇ ਮੇਰੀ ਅਗਵਾਈ ਕੀਤੀ:-

**ਜਾ ਕਉ ਮੁਸਕਲ ਅਤਿ ਬਣੈ ਢੋਈ ਕੋਇ ਨ ਦੇਇ।**
**ਲਾਗੂ ਹੋਇ ਦੁਸਮਣਾ ਸਾਕ ਭਿ ਭਜਿ ਖਲੇ।**
**ਸਭੋ ਭਜੈ ਆਸਰਾ ਚੁਕੈ ਸਭ ਅਸਰਾਉ।**
**ਚਿਤਿ ਆਵੈ ਉਸ ਪਾਰ ਬ੍ਰਹਮ ਲੱਗੇ ਨ ਤਤੀ ਵਾਉ।**

ਵੈਸੇ ਮਨ ਬੜਾ ਚੰਚਲ ਏ। ਇਹਦੀਆਂ ਚਾਲਾਂ ਤਿਖੀਆਂ ਹਨ। ਪਾਰੇ ਵਾਂਗੂ ਨਿਚਲਾ ਨਹੀਂ ਬਹਿ ਸਕਦਾ। ਮਾਲਾ ਤੇ ਜ਼ਰਾ ਹੱਥ ਰਖੋ ਫੌਰਨ ਤਿਲਕ ਜਾਵੇਗਾ। ਉਸ ਵੇਲੇ ਐਕਸਚੇਂਜ ਵਾਂਗੂ ਹੋਰ ਪਾਸਿਓਂ ਤਾਰਾਂ ਖੜਕਣੀਆਂ ਸ਼ੁਰੂ ਹੋ ਜਾਂਦੀਆਂ ਹਨ, ਅਜ ਮਨ ਦੇ ਵਲ ਲਥੇ ਪਏ ਸਨ। ਸੱਪ ਦੀ ਖੁਡ ਵਿਚ ਵੜਨ ਵਾਂਗੂ ਬਿਲਕੁਲ ਰੋਸ਼ਨੀ ਨਿਆਈ ਸਿੱਧਾ ਹੋਇਆ ਪਇਆ ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਅਰਦਾਸਾ ਸੋਧਣ ਲੱਗ ਪਇਆ।

**ਬਿਰਥਾ ਕਦੇ ਨ ਜਾਵਈ ਜਨੁ ਕੀ ਅਰਦਾਸ।**

ਫੇਰ ਜਨ ਵੀ ਉਹ ਜਿਸ ਨੂੰ ਮਾਲਕ ਆਪ ਭੇਜਿਆ ਹੋਵੇ। ਮਹਾਂ ਪੁਰਸ਼ ਦੱਸਦੇ ਹਨ ਕੂੰਜਾਂ ਆਂਡਿਆਂ ਨੂੰ ਸੈਂਕੜੇ ਕੋਹੀਂ ਛੱਡ ਆਉਂਦੀਆਂ ਹਨ। ਉਹ ਉਹਨਾਂ ਨੂੰ ਧਿਆਨ ਨਾਲ ਪਾਲਦੀਆਂ ਹਨ। ਬਚੇ ਦੂਰਦੁਰੇਡੇ ਦੇਸਾਂ ਵਿਚ ਪਲਦੇ ਹਨ ਜੇ ਕੋਈ ਬੱਚਾ ਯਾਦੋਂ ਭੁਲ ਜਾਵੇ ਤਾਂ ਉਹ ਸਿਰੇ ਨਹੀਂ ਚੜ੍ਹਦਾ। ਕਛੋਪਰੀ ਰੇਤੇ ਵਿਚ ਅੰਡੇ ਰਖਦੀ ਹੈ, ਅਤੇ ਆਪ ਪਾਣੀ ਵਿਚ ਰਹਿੰਦੀ ਹੈ, ਧਿਆਨ ਨਾਲ ਉਹਨਾਂ ਨੂੰ ਪਾਲਦੀ ਹੈ ਤਿਵੇਂ ਸਤਿਗੁਰ ਸਿਖ ਦੀ ਰਾਖੀ ਕਰਦਾ ਹੈ:-

**ਆਪਣੇ ਸੇਵਕ ਕੀ ਆਪੇ ਰਾਖੈ**
**ਆਪੇ ਨਾਮ ਜਪਾਵੈ।**
**ਜਹਿ ਜਹਿ ਕਾਜ ਕਿਰਤ ਸੇਵਕ ਕੀ**
**ਤਾਹਿ ਤਾਹਿ ਉਠ ਧਾਵੈ।**
**ਸੇਵਕ ਕੋ ਨਿਕਟੀ ਹੋਇ ਦਿਖਾਵੈ।**

ਸਿਖ ਭਾਵੇਂ ਦੂਰ ਹੋਵੇ, ਪੈਂਡਾ ਕਾਲੇ ਕੋਹ ਹੋਣ, ਰਾਹ ਉਜਾੜ ਤੇ ਬੀਆਬਾਨਾਂ ਨਾਲ ਭਰਪੂਰ ਹੋਵੇ, ਅਕਾਸ਼ਾਂ ਨੂੰ ਖਹਿਣ ਵਾਲੀਆਂ ਚੋਟੀਆਂ ਹੋਣ, ਖਾਰੇ ਸਾਗਰ ਹੋਣ ਮਗਰ ਜੇ ਸਿੱਖ ਦੀ ਸੁਰਤ ਸਤਿਗੁਰ ਦੇ ਚਰਨਾਂ ਵਿਚ ਜਾਵੇ ਤਾਂ ਸਤਿਗੁਰ ਹੀ ਅੰਗ ਸੰਗ ਸਹਾਈ ਹੁੰਦਾ ਹੈ। ਗਜਿੰਦਰ ਦੀ ਪੁਕਾਰ ਸੁਣ ਭਗਵਾਨ ਸੁਦਰਸ਼ਨ ਚੱਕਰ ਲੈ ਪੁੱਜਾ ਸੀ। ਦਰੋਪਦੀ ਦੀ ਅਰਦਾਸ ਸੁਣ ਕ੍ਰਿਸ਼ਨ ਜੀ ਭਜੇ ਆਏ ਸਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਬੇਬੇ ਨਾਨਕੀ ਦਾ ਪ੍ਰੇਮ ਸੁਨੇਹਾ ਸੁਣ ਅਰਬੋਂ ਆ ਪੁਜੇ ਸਨ। ਗੁਰੂ ਹਰਿ ਗੋਬਿੰਦ ਜੀ ਭਾਗਭਰੀ ਦੀ ਬੇਨਤੀ ਤੇ ਪਰਬਤਾਂ ਨੂੰ ਚੀਰਦੇ ਹੋਏ ਕਸ਼ਮੀਰ ਗਏ ਸਨ। ਸਾਹਿਬ ਗੁਰੂ ਗੋਬਿੰਦ ਸਿੰਘ

Sri Satguru Jagjit Singh Ji eLibrary NamdhariElibrary@gmail.com

ਜੀ ਭਾਈ ਜੋਗਾ ਸਿੰਘ ਦੀ ਖਾਤਰ ਹੁਸ਼ਿਆਰਪੁਰ ਦੀਆਂ ਗਲੀਆਂ ਵਿਚ ਉਨੀਂਦਰੇ ਰਹਿ ਪਹਿਰਾ ਦੇ ਸਿਖ ਨੂੰ ਖੂਹ ਵਿਚੋਂ ਡਿਗਣ ਤੋਂ ਬਚਾਇਆ ਸੀ, ਚੀਨੀ ਵਾਲੇ ਪਾਤਸ਼ਾਹ ਨੇ ਭਾਈ ਰਾਏ ਸਿੰਘ ਜੀ ਦੀ ਸੈਂਕੜੇ ਕੋਹ ਤੇ ਜਾ ਕੇ ਸ਼ੇਰ ਤੋਂ ਰਖਿਆ ਕੀਤੀ ਸੀ, ਮਾਈ ਦਾਨੀ ਦੀ ਬੇਨਤੀ ਸੁਣਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜਿਆਂ ਦਾ ਕੰਮ ਵਿਚਾਲੇ ਛੱਡ ਵਿਰਾਹ ਨੂੰ ਉਠ ਦੌੜੇ ਸਨ:-

**ਸਦਾ ਅੰਗ ਸੰਗੇ। ਅਭੰਗੀ ਬਿਭੂਤੇ।**

ਸੰਸਾਰੀ ਤਾਂ ਸਵੇਰ ਦੇ ਧੰਧਿਆਂ ਨਾਲ ਥੱਕ ਟੁੱਟ ਰਾਤ ਨੂੰ ਮੰਜਿਆਂ ਤੇ ਬ੍ਰਾਜਦੇ ਹਨ, ਮਗਰ ਗੁਰੂ-ਅਵਤਾਰ ਮੰਜੇ ਤੇ ਲੇਟਿਆਂ ਵੀ ਸੇਵਕਾਂ ਖ਼ਾਤਰ ਭੱਜੇ ਫਿਰਦੇ ਹਨ। ਕਈਆਂ ਦੇ ਜਹਾਜ਼ ਕਢਦਿਆਂ ਮੋਢਿਆਂ ਨੂੰ ਪਛ ਲੈਂਦੇ ਹਨ। ਕਈ ਵਾਰੀ ਤਾਂ ਕਛਹਿਰਾ ਵੀ ਨਹੀਂ ਬਦਲਦੇ। ਅਧ-ਬਦਲਿਆਂ ਪੌਂਚਾ ਅੜਿਆ ਹੀ ਉਠ ਦੌੜਦੇ ਹਨ, ਅਰਦਾਸਾ ਕਰਦਿਆਂ ਜਦ ਗੁਰੂ ਨਾਨਕ ਦੇਵ ਜੀ ਦਾ ਪਵਿਤਰ ਨਾਉਂ ਮੂੰਹੋਂ ਨਿਕਲਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਮੇਰੇ ਅੰਦਰ ਆ ਪ੍ਰਵੇਸ਼ ਕੀਤਾ, ਜੇ ਗੁਰੂ ਅੰਗਦ ਦੇਵ ਜੀ ਦਾ ਸ਼ਬਦ ਉਚਾਰਿਆ ਤਾਂ ਗੁਰੂ ਅੰਗਦ ਦੇਵ ਜੀ ਦੀ ਤਸਵੀਰ ਅੰਦਰ ਆ ਟਿੱਕੀ। ਬੇਨਤੀ ਦੇ ਨਾਲ ਨਾਲ ਚਲਦੀ ਫ਼ਿਲਮ ਵਾਗੂੰ ਗੁਰੂ ਹਰੀ ਸਿੰਘ ਜੀ ਤਕ ਸਤਿਗੁਰਾਂ ਦੀਆਂ ਫ਼ੋਟੋ ਮੇਰੇ ਅੰਦਰ ਆਉਂਦੀਆਂ ਰਹੀਆਂ, ਮਗਰ ਜਦ ਇਹ ਸ਼ਬਦ ਮੂੰਹੋਂ ਨਿਕਲੇ ਕਿ ਹਾਜ਼ਰ ਨਾਜ਼ਰ, ਤਖਤ ਚਵਰ ਦੇ ਮਾਲਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਏ ਜਿਸ ਕਲਿਜੁਗ ਵਿਚ ਸੁਚ ਸੋਧ ਤੇ ਨਾਮ ਬਾਣੀ ਦਾ ਪ੍ਰਵਾਹ ਦਿੱਤਾ ਚਲਾਇ ਸਭ ਥਾਈਂ ਹੋਏ ਸਹਾਇ। ਸਹਾਇ ਮੂੰਹੋਂ ਨਿਕਲਣਾ ਹੀ ਸੀ, ਇਕ ਦਮ ਇਕ ਹੱਥ ਮੋਢੇ ਤੇ ਵਜਾ ਤੇ ਮੋਢਾ ਵੀ ਉਹ ਜਿਸ ਤੇ ਤੁਰਨ ਲਗਿਆਂ ਸ੍ਰੀ ਸਤਿਗੁਰੂ ਜੀ ਮਿਹਰ ਭਰਿਆ ਹਥ ਰਖਦਿਆਂ ਕਿਹਾ ਸੀ 'ਦਲੀਪ ਸਿੰਘਾ ਡਰੀਂ ਨਾ, ਸਤਿਗੁਰ ਤੇਰੇ ਅੰਗ ਸੰਗ ਹੈ', ਮੈਂ ਤ੍ਰਬਕ ਉਠਿਆ, ਕਿ ਖਬਰੇ ਚਿਤਰਾ ਆ ਪਇਆ, ਮਗਰ ਜਦ ਅੱਖਾਂ ਉਘੜੀਆਂ ਤਾਂ ਕੀ ਨਜ਼ਰੀਂ ਆਇਆ? ਬੱਗਾ ਸ਼ੇਰ, ਮੋਟੇ ਨੇਤਰ, ਚਾਂਦੀ ਦੀਆਂ ਰਿਸ਼ਮਾਂ ਦੇ ਦਾੜ੍ਹੇ ਵਾਲਾ, ਜਿਦੇ ਨੇਤਰਾਂ ਵਿਚੋਂ ਅੰਮ੍ਰਿਤ ਝਰ ਰਿਹਾ ਸੀ। ਮੁਸਕਰਾਂਦਿਆਂ ਕਿਹਾ 'ਦਲੀਪ ਸਿੰਘਾ! ਡਰ ਗਇਆ ਏਂ? ਤੈਨੂੰ ਚਿਤਰਾ ਕੁਝ ਨਹੀਂ ਕਹਿੰਦਾ।' ਬਦਲ ਵਿਚਾਰੇ ਤਾਂ ਅੱਧੀ ਰਾਤ ਤਕ ਮੇਰੀਆਂ ਲਾਵਾਂ ਲੈਂਦੇ ਰਹੇ, ਮਗਰ ਕਣੀ ਇਕ ਨਾ ਡਿਗੀ, ਪਰ ਇਹਨਾਂ ਦਰਸ਼ਨਾਂ ਦੀ ਜਦ ਤਸਵੀਰ ਅੱਖਾਂ ਰਾਹੀਂ ਹਿਰਦੇ ਵਿਚ ਪ੍ਰਵੇਸ਼ ਕੀਤਾ ਤਾਂ ਡਰ ਇਕ ਦਮ ਬਾਹਰ ਨਿਕਲ ਦੌੜਿਆ ਅਤੇ ਮੈਂ ਸਾਹਮਣੇ ਖੜੇ ਚਿਤਰੇ ਨੂੰ ਭੂਤ ਬਣ ਚਿੰਬੜਿਆ... ਤੇ ਮੇਰੀਆਂ ਅੱਖਾਂ ਨੇ ਪ੍ਰੇਮ ਹੰਝੂਆਂ ਦੀ ਝੜੀ ਲਾ ਦਿੱਤੀ। ਇਸੇ ਵੈਰਾਗ ਦਸ਼ਾ ਵਿਚ ਚਰਨਾਂ ਤੇ ਢਹਿ ਪਇਆ। ਇਹ ਭਾਵੇਂ ਕੋਈ ਘੜੀ ਵਾਲਾ ਹੀ ਦਸ ਸਕੇ ਕਿ ਮੈਂ ਕਿੰਨਾ ਚਿਰ

Sri Satguru Jagjit Singh Ji eLibrary NamdhariElibrary@gmail.com

ਚਰਨਾਂ ਤੇ ਢਠਾ ਰਿਹਾ। ਮੇਰੀ ਸੋਚ ਵਿਚਾਰੀ ਤਾਂ ਉੱਤਰ ਦੇਣੋਂ ਨਾਬਰ ਸੀ। ਮਗਰ ਜਦ ਸਿਰ ਚੁਕਿਆ ਤਾਂ ਮੁੜ ਸਤਿਗੁਰੂ ਜੀ ਦੇ ਕੇਵਲ ਗੋਡਿਆਂ ਤਕ ਦਰਸ਼ਨ ਹੋਏ। ਫੇਰ ਨਾ ਸਤਿਗੁਰੂ ਜੀ, ਨਾ ਚਿਤਰਾ। ਇਕਲਾ ਦਲੀਪ ਸਿੰਘ ਸਾਹਮਣੇ ਸਾਈਕਲ। ਸਿਰ ਤੇ ਬਦਲ ਤੇ ਉਹੋ ਵਾ ਠਕਾ।

ਹੁਣ ਮੇਰੇ ਅੰਦਰ ਸ਼ਕਤੀ ਦਾ ਹੜ੍ਹ ਆ ਗਇਆ। ਮੈਂ ਹੌਲਾ ਫੁਲ ਸਾਂ। ਲਤਾਂ ਵਿਚ ਫੁਰਤੀ ਸੀ। ਬਾਹਾਂ ਵਿਚ ਬਿਜਲੀ ਸੀ। ਉਤਰਾਈ ਵੇਲੇ ਤਾਂ ਮੇਰੇ ਸਾਈਕਲ ਉਡਾਰੀਆਂ ਭਰਨੀਆਂ ਸਨ, ਮਗਰ ਹੁਣ ਚੜ੍ਹਾਈ ਤੇ ਵੀ ਮੇਰਾ ਸਾਈਕਲ ਹੈਲੀਕਪਟਰ ਵਾਂਗੂ ਉਡਾਰੀਆਂ ਮਾਰ ਰਹਿਆ ਸੀ। ਮੇਰੀ ਰਸਨਾਂ ਤੇ ਕੇਵਲ ਇਕੋ ਵਾਕ ਸੀ, ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ। ਸੜਕ ਦੇ ਨਾਲ ਨਾ਼ਲ ਘੋੜਿਆਂ ਦੀਆਂ ਟਾਪਾਂ ਅਜੇ ਵੀ ਸੁਣਾਈ ਦੇ ਰਹੀਆਂ ਸਨ।

ਕੋਈ ਇਕ ਵਜੇ ਖੱਡ ਕੋਲ ਪੁਜਾ ਸਾਂ ਕਿ ਇਕ ਪੁਲਸੀਆ ਆ ਟਕਰਿਆ 'ਓਏ ਸਿਖਾ ਕਿਧਰ ਜਾ ਰਿਹਾ ਏਂ? ਤੂੰ ਤਾਂ ਅਵਾਰਾ ਗਰਦ ਏਂ ਕਿਸੇ ਦਾ ਘਰ ਤਾਂ ਭੰਨ ਕੇ ਨਹੀਂ ਜਾ ਰਿਹਾ?' ਮੈਂ ਜਾਣਿਆਂ ਅਸਮਾਨੋਂ ਡਿਗਾ ਖਜੂਰ ਤੇ ਅਟਕਿਆ। ਬਥੇਰੀ ਸਫ਼ਾਈ ਪੇਸ਼ ਕੀਤੀ ਕਿ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੇਵਕ ਹਾਂ ਮਗਰ ਉਸ ਇਕ ਨਾ ਸੁਣੀ। ਜਿਹੜੇ ਰਹਿੰਦੇ ਹੀ ਇਸੇ ਤਾਕ ਵਿਚ ਹਨ ਕਿ ਕਦ ਕੋਈ ਸ਼ਿਕਾਰ ਹੱਥ ਆਵੇ ਉਹ ਫੱਸੀ ਕੁਕੜੀ ਨੂੰ ਕਿਵੇਂ ਜਾਣ ਦੇਂਦੇ ਹਨ। ਮੈਨੂੰ ਥਾਣੇ ਲੈ ਤੁਰਿਆ, ਸੰਤ ਪ੍ਰੀਤਮ ਸਿੰਘ ਜੀ ਪਦੀ ਵਾਲੇ ਲਾਗੇ ਹੀ ਝੁਗੀਆਂ ਵਿਚ ਰਹਿੰਦੇ ਸਨ। ਮੈਂ ਉਹਨਾਂ ਨੂੰ ਅਵਾਜ਼ ਦਿੱਤੀ ਉਹਨਾਂ ਓਥੇ ਹੀ ਸਫ਼ਾਈ ਕਰ ਦਿੱਤੀ ਤੇ ਮੈਂ ਵੀ ਓਹਨਾਂ ਦੇ ਡੇਰੇ ਚਲਾ ਗਿਆ।

ਜਦ ਉਹਨਾਂ ਨੂੰ ਪਤਾ ਲੱਗਾ ਕਿ ਸਵੇਰੇ ਸਤਿਗੁਰੂ ਜੀ ਆ ਰਹੇ ਹਨ। ਤਾਂ ਉਹ ਵੀ ਮੇਰੇ ਨਾਲ ਹੋ ਗਏ। ਦੋਵੇਂ ਗਲੀਂ ਬਾਤੀਂ ਗਜਣ ਸਿੰਘ ਦੀ ਝੁਗੀ ਕੋਲ ਪੁਜੇ। ਘੋੜਿਆਂ ਦੀਆਂ ਟਾਪਾਂ ਅਜੇ ਵੀ ਬਾਕਾਇਦਾ ਸੁਣਾਈ ਦੇ ਰਹੀਆਂ ਸਨ। ਗਜਣ ਸਿੰਘ ਕੋਲ ਇਕ ਕੁੱਤਾ ਸੀ, ਜਿਹੜਾ ਚਿਤਰੇ ਨਾਲੋਂ ਵਧੇਰੇ ਖ਼ੌਫ਼ਨਾਕ ਸੀ। ਰਾਤ ਵੇਲੇ ਝੁਗੀਆਂ ਲਾਗੇ ਚਿੜੀ ਨਹੀਂ ਫੜਕਣ ਦੇਂਦਾ ਸੀ। ਮਗਰ ਉਹ ਵੀ ਅੱਜ ਕੀਲਿਆ ਪਿਆ ਸੀ। ਅਸੀਂ ਅੰਨੇ ਹਨੇਰੇ ਉਸਦੇ ਮੰਜੇ ਕੋਲ ਜਾ ਵਾਜ ਮਾਰੀ - ਗਜਣ ਸਿੰਘ। ਸੰਤ ਗਜਣ ਸਿੰਘ ਇਕ ਦਮ ਉਠਕੇ ਬਹਿ ਗਏ ਉਸ ਸਭ ਤੋਂ ਪਹਿਲਾਂ ਇਹ ਪੁਛਿਆ, 'ਕੁੱਤਾ ਨਹੀਂ ਪਿਆ?' 'ਹੁਣ ਕੁਤੇ ਨਹੀਂ ਪੈਂਦੇ' ਹੁਣ ਸ਼ੇਰ ਬਘੇਲੇ ਮੇਰੇ ਵਸ ਹਨ, ਤੂੰ ਫ਼ਿਕਰ ਨਾ ਕਰ।' ਗਜਣ ਸਿੰਘ ਕਿਹਾ ਘੋੜੇ ਆਏ ਹਨ, ਤੂੰ ਬ੍ਰਾਜ ਲੈ। ਮੈਂ ਮੰਜੇ ਤੇ ਲੱਕ ਲਾਇਆ ਈ ਸੀ ਕਿ ਮੀਂਹ ਆਖੇ ਮੈਂ ਅੱਜ ਈ ਆਂ। ਮੈਂ ਤਾਂ ਬਰਾਜ ਗਿਆ ਮਗਰ ਸਵੇਰ ਸਾਰ ਚਾਰ ਚੁਫੇਰੇ ਜਲ ਥਲ ਨਜ਼ਰੀਂ ਆ ਰਿਹਾ ਸੀ। ਇਹ ਅਜ ਦੀ ਗਲ ਨਹੀਂ। 29 ਸਾਲ ਹੋ ਗਏ ਹਨ, ਪੂਰੇ 29 ਸਾਲ। 1941 ਦੀ ਵਾਰਤਾ ਹੈ। ਅੱਜ ਪਰਬਤ ਕਿਤੇ ਕਿਤੇ ਕਾਲੀਆਂ ਧਾਰੀਆਂ ਨਾਲ ਇਉਂ ਦਿਸ ਰਹੇ ਸਨ

Sri Satguru Jagjit Singh Ji eLibrary NamdhariElibrary@gmail.com

ਜਿਵੇਂ ਸ਼ਿਵਜੀ ਮਹਾਰਾਜ ਜਟਾਂ ਖਿਲਾਰੀ ਅਨੰਦ ਲੈ ਰਹੇ ਹਨ। ਪੁਰੇ ਦੀ ਪੌਣ ਰੁਮਕ ਰਹੀ ਸੀ। ਵਾਯੂ ਮੰਡਲ ਬਿਲਕੁਲ ਸਵੱਛ ਸੀ। ਪਰਬਤ ਨਿਖਰੇ ਹੋਏ ਸਨ। ਕਦੇ ਕਦੇ ਸੂਰਜ ਬੱਦਲਾਂ ਉਹਲੇ ਲੁੱਕ ਜਾਂਦਾ ਸੀ, ਕਦੇ ਝਾਕਣ ਲੱਗ ਪੈਂਦਾ ਸੀ! ਇਉਂ ਮਾਲੂਮ ਹੁੰਦਾ ਸੀ ਜਿਵੇਂ ਦੇਵਪੁਰੀ ਦੇ ਵਾਸੀ ਲੁਕਣ ਮੀਚੀ ਖੇਡ ਰਹੇ ਹਨ। ਖੈਰ ਇਤਨੇ ਨੂੰ ਗਜਣ ਸਿੰਘ ਘੋੜੇ ਲੈ ਆਇਆ ਅਸੀਂ ਸਾਰਿਆਂ ਘੋੜਿਆਂ ਨੂੰ ਫੜ ਲਿਆ ਤੇ ਰਤੀ ਖਡ ਵਲ ਤੁਰ ਪਏ।

ਅਜੇ ਅਸੀਂ ਕੰਢੇ ਤੇ ਹੀ ਪੁਜੇ ਸਾਂ ਕਿ ਮੌਜੀ ਠਾਕੁਰ ਆਪਣੇ ਸੇਵਕਾਂ ਸਮੇਤ ਆ ਦਰਸ਼ਨ ਦਿੱਤੇ। ਮੋਟਰ ਪਾਰ ਖੜੀ ਕਰ ਦਿੱਤੀ, ਖਡ ਠਾਠਾਂ ਮਾਰ ਰਹੀ ਸੀ। ਸਤਿਗੁਰੂ ਜੀ ਨੇ ਮੁਸਕਰਾਉਂਦਿਆਂ ਕਿਹਾ - ਤਿਆਰ ਹੋ ਜਾਓ, ਅੱਜ ਮੈਂ ਤੁਹਾਨੂੰ ਖਡ ਪਾਰ ਕਰਾਉਂਦਾ ਹਾਂ। ਸਾਰੇ ਕਾਲਣੀਆਂ ਮਾਰ ਲਵੋ। ਸਤਿਗੁਰੂ ਜੀ ਨੇ ਸੰਤ ਆਲਾ ਸਿੰਘ ਦੀਆਂ ਬਾਹਾਂ ਵਿਚ ਬਾਹਾਂ ਪਾਈਆਂ। ਇਸੇ ਤਰ੍ਹਾਂ ਲਾਲ ਸਿੰਘ ਡਰਾਈਵਰ, ਭਾਈ ਵਜ਼ੀਰ ਸਿੰਘ, ਰਤਨ ਸਿੰਘ, ਸੰਤ ਹਾਕਮ ਸਿੰਘ ਕਾਲੋਕੇ ਤੇ ਸੂਬਾ ਵਰਿਆਮ ਸਿੰਘ ਸਮਸਾ ਸਭ ਇਕ ਦੂਜੇ ਨਾਲ ਬਝ ਗਏ।ਸੰਤਾਂ ਕਿਹਾ, ਧੰਨ ਭਾਗ ਜੇ ਤੁਸੀਂ ਖਡ ਪਾਰ ਕਰਾਓ। ਇਹ ਖਡ ਕੀ? ਜਿਸ ਤੇ ਤੁਸੀਂ ਤੁੱਠ ਪਵੋ ਉਹ ਕਿਸੇ ਖਡ ਤੋਂ ਉਰਾਰ ਨਹੀਂ ਰਹਿੰਦਾ। ਉਹ ਸਾਗਰਾਂ ਨੂੰ ਇਉਂ ਲੰਘ ਜਾਂਦਾ ਹੈ ਜਿਵੇਂ ਪਾਣੀ ਦੀ ਨਿੱਕੀ ਜਿਹੀ ਧਾਰ। ਸਤਿਗੁਰੂ ਜੀ ਦੀ ਪਵਿਤਰ ਦੇਹ ਦੀ ਛੂਹ ਨੇ...... ਸਾਰਿਆਂ ਅੰਦਰ ਝਰਨਾਹਟਾਂ ਛੇੜ ਦਿਤੀਆਂ। ਸਭਨਾਂ ਅਨੰਦ ਮਾਣਿਆ। ਸਾਰੇ ਖਿੜ ਪਏ। ਖੈਰ ਜਲ ਕਰੀੜਾ ਕਰਦੇ ਠਿਲ ਪਏ। ਕਿਨਾਰੇ ਤੇ ਖਲੋਤਿਆਂ ਨੂੰ ਦੁਵਾਪਰ ਦੇ ਵੇਲੇ ਦਾ ਕ੍ਰਿਸ਼ਨ ਨਾਲ ਗੋਪੀਆਂ ਦੀ ਜਲ ਕਰੀੜਾ ਦਾ ਦਰਿਸ਼ ਪੇਸ਼ ਕਰ ਰਿਹਾ ਸੀ। ਜਦ ਅਧ ਵਿਚ ਪੁੱਜੇ ਤਾਂ ਸੰਤ ਵਰਿਆਮ ਸਿੰਘ ਜੀ ਦੇ ਪੈਰ ਉਖੜ ਗਏ। ਪਰ ਸਤਿਗੁਰੂ ਜੀ ਐਸਾ ਉਛਾਲਾ ਮਾਰਿਆ ਕਿ ਸੰਤਾਂ ਦੇ ਪੈਰ ਲੱਗ ਗਏ। ਸਤਿਗੁਰੂ ਵਿਚ ਇਹੋ ਵਾਧਾ ਹੈ ਕਿ ਉਹ ਉਖੜਿਆਂ ਦੇ ਪੈਰ ਸਹਿਜੇ ਹੀ ਲਾ ਦੇਂਦੇ ਹਨ। ਬੜੀ ਮੌਜ ਨਾਲ ਇਹ ਵਹੀਰ ਪਾਰ ਹੋਇਆ। ਵਡੇ ਸੰਤਾਂ ਦੇ ਸਰੀਰ ਵਿਚੋਂ ਲਿਸ਼ਕਾਂ ਨਿਕਲ ਰਹੀਆਂ ਸਨ। ਸਤਿਗੁਰ ਜੀ ਪਾਰ ਪੁਜੇ ਤਾਂ ਸੇਵਕਾਂ ਜੈਕਾਰੇ ਛੱਡੇ। ਚਰਨਾਂ ਤੇ ਸੀਸ ਰਖ ਪਵਿਤਰ ਕੀਤਾ। ਸਤਿਗੁਰੂ ਜੀ ਨੇ ਸਭ ਦੀ ਰਾਜੀ ਖੁਸ਼ੀ ਪੁਛੀ। ਦਰਸ਼ਕਾਂ ਨੂੰ ਲਾਲੀਆਂ ਚੜ੍ਹ ਗਈਆਂ।

ਅਜ ਪ੍ਰਕਿਰਤੀ ਖੇੜੇ ਵਿਚ ਸੀ। ਪੰਛੀ ਮਸਤ ਸਨ। ਸਤਿਗੁਰੂ ਜੀ ਮੌਜ ਵਿਚ ਸਨ। ਹੁਕਮ ਹੋਇਆ ਪੈਦਲ ਹੀ ਚਲਾਂਗੇ। ਘੋੜਿਆਂ ਨੂੰ ਲਈ ਆਓ। ਇਸ ਸੁਹਾਉਣੇ ਤੇ ਸੁਗੰਧਤ ਵਾਯੂ ਮੰਡਲ ਵਿਚ ਗ਼ਰੀਬ ਨਿਵਾਜ਼ ਜੀ ਨੂੰ ਹੱਸਦਿਆਂ ਹਸਾਉਂਦਿਆਂ ਪ੍ਰਦੇਸੀ ਪ੍ਰੀਤਮ ਦੀ ਯਾਦ ਆ ਗਈ। ਵੈਰਾਗੀ ਹੋ ਉਠੇ। ਅਲਾਪ ਕੀਤਾ:-

**ਹਾਲ ਮੁਰੀਦਾਂ ਦਾ ਕਹਿਣਾ, ਸਾਡਾ ਹਾਲ ਮੁਰੀਦਾਂ ਦਾ ਕਹਿਣਾ**

Sri Satguru Jagjit Singh Ji eLibrary NamdhariElibrary@gmail.com

ਜੰਗਲ ਦਾ ਪੰਧ ਬਦਲਾਂ ਦਾ ਘੇਰਾ, ਅਵਾਜ਼ ਪਰਬਤ ਨੂੰ ਟਕਰਾਂਦੀ ਆਕਾਸ਼ ਨੂੰ ਜਾ ਵੈਰਾਗੀ ਕੀਤਾ। ਸਤਿਗੁਰਾਂ ਦੇ ਨੇਤਰ ਸਜਲ ਹੋ ਗਏ। ਸਰੋਤੇ ਵੈਰਾਗੀ ਹੋ ਉੱਠੇ। ਪ੍ਰਬਤ ਤੜਪ ਪਏ। ਮਾਈ ਪੁਲ ਵਾਲੀ ਨੂੰ ਜਦ ਦਰਸ਼ਨ ਹੋਏ ਮਸਤਾਨੀ ਹੋ ਨਚੀ। ਦੂਰ ਨੇੜੇ ਦੀਆਂ ਝੁਗੀਆਂ ਵਾਲੇ ਇਸ ਮਸਤਾਨੇ ਨਜ਼ਾਰੇ ਨੂੰ ਤਕ ਉਹਨਾਂ ਵੀ ਹੱਥਾਂ ਤੇ ਹੱਥ ਧਰ ਕੰਮ ਕਾਰਾਂ ਨੂੰ ਛੁੱਟੀ ਦੇ ਦਿੱਤੀ। ਛੁੱਟੀ ਕਰਦੇ ਵੀ ਕਿਉਂ ਨਾ ਇਸ ਮਾਈ ਪੁਲ ਵਾਲੀ ਨੂੰ ਹਰ ਪਾਸਿਓਂ ਛੁੱਟੀ ਮਿਲੀ ਹੋਈ ਸੀ।

ਇਕ ਵੇਰ ਇਹ ਮਾਤਾ ਸ੍ਰੀ ਭੈਣੀ ਸਾਹਿਬ ਪੁੱਜੀ ਤੇ ਮੱਥਾ ਟੇਕਿਆ। ਤੇ ਸਤਿਗੁਰੂ ਜੀ ਦੀ ਸੇਵਾ ਵਿਚ ਅਰਜ਼ ਕੀਤੀ - 'ਸੱਚੇ ਪਾਤਸ਼ਾਹ! ਇਸ਼ਨਾਨ ਨਹੀਂ ਹੁੰਦਾ।'

'ਤੈਨੂੰ ਇਸ਼ਨਾਨ ਮਾਫ਼!'

'ਮੈਥੋਂ ਮਾਲਾ ਨਹੀਂ ਫਿਰਦੀ'

'ਤੈਨੂੰ ਮਾਲਾ ਵੀ ਮਾਫ਼!'

ਦਰਸ਼ਨ ਵਿਸਮਾਦ ਹੋ ਰਹੇ ਸਨ। ਇਸ਼ਨਾਨ ਮਾਫ਼, ਮਾਲਾ ਵੀ ਮਾਫ਼। ਇਹ ਸੁਣਦਿਆਂ ਮਾਤਾ ਨੇ ਮਾਲਾ ਵਗਾ ਮਾਰੀ ਤੇ ਆਖਿਆ - 'ਆਹ ਲੈ, ਆਪਣੀ ਮਾਲਾ!' ਜਦ ਇਸ ਮਾਤਾ ਨੂੰ ਸਤਿਗੁਰਾਂ ਦੇ ਇਸ ਰੰਗ ਵਿਚ ਦਰਸ਼ਨ ਹੋਏ ਤਾਂ ਮਾਈ ਦੇ ਸਰੀਰ ਵਿਚੋਂ ਵੈਰਾਗ ਦੇ ਸੋਮੇ ਆਪ ਮੁਹਾਰੇ ਫੁਟ ਪਏ। ਉਨੇ ਅਰਸ਼ੀਆਂ ਨੂੰ ਫਰਸ਼ੀਆਂ ਤਕ ਪਹੁੰਚਾ ਦਿੱਤਾ। ਮਾਤਾ ਕੂਕੀ ਜਾਵੇ:-

**ਬਲਿਹਾਰੇ ਬਲਿਹਾਰ ਸੁਹਣੇ ਸਤਿਗੁਰੂ ਤੋਂ**
**ਬਲਿਹਾਰੇ ਬਲਿਹਾਰ ਉਨ੍ਹਾਂ ਦੇ ਰਾਹਾਂ ਤੋਂ**
**ਬਲਿਹਾਰੇ ਬਲਿਹਾਰ ਉਨ੍ਹਾਂ ਦੇ ਘੋੜਿਆਂ ਤੋਂ**
**ਬਲਿਹਾਰੇ ਬਲਿਹਾਰ ਉਨ੍ਹਾਂ ਦੀਆਂ ਸੰਗਤਾਂ ਤੋਂ**
**ਬਲਿਹਾਰੇ ਬਲਿਹਾਰ ਉਸ ਧਰਤੀ ਤੋਂ**
**ਜਿਥੇ ਗੁਰਾਂ ਚਰਨ ਪਸਾਰੇ**
**ਬਲਿਹਾਰੇ ਬਲਿਹਾਰ ਰਤਨਾਂ ਤੇ ਵਜੀਰਾਂ ਤੋਂ**
**ਜਿਨ੍ਹਾਂ ਗੁਰ ਆਪ ਸਵਾਰੇ**
**ਜਿਨਾਂ ਪਲ ਪਲ ਗੁਰਾਂ ਨਾਲ ਗੁਜ਼ਾਰੇ।**

ਪਤਾ ਨਹੀਂ ਹੋਰ ਕੀ ਕੁਝ ਉਚਾਰਿਆ। ਮਾਈ ਜੋ ਵੀ ਮੂੰਹੋਂ ਕਢਿਆ ਉਹੋ ਸਰੋਤਿਆਂ ਦੇ ਦਿਲਾਂ ਤੇ ਇਉਂ ਟਿਕਦਾ ਗਿਆ.... ਜਿਵੇਂ ਥਲੀ ਦੀਆਂ ਰੇਤਾਂ ਅਰਸ਼ੀ ਫੁਹਾਰਾਂ ਨੂੰ ਸਾਂਭਦੀਆਂ ਜਾਂਦੀਆਂ ਹਨ।

ਸਤਿਗੁਰੂ ਜੀ ਤੇ ਸੰਗਤ ਇਸ ਰੰਗ ਵਿਚ ਮਾਈ ਦੇ ਗ੍ਰਹਿ ਪੁੱਜ ਗਏ। ਸੱਚੇ ਪਾਤਸ਼ਾਹ ਇਕ ਮੰਜੇ ਤੇ ਸੱਜੇ, ਸੰਗਤਾਂ ਸਤਿਕਾਰ ਕਰਦੀਆਂ ਜਿਵੇਂ ਥਾਂ ਮਿਲੀ ਬੈਠ ਗਈਆਂ। ਸੇਵਾਦਾਰਾਂ ਲੰਗਰ ਅਰੰਭ ਦਿੱਤਾ। ਸਤਿਗੁਰੂ ਜੀ ਸੰਤ ਮੰਡਲੀ ਨੂੰ ਪੁਰਾਣੇ ਸਾਧਾਂ ਦੀਆਂ ਅਮਲੀ ਜੀਵਨੀਆਂ ਦਰਸਾਂਦੇ ਅਗੰਮੀ ਦੇਸਾਂ ਦੀ ਸੈਰ ਕਰਵਾਉਣ ਲੱਗ ਪਏ।

Sri Satguru Jagjit Singh Ji eLibrary NamdhariElibrary@gmail.com

ਮੈਂ ਤੇ ਭਾਈ ਵਜ਼ੀਰ ਸਿੰਘ ਜੀ ਇਕਲਵਾਂਜੇ ਜਾ ਬੈਠੇ। ਲੱਗੇ ਇਕ ਦੂਜੇ ਨੂੰ ਦਿਲ ਦੀਆਂ ਦੇਣ ਤੇ ਲੈਣ। ਗਲੀਂ ਬਾਤੀਂ ਭਾਈ ਜੀ ਕਿਹਾ ਦਲੀਪ ਸਿੰਘਾ। ਅਜ ਰਾਤ ਬੜਾ ਅਲੌਕਿਕ ਵਰਤਾਵਾ ਵੇਖਿਆ। ਰਾਤ ਦੇ ਬਾਰ੍ਹਾਂ ਕੁ ਵਜੇ ਹੋਣਗੇ ਕਿ ਸਤਿਗੁਰੂ ਜੀ ਹੁਕਮ ਕੀਤਾ, ਭਾਈ! ਕੰਬਲ ਦੇ। ਮੈਂ ਉਠਿਆ ਕੰਬਲ ਦੇਣ ਲੱਗਾ। ਜਦ ਚਰਨਾਂ ਨੂੰ ਛੂਹਿਆ ਤਾਂ ਉਹ ਬਿਲਕੁਲ ਠੰਢੇ ਠਾਰ ਇਉਂ ਭਿਜੇ ਨਜ਼ਰੀਂ ਆਏ ਜਿਵੇਂ ਹੁਣੇ ਬਿਆਸਾ ਤੋਂ ਇਸ਼ਨਾਨ ਕਰਕੇ ਆਏ ਹਨ।

**ਸੰਤ ਦਲੀਪ ਸਿੰਘ, ਹਿਸਾਰ**

Sri Satguru Jagjit Singh Ji eLibrary NamdhariElibrary@gmail.com

# ਕਿੱਲੀ ਦੇ ਦਾਣੇ

ਭਾਰਤ ਦੀ ਸੁਤੰਤਰਤਾ ਦਾ ਅਜੇ ਪਹੁ ਫੁਟਾਲਾ ਨਹੀਂ ਹੋਇਆ ਸੀ ਅਤੇ ਨਾ ਹੀ ਉਸ ਨੇ ਅਜੇ ਪੂਰਾ ਘੁੰਡ ਚੁੱਕਿਆ ਸੀ। ਜੰਗਾਲ ਖਾਧੀਆਂ ਤੇ ਭੁਰਭਰੀਆਂ ਜੰਜ਼ੀਰਾਂ ਦੇ ਟੁਟਣ ਵਿਚ ਕੋਈ ਘੜੀਆਂ ਪਲਾਂ ਦੀ ਖੇਡ ਸੀ ਕਿ ਫਿਰਕੂ ਬਦਲਾਂ ਨੇ ਆਕਾਸ਼ ਨੂੰ ਬੁਰੀ ਤਰ੍ਹਾਂ ਘੇਰ ਲਿਆ। ਪਤਲਾ ਤਾਂ ਉਨ੍ਹਾਂ ਕੀ ਪੈਣਾ ਸੀ ਸਗੋਂ ਸੰਘਣੇ ਤੇ ਨੀਵੇਂ ਤੋਂ ਨੀਵੇਂ ਹੁੰਦੇ ਗਏ। ਕਿਸੇ ਵੇਲੇ ਚਮਕ ਵੀ ਵਿਖਾਈ ਦੇਂਦੀ ਸੀ ਮਗਰ ਨਾਲ ਨਾਲ ਦਿਲ ਹਿਲਾਊ ਗਰਜਾਂ ਕਾਂਬਾ ਛੇੜਨ ਲੱਗ ਪੈਂਦੀਆਂ ਸਨ। ਕਈ ਥਾਈਂ ਗੜੇ ਗੋਲਿਆਂ ਦੀਆਂ ਵੀ ਕੰਨੀ ਸੋਆਂ ਪੈਣ ਲੱਗ ਪਈਆਂ। ਨਦੀ ਨਾਲੇ ਕੰਢਿਆਂ ਤੋਂ ਬਾਹਰ ਵਗਣੇ ਅਰੰਭ ਹੋ ਗਏ। ਕਈ ਘਰ ਰੁੜ ਗਏ। ਕਈ ਵਸਦੇ ਰਸਤੇ ਥੇਹਾਂ ਵਿਚ ਬਦਲ ਗਏ। ਹਰੀਆਂ ਭਰੀਆਂ ਲਹਿ ਲਹਿ ਕਰਦੀਆਂ ਖੇਤੀਆਂ ਬਰਬਾਦ ਹੋ ਗਈਆਂ। ਪੱਕੀਆਂ ਫਸਲਾਂ ਵੀ ਨਸ਼ਟ ਹੋਣੋਂ ਨਾ ਬਚੀਆਂ। ਇਹ ਧੁੰਧਲੇ ਵਾਯੂ ਮੰਡਲ ਨੇ ਹਉਕੇ ਸਿਸਕੀਆਂ ਲੈਂਦਿਆਂ ਪਥਰਾਂ ਨੂੰ ਪਿਘਲਾ ਦਿੱਤਾ। 15 ਅਗਸਤ ਦੀ ਸਵੇਰ ਹੋਈ। ਦਿੱਲੀ ਦੇ ਤਾਰੀਖੀ ਲਾਲ ਕਿਲ੍ਹੇ ਤੇ ਪੰਡਤ ਨਹਿਰੂ ਹੱਥੋਂ ਫਰਾਟੇ ਮਾਰਦਾ ਤਰੰਗਾ ਆਕਾਸ਼ ਵਲ ਵਧਿਆ। ਲਖਾਂ ਦਿਲਾਂ ਦੀ ਧੜਕਣ ਤੇ ਪੁਰਜ਼ੋਰ ਤਾਲੀਆਂ ਨਾਲ ਅਣਦਿਸ ਪੁਰੀਆਂ ਵਲ ਵਧਾਈਆਂ ਘਲੀਆਂ। ਸਾਰਾ ਦਿਨ ਰਾਗ ਰੰਗ ਹੁੰਦੇ ਰਹੇ। ਰਾਤ ਨੂੰ ਇੰਡੀਆ ਗੇਟ ਦੇ ਸਾਹਮਣੇ ਤਿਲ ਧਰਨ ਦੀ ਥਾਂ ਨਾ ਰਹੀ। ਆਕਾਸ਼ ਨੂੰ ਛੂਹਣ ਵਾਲੀਆਂ ਇਮਾਰਤਾਂ ਸੜਕਾਂ, ਦੁਆਲੇ ਦੇ ਰੁੱਖ ਆਲੇ ਦੁਆਲੇ ਦੇ ਪਲਾਟ ਬਿਜਲੀ ਦੀ ਰੌਸ਼ਨੀ ਨਾਲ ਲਟ ਲਟ ਕਰ ਰਹੇ ਸਨ। ਧਰਤੀ ਤੇ ਸੂਈ ਡਿਗੀ ਵਿਖਾਈ ਦੇਂਦੀ ਸੀ। ਹਰੇਕ ਭਾਰਤੀ ਹਿੱਕ ਕੱਢ ਕੇ ਤੁਰਦਾ ਸੀ।

ਮਗਰ ਸਵੇਰ ਸਾਰ ਅਖ਼ਬਾਰਾਂ ਵਿਚ ਸੁਰਖੀਆਂ ਜਮਣੀਆਂ ਸ਼ੁਰੂ ਹੋ ਗਈਆਂ ਕਿ ਪਾਕਿਸਤਾਨ ਦੇ ਹਿੰਦੂ ਸਿੱਖਾਂ ਨੂੰ ਉਜਾੜ ਦਿੱਤਾ ਗਿਆ। ਪਿੰਡਾਂ ਦੇ ਪਿੰਡ ਫੂਕੇ ਜਾ ਰਹੇ ਹਨ, ਸਤੀਆਂ ਦੇ ਸੱਤ ਭੰਗ ਹੋ ਰਹੇ ਹਨ। ਪਤਨੀਆਂ ਪਤੀਆਂ ਪਾਸੋਂ ਵਿਛੋੜ ਦਿਤੀਆਂ ਗਈਆਂ ਹਨ। ਵਿਲਕਦੇ ਬੱਚਿਆਂ ਨੂੰ ਮਾਵਾਂ ਦੀਆਂ ਗੋਦੀਆਂ ਵਿਚੋਂ ਧਰੂ ਧਰੂ ਉਹਨਾਂ ਦੀਆਂ ਅੱਖਾਂ ਸਾਹਮਣੇ ਕੁਹ ਦਿੱਤਾ ਗਿਆ ਹੈ, ਭਾਰਤ ਵਲ ਆ ਰਹੇ ਕਾਫਲਿਆਂ ਨੂੰ ਰੋਕ ਉਹਨਾਂ ਨਾਲ ਸ਼ੈਤਾਨੀ ਵਿਵਹਾਰ ਹੋ ਰਿਹਾ ਹੈ। ਦੁੱਧ ਮੱਖਣ ਖਾਣ ਵਾਲਿਆਂ ਨੂੰ ਦਿਨਾਂ ਬੱਧੀ ਪੇਟ ਦੀ ਅੱਗ

Sri Satguru Jagjit Singh Ji eLibrary NamdhariElibrary@gmail.com

ਠੰਡੀ ਕਰਨ ਵਾਸਤੇ ਕੁਝ ਨਹੀਂ ਮਿਲਿਆ। ਇਹ ਸੁਣ ਦਿੱਲੀ ਤੋਂ ਕਈ ਜਗ੍ਹਾ ਤੋਂ ਰੋਟੀਆਂ ਲੈ ਕੇ ਲੰਗਰ ਲਾਉਣ ਤੇ ਭੰਡਾਰੇ ਛਕਾਉਣ ਵਾਲਿਆਂ ਦੀ ਤ੍ਰਿਪਤੀ ਵਾਸਤੇ ਪੰਜਾਂ ਪਾਣੀਆਂ ਦੀ ਧਰਤੀ ਨੂੰ ਉਡ ਪਏ। ਟਰੱਕ ਤੇ ਗਡੀਆਂ, ਫੱਸਿਆਂ ਨੂੰ ਕੱਢਣ ਵਾਸਤੇ ਤੋਰ ਦਿਤੇ ਗਏ।

ਹਿੰਦੂਆਂ ਸਿੱਖਾਂ ਦਾ ਪਹਿਲਾਂ ਤਾਂ ਇਹ ਖ਼ਿਆਲ ਸੀ ਕਿ ਸ਼ਾਇਦ ਇਹ ਰਾਮ ਰੌਲਾ ਥੋੜ੍ਹੇ ਦਿਨਾਂ ਦੀ ਖੇਡ ਹੈ। ਇਹ ਹਨ੍ਹੇਰੀ ਛੇਤੀ ਲੰਘ ਜਾਵੇਗੀ, ਕਣੀਆਂ ਪੈ, ਮਿੱਟੀ ਘੱਟਾ ਬਹਿ ਜਾਵੇਗਾ ਤੇ ਵਾਯੂ ਮੰਡਲ ਸਾਫ਼ ਹੋ ਜਾਵੇਗਾ। ਮਗਰ ਕਲ੍ਹ ਰਾਣੀ ਆਪਣਾ ਨਾਦ ਵਜਾਉਣਾ ਚਾਹੁੰਦੀ ਸੀ। ਇਸ ਵਾਸਤੇ ਹਿੰਦੂ ਸਿੱਖਾਂ ਇਹੋ ਮੱਤਾ ਪਕਾਇਆ ਕਿ ਇਸ ਮਾਂ-ਭੂਮੀ ਨੂੰ ਪ੍ਰਣਾਮ ਕਰੋ ਤੇ ਰਾਵੀਓਂ ਪਾਰ ਹੋ ਆਸਰਾ ਲਭੋ। ਪਿੰਡਾਂ ਦੇ ਪਿੰਡ ਕੈਂਪਾਂ ਵਿਚ ਜੁੜਨ ਲੱਗੇ। ਕਾਫਲਾ ਸਚੇ ਸੌਦੇ ਜੁੜਿਆ, ਲਾਲੇ ਪੁਰ ਸਮਸਾ ਤੇ ਹੋਰ ਵਿਰਕ ਤਪਾ ਸਭ ਇੱਥੇ ਇਕੱਠਾ ਹੋ ਗਿਆ। ਜੋ ਕੋਈ ਚੁੱਕ ਸਕਿਆ ਗਠੜੀ ਲੈ ਸੱਚੇ ਸੌਦੇ ਆ ਵੜਿਆ ਹੋਰ ਸਭ ਭੁੱਲ ਗਿਆ ਸੀ। ਕੇਵਲ ਇਕੋ ਸਿਰ ਤੇ ਮੌਤ ਦੀ ਤਲਵਾਰ ਲਟਕਦੀ ਵਿਖਾਈ ਦੇ ਰਹੀ ਸੀ।

ਮਗਰ ਇਸ ਇਕਠ ਵਿਚ ਕੁਝ ਉਹ ਵਿਅਕਤੀ ਵੀ ਸਨ ਜਿਨ੍ਹਾਂ ਦੇ ਵਸ ਵਿਚ ਮਰਨਾ ਤੇ ਜੀਮਣਾ ਸੀ। ਜਿਨ੍ਹਾਂ ਪਾਸੋਂ ਧਰਮਰਾਜ ਬਿਨਾਂ ਪੁੱਛੇ ਬਾਹਰ ਕਦਮ ਨਹੀਂ ਰਖਦਾ ਸੀ। ਚਿੱਤਰ ਗੁਪਤ ਇਹਨਾਂ ਦੇ ਇਸ਼ਾਰੇ ਉੱਤੇ ਚੱਲਦੇ ਹਨ। ਮੁਨਕਰ ਨਕੀਰ ਇਹਨਾਂ ਦੇ ਹੁਕਮ ਦੀ ਉਡੀਕ ਕਰਦੇ ਹਨ। ਮੌਤ ਰਾਣੀ ਇਹਨਾਂ ਦੀ ਆਗਿਆ ਬਿਨਾਂ ਕਿਸੇ ਜੀਅ ਨੂੰ ਉਸਦੇ ਘਰ ਤੋਂ ਖ਼ਾਲੀ ਨਹੀਂ ਸੀ ਕਰ ਸਕਦੀ। ਇਹ ਮਹਾਨ ਆਤਮਾਵਾਂ ਵਸਦੀਆਂ ਤੇ ਫਰਸ਼ਾਂ ਉਤੇ ਹਨ ਪਰ ਉਡਾਰੀਆਂ ਅਰਸ਼ਾਂ ਉਤੇ ਭਰਦੀਆਂ ਹਨ। ਇਹ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਨਾਲ ਖੇਡਾਂ ਰਚਾਉਂਦੇ ਹਨ, ਉਹ ਇਹਨਾਂ ਦੇ ਹੁਕਮ ਵਿਚ ਖੁਸ਼ੀ ਮਾਣਦਾ ਹੈ। ਮਗਰ ਇਹ ਉਸਦੀ ਰਜ਼ਾ ਵਿਚ ਰਹਿ ਕੇ ਰਾਜ਼ੀ ਹਨ। ਆਮ ਅੱਖਾਂ ਉਹਨਾਂ ਨੂੰ ਪਛਾਣ ਨਹੀਂ ਸਕਦੀਆਂ।

**ਜਿਉ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਲਪੇਟਾ॥**

ਇਸ ਭੀੜ ਵਿਚ ਸੰਤ ਗੋਪਾਲ ਸਿੰਘ ਜੀ ਲਾਲੇਪੁਰ ਵਾਲੇ ਜਿਨ੍ਹਾਂ ਤੇ ਸੰਤ ਚੁਪ ਜੀ ਮਹਾਰਾਜ ਨੇ ਚੁਪ ਚੁਪੀਤਿਆਂ ਕੇਸਰ ਛਿੜਕ ਦਿੱਤਾ ਸੀ ਜਿਸ ਨਾਲ ਉਨ੍ਹਾਂ ਨੂੰ ਤਿੰਨ ਲੋਕ ਤੇ ਨਵਾਂ ਖੰਡਾਂ ਦੀ ਲੋਅ ਓਸੇ ਵੇਲੇ ਹੋ ਗਈ ਸੀ ਅਤੇ ਸੂਰਜ, ਚੰਨ, ਧਰਤ, ਆਕਾਸ਼ ਸਭ ਨਿਕੇ ਨਿਕੇ ਗੀਟੇ ਗੀਟੀਆਂ ਜਾਪਣ ਲੱਗ ਪਏ ਸਨ। ਇਹਨਾਂ ਕਈ ਜੁਗਾਂ ਤੋਂ ਤਪੱਸਿਆ ਕੀਤੀ ਸੀ। ਮਗਰ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦੇ ਲਹਿਰੇ ਲੈਣ ਵਾਸਤੇ ਇਹ ਜਨਮ ਧਾਰਿਆ ਸੀ। ਗੁਰ ਮੰਤਰ ਮਿਲਦਿਆਂ ਈ ਉਸ ਨਾਲ ਜੁੜ ਗਏ। ਮਿਹਰ ਤਾਂ ਪਹਿਲੇ ਦਿਨ ਹੀ ਹੋ ਗਈ। ਮਗਰ ਸੰਤਾਂ ਦਾ ਖਿਆਲ ਸੀ ਕਿ ਧੰਨ ਓਹ ਹੈ ਜੋ ਆਪ ਕਮਾਇਆ ਜਾਵੇ। ਪ੍ਰਸ਼ਾਦੇ ਓਸ ਦਾ ਸਵਾਦ ਹੈ ਜੋ ਹੱਥੀਂ

Sri Satguru Jagjit Singh Ji eLibrary NamdhariElibrary@gmail.com

ਪਕਾਇਆ ਜਾਵੇ। ਖੇਤੀ ਓਹ ਜੋ ਆਪ ਸੰਭਾਲੀ ਜਾਵੇ। ਇਸੇ ਖ਼ਿਆਲ ਨਾਲ ਸਿਮਰਨ ਨਾਲ ਸਿਮਰਨ ਹੋ ਗਏ ਤੇ ਦ੍ਰਿਸ਼ਟੀ ਏਨੀ ਉੱਚੀ ਹੋ ਗਈ ਕਿ ਖੁਰਲੀ ਦੇ ਪਸ਼ੂਆਂ ਦੇ ਜਨਮਾਂ ਦਾ ਭੇਤ ਖੁੱਲ੍ਹ ਗਿਆ। ਸਤਿਗੁਰਾਂ ਦੀ ਮੌਜ ਸੰਤਾਂ ਨੂੰ ਇਕ ਦਿਨ ਵਿਖਾਇਆ ਕਿ ਫਲਾਣਾ ਬਲਦ ਉਹਨਾਂ ਦਾ ਭਰਾ ਹੈ, ਫਲਾਣਾ ਢੱਗਾ ਉਹਨਾਂ ਦਾ ਸੰਬੰਧੀ ਹੈ, ਫਲਾਣੀ ਗਊ ਉਹਨਾਂ ਦੀ ਭੈਣ ਹੈ, ਜਦ ਇਹ ਕੁਝ ਵੇਖਿਆ ਤਾਂ ਸੰਤ ਕੁਦ ਕੇ ਖੁਰਲੀ ਵਿਚ ਜਾ ਪਏ। ਦੂਜੇ ਬੰਨੇ ਪਸ਼ੂਆਂ ਨੂੰ ਵੀ ਗਿਆਨ ਕਰਾ ਦਿੱਤਾ, ਉਹ ਸੰਤਾਂ ਨੂੰ ਡਿਗਦਿਆਂ ਵੇਖ ਅੜਾਉਣ ਲੱਗ ਪਏ ਅਕਾਸ਼ ਸਿਰ ਤੇ ਚੁੱਕ ਲਿਆ। ਪਸ਼ੂਆਂ ਦੇ ਅੜਾਉਣ ਨਾਲ ਮਲ ਇਕੱਠਾ ਹੋ ਗਿਆ। ਜਾ ਕੇ ਕੀ ਵੇਖਿਆ ਗੋਪਾਲ ਸਿੰਘ ਖੁਰਲੀ ਵਿਚ ਡਿੱਗਾ ਪਿਆ ਹੈ ਅਤੇ ਪਸ਼ੂ ਅੜਿੰਗਦੇ ਹੋਏ ਸੰਤਾਂ ਵਾਲੇ ਪਾਸੇ ਰੱਸੇ ਖਿੱਚ ਰਹੇ ਹਨ। ਏਨੇ ਨੂੰ ਸੰਤਾਂ ਦੀ ਸੁਰਤ ਹੇਠਾਂ ਉਤਰ ਆਈ। ਹੁਣ ਸੰਤਾਂ ਦੀ ਵਾਹੀ ਮਾਲਾ ਈ ਸੀ ਜੋ ਬੀਜਿਆ ਸੋ ਬੀਜਿਆ ਰਿਹਾ ਜੋ ਵਾਹਿਆ ਸੋ ਵਾਹਿਆ ਰਿਹਾ। ਨਾ ਸੰਤ ਪੈਲੀ ਬੰਨ੍ਹੇ ਗਏ ਨਾ ਵੇਖ ਭਾਲ ਕੀਤੀ, ਜੋ ਫਸਲ ਬੀਜੀ ਸੀ ਉਸ ਵਲ ਵੀ ਕੁਝ ਧਿਆਨ ਨਾ ਕੀਤਾ। ਵਾਢੀਆਂ ਆ ਗਈਆਂ। ਨਿਕੇ ਵਡੇ ਗਏ ਉਹ ਵੱਢ ਟੁੱਕ ਲੈ ਆਏ, ਨ ਕਿਸੇ ਫਲ੍ਹਾ ਜੋੜਿਆ ਨਾ ਗਾਹ ਪਾਇਆ। ਕੁਟ ਛਾਣ ਕੇ ਭੜੋਲੇ ਵਿਚ ਭਰ ਦਿੱਤੇ। ਹੇਠੋਂ ਮੂਘ ਕਰ ਦਿੱਤਾ, ਸਾਧ ਸੰਗਤ ਵੀ ਆਵੇ, ਢੋਲਕ ਤੇ ਛੈਣਿਆਂ ਵਾਲੇ ਚਰਨ ਪਾਉਣ, ਘਰ ਦਾ ਪ੍ਰਵਾਰ ਵੀ ਛਕੇ, ਭੜੋਲਾ ਇਕੋ ਹੀ ਦਰੋਪਤੀ ਦੀ ਸਾੜ੍ਹੀ ਵਾਂਗ ਅਮੁਕ। ਹਰ ਵੇਲੇ ਇਹ ਘਨਘੋਰਾਂ ਪੌਣ ਪੰਛੀਆਂ ਨੂੰ ਮੁਗਧ ਕਰਨ:-

**ਸਾਧਾਂ ਦੇ ਸੰਗ ਦੀ ਨਾਮ ਵਾਲੇ ਰੰਗ ਦੀ**
**ਮਹਿਮਾ ਕਿਆ ਰਹੀਏ ਮਹਿਮਾ ਕਿਆ ਕਹੀਏ॥**

ਚੰਦ੍ਰਮਾਂ ਧਰਤ ਮਾਂ ਦੀਆਂ ਪੂਰੀਆਂ ਬਾਰ੍ਹਾਂ ਪ੍ਰਕਰਮਾਂ ਕਰ ਲਈਆਂ, ਮਗਰ ਇਸ ਨਿਕੇ ਜਿਹੇ ਭੜੋਲੇ ਦੇ ਢਿੱਡ ਦਾ ਕੁਛ ਪਤਾ ਨਹੀਂ ਸੀ ਲੱਗਦਾ। ਬੇਬੇ ਜਥਿਆਂ ਨੂੰ ਇਸ ਵਿਚੋਂ ਕਢ ਕਢ ਖੁਆਂਦੀ ਤੇ ਸਾਧਾਂ ਦੀ ਖੁਸ਼ੀ ਲੈਂਦੀ।

ਇਹ ਮਹਾਂ ਪੁਰਖ ਵੀ ਸਚੇ ਸੌਦੇ ਤੇ ਸਟੇਸ਼ਨ ਉਤੇ ਸਤਿਗੁਰ ਪ੍ਰਤਾਪ ਸਿੰਘ ਜੀ ਦੀ ਯਾਦ 'ਚ ਬੈਠੇ ਮਾਲਾ ਫੇਰ ਰਹੇ ਸਨ। ਇਨ੍ਹਾਂ ਦੇ ਲਾਗੇ ਹੀ ਸੂਬਾ ਰੂੜ ਸਿੰਘ, ਚਤਰ ਸਿੰਘ ਮਾ: ਅਮਰੀਕ ਸਿੰਘ ਤੇ ਹੋਰ ਮਾਈਆਂ ਬੀਬੀਆਂ ਬੈਠੀਆਂ ਸਨ। ਸੰਤਾਂ ਦਾ ਬਚਨ ਮੰਨ ਓਸ ਸਤਿਗੁਰੂ ਦੇ ਚਰਨਾਂ ਵਿਚ ਜੋਦੜੀ ਕਰ ਰਹੀਆਂ ਸਨ, ਜਿਹਨਾਂ ਦਲੀਪ ਸਿੰਘ ਨੂੰ ਸੁਕੇਤ ਜਾਂਦੇ ਨੂੰ ਚਿਤਰੇ ਤੋਂ ਬਚਾਇਆ ਸੀ। ਅਸਲ ਵਿਚ ਇਹ ਸਾਰੇ ਦਾ ਸਾਰਾ ਜਥਾ ਆਪਣੇ ਮਹਿਬੂਬ ਨਾਲ ਗੱਲਾਂ ਕਰ ਰਿਹਾ ਸੀ। ਮਗਰ ਬਾਕੀ ਲੁਕਾਈ ਛਡੇ ਘਰਾਂ ਦੇ ਕੀਰਨੇ ਪਾ ਰਹੇ ਸਨ, ਕੁਝ ਨਵੇਂ ਆਲਣਿਆਂ ਦੇ ਸੁਪਨੇ ਲੈ ਰਹੇ ਸਨ। ਕਈ ਹੌਕੇ ਲੈ ਰਹੇ ਸਨ। ਕਈ ਯਾਰਾਂ ਮਿਤਰਾਂ ਤੇ ਆਸ ਲਾਈ ਓਹਨਾਂ ਦੀਆਂ ਹਵੇਲੀਆਂ

Sri Satguru Jagjit Singh Ji eLibrary NamdhariElibrary@gmail.com

ਦੇ ਚੱਕਰ ਲਾ ਰਹੇ ਸਨ। ਪਰ ਇਹ ਸਾਧ ਮੰਡਲੀ.... ਮਲਾਲ ਤੋਂ ਦੂਰ ਸੀ, ਫ਼ਿਕਰਾਂ ਤੋਂ ਉਚੇਰੀ ਸੀ, ਚਿੰਤਾ ਦੀ ਚਿਖਾ ਵੀ ਦੁਰਾਡੇ ਦੁਰਾਡੇ ਚੱਕਰ ਲਾ ਰਹੀ ਸੀ।

ਅਚਾਨਕ ਰੇਲ ਦਾ ਧੂੰਆ ਦਿਖਾਈ ਦਿੱਤਾ। ਸਭ ਦੀਆਂ ਆਸਾਂ ਕਲੀਆਂ ਟਹਿਕ ਪਈਆਂ ਸਭ ਦੇ ਗਠੜੀਆਂ ਤੇ ਹੱਥ ਜਾ ਪਏ। ਬਹੁਤਿਆਂ ਸਮਾਨ ਸਿਰ ਉਤੇ ਚੁੱਕ ਲਿਆ, ਮਾਵਾਂ ਨੇ ਬੱਚੇ ਢਾਕੇ ਲਾ ਲਏ, ਸਿਰਾਂ ਤੇ ਰੀਢਾਂ ਹੱਥਾਂ ਵਿਚ ਥੈਲੇ। ਮੁਕਦੀ ਗਲ ਜਿੰਨੇ ਜੀਅ ਓਨੇ ਭਾਰ। ਅਸਲ ਵਿਚ ਇਹ ਕੋਈ ਮੁਸਾਫ਼ਰ ਗੱਡੀ ਜਾਂ ਸ਼ਰਨਾਰਥੀ ਢੋਊ ਗੱਡੀ ਨਹੀਂ ਸੀ। ਇਹ ਇਕ ਸਪੈਸ਼ਲ ਸੀ ਜਿਹੜੀ ਬਲੋਚੀਆਂ ਨੂੰ ਲਾਹੌਰ ਲੈ ਜਾ ਰਹੀ ਸੀ। ਜਦ ਬਲੋਚਾਂ ਨੇ ਵੇਖਿਆ ਕਿ ਇਹ ਕਾਫਰਾਂ ਦਾ ਕੈਂਪ ਹੈ ਤਾਂ ਓਹਨਾਂ ਆਪਣੀਆਂ ਰਾਈਫਲਾਂ ਸੂਤ ਕਰ ਲਈਆਂ ਜਿਵੇਂ ਹਲਕੇ ਕੁੱਤੇ ਦੇ ਦੰਦ ਮਨੁੱਖ ਨੂੰ ਵੇਖ ਸੁੱਤੇ ਹੀ ਬਾਹਰ ਨਿਕਲ ਆਉਂਦੇ ਹਨ ਤਿਵੇਂ ਇਹਨਾਂ ਬਲੋਚੀਆਂ ਦੀਆਂ ਸੰਗੀਨਾਂ ਹਿੰਦੂ ਸਿੱਖਾਂ ਨੂੰ ਵੇਖਕੇ ਖਿੜਕੀਆਂ ਤੋਂ ਬਾਹਰ ਨਿਕਲ ਖਲੋਤੀਆਂ। ਜਿਓਂ ਹੀ ਗੱਡੀ ਅੱਗੇ ਆਈ ਤੇ ਉਜੜੇ ਪੁਜੜੇ ਅੱਗੇ ਵੱਧੇ। ਮਗਰ ਵਾਹ ਹੋਣੀਏਂ! ਅਗੋਂ ਕਾੜ੍ਹ ਕਾੜ੍ਹ ਗੋਲੀ ਸਵਾਗਤ ਕੀਤਾ ਜੋ ਕੀ ਛਾਤੀ, ਕੀ ਕੰਨਪਟੀ, ਕੀ ਸਿਰ ਦੀ ਖੋਪਰੀ, ਜੋ ਸਾਹਮਣੇ ਆਈ ਚੀਰਦੀ ਗਈ। ਪਲਾਂ ਵਿਚ ਧਰਤੀ ਲਹੂਲੁਹਾਨ ਹੋ ਗਈ। ਲੋਥਾਂ ਲਹੂ ਦੇ ਛਪੜਾਂ 'ਚ ਤੜਪਣ ਲੱਗ ਪਈਆਂ। ਕਈਆਂ ਦੇ ਪ੍ਰਾਣ ਪੰਖੇਰੂ ਇਸ ਪਿੰਜਰੇ ਚੋਂ ਉਡਾਰੀ ਮਾਰ ਗਏ ਸਨ। ਸਟੇਸ਼ਨ ਉੱਤੇ ਕਾਵਾਂ ਰੌਲੀ ਮੱਚ ਗਈ। ਪਰ ਅੰਨੇ ਅੱਗੇ ਰੋਣਾ ਅੱਖੀਆਂ ਦਾ ਖੋਣਾ ਜਾਣ ਪ੍ਰਦੇਸੀਆਂ ਦੀ ਕੌਣ ਸੁਣਦਾ ਹੈ?

ਜਿਹਨਾਂ ਦਾ ਜੀਵਨ ਪੈਂਡਾ ਮੁਕ ਗਿਆ ਓਹਨਾਂ ਦੇ ਫ਼ਿਕਰਾਂ ਦਾ ਭੋਗ ਪੈ ਗਿਆ। ਜਿਹੜੇ ਜਿਹੜੇ ਰਹੇ ਉਹ ਮੋਇਆਂ ਨਾਲ ਪ੍ਰਾਂਦ, ਪਰ ਪਤਾ ਨਹੀਂ ਲੱਗਾ ਜਦ ਓਹਨਾਂ ਰਾਖਸ਼ ਬਲੋਚੀਆਂ ਦੇ ਡਬੇ ਇਹਨਾਂ ਭੋਲੇ ਭਾਲੇ ਖੱਦਰ ਦੇ ਕੁੜਤਿਆਂ ਵਾਲਿਆਂ ਪਾਸੋਂ ਲੰਘੇ ਤਾਂ ਉਹਨਾਂ ਦੀਆਂ ਗੋਲੀਆਂ ਨੂੰ ਸਿਲ੍ਹ ਕਿਵੇਂ ਚੜ੍ਹ ਗਈ? ਘੋੜੇ ਕਿਉਂ ਨਾ ਦਬਾਏ ਜਾ ਸਕੇ? ਉਹਨਾਂ ਦੇ ਫਾਇਰ ਕਿਓਂ ਮਿਸ ਹੋ ਗਏ। ਸੰਤ ਗੋਪਾਲ ਸਿੰਘ ਜੀ ਤੇ ਉਨ੍ਹਾਂ ਦੇ ਸੱਜੇ ਖੱਬੇ ਬੈਠੇ ਪੀੜਤਾਂ ਨੂੰ ਕੰਕਰ ਤਕ ਨਾ ਲੱਗਾ। ਗਡੀ ਤਰਲੇ ਕਰਦੀ ਤੇ ਹਾੜੇ ਘਤਦੀ ਅੱਗੇ ਨਿਕਲ ਗਈ।

ਸੰਤਾਂ ਦੇ ਜਦ ਨੇਤਰ ਖੁਲ੍ਹੇ ਤਾਂ ਲਹੂ ਦੀਆਂ ਛਪੜੀਆਂ ਲੱਗੀਆਂ ਪਈਆਂ ਸਨ। ਸੰਤਾਂ ਦਾ ਦਿਲ ਦ੍ਰਵ ਗਿਆ ਸਰੀਰ ਕੰਬਣ ਲੱਗ ਪਿਆ। ਨੇਤਰ ਮੁੜ ਮੁੰਦੇ ਗਏ। ਪੰਖੇਰੂ ਤਾਂ ਖੰਭਾਂ ਨਾਲ ਅਕਾਸ਼ ਵਿਚ ਉਡਾਰੀਆਂ ਭਰਦੇ ਹਨ, ਸਪੇਸ ਸ਼ਿਪ ਰਾਕਟਾਂ ਦੀ ਸਹਾਇਤਾ ਨਾਲ ਚੰਨ ਤਾਰਿਆਂ ਤਕ ਪੁੱਜਦੇ ਹਨ, ਮਗਰ ਸੰਤ ਗੋਪਾਲ ਸਿੰਘ ਜੀ ਬਿਨਾਂ ਖੰਭੋਂ, ਬਿਨਾ ਰਾਕਟੋਂ ਉਥੇ ਪਹੁੰਚ ਗਏ,

Sri Satguru Jagjit Singh Ji eLibrary NamdhariElibrary@gmail.com

ਜਿਥੇ ਸੂਰਜ ਚੰਨ ਹੇਠਾਂ ਰਹਿ ਜਾਂਦੇ ਹਨ ਅਤੇ ਸਮਸਤ ਜੀਅ ਜੰਤੂਆਂ ਦੀਆਂ ਤਾਰਾਂ ਹਿਲਦੀਆਂ ਹਨ। ਸੰਤਾਂ ਅਰਜ਼ੋਈ ਕੀਤੀ, ਹੇ ਅਕਾਲ ਪੁਰਖ ਸਤਿਗੁਰੂ! ਇਸ ਬੇੜੇ ਨੂੰ ਬੰਨੇ ਲਾ। ਇਸ ਪੂਰ ਨੂੰ ਪੂਰਾ ਕਰ ਸਾਡੇ ਔਗਣ ਨਾ ਚਿਤਾਰ!!

**ਹਉ ਅਪਰਾਧੀ ਗੁਨਹਗਾਰ, ਹਉ ਬੇਸੁਖ ਮੰਦਾ।**
**ਹਉ ਚੋਰ ਜਾਰ ਜੂਆਰੀਆ, ਪਰ ਘਰ ਜੁਹੰਦਾ।**

ਮਿਹਰ! ਮਿਹਰ!! ਮਿਹਰ!!! ਕਿਰਪਾ ਕਰੋ ਇਹ ਜੀਅ ਟਿਕਾਣੇ ਪੁੱਜ ਜਾਣ। ਸੰਤਾਂ ਦੀ ਅਰਦਾਸ ਸੁਣੀ ਗਈ।

**ਨਰਕੋ ਛੂਟੇ ਜੀਅ ਜੰਤ ਕਟੀ ਸਿਲਕ ਗਲੋਂ ਜਮ ਫਾਸੀ।**

ਸੰਤਾਂ ਦੇ ਸਾਥੀਆਂ ਨੂੰ ਬੇ-ਦਾਗ਼ ਵੇਖ, ਪੀੜਤਾਂ ਜਾਣਿਆਂ ਇਹ ਕੋਈ ਕਰਾਮਾਤੀ ਹਨ, ਰੱਬ ਦੇ ਪਿਆਰੇ ਹਨ, ਇਹਨਾਂ ਦੁਆਲੇ ਭੀੜ ਲੱਗ ਗਈ। ਲੱਗੀ ਜੋਦੜੀਆਂ ਕਰਨ - ਹੇ ਮਹਾਰਾਜ! ਹੇ ਸਾਈਂ ਦੇ ਪਿਆਰਿਓ! ਕਿਰਪਾ ਕਰੋ। ਤੁਸੀਂ ਬਚਾਓ! ਸਾਈਂ ਤੁਹਾਡੀ ਸੁਣਦਾ ਹੈ, ਤੁਹਾਡੀ ਮਿਹਰ ਨਾਲ ਲੋਹਾ ਵੀ ਤਰ ਜਾਵੇਗਾ। ਬਚਾਓ! ਬਚਾਓ!! ਨਹੀਂ ਤਾਂ ਸਾਡੀਆਂ ਲੋਥਾਂ ਇਥੇ ਰੁਲਣਗੀਆਂ। ਧੀਆਂ ਭੈਣਾਂ ਦੀ ਬਇਜ਼ਤੀ ਹੋਵੇਗੀ। ਕਰੋ ਆਪਣੇ ਸਤਿਗੁਰਾਂ ਦੇ ਚਰਨਾਂ ਵਲ ਧਿਆਨ ਤਾਂ ਕਿ ਉਹ ਮਿਹਰਾਂ ਵਿਚ ਆਉਣ।

ਸੰਤਾਂ ਫੇਰ ਨੇਤਰ ਮੁੰਦ ਲਏ ਤੇ ਲੱਗੇ ਬੇਨਤੀ ਕਰਨ ਹੇ ਸਤਿਗੁਰ ਪ੍ਰਤਾਪ ਸਿੰਘ ਜੀ:-

**ਤੂੰ ਮੇਰਾ ਪਿਤਾ। ਤੂੰ ਹੈਂ ਮੇਰਾ ਮਾਤਾ। ਤੂੰ ਮੇਰਾ ਬੰਧਪ। ਤੂੰ ਮੇਰਾ ਭ੍ਰਾਤਾ।**
**ਤੂੰ ਮੇਰਾ ਰਾਖਾ ਸਭਨੀ ਥਾਈ। ਤਾਂ ਭਉ ਕੇਹਾ ਕਾੜਾ ਜੀਓ।**

ਸਭ ਤੇ ਮਿਹਰਾਂ ਕਰੋ। ਜੀਆਂ ਦੇ ਔਗਣ ਨਾ ਚਿਤਾਰੋ:-

**ਜਗਤ ਜਲੰਦਾ ਰਖ ਲੈ, ਆਪਣੀ ਕਿਰਪਾ ਧਾਰ।**

ਮੁੜ ਸੰਤਾਂ ਦੀ ਸੁਰਤ ਹੇਠਾਂ ਆਈ ਤੇ ਸਭ ਨੂੰ ਸੰਬੋਧਨ ਕਰਦਿਆਂ ਹਥ ਜੋੜ ਆਖਿਆ, 'ਭਲਿਓ ਲੋਕੋ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰੋ। ਉਹ ਸਾਰਿਆਂ ਦੀ ਸਹਾਇਤਾ ਕਰਨਗੇ। ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਦਾ ਬਚਨ ਹੈ:-

**ਜਾ ਕਉ ਮੁਸਕਲ ਅਤਿ ਬਣੈ, ਢੋਈ ਕੋਇ ਨ ਦੇਇ।**
**ਲਾਗੂ ਹੋਏ ਦੁਸਮਨਾ, ਸਾਕ ਭਿ ਭਜ ਖਲੇ।**
**ਸਭੋ ਭਜੈ ਆਸਰਾ, ਚੁਕੈ ਸਭ ਅਸਰਾਉ।**
**ਚਿਤ ਆਵੈ ਉਸ ਪਾਰ ਬ੍ਰਹਮ, ਲਗੈ ਨ ਤੱਤੀ ਵਾਉ।**

ਭਾਈ! ਹੁਣ ਹੋਰ ਗੱਲਾਂ ਨ ਕਰੋ ਤੇ ਉਸ ਸਤਿਗੁਰੂ ਨੂੰ ਯਾਦ ਕਰੋ। ਇਹ ਬਚਨ ਸੁਣ ਸਭ ਦੀ ਰਸਨਾ ਟਕ ਟਕ ਚਲਣੀ ਸ਼ੁਰੂ ਹੋ ਗਈ।

ਤਿੰਨ ਦਿਨਾਂ ਪਿਛੋਂ ਗੱਡੀ ਆਈ ਉਹ ਵੀ ਮਾਲ ਖੋਤੇ ਢੋਣ ਵਾਲੀ ਸਿਰੋਂ ਨੰਗੀ ਢਿਡੋਂ ਭੁਖੀ। ਕੀ ਫਸਟ, ਕੀ ਸੈਕੰਡ ਵਿਚ ਸਫਰ ਕਰਨ ਵਾਲੇ ਸਭ ਇਸ ਤੇ ਚੜ੍ਹ ਗਏ ਤੇ ਜਿੱਥੇ ਕਿਸੇ ਦੇ ਸਿੰਗ ਸਮਾਏ ਬਹਿ ਗਏ। ਪਰ ਸੰਤਾਂ

Sri Satguru Jagjit Singh Ji eLibrary NamdhariElibrary@gmail.com

ਤੇ ਸੰਤਾਂ ਦੇ ਸਾਥੀਆਂ ਵਾਸਤੇ ਆਪੇ ਹੀ ਥਾਂ ਬਣ ਗਿਆ। ਉਹ ਮਾਲਾ ਫੇਰਨ ਲੱਗ ਪਏ ਤੇ ਬਾਕੀਆਂ ਨੂੰ ਵੀ ਇਸ਼ਾਰਾ ਕੀਤਾ।

ਸ਼ੁਕਰ ਸ਼ੁਕਰ ਕਰਦਿਆਂ ਗੱਡੀ ਟੁਰੀ ਮਗਰ ਮੁਲਖ ਇਉਂ ਝਈਆਂ ਲੈ ਲੈ ਪਵੇ, ਜਿਵੇਂ ਬੰਦੇ ਬਹਾਦਰ ਤੇ ਉਹਨਾਂ ਦੇ ਸਾਥੀਆਂ ਨੂੰ ਦਿੱਲੀ ਜਾਂਦਿਆਂ ਤਕ ਤਮਾਸ਼ਬੀਨ ਮਸ਼ਕਰੀਆਂ ਕਰਦੇ ਸਨ ਤੇ ਹਾਸਾ ਉਡਾਉਂਦੇ ਸਨ। ਪਰ ਰੱਬ ਨੇ ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਬਣਾਈਆਂ। ਇਹਨਾਂ ਵਿਚ ਵੀ ਕਈ ਦੀਨਦਾਰ ਸਨ, ਜਿਹੜੇ ਲਹੂ ਦੇ ਅੱਥਰੂ ਕੇਰ ਰਹੇ ਸਨ। 'ਹੇ ਅੱਲਾ ਤਾਲਾ! ਇਹਨਾਂ ਮੋਮਨਾਂ ਦੀ ਜ਼ਮੀਰ ਰੋਸ਼ਨ ਕਰ ਤਾਂ ਕਿ ਇਹਨਾਂ ਤੋਂ ਅੰਗਰੇਜ਼ ਦੇ ਝੁਰਲੂ ਦਾ ਅਸਰ ਦੂਰ ਹੋਵੇ। ਉਹ ਪਾਮਰ ਪਤਾ ਨਹੀਂ ਜਾਂਦਾ ਕਿਹੜੀ ਜ਼ਹਿਰ ਪੁੜੀ ਦੇ ਗਿਆ ਹੈ ਕਿ ਇਹਨਾਂ ਦਾ ਦਿਮਾਗ਼ ਫਿਰ ਗਿਆ ਹੈ। ਗਵਾਂਢੀਆਂ ਨੂੰ ਜਿਨ੍ਹਾਂ ਨੂੰ ਮਾਂ ਪਿਉ ਜਾਇਆਂ ਨਾਲੋਂ ਵਧੇਰੇ ਜਫੀਆਂ ਪਾ ਪਾ ਮਿਲਿਆ ਕਰਦੇ ਸਨ, ਉਹਨਾਂ ਦੇ ਲਹੂ ਤ੍ਰਿਹਾਏ ਹੋ ਗਏ ਹਨ। ਨਾਲੇ ਇਹਨਾਂ ਦੇ ਘਰ ਸਾਂਭ ਲਏ, ਨਾਲੇ ਜਾਇਦਾਦਾਂ ਲੁਟ ਲਈਆਂ। ਹੁਣ ਪ੍ਰਦੇਸੀਆਂ ਦੀਆਂ ਹੱਡੀਆਂ ਰੁਲਾਉਣਾ ਚਾਹੁੰਦੇ ਹਨ ਖੁਦਾਵੰਦ! ਇਹਨਾਂ ਨੂੰ ਅੱਖਾਂ ਦੇ।'

ਖ਼ੈਰ, ਗੱਡੀ ਬਦਾਮੀ ਬਾਗ ਪੁੱਜੀ ਜਿਹੜਾ ਕੇਵਲ ਅੱਜ ਨਾਉਂ ਦਾ ਬਾਦਾਮੀ ਬਾਗ ਸੀ, ਮਗਰ ਇਥੇ ਭੰਗ ਭੁੰਜ ਰਹੀ ਸੀ। ਸਟੇਸ਼ਨ ਤੇ ਗੁੰਡਿਆਂ ਦਾ ਰਾਜ ਸੀ। ਗੱਭਰੂ ਖੜਾ, ਅਨਭੋਲ ਅਤੇ ਅਲ੍ਹੜ ਖੜੇ ਸਨ। ਸਭ ਕਿਲ ਕਾਂਟਿਆਂ ਨਾਲ ਲੈਸ ਸਨ। ਕੁਹਾੜੀ ਗੰਡਾਸੀ, ਡਾਂਗ, ਬਰਛੀ ਹਵਾ ਵਿਚ ਘੁਮਾ ਰਹੇ ਸਨ। ਪਰ ਪਲੇਟ ਫਾਰਮ ਦੇ ਦੋ ਪਾਸੇ ਜੰਦਰੇ ਲੱਗੇ ਸਨ ਅੰਦਰ ਆਉਣ ਦੇ ਸਾਰੇ ਰਾਹ ਬੰਦ ਸਨ। ਗੱਡੀ ਨੂੰ ਵੇਖ ਹੱਥਾਂ ਦੇ ਸ਼ਸਤਰ ਬਦੋ ਬਦੀ ਭੂਏ ਹੁੰਦੇ ਜਾਂਦੇ ਸਨ। ਮੁਲਖ ਸੰਘ ਪਾੜ ਪਾੜ ਅੱਲਾ ਹੂ ਅਕਬਰ ਦੇ ਨਾਅਰੇ ਲਾ ਰਿਹਾ ਸੀ ਮਗਰ ਅੱਲਾ ਕੀ ਤੇ ਅਕਬਰ ਕੌਣ, ਇਸ ਦੇ ਅਰਥ ਘਟ ਹੀ ਜਾਣਦੇ ਸਨ, ਇਸ ਭੀੜ ਵਿਚੋਂ ਇਕ ਹਟਾ ਕਟਾ ਚੋਬਰ ਰੂਮੀ ਟੋਪੀ ਪਾਈ ਮੋਢੇ ਤੇ ਬੰਦੂਕ ਲਟਕਾਈ ਪਲੇਟ ਫਾਰਮ ਦੇ ਦਰਵਾਜ਼ੇ ਵਲ ਵਧਿਆ ਤੇ ਸਟੇਸ਼ਨ ਮਾਸਟਰ ਨੂੰ ਜੰਦਰਾ ਖੋਲ੍ਹਣ ਵਾਸਤੇ ਕਿਹਾ। ਉਸ ਕਿਹਾ ਹੁਕਮ ਨਹੀਂ। ਕਿਸਦਾ ਹੁਕਮ? ਹੁਕਮ ਵਾਲੇ ਅਸੀਂ, ਰਾਜ ਸਾਡਾ। ਕਾਇਦੇ ਆਜ਼ਮ ਜ਼ਿੰਦਾਬਾਦ। ਪਾਕਿਸਤਾਨ ਜ਼ਿੰਦਾਬਾਦ। ਜ਼ਿੰਦਾਬਾਦ ਦੀ ਆਵਾਜ਼ ਨੇ ਗੂੰਜਾਂ ਪਾ ਦਿਤੀਆਂ। ਸੰਤਾਂ ਨੇ ਅੰਮ੍ਰਿਤ ਭਿੰਨੇ ਨੇਤਰ ਖੋਲ੍ਹੇ। ਇਕ ਵੇਰ ਕੁਰਬਲ ਕੁਰਬਲ ਕਰਦੇ ਲਹੂ ਦੇ ਡਿਹਾਇਆਂ ਵਲ ਵੇਖਿਆ। ਇਕ ਵੇਰ ਦਮ ਤੋੜ ਰਹੇ ਬੱਚਿਆਂ ਤੇ ਇਸਤ੍ਰੀਆਂ ਵਲ ਤਕਿਆ ਤੇ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਜੁੜ ਗਏ।

ਚੋਬਰ ਕਟਾ ਇੱਟਾਂ ਫੜ ਦਰਵਾਜ਼ੇ ਵਲ ਵਧਿਆ। ਉਸ ਨੂੰ ਤਕ ਸਟੇਸ਼ਨ ਮਾਸਟਰ ਕੁੰਜੀ ਲੈ ਗੇਟ ਵਲ ਆਇਆ। ਏਧਰ ਅਭਾਗੇ ਰਾਮ ਰਾਮ ਵਾ ਗੁਰੂ

Sri Satguru Jagjit Singh Ji eLibrary NamdhariElibrary@gmail.com

ਵਾ ਗੁਰੂ ਕਰੀ ਜਾ ਰਹੇ ਸਨ। ਦੋ ਪਾਸੀਂ ਜ਼ਿੰਦਗੀ ਅਤੇ ਮੌਤ ਦੇ ਫਰਿਸ਼ਤਿਆਂ ਵਿਚਾਲੇ ਯੁਧ ਚਲ ਰਿਹਾ ਸੀ ਇਤਨੇ ਨੂੰ ਪਤਾ ਨਹੀਂ ਲੱਗਾ ਕਿ ਕਿਸ ਰਾਹ ਤੋਂ ਕਿਥੋਂ ਇਕ ਗੋਰਾ ਨਸ਼ੋਹ ਉੱਚਾ ਲੰਮਾ ਸਾਰਜੰਟ ਸਿਰ ਤੇ ਹੈਟ ਪਾਈ ਬਾਰ੍ਹਾਂ ਬੋਰ ਦਾ ਪਸਤੌਲ ਲਟਕਾਈ ਗੇਟ ਕੋਲ ਆ ਗਿਆ ਤੇ ਇਸ਼ਾਰਾ ਕਰਦਿਆਂ ਕੜਕ ਕੇ ਬੋਲਿਆ 'ਖ਼ਬਰਦਾਰ! ਡਰਵਜ਼ਾ ਮਟ ਖੋਲੋ! ਉਡਾ ਦੀਏ ਜਾਓਗੇ। ਸਟੇਸ਼ਨ-ਮਾਸਟਰ ਦੇ ਹਥਾਂ ਦੇ ਤੋਤੇ ਉਡ ਗਏ ਤੇ ਚਲਦੇ-ਚਲਦੇ ਕਦਮ ਰੁਕ ਗਏ। ਗੁੰਡਿਆਂ ਦੇ ਜ਼ੋਰ ਦੇਣ ਤੇ ਫੇਰ ਸਟੇਸ਼ਨ ਮਾਸਟਰ ਦਰਵਾਜ਼ੇ ਵਲ ਵਧਿਆ। ਅਜੇ ਅਡੀ ਧਰਤੀ ਤੋਂ ਉਠੀ ਹੀ ਸੀ ਕਿ ਕਾੜ ਕਰਦੀ ਗੋਲੀ ਗੇਟ ਦੇ ਲਾਗੇ ਪਈ। ਫੇਰ ਤੇ ਕਈਆਂ ਦੀਆਂ ਘਿਘੀਆਂ ਬਝ ਗਈਆਂ। ਚਾਂ ਮਾਂ ਸ਼ੁਰੂ ਹੋ ਗਈ। ਬੇ ਪੀਰੋ ਸਿਰ ਤੇ ਪੈਰ ਰਖ ਕੇ ਨਸੇ। ਕਈ ਕਈ ਅਧਖੜ ਧਕਿਆਂ ਨਾਲ ਡਿੱਗੇ।

ਪਾਣੀ ਖੁਣੋ ਕਈ ਬੱਚੇ ਤੇ ਮਾਈਆਂ ਵਿਲਕ ਵਿਲਕ ਦਮ ਤੋੜ ਗਏ ਸਨ ਜਿਵੇਂ ਹਸਨ ਹੁਸੈਨ ਕਰਬਲਾ ਵਿਚ ਪ੍ਰਾਣ ਦਿਤੇ ਸਨ। ਇਹ ਖੋਤਾ ਗੱਡੀ 52 ਘੰਟੇ ਇਥੇ ਖਲੋਤੀ ਰਹੀ। ਇਸੇ ਸਾਰਜੰਟ ਦੀ ਮੱਦਦ ਨਾਲ ਇੰਜਨ ਆਏ ਤਾਂ ਸਫਰ ਨਵੇਂ ਸਿਰਿਓਂ ਚਾਲੂ ਹੋਇਆ। ਬਾਦਾਮੀ ਬਾਗ਼ ਤੋਂ ਲਾਹੌਰ, ਮੀਆਂ ਮੀਰ ਤੇ ਮੁਗ਼ਲ ਪੁਰੇ ਤਕ ਆਦਮਬੋ, ਆਦਮਬੋ, ਕਾਫਰ ਦਾ ਰੌਲਾ ਮਚ ਰਿਹਾ ਸੀ। ਇਸ ਸਮੇਂ ਤਕ ਕਈ ਹੋਰ ਸਾਥੀ ਵੀ ਵਿਛੜ ਗਏ, ਪਰ ਸੰਤਾਂ ਮਾਲਾ ਤੋਂ ਹੱਥ ਨਾ ਚੁੱਕੇ ਤੇ ਨਾ ਨੇਤਰ ਖੋਲ੍ਹੇ।

ਗੱਡੀ ਮੁਗ਼ਲ ਪੁਰੇ ਜਾ ਕੇ ਫੇਰ ਰੁੱਕ ਗਈ। ਗੁੰਡੇ ਬੇਵਤਨਾਂ ਮੁਸਾਫਰਾਂ ਨੂੰ ਨਹੀਂ ਸਨ ਚਾਹੁੰਦੇ ਕਿ ਬੱਚ ਕੇ ਜਾਣ ਖ਼ਬਰੇ ਉਹਨਾਂ ਦੀ ਮਨਸ਼ਾ ਸੀ ਕਿ ਇਹ ਇੱਥੇ ਹੀ ਜੰਮੇ ਹਨ ਇਹਨਾਂ ਇੱਥੋਂ ਦਾ ਜਲ ਪਾਣੀ ਵਰਤਿਆ ਹੈ। ਇਹਨਾਂ ਦੀ ਮਿੱਟੀ ਇਸੇ ਮਿੱਟੀ ਨਾਲ ਰਲੇ ਪਰ:-

**ਜਿਸ ਨੂੰ ਰਾਖੇ ਸਾਂਵਰਾ**
**ਮਾਰ ਨ ਸਾਕੇ ਕੋਇ**
**ਬਾਲ ਨ ਬਾਂਕਾ ਕਰ ਸਕੈ**
**ਭਾਵੇਂ ਸਭ ਜਗ ਵੈਰੀ ਹੋਇ।**

ਪਤਾ ਨਹੀਂ ਲੱਗਾ ਓਸ ਸਾਰਜੰਟ ਨੂੰ ਕੌਣ ਬੁਲਾ ਲਿਆਇਆ ਉਹ ਮੁੜ ਡਰਾਈਵਰ ਦੇ ਸਿਰ ਤੇ ਜਾ ਖਲੋਤਾ ਤੇ ਪਸਤੌਲ ਤਾੜ ਕੇ ਬੋਲਿਆ 'ਕਿਆ ਬਾਟ ਹੈ? ਗਾੜੀ ਚਲਤੀ ਕਿਓਂ ਨਹੀਂ? ਟੁਮ ਬਡਮਾਸ਼ ਹੋ। ਗਾੜੀ ਚਲਾਓ! ਨਹੀਂ ਟੋ.... ਡਰਾਈਵਰ ਨੂੰ ਆਪਣੀ ਮੌਤ ਨਜ਼ਰੀਂ ਆਉਣ ਲੱਗੀ। ਓਸੇ ਵੇਲੇ ਵਿਸਲ ਦਿੱਤੀ ਤੇ ਗੱਡੀ ਚਲ ਪਈ। ਤੇ ਅੱਠੀਂ ਦਿਨੀਂ ਵਾਘਿਓਂ ਪਾਰ ਹੋਈ। ਜਿਊਂਦੇ ਮੁਸਾਫ਼ਰਾਂ ਦੇ ਸਾਹ ਵਿਚ ਸਾਹ ਆਇਆ, ਅੰਮ੍ਰਿਤਸਰ ਪੁੱਜੇ, ਸਟੇਸ਼ਨ ਤੇ ਕਈ ਸੇਵਾ ਦਲ ਮੌਜੂਦ ਸਨ। ਗ਼ਰੀਬਾਂ ਦੀ ਮੰਦੀ ਹਾਲਤ ਵੇਖ ਕਈਆਂ ਦੇ ਅੱਥਰੂ ਆਪ ਮੁਹਾਰੇ ਵਹਿ ਟੁਰੇ। ਪ੍ਰਸ਼ਾਦੇ ਜਲ ਤੇ ਹੋਰ ਕਈ ਕੁਝ ਲੈ ਕੇ

Sri Satguru Jagjit Singh Ji eLibrary NamdhariElibrary@gmail.com

ਮਿਲੇ। ਪਰ ਸੰਘੋਂ ਕਿਵੇਂ ਲੱਥੇ, ਘੁੱਟ ਘੁੱਟ ਪਾਣੀ ਲਿਆ ਤਾਂ ਪਹਿਲਾਂ ਸੰਤਾਂ ਨੂੰ ਨਿਮਸਕਾਰ ਕੀਤੀ। ਫੇਰ ਜਾਣ ਪਛਾਣ ਵਾਲਿਆਂ ਵਲ ਤੁਰ ਗਏ।

ਸੰਤਾਂ ਦਾ ਸੰਗ ਸ੍ਰੀ ਭੈਣੀ ਸਾਹਿਬ ਆ ਗਿਆ। ਇੱਥੇ ਆ ਕੇ ਕਪੜਾ ਲੀੜਾ ਧੋਤਾ ਭੁੱਖਾਂ ਲਾਹੀਆਂ। ਰੋਗੀਆਂ ਨੂੰ ਦਵਾ ਦਾਰੂ ਮਿਲਿਆ। ਕੁਝ ਚਿਰ ਓਥੇ ਠਹਿਰੇ, ਮੁੜ ਸ੍ਰੀ ਜੀਵਨ ਨਗਰ ਵਲ ਵਹੀਰਾਂ ਘਤ ਦਿੱਤੀਆਂ। ਆ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ। ਰੋ ਰੋ ਕੇ ਚਰਨ ਧੋਤੇ। ਸਤਿਗੁਰਾਂ ਦਾ ਦਿਲ ਦ੍ਰਵ ਗਿਆ ਪਰ ਆਪਣੇ ਪੁੱਤਰ, ਧੀਆਂ ਨੂੰ ਠੀਕ ਠਾਕ ਪੁੱਜਿਆ ਵੇਖ ਬਾਗੋ ਬੋਗ ਹੋ ਗਏ।

**ਸ: ਅਮ੍ਰੀਕ ਸਿੰਘ**
ਜ਼ਿ: ਸਰਸਾ, ਐਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਪ੍ਰਸ਼ਾਦਾ ਵਿੱਚੇ

ਦੇਸ਼ ਭਗਤਾਂ ਦੀਆਂ ਘਾਲਾਂ ਥਾਏਂ ਪੈਣ ਵਾਲੀਆਂ ਸਨ। ਆਜ਼ਾਦੀ ਦੇ ਸੂਰਜ ਦੀਆਂ ਕਿਰਨਾਂ ਪੂਰਬ ਵੰਨੇ ਆਕਾਸ਼ ਨੂੰ ਛੂਹ ਰਹੀਆਂ ਸਨ। ਮਗਰ ਅੰਗਰੇਜ਼ ਦੀ ਕੁਟਲ ਨੀਤੀ ਸਦਕਾ ਫਿਰਕੂ ਬੱਦਲਾਂ ਆਕਾਸ਼ ਨੂੰ ਘੇਰਨਾ ਅਰੰਭ ਦਿੱਤਾ। ਭਾਵੇਂ ਕਾਲੀਆਂ ਬਦਲੀਆਂ ਵਿੱਚੋਂ ਲਿਸ਼ਕਾਰੇ ਪੈਂਦੇ ਸਨ, ਮਗਰ ਫੇਰ ਵੀ ਬੱਦਲ ਗੂੜ੍ਹੇ ਤੋਂ ਗੂੜ੍ਹੇ ਹੁੰਦੇ ਗਏ। ਕਿਸੇ ਵੇਲੇ ਗਰਜ ਏਨੇ ਜ਼ੋਰ ਦੀ ਹੁੰਦੀ ਕਿ ਮਲੂਮ ਹੁੰਦਾ ਕਿ ਆਕਾਸ਼ ਪਾਟਣ ਲੱਗਾ ਹੈ। ਗੜੇ ਗੋਲੇ ਵੱਸਣ ਵਾਲੇ ਹਨ। ਜੇ ਵੱਸਣ ਲੱਗ ਪਏ ਤਾਂ ਹੋ ਸਕਦਾ ਹੈ ਕਿ ਭਾਰਤ ਦੇ ਰੁੱਖ ਬ੍ਰਿਖ ਅਤੇ ਫਲਦਾਰ ਬੂਟਿਆਂ ਦਾ ਸਤਿਆਨਾਸ ਹੋ ਜਾਵੇ ਅਤੇ ਚਹਿਕਦੇ ਪੰਛੀ ਲੋਟਣੀਆਂ ਲੈਣ ਲੱਗ ਪੈਣ।

ਇਹ ਸੁਭਾਵਕ ਹੈ ਕਿ ਹਰਨੀ ਨੂੰ ਜਦ ਸ਼ਿਕਾਰੀਆਂ ਦੀ ਜੰਗਲ ਵਿਚ ਸੂਹ ਪੈਂਦੀ ਹੈ, ਤਾਂ ਉਹ ਹਰਨੋਟਿਆਂ ਨੂੰ ਨਾਲ ਲੈ ਸੰਘਣੇ ਬਣ ਵਿਚ ਜਾ ਲੁਕਦੀ ਹੈ, ਕੁਕੜੀ ਆਕਾਸ਼ ਵਿਚ ਇੱਲਾਂ ਜਾਂ ਤਿਰਮਚੀਆਂ ਨੂੰ ਉਡਦਿਆਂ ਵੇਖਦੀ ਹੈ ਤਾਂ ਕੁੜ ਕੁੜ ਕਰਦੀ ਚੂਜਿਆਂ ਨੂੰ ਖੰਭਾਂ ਹੇਠਾਂ ਲੁਕਾ ਲੈਂਦੀ ਹੈ, ਏਵੇਂ ਜਦ ਗਲੀ ਗਵਾਂਢ ਰੌਲਾ ਗੌਲਾ ਹੁੰਦਾ ਹੈ, ਤਾਂ ਮਾਂ ਬਾਲਾਂ ਨੂੰ ਵਾਜਾਂ ਮਾਰਨ ਲੱਗ ਪੈਂਦੀ ਹੈ, ਤਾਂ ਕਿ ਸੰਢਿਆਂ ਦੇ ਭੇੜ ਵਿਚ ਉਸ ਦੇ ਜਿਗਰ ਦੇ ਟੋਟੇ ਕੁਚਲੇ ਨਾ ਜਾਣ। ਜਦੋਂ ਬਾਹਰ ਗਿਆਂ ਨੂੰ ਜਰਾ ਕੁਵੇਲ ਹੋ ਜਾਂਦੀ ਹੈ, ਤਾਂ ਵਿਚਾਰੀ ਮਾਂ ਦਾ ਉਪਰਲਾ ਸਾਹ ਉਪਰ ਅਤੇ ਹੇਠਲਾ ਹੇਠਾਂ ਰਹਿ ਜਾਂਦਾ ਹੈ। ਮਗਰ ਮਾਂ ਨਾਲੋਂ ਸਤਿਗੁਰ ਸਿੱਖ ਨੂੰ ਵਧੇਰੇ ਪਿਆਰਦਾ ਹੈ। ਉਸਦਾ ਭਲਾ ਲੋਚਦਾ ਹੈ, ਜੇ ਕਿਤੇ ਸਿੱਖ ਤੇ ਪੀੜ ਬਣ ਜਾਵੇ ਤਾਂ ਫੇਰ ਦਿਨ ਨਹੀਂ ਵੇਖਦਾ, ਰਾਤ ਨਹੀਂ ਵੇਖਦਾ, ਮੀਂਹ ਨਹੀਂ ਵੇਖਦਾ, ਕੱਕਰ ਨਹੀਂ ਵੇਖਦਾ, ਬੰਦੂਕ ਨਹੀਂ ਵੇਖਦਾ, ਤੋਪ ਨਹੀਂ ਵੇਖਦਾ, ਉਸ ਦਾ ਦੁੱਖ ਆਪ ਤੇ ਲੈਂਦਾ ਹੈ, ਉਸਦੀ ਰਖਿਆ ਕਰਦਾ ਹੈ। ਬਾਣੀ ਦੀ ਸ਼ਹਾਦਤ ਹੈ:-

**ਆਪਣੇ ਸੇਵਕ ਕੀ ਆਪੇ ਰਾਖੈ,**
**ਆਪੇ ਨਾਮ ਜਪਾਵੈ।**
**ਜਹ ਜਹ ਕਾਜ ਕਿਰਤ ਸੇਵਕ ਕੀ,**
**ਤਾਹਿ ਤਾਹਿ ਉਠ ਧਾਵੈ।**

Sri Satguru Jagjit Singh Ji eLibrary NamdhariElibrary@gmail.com

ਵੱਡੇ ਪਰਤਾਪ ਵਾਨ ਜਦ ਵੇਖਿਆ ਕਿ ਫਿਰਕੂ ਬੱਦਲ ਫੱਟਣ ਵਾਲੇ ਹਨ, ਤਾਂ ਉਹਨਾਂ ਸੰਗਤਾਂ ਨੂੰ ਬਚਾਉਣ ਦਾ ਅਰਦਾਸਾ ਸੋਧ ਦਿੱਤਾ ਭਾਵੇਂ ਉਹਨਾਂ ਨੇ ਸ਼ੇਖੂ ਪੁਰੇ ਬਗਦਾਦ ਦੇ ਹੋਲੇ ਵਿਚ ਸਮੂਹ ਸੰਗਤਾਂ ਨੂੰ ਖੁੱਲ੍ਹੇ ਤੌਰ ਤੇ ਕਹਿ ਦਿੱਤਾ ਸੀ, ਕਿ ਸਾਧ ਸੰਗਤ ਜੀ! ਜਿਸ ਭਾਣੇ ਦਾ ਤੁਹਾਡੇ ਵੱਡੇ ਵਡੇਰੇ ਜ਼ਿਕਰ ਕਰਿਆ ਕਰਦੇ ਸਨ, ਉਸ ਤੂਫਾਨ ਦੇ ਆਉਣ ਵਿਚ ਭਾਵੇਂ ਕੁਝ ਸਮਾਂ ਹੈ, ਮਗਰ ਨਿੱਕੇ ਨਿੱਕੇ ਬੁੱਲੇ ਉੱਠਣ ਵਾਲੇ ਹਨ। ਬੁੱਢਿਆਂ, ਬੀਬੀਆਂ ਤੇ ਬੱਚਿਆਂ ਨੂੰ ਰਾਵੀਓਂ ਪਾਰ ਕਰ ਦਿਓ। ਸਰਦਾਰ ਆਤਮਾ ਸਿੰਘ ਰਾਵਲਪਿੰਡੀ ਨੂੰ ਉਸੇ ਵੇਲੇ ਕਹਿ ਦਿੱਤਾ 'ਮਹਾਰਾਜ! ਤੇਰਾ ਪਿੰਡੀ ਕੋਈ ਕੰਮ ਨਹੀਂ। ਤੂੰ ਓਧਰ ਪੈਰ ਨਹੀਂ ਪਾਉਣਾ।'

ਸੰਗਤਾਂ ਘਰਾਂ ਨੂੰ ਮੁੜ ਗਈਆਂ, ਕਈਆਂ ਸੁਣਿਆਂ ਅਣਸੁਣਿਆਂ ਕਰ ਦਿੱਤਾ। ਧੰਧੇ ਮੁੜ ਦੁਆਲੇ ਹੋ ਗਏ। ਫਿਰਕੂ ਹਨੇਰੀ ਦਾ ਮਜ਼ਾ ਬੰਗਾਲ, ਪਹਿਲਾਂ ਹੀ ਚੱਖ ਚੁੱਕਾ ਸੀ। ਗੁੰਡਿਆਂ ਤੇ ਬਦਮਾਸ਼ਾਂ ਬਜ਼ਾਰਾਂ ਨੂੰ ਲੁੱਟਿਆ। ਘਰਾਂ ਨੂੰ ਅੱਗਾਂ ਲਾਈਆਂ। ਰਾਹ ਜਾਂਦਿਆਂ ਦੇ ਢਿੱਡੀਂ ਛੁਰੇ ਮਾਰੇ। ਧੀਆਂ ਭੈਣਾਂ ਦੇ ਚਿੱਟੇ ਦਿਨ ਸਤ ਭੰਗ ਕੀਤੇ। ਇਸਤ੍ਰੀਆਂ ਦੀਆਂ ਛਾਤੀਆਂ ਉਸਤਰਿਆਂ ਨਾਲ ਵੱਖ ਕਰ ਦਿੱਤੀਆਂ। ਹੋਰ ਕੀ ਹੋਇਆ? ਕਲਮ ਕਹਿਣੋਂ ਸੰਗਦੀ ਹੈ। ਏਸੇ ਤਰ੍ਹਾਂ ਪੋਠੋਹਾਰ, ਨੌਸ਼ਹਿਰਾ, ਐਬਟਾਬਾਦ ਦੇ ਹਿੰਦੂ ਸਿੱਖਾਂ ਦੇ ਘਰ ਫੂਕੇ ਜਾ ਚੁੱਕੇ ਸਨ। ਅਤੇ ਦੇਵੀਆਂ ਦੀ ਇੱਜ਼ਤ ਲੁੱਟੀ ਗਈ ਸੀ, ਸਦੀਆਂ ਦੇ ਬਣੇ ਦਾਦੇ ਪੜਦਾਦੇ..... ਦੇ ਘਰਾਂ ਨੂੰ ਹੰਝੂ ਕੇਰਦਿਆਂ ਛੱਡ ਹੇਠਾਂ ਉਤਰ ਆਏ ਸਨ, ਪਰ ਉਹਨਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਮੂਸਾ ਨੱਠਾ ਮੌਤ ਤੋਂ ਅੱਗੇ ਮੌਤ ਖੜੀ ਹੈ।

ਸਤਿਗੁਰ ਜੀ ਦੇ ਦਿਲੋ ਦਿਮਾਗ਼ ਅੰਦਰ ਰਾਵੀਓਂ ਪਾਰ ਵਸਦੇ ਸਿੱਖਾਂ ਦੀ ਚਿੰਤਾ ਰਹਿੰਦੀ। ਜਿਹੜੀ ਇਤਬਾਰੀ ਮਿਲਿਆ ਉਸੇ ਨੂੰ ਪਿੰਡੋ ਪਿੰਡ ਭਜਾ ਦਿੱਤਾ। ਕਰਾਇਆ ਕੋਲੋਂ ਦਿੱਤਾ। ਇਕ ਸਿੰਘ ਪੰਜ ਹਾਤੀਏ ਵਰਿਆਮ ਸਿੰਘ ਕੋਲ ਗਿਆ। ਉਸਨੂੰ ਹੁਕਮ ਦਿੱਤਾ ਤੇ ਆਖਿਆ ਜਥੇਦਾਰ ਨੂੰ ਕਹਿਣਾ ਜਥੇਦਾਰਾ! ਹੋਰ ਸਮਾਂ ਨਾ ਉਡੀਕੋ! ਬੈਠੇ ਓ ਤਾਂ ਉਠ ਖਲੋਵੋ, ਖਲੇ ਓ ਤਾਂ ਤੁਰ ਪਵੋ, ਨਹੀਂ ਤਾਂ ਘੱਟੋ ਘੱਟ ਬੱਚਿਆਂ ਤੇ ਇਸਤਰੀਆਂ ਨੂੰ ਰਾਵੀਓਂ ਪਾਰ ਕਰ ਦੇਵੋ। ਪਰ ਜੇ ਗੁਰੂ ਨੂੰ ਸਿੱਖ ਸਮਝ ਲਵੇ ਤਾਂ ਰੱਬ ਵਿਚ ਤਾਂ ਮਨੁੱਖ ਵਿਚ ਫ਼ਕਰ ਨ ਰਹੇ। ਪਰ ਫ਼ਰਕ ਤਾਂ ਕੇਵਲ ਇਤਨਾ ਹੀ ਹੈ। ਜਥੇਦਾਰ ਹੋਰਾਂ ਲਾਪਰਵਾਹੀ ਨਾਲ ਮਨ ਵਿਚ ਕਿਹਾ !ਸਾਡਾ ਮਹਾਰਾਜ ਡਰੂ ਏ। ਪ੍ਰੀਤਮ ਸਿੰਘ ਕੋਲ ਕਾਫ਼ੀ ਕੁਝ ਹੈ। ਉਹਨਾਂ ਨੂੰ ਕਹਿ ਦੇਣਾ ਸਾਡਾ ਫ਼ਿਕਰ ਨ ਕਰਨ। ਹਜ਼ੂਰ ਦੀ ਕਿਰਪਾ ਦਾ ਬਹੁਤ ਬਹੁਤ ਧੰਨਵਾਦੀ।' ਪਰ ਸਤਿਗੁਰੂ ਜੀ ਵੇਖਿਆ ਕਿ ਕਈ ਸੱਜਣਾਂ ਮਿੱਤਰਾਂ ਦੇ ਆਖੇ ਅਵੇਸਲੇ ਹਨ ਤਾਂ ਪੰਜਾਬ ਭਰ ਦੇ ਮੁਖੀਆਂ ਨੂੰ ਸ੍ਰੀ ਭੈਣੀ ਸਾਹਿਬ ਸਦ ਭੇਜਿਆ, ਅਤੇ ਰਾਵੀਓਂ ਪਰ ਹੋਣ ਦੀ ਤਾਕੀਦ ਕੀਤੀ। ਪਰ ਕਲਿਜੁਗ ਨੇ ਆਪਣਾ ਕੰਮ ਨਾ ਛੱਡਿਆ ਅਤੇ ਪ੍ਰਕਾਸ਼ ਅੱਗੇ ਵੱਡੀ

Sri Satguru Jagjit Singh Ji eLibrary NamdhariElibrary@gmail.com

ਸਾਰੀ ਕੰਧ ਖੜੀ ਕਰਨ ਦਾ ਜਤਨ ਕੀਤਾ। ਆਮ ਪ੍ਰਸਿੱਧ ਹੈ, ਪਰ ਹੱਥੀਂ ਵਣਜ, ਸਨੇਹੀ ਖੇਤੀ, ਕਦੇ ਨਾ ਹੁੰਦੇ ਬੱਤੀਓਂ ਤੇਂਤੀ। ਇਸ ਖ਼ਿਆਲ ਨੂੰ ਮੁੱਖ ਰਖਦੇ ਸਤਿਗੁਰੂ ਜੀ ਬਹੁਤੀ ਦੇਰ ਨਾ ਸਹਾਰ ਸਕੇ। ਅਧ ਸਾਉਣ ਨੂੰ ਸ੍ਰੀ ਜੀਵਨ ਨਗਰੋਂ ਛੱਡ ਛੁਡਾ ਨਿਕਲ ਟੁਰੇ। ਅਤੇ ਸ੍ਰ: ਅਮਰ ਸਿੰਘ ਮਾਲੂਵਾਲ ਨੂੰ 12 ਵਜੇ ਰਾਤ ਨੂੰ ਜਾ ਜਗਾਇਆ। ਅਤੇ ਸਮਝਾ ਬੁਝਾ ਅੱਗੇ ਟੁਰੇ। ਤੜਕੇ ਢੋਟੀਆਂ ਜ਼ਿਲ੍ਹਾ ਲਾਇਲਪੁਰ ਜਾ ਪੁੱਜੇ। ਓਥੇ ਸੁਰਜਣ ਸਿੰਘ ਆਸਾ ਸਿੰਘ ਤੇ ਹੋਰ ਪਿਆਰਿਆਂ ਨੂੰ ਆਖਿਆ, 'ਹੁਣੇ ਟਰੱਕ ਮੰਗਵਾਓ, ਢੋਟੀਆਂ ਦੇ ਸਿੰਘਾਂ ਨੂੰ ਤਿਆਰ ਕਰ ਵਾਪਸ ਮੁੜੇ। ਰਾਹ ਵਿਚ 9 ਚਕ ਦੇ ਰਵੇਲ ਸਿੰਘ ਨੂੰ ਹੁਕਮ ਦਿੱਤਾ 'ਨਿਕਲੋ, ਗੁਜਰਾਂਵਾਲੇ ਸੇਠ ਪਰਿਵਾਰ ਤੇ ਹੋਰ ਮੁਖੀਆਂ ਨੂੰ ਪੱਕੀ ਕਰਕੇ ਪੂੰਗਾਂ ਦੇ ਲਾਗੇ ਗਿਲਾਂ ਤੇ ਪਸਰੂਰ ਵਿਚਾਲੇ ਇਕ ਨਗਰ ਵਿਚ ਇਲਾਕੇ ਨੂੰ ਇਕੱਠਾ ਕੀਤਾ ਅਤੇ ਰਾਵੀਓਂ ਪਾਰ ਹੋਣ ਵਾਸਤੇ ਬਚਨ ਕੀਤਾ। ਪੰਜਾਂ ਦਿਨਾਂ ਤੇ ਪੰਜਾਂ ਰਾਤਾਂ ਵਿਚ ਸਾਰੇ ਪੰਜਾਬ ਦੇ ਖੂੰਜੇ ਖੂੰਜੇ ਨੂੰ ਹਲੂਣਿਆ। ਲਾਹੌਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਸੁਨੇਹਾ ਭੇਜਿਆ, ਪਰ ਉਹਨਾਂ ਵੀ ਸੁਣੀ ਅਣਸੁਣੀ ਕਰ ਦਿੱਤੀ। ਉਹਨਾਂ ਵੱਲੋਂ ਅਵੇਸਲਾਪਨ ਨਜ਼ਰੀਂ ਆਇਆ ਤਾਂ ਉਚੇਚਾ ਟਰੱਕ ਭੇਜਿਆ ਅਤੇ ਸਿੱਖਾਂ ਨੂੰ ਹੁਕਮ ਦੇ ਕਰ ਘਲਿਆ ਕਿ ਹੁਣ ਉਹਨਾਂ ਨੂੰ ਪੁੱਛਣ ਦੀ ਲੋੜ ਨਹੀਂ। ਸਾਮਾਨ ਨੂੰ ਚੁੱਕ ਟਰੱਕ ਵਿਚ ਸੁੱਟ, ਬੇਬੇ ਜੀ, ਭਾਬੋ ਜੀ ਤੇ ਹੋਰ ਬੀਬੀਆਂ ਨੂੰ ਨੌਹਰ ਪਹੁੰਚਾ ਦਿਓ। ਸੇਵਾਦਾਰਾਂ ਏਵੇਂ ਕੀਤਾ, ਮਹਾਰਾਜ ਨਿਹਾਲ ਸਿੰਘ ਜੀ ਓਥੇ ਰਹੇ।

ਪੰਦਰ੍ਹਾਂ ਅਗਸਤ ਉਨ੍ਹੀਂ ਸੌ ਸੰਤਾਲੀ ਦਾ ਭਾਗੀ ਭਰਿਆ ਦਿਨ ਚੜ੍ਹਿਆ, ਖ਼ੁਸ਼ੀਆਂ ਦੇ ਵਾਜੇ ਵੱਜੇ। ਮਗਰ ਪੰਜਾਬ ਵਿਚ ਮਾਰੂ ਰਾਗ ਦਾ ਅਲਾਪ ਹੋ ਗਿਆ। ਹਾ ਹਾ ਕਾਰ ਨੇ ਅਸਮਾਨ ਸਿਰ ਤੇ ਚੁੱਕ ਲਿਆ। ਬਹੁਤੇ ਪੰਜਾਬੀ ਅੰਨ੍ਹੇ ਹੋ ਗਏ। ਤਸਬੀਆਂ ਵਾਲੇ ਅੰਨ੍ਹੇ ਹੋ ਗਏ। ਤਿਲਕਧਾਰੀ ਅੰਨ੍ਹੇ ਹੋ ਗਏ। ਰਾਵੀਓਂ ਪਾਰ ਕਛਾਂ ਵਾਲੇ ਵੀ ਅੰਨ੍ਹੇ ਹੋ ਗਏ, ਬੀਨਾਈ ਖੋਈ ਗਈ। ਸ਼ੈਤਾਨ ਭੂਤਰ ਖਲੋਤਾ। ਕੱਲ੍ਹ ਨਾਚ ਅਰੰਭਿਆ। ਕਈ ਗ਼ਰੀਬਾਂ ਦਾ ਪੋਈਆ ਪੋਈਆ ਕਰਕੇ ਜੋੜਿਆ ਧਨ ਲੁੱਟਿਆ ਪੁੱਟਿਆ ਗਿਆ। ਮਾਵਾਂ ਦੇ ਬੱਚੇ ਗੋਦੀਆਂ ਵਿੱਚੋਂ ਧਰੂਹੇ ਗਏ। ਉਹਨਾਂ ਦੇ ਵੇਂਹਦਿਆਂ ਵੇਂਹਦਿਆਂ ਧਰਤੀ ਤੇ ਪਟਕਾਇਆ ਗਿਆ। ਗੁਟਕੂ ਗੁਟਕੂ ਕਰਦੀਆਂ ਬੁਲੀਆਂ ਸਦਾ ਲਈ ਚੁੱਪ ਹੋ ਗਈਆਂ। ਕਲੀਆਂ ਮੂੰਹ ਮੀਟ ਲਏ। ਫੁੱਲਾਂ ਨੂੰ ਪੈਰਾਂ ਹੇਠਾਂ ਮਿਧਿਆ ਗਿਆ, ਮਨੁੱਖ ਦੀ ਮਾਂ ਦੇ ਲੀੜੇ ਲੀਰ ਲੀਰ ਕਰਕੇ ਉਸਨੂੰ ਅਲਫ਼ ਨੰਗਾ ਕੀਤਾ ਗਿਆ। ਕਈਆਂ ਅਬਲਾਵਾਂ ਦੇ ਜਲੂਸ ਕੱਢੇ ਗਏ। ਚਵੀਂ ਪਾਸੀਂ ਲਾਸ਼ਾਂ ਦੇ ਢੇਰ ਲੱਗ ਗਏ। ਕਾਫ਼ਲੇ ਲੁੱਟੇ ਗਏ। ਧਰਮੀਆਂ ਦਾ ਧਰਮ ਛੀਨ ਕਰਨ ਵਾਸਤੇ ਖੂਹਾਂ ਵਿਚ ਹਡ ਸੁੱਟੇ ਗਏ, ਸਟੇਸ਼ਨਾਂ ਤੇ ਪੰਪ ਤੋੜੇ ਗਏ, ਨਿਆਂ ਗ਼ਰੀਬੜਾਂ ਤੇ ਵਿਚਾਰਾ ਕਨੂੰਨ ਬੇ-ਪੀਰਿਆਂ ਤੇ ਬੇ-ਮੁਰਸ਼ਦਿਆਂ ਤੋਂ ਡਰਦਾ ਲੁੱਕ ਕੇ ਗੁੱਠੇ ਜਾ ਲੱਗਾ।

ਜਿਹੜੇ ਸਿੰਘ ਬਚਨ ਮੰਨ ਪੂਰਬੀ ਪੰਜਾਬ ਵਿਚ ਪੁੱਜ ਗਏ ਉਹ ਧੰਨ,

Sri Satguru Jagjit Singh Ji eLibrary NamdhariElibrary@gmail.com

ਬਲਿਹਾਰ, ਬਲਿਹਾਰ, ਬਲਿਹਾਰ ਕਹਿ ਸਤਿਗੁਰਾਂ ਤੋਂ ਸਦਕੇ ਜਾ ਰਹੇ ਸਨ, ਤੇ ਫੱਸੇ ਵਿਚਾਰੇ ਜੋਦੜੀਆਂ ਕਰ ਰਹੇ ਸਨ। ਸਤਿਗੁਰ ਸਦਾ ਦਿਆਲ ਰਹਿੰਦਾ ਹੈ। ਉਹ ਸਿੱਖ ਦੇ ਸਦਾ ਪਰਦੇ ਢੱਕਦਾ ਹੈ, ਉਸਦੀਆਂ ਭੁੱਲਾਂ ਨੂੰ ਧਿਆਨ ਵਿਚ ਨਹੀਂ ਲਿਆਉਂਦਾ। ਇਸੇ ਕਾਰਨ ਸਤਿਗੁਰੂ ਜੀ ਜਿਵੇਂ ਸੈਂ ਕੋਹਾਂ ਤੇ ਬੈਠੀ ਕੂੰਜ ਬੱਚਿਆਂ ਦੀ ਧਿਆਨ ਨਾਲ ਰੱਖਿਆ ਕਰਦੀ ਹੈ, ਪੀੜਤਾਂ ਦੇ ਦੁਆਲੇ ਘੁੰਮਦੇ ਘੁੰਮਾਂਦੇ ਪਹਿਰੇ ਦੇਂਦੇ ਸਨ। ਭਾਵੇਂ ਉਨ੍ਹਾਂ ਦੀਆਂ ਗੁਪਤ ਫ਼ੌਜਾਂ ਥਾਂ-ਥਾਂ ਸਹਾਇਤਾ ਕਰ ਰਹੀਆਂ ਸਨ, ਮਗਰ ਪ੍ਰਤੱਖ ਰੂਪ ਵਿਚ ਮੋਟਰਾਂ, ਟਰੱਕ, ਗੱਡੇ ਜੋ ਕੁਛ ਵੀ ਮਿਲ ਸਕਿਆ, ਸਭ ਪੀੜਤਾਂ ਲਈ ਲਾ ਦਿੱਤੇ ਅਤੇ ਹਕੂਮਤ ਨੂੰ ਪ੍ਰੇਰਨਾ ਦੇ ਕੇ ਲਵਾ ਦਿੱਤੇ।

ਸਭ ਤੋਂ ਪਹਿਲਾਂ ਸਿੰਘਾਂ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਜਾਂਦਾ। ਏਥੇ ਜ਼ਖ਼ਮੀਆਂ ਤੇ ਬਿਮਾਰਾਂ ਦਾ ਦਵਾ-ਦਾਰੂ ਹੁੰਦਾ। ਜਦ ਉਨ੍ਹਾਂ ਦਾ ਥਕੇਵਾਂ ਉਤਰਦਾ ਤਦੋਂ ਉਨ੍ਹਾਂ ਨੂੰ ਸ੍ਰੀ ਜੀਵਨ ਨਗਰ ਵੱਲ ਤੋਰਿਆ ਜਾਂਦਾ। ਮੈਂ ਤਾਂ ਇਉਂ ਸਮਝਦਾ ਹਾਂ ਕਿ ਸ੍ਰੀ ਜੀਵਨ ਨਗਰ ਦੀ ਬੁਨਿਆਦ ਹੀ, ਪੀੜਤਾਂ ਸਿੱਖਾਂ ਨੂੰ ਔਖੇ ਵੇਲੇ ਤੋਂ ਬਚਾਉਣ ਜਾ ਰਾਜ ਸੀ। ਨਹੀਂ ਤਾਂ ਗੁਰੂ ਕਿਆਂ ਨੂੰ ਜ਼ਮੀਨਾਂ ਅਤੇ ਮੁਰਬਿਆਂ ਦੀ ਲੋੜ ਕਾਹਦੀ? ਜੇ ਸਤਿਗੁਰੂ ਜੀ ਦੀ ਦੂਰ ਦ੍ਰਿਸ਼ਟਤਾ ਇਹ ਨ ਵੇਖਦੀ ਤਾਂ ਜੀਵਨ ਨਗਰ ਦੇ ਇਲਾਕੇ ਤੇ 30 ਲੱਖ ਖ਼ਰਚ ਬੇ-ਅਰਥ ਜਾਣਾ ਸੀ। ਮਗਰ ਸਤਿਗੁਰੂ ਜੀ ਹੀ ਜਾਣਦੇ ਸਨ ਕਿ ਇਸ ਇਲਾਕੇ ਦੇ ਵਸਨੀਕਾਂ ਦਾ ਹੁਣ ਕੂਚ ਹੈ ਤੇ ਖਾਲਸਈ ਫ਼ੌਜਾਂ ਦਾ ਮੁਕਾਮ। ਉਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ, ਜੋ ਉਸ ਵੇਲੇ ਪੂਜ ਬਾਬਾ ਜੀ ਕਹਿ ਸਤਿਕਾਰੇ ਜਾਂਦੇ ਸਨ, ਉਖੜੇ ਸਿੱਖਾਂ ਦੀਆਂ ਪੀੜਾਂ ਹਰਨ ਹਿਤ ਆਪਣੇ ਸੁੱਖ ਆਰਾਮ ਨੂੰ ਤਲਾਂਜਲੀ ਦੇ ਭੱਜੇ ਫਿਰਦੇ ਸਨ!

ਸ੍ਰੀ ਜੀਵਨ ਨਗਰ ਉਸ ਵੇਲੇ ਹੜੰਬੇ ਦੀ ਧਰਤੀ ਸੀ, ਇਹ ਇਲਾਕਾ ਕਾਲ ਦਾ ਪੱਕਾ ਅਸਥਾਨ ਸੀ। ਕਾਲ ਦਾ ਸੱਪ ਕਈ ਵੇਰ ਫੂੰਕਾਰੇ ਮਾਰਿਆ ਕਰਦਾ ਸੀ, ਅਤੇ ਇੱਥੋਂ ਦੇ ਵਸਨੀਕ ਢਿੱਡ ਦੀ ਅੱਗ ਨੂੰ ਝਲੂਖਾ ਦੇਣ ਹਿਤ, ਪੰਜਾਬ ਦੀ ਗਲੀਆਂ ਵਿਚ ਦਰ ਦਰ ਜਾਇਆ ਕਰਦੇ ਸਨ। ਇਸੇ ਵਾਸਤੇ ਚੈਚਾਲ ਨਗਰੀ ਵਿਚ ਉਖੜਿਆਂ ਦੀ ਰੋਟੀ ਦਾ ਮਸਲਾ ਸੀ, ਉਨ੍ਹਾਂ ਦੇ ਕਪੜਿਆਂ ਦਾ ਸਵਾਲ ਸੀ, ਬਿਮਾਰਾਂ ਹਿਤ ਦਵਾ-ਦਾਰੂ ਦੀ ਲੋੜ ਸੀ। ਫੇਰ ਉਨ੍ਹਾਂ ਨੂੰ ਪੈਰਾਂ ਤੇ ਖੜ੍ਹਾ ਕਰਨ ਦਾ ਪ੍ਰਸ਼ਨ ਸੀ। ਕਹਿਣ ਨੂੰ ਇਹ ਗੱਲਾਂ ਸੌਖੀਆਂ ਸਨ, ਮਗਰ ਜਿਸ ਧਰਤੀ ਦੇ ਆਵਾ ਜਾਈ ਦੇ ਸਾਧਨ ਕਠਣ ਹੋਣ, ਜਿੱਥੇ ਸਰਕਾਰੀ ਮਸ਼ੀਨਰੀ ਘਟੀਆ ਤੇ ਜੰਗਾਲ ਖਾਧੀ ਹੋਵੇ ਤੇ ਉਸ ਨੂੰ ਤੋਰਨ ਹਿਤ ਪੈਰ ਪੈਰ ਤੇ ਤੇਲ ਦੀ ਲੋੜ ਪੈਂਦੀ ਹੋਵੇ, ਉਸ ਵੇਲੇ ਲੱਖਾਂ ਆਦਮੀਆਂ ਦੀ ਸੰਭਾਲ ਕਰਨੀ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਿੱਸੇ ਹੀ ਆਇਆ ਸੀ।

ਸਤਿਗੁਰੂ ਜੀ ਨੇ ਉਖੜਿਆਂ ਦੀ ਉਦਰ ਪੂਰਤੀ ਹਿਤ, ਕਣਕ, ਜੌ, ਛੋਲੇ,

Sri Satguru Jagjit Singh Ji eLibrary NamdhariElibrary@gmail.com

ਬਾਜਰਾ ਆਦਿ ਜੋਵੀ ਮਿਲਿਆ ਮੰਗਵਾ ਲਿਆ। ਸਰਦੀਆਂ ਖ਼ਾਤਰ ਰਜਾਈਆਂ, ਤਲਾਈਆਂ, ਕੰਬਲ, ਗਰਮ ਬ੍ਰਾਂਡੀਆਂ ਦਾ ਬੰਦੋਬਸਤ ਕੀਤਾ। ਵਾਹਕਾਂ ਵਾਸਤੇ ਢੱਗੇ, ਝੋਟੇ, ਊਠ, ਜਿਸ ਨਾਲ ਵੀ ਉਨ੍ਹਾਂ ਦਾ ਕੰਮ ਸੌਰਦਾ ਪੈਦਾ ਕਰਕੇ ਦਿੱਤੇ। ਦੁੱਧ ਵਾਸਤੇ ਗਊ, ਮੱਝ, ਤੇ ਉਨ੍ਹਾਂ ਵਾਸਤੇ ਦਾਣੇ, ਨੀਰੇ ਦਾ ਪ੍ਰਬੰਧ ਕੀਤਾ। ਕਈ ਤਾਂ ਵੱਖ ਵੱਖ ਨਗਰਾਂ ਵਿਚ ਜਾ ਕੇ ਟਿਕ ਗਏ, ਅਤੇ ਜੱਦ ਕਿਸੇ ਵਸਤੂ ਦੀ ਲੋੜ ਪੈਂਦੀ ਸ੍ਰੀ ਜੀਵਨ ਨਗਰ ਆ ਕੇ ਪੂਰੀ ਕਰਦੇ। ਮਗਰ ਵਧੇਰੇ ਭਾਰ ਲੰਗਰ ਤੇ ਸੀ।

ਭਾਵੇਂ ਸਿੱਖ ਰਜ਼ਾ ਵਿਚ ਰਾਜ਼ੀ ਸਨ, ਪਰ ਜਿੱਥੇ ਸਤਿਗੁਰੂ ਜੀ ਸਾਧ ਸੰਗਤ ਨੂੰ ਪੱਕੇ ਤੌਰ ਤੇ ਵਸਾਉਣ ਦਾ ਫ਼ਿਕਰਮੰਦ ਸਨ, ਓਥੇ ਉਨ੍ਹਾਂ ਦੀ ਪਰਬਲ ਇੱਛਾ ਸੀ ਕਿ ਮੇਰੇ ਸਿੱਖ ਤ੍ਰਿਭੋਲ ਦੇ ਕੜਾਹ ਪ੍ਰਸ਼ਾਦ ਛੱਕਣ, ਉਨ੍ਹਾਂ ਦੇ ਥਾਲਾਂ ਵਿਚ ਜਲੇਬ, ਲੱਡੂਆਂ ਅਤੇ ਖੇੜਿਆਂ ਦੀਆਂ ਉੱਚੀਆਂ ਉੱਚੀਆਂ ਟੀਸੀਆਂ ਲੱਗੀਆਂ ਵੇਖਾਂ,ਪਰ ਹਾਲਾਤ ਆਗਿਆ ਨਹੀਂ ਦੇਂਦੇ ਸਨ। ਦੇਸ ਵਿਚ ਰਾਸ਼ਨ ਸਿਸਟਮ ਸੀ। ਸਾਰਾ ਨਿਜ਼ਾਮ ਬਰਹਮ ਬਰਹਮ ਸੀ, ਉਸ ਵੇਲੇ ਤਾਂ ਇੱਕੋ ਨਿਸ਼ਾਨਾ ਸੀ ਕਿ ਕਿਵੇਂ ਹਜ਼ਾਰਾਂ ਸੰਗਤਾਂ ਦੇ ਭੁੱਖੇ ਪੇਟ ਦੀ ਅੱਗ ਠੰਢੀ ਕੀਤੀ ਜਾਵੇ!

ਇਕ ਦਿਨ ਐਸਾ ਆਇਆ ਕਿ ਗਲੇ ਦੇ ਇਨਚਾਰਜ, ਸੰਤ ਗੁਰਚਰਨ ਸਿੰਘ ਨੇ ਸਾਰੇ ਗਲੇ ਨੂੰ ਸਾਫ਼ ਕਰਵਾ ਦਿੱਤਾ, ਝਾੜੂ ਫੇਰ ਸਾਰੇ ਬੇਰੜਾ ਇਕੱਠਾ ਕਰਵਾਇਆ। ਉਹ ਕੁਲ ਦੋ ਮਣ ਸੀ। ਉਸਨੂੰ ਬੜਾ ਫ਼ਿਕਰ ਲੱਗਾ ਕਿ ਕੱਲ੍ਹ ਦਾ ਦਿਨ ਕਿਵੇਂ ਗੁਜ਼ਰੇਗਾ। ਉਸਨੇ ਸੋਚ-ਵਿਚਾਰ ਕਰ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਰਖਣੀ ਚਾਹੀ।

ਓਧਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਕੋਠੀ ਉਪਰ ਮਾਲਸ਼ ਕਰਾ ਰਹੇ ਸਨ ਤੇ ਭਾਈ ਵਜ਼ੀਰ ਸਿੰਘ ਨੂੰ ਕਹਿ ਰਹੇ ਸਨ 'ਭਾਈ! ਵੇਖ ਸਿੱਖਾਂ ਕਿੰਨੀਆਂ ਤਕਲੀਫ਼ਾਂ ਉਠਾਈਆਂ ਹਨ। ਮੈਂ ਚਾਹੁੰਦਾ ਹਾਂ ਕਿ ਸਾਰੇ ਸਿੱਖ ਵਸ ਜਣ ਇਨ੍ਹਾਂ ਦੇ ਘਰੀਂ ਮਣ ਮਣ ਦੁੱਧ ਦੇਣ ਵਾਲੀਆਂ ਗਊਆਂ ਤੇ ਮੱਝਾਂ ਹੋਣ। ਇਨ੍ਹਾਂ ਦੀਆਂ ਸੁਹਣੀਆਂ ਹਵੇਲੀਆਂ ਹੋਣ। ਉਨ੍ਹਾਂ ਵਿਚ ਬਿਜਲੀ ਦੇ ਪੱਖੇ ਲੱਗੇ ਹੋਣ, ਇਕ ਦੂਜੇ ਦੇ ਦੁੱਖ ਸੁੱਖ ਦੇ ਭਾਈਵਾਲ ਹੋਣ। ਭਜਨ ਬਾਣੀ ਕਰਨ, ਤੇ ਸੁੱਖੀ ਵੱਸਣ।" ਇਨ੍ਹਾਂ ਖ਼ਿਆਲਾਂ ਨਾਲ ਸੱਚੇ ਪਾਤਸ਼ਾਹ ਜੀ ਉਤਰੇ ਇਸ਼ਨਾਨ ਕੀਤਾ। ਲੰਗਰ ਵਾਲੀ ਛਪਰੀ ਦੇ ਲਾਗੇ ਗਏ। ਸੰਤ ਰਤਨ ਸਿੰਘ ਪ੍ਰਸ਼ਾਦਾ ਲਿਆ ਹਾਜਰ ਕੀਤਾ। ਸਤਿਗੁਰੂ ਜੀ ਪ੍ਰਸ਼ਾਦਾ ਛੱਕ ਰਹੇ ਸਨ ਕਿ ਗੁਰਚਰਨ ਸਿੰਘ ਸਾਹਮਣੇ ਆ ਖਲੋਤਾ, ਉਦਾਸੀ ਭਰੇ ਚਿਹਰੇ ਨਾਲ ਅਰਜ ਕੀਤੀ, ਸੱਚੇ ਪਾਤਸ਼ਾਹ! ਗਲੇ ਨੂੰ ਝਾੜ ਪੂੰਝ ਲਿਆ ਹੈ ਤੇ ਕੁਲ ਦੋ ਮਣ ਬੇਰੜਾ ਨਿਕਲਿਆ ਹੈ। ਜੇ ਸੂਰਜ ਡੁੱਠੇ ਤੱਕ ਦਾਣੇ ਨ ਆਏ ਤਾਂ ਸਵੇਰ ਦਾ ਲੰਗਰ ਮਸਤ ਰਹੇਗਾ।" ਇਹ ਸ਼ਬਦ ਸਾਧਾਰਨ ਮਨੁੱਖ ਵਾਸਤੇ ਬੜੇ ਸਾਧਾਰਨ ਸਨ, ਮਗਰ ਸਤਿਗੁਰੂ ਜੀ ਵਾਸਤੇ ਬਹੁਤ ਕੁਝ। ਇਨ੍ਹਾਂ ਹੱਥਾਂ ਵਾਲੀ ਗਰਾਹੀ ਛੱਕ ਲਈ ਅਤੇ ਆਵਾਜ਼ ਮਾਰੀ 'ਰਤਨ! ਜਲ ਲਿਆ ਚੁੱਲਾ ਕਰਾ।' ਰਤਨ ਸਿੰਘ ਹੈਰਾਨ

Sri Satguru Jagjit Singh Ji eLibrary NamdhariElibrary@gmail.com

ਸੀ ਕਿ ਇਹ ਕੀ ਭਾਣਾ ਹੈ। ਅੱਜ ਇਕ ਪ੍ਰਸ਼ਾਦਾ ਲਿਆਇਆ ਹਾਂ ਦੂਜਾ ਅਜੇ ਹੱਥ ਵਿਚ ਹੈ ਤੇ ਜਲ ਦਾ ਹੁਕਮ ਹੋ ਗਿਆ ਹੈ। ਹੱਕਾ ਬੱਕਾ ਠਠੰਬਰਿਆ ਜਲ ਲੈ ਆਇਆ, ਜਦ ਚੁੱਲਾ ਕਰਾਉਣ ਲੱਗਾ ਤਾਂ ਨੇਤਰ ਤੱਕੇ ਨੇਤਰ ਸਜਲ ਸਨ। ਚੁੱਲਾ ਕਰ ਹੁਕਮ ਕੀਤਾ 'ਭਾਈ! ਖਜ਼ਾਨੇ ਵਿੱਚੋਂ ਲਿਆ ਦਸ ਹਜ਼ਾਰ। ਮੈਂ ਭਾਵੇਂ ਭੁੱਖਾਂ ਰਹਾਂ। ਕਾਕਿਆਂ ਨੂੰ ਭਾਵੇਂ ਮਿਲੇ ਨਾ ਮਿਲੇ, ਮੈਂ ਸਿੱਖਾਂ ਨੂੰ ਭੁੱਖਾ ਨਹੀਂ ਵੇਖ ਸਕਦਾ। ਭਾਈ ਜੀ ਦਾ ਸੁਭਾ ਸੀ। ਜਮਾਂ ਕਰਨ ਵੇਲੇ ਤਾਂ ਖ਼ੁਸ਼ ਹੁੰਦੇ ਸਨ, ਮਗਰ ਖਜ਼ਾਨੇ ਵਿੱਚੋਂ ਪਾਣੀ ਕੱਢਕੇ ਵੀ ਰਾਜ਼ੀ ਨਹੀਂ ਸਨ। ਸਹਿਜੇ ਬਚਨ ਕੀਤਾ ਗ਼ਰੀਬ ਨਿਵਾਜ਼! ਜੇ ਏਂ ਹੁਕਮ ਹੋਣਾ ਹੈ, ਤਾਂ ਰਾਤੀਂ ਆਪ ਖਜ਼ਾਨੇ ਵਿਚ ਰੱਖ ਆਇਆ ਕਰੋ। ਅਜੇ ਕੱਲ੍ਹ ਦਸ ਹਜ਼ਾਰ ਲਿਆਂਦਾ ਸੀ' ਭਾਈ! ਛੇਤੀ ਕਰ। ਅੱਗੇ ਤੈਨੂੰ ਪੁੱਛਕੇ ਰੱਖਦਾ ਹਾਂ।' ਭਾਈ ਜੀ ਰੁਪਏ ਲਿਆਏ। ਜੀਪ ਤੇ ਬੈਠੇ ਤੇ ਸਰਸੇ ਨੂੰ ਰਵਾਨਾ ਹੋ ਗਏ।

ਸ੍ਰ: ਗੁਰਮੁਖ ਸਿੰਘ ਤਹਿਸੀਲਦਾਰ ਸੀ। ਸੱਚੇ ਪਾਤਸ਼ਾਹ ਤਹਿਸੀਲੇ ਪੁੱਜੇ ਤੇ ਆਖਿਆ "ਸਰਦਾਰ ਸਾਹਿਬ! ਸੰਗਤ ਵਾਸਤੇ ਦਾਣੇ ਚਾਹੀਦੇ ਹਨ।" ਗੁਰਮੁਖ ਸਿੰਘ ਕੁਰਸੀ ਤੋਂ ਉੱਠ ਖਲੋਤਾ ਤੇ ਅਰਜ ਕੀਤੀ "ਮਹਾਰਾਜ ਜੀ! ਸਰਕਾਰ ਨੇ ਅਗਲੇ ਪਰਮਿਟ ਕੈਂਸਲ ਕਰ ਦਿੱਤੇ ਹਨ। ਹੁਣ ਦਾਣੇ ਰਾਸ਼ਨ ਵਾਲਿਆਂ ਤੋਂ ਮਿਲਣਗੇ।' "ਮੈਨੂੰ ਤਾਂ ਦਾਣੇ ਚਾਹੀਦੇ ਹਨ। ਤੁਸੀਂ ਦੇਵੋ, ਰਾਸ਼ਨ ਵਾਲੇ ਦੇਣ। ਜਿਸ ਭਾ ਮਿਲਣ। ਦਾਣਿਆਂ ਦਾ ਬੰਦੋਬਸਤ ਹੋਣਾ ਚਾਹੀਦਾ ਹੈ। ਮੈਂ ਸਿੱਖਾਂ ਨੂੰ ਭੁੱਖਿਆਂ ਨਹੀਂ ਵੇਖ ਸਕਦਾ। ਵਿਲਕਦਿਆਂ ਬੱਚਿਆਂ ਦੀਆਂ ਚੀਕਾਂ ਨਹੀਂ ਸੁਣ ਸਕਦਾ।" ਸ੍ਰ: ਗੁਰਮੁਖ ਸਿੰਘ ਨੇ ਪਤਾ ਨਹੀਂ ਕਿਹੜਾ ਰਾਹ ਕੱਢਿਆ ਕਿ ਸਤਿਗੁਰੂ ਜੀ ਉਸ ਪਾਸੋਂ ਉਸ ਵੇਲੇ ਉੱਠੇ ਜਦ ਸਵੇਰ ਦੇ ਲੰਗਰ ਵਾਸਤੇ ਬੋਰੀਆਂ ਜੀਪ ਵਿਚ ਰੱਖ ਲਈਆਂ ਤੇ ਬਾਕੀ ਵਾਸਤੇ ਗੱਡਿਆਂ ਵਾਲਿਆਂ ਨੂੰ ਹੁਕਮ ਦਿੱਤਾ।

ਕਈ ਪੜਚੋਲੀਏ ਪੁੱਛ ਕਰਨਗੇ ਸਤਿਗੁਰੂ ਜੀ ਨੂੰ ਇਤਨੀ ਚਿੰਤਾ ਦੀ ਕੀ ਲੋੜ ਸੀ? ਗੁਰੂ ਨਾਨਕ ਦੇਵ ਜੀ ਮਹਾਰਾਜ ਰੁੱਖਾਂ ਤੋਂ ਜਲੇਬ ਲਹਾ ਲਏ ਸਨ। ਇਹ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਰੁੱਖਾਂ ਤੋਂ ਲੱਡੂ ਪੇੜੇ ਲੈ ਲਏ ਸਨ, ਨਿਰਸੰਦੇਹ ਇਹ ਵੀ ਲੈ ਸਕਦੇ ਸਨ, ਵਣ, ਜੰਡਾਂ ਤੋਂ ਅੰਗੂਰ, ਸੇਉ ਤੇ ਅੰਬ ਪ੍ਰਾਪਤ ਕਰ ਸਕਦੇ ਸਨ। ਗੁਰੂ ਹਰੀ ਸਿੰਘ ਜੀ ਵਾਂਗੂ ਇੱਕੋ ਠੇਕੀ ਤੋਂ ਸਾਲਾਂ ਬੱਧੀ ਗੁਜ਼ਾਰ ਸਕਦੇ ਸਨ, ਮਗਰ ਇਹ ਪੂਰਨਾ ਪਾਕੇ ਦਰਸਾਉਣਾ ਚਾਹੰਦੇ ਸਨ ਕਿ ਉੱਦਮ ਨੂੰ ਪ੍ਰਧਾਨਗੀ ਮਿਲਣੀ ਚਾਹੀਦੀ ਹੈ। ਉਹ ਕਰਾਮਾਤ ਦੇ ਮਾਲਿਕ ਹੁੰਦਿਆਂ ਵੀ ਕਿਰਤ ਨੂੰ ਵਡਿਆਈ ਦੇਣ ਦੇ ਚਾਹਵਾਨ ਸਨ। ਵਾਹ ਲਗਦਿਆਂ ਭਰਾਵਾਂ ਦੀ ਮੱਦਦ ਕਰਨੀ ਚਾਹੀਦੀ ਹੈ। ਲੋੜਵੰਦਾਂ ਖ਼ਾਤਰ ਆਪਣਾ ਸੁੱਖ ਵਾਰ ਦੇਣਾ ਚਾਹੀਦਾ ਹੈ। ਜੀਵਨ ਦਾ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਹਮਸਾਇਆ ਮਾਂ ਪਿਉ ਜਾਇਆ ਦਾ ਭਲਾ ਲੋਚਿਆ ਜਾਵੇ। ਜੇ ਕੋਈ ਭੁੱਖਾ ਆਵੇ ਤਾਂ ਉਸਨੂੰ ਪਹਿਲਾਂ ਪ੍ਰਸ਼ਾਦਾ ਦਿੱਤਾ ਜਾਵੇ। ਧਿਹਾਏ ਨੂੰ

Sri Satguru Jagjit Singh Ji eLibrary NamdhariElibrary@gmail.com

ਜਲ ਛਕਾਇਆ ਜਾਵੇ। ਜੇ ਗਵਾਂਢੀ ਦੇ ਬੱਚੇ ਦੁੱਧ ਖੁਣੋਂ ਵਿਲਕਦੇ ਹਨ ਤਾਂ ਦੁੱਧ ਵਾਲੇ ਨੂੰ ਦੁੱਧ ਦਾ ਸਵਾਦ ਨਹੀਂ ਆਉਣਾ ਚਾਹੀਦਾ ਜਦ ਤਾਈਂ ਵਿਲਕਦੇ ਬੱਚੇ ਨੂੰ ਦੁੱਧ ਨਾ ਮਿਲ ਜਾਵੇ। ਜੇ ਤੁਸਾਂ ਦੇ ਨੇੜੇ ਪਾਟੀਆਂ ਲੀਰਾਂ ਵਾਲੇ ਹਨ ਤੇ ਤੁਹਾਨੂੰ ਰੇਸ਼ਮ ਹੰਢਾਉਣ ਦਾ ਕੋਈ ਹੱਕ ਨਹੀਂ। ਭਾਵੇਂ ਕਈ ਕਹਿੰਦੇ ਹਨ "ਅਵਲ ਖੇਸ਼ ਬਾਦ ਦਰਵੇਸ਼।" ਸਵਾਰਥੀਆਂ ਦਾ ਕਥਨ ਹੈ 'ਅਵਲ ਦੰਦ ਬਾਦ ਫ਼ੁਰੰਦ।' ਮਗਰ ਸਤਿਗੁਰੂ ਦੀ ਇਸ ਪਰਪਾਟੀ ਤੇ ਜ਼ੋਰ ਦੇਣ ਦੀ ਇੱਛਾ ਸੀ, ਕਿ 'ਪਹਿਲਾਂ ਹਮਸਾਇਆ ਫੇਰ ਮਾਂ ਪਿਉ ਜਾਇਆ ਤੇ ਅੰਤ ਨੂੰ ਆਪਣਾ ਮੂੰਹ। ਸਤਿਗੁਰੂ ਜੀ ਨੇ ਇਸ ਹੱਲੇ ਗੁੱਲੇ ਵਿਚ ਉਖੜੇ ਸਿੱਖਾਂ ਨੂੰ ਵਸਾਉਣ ਹਿਤ ਇਉਂ ਮਾਇਆ ਦਾ ਹੜ ਵਗਾਇਆ:-

(1) ਪਸ਼ੂ 4550)
(2) ਬੀ 18099)
(3) ਪਟਰੋਲ ਤੇ ਡੀਜ਼ਲ 5000)
(4) ਘਿਉ ਬਿਮਾਰਾਂ ਨਮਿੱਤ 750)
(5) ਦਵਾਈਆਂ 1200)
(6) ਰਾਸ਼ਨ ਤੇ ਲੰਗਰ 160928)
(7) ਰਜਾਈਆਂ 8544)
(8) ਫੁਟਕਲ 624)

ਇਸ ਤੋਂ ਉਖੜਿਆਂ ਨੂੰ ਜ਼ਮੀਨਾਂ ਅਲਾਟ ਕਰਾਉਣ ਵਿਚ ਏਧਰ ਦੀ ਭੱਜ ਦੌੜ ਵਿਚ ਹਜ਼ਾਰਾਂ ਰੁਪਏ ਵੱਖਰੇ। ਇਨ੍ਹਾਂ ਕੁਝ ਪਲਿਉਂ ਲਾ ਕੇ ਉਨ੍ਹਾਂ ਕਿਹਾ ਮੈਂ ਕਿਸੇ ਸਿਰ ਅਹਿਸਾਨ ਨਹੀਂ ਕੀਤਾ। ਪਿਉ ਨੂੰ ਪੁੱਤਰਾਂ ਵਾਸਤੇ ਕੀ ਕੁਝ ਨਹੀਂ ਕਰਨਾ ਪੈਂਦਾ। ਪੁਤ ਕਪੁਤ ਹੋ ਜਾਣ ਮਾਪੇ ਕੁਮਾਪੇ ਕਦੇ ਨਹੀਂ ਹੁੰਦੇ।"

(1) ਰਤਨ ਸਿੰਘ ਹਜ਼ੂਰੀ ਸੇਵਾਦਾਰ
(2) ਸ੍ਰ: ਅਵਤਾਰ ਸਿੰਘ ਝੱਭਰ ਮੁਖਤਾਰੇ ਆਮ

**ਕੁਰਬਾਣੀ ਤਿਨਾ ਗੁਰਸਿਖਾ, ਪਿਛਲ ਰਾਤੀ ਉਠਿ ਬਹੰਦੇ।**
**ਕੁਰਬਾਣੀ ਤਿਨਾ ਗੁਰਸਿਖਾ, ਅੰਮ੍ਰਿਤੁ ਵੇਲੈ ਸਰਿ ਨਾਵੰਦੇ।**
**ਕੁਰਬਾਣੀ ਤਿਨਾ ਗੁਰਸਿਖਾ, ਹੋਇ ਇਕ ਮਨਿ ਗੁਰ ਜਾਪੁ ਜਪੰਦੇ।**
**ਕੁਰਬਾਣੀ ਤਿਨਾ ਗੁਰਸਿਖਾ, ਸਾਧ ਸੰਗਤਿ ਚਲਿ ਜਾਇ ਜੁੜੰਦੇ।**
**ਕੁਰਬਾਣੀ ਤਿਨਾ ਗੁਰਸਿਖਾ, ਗੁਰਬਾਣੀ ਨਿਤਿ ਗਾਇ ਸੁਣੰਦੇ।**
**ਕੁਰਬਾਣੀ ਤਿਨਾ ਗੁਰਸਿਖਾ, ਮਨ ਮੇਲੀ ਕਰਿ ਮੇਲਿ ਮਿਲੰਦੇ।**
**ਕੁਰਬਾਣੀ ਤਿਨਾ ਗੁਰਸਿਖਾ, ਭਾਇ ਭਗਤਿ ਗੁਰਪੁਰਬ ਕਰੰਦੇ।**
**ਗੁਰ ਸੇਵਾ ਫਲੁ ਸਫਲੁ ਫਲੰਦੇ॥2॥** (ਵਾਰ 12, ਪਉੜੀ 2)

Sri Satguru Jagjit Singh Ji eLibrary NamdhariElibrary@gmail.com

# ਪੱਥਰਾਂ 'ਚੋਂ ਹੀਰਾ

"ਮਿਹਰ! ਮਿਹਰ!! ਮਿਹਰ!!!

ਬਖਸ਼! ਬਖਸ਼!! ਬਖਸ਼!!! ਧੰਨ ਹਨ ਮੇਰੇ ਸਤਿਗੁਰੂ ਪ੍ਰਤਾਪ ਸਿੰਘ! ਸੁਲਤਾਨਾਂ ਦੇ ਸੁਲਤਾਨ, ਜਿਨ੍ਹਾਂ ਮੈਨੂੰ ਚਿੱਕੜ ਦੇ ਟੋਏ ਵਿੱਚੋਂ ਕੱਢ ਫੁੱਲਾਂ ਦੇ ਸਿੰਘਾਸਣ ਤੇ ਬਿਠਾਇਆ ਜਿਨ੍ਹਾਂ ਔਜੜੀ ਜਾਂਦੇ ਤੇ ਕੰਡਿਆਂ ਵਿਚ ਫਸੇ ਨੂੰ ਸਿੱਧੇ ਰਾਹ ਤੋਰਿਆ। ਜਿਨ੍ਹਾਂ ਨਰਕੀਂ ਜਾ ਰਹੇ ਨੂੰ ਆਪਣੇ ਚਰਨਾਂ ਵਿਚ ਖਲ੍ਹਣ ਦਾ ਮਾਣ ਬਖਸ਼ਿਆ, ਜਿਨ੍ਹਾਂ ਦੀ ਕ੍ਰਿਪਾ ਨਾਲ ਪਤਾ ਲੱਗਾ ਕਿ ਮਨੁੱਖਤਾ ਦੇ ਮਹਿਲ ਨੂੰ ਕਿਹੜੀ ਜਰਨੈਲੀ ਸੜਕ ਪਹੁੰਚਦੀ ਹੈ। ਜਿਨ੍ਹਾਂ ਦੀ ਦਇਆ ਦ੍ਰਿਸ਼ਟੀ ਨਾਲ ਸੂਝ ਆਈ ਕਿ ਪਸ਼ੂਆਂ ਦੇ ਵਾੜੇ ਨਾਲ ਲੱਗਦਾ ਬਨ੍ਹੇਰਾ ਸਾਊਆਂ ਦਾ ਢਾਣੀ ਦਾ ਹੈ, ਕਲਿਜੁਗ ਦੇ ਅਗਨ ਕੁੰਡ ਦੀਆਂ ਅਰਸ਼ਾਂ ਨੂੰ ਧੁਆਖਣ ਦੀ ਤਪਸ਼ ਦੂਰ ਕਰ ਥਕੇਵਾਂ ਲਾਹ ਹੌਲਾ ਫੁਲ ਕਰ ਦੇਂਦਾ ਹੈ। ਇਸ ਰੱਸ ਭਿੱਜੇ ਸ਼ਬਦਾਂ ਦਾ ਗੀਤ ਅਧਖੜ ਉਮਰ ਦੇ ਗਭਰੋਟੇ, ਜਸਵੰਤ ਸਿੰਘ ਦਰਮਿਆਨਾਂ ਕੱਦ ਮੋਟੇ ਨੇਤਰ ਸਾਂਵਲਾ ਰੰਗ, ਜਿਹੜਾ ਮਸਤਾਨਗੜ੍ਹ ਦੀਆਂ ਮਸਤ ਹਵਾਵਾਂ ਵਿਚ ਪਾਲੀ ਤੇ ਆਸਣ ਵਿਛਾ ਸਤਿਗੁਰੂ ਜੀ ਦੀ ਉਡੀਕ ਵਿਚ ਬੈਠ, ਦੇ ਮੁੱਖੋਂ ਆਪ ਮੁਹਾਰੇ ਅਲਾਪਿਆ ਜਾ ਰਿਹਾ ਸੀ। ਜਿਉਂ ਜਿਉਂ ਪ੍ਰੇਮ ਘੜੀਆਂ ਲੰਮੇਰੀਆਂ ਹੁੰਦੀਆਂ ਗਈਆਂ ਤਿਉਂ ਤਿਉਂ ਪ੍ਰੇਮ ਲਹਿਰਾਂ ਉਚੇਰੀਆਂ ਹੁੰਦੀਆਂ ਗਈਆਂ। ਉਸਦੀ ਵਿਸ਼ਾਲਤਾ, ਉਸਦੀ ਉਦਾਰਤਾ, ਉਸਦੇ ਗੁਣ, ਉਸਦੇ ਉਪਕਾਰ ਅਸਗਾਹ ਤੇ ਅਥਾਹ ਹਨ "ਸਨਖਤ੍ਰਵੀ" ਦੇ ਉਹਨਾਂ ਬਾਰੇ ਇਹ ਸ਼ਬਦ ਕਿੰਨੇ ਮਿੱਠੇ ਤੇ ਕਿੰਨੇ ਫਬਵੇਂ ਹਨ:-

**ਜਿਨ੍ਹਾਂ ਵਿਚ ਸੀ ਝਲਕ ਨੂਰਾਨੀ,**
**ਜਿਨ੍ਹਾਂ ਵਿਚ ਸੀ ਕਸ਼ਸ਼ ਰੂਹਾਨੀ,**
**ਜਿਨ੍ਹਾਂ ਵਿਚ ਸੀ ਦਿਲ ਰਹਿਮਾਨੀ,**
**ਜਿਨ੍ਹਾਂ ਵਿਚ ਸੀ ਸ਼ਕਤ ਲਾਸਾਨ,**
**ਦਰਸ਼ ਜਿਨ੍ਹਾਂ ਦਾ ਭਾਨ ਸਮਾਨੀ,**
**ਪਰਸ ਜਿਨ੍ਹਾਂ ਦਾ ਪਾਰਿਸਆਨੀ,**
**ਤਰਸ ਜਿਨ੍ਹਾਂ ਦਾ ਸਭ ਲਈ ਜਾਨੀ,**
**ਬਰਸ ਜਿਨਾਂ ਦਾ ਖਿਰਹੋਂ ਪਾਨੀ,**

ਇਹ ਸਤਿਗੁਰੂ ਪ੍ਰਤਾਪ ਹਰੀ ਸਨ।

Sri Satguru Jagjit Singh Ji eLibrary NamdhariElibrary@gmail.com

**ਨੈਣ ਜਿਨ੍ਹਾਂ ਦੇ ਸਨ ਪਰਖੀਲੇ,**
**ਬੈਣ ਜਿਨ੍ਹਾਂ ਦੇ ਮਧੁਰ ਰਸੀਲੇ,**
**ਕਰਨ ਜਿਨ੍ਹਾਂ ਦੇ ਅਤਿ ਸੁਰਤੀਲੇ,**
**ਚਰਨ ਜਿਨ੍ਹਾਂ ਦੇ ਅਤਿ ਫੁਰਤੀਲੇ,**
**ਮਨ ਸੁਭਾਵ ਦੇ ਅਤਿ ਅਣਿਖੀਲੇ,**
**ਤਨ ਭਾਵ ਦੇ ਜੋ ਵਰਤੀਲੇ**
**ਜਨ ਅਪਨੇ ਲਈ ਜੋ ਮਨਹੀਲੇ,**
ਇਹ ਸਤਿਗੁਰੂ ਪ੍ਰਤਾਪ ਹਰੀ ਸਨ।

ਜਸਵੰਤ ਸਿੰਘ ਸਤਿਗੁਰੂ ਜੀ ਦੀ ਯਾਦ ਵਿਚ ਗੁਆਚਾ ਢੇਰ ਚਿਰ ਆਲੇ ਦੁਆਲੇ ਨੂੰ ਅਰਸ਼ੀ ਹੁਲਾਰੇ ਦੁਆਂਦਾ ਰਿਹਾ। ਦੁਆਵੇ ਵੀ ਕਿਉਂ ਨਾ? ਜਦ ਇਲਾਹੀ ਦਾ ਫੁਰਮਾਨ ਹੈ:-

**ਫੂਟੋ ਆਂਡਾ ਭਰਮ ਕਾ,**
**ਮਨਹਿ ਭਇਆ ਪ੍ਰਗਾਸੁ।**
**ਕਾਟੀ ਬੇੜੀ ਪਗਹ ਤੇ,**
**ਗੁਰਿ ਕੀਨੀ ਬੰਦਿ ਖਲਾਸੁ।**

ਸਤਿਗੁਰੂ ਦੀ ਮਿਹਰ ਦ੍ਰਿਸ਼ਟੀ ਦੀ ਨਿਸ਼ਾਨੀ ਇਹ ਹੈ, ਕਿ ਜੀਵਨ ਵਿਚ ਅਜਬ ਪਲਟਾ ਆਉਂਦਾ ਹੈ। ਬੰਧਨ ਕੱਟੇ ਜਾਂਦੇ ਹਨ। ਚੌਪਾਸੀਂ ਨੂਰੋਂ ਨੂਰ ਪਸਰ ਜਾਂਦਾ ਹੈ। ਜਸਵੰਤ ਸਿੰਘ ਜਦ ਕਦੀ ਪੁਰਾਣੀ ਵਾਰਤਾ ਸੁਣਾਉਂਦਾ ਹੈ, ਤਾਂ ਦੱਸਦਿਆਂ ਦੱਸਦਿਆਂ ਉਹ ਉਸ ਦੇ ਲੂੰ ਕੰਡੇ ਹੋ ਜਾਂਦੇ ਹਨ। ਸਾਰਾ ਸਰੀਰ ਕੰਬਣ ਲੱਗ ਪੈਂਦਾ ਹੈ। ਡਰਿਆ ਡਰਿਆ ਲੱਗਦਾ ਹੈ। ਅੱਖਾਂ ਅੱਗੇ ਸਰੋਂ ਫੁੱਲ ਜਾਂਦੀ ਹੈ। ਕਈ ਵਾਰੀ ਤਾਂ ਇਉਂ ਬੁਲਾਰਾ ਕਰਨ ਲੱਗ ਜਾਂਦਾ ਹੈ, ਜਿਵੇਂ ਚਾਰ ਚੁਫੇਰੇ ਬੱਦਲਾਂ ਨਾਲ ਘਿਰਿਆ ਹੁੰਦਾ ਹੈ ਤੇ ਉਹਨਾਂ ਨੂੰ ਉਡਾਰੀ ਮਾਰ ਚੀਰ ਅਕਾਸ਼ਾਂ ਵੱਲ ਚੜ੍ਹਨਾ ਲੋਚਦਾ ਹੈ ਅਤੇ ਉਸ ਸਮੇਂ ਹੱਥ ਜੋੜ ਅਰਦਾਸਾ ਸੋਧਨ ਲੱਗ ਪੈਂਦਾ ਹੈ ਤੇ ਬੇਨਤੀ ਕਰਦਾ ਹੈ, ਹੇ ਤਾਊਸਾਂ ਵਾਲੇ, ਜਿਵੇਂ ਤੂੰ ਮੇਰੇ ਤੇ ਤੁਠਾ ਹੈਂ, ਕੁਲ ਆਲਮ ਤੇ ਮਿਹਰ ਬਰਖਾ ਕਰ, ਤੇਰਾ ਕੋਟਾਨ ਕੋਟ ਧੰਨਵਾਦ, ਜਿਸ ਮਨੁੱਖਾ ਜਨਮ ਦਾ ਲਾਹ ਲੈਣਾ ਦਰਸਾਇਆ। ਜਸਵੰਤ ਸਿੰਘ ਅੱਜ ਦਾਨਿਆਂ ਦਾ ਦਾਨਾ ਤੇ ਮਸਤਾਨਿਆਂ ਦਾ ਮਸਤਾਨਾ ਹੈ, ਪਰ ਜਦ ਜਵਾਨੀ ਦੇ ਟਾਹਣੇ ਲਗਰਾਂ ਛੱਡ ਰਹੇ ਸਨ ਤਾਂ ਇਹ ਕਬਿਆ ਤੋਂ ਕੱਬਾ ਤੇ ਅੜ੍ਹਬਾਂ ਵਿਚੋਂ ਅੜ੍ਹਬ ਸੀ। ਇਹ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਾ ਸੀ। ਵਧੀਆ ਖਿਡਾਰੀ, ਛਾਤੀ ਚੌੜੀ, ਜੁਸਾ ਕਮਾਇਆ ਹੋਇਆ ਤੇ ਭਾਰ 225 ਪੌਂਡ ਸੀ, ਕੁਸ਼ਤੀ ਦਾ ਚੈਂਪੀਅਨ ਸੀ। ਪੜ੍ਹਨ ਵਿਚ ਵੀ ਲਾਇਕ ਸੀ। ਹਰ ਵੇਰ ਇਮਤਿਹਾਨਾਂ ਵਿੱਚੋਂ ਪਹਿਲੇ ਜਾਂ ਦੂਜੇ ਨੰਬਰਾਂ ਤੇ ਆਉਂਦਾ ਸੀ। ਪਰ ਕਾਲਜ ਦੀ ਵਿੱਦਿਆ ਨੇ ਬੰਦਾ ਨਾ ਬਣਾਇਆ, ਇਸੇ ਵਾਸਤੇ ਗੁਰਬਾਣੀ ਠੀਕ ਕਹਿੰਦੀ ਹੈ:-

Sri Satguru Jagjit Singh Ji eLibrary NamdhariElibrary@gmail.com

## ਪੜਿਆ ਮੂਰਖ ਆਖੀਐ
## ਜਿਸ ਲਬ ਲਭੋ ਅਹੰਕਾ

ਹੈਫ! ਸਦ ਹੈਫ!! ਉਸ ਪੜ੍ਹਾਈ ਤੇ ਜਿਹੜੀ ਫੋਕੀ ਸ਼ੁਕਾਸ਼ਾਕੀ ਤੇ ਜ਼ੋਰ ਦੇਂਦੀ ਹੈ, ਜਿਹੜੀ ਲਿਸ਼ਕ ਪੁਸ਼ਕ ਵਧਾਉਂਦੀ ਏ, ਜਿਹੜੀ ਹੰਗਤਾ ਦੇ ਗੁਬਾਰਿਆਂ ਨੂੰ ਚੰਗਾ ਫਲਾਉਂਦੀ ਏ, ਅੰਦਰਲੇ ਨੂੰ ਚਮਕਾਉਣ ਦੀ ਬਜਾਏ ਅੰਦਰਲੇ ਨੂੰ ਧੁਆਂਖਦੀ ਏ, ਅਸਲ ਵਿੱਦਿਆ ਉਹ ਹੈ ਜਿਹੜੀ ਸਤਿ ਅਸਤਿ ਦਾ ਕਿਰਨਾ ਕਰਦੀ ਹੈ, ਜਿਹੜੀ ਦੁੱਧ ਤੋਂ ਪਾਣੀ ਨੂੰ ਅਡ ਅਡ ਕਰਦੀ ਏ, ਜਿਹੜੀ ਲੋਹੇ ਨੂੰ ਪਾਰਸ ਬਣਾਉਂਦੀ ਏ, ਜਿਹੜੀ ਪਸ਼ੂ ਨੂੰ ਮਨੁੱਖ ਵਿਚ ਬਦਲਦੀ ਏ, ਜਿਹੜੀ ਦੇਵਪੁਰੀ ਦਾ ਰਾਹ ਵਿਖਾਉਂਦੀ ਏ, ਜਿਹੜੀ ਸੂਰ ਤੇ ਗਾਂ ਦਾ ਅੰਤਰ ਦੱਸਦੀ ਏ, ਜਿਹੜੀ ਹਲਾਲ ਤੇ ਹਰਾਮ ਦਾ ਫ਼ਰਕ ਦੱਸਦੀ ਏ। ਪਰ ਇਸ ਯੁੱਗ ਦਾ ਵਿੱਦਿਆ ਨੇ ਜਸਵੰਤ ਸਿੰਘ ਦੇ ਦੁਆਲੇ ਹੰਕਾਰ ਦਾ ਕੋਟ ਖੜਾ ਕਰ ਦਿੱਤਾ। ਉਸਦੀਆਂ ਕੰਧਾਂ ਤੇ ਅਭਿਮਾਨ ਦੇ ਪਲਸਤਰ ਦੀਆਂ ਮੋਟੀਆਂ ਮੋਟੀਆਂ ਤੈਹਾਂ ਚਾੜ੍ਹ ਦਿੱਤੀਆਂ। ਅੱਖਾਂ ਤੇ ਇੰਨੀ ਚਰਬੀ ਚੜ੍ਹ ਗਈ ਕਿ ਹਮ ਚੂੰ ਮਾਂ ਦੇ ਗਰੇ ਨੇਸਤ ਦੀ ਮੁਹਾਰਨੀ ਰਟੀ ਜਾਂਦਾ।

ਕਾਲਜ ਵਿਚ ਛੁੱਟੀਆਂ ਹੋਈਆਂ ਜਸਵੰਤ ਸਿੰਘ ਕੋਟਲੇ ਰਾਮਗੜ੍ਹੀਆਂ ਦੇ ਆਪਣੇ ਪਿੰਡ ਗਿਆ। ਫਲੇ ਵੱਗ ਰਹੇ ਸਨ। ਇਹ ਵੀ ਪੈਲੀ ਬੰਨੇ ਗਿਆ। ਇਸਦਾ ਚਾਚਾ ਫਲਾ ਵਾਹ ਰਿਹਾ ਸੀ। ਉਸ ਇਸ ਨਾਲ ਹਾਸਾ ਠੱਠਾ ਕੀਤਾ ਪਰ ਹਾਸੇ ਦਾ ਮੜਾਸਾ ਬਣ ਗਿਆ। ਚਾਚੇ ਹਾਸੇ ਨਾਲ ਗਾਲ੍ਹ ਕੱਢੀ। ਇਸ ਨੇ ਇਕ ਵੇਰ ਰੋਕਿਆ ਚੇਚੇ ਨੇ ਪਹਿਲਾ ਵਤੀਰਾ ਕਾਇਮ ਰੱਖਿਆ। ਜਸਵੰਤ ਸਿੰਘ ਦਾ ਪਾਰਾ ...150 ਸੈਂਟੀ ਗਰੇਡ ਤੇ ਚੜ੍ਹ ਗਿਆ। ਪਤਾ ਨਹੀਂ ਲੱਗਾ ਕਿ ਗਾਹ ਇਕੱਠਾ ਕਰਦੀ ਕਰਦੀ ਤੰਗਲੀ ਕਿਹੜੇ ਵੇਲੇ ਚਾਚੇ ਦੇ ਸਿਰ ਤੇ ਜਾ ਪਈ, ਤੇ ਚਾਚਾ ਧਰਮ ਰਾਜ ਦੀ ਅਦਾਲਤੇ ਪਰਚਾ ਦੇਣ ਚਲਾ ਗਿਆ। ਤੁਸੀਂ ਕਦੀ ਉਸਦੀ ਪਿੱਠ ਤੋਂ ਕੁਰਤਾ ਚੱਕ ਕੇ ਵੇਖੋ ਛੇ ਕੁਹਾੜੀਆਂ ਦ ਨਿਸ਼ਾਨ ਅਜੇ ਵੀ ਵਿਖਾਈ ਦੇਣਗੇ। ਇਹ ਸਭ ਹੈਂਕੜ ਬਾਜੀ ਦੇ ਕਰਿਸ਼ਮੇ ਹਨ।

ਬੀ.ਏ. ਪਾਸ ਕਰ ਇਹ ਨੈਰੋਬੀ ਚਲਾ ਗਿਆ। ਉੱਥੇ ਜਾ ਕੇ ਹਾਈਡਲੋ ਅਲੈਕਟੀਕਲ ਤੇ ਮੈਕੇਨੀਕਲ ਐਨਜੀਨਅਰ ਪਾਸ ਕੀਤਾ ਅਤੇ ਡੇਵਿਸ ਸ਼ਰਟਲ ਕੰਪਨੀ ਵਿਚ ਨੌਕਰੀ ਕਰ ਲਈ। ਬਾਰਾਂ ਸੌ ਮਹੀਨਾ ਲੱਗ ਗਿਆ। ਇਹ ਉਨ੍ਹਾਂ ਦਿਨਾਂ ਦੀ ਗੱਲ ਏ ਜਦੋਂ 1200 ਮਹੀਨਾ ਲੈਣ ਵਾਲਾ ਆਪਣੇ ਆਪ ਨੂੰ ਮਹਾਰਾਜਾ ਪਟਿਆਲਾ ਸਮਝਦਾ ਸੀ। ਪੱਛਮੀ ਸਭਿਅਤਾ ਲੱਗੀ ਰੰਗ ਵਿਖਾਉਣ। ਇਹ ਜਗ ਮਿੱਠਾ ਅਗਲਾ ਕਿਸ ਡਿੱਠਾ, ਖਾਓ, ਪੀਓ ਮੌਜ ਉਡਾਓ ਦਾ ਗੂੜ੍ਹਾ ਰੰਗ ਚੜ੍ਹ ਗਿਆ। ਜਸਵੰਤ ਸਿੰਘ ਦਫ਼ਤਰੋਂ ਆਉਂਦਾ ਤੇ ਅਗਲੇ ਭਲਕ ਦਾ ਪ੍ਰੋਗਰਾਮ ਬਣਾ ਕਮਰੇ ਵਿਚ ਬਹਿ ਲਾਲ ਪਰੀ ਨੂੰ ਬੁਲਾਵਾ ਭੇਜਦਾ, ਉਹ ਵਿਚਾਰੀ ਹਥ ਜੋੜ ਹਾਜ਼ਰ ਹੁੰਦੀ। ਨਾਲ ਹੀ ਕਬਾਬ ਦੀਆਂ ਪਲੇਟਾਂ ਮੇਜ਼ ਤੇ ਟਿਕ ਜਾਂਦੀਆਂ। ਛੁਰੀ ਕਾਂਟੇ ਸਭ ਹਾਜ਼ਰ। ਖਾਈ ਜਾ, ਪੀਵੀ ਜਾ, ਜਸਵੰਤ

Sri Satguru Jagjit Singh Ji eLibrary NamdhariElibrary@gmail.com

ਸਿੰਘ ਨੂੰ ਉਸ ਵੇਲੇ ਫੁਰਸਤ ਹੁੰਦੀ ਜਦ ਸਭ ਪਲੇਟਾਂ ਖ਼ਾਲੀ ਹੋ ਜਾਂਦੀਆਂ ਅਤੇ ਬੋਤਲਾਂ ਦਾ ਥਲਾ ਨੰਗਾ ਹੋ ਜਾਂਦਾ, ਖਾਣ-ਪੀਣ ਦਾ ਚਸਕਾ ਇਤਨਾ ਵੱਧ ਗਿਆ ਕਿ ਮੁਰਗੇ ਤੋਂ ਬਿਨਾਂ ਗੁਜ਼ਾਰਾ ਨਹੀਂ ਸੀ। ਕੁਕੜਾਂ ਦੇ ਡਾਲੇ ਭਰੇ ਰਹਿੰਦੇ, ਸ਼ਰਾਬ ਦੀ ਪੇਟੀ ਮੰਜੇ ਹੇਠਾਂ ਪਈ ਰਹਿੰਦੀ। ਪੂਰਾ ਮਹੀਨੇ ਦਾ ਰਾਸ਼ਨ। ਜੇ ਕੋਈ ਯਾਰ ਦੋਸਤ ਆ ਜਾਵੇ ਪੇਟੀ ਨੂੰ ਨਹੀਂ ਛੇੜਨਾ ਠੇਕੇ ਤੋਂ ਮੰਗਵਾਕੇ ਪਲਾਉਣੀ।

ਪਰ ਖਾਲਸਾ ਕਾਲਜ ਦਾ ਇਤਨਾ ਅਸਰ ਜ਼ਰੂਰ ਸੀ ਕਿ ਜਸਵੰਤ ਸਿੰਘ ਇਸ਼ਨਾਨ ਵੀ ਕਰਦਾ ਤੇ ਬਾਣੀ ਵੀ ਪੜ੍ਹਦਾ। ਜੇ ਕਿਤੇ ਦੇਹਧਾਰੀ ਗੁਰੂ ਬਾਰੇ ਚਰਚਾ ਚਲਦੀ ਤਾਂ ਘੰਟਿਆਂ ਬੱਧੀ ਉਸਦੇ ਖ਼ਿਲਾਫ਼ ਸਿਰ ਡਾਹੀ ਜਾਂਦਾ ਤੇ ਮੁੱਛ ਨੀਵੀਂ ਨ ਹੋਣ ਦੇਂਦਾ। ਹੈਰਾਨੀ ਤਾਂ ਤਾਂਹੀਏ ਹੈ। ਇਕ ਪਾਸੇ ਬਾਰਾਂ ਵੇਰ ਪਾਠ ਹੁੰਦਾ:-

**ਅਸੰਖ ਮੂਰਖ ਅੰਧ ਘੋਰ॥**
**ਅਸੰਖ ਚੋਰ ਹਰਾਮ ਖੋਰ॥**
**ਅਸੰਖ ਗਲ ਵਢ ਹਤਿਆ ਕਮਾਹਿ॥**
**ਅਸੰਖ ਪਾਪੀ ਪਾਪ ਕਰਿ ਜਾਹਿ॥**

ਮਗਰ ਮੁਰਗਾ ਖਾਧੇ ਬਿਨਾਂ ਨੀਂਦ ਵੀ ਨ ਪੈਂਦੀ

**ਸੰਤਨ ਕੈ ਦੂਖਨਿ ਆਰਜਾ ਘਟੈ॥**
**ਸੰਤ ਕੈ ਦੂਖਨਿ ਜਮ ਤੇ ਨਹੀਂ ਛੁਟੈ॥**
**ਸੰਤ ਕੈ ਦੂਖਨਿ ਸੁਖੁ ਸਭ ਜਾਇ॥**
**ਸੰਤ ਕੈ ਦੂਖਨਿ ਨਰਕ ਮਹਿ ਪਾਇ॥**
**ਸੰਤ ਕੈ ਦੂਖਨਿ ਮਤਿ ਹੋਇ ਮਲੀਨ॥**
**ਸੰਤ ਕੈ ਦੂਖਨਿ ਸੋਭਾ ਤੇ ਹੀਨ॥**
**ਸੰਤ ਕੈ ਹਤੇ ਕਉ ਰਖੈ ਨ ਕੋਇ॥**
**ਸੰਤ ਕੈ ਦੂਖਨਿ ਥਾਨ ਭ੍ਰਿਸਟ ਹੋਇ॥**

ਇਸਦਾ ਰਟਨ ਵੀ ਨਿਤਾ ਪ੍ਰਤੀ ਹੁੰਦਾ, ਮਗਰ ਜਸਵੰਤ ਸਿੰਘ ਨੂੰ ਸੰਤ ਦਿਸ ਪੈਣ ਤਾਂ ਵਿਹਲੜ, ਨਿਖੱਟੂ, ਕੰਮ ਚੋਰ, ਦੇਸ਼ ਤੇ ਭਾਰੂ ਸਮਾਜ ਦਾ ਇਕ ਮੁਰਦਾ ਭਾਗ ਜਾਪਦੇ।

ਜਦ ਜਸਵੰਤ ਸਿੰਘ ਜਵਾਨ ਹੋਇਆ ਤਾਂ ਇਸਦਾ ਵਿਆਹ ਬੀਬੀ ਨਰਿੰਦਰ ਕੌਰ ਪੁਤਰੀ ਸ੍ਰ: ਸੂਰਤ ਸਿੰਘ ਨਾਲ ਹੋ ਗਿਆ। ਨਰਿੰਦਰ ਸੀਨੀਅਰ ਕੈਂਬਰਜ ਤੇ ਸੰਗੀਤ ਦੀ ਬੀ.ਏ. ਪਾਸ ਸੀ। ਕੁਦਰਤ ਨੇ ਨਰਿੰਦਰ ਨੂੰ ਜਿੱਥੇ ਤਨ ਤੇ ਮਨ ਦੀ ਸੁੰਦਰਤਾ ਨਾਲ ਮਾਲਾਮਾਲ ਕਰ ਰਖਿਆ ਸੀ, ਉਸਦੇ ਨਾਲ ਹੀ ਸੁਘੜਤਾ ਦਿਲ ਦੀ ਸਚਾਈ, ਤੇ ਗੁਰਸਿੱਖੀ ਦੇ ਪਿਆਰ ਨਾਲ ਨਿਹਾਲ ਕਰ ਰਖਿਆ ਸੀ। ਉਹ ਠੀਕ ਇਸਤਰੀ ਸੀ, ਜੋ ਇਸਤਰੀ ਇਸਤਰੀ ਹੋਵੇ ਤਾਂ ਘਰ ਨੂੰ ਸਵਾਰ ਸਕਦੀ ਹੈ, ਕੌਮ ਨੂੰ ਬਣਾ ਸਕਦੀ ਹੈ, ਦੇਸ਼ ਨੂੰ ਉੱਚਾ ਕਰ ਸਕਦੀ

Sri Satguru Jagjit Singh Ji eLibrary NamdhariElibrary@gmail.com

ਹੈ। ਕਾਸ਼! ਭਾਰਤੀ ਇਸਤਰੀ ਆਪਣੇ ਵਿਰਸੇ ਨੂੰ ਸੰਭਾਲਦੀ ਆਪਣੇ ਫ਼ਰਜ਼ ਨੂੰ ਪਛਾਣਦੀ, ਮਗਰ ਅੱਜ ਦੀ ਨਾਰੀ ਨਿਰੀ ਨਾਰ ਹੈ, ਪੱਛਮ ਦੀ ਦਿਲਦਾਰ ਹੈ, ਭੋਗ ਵਿਲਾਸ ਦੀ ਖਾਣ ਹੈ, ਨਰਕ ਦੀ ਪੜਾ ਹੈ। ਮਗਰ ਨਰਿੰਦਰ ਅੰਮ੍ਰਿਤ ਵੇਲੇ ਜਾਗਦੀ, ਇਸ਼ਨਾਨ ਕਰਦੀ, ਸਿਮਰਨ ਵਿਚ ਜੁੱਟਦੀ, ਬਾਣੀ ਪੜ੍ਹਦੀ ਤੇ ਘਰ ਦੇ ਕੰਮ ਕਾਜਾਂ ਵਿਚ ਜੁੱਟ ਪੈਂਦੀ, ਵੱਡਿਆਂ ਛੋਟਿਆਂ ਦੀ ਸੇਵਾ ਕਰ ਪ੍ਰਸੰਨ ਹੁੰਦੀ, ਜਦ ਸਮਾਂ ਮਿਲਦਾ ਤਾਂ ਦੋ ਘੜੀਆਂ ਸਤਿਸੰਗ ਵਿਚ ਚਲੀ ਜਾਂਦੀ।

ਜਦ ਇਸ ਨੇ ਪਤੀ ਦੇਵ ਦੀ ਇਹ ਹਾਲਤ ਵੇਖੀ ਤਾਂ ਕੌੜੇ ਘੁੱਟ ਵਾਂਗੂੰ ਪੀ ਗਈ। ਮੱਥੇ ਵੱਟ ਨਾ ਪੈਣ ਦਿੱਤਾ। ਆਪਣੇ ਕਰਤਵ ਦਾ ਪਾਲਣ ਕਰਦੀ ਗਈ। ਜਦ ਕਦੀ ਪਤੀ ਦੇਵ ਦੇ ਕਮਰੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵੇਖਦੀ ਤਾਂ ਡੁੱਲ੍ਹ ਪੈਂਦੀ। ਇਸ ਦੀਆਂ ਭੁੱਬਾਂ ਨਿਕਲ ਜਾਂਦੀਆਂ, ਗਲੇਡੂ ਛਲਕ ਪੈਂਦੇ ਤੇ ਅੰਦਰੋਂ ਅਰਦਾਸਾ ਕਰਦੀ ਹੇ ਗੁਰੂ ਨਾਨਕ! ਹੇ ਸਮੇਂ ਦਾ ਮਾਲਕ, ਹੇ ਜ਼ਾਹਰਾ ਜ਼ਹੂਰ ਗੁਰੂ ਨਾਨਕ ਮੇਰੇ ਪਤੀ ਦੇਵ ਤੇ ਕ੍ਰਿਪਾ ਕਰ ਇਨ੍ਹਾਂ ਤੇ ਤੁਠ। ਇਨ੍ਹਾਂ ਨੂੰ ਚਿੱਕੜ ਦੇ ਟੋਏ ਵਿੱਚੋਂ ਕੱਢ ਤੇ ਆਪਣੇ ਚਰਨਾਂ ਦੀ ਪ੍ਰੀਤੀ ਬਖਸ਼। ਇਸਨੂੰ ਸਮੱਤੇ ਲਾ। ਇਨ੍ਹਾਂ ਦਾ ਦੁਰਲਭ ਜਨਮ ਬਿਰਥਾ ਨਾ ਜਾਵੇ।

ਕੁਝ ਸਮਾਂ ਬੀਤਿਆ ਤਾਂ ਸੰਤ ਮਨੀ ਸਿੰਘ ਜੀ ਨੈਰੋਬੀ ਗਏ। ਸੰਤ ਸਦਾ ਪਰਉਪਕਾਰੀ, ਸੰਤ ਸਦਾ ਭਲਾ ਲੋਚਕ, ਸੰਤ ਨਿਰਾ ਨੂਰ, ਸੰਤ ਰੱਬ ਦੀ ਜੋਤੀ ਦੇ ਸੋਮੇ ਆਪ ਦੁੱਖ ਝਾਗਣ ਤੇ ਦੁੱਖੀਆਂ ਨੂੰ ਸੁੱਖ ਦੇਣ। ਇਕ ਕਵੀ ਸੰਤ ਬਾਰੇ ਕਹਿੰਦਾ ਹੈ:-

**ਜਦੋਂ ਜਾਗਦੇ ਭਾਗ ਸੰਸਾਰੀਆਂ ਦੇ**
**ਸੈਲ ਕਰਨ ਨੂੰ ਤੋਰਦਾ ਰਾਮ ਸਾਧੂ**
**ਕਿਤੇ ਰਾਤ ਗੁਜਾਰ ਸੁਧਾਰ ਚਲੇ**
**ਕਿਤੇ ਘੜੀ ਘੰਟਾ ਕਿਤੇ ਜਾਨ ਸਾਧੂ**
**ਜਿਥੇ ਜਾ ਕੇ ਸ਼ਾਂਤੀ ਦੀ ਕਰਨ ਵਰਖਾ**
**ਮੇਟਣ ਤਪਤ ਤੇ ਦੇਣ ਅਰਾਮ ਸਾਧੂ**

ਸੰਤਾਂ ਨੇ ਕਈ ਭਟਕੀਆਂ ਰੂਹਾਂ ਨੂੰ ਮਾਰਗ ਪਾਇਆ ਕੁਸੰਗ ਵਿੱਚੋਂ ਕੱਢ ਸੰਗਤ ਮਿਲਾਇਆ। ਕਈਆਂ ਦਾ ਕੋੜ੍ਹ ਦੂਰ ਕੀਤਾ ਤੇ ਕਈਆਂ ਦਾ ਮੋਤੀਆਂ ਬਿੰਧ ਤੇ ਕਈਆਂ ਦਾ ਤੇਈਆ ਲਾਹਿਆ। ਨਰਿੰਦਰ ਵੀ ਸਤਿਸੰਗ ਜਾਂਦੀ ਅੰਮ੍ਰਿਤ ਬਚਨ ਸੁਣਦੀ ਤੇ ਪਤੀ ਦੇਵ ਵਾਸਤੇ ਬੇਨਤੀ ਕਰਦੀ।

ਇਕ ਵੇਰ ਡੂੰਘੀ ਰਾਤ ਗਿਆਂ ਨਰਿੰਦਰ ਸਤਿਸੰਗ ਤੋਂ ਮੁੜੀ। ਨਾਲ ਹੀ ਸੰਤ ਮਨੀ ਸਿੰਘ ਨੂੰ ਲੈ ਆਈ। ਨਰਿੰਦਰ ਨੇ ਬੂਹਾ ਖਟਖਟਾਇਆ। ਉਧਰ ਜਸਵੰਤ ਸਿੰਘ ਵੀ ਬਿਸਤਰੇ ਤੇ ਲੇਟਣ ਲੱਗਾ ਸੀ।

'ਕੌਣ?'

'ਦਰਵਾਜ਼ਾ ਖੋਲ੍ਹੋ'

Sri Satguru Jagjit Singh Ji eLibrary NamdhariElibrary@gmail.com

'ਇਹ ਵੇਲਾ?'

'ਸੰਤ ਜੀ ਆਏ ਨੇ'

'ਸੰਤ ਕਿ ਚੋਰ' ਇਹ ਵੇਲਾ ਸਾਧਾਂ ਫ਼ਕੀਰਾਂ ਦਾ ਨਹੀਂ' ਚੋਰਾਂ ਧਾੜਵੀਆਂ ਦਾ ਹੈ' ਦਰਵਾਜ਼ਾ ਖੁੱਲ੍ਹ ਗਿਆ। ਸੰਤ ਅੰਦਰ ਆ ਗਏ। ਬੈਠਦਿਆਂ ਹੀ ਮਿੱਠਾ ਜੇਹਾ ਕਿਹਾ 'ਸਰਦਾਰ! ਤੂੰ ਠੀਕ ਕਿਹਾ ਹੈ। ਅਸੀਂ ਧਾੜਵੀ ਹਾਂ, ਚੋਰ ਹਾਂ, ਤੇ ਹੋਰਾਂ ਨੂੰ ਵੀ ਚੋਰੀ ਕਰਨ ਦਾ ਵਲ ਦੱਸਦੇ ਹਾਂ ਜਤਨ ਕਰਾਂਗੇ, ਕਿ ਕਿਵੇਂ ਇਸ ਆਸਾਰ ਸੰਸਾਰ ਵਿੱਚੋਂ ਚੋਰੀ ਚੋਰੀ ਅਕਾਲ ਪੁਰਖ ਦੇ ਦੇਸ ਦਾਖ਼ਲ ਹੋ ਜਾਈਦਾ।' ਗਲੀਂ ਬਾਤੀਂ ਸਾਰੇ ਬਰਾਜ ਗਏ।

ਸਵੇਰ ਸਾਰ ਜਸਵੰਤ ਸਿੰਘ ਉਠਿਆ, ਦੰਦਾਂ ਤੇ ਬੁਰਸ਼ ਮਾਰ ਇਸ਼ਨਾਨ ਕੀਤਾ। ਜਪੁਜੀ ਸਾਹਿਬ ਦੇ ਬਾਰ੍ਹਾਂ ਪਾਠ ਕੀਤੇ ਤੇ ਸੁਖਮਨੀ ਸਾਹਿਬ ਵੀ ਪੜ੍ਹੀ। ਸੰਤ ਮੌਕਿਆ ਤਾੜ ਕੇ ਕਿਹਾ 'ਸਰਦਾਰ ਜੀ! ਤੂੰ ਸਾਡੀ ਇਕ ਗੱਲ ਮੰਨ, ਸਾਰੀ ਸੁਖਮਨੀ ਦੀ ਬਜਾਏ ਇਕ ਅਸ਼ਟਪਦੀ ਤੇ ਯਾਰ੍ਹਾਂ ਜਪੁਜੀ ਸਾਹਿਬ ਦੇ ਪਾਠਾਂ ਦੀ ਬਜਾਏ ਇਕ ਪਾਠ ਕਰਿਆ ਕਰ, ਪਰ ਕਰਿਆ ਕਰ ਸਮਝਕੇ' ਸੰਤ ਇਹ ਕਹਿ ਉਠ ਬੈਠੇ। ਕੀ ਹਲ ਵਾਹ ਦਿੱਤਾ ਏ ਖੇਤੀ ਵਿਚ ਮਾਲਕ ਆਪ ਬੀ ਪਾਇਗਾ।'

ਸੰਤ ਚਲੇ ਗਏ। ਜਸਵੰਤ ਸਿੰਘ ਦੇ ਅੰਦਰ ਕਈ ਉਬਾਲ ਉਠੇ ਅੰਤ ਇੱਥੇ ਆਕੇ ਮਨ ਟਿਕ ਗਿਆ ਕਿ ਏਸ ਵਿਚ ਕੀ ਹਰਜ਼ ਹੈ, ਜਿੱਥੇ ਯਾਰਾਂ ਪਾਠ ਕਰਨੇ ਹਨ, ਇਕ ਕਰਾਂਗਾ ਤੇ ਜਿੱਥੇ ਸਾਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੈ, ਉੱਥੇ ਇਕ ਅਸ਼ਟਪਦੀ ਦਾ ਪਾਠ ਕਰਾਂਗਾ। ਇਸ ਵਿਚ ਕੀ ਹਰਜ਼ ਹੈ। ਜ਼ਰਾ ਸਮਝਕੇ ਕਰ ਲਵਾਂਗਾ।

ਅਗਲੇ ਦਿਨ ਇਸ਼ਨਾਨ ਕਰ ਪਾਠ ਅਰੰਭਿਆ ਤਾਂ ਇਨ੍ਹਾਂ ਤੁਕਾਂ ਰੋਕ ਲਿਆ:-

**ਤੀਰਥਿ ਨਾਵਾ ਜੇ ਤਿਸੁ ਭਾਵਾ**
**ਵਿਣੁ ਭਾਣੇ ਕਿ ਨਾਇ ਕਰੀ।**
**ਜੇਤੀ ਸਿਰਠਿ ਉਪਾਈ ਵੇਖਾ**
**ਵਿਣੁ ਕਰਮਾ ਕਿ ਮਿਲੈ ਲਈ।**
**ਮਤਿ ਵਿਚ ਰਤਨ ਜਵਾਹਰ ਮਾਣਕ**
**ਜੇ ਇਕ ਗੁਰ ਕੀ ਸਿਖ ਸੁਣੀ।**

ਜਸਵੰਤ ਸਿੰਘ ਨੇ 'ਜੇ ਇਕ ਗੁਰ ਕੀ ਸਿਖ ਸੁਣੀ' ਨੂੰ ਬਾਰ ਬਾਰ ਪੜ੍ਹਿਆ ਫੇਰ ਅੱਗੇ ਜਾ ਕੇ ਰੱਕ ਗਿਆ:-

**ਭਰੀਐ ਹਥੁ ਪੈਰੁ ਤਨੁ ਦੇਹ॥**
**ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥**
**ਦੇ ਸਾਬੂਣੁ ਲਈਐ ਓਹੁ ਧੋਇ॥**

Sri Satguru Jagjit Singh Ji eLibrary NamdhariElibrary@gmail.com

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਇਸ ਤਰ੍ਹਾਂ ਸੁਖਮਨੀ ਸਾਹਿਬ ਦੀਆਂ ਤੁਕਾਂ ਜਸਵੰਤ ਸਿੰਘ ਨੂੰ ਬੰਨ ਲਿਆ:-

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖੁ ਵਡਭਾਗੀ ਹੇ॥
ਸਤਿਗੁਰ ਸਿਖ ਕਾ ਹਲ ਪਲਤੁ ਸਵਾਰੈ॥
ਨਾਨਕ ਸਤਿਗੁਰ ਸਿਖ ਕਉ ਜੀਅ ਨਾਲ ਸਮਾਲੈ॥

ਹੁਣ ਪਾਠ ਵਿਚ ਸਵਾਦ ਤਾਂ ਵੱਧ ਗਿਆ। ਮਗਰ ਸੁਭਾਉ ਵਿੱਚੋਂ ਤੁਰਸ਼ੀ ਨ ਘਟੀ। ਅਜੇ ਵੀ ਸਾਧੂ, ਸੰਤ, ਗੁਰੂ, ਪੀਰ, ਫ਼ਕੀਰ ਯਰਕਾਨ ਦੇ ਰੋਗੀ ਵਾਂਗੂੰ ਪੀਲੇ ਪੀਲੇ ਵਿਖਾਈ ਦੇਣ।

**ਭਾਗਾਂ ਭਰਿਆ ਸੰਮਤ 2010 ਚੜ੍ਹਿਆ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਚੜ੍ਹਿਆ ਸੋਧਣ ਧਰਤਿ ਲੋਕਾਈ।**

ਆਪ ਜੀ ਮਬਾਸੇ ਦਰਸ਼ਨ ਦਿੱਤੇ। ਲੱਗੀਆਂ ਸ਼ਬਦਾਂ ਦੀਆਂ ਘਨਘੋਰਾਂ ਉਠਣ। ਤਾਊਸ਼ ਦੀਆਂ ਟੁਨਕਾਰ ਆਕਾਸ਼ ਨੂੰ ਵਜਦ ਵਿਚ ਲੈ ਆਂਦਾ। ਸੁੱਕੇ ਤੇ ਰੁੰਡ ਮੁੰਡ ਲੱਗੇ ਹਰੇ ਹੋਣ! ਕਲੀਆਂ ਲੱਗੀਆਂ ਪਟਾਕਣ। ਲੱਗੀ ਮਿਹਰ ਵਰਸ਼ਾ ਹੋਣ, ਅਨੇਕ ਪਾਮਰਾਂ ਮਾਸ ਸ਼ਰਾਬ ਦਾ ਤਿਆਗ ਕੀਤਾ। ਨੈਰੋਬੀ ਤੋਂ ਕਈ ਆਸ਼ਿਕ ਦੀਦਾਰਿਆਂ ਖ਼ਾਤਰ ਨਦੀਆਂ ਤੇ ਪਰਬਤ ਚੀਰ ਜਾ ਚਰਨ ਪਰਸੇ। ਤਨੋ ਮਨੋ ਨਿਹਾਲ ਹੋਏ ਸਤਿਗੁਰੂ ਜੀ ਨੈਰੋਬੀ ਨੂੰ ਵੀ ਭਾਗ ਲਾਏ। ਕਈਆਂ ਲੰਗ ਕੀਤੇ, ਕਈਆਂ ਘਰ ਚਰਨ ਪਵਾਏ, ਮਗਰ ਜਸਵੰਤ ਸਿੰਘ ਤੇ ਕਿਸੇ ਐਸੇ ਜਾਨਵਰ ਦਾ ਸਾਇਆ ਸੀ, ਜਿਸਨੂੰ ਦਿਨੇ ਵੀ ਸੂਰਜ ਚੜ੍ਹਿਆ ਨਜ਼ਰੀਂ ਨਹੀਂ ਆਉਂਦਾ ਸੀ।

ਇਕ ਦਿਨ ਨਰਿੰਦਰ ਨੇ ਝਕਦਿਆਂ ਝਕਦਿਆਂ ਪਤੀ ਦੇਵ ਨੂੰ ਪੁੱਛਿਆ 'ਅਸੀਂ ਵੀ ਸਤਿਗੁਰਾਂ ਦੇ ਚਰਨ ਪਵਾ ਲਈਏ।'

'ਭਲੀਏ ਲੋਕਣੇ! ਮੇਰਾ ਸਤਿਗੁਰੂ ਤਾਂ ਗੁਰੂ ਨਾਨਕ ਦੇਵ ਹੈ। ਮੈਨੂੰ ਕੋਈ ਗੁਰੂ ਪੀਰ ਨਜ਼ਰੀਂ ਨਹੀਂ ਆਉਂਦਾ, ਸਭ ਦੁਕਾਨਦਾਰੀਆਂ ਹਨ। ਜੇ ਤੂੰ ਚਰਨ ਪਵਾਉਣੇ ਹਨ ਤਾਂ ਪਵਾ ਲੈ, ਮੇਰੀ ਜੇਬ 'ਚੋਂ ਜਾਣੇ ਹਨ, ਕੇਵਲ ਦੋ ਸ਼ਲਿੰਗ। ਮੈਂ ਆਪ ਮੱਥੇ ਮੁੱਥਾ ਕੋਈ ਨਹੀਂ ਟੇਕਣਾ। ਤੂੰ ਜਾਣੀ ਤਾਂ ਤੇਰਾ ਕੰਮ' ਨਰਿੰਦਰ ਦਿਲੋਂ ਰਾਜ਼ੀ ਹੋ ਗਈ। ਜਿਵੇਂ ਹੋਵੇਗਾ ਵੇਖੀ ਜਾਊ, ਸਤਿਗੁਰ ਚਰਨ ਤਾਂ ਪਾ ਲੈਣ।

Sri Satguru Jagjit Singh Ji eLibrary NamdhariElibrary@gmail.com

ਨਰਿੰਦਰ ਨੇ ਆਪਣੇ ਪਿਤਾ ਨੂੰ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕਰਨ ਵਾਸਤੇ ਕਿਹਾ। ਉਸਦੇ ਪਿਤਾ ਜਸਵੰਤ ਸਿੰਘ ਦੇ ਸੁਭਾਉ ਤੋਂ ਜਾਣੂ ਸਨ। ਉਨ੍ਹਾਂ ਕਿਹਾ ਬੀਬਾ ਆਪ ਅਰਜ਼ ਕਰ ਲੈ, ਨਰਿੰਦਰ ਮੁੜ ਸੋਚਾਂ ਵਿਚ ਪੈ ਗਈ, ਮੈਨੂੰ ਤਾਂ ਸ਼ਬਦ ਨਹੀਂ ਔੜਦੇ। ਮੈਂ ਕਦੇ ਅਰਦਾਸ ਨਹੀਂ ਕੀਤੀ। ਮੈਂ ਭਰੇ ਦਰਬਾਰ ਵਿਚ ਕਿਵੇਂ ਖਲੋਵਾਂ, ਪਰ ਜਦ ਇਸਤਰੀ ਕਿਸੇ ਕੰਮ ਕਰਨ ਤੇ ਆ ਜਾਵੇ, ਫੇਰ ਸਭ ਲੋਕ ਲਾਜਾਂ ਪਿੱਛੇ ਰਹਿ ਜਾਂਦੀਆਂ ਹਨ। ਇਹ ਤਾਂ ਹੈ ਹੀ ਸੀ ਧਰਮ ਦਾ ਪਾਸਾ। ਵਿਚਾਰੀ ਝਕਦੀ ਝਕਦੀ ਚਰਨਾਂ ਵਿਚ ਜਾ ਖਲੋਤੀ।

"ਕਿਉਂ ਬੀਬੀ?"

"ਜੀ ਚਰਨ ਪਾਓ"

ਖੜੀਆਂ ਸੰਗਤਾਂ ਹੈਰਾਨ ਸਨ, ਸਾਰੇ ਜਸਵੰਤ ਸਿੰਘ ਦੇ ਸੁਭਾਉ ਤੋਂ ਜਾਣੂ ਸਨ। ਕਿ ਇਹ ਗੱਲ ਕਿਵੇਂ ਹੋਵੇਗੀ। ਉਹ ਬੜਾ ਅਖੜ ਖਾਨ ਏ। ਇਹ ਗੱਲ ਕਦਾਚਿਤ ਨਹੀਂ ਭਉਂਦੀ। 'ਹੇ ਅਕਾਲ ਪੁਰਖ! ਤੂੰ ਈ ਗ਼ਰੀਬਣੀ ਦੀ ਲਾਜ ਰੱਖੀਂ! ਇਹ ਤਾਂ ਵਿਚਾਰੀ ਨਿਰੀ ਗਊ ਏ।' ਸਤਿਗੁਰਾਂ ਪ੍ਰਵਾਨਗੀ ਦੇ ਦਿੱਤੀ।

ਨਰਿੰਦਰ ਕਾਹਲੀ ਕਾਹਲੀ ਘਰ ਪੁੱਜੀ। ਅੱਖ ਦੇ ਪਰਕਾਰੇ ਵਿਚ ਕਮਰਾ ਝਾੜ ਪੂੰਝ ਸਾਫ਼ ਕਰ ਦਿੱਤਾ। ਮੰਜਾ ਡਾਹ ਦਿੱਤਾ। ਉਪਰ ਦੁੱਧ-ਚਿੱਟੀ ਚਾਦਰ ਵਿਛਾ ਦਿੱਤੀ ਹੋਰ ਬਾਦਾਮ, ਫਲ, ਥਾਲ ਵਿਚ ਰਖ ਉਪਰ ਚਿੱਟਾ ਰੁਮਾਲ ਪਾ ਇਕ ਪਾਸੇ ਰੱਖ, ਦਰਵਾਜ਼ੇ ਵਿਚ ਖਲੋ, ਲੱਗੀ ਅੱਡੀਆਂ ਚੁੱਕ ਰਾਹ ਵੇਖਣ।

ਹੁਣ ਜਸਵੰਤ ਸਿੰਘ ਦੇ ਮਨ ਵਿਚ ਅਜਬ ਉਥਲ-ਪੁਥਲ ਸੀ। ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਵਿਚ ਕੋਈ ਗੁਰੂ ਹੋ ਸਕਦਾ ਹੈ। ਵੀਹਵੀਂ ਸਦੀ ਵਿਚ ਇਹ ਅਜਬ ਗੱਲ ਏ, ਪਰ ਲੋਕ ਗੱਲਾਂ ਬੜੀਆਂ ਕਰਦੇ ਹਨ। ਕੂਕਿਆਂ ਦੇ ਤਾਂ ਉਪਮਾ ਕਰਦਿਆਂ ਬੁਲ ਨਹੀਂ ਸੁਕਦੇ। ਰੋਜ਼ ਅਰਦਾਸਾਂ ਕਰਦੇ ਹਨ, ਦੀਨ ਦੁਨੀਆਂ ਦੇ ਵਾਲੀ ਅੰਤਰਜਾਮੀ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿਮਰੀਐ, ਜਿਨ੍ਹਾਂ ਜਮਾਂ ਤੋਂ ਲਿਆ ਛੁਡਾਇ। ਸ਼ਾਂਤ ਮੂਰਤ ਗੁਰੂ ਹਰੀ ਸਿੰਘ ਜੀ ਸਿਮਰੀਐ ਜਿਨ੍ਹਾਂ ਟੁਟੀ ਲਈ ਮਲਾਇ। ਹਾਜ਼ਰ ਹਜ਼ੂਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਐ, ਜਿਨ੍ਹਾਂ ਕਲਿਜੁਗ ਵਿਚ ਸੁੱਚ ਸੋਧ ਤੇ ਨਾਮ ਬਾਣੀ ਦਾ ਪ੍ਰਵਾਹ ਦਿੱਤਾ ਚਲਾਇ।" ਪਰ ਮੈਂ ਤਾਂ ਜਾਣਾ ਜੇ ਮੈਨੂੰ ਕੰਨੋਂ ਫੜਕੇ ਭਜਨ ਦੇਣ।

ਇਹ ਇਨ੍ਹਾਂ ਖ਼ਿਆਲਾਂ ਵਿਚ ਡੁੱਬਾ ਸੀ ਕਿ ਇਤਨੇ ਨੂੰ ਸਤਿਗੁਰੂ ਜੀ ਸਾਧ ਸੰਗਤ ਵਿਚ ਘਿਰੇ ਆ ਗਏ। ਸੰਗਤਾਂ ਜੈਕਾਰੇ ਛੱਡੇ। ਆਂਢੀਆਂ ਗੁਆਂਢੀਆਂ ਚਰਨ ਪਰਸੇ ਸਤਿਗੁਰੂ ਜੀ ਮੁਸਕਾਂਦੇ ਮੁਸਕਰਾਂਦੇ ਮੰਜੇ ਤੇ ਜਾ ਸ਼ਸ਼ੋਭਤ ਹੋਏ। ਨਰਿੰਦਰ ਭੇਟਾ ਲਿਆ ਹਾਜ਼ਰ ਕੀਤੀ। ਜਸਵੰਤ ਸਿੰਘ ਵੀ ਇਕ ਗੁੱਠੇ ਲੱਗ ਕੇ ਬੈਠ ਗਿਆ। ਸਤਗੁਰਾਂ ਮੌਜ ਵਿਚ ਆ ਚੀਨੀ ਵਾਲੇ ਪਾਤਸ਼ਾਹ ਦੇ ਪ੍ਰਦੇਸ਼ ਜਾਣ, ਸੰਤ ਜਿਉਣ ਸਿੰਘ, ਬਾਬਾ ਦਰਬਾਰਾ ਸਿੰਘ, ਬਾਬਾ ਲਹਿਣਾ ਤੇ ਹੋਰ

Sri Satguru Jagjit Singh Ji eLibrary NamdhariElibrary@gmail.com

ਮਹਾਂ ਪੁਰਸ਼ਾਂ ਦੇ ਬਚਨ ਅਰੰਭ ਦਿੱਤੇ। ਸਰੋਤੇ ਜਿਉਂ ਜਿਉਂ ਸੁਣਦੇ ਸਨ, ਮੁਗਧ ਹੁੰਦੇ ਜਾਂਦੇ ਸਨ। ਅਜਬਾ ਸ਼ਾਂਤ ਵਰਤ ਗਈ। ਵਾ ਵਗਦੀ ਰੁਕ ਗਈ, ਸੂਰਜ ਥਮ ਗਿਆ। ਰੁੱਖ ਬ੍ਰਿੱਛ ਚਿੜੀਆਂ ਕਬੂਤਰ ਸਭ ਵਜਦ ਵਿਚ ਆ ਗਏ। ਕੋਈ ਪੌਣਾ ਘੰਟਾ ਛਹਿਬਰ ਲੱਗੀ।

ਅਖ਼ੀਰ ਸਤਿਗੁਰੂ ਜੀ ਜਸਵੰਤ ਸਿੰਘ ਵਲ 'ਅੰਮ੍ਰਿਤ ਭਿੰਨੇ ਲੋਇਣਾ'' ਕੀਤੇ ਤੇ ਹਸਦਿਆਂ ਹਸਦਿਆਂ ਪੁੱਛਿਆ।

'ਗੁਰੂ ਕੇ ਸਿੱਖਾ! ਕੁਝ ਖਾਂਦਾ ਹੁੰਦਾ ਏਂ?'

'ਜੀ! ਇਕ ਮੁਰਗਾ। ਨੇਮ ਨਾਲ।'

'ਪੀਂਦਾ ਹੁੰਦਾ ਏਂ?'

'ਇਕ ਬੋਤਲ'

ਸਵਾਦ ਲੱਗਦਾ ਈ?

ਜੀ ਸਵਾਦ ਲੱਗਦਾ ਏ ਤਾਂਹੀਏਂ ਖਾਂਦਾ ਪੀਂਦਾ ਹਾਂ।

ਲੈ ਭਾਈ ਗੁਰਮੁਖਾ!

ਅੱਗੋਂ ਸਮਝ ਚਲੋ ਨੰਦ ਲਾਲਾ

ਪਿੱਛੇ ਜੋ ਬੀਤੀ ਸੋ ਬੀਤੀ।

ਸੰਤ ਗਿਆਨਾ ਸਿੰਘ ਜੀ! ਇਸਨੂੰ ਕੰਨੋਂ ਫੜ ਕੇ ਭਜਨ ਦਸ ਦਿਓ। 'ਕੰਨੋਂ ਫੜਨ' ਦੇ ਸ਼ਬਦ ਜਸਵੰਤ ਸਿੰਘ ਦੇ ਕੰਨੀ ਹੀ ਪੈਣੇ ਸਨ-ਕਿ ਉਸਦੇ ਸਰੀਰ ਵਿਚ ਪੁਲ ਕਾਵਲੀ ਆ ਗਈ। ਰੋਮ ਰੋਮ ਹੁਲਾਸ ਗਿਆ। ਨੇਤਰ ਸਜਲ ਹੋ ਗਏ। ਸਿਰ ਸਹਿਜੇ ਹੀ ਚਰਨ ਤੇ ਜਾ ਡਿੱਗਾ। ਦਰਸ਼ਕ ਵੀ ਵਿਸਮਾਦ। ਨਰਿੰਦਰ ਦਾ ਮਨ ਬਾਗੋ ਬਾਗ ਹੋ ਰਿਹਾ ਸੀ। ਸੰਤ ਗਿਆਨਾ ਸਿੰਘ ਜੀ ਉੱਠੇ ਤੇ ਕੰਨ ਵਿਚ ਭਜਨ ਦਸ ਦਿੱਤਾ। ਸਤਿਗੁਰੂ ਜੀ ਉਠ ਬੈਠੇ। ਅਗਲੇ ਘਰ ਭਾਗ ਲਾਣ ਚਲੇ ਗਏ। ਜਦ ਸੁਰਤ ਹੇਠਲੇ ਮੰਡਲਾਂ ਵਿਚ ਉਤਰੀ ਤਾਂ ਉਹ ਆਪਣੇ ਆਪ ਨੂੰ ਹੌਲਾ ਹੌਲਾ ਮਹਿਸੂਸ ਕਰ ਰਿਹਾ ਸੀ। ਮਨ ਵਿਚ ਸੋਚੇ ਮੈਂ ਤਾਂ ਭੁਲਿਆ ਈ ਰਿਹਾ ਇਹ ਤਾਂ ਠੀਕ ਗੁਰੂ ਨਾਨਕ ਹੈ, ਜਿਸਨੇ ਕੌਡੇ ਦੇ ਤਪਦੇ ਕੜਾਹੇ ਨੂੰ ਠਾਰਿਆ ਸੀ, ਇਹ ਉਹੋ ਮਿਹਰਾਂ ਦਾ ਦਾਤਾ ਹੈ, ਜਿਹੜਾ ਦੇਵ ਲੂਤ ਤੇ ਤੁਠਾ ਸੀ, ਇਹ ਠੀਕ ਉਹ ਨਿਰੰਕਰੀ ਹੈ, ਜਿਸਨੇ ਵਲੀ ਕੰਧਾਰੀ ਦੇ ਵਲ ਕੱਢੇ ਸਨ, ਇਹ ਉਹੋ ਹਾਜੀ ਹੈ, ਜਿਸ ਨੇ ਮੱਕੇ ਨੂੰ ਘੁਮਾਇਆ ਸੀ, ਇਹ ਉਹੋ ਬਾਬਾ ਹੈ ਜਿਸਨੇ ਸਿਧਾਂ ਨੂੰ ਸਿੱਧਾ ਰਾਹ ਵਿਖਾਇਆ ਸੀ, ਇਹ ਉਹੋ ਸਬਜੇ ਵਾਲਾ ਹੈ, ਜਿਸਨੇ ਸ਼ੈਦ ਖ਼ਾਂ ਵਰਗਿਆਂ ਨੂੰ ਚਰਨੀ ਲਾਇਆ ਸੀ। ਹੇ ਮਿਹਰਾਂ ਦੇ ਸਾਂਈਂ ਬਖਸ਼! ਬਖਸ਼!! ਬਖਸ਼!!!'

ਜਸਵੰਤ ਸਿੰਘ ਨੇ ਕੁੱਕੜ ਦੇ ਡਾਲੇ ਖ਼ਾਲੀ ਕਰ ਦਿੱਤੇ ਸ਼ਰਾਬ ਦੀ ਪੇਟੀ ਮੂਧੀ ਕਰ ਦਿੱਤੀ। ਨਿਸ਼ਾਨੀ ਵੱਜੋਂ ਦੋ ਬੋਤਲਾਂ ਰੱਖ ਲਈਆਂ। ਬਾਕੀ ਭੰਨ ਦਿੱਤੀਆਂ। ਲੱਗੇ ਮਾਲਾ ਨੂੰ ਗੇੜੇ ਦੇਣ। ਨਿਤ ਪ੍ਰਤੀ ਅੰਮ੍ਰਿਤ ਵੇਲੇ ਜਾਗਣਾ,

Sri Satguru Jagjit Singh Ji eLibrary NamdhariElibrary@gmail.com

ਸਣਕੇਸੀ ਇਸ਼ਨਾਨ ਸਿਮਰਨ ਮੁੜ ਬਾਣੀ। ਲੱਗਾ ਰੰਗ ਚੜ੍ਹਨ। ਹੋਣ ਲੱਗਾ ਸਿਨਮਾ ਕਲੱਬਾਂ ਤੇ ਨਾਚ ਘਰਾਂ ਦਾ ਬਾਈਕਾਟ।

ਸਤਿਗੁਰੂ ਜੀ ਅਨੇਕ ਰੂਹਾਂ ਦਾ ਪਾਰ ਉਤਾਰਾ ਕੀਤੀ। ਨਾਮ ਸਿਮਰਨ ਦਾ ਪ੍ਰਵਾਹ ਚਲਾਇਆ। ਇਸ ਦੇਵ ਰੀਤੀ ਨੂੰ ਤਕ ਅਫਰੀਕਾ ਦੇ ਗੋਰੇ ਅਤੇ ਕਾਲੇ ਸਭ ਪ੍ਰਭਾਵਤ ਹੋਏ। ਉੱਥੋਂ ਦੇ ਸੰਡੇ ਪੋਸਟ ਨੇ ਪਹਿਲੇ ਸਫੇ ਤੇ ਲਿਖਿਆ।

ਮੰਨੋ ਭਾਵੇਂ ਨ ਮੰਨੋ ਉਹ ਸਿੱਖ ਵੀ ਹਨ ਜਿਹੜੇ ਮਾਸ ਨਹੀਂ ਖਾਂਦੇ, ਉਹ ਵੀ ਸਿੱਖ ਹਨ ਜਿਹੜੇ ਸ਼ਰਾਬ ਨਹੀਂ ਪੀਂਦੇ, ਇਹ ਪਰੀਆਂ ਦੀ ਕਹਾਣੀ ਨਹੀਂ ਸਗੋਂ ਸਚਾਈ ਹੈ।

ਜਦ ਸਤਿਗੁਰੂ ਜੀ ਨੈਰੋਬੀ ਦੌਰੇ ਤੇ ਜਾਂਦੇ ਜਸਵੰਤ ਸਿੰਘ ਨਾਲ ਚੰਗਾ ਪਿਆਰ ਕਰਦੇ। ਉਹ ਵੀ ਪਿਆਰ ਤਕਣੀ ਨਾਲ ਕੀਲਿਆ ਗਿਆ ਅਤੇ ਅੱਠੇ ਪਹਿਰ ਸੁਰਤੀ ਸਤਿਗਰੂਾਂ ਦੇ ਚਰਨਾਂ ਨਾਲ ਜੁੜੀ ਰਹਿੰਦੀ।

ਜਦ ਸਤਿਗੁਰੂ ਜੀ ਦੇਹ ਦਾ ਉਹਲਾ ਕੀਤਾ ਅਤੇ ਦੇਸਾਂ ਪ੍ਰਦੇਸਾਂ ਵਿਚ ਖ਼ਬਰ ਪੁੱਜੀ ਤਾਂ ਜਸਵੰਤ ਸਿੰਘ ਨੇ ਮਾਲਾ ਵਗਾਹ ਮਾਰੀ ਤੇ ਵੈਰਾਗੀ ਹੋਇਆ ਆਪ ਮੁਹਾਰੇ ਬਚਨ ਕਰੀ ਜਾਵੇ 'ਇਹਦੇ ਆਖੇ ਸਭ ਛੱਡ ਛਡਾ ਇਕ ਮਾਲਾ ਫੜੀ ਸੀ, ਅੱਜ ਉਹ ਵੀ ਬੇਵਫ਼ਾ ਹੋ ਗਿਆ। ਜੇ ਉਹ ਨਹੀਂ ਤਾਂ ਇਹ ਮਾਲਾ ਕਿਹੜੇ ਕੰਮ?"

ਜਦ ਮੋਹਣੀ ਮੂਰਤ ਸਤਿਗੁਰੂ ਜਗਜੀਤ ਸਿੰਘ ਜੀ ਨੈਰੋਬੀ ਚਰਨ ਪਾਏ ਤਾਂ, ਸੁੱਕੇ ਮਨ ਟਹਿਕ ਪਏ। ਉਦਾਸੀਆਂ ਦੂਰ ਹੋ ਗਈਆਂ ਜਗਜੀਤ ਸਿੰਘ ਵਿਚ ਪ੍ਰਤਾਪ ਦੀ ਜੋਤ ਨਜ਼ਰੀਂ ਆਈ। ਤਨ ਮਨ ਹਰਿਆ ਹੋ ਗਿਆ ਹੁਲਾਸ ਦਾ ਹੜ ਚੜ੍ਹ ਆਇਆ। ਜਸਵੰਤ ਸਿੰਘ ਆਪਦੀ ਮੋਟਰ ਲੈ ਦੌਰੇ ਲਈ ਹਾਜ਼ਰ ਹੋਇਆ। ਸਤਿਗੁਰੂ ਜੀ ਮੁਸਕਰਾਂਦਿਆਂ ਬਚਨ ਕੀਤਾ 'ਜੇ ਮੈਨੂੰ ਕਾਰ ਵਿਚ ਬਿਠਾਉਣਾ ਈ ਤਾਂ ਦਸਤਾਰਾ ਗੁਰ ਸਿੱਖਾਂ ਵਾਲਾ ਕਰ ਲੈ।' ਆਸ਼ਿਕ ਲੱਖ ਸ਼ੁਕਰ ਮਨਾਂਦਾ ਹੈ ਜਦ ਉਸਦਾ ਮਾਸ਼ੂਕ ਉਸਨੂੰ ਕੋਈ ਗੱਲ ਆਖਦਾ ਹੈ। ਜਸਵੰਤ ਸਿੰਘ ਝਟ ਪਟ ਦਸਤਾਰਾ ਸਿੱਧਾ ਕਰ ਲਿਆ ਸਤਿਗੁਰਾਂ ਨੇੜੇ ਹੋਕੇ ਜੱਫੀ ਵਿਚ ਲੈ ਲਿਆ। ਅੱਜ ਜਸਵੰਤ ਸਿੰਘ ਦਾ ਰੰਗ ਮਜੀਠ ਨਾਲੋਂ ਵੀ ਗੂੜਾ ਹੋ ਗਿਆ।

ਸਤਿਗੁਰੂ ਜੀ ਭਾਰਤੀ ਮੁੜੇ। ਜਸਵੰਤ ਸਿੰਘ ਦਫ਼ਤਰ ਨੂੰ ਤਿਆਰ ਹੋਇਆ। ਸ਼ੀਸ਼ੇ ਸਾਹਮਣੇ ਖਲੋਤਾ। ਦਸਤਾਰ ਸਿੱਧੀ ਸੀ। ਇਕ ਵੇਰ ਤਾਂ ਮਨ ਨੇ ਝੇਪ ਖਾਧੀ, ਮਗਰ ਪ੍ਰੇਮ ਨੇ ਡਿੱਗਣ ਨਾ ਦਿੱਤਾ। 'ਇਹ ਸੋਭਦਾ ਨਹੀਂ ਕਿ ਸਤਿਗੁਰਾਂ ਸਾਹਮਣੇ ਹੋਰ ਤੇ ਪਿੱਛੋਂ ਹੋਰ।' ਜਸਵੰਤ ਸਿੰਘ ਉਸ ਦਸਤਾਰ ਨਾਲ ਦਫ਼ਤਰ ਗਿਆ, ਮਜ਼ਦੂਰ, ਮਜ਼ਦੂਰਨੀਆਂ, ਕਾਮੇ, ਕਲਰਕ ਸਭ ਹੈਰਾਨ ਹੋਏ। ਜਸਵੰਤ ਸਿੰਘ ਮੁਸਕਰਾਂਦਿਆਂ ਕਿਹਾ 'ਮੈਨੂੰ ਤੁਹਾਡੇ ਨਾਲੋਂ ਵੱਖਰਾ ਹੋਣਾ ਚਾਹੀਦਾ ਹੈ, ਕਿਉਂਕਿ ਤੁਹਾਡੇ ਕੰਮ ਵਿਚ ਤੇ ਮੇਰੇ ਕੰਮ ਵਿਚ ਫ਼ਰਕ ਹੈ। ਜੇ ਮੇਰੀ ਪੱਗ ਇਸ ਤਰ੍ਹਾਂ ਨ ਹੋਵੇ ਤਾਂ ਮੇਰਾ ਵੱਖਰਾਪਣ ਕਿਵੇਂ ਭਾਸੇ? ਪਰ ਕੰਪਨੀ ਦੇ ਮਾਲਿਕ

Sri Satguru Jagjit Singh Ji eLibrary NamdhariElibrary@gmail.com

ਮਿਸਟਰ ਡੇਵਸ ਨੇ ਪੁੱਛਿਆ 'ਵੈਲ ਮਿਸਟਰ ਜਸਵੰਤ ਸਿੰਘ। ਅੱਜ ਕੀ ਗੱਲ ਹੈ?' ਤਾਂ ਜਸਵੰਤ ਸਿੰਘ ਬੜੇ ਠਰੰਮੇ ਨਾਲ ਉੱਤਰ ਦਿੱਤਾ:-

'ਤੁਸੀਂ ਪੱਥਰ ਵੇਖਦੇ ਹੋ?'

'ਕਿਉਂ ਨਹੀਂ।'

'ਹੀਰਾ ਤਕਿਆ?'

'ਕਈ ਏਕ'

'ਬਸ ਇਤਨਾ ਜਾਣੋ ਹੀਰਾ ਪੱਥਰਾਂ ਵਿੱਚੋਂ ਨਿਕਲਦਾ ਹੈ। ਮੇਰੇ ਸਤਿਗੁਰੂ ਨੇ ਮੇਰੇ ਤੇ ਮਿਹਰ ਕੀਤੀ ਹੈ। ਮੈਨੂੰ ਪੱਥਰਾਂ ਦੇ ਢੇਰ ਵਿੱਚੋਂ ਚੁੱਕ ਹੀਰਾ ਬਣਾ ਦਿੱਤਾ ਹੈ।'

**ਸ੍ਰ: ਜਸਵੰਤ ਸਿੰਘ**

**ਖ਼ਲਕ ਖ਼ਾਲਿਕ ਕੀ ਜਾਨ ਕੈ, ਖ਼ਲਕ ਦੁਖਾਵੈ ਨਾਹਿ;**
**ਖ਼ਲਕ ਦੂਖੈ ਜੋ ਨੰਦ ਜੀ! ਖ਼ਾਲਿਕ ਕੋਪੈ ਤਾਹਿ।**

**(ਭਾ: ਨੰਦ ਲਾਲ)**

Sri Satguru Jagjit Singh Ji eLibrary NamdhariElibrary@gmail.com

# ਇੰਦਰ ਬਾਗ਼

ਉਹ ਕਿਹੜਾ ਸੰਸਾਰੀ ਏ, ਜਿਸ ਨੂੰ ਜੀਵਨ ਨਿਰਬਾਹ ਲਈ ਕੋਈ ਲੋੜ ਨਾ ਹੁੰਦੀ ਹੋਵੇ। ਕੁੱਲੀ, ਗੁੱਲੀ ਤੇ ਜੁੱਲੀ ਮੂੰਹ ਚੜ੍ਹੀ ਕਹਾਵਤ ਏ। ਰੱਬ ਨਾਲ ਖੇਡਣ ਮੱਲਣ ਵਾਲੇ ਸਾਧੂ ਵੀ ਇਸ ਅਖਾੜੇ ਦੇ ਮੱਲ ਨੂੰ ਆਪਣੀਆਂ ਲੋੜਾਂ ਦੀ ਲੰਮੀ ਸੂਚੀ ਪੇਸ਼ ਕਰਦਿਆਂ ਨਹੀਂ ਝਿਜਕਦੇ। ਦੋ ਸੇਰ ਆਟਾ, ਘਿਓ, ਅੱਧ ਸੇਰ ਦਾਲ, ਨਾਲ ਲੂਣ, ਮਿਰਚ ਮਸਾਲਾ ਦੋਵੇਂ ਡੰਗ ਲੰਘਾਉਣ ਵਾਸਤੇ; ਸੁਹਣੇ ਮੰਜਾ, ਰੁੱਤ ਅਨੁਸਾਰ ਰਜਾਈ, ਤਲਾਈ ਤੇ ਸਰਹਾਣਾ, ਬਾਹਰ ਅੰਦਰ ਜਾਣ ਲਈ ਜ਼ਬਰਦਸਤ ਘੋੜੀ ਤੇ ਉੱਪਰ ਸਾਫ਼ ਸੁਥਰੀ ਕਾਠੀ। ਇੱਥੇ ਹੀ ਬੱਸ ਨਹੀਂ, ਦੁੱਖ ਸੁੱਖ ਫੋਲਣ ਹਿਤ ਮੁਚੱਜੀ ਸਵਾਣੀ।

(ੳ) **ਭੂਖੇ ਭਗਤਿ ਨ ਕੀਜੈ। ਯਹ ਮਾਲਾ ਅਪਨੀ ਲੀਜੈ।**
**ਦੁਇ ਸੇਰ ਮਾਂਗਉ ਚੂਨਾ। ਪਾਉ ਘੀਉ ਸੰਗ ਲੂਨਾ।ਰਹਾਉ।**
**ਅਧ ਸੇਰ ਮਾਂਗਉ ਦਾਲੇ। ਮੋ ਕਉ ਦੋਨਉ ਵਖਤ ਜਿਵਾਲੇ।**
**ਖਾਟ ਮਾਂਗਉ ਚਉਪਾਈ। ਸਿਰਹਾਨਾ ਅਵਰ ਤੁਲਾਈ।**
(ਸੋਰਠਾ, ਪੰਨਾ)

(ਅ) **ਰਹਾਉ। ਦਾਲਿ ਸੀਧਾ ਮਾਗਉ ਘੀਉ। ਹਮਰਾ ਖੁਸੀ ਕਰੈ ਨਿਤ ਜੀਉ।**
**ਪਨੀਆ ਛਾਦਨ ਨੀਕਾ, ਅਨਾਜ ਮਗਉ ਸਤ ਸੀਕਾ।**
**ਗਊ ਭੈਸ ਮਗਉ ਲਾਵੇਰੀ, ਇਕ ਤਾਜਨਿ ਤੁਰਿ ਚੰਗੇਰੀ।**
**ਘਰ ਕੀ ਗਹਿਨਿ ਚੰਗੀ। ਜਨੁ ਧੰਨਾ ਲੇਵੈ ਮੰਗੀ**
(ਧਨਾਸਰੀ, ਪੰਨਾ)

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜੀ ਦੇ ਰੀਕਾਰਡ ਕੀਤੇ ਉਪਦੇਸ਼ ਵਿਚ ਕਿਵੇਂ ਕਵੀ ਦੀ ਰਚਨਾ ਨੂੰ ਇਉਂ ਪੇਸ਼ ਕੀਤਾ ਹੈ-ਗ੍ਰਿਸਤ ਦਾ ਸਵਾਦ ਜੇ ਮਾਇਆ ਭਰਪੂਰ ਹੋਵੇ, ਮਾਇਆ ਦਾ ਸਵਾਦ ਜੇ ਉਦਾਰ ਚਿੱਤ ਲਾਈਏ।

ਇਹ ਕੋਈ 1929 ਦੀ ਗੱਲ ਹੈ, ਕਿ ਸਰਹੱਦੀ ਸੂਬੇ ਦੇ ਕੁਹਾਟ ਸ਼ਹਿਰ ਵਿਚ ਇਕ ਸਰਾਫ਼, ਲਾਲਾ ਦੀਵਾਨ ਚੰਦ, ਚੰਗਾ ਸਰਦਾ ਪੁੱਜਦਾ ਘਰ ਵਿਚ ਵੱਸਦਾ ਸੀ। ਸਭ ਦਾਤਾਂ ਮੌਜੂਦ ਸਨ। ਸ਼ਾਨਦਾਰ ਬੰਗਲਾ, ਨੌਕਰ-ਚਾਕਰ, ਬੂਹੇ ਅੱਗੇ ਵਧੀਆ ਬੱਘੀਆਂ ਤੇ ਉਹਨਾਂ ਨੂੰ ਚਲਾਉਣ ਵਾਲੇ ਘੋੜੇ ਤੇ ਕੋਚਵਾਨ। ਪਰ ਮਾਲਕ ਦੀ ਖੇਡ ਅਜੇਹੀ ਹੈ; ਸ਼ਾਂਤੀ ਦੀ ਦਾਤ ਕਿਸੇ ਕਿਸੇ ਨੂੰ ਪ੍ਰਾਪਤ ਹੁੰਦੀ ਹੈ। ਦੇਵਨੇਤ ਉਸਦੀ ਪਤਨੀ ਨੂੰ ਥੋੜ੍ਹਾ-ਥੋੜ੍ਹਾ ਤਾਪ ਰਹਿਣ ਲੱਗਾ। ਲਾਲਾ ਦੀਵਾਨ ਚੰਦ ਪਹਿਲਾਂ ਮਾਮੂਲੀ ਜਾਣਿਆਂ ਪਰ ਧੀਰੇ ਧੀਰੇ ਰੋਗ

Sri Satguru Jagjit Singh Ji eLibrary NamdhariElibrary@gmail.com

ਜੜ ਪਕੜ ਗਿਆ। ਡਾਕਟਰਾਂ ਕਹਿ ਦਿੱਤਾ, "ਮੱਖਣੀ ਨੂੰ ਵੱਡਾ ਬੁਖਾਰ ਹੋ ਗਿਆ ਹੈ।" ਲਾਲਾ ਜੀ ਬਥੇਰੀ ਭੱਜ ਦੌੜ ਕੀਤੀ, ਪਰ ਉਹਦਾ ਅੰਨ ਜਲ ਮੁੱਕਦਾ ਗਿਆ। ਅੰਤ ਉਹ ਬੀਬੀ ਜਵਾਨੀ ਵਿਚ ਹੀ ਈਸ਼ਵਰ ਨੂੰ ਪਿਆਰੀ ਹੋ ਗਈ। ਪਰ ਜ਼ਮਾਨਾ ਸਵਾਰਥ ਨਾਲ ਨੱਕੋ ਨੱਕ ਭਰਿਆ ਪਿਆ ਹੈ। ਕਿਸੇ ਨੂੰ ਕਿਸੇ ਨਾਲ ਹਮਦਰਦੀ ਨਹੀਂ। ਹਰੇਕ ਨੂੰ ਆਪਣੀ ਆਪਣੀ ਗਰਜ਼ ਏ। ਅਜੇ ਮੱਖਣੀ ਦਾ ਨੜੋਆ ਉਠਿਆ ਨਹੀਂ ਕਿ ਚੰਗੇ ਤਕੜੇ ਸਰਾਫ਼ ਨੇ ਦੀਵਾਨ ਚੰਦ ਦਾ ਪਰਨਾ ਨਿਚੋੜ ਦਿੱਤਾ। ਮੁਕਾਣਾ ਮੁਕਦਿਆਂ ਈਂ ਵਾਜੇ ਵੱਜਣੇ ਸ਼ੁਰੂ ਹੋ ਗਏ। ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ ਥੋੜ੍ਹੇ ਦਿਨਾਂ ਉਪਰੰਤ ਹੀ ਜਨੇਤ ਚੜ੍ਹੀ ਤੇ ਡੋਲੀ ਘਰ ਆ ਗਈ। ਪਰ ਸਾਰੇ ਸੁੱਖ ਪੈਸਿਆਂ ਨਾਲ ਨਹੀਂ ਲੱਭਦੇ। ਜੇ ਮਹਿਲ ਮਾੜੀਆਂ ਉੱਚੀਆਂ ਹੋਣ ਪਰ ਮਾਲਕ ਬਿਮਾਰ ਹੋਵੇ, ਖਾਧਾ ਪੀਤਾ ਹਜ਼ਮ ਨਾ ਹੁੰਦਾ ਹੋਵੇ, ਕਿਸੇ ਨੂੰ ਚੁਬਾਰਿਆਂ ਦਾ ਕੀ ਭਾ? ਕੋਲ ਕੜਾਹ ਪ੍ਰਸ਼ਾਦ ਪਿਆ ਕੌੜਾ ਲੱਗਦਾ ਹੈ। ਉਸ ਨੂੰ ਸੋਫ਼ਾ ਸੈੱਟ ਤੇ ਫ੍ਰਿਜ ਨਾਲ ਕੀ? ਪਰ ਜੇ ਆਪ ਰਾਜ਼ੀ ਹੋਵੇ ਤੇ ਘਰ ਵਾਲੀ ਢਿਲ ਮਿਲ ਕਰੇ ਫਿਰ ਵੀ ਚਿੰਤਾ ਨਹੀਂ ਮੁੱਕਦੀ। ਜੇ ਇਸਤਰੀ ਅਰੋਗ ਹੋਵੇ ਪਰ ਘਰ ਦੀ ਮਲਕਾ ਦੀ ਗੋਦ ਹਰੀ ਨਹੀਂ ਹੁੰਦੀ ਤਾਂ ਵੀ ਘਰ ਭਾਂ ਭਾਂ ਕਰਦਾ ਹੈ। ਲਟ ਲਟ ਬਿਜਲੀਆਂ ਦੇ ਹੁੰਦੇ ਵੀ ਚਾਰ ਚੁਫੇਰੇ ਅੰਧੇਰ ਭਾਸਦਾ ਹੈ, ਜੇ ਮਾਲਕ ਦੀ ਨਜ਼ਰ ਸੁਵੱਲੀ ਨਹੀਂ ਤਾਂ ਸਭ ਸਮਾਨ ਸੂਲਾਂ ਦੀ ਸੇਜ ਲੱਗਦੀ ਹੈ।

ਕੁਦਰਤ ਸਤਿਗੁਰੂ ਦੀ, ਇਸ ਸੱਜ ਵਿਆਹੀ ਸੁੰਦਰੀ ਲੀਲਾ ਨੂੰ ਉਸੇ ਬਿਮਾਰੀ ਨੇ ਆ ਘੇਰਿਆ। ਜਿਸ ਨੇ ਮੱਖਣੀ ਨੂੰ ਖਾ ਲਿਆ ਸੀ। ਹੁਣ ਤਾਂ ਦੀਵਾਨ ਚੰਦ ਦੀ ਮਨ ਦੀ ਬਿਰਤੀ ਵਿਚ ਭੂਚਾਲ ਆ ਗਿਆ। ਕੁਹਾਟ, ਪਸ਼ੌਰ ਤੇ ਹੋਰ ਵੱਡੇ ਹਸਪਤਾਲਾਂ ਦੇ ਡਾਕਟਰਾਂ ਨੂੰ ਵਿਖਾਇਆ। ਹਜ਼ਾਰਾਂ ਰੁਪਈਏ ਖ਼ਰਚ ਕੀਤੇ। ਮਗਰ ਖ਼ੈਰ ਕਿਤੋਂ ਨ ਮਿਲਿਆ। ਆਖ਼ਿਰ ਇੱਕ ਸਿਆਣੇ ਨੇ ਸਲਾਹ ਦਿੱਤੀ ਕਿ ਲਾਲਾ ਜੀ! ਲੀਲਾ ਨੂੰ ਬੰਬਈ ਜਾ ਕੇ ਗੋਰਿਆਂ ਦੇ ਹਸਪਤਾਲ ਵਿਚ ਵਖਾਓ। ਸ਼ਾਇਦ ਮੋੜਾ ਪੈ ਜਾਵੇ।" ਪਰ ਜਦ ਦਿਨ ਫਿਰਨੇ ਹੁੰਦੇ ਹਨ ਤਾਂ ਬਿੱਛੂ ਬੂਟੀ ਦੇ ਲਾਗੇ ਹੀ ਭੰਗ ਬੂਟੀ ਮਿਲ ਜਾਂਦੀ ਹੈ।

ਉਸ ਸਮੇਂ ਉੱਥੇ ਇਕ ਨਾਮਧਾਰੀਆ ਸਿੰਘ ਆ ਗਿਆ। ਉਸ ਨੇ ਦੀਵਾਨ ਚੰਦ ਦੇ ਮਨ ਦੀ ਪੋਥੀ ਪੜ੍ਹੀ ਤੇ ਡਾਕਟਰਾਂ ਦੀ ਰਾਏ ਵੀ ਸੁਣੀ ਤੇ ਲਾਲੇ ਨੂੰ ਆਖਿਆ, "ਲਾਲਾ ਜੀ! ਤੁਸੀਂ ਵੱਡੇ ਲੋਕ। ਮੇਰੀ ਗੱਲ ਸੁਣਨੀ ਨਹੀਂ, ਜੇ ਤੁਸੀਂ ਸੁਣੀ ਵੀ, ਤਾਂ ਮੰਨਣੀ ਨਹੀਂ। ਇਹ ਬਿਮਾਰੀ ਕਰਮ ਰੋਗ ਹੈ। ਡਾਕਟਰਾਂ ਦੇ ਬਸ ਨਹੀਂ ਇਸ ਦਾ ਇਲਾਜ਼ ਸਾਧ ਸੰਤ ਕਰ ਸਕਦੇ ਹਨ! ਅੱਜ-ਕੱਲ੍ਹ ਇਸ ਦੁੱਖਾਂ ਭਰੇ ਸੰਸਾਰ ਵਿੱਚੋਂ ਪੰਜਾਬ ਅੰਦਰ ਲੁਧਿਆਣੇ ਤੋਂ 10-12 ਕੋਹ ਤੇ ਭੈਣੀ ਸਾਹਿਬ ਅਜੇਹਾ ਔਸ਼ਧਿਆਲਾ ਹੈ, ਜਿੱਥੇ ਲਾ-ਇਲਾਜ਼ ਰੋਗੀ ਰਾਜ਼ੀ ਹੁੰਦੇ ਹਨ। ਅੰਨ੍ਹੇ, ਲੂਲ੍ਹੇ, ਰੀਜੇ, ਕਾਣੇ ਨਵੇਂ ਨਰੋਏ ਹੋ ਕੇ ਮੁੜਦੇ ਹਨ। ਉੱਥੇ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਸ੍ਰੀ ਪ੍ਰਤਾਪ ਸਿੰਘ ਜੀ ਮਹਾਰਾਜ ਆਧਿ, ਬਿਆਧ ਤੇ ਉਪਾਧ ਤੋਂ ਮੁਕਤੀ ਬਖਸ਼ਦੇ ਹਨ।

ਤੁਹਾਡੇ ਅਗਲੇ ਪਿਛਲੇ ਰੋਗ ਕੱਟੇ ਜਾਣਗੇ। ਇਹ ਵੇਲਾ ਸੰਭਲ ਜਾਉ? ਸਮਾਂ ਲੰਘ ਗਿਆ ਤਾਂ ਹੱਥ ਨਹੀਂ ਆਉਣਾ।" ਇਹ ਕਹਿ ਉਹ ਸਿੰਘ ਅੱਗੇ ਨਿਕਲ ਗਿਆ ਤੇ ਦੀਵਾਨ ਚੰਦ ਦੇ ਮਨ ਲੱਗ ਗਈ। ਉਸ ਸ੍ਰੀ ਭੈਣੀ ਸਾਹਿਬ ਪੁੱਜਣ ਦਾ ਮਨ ਬਣਾ ਲਿਆ। ਲਾਲਾ ਕੁਹਾਟੋ ਚੱਲਿਆ। ਰੇਲ ਦਾ ਫਸਟ ਕਲਾਸ ਦਾ ਡੱਬਾ ਬੁੱਕ ਕਰਵਾਇਆ ਲੁਧਿਆਣੇ ਆ ਉਤਰਿਆ। ਸਟੇਸ਼ਨ ਤੋਂ ਉਤਰਦਿਆਂ ਹੀ ਟਾਂਗਾ ਕਿਰਾਏ ਤੇ ਕੀਤਾ! ਤੇ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਦੇ ਆ ਦਰਸ਼ਨ ਕੀਤੇ। ਏਥੋਂ ਦਾ ਸ਼ਾਂਤ ਮੰਡਲ, ਭਜਨ ਬਾਣੀ ਕਰਦੇ ਮਰਦ ਜ਼ਨਾਨੇ ਸਵੱਛ ਪੌਣ ਪਾਣੀ, ਆਉਂਦਿਆਂ ਹੀ ਅੰਦਰ ਠੰਡ ਵਰਤ ਗਈ। ਲਾਓ ਲਸ਼ਕਰ ਨਾਲ ਗੁਰਦੁਆਰੇ ਦੇ ਅੰਦਰ ਪੈਰ ਰੱਖਿਆ। ਅੱਗੇ ਸੱਤ ਧਰਮ, ਪਵਿੱਤਰਤਾ ਤੇ ਸੇਵਾ ਦੀ ਦੇਵੀ ਮਾਤਾ ਜੀਵਨ ਕੌਰ ਦੇ ਦਰਸ਼ਨ ਹੋਏ। ਦੀਵਾਨ ਚੰਦ ਚਰਨ ਛੂਹੇ, ਲੀਲਾ ਨੂੰ ਸਹਾਰਾ ਦੇ ਕੇ ਮੱਥਾ ਟਿਕਾਇਆ। ਮਾਤਾ ਜੀ ਆਉਂਦਿਆਂ ਹੀ ਇਹਨਾਂ ਦਾ ਸਾਮਾਨ ਰਖਵਾ ਦਿੱਤਾ। ਬੈਠਣ ਵਾਸਤੇ ਸੱਫ ਦਿੱਤੀ। ਪਹਿਲਾਂ ਹੱਥ ਪੈਰ ਧੁਆਏ। ਮੁੜ ਗਰਮ ਗਰਮ ਦੁੱਧ ਪਿਲਾਇਆ ਤੇ ਆਰਾਮ ਕਰਨ ਲਈ ਕਿਹਾ, ਪਰ ਦੀਵਾਨ ਚੰਦ ਨੇ ਕਿਹਾ ਏਥੇ ਦੇ ਵੱਡੇ ਸੰਤ ਜੀ ਕਿੱਥੇ ਹਨ? ਦਰਸ਼ਨ ਕਰਨੇ ਹਨ।

ਮੇਰੀ ਜ਼ੋਜਾ ਬਿਮਾਰ ਹੈ, ਉਹਨਾਂ ਨੂੰ ਦਿਖਾਉਣਾ ਹੈ। ਮੈਨੂੰ ਉਹਨਾਂ ਪਾਸ ਭੇਜ ਦਿਉ। ਕੋਈ ਸੇਵਕ ਨਾਲ ਘੱਲੋ, ਸਾਨੂੰ ਉਹਨਾਂ ਪਾਸ ਛੱਡ ਆਏ। ਆਪ ਦਾ ਬਹੁਤ ਬਹੁਤ ਸ਼ੁਕਰੀਆ। ਅੱਗੋਂ ਮਾਤਾ ਜੀ ਨੇ ਕਿਹਾ, "ਵੀਰਾ ਘਬਰਾਓ ਨਹੀਂ, ਹੁਣ ਭੇਜ ਦਿੰਦੀ ਹਾਂ, ਕੁਝ ਖਾ ਪੀ ਲਉ।" ਪਰ ਉਹਨਾਂ ਜ਼ਿੱਦ ਕੀਤੀ। ਮਾਤਾ ਜੀ ਸ਼ਿੰਗਾਰਾ ਸਿੰਘ ਨੂੰ ਨਾਲ ਤੋਰਿਆ ਤੇ ਉਹ ਉਹਨਾਂ ਨੂੰ ਸਤਿਗੁਰੂ ਪਾਸ ਲੈ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਕੋਠੀ ਦੇ ਸਾਹਮਣੇ ਬ੍ਰਿਛਾਂ ਦੀ ਛਾਵੇਂ ਕੁਰਸੀ ਤੇ ਬੈਠੇ ਸਨ। ਨੂਰਾਨੀ ਚਿਹਰਾ, ਮੋਟੇ ਨੇਤਰ, ਨੇਤਰਾਂ 'ਚੋਂ ਅੰਮ੍ਰਿਤ ਕਿਰਨਾਂ ਜਗਿਆਸੂਆਂ ਨੂੰ ਤ੍ਰਿਪਤ ਕਰ ਰਹੀਆਂ ਸਨ। ਇਹ ਮਾਨਸਰੋਵਰ ਸੀ। ਜਿੱਥੇ ਰੰਗਰਤੇ ਨੇਤਰ, ਚਿੱਟੇ ਬਸਤਰ, ਗਲੇ ਵਿਚ ਮਾਲਾ, ਇਹ ਇੱਕ ਪ੍ਰਕਾਰ ਦੇ ਹੰਸਲੇ ਸਨ, ਜਿਹੜੇ ਮੋਤੀਆਂ ਦੀ ਚੋਗ ਚੁੱਗ ਰਹੇ ਸਨ। ਛਲਕਦੇ ਨੇਤਰਾਂ ਨਾਲ ਇਹਨਾਂ ਦੂਰੋਂ ਆਏ ਪਾਂਧੀਆਂ ਜਾ ਮੱਥਾ ਟੇਕਿਆ। ਸਾਰੀ ਵਿਥਿਆ ਸੁਣਾਈ। ਸਤਿਗੁਰੂ ਜੀ ਧਿਆਨ ਨਾਲ ਸੁਣੀ। ਗ਼ਰੀਬ ਨਿਵਾਜ਼ ਜੀ ਬਚਨ ਕੀਤਾ। "ਲਾਲਾ ਜੀ! ਗੁਰੂ ਰਾਮ ਸਿੰਘ ਜੀ ਦੇ ਘਰ ਕੋਈ ਘਾਟਾ ਨਹੀਂ। ਕੇਵਲ ਮਨ ਦੀ ਸੂਈ ਨੂੰ ਠੀਕ ਰੁਖ ਵੱਲ ਮੋੜਨ ਦੀ ਲੋੜ ਹੈ। ਪਹਿਲਾਂ ਆਪਣੀ ਘਰ ਵਾਲੀ ਦੀ ਸਲਾਹ ਲੈ ਲਵੋ। ਜੋ ਮੈਂ ਗੱਲ ਆਖਾਂ, ਉਹ ਮੰਨੇਗੀ। ਉਹ ਪਤਨੀ ਕੋਲ ਗਿਆ ਤੇ ਪੁੱਛ ਕੇ ਆ ਗਿਆ। ਉਸ ਵਿਚਾਰੀ ਵਾਸਤੇ ਕੋਈ ਹੋਰ ਰਾਹ ਨਹੀਂ ਸੀ। ਉਸ ਨੇ ਸਤਿ ਬਚਨ ਕਹਿ ਦਿੱਤਾ। ਸੱਚੇ ਪਾਤਸ਼ਾਹ

Sri Satguru Jagjit Singh Ji eLibrary NamdhariElibrary@gmail.com

ਬਚਨ ਕੀਤਾ, "ਮਾਸ, ਸ਼ਰਾਬ ਛੱਡ ਦਿਓ, ਇਹ ਰਾਕਸ਼ਾਂ ਦੀ ਖ਼ੁਰਾਕ ਹੈ। ਭਜਨ ਪੁੱਛ ਲਵੋ, ਸਵੇਰ ਸਾਰ ਇਸ਼ਨਾਨ ਕਰ ਕੇ, ਅਕਾਲ ਪੁਰਖ ਦਾ ਨਾਮ ਲਵੋ, ਕੋਈ ਰੋਗ ਨਹੀਂ ਰਹੇਗਾ।" "ਸਤਿ ਬਚਨ ਜੀ।"

ਸੱਚੇ ਪਾਤਸ਼ਾਹ ਜੀ ਨੇ ਸੰਤ ਬਹਾਦਰ ਸਿੰਘ ਜੀ ਨੂੰ ਕਿਹਾ, ਇਹਨਾਂ ਨੂੰ ਭਜਨ ਦੱਸ ਦਿਓ। ਸੰਤਾਂ ਭਜਨ ਦੱਸ ਦਿੱਤਾ। ਫੇਰ ਸਤਿਗੁਰੂ ਜੀ ਰਤਨ ਸਿੰਘ ਨੂੰ ਹੁਕਮ ਕੀਤਾ। "ਰਤਨ ਸਿੰਘ ਲਾਲੇ ਨੂੰ ਘਿਓ ਦੇਹ। ਜਿਹੜਾ ਇਹ ਹੁਣੇ ਹੀ ਮਾਲਿਸ਼ ਕਰੇ। ਸੰਤ ਰਤਨ ਸਿੰਘ ਨੇ ਘਿਓ ਲਿਆ ਕੇ ਦਿੱਤਾ, ਦੀਵਾਨ ਚੰਦ ਆਪਣੀ ਘਰ ਵਾਲੀ ਨੂੰ ਡੇਰੇ ਆ ਮਾਲਿਸ਼ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ, ਮਾਲਿਸ਼ ਕਰਨ ਨਾਲ ਸਰੀਰ 'ਚ ਚੁਸਤੀ ਆ ਗਈ। ਬੁਖਾਰ ਖਿਸਕਣ ਲੱਗਾ। ਸੱਚੇ ਪਾਤਸ਼ਾਹ ਰਤਨ ਸਿੰਘ ਨੂੰ ਕਿਹਾ, "ਕਾਕਾ ਇਸ ਨੂੰ ਫਲਾਣੀ ਫਲਾਣੀ ਦਵਾਈ ਤੇ ਗੋਲੀਆਂ ਦੇ ਤੇ ਪੱਥ ਪਰਹੇਜ਼ ਦੱਸ ਦੇਹ। ਭਜਨ ਬੰਦਗੀ ਨੇਮ ਨਾਲ ਕਰਨ, ਮੁੜ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਤੇ ਦਵਾਈ ਲੈਣ, ਉਹ ਦਵਾਈ ਦੇ ਮਾਲਕ ਆਪ ਹਨ। ਕਿਰਪਾ ਕਰਨਗੇ।"

ਦੀਵਾਨ ਚੰਦ ਤੇ ਉਸਦੀ ਪਤਨੀ ਗ਼ਮਾਂ ਦੇ ਬੱਦਲਾਂ 'ਚ ਘਿਰੇ ਪਏ ਸਨ, ਸੁੱਖ ਸੁਖਾਂ ਦੀ ਨਿੱਘੀ ਧੁੱਪ ਵਿਚ ਵਾਪਸ ਮੁੜੇ। ਘਰ ਪੁੱਜ ਕੇ ਅੰਮ੍ਰਿਤ ਵੇਲੇ ਉੱਠਣ, ਮਾਲਾ ਫੇਰਨ, ਫੇਰ ਦਵਾਈ ਲੈਣ। ਕਿਰਪਾ ਹੁੰਦੀ ਗਈ। ਥੋੜ੍ਹੇ ਸਮੇਂ ਵਿਚ ਰੰਗ ਰੂਪ ਨਿਖਰ ਆਇਆ। ਬੜੀਆਂ ਹੀ ਖ਼ੁਸ਼ੀਆਂ ਹੋਈਆਂ। ਪਰ ਚਿੰਤਾ ਨੇ ਅਜੇ ਵੀ ਪਿੱਛਾ ਨਾ ਛੱਡਿਆ। ਵਿਆਹ ਕਾਫ਼ੀ ਸਮੇਂ ਤੋਂ ਹੋ ਗਿਆ ਸੀ। ਦੀਵਾਨ ਚੰਦ ਦੀ ਮਾਂ ਦਾਦੀ ਨਵੇਂ ਚੰਦ ਦਾ ਮੂੰਹ ਵੇਖਣ ਨੂੰ ਤੜਪਦੇ ਸਨ।

ਵਿਹੜਾ ਭਾਂ ਭਾਂ ਕਰਦਾ ਸੀ। ਅੱਖਾਂ ਚੁੰਧਿਆਵੀ ਮਾਇਆ ਵੀ ਕੋਈ ਢਾਰਸ ਨਹੀਂ ਸੀ ਦੇਂਦੀ। ਹੁਣ ਉਲਾਦ ਵਾਸਤੇ ਲੱਗੇ ਦਰ-ਦਰ ਫਿਰਨ, ਜਦ ਸਭ ਪਾਸਿਓਂ ਨਿਰਾਸਤਾ ਹੋਈ ਫਿਰ ਭੈਣੀ ਸਾਹਿਬ ਚੇਤੇ ਆਇਆ ਤੇ ਸਾਲ ਪਿੱਛੋਂ ਇਸ ਅਸਥਾਨ ਦੇ ਦਰਸ਼ਨ ਕੀਤੇ। ਪਰ ਦਰਸ਼ਨਾਂ ਦੀ ਭਾਵਨਾ ਨਾਲ ਨਹੀਂ, ਪੁੱਤਰ ਦੀ ਲਾਲਸਾ ਕਾਰਣ। ਸਵਾਰਥ ਜਕੜਿਆਂ ਇੱਥੇ ਪੁੱਜ ਮਾਤਾ ਜੀ ਦੇ ਚਰਨਾਂ ਵਿਚ ਭੇਟਾ ਰਖੀ। ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਉਹਨਾਂ ਦੇ ਚਰਨਾਂ ਵਿਚ ਮਾਇਆ ਤੇ ਬਾਦਾਮ, ਕਿਸ਼ਮਿਸ਼, ਨੈਜੇ ਤੇ ਹੋਰ ਜੋ ਕੁਝ ਮਿਲਿਆ ਰਖਿਆ। ਸਤਿਗੁਰ ਜੀ ਮੇਹਰ ਦੀ ਨਜ਼ਰ ਕੀਤੀ ਤੇ ਪੁੱਛਿਆ, "ਦੀਵਾਨ ਚੰਦ ਦਵਾਈ ਕਾਟ ਕੀਤੀ?"

"ਗ਼ਰੀਬ ਨਿਵਾਜ਼! ਆਪ ਦੀ ਕਿਰਪਾ ਨਾਲ ਦਿਨੋ ਦਿਨ ਰੰਗ ਚੜ੍ਹਦਾ ਗਿਆ। ਅੱਜ ਹੋਰ ਕੱਲ੍ਹ ਹੋਰ। ਬਿਮਾਰੀ ਤਾਂ ਛੱਡ ਗਈ।" 'ਪਰ' 'ਪਰ ਕੀ?' ਵਿਆਹ ਹੋਇਆ ਕਾਫ਼ੀ ਸਮਾਂ ਹੋ ਗਿਆ ਹੈ। ਘਰ ਕੋਈ ਰੌਣਕ ਨਹੀਂ। ਹੁਣ ਪੁੱਤਰ ਦੀ ਬਖਸ਼ਿਸ਼ ਵਾਸਤੇ ਹਾਜ਼ਰ ਹੋਏ ਹਾਂ। ਜਿਹੜੇ ਸਿੱਖ ਨੇ ਇਸ ਥਾਂ ਦੀ ਦੱਸ ਪਾਈ ਸੀ। ਉਸ ਕਿਹਾ ਸੀ:-

Sri Satguru Jagjit Singh Ji eLibrary NamdhariElibrary@gmail.com

**ਚਾਰਿ ਪਾਦਰਥ ਜੇ ਕੋਈ ਮਾਗੈ।**
**ਸਾਧ ਜਨਾ ਕੀ ਸੇਵਾ ਲਾਗੈ।**
**ਜੇ ਕੋ ਆਪਣਾ ਦੂਖ ਮਿਟਾਵੈ।**
**ਹਰ ਹਰ ਨਾਮ ਰਿਦੈ ਸਦ ਗਾਵੈ।**

ਇਹ ਪੜ੍ਹ ਕੇ ਉਸ ਨੇ ਇਹ ਵੀ ਕਿਹਾ ਸੀ ਜਿਸ ਥਾਂ ਦੀ ਤੁਹਾਨੂੰ ਦੱਸ ਪਾਈ ਏ, ਉਹਨਾਂ ਦੀ ਕਿਰਪਾ ਨਾਲ ਇਕ ਸਾਧੂ ਕੀ ਸਾਧਾਂ ਦੇ ਮੰਡਲਾਂ ਦੇ ਮੰਡਲ ਅੱਖ ਦੇ ਫੇਰ ਵਿਚ ਬਣ ਜਾਂਦੇ ਹਨ। ਕੇਵਲ ਚਾਰ ਪਦਾਰਥ ਕੀ ਚੌਂਸਠ, ਸਗੋਂ ਚੌਂਸਠ ਸੌ ਪ੍ਰਾਪਤ ਹੋ ਸਕਦੇ ਸਨ। ਤੁਸੀਂ ਪੁੱਤਰ ਦੀ ਵੀ ਕ੍ਰਿਪਾਲਤਾ ਕਰੋ।" ਸਤਿਗੁਰੂ ਸੰਤ ਰਤਨ ਸਿੰਘ ਨੂੰ ਕੋਈ ਦਵਾਈ ਦੇਣ ਵਾਸਤੇ ਹੁਕਮ ਕੀਤਾ ਤੇ ਦਵਾਈ ਦੇ ਵਰਤਣ ਦਾ ਤਰੀਕਾ ਵੀ। ਉਹੀ ਸਿਮਰਨ ਉਪਰੰਤ ਅਰਦਾਸ, ਪਿੱਛੋਂ ਦਵਾਈ ਲੈਣੀ। ਦੀਵਾਨ ਚੰਦ ਮੁੜ ਕੋਹਾਟ ਮੁੜ ਆਇਆ। ਸਾਲ ਦੇ ਅੰਦਰ ਚੰਨ ਵਰਗੇ ਬੱਚੇ ਨੇ ਜਨਮ ਲਿਆ। ਬੜੀਆਂ ਖ਼ੁਸ਼ੀਆਂ ਮਨਾਈਆਂ। ਭੰਡ ਡਾਏ, ਖੁਸਰੇ ਨੱਚੇ, ਸ਼ਰੀਨੀਆਂ ਵੰਡੀਆਂ। ਬੱਚੇ ਦੇ ਜਨਮ ਉਪਰੰਤ ਸਾਕਾਂ ਸੰਬੰਧੀਆਂ ਰੀਤਾਂ ਲਈ ਸਲਾਹ ਦਿੱਤੀ। ਦਾਤੇ ਨੂੰ ਭੁੱਲ ਗਿਆ। ਝੂਠੇ ਸਾਕਾਂ ਦਾ ਪਾਣੀ ਚੜ੍ਹ ਗਿਆ, ਬੱਚੇ ਦਾ ਧਮਾਣ ਕੀਤਾ, ਮੁਰਗੇ ਮੁਰਗੀਆਂ ਦੀ ਰੱਤ ਵਹਾਈ, ਚੰਗੇ ਢੋਲ ਢਮੱਕੇ ਵੱਜੇ। ਪਰ ਜੀਹਦੇ ਹੱਥ ਕਲਮ ਏ ਉਹ ਲਿਖ ਸਕਦਾ ਏ ਤੇ ਕਲਮ ਵੀ ਫੇਰ ਸਕਦਾ ਏ। ਧਮਾਣ ਹੁੰਦਿਆਂ ਥੋੜ੍ਹੇ ਹੀ ਦਿਨ ਬੀਤੇ ਸਨ ਕਿ ਬੱਚਾ ਚੜ੍ਹ ਗਿਆ। ਕੁਰਲਾਹਟ ਮੱਚ ਗਿਆ। ਵੈਦਾਂ ਨੇ ਆਕਾਸ਼ ਸਿਰ ਤੇ ਚੁੱਕ ਲਿਆ। ਬੇਜ਼ਬਾਨ ਤੇ ਬੇਜਾਨ ਕੰਧਾਂ ਨੂੰ ਵੀ ਰੁਆ ਦਿੱਤਾ। ਲੀਲਾ ਨੂੰ ਗੱਸ਼ ਪੈ ਪੈ ਜਾਣੇ ਪਰ ਹੁਣ ਕੀ ਹੋ ਸਕਦਾ ਸੀ। ਫਿਰ ਸ੍ਰੀ ਭੈਣੀ ਸਾਹਿਬ ਯਾਦ ਆਇਆ। ਪਤਨੀ ਨੇ ਪਤੀ ਨੂੰ ਕਿਹਾ, "ਸੁਆਮੀ ਜੀ! ਭੁੱਲ ਹੋਈ ਹੈ, ਇਸ ਬੱਚੇ ਜਾਣਾ ਨਹੀਂ ਸੀ। ਸਾਡੀ ਕਰਤੂਤ ਬੇੜਾ ਡੋਬਿਆ ਏ। ਸਤਿਗੁਰੂ ਤੋਂ ਬੇਮੁਖ ਹੋਏ। ਲਾਲ ਗੁਆ ਬੈਠੇ ਹਾਂ। ਫਿਰ ਉਸੇ ਦੁਆਰ ਤੇ ਚਲੀਏ, ਜਿੱਥੋਂ ਅੱਗੇ ਖ਼ੈਰ ਪਿਆ ਸੀ।

ਮੰਗਤੇ ਮੁੜ ਸ੍ਰੀ ਭੈਣੀ ਸਾਹਿਬ ਆਏ। ਗਿੜਗਿੜਾ ਕੇ ਚਰਨਾਂ ਤੇ ਡਿੱਗੇ। ਅੱਖੀਆਂ ਵਿਚ ਹੰਝੂ ਲਿਸ਼ਕਣ ਲੱਗੇ। ਜਾਣੀ ਜਾਣ ਸਤਿਗੁਰੂ ਜੀ ਪੁੱਛਿਆ ਕਿ, "ਕੀ ਗੱਲ ਏ?"

"ਪਤਾ ਨਹੀਂ ਲੱਗਾ ਬੱਚਾ ਤੜਪ ਤੜਪ ਕੇ ਮੋਇਆ" ਕੋਈ ਤਾਂ ਬੱਚੇ ਨੂੰ ਤੜਫਾਣ ਵਾਲਾ ਕੰਮ ਕੀਤਾ ਹੋਣਾ ਏਂ? ਜੀ ਤੁਸੀਂ ਜਾਣੀ ਜਾਣ ਹੋ। ਰੀਤਾਂ ਮਾਰਿਆ, ਸ਼ਰੀਕਾਂ ਆਖੇ ਲੱਗ, ਰੀਤਾਂ ਕੀਤੀਆਂ ਫਿਰ ਕੀ ਸੀ ਜੋ ਨਹੀਂ ਸੀ ਕਰਨਾ ਉਹ ਕੀਤਾ। "ਤੁਸੀਂ ਬੱਕਰੇ ਛੱਤਰੇ ਮਾਰੇ ਹੋਣਗੇ?" ਉਹ ਦੋਵੇਂ ਮੀਆਂ ਬੀਵੀ ਰੋ ਰਹੇ ਸਨ। "ਗ਼ਰੀਬ ਨਿਵਾਜ਼ ਬਖਸ਼ੋ, ਬਖਸ਼ੋ ਅੱਗੋਂ ਨਹੀਂ," "ਤੁਹਾਨੂੰ ਖ਼ਿਆਲ ਨਾ ਆਇਆ। ਜਿਨ੍ਹਾਂ ਨੂੰ ਕੁਹਨ ਲੱਗੇ ਹੋ ਉਹ ਵੀ ਕਿਸੇ ਦੇ ਬੱਚੇ ਹਨ। ਉਹਨਾਂ ਅੰਦਰ ਵੀ ਜਾਨ ਏ। ਉਹ ਵੀ ਅਕਾਲ ਪੁਰਖ ਦੀ ਪੈਦਾਇਸ਼

Sri Satguru Jagjit Singh Ji eLibrary NamdhariElibrary@gmail.com

ਹੈ, ਜਿਹੜਾ ਕੋਈ ਮਾਰਦਾ ਏ ਉਹ ਵੀ ਮਾਰਿਆ ਜਾਂਦਾ ਏ। ਬੱਚੇ ਨੇ ਵੀ ਮਰਨਾ ਹੀ ਸੀ।" "ਪਾਤਸ਼ਾਹ ਬਖਸ਼ੋ, ਭੁੱਲ ਗਏ। ਗਲਤੀ ਹੋ ਗਈ" ਕੰਨਾਂ ਨੂੰ ਹੱਥ ਲਾ ਕੇ ਆਖਿਆ। "ਚੰਗਾ ਚੰਗਾ ਅੱਗੋਂ ਤੋਂ ਨਾ ਕਰਨਾ। ਨਾ ਖਾਣਾ। ਦੂਜਿਆਂ ਨੂੰ ਵੀ ਵਰਜਣਾ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰੋ ਕਿ ਅੱਗੋਂ ਵਾਸਤੇ ਇਹੋ ਜਿਹਾ ਕੰਮ ਨਾ ਹੋਵੇ ਭੁੱਲਾਂ ਬਖਸ਼ਾ ਘਰ ਪਰਤ ਆਏ।

ਸਤਿਗੁਰੂ ਵਿਚ ਇਹ ਵਡਿਆਈ ਹੈ ਕਿ ਉਹ ਸੰਸਾਰੀਆਂ ਨੂੰ ਬਾਹੋਂ ਫੜ੍ਹ ਕੇ ਗੰਦੇ ਟੋਏ ਵਿੱਚੋਂ ਕੱਢਦਾ ਹੈ। ਦੀਵਾਨ ਚੰਦ ਘਰ ਪਹੁੰਚਿਆ। ਬਾਣੀ ਨਾਲ ਧਿਆਨ ਜੋੜਿਆ, ਸਾਕਾਂ ਸੰਬੰਧੀਆਂ ਨੂੰ ਮਾਸ ਸ਼ਰਾਬ ਛੁਡਾਇਆ। ਵੇਲ ਨਵੇਂ ਸਿਰਿਓਂ ਹਰੀ ਹੋਣੀ ਸ਼ੁਰੂ ਹੋ ਗਈ। ਬੱਚਾ ਹੋਣ ਦੇ ਸਮੇਂ ਤੋਂ ਢਾਈ ਤਿੰਨ ਮਹੀਨੇ ਸ੍ਰੀ ਭੈਣੀ ਸਾਹਿਬ ਪੁੱਜ, ਹਲਟੀ ਵਾਲੇ ਚੁਬਾਰੇ ਵਿਚ ਉਹਨਾਂ ਦਾ ਡੇਰਾ ਲੱਗ ਗਿਆ। ਪ੍ਰਸੂਤ ਸਮੇਂ ਲੁਧਿਆਣੇ ਤੋਂ ਦਾਈ ਆਈ। ਡੇਢ ਸਾਲ ਪਿੱਛੋਂ ਉਸੇ ਬੱਚੇ ਨੇ ਦੁਬਾਰਾ ਜਨਮ ਲਿਆ। ਸਤਿਗੁਰੂ ਦੇ ਚਰਨਾਂ ਵਿਚ ਮਾਇਆ ਅਰਪਣ ਕੀਤੀ। ਸਾਧ ਸੰਗਤ ਦੀਆਂ ਖੁਸ਼ੀਆਂ ਹਿੱਤ ਜਲੇਬਾਂ ਦਾ ਲੰਗਰ ਕੀਤਾ। ਸਤਿਗੁਰੂ ਜੀ ਨੇ ਉਸ ਲੜਕੇ ਦਾ ਨਾਮ ਕਰਤਾਰ ਸਿੰਘ ਰਖਿਆ। ਖੁਸ਼ੀਆਂ ਲੈ ਕੇ ਘਰ ਵਾਪਸ ਮੁੜ ਆਏ। ਘਰ ਮੁੜਦਿਆਂ ਹੀ ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ। ਕਰਤਾਰ ਸਿੰਘ ਪਿੱਛੋਂ ਕੁਝ ਸਮੇਂ ਬਾਅਦ ਇਕ ਹੋਰ ਬੱਚੇ ਦਾ ਜਨਮ ਹੋਇਆ। ਉਸਦਾ ਨਾਮ ਅਵਤਾਰ ਸਿੰਘ ਰਖਿਆ ਗਿਆ। ਦੋ ਕੰਨਿਆਂ ਵੀ ਆਈਆਂ। ਸਾਕਾਂ ਸੰਬੰਧੀਆਂ ਨੂੰ ਚਾਈਂ ਚਾਈਂ ਦੱਸਣ ਕਿ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਇੰਦਰ ਬਾਗ਼ ਹੈ। ਜਿੱਥੇ ਕਲਪ ਬ੍ਰਿਛਾਂ ਤੇ ਕਾਮਧੇਣ ਦੇ ਵਗਾਂ ਦੇ ਵੱਗ ਚਰਦੇ ਹਨ। ਸਭ ਕਾਮਨਾ ਪੂਰੀਆਂ ਹੁੰਦੀਆਂ ਹਨ।

## ਹਨਾਮ ਕੌਰ ਗੋਬਿੰਦਣੀ

**ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥**<br>
**ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥**<br>
**ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥**<br>
**ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥**<br>
**ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥**<br>
**ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥**<br>
**ਸਤਿਗੁਰੁ ਹੋਇ ਦਇਆਲੁ ਤਾ ਨਵਨਿਧਿ ਪਾਈਐ॥**<br>
**ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ॥**

ਪਉੜੀ (ਮਾਝ ਕੀ ਵਾਰ (੧੪੯)

Sri Satguru Jagjit Singh Ji eLibrary NamdhariElibrary@gmail.com

# ਚੀਫ ਇੰਜੀਨੀਅਰ

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗ੍ਰਹਿਸਤ ਆਸ਼ਰਮ ਨੂੰ ਪ੍ਰਧਾਨਗੀ ਬਖਸ਼ੀ। ਗ੍ਰਿਸਤੀ ਵਾਸਤੇ ਲਾਜ਼ਮੀ ਹੈ, ਕਿ ਉਹ ਆਪਣੇ ਪਰਿਵਾਰ ਲਈ ਦਸਾਂ ਨਵ੍ਹਾਂ ਦੀ ਕਿਰਤ ਕਰੇ। ਸੁੱਚੀ ਕਮਾਈ ਵੀ ਇਕ ਬੰਦਗੀ ਹੈ। ਬੰਤਾ ਸਿੰਘ ਰੋਜ਼ਗਾਰ ਦੀ ਭਾਲ ਵਿਚ ਉਕਾੜਾ ਕਾਟਨ ਮਿਲ ਮਿੰਟਗੁਮਰੀ ਵਿਚ ਜਾ ਭਰਤੀ ਹੋਇਆ। ਕੰਮ ਦਾ ਹੋਸ਼ਿਆਰ ਸੀ ਤੇ ਭਜਨ ਬੰਦਗੀ ਦਾ ਪ੍ਰੇਮੀ। ਥੋੜ੍ਹੇ ਦਿਨਾਂ ਵਿਚ ਹੀ ਅਫ਼ਸਰ ਦੇ ਮਨ ਨੂੰ ਖਿੱਚ ਲਿਆ। ਮਗਰ ਸਵਾਰਥਾ! ਤੈਨੂੰ ਸੌ ਫਿਟਕਾਰਾਂ! ਤੈਨੂੰ ਨੇਕੀ ਬਦੀ ਵਿਚ ਕੋਈ ਫ਼ਰਕ ਨਹੀਂ। ਤੈਨੂੰ ਗੰਦਗੀ ਮਨ ਭਾਉਂਦੀ ਏ। ਓਥੇ ਦੇ ਕਾਰੀਗਰ ਇਸ ਦੀ ਇੱਜ਼ਤ ਨੂੰ ਸਹਾਰ ਨਾ ਸਕੇ। ਉਨ੍ਹਾਂ ਨੂੰ ਸ਼ਰਾਰਤ ਸੁੱਝੀ ਤੇ ਉਹ ਇਸ ਦੀ ਮਸ਼ੀਨ ਦੇ ਨਟ ਕੱਢ ਛੱਡਣ ਤੇ ਮਸ਼ੀਨ ਪੂਰੀ ਕੰਮ ਨਾ ਕਰੇ। ਇਸ ਕਾਰ ਕਰਦਗੀ ਵੀ ਥੋੜ੍ਹੀ ਹੋਵੇ। ਮੈਨੇਜਰ ਨੇ ਖ਼ਫ਼ਾ ਹੋਣਾ ਸ਼ੁਰੂ ਕਰ ਦਿੱਤਾ। ਜਦ ਕਦੀ ਵੀ ਮੌਕਾ ਮਿਲੇ ਬੰਤਾ ਸਿੰਘ ਦੇ ਸਿਰ ਤੇ ਜਾ ਖੜ੍ਹਾ ਹੋਵੇ, ਡਾਂਟ ਡਪਟ ਕਰੇ। ਇਸ ਨੇ ਕਈ ਪੈਂਤੜੇ ਬਦਲੇ ਪਰ ਇਸ ਨੂੰ ਕੁਝ ਸਮਝ ਨਾ ਆਵੇ। ਇਹ ਆਪਣੇ ਵੱਲੋਂ ਟਿਲ ਲਾਵੇ, ਪਰ ਮਸ਼ੀਨ ਪੂਰਾ ਕੰਮ ਨਾ ਕਰੇ। ਗ਼ਰੀਬ ਨੂੰ ਝਾੜਾਂ ਝੰਭਾਂ ਵਰਦੀਆਂ ਰਹਿਣ। ਇਸ ਮਨ ਵਿਚ ਧਾਰ ਲਿਆ ਕਿ ਇਸ ਬੇ-ਇੱਜ਼ਤੀ ਦੀ ਨੌਕਰੀ ਨਾਲੋਂ ਵੇਲ੍ਹਾ ਰਹਿਣਾ ਚੰਗਾ। ਅੱਛਾ ਸਤਿਗੁਰੂ ਤੇਰੀ ਰਜ਼ਾ ਇਹ ਵਿਚਾਰ ਬਣਾ, ਬਿਸਤਰਾ ਬੰਨ੍ਹ, ਰਾਤੋ ਰਾਤ ਨਿਕਲ ਜਾਣਾ ਧਾਰ ਲਿਆ।

ਬੰਤਾ ਸਿੰਘ ਦੀ ਉਲਝਣ ਸਤਿਗੁਰੂ ਪ੍ਰਤਾਪ ਸਿੰਘ ਤੇ ਚਰਨਾਂ ਵਿਚ ਪੁੱਜ ਗਈ:-

**ਸਤਿਗੁਰੂ ਸਦਾ ਦਇਆਲ!**
**ਸਤਿਗੁਰੂ ਸਦਾ ਕਿਰਪਾਲ!**
**ਸਤਿਗੁਰੂ ਸਿੱਖ ਦੀ ਬਿਗਾੜੀ ਸਵਾਰੇ,**
**ਸਤਿਗੁਰੂ ਸਿੱਖ ਦੀ ਰੇਖ ਵਿਚ ਮੇਖ ਮਾਰੇ।**
**ਦੇਸ ਹੋਵੇ ਪਰਦੇਸ ਹੋਵੇ,**
**ਸਤਿਗੁਰੂ ਸਭ ਥਾਈਂ ਸਹਾਈ ਹੋਵੇ।**

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਉਸੇ ਸਮੇਂ ਉਕਾੜਾ ਜਾ ਕੇ ਢਾਰਸ ਬਣਾਈ। ਬੰਤਾ ਸਿੰਘ ਸਾਮਾਨ ਦੀ ਢੋਹ ਲਾ ਨਿਕਲਣ ਲਈ ਮੌਕਾ ਤਾੜ ਰਿਹਾ ਸੀ, ਕਿ ਬੈਠਿਆਂ ਬੈਠਿਆਂ ਅੱਖ ਲੱਗ ਗਈ। ਉਘਲਾਂਦਿਆਂ ਸਮੇਂ ਦੇ ਮਾਲਿਕ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ। ਰਣਜੀਤ ਸਿੰਘ ਘੋੜੇ ਤੇ ਸਵਾਰ, ਨੂਰਾਨੀ ਚਿਹਰਾ, ਦੁੱਧ ਚਿੱਟੀ ਐਚਕਨ, ਗਲੇ ਸਫ਼ੈਦ ਉੱਨ ਦੀ ਮਾਲਾ। ਨਾਲ ਸੇਵਕ। ਸਤਿਗੁਰੂ ਜੀ ਦਾ ਦਰਸ਼ਨ ਕਰ ਸਿੱਖ ਦਾ ਮਨ ਬਾਗੋ ਬਾਗ ਹੋ ਗਿਆ। ਅੱਗੋਂ ਉੱਠ ਕੇ ਨਮਸਕਾਰ ਕੀਤੀ। ਚਰਨ ਛੂਹੇ। ਸਤਿਗੁਰੂ ਜੀ ਘੋੜੇ ਤੇ ਚੜ੍ਹੇ ਚੜ੍ਹਾਏ ਮਿਲ ਕੋਲ ਪੁੱਜੇ ਨਾਲ ਸੇਵਕ ਵੀ ਗਿਆ। ਉਸੇ ਮਸ਼ੀਨ ਤੇ ਜਿੱਥੇ ਬੰਤਾ ਸਿੰਘ ਕੰਮ ਕਰਦਾ ਸੀ। ਸੱਚੇ ਪਾਤਸ਼ਾਹ ਸਿੱਖ ਨੂੰ ਦੱਸਦੇ ਰਹੇ। ਇਸ ਦੇ ਨਟ ਕਸ, ਇਸ ਦਾ ਫਲਾਣਾ ਪੁਰਜਾ ਬਦਲ ਦੇ। ਸਿੰਘ ਕਾਰੀਗਰ ਹੁਕਮ ਅਨੁਸਾਰ ਕਰਦਾ ਗਿਆ। ਮਸ਼ੀਨ ਬਿਲਕੁਲ ਠੀਕ ਚਲਣ ਲੱਗ ਪਈ। ਇਹ ਦਸ ਸਤਿਗੁਰੂ ਜੀ ਰਣਜੀਤ ਸਿੰਘ ਦੀਆਂ ਵਾਗਾਂ ਮੋੜੀਆਂ ਅਤੇ ਬੰਤਾ ਸਿੰਘ ਦੀ ਅੱਖ ਖੁੱਲ੍ਹ ਗਈ।

ਧੰਨ ਸਤਿਗੁਰੂ ਪ੍ਰਤਾਪ, ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਕਹਿੰਦਾ ਬੰਤਾ ਸਿੰਘ ਉਠ ਖਲੋਤਾ। ਕਦੇ ਸੋਚੇ ਇਹ ਸੁਪਨਾ ਸੀ, ਕਦੇ ਕਹੇ ਇਹ ਸਤਿਗੁਰੂ ਦਾ ਕੌਤਕ ਏ। ਸਤਿਗੁਰੂ ਤ੍ਰੁਠ ਪਏ ਹਨ। ਕਦੇ ਕਹੇ ਸੁਪਨੇ ਸੁਪਨੇ ਹੁੰਦੇ ਹਨ। ਕਈ ਵੇਰ ਜੋ ਸੁਪਨੇ ਵਿਚ ਵੇਖਿਆ ਉਹਦੇ ਉਲਟ ਹੁੰਦਾ ਹੈ। ਖ਼ੈਰ ਮਨ ਨੂੰ ਢਾਰਸ ਆਈ ਤੇ ਬਿਸਤਰਾ ਖੋਲ੍ਹ ਲੇਟ ਗਿਆ। ਦਿਨ ਚੜ੍ਹਿਆ ਇਸ਼ਨਾਨ ਕੀਤਾ, ਮਾਲਾ ਫੇਰੀ, ਪ੍ਰਸ਼ਾਦ ਛੱਕਿਆ ਤੇ ਡਿਊਟੀ ਤੇ ਜਾਣ ਵਾਸਤੇ ਤਿਆਰ ਹੋ ਗਿਆ। ਬੂਹੇ ਤੋਂ ਬਾਹਰ ਹੀ ਨਿਕਲਣ ਲੱਗਾ ਸੀ, ਕਿ ਜਿਸ ਸਿੱਖ ਦੇ ਰਾਤ ਸਤਿਗੁਰਾਂ ਦੇ ਨਾਲ ਦਰਸ਼ਨ ਹੋਏ ਸਨ, ਉਹ ਸਾਹਮਣੇ ਆ ਖਲੋਤਾ। ਬੰਤਾ ਸਿੰਘ ਹੈਰਾਨ ਪਰੇਸ਼ਾਨ, ਚਰਨੀਂ ਹੱਥ ਲਾਇਆ ਤੇ ਜਲ ਪ੍ਰਸ਼ਾਦ ਦੀ ਅਰਜ਼ ਕੀਤੀ। ਸਿੱਖ ਨੇ ਕਿਹਾ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਦਰਸ਼ਨ ਦੇ ਕੇ ਕਹਿ ਗਏ ਹਨ ਕਿ ਓਕਾੜੇ ਮਿਲ ਵਿੱਚੋਂ ਬੰਤਾ ਸਿੰਘ ਜੀ ਸ੍ਰੀ ਭੈਣੀ ਸਾਹਿਬ ਦਾ ਮਿਸਤਰੀ ਸਿੰਘ ਹੈ। ਉਸ ਦੀ ਮਸ਼ੀਨ ਵਿਚ ਨੁਕਸ ਹੈ, ਤੂੰ ਠੀਕ ਕਰੀਂ। ਮੈਂ ਉਹ ਮਸ਼ੀਨ ਵੇਖਣ ਆਇਆ ਹਾਂ। ਦੋਵੇਂ ਮਿਲ ਵਲ ਚਲੇ ਗਏ।

ਉਹ ਸਿੰਘ ਮਸ਼ੀਨ ਪਾਸ ਗਿਆ। ਜਿੱਥੇ ਜਿੱਥੇ ਸਤਿਗੁਰੂ ਜੀ ਰਾਤੀ ਠੀਕ ਕਰਾਈ ਸੀ, ਨਟ ਕਸਵਾਏ ਸਨ, ਪੁਰਜੇ ਬਦਲਵਾਏ ਸਨ ਉਵੇਂ ਠੀਕ ਕਰ ਦਿੱਤੇ। ਮਸ਼ੀਨ ਬਿਲਕੁਲ ਠੀਕ ਚੱਲਣ ਲੱਗ ਪਈ। ਗੁਰੂ ਕਾ ਲਾਲ ਠੀਕ ਕਰਕੇ ਮੁੜ ਆਇਆ। ਬੰਤਾ ਸਿੰਘ ਬੜਾ ਧੰਨਵਾਦ ਕੀਤਾ ਤੇ ਮਨ ਵਚ ਸੋਚੇ:-

**ਇਹ ਸੁਪਨਾ ਹੈ?**
**ਇਹ ਪਰਤਖ ਦਰਸ਼ਨ,**
**ਹਰ ਥਾਂ ਰਮਿਆ ਰਾਮ।**
**ਮਹਾਂ ਪੁਰਸ਼ਾ ਦੇ ਸੁਪਨ-ਦਰਸ਼ਨ**
**ਸੁਪਨੇ ਨਹੀਂ ਹੁੰਦੇ, ਸਗੋਂ**

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੀ ਮਿਹਰਾਂ, ਉਨ੍ਹਾਂ ਦੀਆਂ ਰਹਿਮਤਾਂ
ਉਨ੍ਹਾਂ ਦੀਆਂ ਬਖਸ਼ਸ਼ਾਂ ਦੇ ਚਿੰਨ੍ਹ ਹੁੰਦੇ ਹਨ।
ਇਹ ਪ੍ਰਤੱਖ ਸਬੂਤ ਹੈ।

ਹੁਣ ਬੰਤਾ ਸਿੰਘ ਦੀ ਉਪਜ ਵੱਧ ਗਈ! ਤੇ ਸਭਨਾਂ ਕਾਰੀਗਰਾਂ ਨਾਲੋਂ ਨੰਬਰ ਲੈ ਗਿਆ। ਮੈਨੇਜਰ ਬੜਾ ਪ੍ਰਸੰਨ ਸੀ, ਜਦ ਲੰਘੇ ਸ਼ਾਬਾਸ਼ ਦੇ ਕੇ ਜਾਵੇ। ਇਕ ਦਿਨ ਮੈਨੇਜਰ ਬੰਤਾ ਸਿੰਘ ਪਾਸੋਂ ਪੁੱਛ ਹੀ ਬੈਠਾ। ਉਸ ਕਿਹਾ ਜੀ! ਤੁਸੀਂ ਪੁੱਛ ਕੇ ਕੀ ਲੈਣਾ ਏ? ਮੇਰੇ ਸਤਿਗੁਰ ਨੇ ਮੇਰੀ ਬਾਂਹ ਫੜੀ, ਉਸ ਕ੍ਰਿਪਾਲਤਾ ਕੀਤੀ ਏ, ਸਭ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਹੈ। ਪਰ ਮੈਨੇਜਰ ਮੁੜ ਕਿਹਾ, ਇਹ ਤਾਂ ਠੀਕ ਹੈ, ਪਰ ਪਹਿਲਾਂ ਕੀ ਕਾਰਨ ਸੀ? ਬੰਤਾ ਸਿੰਘ ਨੇ ਨਰਮੀ ਨਾਲ ਕਿਹਾ, ਕੁੱਤੇ ਦਾ ਕੁੱਤਾ ਵੈਰੀ। ਮਿਲ ਦੇ ਕੁਝ ਕਾਰੀਗਰ ਮੇਰੇ ਨਾਲ ਖਾਰ ਖਾਂਦੇ ਸਨ। ਉਹ ਕੌਣ ਹਨ? ਬੰਤਾ ਸਿੰਘ ਨੇ ਇਕ ਮਿਸਤਰੀ ਵੱਲ ਇਸ਼ਾਰਾ ਕੀਤਾ, ਪਰ ਨਾਲ ਹੀ ਉਸ ਨੂੰ ਮਾਫ਼ ਕਰਨ ਵਾਸਤੇ ਬੇਨਤੀ ਕੀਤੀ। ਪਰ ਮੈਨੇਜਰ ਸਿੰਘ ਦੀ ਸਫ਼ਾਰਸ਼ ਦੇ ਬਾਵਜੂਦ ਵਿਰੋਧੀਆਂ ਦਾ ਸਾੜਾ ਤੋਲ ਚੁੱਕਾ ਸੀ, ਉਸ ਬੰਤਾ ਸਿੰਘ ਦੇ ਹੱਥ ਜੋੜਨ ਤੇ ਵੀ ਦੋ ਤਿੰਨ ਠੁੱਡੇ ਕੱਢ ਮਾਰੇ ਤੇ ਨੌਕਰੀ ਤੋਂ ਜਵਾਬ ਦੇ ਦਿੱਤਾ।

ਬੰਤਾ ਸਿੰਘ ਮਿਲ ਵਿਚ ਅੱਠ ਮਹੀਨੇ ਕੰਮ ਕੀਤਾ। ਇਹ 800 ਰੁਪਏ ਕਮਾ ਕੇ ਲਿਆਇਆ, ਤੇ ਆਉਂਦਿਆਂ ਈ ਭਾਈ ਅਰਜਨ ਸਿੰਘ ਦੇ ਹਵਾਲੇ ਦਸਵੰਧ ਪੇਸ਼ ਕੀਤਾ ਤੇ ਸਾਰੀ ਵਾਰਤਾ ਸੁਣਾਈ। ਭਾਈ ਅਰਜਨ ਸਿੰਘ ਕਹਾਣੀ ਸੁਣ ਕੇ ਬੜਾ ਰਾਜ਼ੀ ਹੋਇਆ। ਦਸਵੰਧ ਲੈ ਕੇ ਸਤਿਗੁਰਾਂ ਦੇ ਚਰਨਾਂ ਵਿਚ ਰੱਖਣ ਲਈ ਤੁਰ ਪਇਆ।

ਦੋਵੇਂ ਭਰਾ ਕੋਠੀ ਵੱਲ ਟੁਰ ਪਏ। ਅੱਗੇ ਦਰਵਾਜ਼ਾ ਬੰਦ ਸੀ। ਅਤੇ ਲਿਖਿਆ ਹੋਇਆ ਸੀ, "ਬਿਨਾ ਆਗਿਆ ਅੰਦਰ ਆਉਣਾ ਮਨ੍ਹਾ ਹੈ।" ਬੰਤਾ ਸਿੰਘ ਕਿਹਾ ਭਾਈ ਅੰਦਰ ਜਾਣ ਦੀ ਮਨਾਹੀ ਏ, ਹੁਣ ਕਿਵੇਂ ਕਰੀਏ? ਉਹ ਭਲਿਆ ਲੋਕਾ, ਇਹ ਸਾਡੇ ਵਾਸਤੇ ਥੋੜ੍ਹਾ ਏ। ਚਲ ਹਰਿਮੰਦਰ ਸਾਹਿਬ ਦੇ ਲਾਗੇ ਖਿੜਕੀ ਏ। ਉੱਥੋਂ ਜਾ ਘੁਸਾਂਗੇ। ਜੇ ਉਹ ਵੀ ਬੰਦ ਹੋਈ ਤਾਂ ਸਰੋਵਰ ਵਿੱਚੋਂ ਲੰਘ ਜਾ ਹਾਜ਼ਰ ਹੋਵਾਂਗੇ। ਇਹ ਤਾਂ ਆਪਣਾ ਘਰ ਹੈ। ਖ਼ੈਰ ਇਹ ਦੋਵੇਂ ਜਣੇ ਹਰਿਮੰਦਰ ਸਾਹਿਬ ਪਾਸ ਜਾ ਪੁੱਜੇ, ਖਿੜਕੀ ਖੁੱਲ੍ਹੀ ਸੀ। ਇਹ ਅੰਦਰ ਚਲੇ ਗਏ। ਅੱਗੇ ਸਤਿਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸੱਚੇ ਪਾਤਸ਼ਾਹ ਕੁਰਸੀ ਤੇ, ਖੱਬੇ ਹੱਥ ਚੌਰੀ ਫੜੀ ਭਾਈ ਵਜ਼ੀਰ ਸਿੰਘ, ਸਾਹਮਣੇ ਸਫਾਂ ਤੇ ਸਿੰਘ ਬੈਠੇ ਸਤਿਗੁਰੂ ਜੀ ਦੇ ਪਵਿੱਤਰ ਬਚਨ ਸੁਣ ਮੁਗਧ ਹੋਇ ਬੈਠੇ ਸਨ। ਅਰਜਨ ਸਿੰਘ ਨੇ 80 ਰੁਪਏ ਚਰਨਾਂ ਤੇ ਰੱਖ ਮੱਥਾ ਟੇਕਿਆ। ਸਤਿਗੁਰੂ ਜੀ ਮੁਸਕਰਾ ਕੇ ਬਚਨ ਕੀਤਾ ਅਰਜਨ ਸਿੰਘਾ! "ਇਹ ਕੇਹੀ ਮਾਇਆ ਲੈ ਆਇਆ ਏਂ?" ਸੱਚੇ ਪਾਤਸ਼ਾਹ! ਬੰਤਾ ਸਿੰਘ ਉਕਾੜੇ ਕੰਮ ਕਰਦਾ ਸੀ। ਉਹ

Sri Satguru Jagjit Singh Ji eLibrary NamdhariElibrary@gmail.com

ਆਇਆ ਹੈ, ਤੇ ਕਹਿੰਦਾ ਏ, ਕਿ ਸਾਰ ਮਾਇਆ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮੇਹਰ ਨਾਲ ਪ੍ਰਾਪਤ ਹੋਈ ਹੈ। ਇਹ ਆਪਦੀ ਹੈ। ਤੁਸੀਂ ਸਭ ਜਾਣਦੇ ਹੋ, ਇਸ ਨੂੰ ਸੰਭਾਲੋ।"

**ਅਰਜਨ ਸਿੰਘ**
ਸ੍ਰੀ ਭੈਣੀ ਸਾਹਿਬ

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ,**
**ਬੈਠਿ ਰਹਿਓ ਬਕ ਧਿਆਨ ਲਗਾਇਓ॥**
**ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ,**
**ਲੋਕ ਗਇਓ ਪਰਲੋਕ ਗਵਾਇਓ॥**
**ਬਾਸ ਕੀਓ ਬਿਖਿਆਨ ਸੋ ਬੈਠ ਕੈ,**
**ਐਸੇ ਹੀ ਐਸ ਸੁ ਬੈਸ ਬਿਤਾਇਓ॥**
**ਸਾਚੁ ਕਹੌਂ ਸੁਨ ਲੇਹੁ ਸਭੈ,**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**
**ਤ੍ਵ ਪ੍ਰਸਾਦਿ॥ਸ੍ਵਯੇ॥** (ਅਕਾਲ ਉਸਤਤਿ 'ਚੋਂ)

Sri Satguru Jagjit Singh Ji eLibrary NamdhariElibrary@gmail.com

# ਬਖਸ਼ਿਸ਼

ਕੂਕਾ ਗੁਰਬਖਸ਼ ਸਿੰਘ ਚੱਕ ਵਾਲਾ ਬਚਪਨ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹਾਣੀ ਸਦਕਾ ਅਕੱਠੇ ਖੇਡਦੇ, ਕੁਸ਼ਤੀ ਕਰਦੇ, ਤੇ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣੇ ਵਾਲਿਆਂ ਕੋਲ ਪੜ੍ਹਦੇ ਰਹੇ। ਸੱਚ ਮੁੱਚ ਕੂਕਾ ਗੁਰਬਖਸ਼ ਸਿੰਘ ਬੜੇ ਭਾਗਾਂ ਵਾਲਾ ਸੀ ਜਿਸ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੂਰਮਿਆਂ ਵਾਂਗੂ ਆਪਣਾ ਮਿੱਤਰ ਬਣਾਇਆ ਜਿਸ ਦੀ ਵੱਡੀ ਵਜ੍ਹਾ ਇਹ ਸੀ ਕਿ ਗੁਰਬਖਸ਼ ਸਿੰਘ ਦਾ ਪਿਤਾ ਸੰਤ ਮਸਤਾਨ ਸਿੰਘ ਜੀ ਇਕ ਬਹੁਤ ਪੂਰਨ ਸਾਧੂ ਸੀ। ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਹਜ਼ੂਰੀ ਸੇਵਕ ਸੀ। ਸ੍ਰੀ ਭੈਣੀ ਸਾਹਿਬ ਰਹਿੰਦਿਆਂ ਗੁਰਬਖਸ਼ ਸਿੰਘ ਊਠਾਂ ਦੇ ਚਾਰਨ ਦੀ ਸੇਵਾ ਕਰਦਾ ਹੁੰਦਾ ਸੀ। ਉਸ ਵਕਤ ਇਸ ਦੀ ਉਮਰ 15-16 ਸਾਲ ਦੀ ਸੀ ਤੇ ਚੰਗਾ ਭਰਵਾਂ ਤੇ ਸਾਢੇ ਛੇ ਫੁਟ ਕੱਦ, ਚੌੜਾ ਚੇਹਰਾ, ਕੁਸ਼ਤੀ ਕਰਨ ਦਾ ਸ਼ੌਕ ਰੱਖਦਾ ਸੀ। ਡਾਂਗ ਸੋਟਾ ਮਾਰਨ ਦੀ ਪਰਵਾਹ ਵੀ ਘੱਟ ਹੀ ਕਰਦਾ।

ਜਦੋਂ ਊਠਾਂ ਨੂੰ ਬਾਹਰ ਲਿਜਾਂਦਾ ਤਾਂ ਰੁੱਖਾਂ ਦੇ ਥਾਂ ਇਹ ਕੋਟ ਰੀਗੂ, ਕੁਰਕੀ ਕਟਾਣੀ ਆਦਿਕ ਪਿੰਡਾਂ ਦੀਆਂ ਪੈਲੀਆਂ ਵਿਚ ਜਾ ਛੱਡਦਾ।

ਇਕ ਵਾਰੀ ਸਾਰੇ ਪਿੰਡਾਂ ਦੇ ਸਿਆਣੇ ਸਿਆਣੇ ਆਦਮੀ ਇਕੱਠੇ ਹੋਕੇ ਸ੍ਰੀ ਗੁਰੂ ਹਰੀ ਸਿੰਘ ਜੀ ਪਾਸ ਆਏ, ਅਤੇ ਗੁਰਬਖਸ਼ ਸਿੰਘ ਬਾਰੇ ਬੜਾ ਰੋਸ ਜਾਹਿਰ ਕੀਤਾ। ਤਾਂ ਸ੍ਰੀ ਗੁਰੂ ਹਰੀ ਸਿੰਘ ਜੀ ਸੱਚੇ ਪਾਤਸ਼ਾਹ ਨੇ ਬਾਬਾ ਮਸਤਾਨ ਸਿੰਘ ਨੂੰ ਹੁਕਮ ਦੇ ਕੇ ਗੁਰਬਖਸ਼ ਸਿੰਘ ਨੂੰ ਪਾਸ ਬੁਲਾਇਆ। ਤੇ ਸਾਰਿਆਂ ਦੇ ਸਾਹਮਣੇ ਸੰਤ ਮਸਤਾਨ ਸਿੰਘ ਨੂੰ ਆਖਣ ਲੱਗੇ ਬਾਬਾ ਤੇਰਾ ਮੁੰਡਾ ਪਿੰਡਾਂ ਵਾਲਿਆਂ ਜਿਮੀਂਦਾਰਾਂ ਦੀਆਂ ਫਸਲਾਂ ਉਜਾੜਦਾ ਹੈ? ਤੇ ਜਦੋਂ ਕੋਈ ਇਸ ਨੂੰ ਉਜਾੜ ਵੱਲੋਂ ਕੁਝ ਆਖਦਾ ਹੈ ਤਾਂ ਇਹ ਆਖਣ ਵਾਲਿਆਂ ਨੂੰ ਮਾਰ ਕੁੱਟ ਕੇ ਆਪ ਊਠ ਤੇ ਚੜ੍ਹ ਨੱਸ ਆਉਂਦਾ ਹੈ। ਇਸ ਦਾ ਕੀ ਜਤਨ ਕਰੀਏ?

ਸਗੋਂ ਸੱਚੇ ਪਾਤਸ਼ਾਹ ਜੀ ਨੇ ਸੁਭਾਵਿਕ ਹੀ ਕਹਿ ਦਿੱਤਾ ਕਿ ਮੈਨੂੰ ਤਾਂ ਇਹ ਬੜਾ ਬਦਮਾਸ਼ ਤੇ ਦਸ ਨੰਬਰੀਆ ਦਿੱਸਦਾ ਹੈ? ਇਹ ਇਹੋ ਜਿਹੇ ਕੰਮ ਕਰਿਆ ਕਰੇਗਾ? ਜਾ ਬਾਬਾ ਇਸਨੂੰ ਸਮਝਾ ਅੱਗੇ ਵਾਸਤੇ ਇਹ ਕੰਮ ਨਾ ਕਰੇ। ਬੇਸ਼ੱਕ ਊਠ ਵੀ ਨਾ ਛਡਿਆ ਕਰੇ? ਜਾਓ ਨਾਲੇ ਇਨ੍ਹਾਂ ਜਿਮੀਂਦਾਰਾਂ ਨੂੰ ਜਲ ਪ੍ਰਸ਼ਾਦਾ ਛਕਾਓ? ਗੁਰੂ ਜੀ ਨੇ ਨਗਰਾਂ ਦੇ ਜ਼ਿਮੀਂਦਾਰਾਂ ਨੂੰ ਵੀ ਭਰੋਸਾ ਦਿਵਾਇਆ ਕਿ ਅੱਜ ਤੋਂ ਇਸ ਦੀ ਡਿਊਟੀ ਹੀ ਬਦਲ ਦਿੰਦੇ ਹਾਂ? ਅੱਗੇ ਤੋਂ ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਦੇਵਨੇਤ ਬਾਬੇ ਮਸਤਾਨ ਸਿੰਘ ਦਾ ਭਰਾ ਗੁਪਾਲਾ ਤੇ ਹੋਰ ਸੰਬੰਧੀ ਆਕੇ ਬਾਬੇ ਮਸਤਾਨ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਤੋਂ ਪਰਿਵਾਰ ਸਮੇਤ ਸਾਡੇ ਪਿੰਡ ਡੈਹਰ ਲੈ ਆਏ। ਉਸ ਵਕਤ ਗੁਰਬਖਸ਼ ਸਿੰਘ 18 ਸਾਲ ਦਾ ਸੀ। ਇਸ ਪਿੰਡ ਵਿਚ ਰਹਿੰਦਿਆਂ ਚਾਰ ਸਾਲਾਂ ਵਿਚ ਗੁਰਬਖਸ਼ ਸਿੰਘ ਕੁਸੰਗਤ ਕਰਨ ਦੇ ਕਾਰਨ ਮਾਸ ਸ਼ਰਾਬ ਵਰਤਣ ਤੇ ਚੋਰੀਆਂ ਕਰਨ ਲੱਗ ਪਿਆ। ਤੇ ਸਗੋਂ ਜਣੇ ਖਣੇ ਨਾਲ ਲੜਾਈ ਝਗੜਾ ਕਰਨ ਤੋਂ ਵੀ ਸੰਕੋਚ ਨਾ ਕਰਦਾ।

ਬਾਬਾ ਮਸਤਾਨ ਸਿੰਘ ਜੀ ਨੇ ਬਹੁਤ ਵਾਰੀ ਨਾਰਾਜ਼ ਹੋਣਾ ਤੇ ਆਖਣਾ 'ਗੁਰਬਖਸ਼' ਤੇਰੇ ਕੀ ਅਖ਼ਤਿਆਰ ਹੈ ਗੁਰੂ ਕੇ ਫਿਟਕਾਰੇ ਦਾ ਏਹੋ ਹੀ ਹਾਲ ਹੁੰਦਾ ਹੈ?

ਫਿਰ ਆਪੇ ਹੀ ਆਖਣਾ ਸੱਚੇ ਪਾਤਸ਼ਾਹ ਜਿਵੇਂ ਤੇਰੀ ਰਜ਼ਾ।

ਸਮਾਂ ਲੰਘਦਾ ਗਿਆ। ਆਮ ਲੋਕਾਂ ਵਿਚ ਮਸ਼ਹੂਰ ਹੋ ਗਿਆ ਕਿ ਗੁਰਬਖਸ਼ ਸਿੰਘ ਕੂਕਾ ਦਸ ਨੰਬਰ ਦਾ ਬਦਮਾਸ਼ ਹੈ?

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਗੱਦੀ ਉੱਤੇ ਸ਼ਸ਼ੋਭਿਤ ਹੁੰਦਿਆਂ ਹੀ ਬਾਬੇ ਮਸਤਾਨ ਸਿੰਘ ਨੂੰ ਪੁੱਛਿਆ, ਬਾਬਾ ਜੀ ਗੁਰਬਖਸ਼ ਦਾ ਕੀ ਹਾਲ ਹੈ?

ਬਾਬਾ ਜੀ ਨੇ ਦੱਸਿਆ ਕਿ ਕੁਸੰਗੀਆਂ ਵਿਚ ਰਲ ਕੇ ਖੋਟੇ ਕੰਮ ਕਰਦਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਹ ਸੁਣਕੇ ਕਹਿਣ ਲੱਗੇ, 'ਗੁਰਬਖਸ਼ ਮੇਰੇ ਮੱਥੇ ਨਾ ਲੱਗੇ?'

ਮੈਨੂੰ ਯਾਦ ਹੈ ਇਕ ਵਾਰੀ ਮੈਂ ਵੀ ਸ੍ਰੀ ਭੈਣੀ ਸਾਹਿਬ ਆਇਆ ਹੋਇਆ ਸੀ ਕਿ ਗੁਰਬਖਸ਼ ਸਿੰਘ ਵੀ ਕੁਦਰਤੀ ਏਥੇ ਆ ਗਿਆ। ਮੈਂ ਵੀ ਕੋਲ ਹੀ ਸਾਂ ਕਿ ਪੂਜਯ ਮਾਤਾ ਜੀਉਣ ਕੌਰ ਉਸ ਨੂੰ ਖੜ੍ਹਾ ਵੇਖ ਕੇ ਆਪਣੇ ਚਰਨਾਂ ਤੋਂ ਪਊਲ ਲਾਹਕੇ 2-3 ਹਉਲੇ ਹਉਲੇ ਗੁਰਬਖਸ਼ ਸਿੰਘ ਨੂੰ ਲਾਏ ਤੇ ਬੜੇ ਪਿਆਰ ਨਾਲ ਆਖਿਆ ਕਿ ਬਾਬੇ ਮਸਤਾਨ ਸਿੰਘ ਦਾ ਪੁੱਤਰ ਹੋ ਕੇ ਬਦਮਾਸ਼ੀਆਂ ਕਰੇਂ ਤੈਨੂੰ ਸ਼ਰਮ ਨਹੀਂ ਆਉਂਦੀ?

ਜੇ ਹੁਣ ਏਥੇ ਆਇਆ ਹੈਂ ਤਾਂ ਜਾਹ ਆਪਣੇ ਲੰਗੋਟੀਏ ਯਾਰ ਤੋਂ ਬਖਸ਼ ਨਾਵਾਂ ਕਰਵਾ ਲੈ? ਪਰ ਉਸ ਵਕਤ ਗੁਰਬਖਸ਼ ਨਾ ਮੰਨਿਆ ਸਾਰੇ ਮਾਲਵੇ ਵਿਚ ਇਸ ਦੀਆਂ ਧੁੰਮਾਂ ਪਈਆਂ ਸਨ। ਬਸ ਇੱਕੋ ਡਾਂਗ ਨਾਲ ਹੀ ਬੰਦੇ ਨੂੰ ਚਿੱਤ ਕਰ ਛੱਡਦਾ ਸੀ। ਪੁਲਿਸ ਵਿਚ ਤੇ ਪਿੰਡਾਂ ਵਿਚ ਗੁਰਬਖਸ਼ ਕੂਕੇ ਕੀਆਂ ਗੱਲਾਂ ਹੁੰਦੀਆਂ।

ਜੇ ਕਦੇ ਰੱਬ ਸਬੱਬੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋ ਜਾਣੇ ਤਾਂ ਦੂਰੋਂ ਹੀ ਨਮਸਕਾਰ ਕਰ ਦਿੰਦਾ, ਸੱਚੇ ਪਾਤਸ਼ਾਹ ਵੀ ਦੂਰੋਂ ਵੇਖਕੇ ਝਿੜਕਾਂ ਦੇਣ ਲੱਗ ਪੈਂਦੇ, ਤੂੰ ਕੂਕਿਆਂ ਦੇ ਨਾਮ ਨੂੰ ਬਦਨਾਮ ਕਰ ਰਿਹਾ ਹੈਂ। ਕਾਫ਼ੀ ਸਮਾਂ ਇਸ ਤਰ੍ਹਾਂ ਹੀ ਲੰਘ ਗਿਆ। ਸੰਨ 1933-34 ਦੀ ਗੱਲ ਹੈ। ਹਾੜ ਦੇ ਮਹੀਨੇ ਦੁਆਬੇ ਦਾ ਦੌਰਾ ਕਰਦੇ ਸੱਚੇ ਪਾਤਸ਼ਾਹ ਡੈਹਰ ਆਏ। ਉਸ ਵਕਤ ਘੋੜਿਆਂ

Sri Satguru Jagjit Singh Ji eLibrary NamdhariElibrary@gmail.com

ਉੱਤੇ ਦੌਰਾ ਹੋਇਆ ਕਰਦਾ ਸੀ। ਇਸ ਦੌਰੇ ਦੇ ਨਾਲ ਸੰਤ ਨਿਧਾਨ ਸਿੰਘ ਜੀ ਆਲਮ, ਸੰਤ ਦਸੌਂਧਾ ਸਿੰਘ ਜੀ ਨਗਰ ਵਾਲੇ, ਜਥੇਦਾਰ ਸੇਵਾ ਸਿੰਘ ਭਗਤਾ ਆਦਿਕ ਜਥੇਦਾਰ ਤੇ ਵਿਦਵਾਨ ਵੀ ਆਏ। ਬੜਾ ਸੋਹਣਾ ਮੇਲਾ ਹੋਇਆ। ਇਸੇ ਦਿਨ ਹੀ ਸਾਡੇ ਪਿੰਡ ਦੇ ਸਾਹਿਬ ਸਿੰਘ ਜਿਮੀਂਦਾਰ ਨੇ ਮਖੌਲ ਕਰਦਿਆਂ ਆਖਿਆ ਕਿ ਜੇ ਇਹ ਗੁਰੂ ਕਰਨੀ ਵਾਲਾ ਹੈ, ਤਾਂ ਅੱਜ ਮੀਂਹ ਪਵਾ ਦੇਵੇ।

ਮਹਾਰਾਜ ਜੀ ਦੀ ਕਰਨੀ! ਲੌਢੇ ਵੇਲੇ ਇਕ ਛੋਟੀ ਜਿਹੀ ਬਦਲੀ ਸਾਡੇ ਪਿੰਡ ਉੱਤੇ ਛਾ ਗਈ, ਤੇ ਬੂੰਦਾਬਾਂਦੀ ਸ਼ੁਰੂ ਹੋ ਗਈ ਤੇ ਸਗੋਂ ਇਕ ਘੰਟੇ ਵਿਚ ਸਾਰੇ ਪਿੰਡ ਦੇ ਖੇਤਾਂ ਵਿਚ ਪਾਣੀ ਹੀ ਪਾਣੀ ਨਜ਼ਰ ਆਉਣ ਲੱਗ ਪਿਆ।

ਇਹ ਮੀਂਹ ਨੇ ਸਾਡੇ ਪਿੰਡ ਦੇ ਲੋਕਾਂ ਨੂੰ ਐਸਾ ਪ੍ਰਭਾਵਿਤ ਕੀਤਾ ਕਿ ਸਾਰੇ ਪਰਿਵਾਰ ਵਿਚ ਵੱਢੋਂ ਨਾਮਧਾਰੀ ਸੱਜ ਗਏ। ਜਿਸ ਤੋਂ ਸਾਡੇ ਇਲਾਕੇ ਵਿਚ ਇਹ ਲੋਕ ਬੋਲੀ ਮਸ਼ਹੂਰ ਹੋ ਗਈ ਕਿ:-

**"ਨਾਮਧਾਰੀਏ ਡੈਹਰ ਪਿੰਡ ਵਸਦੇ,**
**ਅਕਾਲੀ ਜਥਾ ਮੂੰਡੀਆਂ ਦਾ"**

ਭਾਵੇਂ ਪ੍ਰਚਾਰ ਦੀ ਘਾਟ ਨਾਲ ਬਹੁਤ ਸਾਰੇ ਪਰਿਵਾਰ ਹੁਣ ਮਾਸ ਸ਼ਰਾਬ ਖਾਣ ਪੀਣ ਲੱਗ ਪਏ ਹਨ, ਪਰ ਸਾਰਿਆਂ ਦਾ ਵਿਸ਼ਵਾਸ ਅਜੇ ਤੱਕ ਗੁਰੂ ਘਰ ਉੱਤੇ ਹੀ ਹੈ। ਮੇਰੀ ਅਰਜ਼ ਹੈ ਕਿ ਸੱਚੇ ਪਾਤਸ਼ਾਹ ਆਪਣੀ ਇਸ ਖੇਤੀ ਦੀ ਵੀ ਸੰਭਾਲ ਕਰਨ।

ਗੱਲ ਗੁਰਬਖਸ਼ ਸਿੰਘ ਦੀ ਕਰ ਰਿਹਾ ਸਾਂ।

ਇਸ ਮੇਲ ਦਾ ਭੋਗ ਪਾਉਣ ਉਪਰੰਤ ਦੂਜੇ ਦਿਨ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਨਗਰ ਨਿਵਾਸੀਆਂ ਨੇ ਆਪੋ ਆਪਣੇ ਘਰਾਂ ਵਿਚ ਚਰਨ ਪਾਉਣ ਦੀ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਜਿਮੀਂਦਾਰਾਂ ਤੋਂ ਬਾਅਦ ਜਦ ਰਮਦਾਸੀ ਸਿੰਘਾਂ ਦੇ ਘਰਾਂ ਵੱਲ ਜਾ ਰਹੇ ਸਨ, ਤਾਂ ਕੁਦਰਤੀ ਉਸ ਵੇਲੇ ਗੁਰਬਖਸ਼ ਸਿੰਘ ਆਪਣੇ ਬਦਮਾਸ਼ ਸਾਥੀਆਂ ਦੇ ਘਰ ਆਇਆ ਹੋਇਆ ਸੀ। ਅੱਜ ਸਾਰੇ ਪਿੰਡ ਵਿਚ ਰਾਤੀ ਪੈਣ ਵਾਲੇ ਮੀਂਹ ਦੀ ਚਰਚਾ ਤੇ ਲੋਕਾਂ ਦੇ ਨਾਮਧਾਰੀ ਬਣ ਜਾਣ ਦੀਆਂ ਘਰ ਘਰ ਗੱਲਾਂ ਹੋ ਰਹੀਆਂ ਸਨ।

ਜਿਸ ਘਰ ਗੁਰਬਖਸ਼ ਸਿੰਘ ਆਇਆ ਹੋਇਆ ਸੀ ਉਸ ਘਰ ਦੇ ਦਰਵਾਜ਼ੇ ਅੱਗੋਂ ਪਾਤਸ਼ਾਹ ਜੀ ਨੇ ਲੰਘਣਾ ਸੀ। ਜਦੋਂ ਇਸ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਆ ਰਹੇ ਹਨ ਤਾਂ ਇਕ ਦਮ ਘਰੋਂ ਬਾਹਰ ਆਕੇ ਰਸਤੇ ਵਿਚ ਗੁਰਬਖਸ਼ ਸਿੰਘ ਖਲੋ ਗਿਆ। ਉਸ ਵਕਤ ਇਸਦੇ ਲੱਕ ਪੋਠੋਹਾਰੀ ਖ਼ਾਕੀ ਸਲਵਾਰ, ਕਲੀਆਂ ਵਾਲਾ ਖ਼ਾਕੀ ਕੁਰਤਾ, ਸਮਲੇਦਾਰ ਪੰਗ ਬੰਨੀ ਹੋਈ ਸੀ। ਜਦ ਸੱਚੇ ਪਾਤਸ਼ਾਹ ਉਸ ਘਰ ਦੇ ਅੱਗੋਂ ਲੰਘਣ ਲੱਗੇ, ਦੌੜਕੇ ਗੁਰਬਖਸ਼ ਸਿੰਘ ਸਤਿਗੁਰੂ ਜੀ ਦੇ ਚਰਨਾਂ ਤੇ ਢੈਹ ਪਿਆ। ਸੱਚੇ ਪਾਤਸ਼ਾਹ ਜੀ ਨੇ ਚਰਨ ਪਿਛਾਂਹ ਕਰਦਿਆਂ ਹੁਕਮ ਕੀਤਾ, ਤੈਨੂੰ ਕਈ ਵਾਰੀ ਮਨਾਹ ਕੀਤਾ ਹੈ। ਤੂੰ ਭੈੜੇ ਪਾਸਿਓ

Sri Satguru Jagjit Singh Ji eLibrary NamdhariElibrary@gmail.com

ਹੱਟਦਾ ਨਹੀਂ ਹੈਂ ਤੇ ਨਾ ਤੂੰ ਮੇਰੇ ਮੱਥੇ ਲਗਣੋਂ ਹੀ ਬਾਜ਼ ਆਉਂਦਾ ਹੈਂ?' ਗੁਰਬਖਸ਼ ਸਿੰਘ ਸ੍ਰੀ ਸਤਿਗੁਰੂ ਜੀ ਅੱਗੇ ਹੱਥ ਜੋੜਕੇ ਖਲੋ ਗਿਆ ਤੇ ਆਖਣ ਲੱਗਾ, "ਸੱਚੇ ਪਾਤਸ਼ਾਹ ਕੁੱਤਾ ਤੇ ਮੈਂ ਤੇਰਾ ਹੀ ਹਾਂ? ਪਰ ਤੂੰ ਆਪਣੇ ਕੁੱਤੇ ਦੀ ਗੌਰ ਨਹੀਂ ਕਰਦਾ? ਜੇ ਤੂੰ ਕੁੱਤੇ ਨੂੰ ਮਾੜੇ ਥਾਂ ਤੇ ਜਾਣ ਤੋਂ ਰੋਕਣਾ ਹੈ ਤਾਂ ਪਟਾ ਪਾ ਲੈ? ਸੰਗਲੀ ਪਾ ਲੈ? ਇਹ ਤਾਂ ਤੁਹਾਡੀ ਢਿੱਲ ਹੈ? ਤੁਸੀਂ ਅਜੇ ਕੁੱਤੇ ਨੂੰ ਸਾਂਭਣਾ ਨਹੀਂ ਚਾਹੁੰਦੇ?'

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਵੀ ਉਸ ਵਕਤ ਜਲਾਲ ਵਿਚ ਆ ਗਏ ਤੇ ਹੁਕਮ ਕੀਤਾ। 'ਕੀ! ਤੂੰ ਇਹ ਗੱਲਾਂ ਠੀਕ ਕਹਿੰਦਾ ਹੈਂ? ਤਾਂ ਪਾਵਾਂ ਤੈਨੂੰ ਪਟਾ! ਗੁਰਬਖਸ਼ ਸਿੰਘ ਫਿਰ ਉਸੇ ਵਕਤ ਚਰਨਾਂ ਉੱਤੇ ਡਿੱਗ ਪਿਆ ਤੇ ਆਖਣ ਲੱਗਾ ਛੇਤੀ ਕਰੋ, ਇਸ ਨਾਲੋਂ ਹੋਰ ਵਕਤ ਕਿਹੜਾ ਚੰਗਾ ਆਉਣਾ ਹੈ। ਪਾਉ ਆਪਣੇ ਬਿਰਦ ਬਾਣੇ ਦਾ ਮੇਰੇ ਗੱਲ ਪਟਾ?

ਸੰਗਲੀ ਪਾਕੇ ਬੰਨ ਲੈ ਆਪਣੇ ਚਰਨਾਂ ਨਾਲ ਅਤੇ ਲਾ ਲਓ ਵਿਛੜੇ ਹੋਏ ਪਾਪੀ ਨੂੰ ਆਪਣੀ ਸ਼ਰਨੀ?

ਉਸ ਵੇਲੇ ਸੱਚੇ ਪਾਤਸ਼ਾਹ ਜੀ ਨੇ ਹੁਕਮ ਦੇ ਕੇ ਗੁਰਬਖਸ਼ ਸਿੰਘ ਦਾ ਸਾਰਾ ਚਿਹਨ ਚੱਕਰ ਤੇ ਕ੍ਰਿਤ ਵਿਹਾਰ ਬਦਲ ਦਿੱਤਾ ਤੇ ਫਿਰ ਜੀਵਨ ਭਰ ਸੂਬੇ ਦੀ ਜ਼ੁੰਮੇਵਾਰੀ ਸੰਭਾਲਦਿਆਂ ਤੇ ਗੁਰੂ ਘਰ ਦੀ ਸੇਵਾ ਕਰਦਿਆਂ ਹੀ ਸੂਬੇ ਗੁਰਬਖਸ਼ ਸਿੰਘ ਜੀ ਦੀ ਜ਼ਿੰਦਗੀ ਬਿਤੀਤ ਹੋਈ।

ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਨ੍ਹਾਂ ਨੇ ਇਤਆਦਿਕ ਅਨੇਕਾਂ ਜੀਵਾਂ ਦਾ ਉਧਾਰ ਕੀਤਾ।

ਸ੍ਰ: ਹਜ਼ਾਰਾ ਸਿੰਘ

Sri Satguru Jagjit Singh Ji eLibrary NamdhariElibrary@gmail.com

# ਪ੍ਰਾਣ ਰਖਿਅਕ

ਲੱਗਭੱਗ ਗਿਆਰ੍ਹਾਂ ਕੁ ਵਜੇ ਦਾ ਸਮਾਂ ਸੀ, ਪਿੰਡ ਦੇਵਾ ਸਿੰਘ ਸਲਾਰੋ ਵਾਲੀ ਪਿੰਡੀ (ਜ਼ਿਲ੍ਹਾ ਮੁਲਤਾਨ) ਦੇ ਘੁਗ ਵਸਦੇ ਸਿੱਖ ਪਰਿਵਾਰ ਆਪਣੇ ਘਰਾਂ ਨੂੰ (ਪਾਕਿਸਤਾਨ ਬਣ ਜਾਣ ਕਾਰਨ) ਛੱਡ ਕੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ, ਭਾਰਤ ਪੁੱਜਣ ਲਈ ਅਬਦੁੱਲ ਹਕੀਮ ਰਾਮ ਚੌਂਤਰੇ ਪਾਸ ਰੇਲਵੇ ਸਟੇਸ਼ਨ ਪੁੱਜੇ, ਸਟੇਸ਼ਨ ਤੇ ਖੜੀ ਗੱਡੀ ਦਾ ਇਕ ਡੱਬਾ ਇਹਨਾਂ ਮੁੜ ਨਾ ਪਰਤਣ ਵਾਲੇ ਮੁਸਾਫ਼ਿਰਾਂ ਵਾਸਤੇ ਖ਼ਾਲੀ ਕਰਵਾਇਆ ਗਿਆ, ਤੇ ਸਾਰਿਆਂ ਨੂੰ ਉਸ ਡੱਬੇ ਵਿਚ ਵੜ ਜਾਣ ਦਾ ਆਰਡਰ ਦਿੱਤਾ ਗਿਆ। ਪ੍ਰਬੰਧਕਾਂ ਦਾ ਹੁਕਮ ਸੀ, ਇਹਨਾਂ ਦੁਖੀ ਪਰਿਵਾਰਾਂ ਨੂੰ ਖਾਨੇਵਾਲ ਪਹੁੰਚਾ ਦਿੱਤਾ ਜਾਏ, ਓਥੋਂ ਅੱਗੇ ਜਾਣ ਦਾ ਪ੍ਰਬੰਧ ਅੱਗੇ ਹੋਵੇਗਾ।

ਪ੍ਰੋਗਰਾਮ ਅਨੁਸਾਰ ਗਾਰਡ ਨੇ ਵਿਸਲ ਦਿੱਤਾ, ਹਰੀ ਝੰਡੀ ਨੂੰ ਹਿਲਾਇਆ। ਗੱਡੀ ਨੇ ਪੇਕੇ ਘਰੋਂ ਸਹੁਰੇ ਤੁਰਣ ਵਾਲੀ ਕੁੜੀ ਵਾਂਗ ਲੰਮੀ ਸਾਰੀ ਚੀਕ ਮਾਰੀ ਤੇ ਗੱਡੀ ਫੱਕ ਫੱਕ ਕਰਦੀ ਤੁਰ ਪਈ। ਅਜੇ ਗੱਡੀ ਬਾਹਰ ਵਾਲੇ ਸਿਗਨਲ ਦੇ ਨੇੜੇ ਹੀ ਪਹੁੰਚੀ ਸੀ ਕਿ ਡਰਾਈਵਰ ਨੇ ਗੱਡੀ ਰੋਕ ਦਿੱਤੀ। ਅਣਗਿਣਤ ਮੁਸਲਮਾਨ ਜਿਨ੍ਹਾਂ ਦੇ ਹੱਥਾਂ ਵਿਚ ਛੁਰੀਆਂ, ਕੁਹਾੜੀਆਂ, ਨੇਜੇ, ਤਲਵਾਰਾਂ ਤੇ ਹੋਰ ਕਈ ਤਰ੍ਹਾਂ ਦੇ ਹਥਿਆਰ ਫੜੇ ਹੋਏ ਸਨ। ਉਹਨਾਂ ਇਸ ਗੱਡੀ ਦੁਆਲੇ ਘੇਰਾ ਪਾ ਲਿਆ। ਡੱਬੇ ਵਿਚ ਬੈਠੇ ਸਾਰੇ ਸਿੱਖ ਨਿਹੱਥੇ ਸਨ, ਜਿਹੜਾ ਕਿਸੇ ਪਾਸ ਕੋਈ ਸੋਟਾ ਵਗ਼ੈਰਾ ਹੈ ਸੀ, ਉਹ ਪੁਲਿਸ ਨੇ ਗੱਡੀ ਵਿਚ ਬੈਠਾਲਣ ਤੋਂ ਪਹਿਲਾਂ ਹੀ ਲੈ ਲਿਆ ਸੀ।

ਬਸ ਫਿਰ ਕੀ ਸੀ ਉਹਨਾਂ ਧਨ ਦੇ ਲਾਲਚੀਆਂ ਤੇ ਫਿਰਕਾਪ੍ਰਸਤੀ ਦੇ ਲੂਸਿਆਂ ਹੋਇਆਂ ਬੜੀ ਬੇ-ਰਹਿਮੀ ਨਾਲ ਕੱਟ ਵੱਢ ਸ਼ੁਰੂ ਕਰ ਦਿੱਤੀ। ਡੱਬੇ ਵਿਚ ਹਾ ਹਾ ਕਾਰ ਮੱਚ ਗਈ। ਬੱਚੇ, ਬੁੱਢੇ, ਇਸਤਰੀਆਂ ਮੌਤ ਦੇ ਘਾਟ ਉਤਾਰੇ ਜਾਣ ਲੱਗੇ।

ਰੱਬ ਦਾ ਭਾਣਾ! ਇਹੋ ਲੋਕ ਜੋ ਸਦੀਆਂ ਤੋਂ ਇਕੱਠੇ ਵਸਦੇ ਰਸਦੇ ਇਕ ਦਮ ਇਕ ਦੂਸਰੇ ਦੇ ਲਹੂ ਦੇ ਤਿਹਾਏ ਬਣ ਗਏ, ਤੇ ਸਗੋਂ ਇਸ ਡੱਬੇ ਵਿਚ ਮਰਨ ਤੇ ਮਾਰਨ ਵਾਲੇ ਇੱਕੋ ਪਿੰਡ ਦੇ ਹੀ ਸਨ।

ਮੌਤ ਦੇ ਮੂਹੋਂ ਆਪਣੇ ਆਪ ਨੂੰ ਬਚੌਣ ਵਾਸਤੇ ਅਰਜਨ ਸਿੰਘ (ਇੱਕ ਗੱਭਰੂ) ਨੇ ਗੱਡੀ ਤੋਂ ਹੇਠਾਂ ਛਾਲ ਮਾਰ ਦਿੱਤੀ, ਉਸ ਦੇ ਮਗਰ ਉਸਦੀ ਨੌਜਵਾਨ ਭੈਣ (ਜਿਸਦੇ ਕੁੱਛੜ ਇਕ ਪੰਜ ਸਾਲ ਦਾ ਮੁੰਡਾ ਸੀ) ਉਸਨੇ ਬੱਚੇ ਸਮੇਤ ਛਾਲ ਮਾਰ

Sri Satguru Jagjit Singh Ji eLibrary NamdhariElibrary@gmail.com

ਦਿੱਤੀ, ਇਸ ਤਰ੍ਹਾਂ ਹੋਰ ਵੀ ਕਲੀਆਂ ਛਾਲਾਂ ਮਾਰੀਆਂ। ਕੁਝ ਮੁਸਲਮਾਨ ਗੁੰਡਿਆਂ ਨੇ ਅਰਜਨ ਸਿੰਘ ਦਾ ਪਿੱਛਾ ਕੀਤਾ, ਤੇ ਦੂਰ ਜਾਕੇ ਉਸਨੂੰ ਘੇਰ ਲਿਆ, ਇਤਨੇ ਚਿਰ ਤਕ ਉਸਦੇ ਹੱਥ ਵਿਚ ਵੀ ਡਾਂਗ ਆ ਗਈ ਸੀ, ਉਸਨੇ ਉਸ ਸੋਟੇ ਨਾਲ ਕਲੀਆਂ ਨੂੰ ਕਰਾਰੀਆਂ ਸੱਟਾਂ ਮਾਰੀਆਂ, ਪਰ ਅਖ਼ੀਰ ਨੂੰ ਜ਼ਾਲਮਾਂ ਹੱਥੋਂ ਆਪ ਵੀ ਮਰ ਗਿਆ।

ਉਸਦੀ ਭੈਣ ਪਿਆਰੋ ਵੀ ਵੈਰੀਆਂ ਦੇ ਹੱਥ ਆ ਗਈ, ਬਦਮਾਸ਼ਾਂ ਨੇ ਪਿਆਰੋ ਨੂੰ ਨਾਲ ਚੱਲਣ ਲਈ ਆਖਿਆ, ਪਰ ਉਹ ਨਾ ਮੰਨੀ। ਇਕ ਬੁਰਛੇ ਨੇ ਪਿਆਰੋ ਦੇ ਕੁੱਛੜ ਚੁੱਕੇ ਹੋਏ ਬੱਚੇ ਨੂੰ (ਜੋ ਉਸਦਾ ਭਾਣਜਾ ਲੱਗਦਾ ਸੀ) ਮਾਰਨ ਲਈ ਬਰਛੇ ਦਾ ਵਾਰ ਕੀਤਾ। ਪਿਆਰੋ ਨੇ ਬੱਚੇ ਨੂੰ ਬਚੌਣ ਵਾਸਤੇ ਇਕ ਦਮ ਪਾਸਾ ਪਰਤ ਲਿਆ ਤੇ ਉਹ ਬਰਛੀ ਉਸ ਬੱਚੇ (ਜਿਸਦਾ ਨਾਮ ਦੀਦਾਰ ਸਿੰਘ ਸੀ) ਨੂੰ ਲੱਗਣ ਦੇ ਥਾਂ ਪਿਆਰੋ ਨੂੰ ਲੱਗ ਗਈ ਤੇ ਉਹਦੇ ਕੋਲੋਂ ਬੱਚਾ ਡਿੱਗ ਪਿਆ ਤੇ ਉਹ ਆਪ ਸ਼ਹੀਦ ਹੋ ਗਈ।

ਇਹ ਬੱਚਾ ਜੀ ਭਿਆਣਾ ਕਿੰਨਾਂ ਚਿਰ ਜ਼ਮੀਨ ਤੇ ਪਿਆ ਰਿਹਾ। ਜ਼ਨਾਨੀਆਂ ਤੇ ਬੱਚਿਆਂ ਦੀ ਭੱਜ ਦੌੜ ਤੇ ਚੀਕ ਚਿਹਾੜੇ ਨੂੰ ਸੁਣਕੇ ਜੱਦ ਦੀਦਾਰ ਨੇ ਇਕ ਵਾਰੀ ਸਿਰ ਉਤਾਂਹ ਕੀਤਾ ਤਾਂ ਕਿ ਇਕ ਹਤਿਆਰੇ ਨੇ ਭਜਦਿਆਂ ਭਜਦਿਆਂ ਇਸ ਬੱਚ੍ਹੇ ਤੇ ਵੀ ਚਾਰ ਵਾਰ ਕੁਹਾੜੀ ਦੇ ਕੀਤੇ। ਜਿਸ ਨਾਲ ਇਕ ਜ਼ਖ਼ਮ ਸੱਜੇ ਮੋਢੇ ਦੂਜਾ ਧੌਣ ਤੇ ਤੀਜਾ ਸੱਜੀ ਗੱਲ ਅਤੇ ਚੌਥਾ ਸਿਰ ਵਿਚ ਹੋਇਆ।

ਆਪਣੇ ਵੱਲੋਂ ਉਹ ਪਾਪੀ ਇਸ ਬੱਚੇ ਨੂੰ ਮਾਰ ਕੇ ਸੁੱਟ ਗਿਆ ਸੀ। ਪਰ ਮੇਰੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਸ ਕਤਲ ਗਾਰਤ ਤੋਂ ਬਾਅਦ ਗੱਡੀ ਓਥੋਂ ਅਗਾਂਹ ਨੂੰ ਤੁਰ ਪਈ।

ਇਹ ਬੱਚਾ ਦੀਦਾਰ ਸਿੰਘ ਜੋ ਮਰਿਆ ਨਹੀਂ ਸੀ, ਲੰਮਾ ਪਿਆ ਬੇਹੋਸ਼ੀ ਵਿਚ ਸਿਸਕੀਆਂ ਲੈ ਰਿਹਾ ਸੀ, ਬੱਚੇ ਨੇ ਬਾਅਦ ਵਿਚ ਦੱਸਿਆ ਕਿ ਮੈਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਕੋਈ ਚਿੱਟੇ ਦੁੱਧ ਬਸਤਰਾਂ ਤੇ ਚਿੱਟੇ ਦਾਹੜੇ ਵਾਲਾ ਬਾਬਾ ਜਿਹੜੇ ਇਕ ਹੱਥ ਵਿਚ ਖੂੰਡਾ ਤੇ ਗਲ ਵਿਚ ਚਿੱਟੀ ਮਾਲਾ ਸੀ, ਮੈਨੂੰ ਚੁੱਕ ਕੇ ਖੂਹ ਤੇ ਲੈ ਜਾਂਦਾ ਹੈ। ਤੇ ਮੇਰੇ ਮੂੰਹ ਵਿਚ ਪਾਣੀ ਪਾਕੇ ਇਕ ਭਾਂਡਾ ਜਿਹਾ ਪਾਣੀ ਦਾ ਭਰਕੇ ਮੇਰੇ ਕੋਲ ਰੱਖ ਕੇ ਆਖਦਾ ਹੈ ਕਿ ਕਾਕਾ ਤਕੜਾ ਹੋ! ਜਦੋਂ ਲੋੜ ਹੋਵੇ ਇਸ ਭਾਂਡੇ ਵਿੱਚੋਂ ਪਾਣੀ ਪੀ ਲਵੀਂ। ਮੈਨੂੰ ਜੱਦ ਹੋਸ਼ ਆਈ ਤੇ ਮੇਰੀਆਂ ਜੱਦ ਅੱਖਾਂ ਖੁੱਲ੍ਹੀਆਂ ਤਾਂ ਮੈਂ ਸੱਚੀ ਮੁੱਚੀ ਇਕ ਖੂਹ ਉੱਤੇ ਛਾਵੇਂ ਲੰਮਾ ਪਿਆ ਸਾਂ ਤੇ ਇਕ ਪਾਣੀ ਦਾ ਡੋਲ ਜਿਹਾ ਮੇਰੇ ਕੋਲ ਭਰਿਆ ਪਿਆ ਸੀ। ਪਰ ਉਹ ਬਾਬਾ ਉੱਥੇ ਹੈ ਨਹੀਂ ਸੀ।

ਕੁਝ ਚਿਰ ਬਾਅਦ ਇਕ ਹੋਰ ਟੋਲਾ ਮੁਸਲਮਾਨਾਂ ਦਾ ਖੂਹ ਤੋਂ ਲੰਘਿਆ ਤੇ ਉਹਨਾਂ ਇਸ ਜ਼ਖ਼ਮੀ ਹੋਏ ਬੱਚੇ ਨੂੰ ਵੇਖਿਆ ਤੇ ਆਪਣੇ ਘਰਾਂ ਵਿਚ ਜੱਦ ਲੁੱਟ ਮਾਰ ਦੀਆਂ ਗੱਲਾਂ ਕੀਤੀਆਂ, ਇਸ ਬੱਚੇ ਦਾ ਵੀ ਉਹਨਾਂ ਜ਼ਿਕਰ ਕੀਤਾ ਕਿ ਇਕ ਅਧਮੋਇਆ ਬੱਚਾ ਖੂਹ ਤੇ ਪਿਆ ਹੋਇਆ ਹੈ। ਇਹਨਾਂ ਘਰਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਹੀ ਇਕ ਬੀਬੀ ਤੇਜੋ ਜੋ ਦੀਦਾਰ ਸਿੰਘ ਦੀ ਮਾਸੀ ਲੱਗਦੀ ਸੀ, ਜ਼ਾਲਮਾਂ ਨੇ ਫੜ ਕੇ ਲਿਆਂਦੀ ਹੋਈ ਸੀ। ਕਿਸੇ ਤਰ੍ਹਾਂ ਉਸ ਦੇ ਕੰਨਾਂ ਵਿਚ ਉਸ ਬੱਚੇ ਦੀ ਗੱਲ ਪਈ, ਉਸ ਨੇ ਉਸ ਘਰ ਦੇ ਇਕ ਸਿਆਣੇ ਆਦਮੀ ਨੂੰ ਆਖਿਆ, ਬਾਪੂ ਜੀ ਉਹ ਬੱਚਾ ਕਿਤੇ ਮੇਰਾ ਭਾਣਜਾ ਹੀ ਨਾ ਹੋਵੇ, ਰੱਬ ਦੇ ਵਾਸਤੇ ਉਹ ਮੈਨੂੰ ਇਕ ਵਾਰੀ ਲਿਆਕੇ ਵਿਖਾਲ ਛੱਡੋ। ਉਸ ਬਾਬੇ ਨੇ ਮੁੰਡਿਆਂ ਨੂੰ ਆਖ ਕੇ ਉਹ ਬੱਚਾ ਘਰ ਮੰਗਵਾਇਆ ਤਾਂ ਇਹ ਬੀਬੀ ਤੇਜੋ ਦਾ ਭਾਣਜਾ ਦੀਦਾਰ ਸਿੰਘ ਹੀ ਸੀ, ਜੋ ਬੜਾ ਜ਼ਖ਼ਮੀ ਹੋਇਆ ਹੋਇਆ ਸੀ।

ਬੀਬੀ ਤੇਜੋ ਨੇ ਉਹਨਾਂ ਨੂੰ ਆਖ ਵੇਖ ਕੇ ਬੱਚੇ ਨੂੰ ਪੱਟੀਆਂ ਬੰਨਵਾਈਆਂ ਤੇ ਦੁੱਧ ਗਰਮ ਕਰਕੇ ਪਿਲਾਇਆ।

ਦੋ ਤਿੰਨਾਂ ਦਿਨਾਂ ਪਿੱਛੋਂ ਪਤਾ ਨਹੀਂ ਉਹਨਾਂ ਪਾਪੀਆਂ ਨੇ ਕੀ ਸੋਚਿਆ, ਮੂੰਹ ਹਨ੍ਹੇਰੇ ਇਸ ਬੱਚੇ ਨੂੰ ਬਾਹਰ ਲਿਜਾ ਕੇ ਇਕ ਨਹਿਰ ਵਿਚ (ਜੋ ਰੇਲ ਦੀ ਪਟਰੀ ਦੇ ਨਾਲ ਹੀ ਜਾਂਦੀ ਸੀ) ਸੁੱਟ ਆਏ। ਵਿਚਾਰੀ ਤੇਜੋ ਰੋ ਧੋ ਕੇ ਚੁੱਪ ਕਰ ਗਈ। ਦੀਦਾਰ ਸਿੰਘ ਦੱਸਦਾ ਹੈ ਕਿ ਮੈਨੂੰ ਹੋਰ ਗੱਲਾਂ ਦਾ ਪਾਤ ਨਹੀਂ ਜਦੋਂ ਮੈਨੂੰ ਉਹ ਆਦਮੀ ਨਹਿਰ ਵਿਚ ਧੱਕਾ ਦੇ ਕੇ ਤੁਰ ਗਏ, ਤਾਂ ਉਹ ਬਾਬਾ ਜਿਸ ਨੂੰ ਮੈਂ ਅੱਗੇ ਬੇਹੋਸ਼ੀ ਦੀ ਹਾਲਤ ਵਿਚ ਵੇਖਿਆ ਸੀ, ਪ੍ਰਤਖ ਰੂਪ ਵਿਚ ਸਾਹਮਣੇ ਵੱਲੋਂ ਆਉਂਦਾ ਤਕਿਆ ਤੇ ਉਸ ਨੇ ਮੈਨੂੰ ਆਖਿਆ ਕਾਕਾ ਮੇਰੇ ਵੱਲ ਨੂੰ ਆ, ਤੇ ਇਤਨਾ ਆਖ ਕੇ ਉਸ ਬਾਬੇ ਨੇ ਕੰਢੇ ਉੱਤੇ ਖਲੋਤਿਆਂ ਹੀ ਲੰਮੀ ਸਾਰੀ ਬਾਂਹ ਕਰਕੇ ਰੁੜ੍ਹਦੇ ਜਾਂਦੇ ਦਾ ਹੱਥ ਫੜ ਲਿਆ ਤੇ ਖਿੱਚ ਕੇ ਨਹਿਰੋਂ ਬਾਹਰ ਕੱਢ ਲਿਆ ਤੇ ਮੈਨੂੰ ਚੰਗੀ ਤਰ੍ਹਾਂ ਬਹਾਲ ਕੇ ਮੈਨੂੰ ਪਤਾ ਨਹੀਂ ਉਹ ਫਿਰ ਕਿੱਥੇ ਅਲੋਪ ਹੋ ਗਿਆ। ਏਨੇ ਚਿਰ ਨੂੰ ਹੋਰ ਲੋਕ ਵੀ ਨਹਿਰ ਤੇ ਆਣ ਜਾਣ ਲੱਗ ਪਏ। ਇਕ ਦਇਆਵਾਨ ਮੁਸਲਮਾਨ ਨੇ ਮੈਨੂੰ ਚੁੱਕ ਕੇ ਨੇੜੇ ਦੇ ਇਕ ਪਿੰਡ ਵਿਚ ਆਪਣੇ ਘਰ ਲੈ ਗਿਆ। ਉਸਦੇ ਉਲਾਦ ਕੋਈ ਨਹੀਂ ਸੀ। ਤੇ ਉਸਦਾ ਨਾਮ ਸੱਯਦ ਅਮੀਰ ਸ਼ਾਹ ਸੀ।

ਉਸ ਭਲੇ ਪੁਰਸ਼ ਨੇ ਇਕ ਡਾਕਟਰ ਪਾਸ ਲਿਜਾ ਕੇ ਮਰਹਮ ਪੱਟੀ ਕਰਵਾਈ ਤੇ ਬੱਚੇ ਦੇ ਪੇਟ ਵਿੱਚੋਂ ਪਾਣੀ ਕਢਵਾਇਆ। ਡਾਕਟਰ ਵੀ ਬੜਾ ਰਹਿਮ ਦਿਲ ਸੀ। ਉਸਨੇ ਇਸ ਦਾ ਇਲਾਜ਼ ਬੜੀ ਦਿਲਚਸਪੀ ਨਾਲ ਕੀਤਾ।

ਰਾਜ਼ੀ ਹੋ ਜਾਣ ਬਾਅਦ ਇਸ ਬੱਚੇ ਦਾ ਨਾਮ ਸੱਯਦ ਅਮੀਰ ਸ਼ਾਹ ਨੇ ਮੁਹੰਮਦ ਅਲੀ ਰਖਿਆ ਤੇ ਦੋਵੇਂ ਜੀਅ ਇਸ ਦੀ ਪਾਲਣਾ ਬੜੇ ਪਿਆਰ ਨਾਲ ਕਰਨ ਲੱਗੇ।

ਦਰਅਸਲ ਇਹ ਬੱਚਾ ਸ੍ਰ: ਹਰਨਾਮ ਸਿੰਘ ਨਾਮਧਾਰੀ (ਰੰਧਾਵਾ) ਦੇ ਘਰ ਬੀਬੀ ਬਿਅੰਤ ਕੌਰ ਦੀ ਕੁੱਖੋਂ ਚੱਕ ਨੰ: 95 ਜ਼ਿਲ੍ਹਾ ਮਿੰਟਗੁਮਰੀ ਵਿਚ 10 ਫੱਗਣ ਸੰਮਤ 1998 ਨੂੰ ਹੋਇਆ ਤੇ ਮਾਪਿਆਂ ਨੇ ਇਸਦਾ ਨਾਮ ਦੀਦਾਰ ਸਿੰਘ ਰਖਿਆ ਸੀ। ਕੁਦਰਤੀ ਇਹ ਜਦੋਂ ਪੰਜਾਂ ਸਾਲਾਂ ਦਾ ਹੋਇਆ ਤਾਂ ਇਸ ਦੀ ਮਾਸੀ ਬੀਬੀ ਪਿਆਰੋ ਇਸ ਨੂੰ 95 ਚੱਕ ਤੋਂ ਆਪਣੇ ਪਿੰਡ ਲੈ ਆਈ। ਇਚਰਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਦੇਸ਼ ਦੇ ਵੰਡਾਰੇ ਦੀਆਂ ਗੱਲਾਂ ਹੋਣ ਲੱਗ ਪਈਆਂ। ਜਿਸ ਕਰ ਕੇ ਦੀਦਾਰ ਨੂੰ ਵਾਪਸ 95 ਚੱਕ ਨਾ ਪਹੁੰਚਾਇਆ ਜਾ ਸਕਿਆ।

ਵੰਡਾਰੇ ਦੇ ਸਿਲਸਿਲੇ ਵਿਚ ਸੰਤ ਹਰਨਾਮ ਸਿੰਘ ਜੀ ਲੱਖਾਂ ਮੁਸੀਬਤਾਂ ਝਾਕਦੇ ਹੋਏ ਅਪਣੇ ਪਰਿਵਾਰ ਤੇ ਕੁਝ ਹੋਰ ਸੰਬੰਧੀਆਂ ਸਮੇਤ ਸ੍ਰੀ ਜੀਵਨ ਨਗਰ (ਜਿਹੜਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰੌਲੇ ਤੋਂ ਪਹਿਲਾਂ ਜ਼ਿਲ੍ਹਾ ਹਿਸਾਰ ਵਿਚ ਜ਼ਮੀਨ ਖ਼ਰੀਦ ਕੇ ਸਾਧ ਸੰਗਤ ਵਾਸਤੇ ਵਸਾਇਆ ਸੀ) ਆ ਗਏ ਅਤੇ ਦਿਨ ਕਟੀ ਕਰਨ ਲੱਗੇ ਤੇ ਬਾਅਦ ਵਿਚ ਇਸੇ ਇਲਾਕੇ ਦੇ ਨਾਲੀ ਤੋਂ ਪਾਰਲੇ ਪਾਸੇ ਛੋਟੇ ਅੰਬਰਾਸਰ ਰਿਹੈਸ਼ ਕਰ ਲਈ। ਇਸ ਵਕਤ ਤਕ ਹੋਰ ਹਾਲਾਤ ਤਾਂ ਭਾਵੇਂ ਕੁਝ ਠੀਕ ਹੋ ਗਏ ਸਨ। ਪਰ ਕਾਕੇ ਦੀਦਾਰ ਸਿੰਘ ਦੇ ਵਿਛੋੜੇ ਦਾ ਦੁੱਖ ਸੀ। ਉਸਦਾ ਕੋਈ ਪਤਾ ਨਹੀਂ ਸੀ ਲੱਗਦਾ ਕਿ ਜੀਉਂਦਾ ਹੈ ਜਾਂ ਨਹੀਂ, ਜਾਂ ਕਿੱਥੇ ਹੈ। ਇਸ ਕਲੇਸ਼ ਨਾਲ ਨਾ ਦਿਨੇ ਚੈਨ ਆਉਂਦਾ ਨਾ ਰਾਤ ਨੂੰ ਨੀਂਦ ਪੈਂਦੀ। ਅਖ਼ੀਰ ਇਕ ਦਿਨ ਸਲਾਹ ਕਰ ਕੇ ਸੰਤ ਹਰਨਾਮ ਸਿੰਘ ਨੇ ਅਪਣੇ ਵੱਡੇ ਭਰਾ ਮਹੰਤ ਦਲੀਪ ਸਿੰਘ ਜੀ ਪੰਛੀ ਨੂੰ ਅੰਮ੍ਰਿਤਸਰ ਵੱਡੇ ਕੈਂਪ ਵਿੱਚੋਂ ਪਤਾ ਕਰਨ ਭੇਜਿਆ। ਓਥੇ ਇਸ ਨੂੰ ਤੁਲੰਬੇ ਦੇ ਰਹਿਣ ਵਾਲਾ ਇਕ ਵਾਕਿਫਕਾਰ ਚਾਂਦੀ ਸਿੰਘ ਮਿਲਿਆ, ਉਸ ਨੂੰ ਵੀ ਬਾਅਦ ਵਿਚ ਆਪਣੀ ਮਿਲਟਰੀ ਨੇ ਹੀ ਪਾਕਿਸਤਾਨੋ ਲਿਆਂਦਾ ਸੀ, ਇਸ ਦਾ ਮੂੰਹ ਸਿਰ ਮੁੰਨਿਆ ਹੋਇਆ ਸੀ। ਉਸ ਨੂੰ ਮੈਂ (ਪੰਛੀ ਜੀ ਨੇ) ਬੜੀ ਮੁਸ਼ਕਲ ਨਾਲ ਪਛਾਣਿਆ ਤੇ ਦੇਵਾ ਸਿੰਘ ਹੋਰਾਂ ਬਾਬਤ (ਬੀਬੀ ਪਿਆਰੋ ਦਾ ਪਤਾ) ਪੁੱਛਿਆ ਤਾਂ ਉਸ ਨੇ ਰੋ ਰੋ ਕੇ ਉਹਨਾਂ ਦੇ ਕਤਲ ਹੋ ਜਾਣ ਬਾਰੇ ਦੱਸਿਆ। ਅਰ ਉਸ ਨੇ ਹੀ ਦੱਸਿਆ ਕਿ ਨੰਬਰਦਾਰ ਦਾ ਇਕ ਦੋਹਤਰਾ ਦਸੀਦਾ ਹੈ ਜੋ ਪੰਜਾਂ ਛਿਆਂ ਵਰ੍ਹਿਆਂ ਦਾ ਹੈ। ਉਸ ਨੂੰ ਮਖ਼ਤੂਮ ਪੁਰ ਪਹੋਰਾ ਪਿੰਡ ਦੇ ਸੱਜਦ ਅਮੀਰ ਸ਼ਾਹ ਨੇ ਨਹਿਰ ਤੋਂ ਪਏ ਹੋਏ ਨੂੰ ਆਪਣੇ ਘਰ ਖੜਿਆ ਹੋਇਆ ਹੈ।

ਇਹ ਪਤਾ ਲਿਆ ਕੇ ਮੈਂ ਵਾਪਸ ਅੰਬਰਾਸਰ ਆਕੇ ਭਰਾ ਹਰਨਾਮ ਸਿੰਘ ਨੂੰ ਦੱਸਿਆ ਤੇ ਕਾਕੇ ਦਾ ਪਤਾ ਲੈਣ ਕਰਨ ਲਈ ਪਾਕਿਸਤਾਨ ਜਾਣ ਦਾ ਪ੍ਰੋਗਰਮ ਬਣਾ ਕੇ ਹਰਨਾਮ ਸਿੰਘ ਫਿਰ ਅੰਮ੍ਰਿਤਸਰ ਆਇਆ। ਏਥੇ ਪਤਾ ਦੇਣ ਵਾਲੇ ਮਹਿਕਮੇ ਨੇ ਸਪੀਕਰ ਦੁਆਰਾ ਇਕ ਦੀਦਾਰ ਸਿੰਘ ਨਾਮੀ ਬੱਚੇ ਬਾਬਤ ਅਨਾਊਂਸ ਕੀਤਾ ਤਾਂ ਹਰਨਾਮ ਸਿੰਘ ਹੋਰਾਂ ਦੇ ਕੰਨੀਂ ਇਹ ਆਵਾਜ਼ ਬੜੀ ਉਤਕੰਠਾ ਨਾਲ ਸੁਣੀ ਗਈ ਤੇ ਝਟ ਪਟ ਦਫ਼ਤਰ ਵਿਚ ਜਾ ਕੇ ਪਤਾ ਕੀਤਾ ਤੇ ਕਈ ਮਹੀਨਿਆਂ ਤੋਂ ਵਿਛੜਿਆ ਪੁੱਤਰ ਇਸ ਘੱਲੂਘਾਰੇ ਵਿੱਚੋਂ ਬੱਚ ਕੇ ਆਇਆ ਵੇਖ ਕੇ ਸ੍ਰੀ ਸਤਿਗੁਰੂ ਪਾਤਸ਼ਾਹ ਦਾ ਕੋਟਾਨ ਕੋਟ ਸ਼ੁਕਰ ਕੀਤਾ। ਤੇ ਉਸ ਨੂੰ ਲੈ ਕੇ ਜੱਦ ਅੰਮਰਾਸਰ ਪੁੱਜਾ ਤਾਂ ਪਰਿਵਾਰ ਵਿਚ ਹੱਦ ਤੋਂ ਜ਼ਿਆਦਾ ਖ਼ੁਸ਼ੀ ਹੋਈ। ਅਰ ਏਸੇ ਖ਼ੁਸ਼ੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਇਸ ਬੱਚੇ ਨੂੰ ਮੱਥਾ ਟਿਕਾਉਣ ਵਾਸਤੇ ਸਾਰਾ ਪਰਿਵਾਰ ਸ੍ਰੀ ਜੀਵਨ ਨਗਰ ਆਇਆ। ਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਉੱਤੇ ਉਸ ਬੱਚੇ ਨੂੰ ਨਮਸਕਾਰ

Sri Satguru Jagjit Singh Ji eLibrary NamdhariElibrary@gmail.com

ਕਰਵਾਈ, ਤੇ ਸਾਰੇ ਪਰਿਵਾਰ ਨੇ ਵੀ ਬੜੀ ਸਦਭਾਵਨਾ ਨਾਲ ਮੱਥਾ ਟੇਕਿਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਇਸ ਬੱਚੇ ਨੇ ਆਪਣੇ ਪਿਤਾ ਨੂੰ ਆਖਿਆ, 'ਬਾਪੂ ਇਸ ਬਾਬਾ ਜੀ ਨੇ ਮੈਨੂੰ ਪਹਿਲਾਂ ਗੱਡੀ ਤੋਂ ਮਾਰਨ ਵਾਲਿਆਂ ਕੋਲੋਂ ਬਚਾਇਆ, ਤੇ ਖੂਹ ਤੇ ਲਿਜਾਕੇ ਮੇਰੇ ਮੂੰਹ ਵਿਚ ਪਾਣੀ ਪਾਇਆ ਸੀ, ਤੇ ਦੂਜੀ ਵਾਰੀ ਨਹਿਰ ਵਿੱਚੋਂ ਬਾਂਹ ਨਾਲ ਖਿੱਚ ਕੇ ਬਾਹਰ ਕੱਢਿਆ, ਤੇ ਡੁੱਬਣ ਤੋਂ ਬਚਾਇਆ ਸੀ। ਓਥੇ ਬੈਠੇ ਸਾਰੇ ਸਰੀਰ ਇਸ ਛੋਟੇ ਜਿਹੇ ਬੱਚੇ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਰਹੇ ਸਨ, ਤੇ ਅੰਤਰਜਾਮੀ ਸੱਚੇ ਪਾਤਸ਼ਾਹ ਨੇ ਹੋਰ ਪਾਸੇ ਦੇ ਬਚਨ ਸ਼ੁਰੂ ਕਰ ਦਿੱਤੇ।

ਅੱਜ ਇਸ ਦੀਦਾਰ ਸਿੰਘ ਦੇ ਘਰ ਦੋ ਸਪੁੱਤਰ ਹਨ। ਅਤੇ ਆਪਣੀ ਹੱਡ ਬੀਤੀ ਨੂੰ ਯਾਦ ਕਰ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਦੀਵ ਕਾਲ ਹੀ ਗੁਣ ਗਾਇਨ ਕਰਦਾ ਰਹਿੰਦਾ ਹੈ।

**ਸੰਤ ਦਲੀਪ ਸਿੰਘ**
ਅਮਰਜੀਤ ਪੁਰਾ, ਜ਼ਿਲ੍ਹਾ ਸਰਸਾ

Sri Satguru Jagjit Singh Ji eLibrary NamdhariElibrary@gmail.com

# ਚੰਨ-ਸੂਰਜ

ਵਿਗਿਆਨੀ ਕਹਿੰਦੇ ਹਨ ਕਿ ਚੰਦਰਮਾ ਇਕ ਕਾਲਾ ਕਲੂਟਾ ਪੱਥਰਾਂ ਦਾ ਢੇਰ ਹੈ, ਤੇ ਉਸ ਤੇ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ ਤਾਂ ਉਹ ਚਮਕ ਉੱਠਦਾ ਹੈ! ਉਹਦੀ ਸੁੰਦਰਤਾ ਦੇ ਕਵੀ ਪੁਲ ਬੰਨ ਦੇਂਦੇ ਹਨ। ਇਹ ਅਜੇਹਾ ਹੀ ਹੋਵੇਗਾ, ਪਰ ਮਾਤ ਲੋਕ ਤੇ ਆਇਆ ਪੁਰਖ ਪ੍ਰਮੇਸਰ ਉਹ ਸੂਰਜ ਹੈ, ਜਿਹੜਾ ਅਨੇਕਾਂ ਚੰਦਰਮਾਂ ਨੂੰ ਰੋਸ਼ਨ ਕਰਕੇ ਉਨ੍ਹਾਂ ਤੋਂ ਹੋਰ ਕਾਲੀਆਂ ਕਲੂਖੀਆਂ ਜਾਲਿਆਂ ਨਾਲ ਲਪੇਟੀਆਂ ਨੁਕਰਾਂ ਨੂੰ ਰੋਸ਼ਨ ਕਰਦਾ ਹੈ। ਸੌਰ ਮੰਡਲ ਦੇ ਸੂਰਜ ਦੀਆਂ ਕਿਰਨਾਂ ਤੋਂ ਕੇਵਲ ਉਸਦੇ ਸਾਹਮਣੇ ਆਉਣ ਵਾਲੇ ਪੁਰਸ਼, ਬ੍ਰਿੱਛ ਤੇ ਨਗਰ ਨਿੱਘ ਲੈ ਸਕਦੇ ਹਨ ਮਗਰ ਅਵਤਾਰੀ ਸੂਰਜ ਦੀਆਂ ਕਿਰਨਾਂ ਦੇ ਸਾਹਮਣੇ ਪਰਬਤ, ਜੰਗਲ ਜਾਂ ਮੁਨਾਰੇ ਕੋਈ ਰੋਕ ਨਹੀਂ ਪਾ ਸਕਦੇ ਉਹ ि ਜਸ ਦੇਸ਼ ਨੂੰ ਚਾਹੁਣ, ਜਿਸ ਨੁਕਰ ਨੂੰ ਪਸੰਦ ਕਰਨ, ਉਹ ਲਟ-ਲਟ ਹੋ ਉੱਠਦਾ ਹੈ।

ਗੁਜਰਾਂਵਾਲਾ ਜਿੱਥੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਸੀ, ਉੱਥੇ ਹੀ ਸਰਦਾਰਾ ਸਿੰਘ, ਜਿਹੜਾ ਅੱਜ-ਕੱਲ੍ਹ ਭੂਪਾਲ ਵਿਚ ਸਤਿਗੁਰੂ ਦੀ ਕਿਰਪਾ ਨਾਲ ਬੜੇ ਮਾਣ ਆਦਰ ਨਾਲ ਦਿਨ ਗੁਜ਼ਾਰ ਰਿਹਾ ਹੈ, ਉਹ ਇਸੇ ਸ਼ਹਿਰ ਦੇ ਗਲੀ ਮੁਹੱਲਿਆਂ ਵਿਚ ਨੱਚਦੇ ਕੁੱਦਦਿਆਂ ਜਵਾਨੀ ਵਿਚ ਪੈਰ ਧਰਿਆ ਸੀ। ਇਕ ਦਿਨ ਸਰਦਾਰਾ ਸਿੰਘ ਚਾਰ ਯਾਰੀ ਵਿਚ ਬੈਠਾ ਸੀ ਤੇ ਗੱਪ ਗਪੋੜ ਦੀਆਂ ਵਾਰਾਂ ਲੱਗ ਰਹੀਆਂ ਸਨ ਤਾਂ ਮਨ ਵਿਚਾਰ ਆਇਆ ਕਿ ਗੁਰੂ ਧਾਰਨ ਕਰੀਏ! ਕਿਸੇ ਪਿਛਲੇ ਜਨਮ ਦਾ ਫਲ ਹੋਂਦਾ ਹੈ ਕਿ ਜਦ ਅਜੇਹੇ ਵਿਚਾਰ ਪੈਦਾ ਹੁੰਦੇ ਹਨ, ਨਹੀਂ ਤਾਂ ਜਵਾਨੀ ਕੀ ਤੇ ਰੱਬ ਕੀ। ਅੱਖੜ ਜਵਾਨੀ ਮੋਢਿਆਂ ਤੋਂ ਥੁਕਦੀ ਏ, ਅੱਖੜ ਜਵਾਨੀ ਹਿੱਕ ਨਾਲ ਕੰਧਾਂ ਢਾਂਦੀ ਏ।

'ਜਦੋਂ ਜਵਾਨੀ ਮੁਸ ਮੁਸੀ ਛਡਿਆ ਰੱਬ ਵਿਸਾਰ' ਪਰ ਸਰਦਾਰਾ ਸਿੰਘ ਦੇ ਭਾਗ ਜਾਗੇ ਤੇ ਉਸ ਤੇ ਭਾਈ ਗੁਰਦਾਸ ਜੀ ਦੀ ਇਸ ਪਉੜੀ ਦਾ ਨਕਸ਼ਾ ਉਲੀਕਿਆ ਗਿਆ ਹੈ।

**ਸਤਿਗੁਰ ਸੱਚਾ ਪਾਤਿਸ਼ਾਹ, ਕੂੜੇ ਬਾਦਸ਼ਾਹ ਦੁਨੀਆਵੇ।**
**ਸਤਿਗੁਰ ਨਾਥਾ ਨਾਥ ਹੈ, ਹੋਇ ਨੋ ਨਾਥਾ ਅਨਾਥ ਨਿਥਾਵੇ।**
**ਸਤਿਗੁਰ ਸੱਚਾ ਦਾਤਾਰ ਹੈ, ਹੋਰ ਦਾਤੇ ਫਿਰਦੇ ਪਾ ਛਾਵੇ।**
**ਸਤਿਗੁਰ ਕਰਤਾ ਪੁਰਖ ਹੈ, ਕਰ ਕਰਤੂਤ ਨਨਾਵਨ ਨਾਵੇ।**

Sri Satguru Jagjit Singh Ji eLibrary NamdhariElibrary@gmail.com

**ਸਤਿਗੁਰ ਸੱਚਾ ਸਾਹ ਹੈ, ਹੋਰ ਸਾਹ ਵੇਸਾਹ ਉਚਾਵੇ।**
**ਸਤਿਗੁਰ ਸੱਚਾ ਵੈਦ ਹੈ, ਹੋਰ ਵੈਦ ਸਭ ਵੈਦ ਕੁੜਾਵੇ।**
**ਵਿਣ ਸਤਿਗੁਰ ਸਭ ਨਿਗੋ ਸਾਵੇ।੧।੧੫।**

ਭਾਗ ਨਾਲ ਮਿੱਤਰ ਵੀ ਸੁਨੱਖੇ ਮਿੱਤਰ ਸਨ, ਖਾਣ ਪੀਣ ਦੇ ਯਾਰ ਨਹੀਂ ਸਨ। ਸੋਹਨ ਸਿੰਘ ਤੇ ਸਰਦਾਰੀ ਲਾਲ ਪੂਰੇ ਹਤੈਸ਼ੀ ਸਨ, ਉਨ੍ਹਾਂ ਕਿਹਾ ਹੜਮਲ ਵਿਚ ਗੁਰਦਿੱਤਾ ਮੰਨਿਆ ਪ੍ਰਮੰਨਿਆ ਫ਼ਕੀਰ ਹੈ, ਉਸ ਪਾਸੋਂ ਮੰਤਰ ਲੈ। ਸਰਦਾਰਾ ਸਿੰਘ ਨੇ ਮਨ ਵਿਚ ਪੱਕੀ ਧਾਰਨਾ ਧਾਰ ਲਈ ਕਿ ਉਹ ਸਵੇਰ ਹੜਮਲ ਜਾ ਕੇ ਸੁਹਾਗਣ ਬਣੇਗੀ!

ਸਰਦਾਰਾ ਸਿੰਘ ਅਗਲੀ ਸਵੇਰ ਘੋੜੇ ਤੇ ਕਾਠੀ ਪਾਈ ਤੇ ਹੜਮਲ ਦਾ ਰਾਹ ਫੜਿਆ। ਅੱਗੇ ਝਨਾਂ ਵਗਦੀ ਸੀ, ਪਰ ਆਸ਼ਕਾਂ ਨੂੰ ਕੌਣ ਰੋਕ ਪਾਵੇ। ਬੇੜੀ ਤਿਆਰ ਸੀ ਭਾੜਾ ਦਿੱਤਾ ਤੇ ਪਾਰ ਹੋਇਆ। ਅੱਗੇ ਸਾਈਂ ਹੁੱਕਾ ਪੀ ਰਿਹਾ ਸੀ ਤੇ ਮਜ਼ਾਰ ਬਣਵਾ ਰਿਹਾ ਸੀ। ਆਲੇ ਦੁਆਲੇ ਧਰੇਕਾਂ ਖੜ੍ਹੀਆਂ ਸਨ। ਹੁੱਕਾ ਵੇਖ ਇਸ ਦੇ ਮਨ ਵਿਚ ਗਲਾਨਤਾ ਆਈ, ਪਰ ਜਾ ਨਮਸਕਾਰ ਕੀਤੀ। ਸਾਈਂ ਜਾਂਦਿਆਂ ਹੀ ਕਿਹਾ ਭਲਿਆ ਲੋਕਾ ਤੂੰ ਇਸ ਮਾਲਾ ਦਾ ਮੋਤੀ ਨਹੀਂ! ਤੂੰ ਨਨਕਾਣੇ ਜਾ, ਉੱਥੇ ਸਤਿਗੁਰੂ ਪ੍ਰਤਾਪ ਸਿੰਘ ਤੇਰਾ ਨਸਤਾਰਾ ਕਰਨਗੇ।' ਸਰਦਾਰਾ ਸਿੰਘ ਇਹ ਉੱਤਰ ਸੁਣ ਵਾਪਸ ਮੁੜ ਆਇਆ। ਇਕ ਦਿਨ ਆਰਾਮ ਕੀਤਾ ਤੇ ਤੜਕੇ ਸਾਰ ਮੁੜ ਘੋੜੇ ਤੇ ਕਾਠੀ ਪਾ ਨਨਕਾਣੇ ਸਾਹਿਬ ਵੱਲ ਰੁਖ਼ਸਤ ਹੋਇਆ। ਰਾਤ ਚੂਹੜ ਕਾਣੇ ਕੱਟੀ ਤੇ ਦੁਪਹਿਰ ਤੱਕ ਮੰਜ਼ਿਲ ਤੇ ਪੁੱਜ ਗਿਆ। ਅਗਲੀ ਰਾਤ ਕਿਆਰੇ ਸਾਹਿਬ ਗੁਜ਼ਾਰੀ ਘੋੜੀ ਉੱਥੇ ਹੀ ਬੰਨ੍ਹ ਸਤਿਗੁਰਾਂ ਦੀ ਭਾਲ ਵਿਚ ਨਿਕਲ ਟੁਰਿਆ। ਪੁੱਛਦਾ ਪੁੱਛਦਾ ਨਾਮਧਾਰੀਆਂ ਦੇ ਬੁੰਗੇ ਅੱਗੇ ਦੀਵਾਨ ਲੱਗ ਹੋਇਆ ਸੀ। ਰਾਗੀ ਕਰੀਤਨ ਕਰ ਰਹੇ ਸਨ। ਸਤਿਗੁਰ ਜੀ ਸੰਗਤ ਵਿਚ ਇਉਂ ਸ਼ੋਭ ਰਹੇ ਸਨ, ਜਿਵੇਂ ਸੂਰਜ ਸੌਰ ਮੰਡਲ ਵਿਚ। ਦਰਸ਼ਨ ਕਰਕੇ ਮਨ ਸ਼ਾਂਤ ਹੋ ਗਿਆ।

ਸਰਦਾਰਾ ਸਿੰਘ ਨਮਸਕਾਰ ਕਰਕੇ ਸਿਰ ਉਤਾਂਹ ਚੁੱਕਿਆ ਹੀ ਸੀ ਕਿ ਜਾਣੀ ਜਾਣ ਸਤਿਗੁਰੂ ਜੀ ਪੁੱਛਿਆ 'ਸਰਦਾਰ ਸਿੰਘ! ਹੜਮਲ ਤੋਂ ਹੋ ਆਇਆ ਏਂ? ਗੁਰਦਿੱਤੇ ਕੀ ਆਖਿਆ।' ਇਹ ਸੁਣਦਿਆਂ ਹੀ ਨੇਤਰ ਸਜਲ ਹੋ ਗਏ।

ਅੰਦਰ ਤੀਰ ਚੱਲ ਗਿਆ। ਡਾਢਾ ਜ਼ਖ਼ਮ ਹੋਇਆ। ਧਰਤੀ ਤੇ ਲੇਟ ਗਿਆ। ਸੰਤ ਬਹਾਦਰ ਸਿੰਘ ਨੂੰ ਹੁਕਮ ਹੋਇਆ 'ਸੰਤ ਜੀ ਇਸ ਸਿੱਖ ਨੂੰ ਭਜਨ ਦਿਓ।' ਕੋਲ ਈ ਭੂਆ ਜਸ ਕੌਰ ਬੈਠੀ ਸੀ। ਉਸ ਕਿਹਾ 'ਜੀ ਭਲਾ। ਅਜੇਹੇ ਵੀ ਕਦੇ ਸੌਰੇ ਨੇ।' ਸਤਿਗੁਰੂ ਜੀ ਬਚਨ ਕੀਤਾ, 'ਜਾ ਮਾਈ! ਤੈਨੂੰ ਕੀ ਪਤਾ? ਇਹ ਕਈ ਜਨਮਾਂ ਤੋਂ ਸਾਡਾ ਏ, ਤੂੰ ਐਵੇਂ ਵਾਧੂ ਬਚਨ ਨਾ ਕਰ।' ਇਹ ਸੁਣ ਸਰਦਾਰਾ ਸਿੰਘ ਨੂੰ ਰੰਗ ਚੜ੍ਹ ਗਿਆ। ਗੜੂਚ ਹੋਇਆ ਘਰ ਨੂੰ

Sri Satguru Jagjit Singh Ji eLibrary NamdhariElibrary@gmail.com

ਮੁੜਿਆ। ਘੋੜਾ ਹਵਾ ਨਾਲ ਗੱਲ ਕਰ ਰਿਹਾ ਸੀ, ਪਰ ਇਹ ਯੁਵਕ ਮਸਤੀ 'ਚ ਕਾਠੀ ਤੇ ਬੈਠਾ ਈ ਪਸ਼ੂ ਪੰਛੀਆਂ ਤੇ ਵਜਦ ਤਾਰੀ ਕਰੀ ਜਾ ਰਿਹਾ ਸੀ:-

**'ਜਾਵਾਂ ਬਲਿਹਾਰ ਆਪਣੇ ਗੁਰਾਂ ਤੋਂ।**
**ਜਾਵਾਂ ਬਲਿਹਾਰ ਆਪਣੇ ਗੁਰਾਂ ਤੋਂ।'**

**ਸਰਦਾਰਾ ਸਿੰਘ**
ਭੂਪਾਲ

Sri Satguru Jagjit Singh Ji eLibrary NamdhariElibrary@gmail.com

# ਮਸਕੀਨਾਂ ਦੇ ਮਹਿਰਮ

ਸੂਰਜ ਨੇ ਕੰਬਦੇ ਕੰਬਦੇ ਆਪਣੇ ਪੈਂਡੇ ਵੱਲ ਪੈਰ ਰਖਿਆ। ਬੱਚੇ, ਬੁੱਢੇ ਠਰੂੰ ਠਰੂੰ ਕਰਦੇ ਧੁੱਪ ਸੇਕਣ ਹਿਤ ਕਿਸੇ ਕੰਧ ਦਾ ਆਸਰਾ ਲੱਭ ਰਹੇ ਸਨ। ਮਗਰ ਗੁਰੂ ਕੇ ਲਾਲਾਂ ਦੇ ਚਿਹਰਿਆਂ ਤੇ ਲਾਲੀਆਂ ਦਗ ਦਗ ਕਰ ਰਹੀਆਂ ਸਨ। ਕਿਤੇ ਸਫ਼ਾਈਆਂ ਹੋ ਰਹੀਆਂ ਸਨ। ਕਿਤੇ ਚੁੱਲ੍ਹੇ ਪੁੱਟੇ ਜਾ ਰਹੇ ਸਨ। ਮਾਈਆਂ ਬੀਬੀਆਂ ਆਟੇ, ਦਾਲੇ, ਘਿਓ, ਆਦਿ ਲਿਆ ਕੇ ਅੰਬਾਰ ਲਾਈ ਜਾਂਦੀਆਂ ਸਨ। ਪਿੰਡ ਦੇ ਵਿਚਾਲੇ ਦਰਵਾਜ਼ੇ ਵਾਲੀ ਥਾਂ ਤੇ ਚੁਬਾਰੇ ਨੂੰ ਬੜੀਆਂ ਰੀਝਾਂ ਨਾਲ ਸਾਫ਼ ਕੀਤਾ ਗਿਆ। ਇਕ ਪਲੰਗ ਡਾਹਿਆ ਤੇ ਉਪਰ ਦੁੱਧ ਚਿੱਟਾ ਖੇਸ। ਫਰਸ਼ ਤੇ ਸਫਾਂ ਨਵੀਆਂ ਨਕੋਰ ਵਿਛਾਈਆਂ ਗਈਆਂ। ਅੱਜ ਮਹਿਤਪੁਰ ਖ਼ੁਸ਼ੀਆਂ ਨਾਚ ਕਰ ਰਹੀਆਂ ਸਨ ਕਿਉਂਕਿ ਮਨੁੱਖ, ਪਸ਼ੂ, ਪੰਛੀਆਂ ਜਲਾਂ ਥਲਾਂ ਵਿਚ ਵਸਦਿਆਂ ਜੀਆਂ ਜੰਤੂਆਂ ਦੀ ਸਾਰ ਲੈਣ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਇਸ ਨਗਰ ਨੂੰ ਭਾਗ ਲਾਉਣ ਆ ਰਹੇ ਸਨ। ਸੂਰਜ ਰਾਜਾ ਅੱਧਾ ਪੈਂਡਾ ਚੂਰ ਕਰ ਚੁੱਕਾ ਸੀ ਕਿ ਜੈਕਾਰੇ ਗੂੰਜਣ ਲੱਗ ਪਏ। ਮਾਈ, ਭਾਈ, ਬਿਰਧ, ਜਵਾਨ ਸਭ ਦਰਵਾਜ਼ੇ ਵਾਲੀ ਥਾਂ ਕਾਹਲੀ ਕਾਹਲੀ ਪੁੱਜੇ। ਚੌਰਾਸੀਂ ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਹਰੀ ਸਿੰਘ ਦੇ ਅਵਾਜ਼ੇ ਆਉਣ ਲੱਗ ਪਏ।

ਕੁਝ ਸਮੇਂ ਉਪਰੰਤ ਢੋਲਕੀ ਛੈਣੇ ਖੜਕੇ। ਗੂੰਜਾਂ ਉੱਠੀਆਂ ਆਕਾਸ਼ ਵੀ ਹੁੰਗਾਰਾ ਭਰਿਆ। ਬਾਬੇ ਨਾਨਕ ਦੀ ਬਾਣੀ ਦਿਲਾਂ ਦੀ ਮੈਲ ਧੋਣ ਲੱਗੀ। ਇਲਾਹੀ ਬਾਣੀ ਵਾਯੂ ਮੰਡਲ ਵਿਚ ਤਾਰੀਆਂ ਲਾਂਦੀ ਪੂਰਬ, ਦੱਖਣ, ਪੱਛਮ, ਉੱਤਰ ਨੂੰ ਸੁਰਗ ਪੁਰੀ ਵਿਚ ਬਦਲਣ ਦਾ ਰਾਹ ਵਿਖਾਣ ਲੱਗੀ। ਸ਼ਬਦੀ ਜਥਾ ਬੜੇ ਪ੍ਰੇਮ ਤੇ ਮਸਤੀ ਨਾਲ ਪੜ੍ਹ ਰਿਹਾ ਸੀ:-

**ਸਤਿਗੁਰ ਹਉ ਬਲਿਹਾਰੀ ਤੋਰ**
**ਜਿਨ ਸਕਲ ਬਿਕਲ ਭਉ ਕਾਟੇ ਮੋਰ।**

ਸੰਤ ਜੀ ਵਿਆਖਿਆ ਕਰਦੇ ਉਚਾਰ ਰਹੇ ਸਨ 'ਵਾਹ! ਵਾਹ!! ਵਾਹ!!! ਸਤਿਗੁਰ ਤੇਰੀ ਕਿਸੇ ਨਾਲ ਵੀ ਉਪਮਾ ਨਹੀਂ ਹੋ ਸਕਦੀ। ਵੇਦਾਂ ਸ਼ਾਸਤਰਾਂ ਵਿਚ ਤੈਨੂੰ ਬੇਅੰਤ ਅਗਮ, ਅਗੋਚਰ ਆਖਿਆ ਗਿਆ ਹੈ। ਤੂੰ ਸਤਿਜੁਗ, ਤਰੇਤੇ, ਦੁਆਪਰ ਵਿਚ ਜੀਆਂ ਦੀ ਕਲਿਆਨ ਹਿਤ ਤੇ ਸੱਚਾ ਮਾਰਗ ਦਰਸਾਉਣ ਹਿਤ ਅਵਤਾਰ ਧਾਰਿਆ। ਤੂੰ ਕਲਿਜੁਗ ਵਿਚ ਨਾਨਕ ਨਾਮਧਰਾ ਰਾਖਸ਼ਾਂ, ਡਾਕੂਆਂ, ਚੋਰਾਂ ਧਾੜਵੀਆਂ ਨੂੰ ਜੀਅਦਾਨ ਬਖਸ਼ਿਆ। ਤੂੰ ਜਾਬਰ ਰਾਜਿਆਂ ਤੇ ਲਹੂ ਪੀਣੇ ਬਾਬਰਾਂ ਨੂੰ ਸਿੱਧੇ ਰਾਹ ਟੋਰਿਆ।

Sri Satguru Jagjit Singh Ji eLibrary NamdhariElibrary@gmail.com

### ਆਖੀ ਨ ਜਾਇ ਉਪਮਾ ਤੇਰੀਆਂ

ਸੰਤ ਜੀ ਕੀਰਤਨ ਕਰ ਰਹੇ ਸਨ। ਸਰੋਤੇ ਜਨ ਫਰਸ਼ਾਂ ਤੇ ਬੈਠੇ ਅਰਸ਼ਾਂ ਦੇ ਹੁਲਾਰੇ ਮਾਣ ਰਹੇ ਸਨ। ਕਦੇ ਕੋਈ ਧਾਰਨਾ, ਕਦੇ ਕੋਈ ਸ਼ਬਦ ਛੁਹ ਪਾਮਰਾਂ ਨੂੰ ਪ੍ਰੇਮੀਆਂ ਦੀਆਂ ਸ੍ਰੇਣੀਆਂ ਵੱਲ ਖਿੱਚ ਰਹੇ ਸਨ।

**ਫੂਟੋ ਆਂਡਾ ਭਰਮ ਕਾ ਮਨਹਿ ਭਇਆ ਪਰਗਾਸੁ।**
**ਕਾਟੀ ਬੇੜੀ ਪਗਹ ਤੇ, ਗੁਰ ਕੀਨੀ ਬੰਧ ਖਲਾਸੁ।**

ਹਰ ਪ੍ਰਮਾਣ ਰੰਗ ਤੇ ਰੰਗ ਚੜ੍ਹਦਾ ਜਾਂਦਾ ਸੀ। ਅੰਤ ਸੰਤ ਜੀ ਇਹ ਸ਼ਬਦ ਪੜ੍ਹ ਸੋਨੇ ਵਿਚ ਸੁਗੰਧੀ ਭਰ ਦਿੱਤੀ:-

**ਕਚਹੁ ਕੰਚਨ ਭਇਅਉ, ਸ਼ਬਦ ਗੁਰ ਸ੍ਰਣਵਹਿ ਸੁਣਿਉ।**
**ਬਿਖ ਤੇ ਅੰਮ੍ਰਿਤ ਹੁਯਉ, ਨਾਮ ਸਤਿਗੁਰ ਮੁਖ ਭਣਿਅਉ।**
**ਲੋਹਉ ਹੋਯਉ ਲਾਲ, ਨਦਰ ਸਤਿਗੁਰ ਜਦਿ ਧਾਰੈ।**
**ਪਾਵਹ ਮਾਣਕ ਕਰੈ, ਗਿਆਨ ਗੁਰ ਕਹਿਅਉ ਬੀਚਾਰੈ।**
**ਕਾਠਹੁ ਸ੍ਰੀ ਖੰਡ ਸਤਿਗੁਰ ਕੀਅਉ, ਦੁਖ ਦਰਿਦ, ਤਿਨ ਕੇ ਗਇਆ।**
**ਸਤਿਗੁਰ ਚਰਨ ਜਿਨ ਪਰਸਿਆ, ਸੇ ਪਸੂ ਪਰੇਤ ਸੁਰ ਨਾ ਭਇਆ।**

ਪੜ੍ਹ ਭੋਗ ਪਾਇਆ। ਸਰੋਤੇ ਆਪ ਨੂੰ ਫੁੱਲਾਂ ਨਾਲੋਂ ਵੀ ਹੌਲਾ ਮਸੂਸ ਕਰ ਰਹੇ ਸਨ। ਉਨ੍ਹਾਂ ਨੂੰ ਇਉਂ ਜਾਪਦਾ ਸੀ, ਜਿਵੇਂ ਮਣਾਂ ਮੂੰਹੀਂ ਭਾਰ ਸਿਰਾਂ ਤੋਂ ਔਹ ਜਾ ਪਇਆ ਹੈ। ਅਨੇਕਾਂ ਸੱਜਣਾਂ ਮਾਸ, ਸ਼ਰਾਬ ਦਾ ਤਿਆਗ ਕਰ, ਭਜਨ ਪੁਛ ਸਤਿਗੁਰੂ ਰਾਮ ਸਿੰਘ ਦੇ ਜਹਾਜ਼ ਤੇ ਸਵਾਰ ਹੋ ਗਏ। ਕੁਝ ਲੰਗਰ ਵਿਚ ਸੇਵਾ ਕਰਨ ਲੱਗ ਪਏ। ਕੁਝ ਸਾਧ ਸੰਗਤ ਦੀ ਸੇਵਾ ਵਿਚ ਜੁੱਟ ਪਏ। ਕੁਝ ਧੰਨ ਧੰਨ ਕਹਿੰਦੇ ਘਰਾਂ ਨੂੰ ਮੁੜੇ।

ਉਸੇ ਨਗਰ ਗੁਰੂ ਕਾ ਲਾਲ ਬਾਬਾ ਕਰਤਾਰ ਸਿੰਘ ਰਹਿੰਦਾ ਸੀ। ਤੇਰ੍ਹਾਂ ਚੌਦ੍ਹਾਂ ਘੁਮਾਂ ਦਾ ਮਾਲਕ, ਦਸਾਂ ਨਵਾਂ ਦੀ ਕਿਰਤ ਕਰਨ ਵਾਲਾ, ਗ਼ਜ਼ਬ ਦਾ ਸਿੱਖ, ਅਖੰਡ ਪਾਠੀ, ਨਾਮ ਦਾ ਰਸੀਆ, ਕਥਾ ਕੀਰਤਨ ਦਾ ਪ੍ਰੇਮੀ, ਮਿੱਠ ਬੋਲੜਾ, ਜੱਦ ਕਦੇ ਮੌਜ ਵਿਚ ਆਵੇ ਤੁਕ ਛੇੜ ਦੇਵੇ:-

**ਝਲਾਂਗੇ ਉਠਿ ਨਾਮੁ ਜਪ ਨਿਸ ਬਾਸਰ ਆਰਾਧਿ।**
**ਕਾਰਾ ਤੁਝੈ ਨਾ ਵਿਆਪਈ, ਨਾਨਕ ਮਿਟੈ ਉਪਾਧਿ।**
**ਪੁਨਾਂ! ਤੈਨੂੰ ਜਾਗ ਨ ਆਈਆ ਵੇ, ਚਿੜੀਆਂ ਚੂਕਦੀਆਂ।**
**ਪੁਨਾਂ! ਤੇਰਾ ਹੀਰਾ ਜਨਮ ਅਮੋਲਾ, ਕੌਡੀਆਂ ਦੇ ਭਾ ਲੁਟਿਆ।**

ਬਾਬਾ ਦੇ ਗਲੇ ਵਿਚ ਰਸ। ਜਿਧਰ ਆਵਾਜ਼ ਜਾਵੇ, ਉਧਰ ਹੀ ਸਰੋਤੇ ਕੰਨ ਚੁੱਕ ਲੈਣ। ਤੇ ਉਸੇ ਸੁਰ ਦੇ ਮਗਰੇ ਮਗਰ ਟੁਰੇ ਜਾਣ। ਮਗਰ ਮਾਇਕ ਹਾਲਤ ਪਤਲੀ। ਮਕਾਨ ਵੀ ਕੱਚਾ ਤੇ ਖਸਤਾ। ਪਰ ਦਿਲ ਹੰਬਲੀਆਂ ਮਾਰੇ ਸਾਡੇ ਘਰ ਚਰਨ ਪਾਣ। ਮੇਰੇ ਭਾਗ ਜਾਗਣ। ਪਰ ਅਰਜ਼ ਗਲੇ ਵਿਚ ਰੁੱਕ ਜਾਵੇ। ਰਸਨਾਂ ਤੇ ਆਉਣ ਦੀ ਜੁਰਅਤ ਨਾ ਕਰੇ। ਮਨ ਵਿਚ ਚਾਉ ਉਠੇ, ਮਗਰ ਬੇਬਸੀ ਵਿਚ ਡੁੱਬ ਜਾਵੇ। ਭਾਵੇਂ ਮੇਲੇ ਦਾ ਮੁਖ ਪ੍ਰਬੰਧਕ ਕਰਤਾਰ ਸਿੰਘ

Sri Satguru Jagjit Singh Ji eLibrary NamdhariElibrary@gmail.com

ਸੀ ਤੇ ਸੇਵਾ ਵੀ ਕਰੀ ਜਾ ਰਿਹਾ ਸੀ ਪਰ ਖ਼ਿਆਲਾਂ ਦਾ ਤਾਣਾਂ ਤਣਦਾ ਜਾਵੇ।

ਅਖ਼ੀਰ ਇਨ੍ਹਾਂ ਗਿਣਤੀਆਂ ਮਿਣਤੀਆਂ ਵਿਚ ਪਰਛਾਵੇਂ ਲੰਮੇ ਹੋ ਗਏ। ਦਿਨ ਦਾ ਰਾਜਾ ਪੱਛਮ ਦੇ ਆਬੂਨਸੀ ਮਹੱਲ ਵਿਚ ਰੈਨ ਬਸੇਰੇ ਲਈ ਚਲਾ ਗਿਆ। ਬਾਬਾ ਵੀ ਸੇਵਾ ਤੋਂ ਵਿਹਲਾ ਹੋ ਸਤਿਗੁਰੂ ਜੀ ਨੂੰ ਨਮਸਕਾਰ ਕਰ, ਘਰ ਜਾ ਮੰਜੀ ਡਾਹ ਲੇਟ ਗਿਆ। ਲਾਗੇ ਹੀ ਭਾਈ ਰਤਨ ਸਿੰਘ ਵੀ ਆ ਬਰਾਜਿਆ। ਭਲਾ ਆਸ਼ਿਕ ਤੇ ਰੋਗੀਆਂ ਨੂੰ ਨੀਂਦ ਕਿੱਥੇ, ਲੇਟੇ ਤੇ ਮੰਜਿਆਂ ਤੇ ਰਹੇ, ਮਗਰ ਸੁਰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੁਆਲੇ ਪ੍ਰਕਰਮਾ ਕਰਦੀ ਜੋਦੜੀ ਕਰਦੀ ਰਹੀ। 'ਹੇ ਘਟਿ ਘਟਿ ਵਾਸੀ ਤੇ ਘਟਿ ਘਟਿ ਦੀ ਜਾਨਣਹਾਰ! ਮਾੜੇ ਤਗੜੇ ਸਭ ਤੇਰੇ ਹਨ। ਤੂੰ ਤਰੇਤੇ ਵਿਚ ਅਦਨਾ ਜ਼ਾਤ ਦੀ ਭੀਲਣੀ ਨੂੰ ਜਾ ਨਵਾਜਿਆ ਸੀ। ਬਿਦਰ ਬਿਚਾਰਾ ਕਿਹੜੀ ਅਟਾਰੀਆਂ ਦਾ ਮਾਲਕ ਸੀ ਤੂੰ ਕੇਲਿਆਂ ਦੇ ਛਿਲਕਿਆਂ ਵਿੱਚੋਂ ਛੱਤੀ ਪਦਾਰਥਾਂ ਦਾ ਸਵਾਦ ਮਾਣਿਆ। ਭਾਈ ਲਾਲੋਂ ਕਿਹੜਾ ਮਹਿਲ ਚੁਬਾਰੇ ਪਾਈ ਬੈਠਾ ਸੀ। ਉਸ ਦੀ ਕੁੱਲੀ ਵਿਚ ਜਾ ਕੋਧਰੇ ਦੀ ਰੋਟੀ ਨੂੰ ਲੁਚੀ ਕਚੌਰੀ ਨਾਲੋਂ ਵਿਸ਼ੇਸ਼ਤਾ ਦਿੱਤੀ। ਗੁਰੂ ਹਰੀ ਸਿੰਘ ਮਹਾਰਾਜ ਠੰਢੀ ਮੂਰਤੀ ਮਾਨਾਂ ਵਾਲੇ ਚੂਹੜੀ ਨੂੰ ਜਾ ਨਵਾਜਿਆ। ਤੂੰ ਅਰਸ਼ਾਂ ਕੁਰਸ਼ਾਂ ਦਾ ਮਾਲਿਕ ਹੈਂ। ਮੈਂ ਅਦਨਾ, ਨਾਚੀਜ਼ ਕੀ ਆਖਾਂ। ਚੰਗਾ ਜਿਵੇਂ ਰਜ਼ਾ।' ਦੋਵੇਂ ਭਰਾ ਇਹ ਕਹਾਣੀਆਂ ਕਰਦੇ ਈ ਧਰਮਪੁੱਤਰੀ ਦੀ ਗੋਦ ਵਿਚ ਜਾ ਬਰਾਜੇ।

ਪਰ ਸਤਿਗੁਰੂ ਸਦਾ ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ; ਨਿਧਾਰਿਆਂ ਦੀ ਧਿਰ; ਨਿਥਾਵਿਆਂ ਦੀ ਥਾਂ। ਉਹ:-

**ਏਕ ਏਕ ਕੀ ਪੀਰ ਪਛਾਨੈ॥ ਘਟ ਘਟ ਕੇ ਪਟ ਪਟ ਕੀ ਜਾਨੈ॥**

ਪੁਨਾ:-

**ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸਕੈ ਬਲਿਜਾਉ।**
**ਉਹ ਨਿਰਗੁਣਆਰੇ ਪਾਲਦਾ ਭਾਈ ਦੇਇ ਨਿਥਾਵੈ ਥਾਉ। (੬੪੦)**

ਉਹ ਕੀ ਨਹੀਂ ਜਾਣਦਾ? ਉਹ ਕੀ ਨਹੀਂ ਕਰ ਸਕਦਾ? ਉਹ:

**ਆਪਣੇ ਸੇਵਕ ਕੀ ਆਪ ਰਾਖੇ, ਆਪੇ ਨਾਮ ਜਪਾਵਹਿ॥**
**ਜਹਿ ਜਹਿ ਕਾਜ ਕਿਰਤ ਸੇਵਕ ਕੀ ਤਹਾਂ ਤਹਾਂ ਉਠ ਧਾਵੈ॥**

ਉਹ ਆਪਣੇ ਸੇਵਕ ਨੂੰ ਸਦਾ ਨਿਗਾਹ ਹੇਠਾਂ ਰੱਖੇ। ਉਹ ਸਿੱਖ ਦੇ ਮੁੱਖ ਤੇ ਉਹ ਸਿੱਖ ਦੇ ਦੁੱਖ ਵਿਚ ਦੁੱਖੀ। ਉਹ ਸਿੱਖ ਦੀ ਚਿੰਤਾ 'ਚ ਚਿੰਤਾਤੁਰ, ਉਹ ਸਿੱਖ ਦੀ ਉਦਾਸੀ ਵਿਚ ਉਦਾਸ, ਜੇ ਸਿੱਖ ਦਾ ਮਨ ਗਿਟੀਆਂ ਗਿਣਦਾ ਹੈ, ਤਾਂ ਗੁਰੂ ਦੇ ਨੂਰੀ ਮੁਖੜੇ ਤੇ ਵੀ ਪ੍ਰਛਾਈ, ਦਸਵੇਂ ਪਾਤਸ਼ਾਹ ਠੀਕ ਆਖਿਆ ਹੈ:-

**ਸੰਤਨ ਦੂਖ ਪਾਵੇ ਤੇ ਦੁਖੀ। ਸੁਖ ਪਾਵੇ ਸਾਧਨ ਕੇ ਸੁਖੀ।**

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਵੀ ਉਸ ਰਾਤ ਮੰਜੇ ਤੇ

Sri Satguru Jagjit Singh Ji eLibrary NamdhariElibrary@gmail.com

ਬੇਆਰਾਮ ਰਹੇ।

ਅਜੇ ਰਾਤ ਢੱਲੀ ਹੀ ਸੀ, ਕਿ ਸ਼ਾਹਾਂ ਦੇ ਸ਼ਾਹ ਉਠ ਬੈਠੇ ਭਾਈ ਵਜ਼ੀਰ ਸਿੰਘ ਨੂੰ ਵਾਜ ਮਾਰੀ। ਉਹ ਕਿਹੜਾ ਬਰਾਜਿਆ ਸੀ, ਲੇਟਿਆ ਵੀ ਸੇਵਾ ਵਿਚ ਹਾਜ਼ਰ ਰਹਿੰਦਾ। ਸਤਿਗੁਰੂ ਜੀ ਜੰਗਲ ਮੈਦਾਨ ਮਾਰ, ਦਾਤਨ ਕੁਰਲਾ ਕਰ, ਬਚਨ ਕੀਤਾ, ਭਾਈ ਲਿਆ ਜਲ।' "ਸਤਿਬਚਨ ਸੱਚੇ ਪਾਤਸ਼ਾਹ! ਲਿਆਇਆ" ਰਤਨ ਸਿੰਘ ਪੜਾ ਰੱਖ, ਕਛਹਿਰਾ ਪਰਨਾ ਲੈ, ਹੱਥ ਜੋੜ ਖਲੋਤਾ ਗ਼ਰੀਬ ਨਿਵਾਜ਼ ਸਭ ਕੁਝ ਹਾਜ਼ਰ ਹੈ" "ਭਾਈ! ਇੱਥੇ ਨਹੀਂ, ਤੂੰ ਮੇਰੇ ਪਿੱਛੇ ਪਿੱਛੇ ਟੁਰਿਆ ਆ।" ਭਾਈ ਵਜ਼ੀਰ ਸਿੰਘ ਹੈਰਾਨ ਸੀ, ਪਰ ਕੀ ਮਜਾਲ ਜ਼ਬਾਨ ਖੋਲ੍ਹ ਸਕੇ। ਅਮੀਰ ਲੋਕ ਬਲੌਰੀ ਗਸਲਖਾਨਿਆਂ ਵਿਚ, ਰਾਜੇ ਮਹਾਰਾਜੇ ਠੰਡੇ ਗਰਮ ਤੇ ਸੁਗੰਧਿਤ ਹਮਾਮਾਂ ਵਿਚ, ਪਰ ਸਤਿਗੁਰ ਪ੍ਰਤਾਪ ਸਿੰਘ ਸ਼ਹਿਨਸ਼ਾਹਾਂ ਦਾ ਸ਼ਾਹ, ਨਹੀਂ ਕੰਗਲਿਆਂ ਨੂੰ ਬਾਦਸ਼ਾਹੀਆਂ ਬਖਸ਼ਣ ਵਾਲੇ ਅਨੋਖੇ ਹੀ ਸਨਾਨ-ਘਰ ਵਲ ਚਰਨ ਰੱਖੇ। ਜਿੱਥੇ ਫ਼ਰਸ਼ ਨਾ ਬੱਤੀ, ਝਾੜ ਨਾ ਫਾਨੂਸ, ਮੁਸ਼ਕ ਨਾ ਅੰਬਰ, ਸਗੋਂ ਉੱਚੀ ਨੀਵੀਂ ਥਾਂ, ਪਸ਼ੂਆਂ ਮੂਤਰ ਤੇ ਗੋਹੇ ਦੀ ਬਦਬੂ। ਕਿਸੇ ਉੱਚੀ ਆਤਮਾ ਠੀਕ ਆਖਿਆ ਹੈ:-

**ਬਸ ਮੈਂ ਹੇਤੇ ਆਏ, ਭਗਵਾਨ ਭਗਤਨ ਕੇ।**

ਅੱਗੇ ਅੱਗੇ ਗ਼ਰੀਬ ਨਿਵਾਜ਼ ਜੀ, ਪਿੱਛੇ ਪਿੱਛੇ ਭਾਈ ਵਜ਼ੀਰ ਸਿੰਘ ਤੇ ਰਤਨ ਸਿੰਘ। ਸੱਚੇ ਪਾਤਸ਼ਾਹ ਸ੍ਰੀ ਕਰਤਾਰ ਸਿੰਘ ਦੇ ਬੂਹੇ ਅੱਗੇ ਜਾ ਕੇ ਰੁਕ ਗਏ। ਦਰਵਾਜ਼ਾ ਖਟਖਟਾਇਆ ਤੇ ਆਵਾਜ਼ ਮਾਰੀ 'ਕਰਤਾਰ ਸਿਹਾਂ! ਬੂਹਾ ਖੋਲ੍ਹ।' ਬਾਬਾ ਕਿਹੜਾ ਰਾਤੀਂ ਸੁੱਤਾ ਸੀ। ਅੱਖਾਂ ਵਿਚ ਰਾਤ ਕੱਟੀ ਸੀ। ਤ੍ਰਿਬਕ ਉੱਠਿਆ ਤੇ ਜਾਣਿਆ ਸੁਪਨ ਏਂ। ਸੁਪਨੇ ਵਿਚ ਦਰਵਾਜ਼ਾ ਖੜਕਾ ਰਹੇ ਹਨ।' ਪਰ ਜਦ ਸੰਤ ਰਤਨ ਸਿੰਘ ਨੇ ਉੱਚੀ ਆਵਾਜ਼ ਮਾਰੀ ਤਾਂ ਝਟ ਪਟ ਉਠਿਆ ਤੇ ਕੁੰਡਾ ਖੋਲ੍ਹਿਆ। ਵੇਖਦਿਆਂ ਈ ਚਰਨਾਂ ਤੇ ਢਹਿ ਪਿਆ। ਤ੍ਰਪ ਤ੍ਰਪ ਹੰਝੂ ਵਹਿ ਟੁਰੇ। ਚਰਨਾਂ ਨੂੰ ਜਲ ਨਾਲ ਧੋਣ ਤੋਂ ਪਹਿਲਾਂ ਹੀ ਨੇਤਰ ਨਦੀਆਂ ਬਣ ਵਹਿ ਟੁਰੇ, ਚਰਨਾਂ ਨੂੰ ਧੋਤਾ। ਸੱਚੇ ਪਾਤਸ਼ਾਹ ਕੰਢ ਤੇ ਕਰ ਕਮਲ ਰਖਿਆ ਤੇ ਅੱਗੇ ਟੁਰ ਪਏ। ਮਗਰੋਂ ਮਗਰ ਭਾਈ ਵਜ਼ੀਰ ਸਿੰਘ ਜਲ ਦੀ ਗਾਗਰ ਲਈ, ਤੇ ਸੰਤ ਰਤਨ ਸਿੰਘ ਸਿਰ ਤੇ ਪਟੜਾ ਰੱਖੀ ਤੇ ਮੋਂਢੇ ਤੇ ਸੁੱਕੇ ਕੱਪੜੇ ਵਿਚ ਬਸਤਰ ਲਪੇਟੇ ਤੇ ਪਉਏ ਫੜੀ। ਠੀਕ ਪਟੜਾ ਰੱਖਣ ਦਾ ਉੱਥੇ ਹੁਕਮ ਦਿੱਤਾ ਜਿੱਥੇ ਖੁਰਲੀਆਂ ਸਨ ਤੇ ਇਧਰ ਉਧਰ ਗੋਹੇ ਦੀਆਂ ਫੋਸੀਆਂ ਪਈਆਂ ਸਨ। ਗਊਆਂ ਮੱਝਾਂ ਕਿਲਿਆਂ ਨਾਲ ਬੱਝੀਆਂ ਪਈਆਂ ਸਨ। ਸਤਿਗੁਰੂ ਜੀ, ਸ਼ਨਾਨ ਕਰ ਆਸਾ ਦੀ ਵਾਰ ਵਿਚ ਚਲੇ ਗਏ।

ਸਤਿਗੁਰੂ ਜੀ ਦੇ ਥਾਪੜੇ ਨੇ ਕਰਤਾਰ ਸਿੰਘ ਦੇ ਸਰੀਰ ਵਿਚ ਪੁਰਕਾਵਲੀ ਛੇੜ ਦਿੱਤੀ। ਨੱਸ ਨੱਸ ਵਿੱਚੋਂ ਅਨੰਦ ਦੀਆਂ ਲਹਿਰਾਂ ਦੌੜਨ ਲੱਗ ਪਈਆਂ। ਜਿੰਨਾਂ ਚਿਰ ਸਤਿਗੁਰੂ ਜੀ ਸ਼ਨਾਨ ਕਰਦੇ ਰਹੇ, ਬਾਬਾ ਬੁਤ ਬਣ ਵਿਹੜੇ ਵਿਚ

Sri Satguru Jagjit Singh Ji eLibrary NamdhariElibrary@gmail.com

ਵਿਸਮਾਦ ਦੀ ਹਾਲਤ 'ਚ ਖਲੋਤਾ ਰਿਹਾ, ਪਰ ਉਹ ਚਲੇ ਗਏ ਤਾਂ ਲੱਗਾ ਵਾਜਾਂ ਮਾਰਨ, ਭਾਗਾਂ ਵਾਲੀਏ ਪ੍ਰਤਾਪ ਕੌਰੇ। ਉੱਠ ਸਤਿਗੁਰੂ ਜੀ ਚਰਨ ਪਾ ਗਏ ਹਨ। ਪੁੱਤ ਤਰਨ ਕੁਰੇ। ਤੂੰ ਮੰਜਾ ਛੱਡ ਵੀ। ਕਿੱਡੇ ਉੱਚੇ ਭਾਗ ਹਨ ਸਾਡੇ। ਸਾਰੇ ਇਸ਼ਨਾਨ ਪਾਨ ਕਰੋ ਤੇ ਵਾਰੇ ਵਿਚ ਚਲੋ।' "ਬਾਪੂ! ਸੁਪਨਾ ਦੱਸ ਰਿਹਾ ਏਂ? ਆਹ ਵੇਲਾ, ਅੱਧੀ ਰਾਤ, ਨ ਅਗ੍ਹਾਂ ਨਾ ਪਿਛਾਂ। ਸਤਿਗੁਰੂ ਜੀ ਕਿਵੇਂ ਆ ਗਏ। ਐਵੇਂ ਤੇਰਾ ਖ਼ਿਆਲ ਏ ਖ਼ਿਆਲ।" ਨਹੀਂ ਪੁੱਤ ਸੁਪਨਾ ਨਹੀਂ। ਸਾਖਸ਼ਾਤ ਪ੍ਰਤੱਖ। ਪ੍ਰਤੱਖ ਨੂੰ ਪ੍ਰਮਾਣ ਕੀ। ਔਹ ਵੇਖੋ, ਹੁਣੇ ਹੁਣੇ ਇਸ਼ਨਾਨ ਕਰਕੇ ਮੁੜੇ ਹਨ। ਡੇਰੇ ਵੀ ਨਹੀਂ ਪੁੱਜੇ ਹੋਣੇ। ਪਾਣੀ ਡੁੱਲ੍ਹਾ ਨਹੀਂ ਵੇਖ ਰਹੇ?' ਵਾਹ! ਗੁਰੂਆ ਵਾਹ! ਤੂੰ ਅੰਤਰਜਾਮਾਂ ਤੇ ਮਸਕੀਨਾਂ ਦਾ ਮਹਿਰਮ, ਤੂੰ ਮਿਹਰਾਂ ਦਾ ਦਾਤਾ, ਤੂੰ ਦਿਲਾਂ ਦਾ ਜਾਣਨਹਾਰ, ਤੂੰ ਡਿੱਗਿਆ ਦਾ ਠੁਮਣਾ, ਟੁੱਟਿਆਂ ਦਾ ਸਹਾਰਾ। ਬੁੱਝਿਆਂ ਨੂੰ ਪਰਚੰਡ ਕਰਨ ਵਾਲੇ ਗ਼ਰੀਬ ਨਿਵਾਜ਼! "ਆਖੀ ਨਾ ਜਾਏ ਉਪਮਾਂ ਤੇਰੀਆਂ।" ਸਾਰਾ ਪਰਿਵਾਰ ਸ਼ਨਾਨ ਕਰ ਦੀਵਾਨ ਵਿਚ ਜਾ ਦਰਸ਼ਨ ਕੀਤੇ। ਭੋਗ ਪਾਇਆ, ਮੇਲੇ ਦੀ ਸਮਾਪਤੀ ਹੋ ਗਈ। ਗ਼ਰੀਬ ਨਿਵਾਜ਼ ਜੀ, ਤਪਤ ਹਿਰਦਿਆਂ ਨੂੰ ਠਾਰਨ ਹਿਤ ਪ੍ਰੋਗਰਾਮ ਅਨੁਸਾਰ ਅੱਗੇ ਚਲੇ ਗਏ। ਬਾਬੇ ਕਰਤਾਰ ਸਿੰਘ ਦੇ ਗ੍ਰਹਿ ਵਿਖੇ ਵਿਸ਼ਨੂੰ ਭਗਵਾਨ ਚਰਨ ਪਾ ਕੇ ਕਲਿਜੁਗੀ ਜੀਆਂ ਨੂੰ ਤਾਰਨ ਤੇ ਵਿਲਕਦੀਆਂ ਰੂਹਾਂ ਨੂੰ ਤ੍ਰਿਪਤ ਕਰਨ ਖ਼ਾਤਰ ਚਾਲੇ ਪਾ ਗਏ, ਮਗਰ ਲਛਮੀ ਸ਼ੇਸ਼ ਨਾਗ ਦੀ ਸੇਜਾ ਛੱਡ ਇਸੇ ਘਰ ਹੀ ਡੇਰਾ ਜਮਾਉਣ ਤੇ ਰੀਝ ਪਈ। ਓਸ ਇਸ ਟੁੱਟੇ ਘਰ ਨੂੰ ਸੰਵਾਰਨ ਦਾ ਮਨ ਬਣਾ ਲਿਆ।

**ਲੱਖ ਖ਼ੁਸ਼ੀਆਂ ਬਾਦਸ਼ਾਹੀਆਂ, ਜੇ ਸਤਿਗੁਰ ਨਦਰ ਕਰੇ।**

ਇਨ੍ਹਾਂ ਖ਼ਿਆਲਾਂ ਨੂੰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਾਸ ਭੌਰੇ, ਭਾਈ ਨੰਦ ਲਾਲ ਨੇ ਇਉਂ ਵਰਣਨ ਕੀਤਾ ਹੈ:-

**ਤਮਾਮ ਦੌਲਤੇ ਦੁਨੀਆ ਯਯਕ ਨਿਗਾਹ ਬਖਸ਼ੰਦ**
**ਯਕੀਨ ਬਵਦ ਕਿ ਗਦਾਏ ਲੂਏ ਊ ਸ਼ਾਹ ਐਕ**

ਭਾਵ

**ਨਾਲ ਨਜ਼ਰ ਦੇ ਪਲ ਵਿਚ ਤਾਰਨ, ਬਖਸ਼ਨ ਬੇਅੰਤ ਖਜ਼ਾਨੇ।**
**ਸ਼ਾਹਾਂ ਦੇ ਸਿਰ ਸ਼ਾਹ, ਉਹ ਦਰ ਦੇ ਮਸਤਾਨੇ।**

ਬਾਬੇ ਦੇ ਘਰ ਦਾ ਲੱਗਾ ਹੁਲੀਆ ਬਦਲਣ। ਹਰਬੰਸ ਸਿੰਘ ਫ਼ੌਜੀ ਬੜੇ ਮਾਣ ਨਾਲ ਵਰਣਨ ਕਰਦੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨ ਪਾਣ ਉਪਰੰਤ ਸਾਡੇ ਪਸ਼ੂਆਂ ਵਿਚ ਕਦੇ ਬਿਮਾਰੀ ਨਹੀਂ ਪਈ। ਕੋਈ ਢੋਰ ਢਿੱਲਾ ਨਹੀਂ ਹੋਇਆ। ਇਸ ਮਾਤ ਲੋਕ ਤੇ ਜੋ ਆਇਆ ਹੈ, ਤਾਂ ਉਸ ਨੇ ਜ਼ਰੂਰ ਜਾਣਾ ਹੈ, ਮਗਰ ਕੱਚਾ ਫਲ ਕਦੇ ਵੇਲ ਨਾਲੋਂ ਨਾ ਟੁੱਟਾ। ਸਗੋਂ ਮਾਲ ਧਨ ਵਿਚ ਵਾਧਾ ਹੁੰਦਾ ਚਲਾ ਗਿਆ। ਗਊਆਂ ਮੱਝਾਂ ਸਭ ਨਰੋਈਆਂ

Sri Satguru Jagjit Singh Ji eLibrary NamdhariElibrary@gmail.com

ਹੋ ਗਈਆਂ।

ਇਹ ਤਾਂ ਰਿਹਾ ਉਹਨਾਂ ਦਾ ਕਥਨ, ਪਰ ਠੀਕ ਵੇਖਿਆ ਜਾਵੇ ਤਾਂ ਬਾਬੇ ਕਰਤਾਰ ਸਿੰਘ ਦੇ ਪੋਤਰਿਆ? ਹਰਬੰਸ ਸਿੰਘ, ਮਨੋਹਰ ਸਿੰਘ, ਸ਼ੰਗਾਰਾ ਸਿੰਘ ਦੇ ਮਾਇਆ ਚਰਨ ਝਸ ਰਹੀ ਏ। ਕਿੱਥੇ ਕਿਸੇ ਵੇਲੇ ਬਾਬਾ ਜੀਵਨ ਨਿਰਬਾਹ ਖ਼ਾਤਰ ਫ਼ੌਜ ਵਿਚ ਜਾ ਭਰਤੀ ਹੋਇਆ ਸੀ, ਪਰ ਅੱਜ ਸਤਿਗੁਰੂ ਜੀ ਦੀ ਕਿਰਪਾ ਨਾਲ 'ਬੂਹੇ ਅੱਗੇ ਟਹਿਲੂਏ' ਹੱਥ ਜੋੜੀ ਖੜੇ ਰਹਿੰਦੇ ਹਨ, ਸਵਾਰੀ ਲਈ ਮੋਟਰ-ਸਾਈਕਲ ਹਨ, ਤੇ ਢੋਆ ਢੁਆਈ ਲਈ ਟਰੱਕ ਹਾਰਨ ਦੇਂਦੇ ਹਨ।

(ਇਹ ਕਥਾ ਹਰਬੰਸ ਸਿਘ ਫ਼ੌਜੀ ਤੋਂ ਪ੍ਰਾਪਤ ਹੋਈ)

Sri Satguru Jagjit Singh Ji eLibrary NamdhariElibrary@gmail.com

# ਗਰਬ ਪ੍ਰਹਾਰੀ

"ਬੱਚਾ! ਸਾਧਾਂ ਫ਼ਕੀਰਾਂ ਨਾਲ ਝੇੜਾ ਨਾ ਕਰਿਆ ਕਰ।"

"ਨਹੀਂ ਸੰਤ ਜੀ! ਐਵੇਂ ਤੁਹਾਨੂੰ ਵਹਿਮ ਹੈ, ਮੈਂ ਕੋਈ ਮਸ਼ਕਰੀ ਨਹੀਂ ਕਰਦਾ।"

"ਤੂੰ ਉਂਗਲਾਂ ਪਾ ਕੇ ਕਛਹਿਰੇ ਨਹੀਂ ਪਾੜ ਦੇਂਦਾ?"

"ਐਵੇਂ ਕਿਸੇ ਗੱਲ ਘੜੀ ਹੋਣੀ ਏ, ਮੈਨੂੰ ਕੀ ਲੋੜ।"

"ਤੂੰ ਕਈਆਂ ਦੇ ਕਛਹਿਰਿਆਂ ਨੂੰ ਬਲਦੀ ਬਲਦੀ ਚੁਆਤੀ ਲਾ ਦੇਂਦਾ ਏਂ।"

"ਨਹੀਂ ਮਹਾਰਾਜ! ਇਹ ਸਾਰਾ ਕਿੱਸਾ ਗੱਪੂ ਮਹਿਕਮੇ ਦਾ ਹੈ। ਮੈਨੂੰ ਕਿਸੇ ਨਾਲ ਵਧੀਕੀ ਕਰਨ ਦੀ ਕੀ ਲੋੜ?" ਇਹ ਸ਼ਬਦ 30-35 ਸਾਲ ਦੇ ਅਧਖੜ ਜੇਹੇ ਜੈਮਲ ਸਿੰਘ ਨੇ ਬਾਬੇ ਵਾਸਵਾ ਸਿੰਘ ਨੂੰ ਕਹੇ।

"ਵੇਖ ਪੁੱਤ! ਕਛਹਿਰਾ ਪਾ ਲੈ ਭਜਨ ਪੁੱਛ ਲੈ। ਇਹ ਜਨਮ ਹੀਰਿਆਂ ਵਰਗਾ ਏ। ਇਹਨੂੰ ਕੌਡੀਆਂ ਦੇ ਭਾ ਨਾ ਗੁਆ।"

**ਤੇਰਾ ਹੀਰਾ ਜਨਮ ਅਮੋਲ, ਕੌਡੀਆਂ ਦੇ ਭਾ ਵਿਕਿਆ।**

"ਸੰਤ ਜੀ! ਇਹ ਬੁਰਾਨੀ ਮੈਂ ਨਹੀਂ ਪਾਣੀ। ਕੰਨਾਂ ਵਿਚ ਫੂਕ ਭਾਵੇਂ ਮਾਰ ਦਿਓ। ਹੱਲ ਵਾਹਉਂਦਿਆਂ ਨਾੜਾ ਅੜ ਜਾਂਦਾ ਏ ਤੇ ਕਈ ਵੇਰ ਆਦਮੀ ਧੋਬੀ ਪਟੜਾ ਡਿੱਗਦਾ ਏ।"

"ਜੈਮਲਾ। ਤੂੰ ਬੰਦਾ ਬਣ। ਤੂੰ ਮੇਰੇ ਵੱਲ ਵੇਖ, ਨੌ ਚੂੜਿਆਂ ਜਿੰਨੀ ਆਕੜ ਸੀ। ਕਿਸੇ ਨੂੰ ਮਿਥਦਾ ਨਹੀਂ ਸਾਂ। ਪੰਜ ਐਬ ਸ਼ਰਈ। ਖਾਣ, ਪੀਣਾ, ਤੇ ਲੁੱਚ ਪੁਣਾ ਸਾਰੇ ਮੇਰੇ ਹਿੱਸੇ ਵਿਚ ਸਨ। ਮੈਂ ਜੱਦ ਪੰਜ ਸਾਲ ਦਾ ਵਿਆਹਿਆ ਗਿਆ, ਕੁਦਰਤੀ ਉਹ ਕੂਕਿਆਂ ਦਾ ਘਰ ਸੀ। ਮੈਨੂੰ ਕਛਹਿਰਾ ਪੁਆਇਆ ਗਿਆ, ਅੰਮ੍ਰਿਤ ਛਕਾਇਆ ਗਿਆ ਤੇ ਭਜਨ ਵੀ ਦੱਸਿਆ ਗਿਆ। ਪਰ ਕਦੇ ਖੋਤੇ ਨੂੰ ਵੀ ਚੁੰਨੀਆਂ ਚੰਗੀਆਂ ਲੱਗੀਆਂ ਨੇ। ਡੋਲਾ ਘਰ ਆਇਆ। ਕਛਹਿਰਾ ਲਾਹ ਕੇ ਵਗ੍ਹਾ ਮਾਰਿਆ, ਲੁੰਗੀ ਬੰ੍ਹ ਮਟਕ ਨਾਲ ਟੁਰਦਾ, ਵਣਾ ਹੇਠ ਠੰਡੀ ਛਾਂ ਵੇਖ, ਮੰਜਾ ਡਾਹ ਸੌਂ ਗਿਆ। ਪਰ ਦਾਤੇ ਵੱਲੋਂ ਮਿਹਰ ਅਰੰਭ ਹੋ ਚੁੱਕੀ ਸੀ, ਉਸ ਨੂੰ ਮੇਰੇ ਤੇ ਤਰਸ ਆਇਆ ਤੇ ਸ਼ਹੀਦਾਂ ਪਾਸੋਂ ਮੰਜਾ ਚੁਕਵਾ ਭੁੰਜੇ ਧਰਤੀ ਤੇ ਮੂੰਧਾ ਮਰਵਾਇਆ। ਮੈਂ ਹੇਠਾਂ ਮੰਜਾ ਉਪਰ। ਸਾਰੀ ਵਾਹ ਲਾਈ, ਪਰ ਮੰਜਾ ਮੇਰੇ ਵਾਸਤੇ ਹਿਮਾਲਿਆ ਪਰਬਤ, ਚੁੱਕਿਆ ਨਾ ਜਾਵੇ। ਅੰਦਰ ਲੋਅ ਦੀ ਕਿਰਨ ਆਈ ਤੇ ਪਛਤਾਇਆ ਕਿ ਇਹ ਮੇਰਾ ਕਛਹਿਰਾ ਲਾਉਣ ਦਾ

Sri Satguru Jagjit Singh Ji eLibrary NamdhariElibrary@gmail.com

ਦੋਸ਼ ਹੈ। ਕੰਨਾਂ ਨੂੰ ਹੱਥ ਲਾਏ, ਹੈਕੜ ਅੰਦਰੋਂ ਨਿਕਲੀ ਤਾਂ ਮੰਜੇ ਹੇਠੋਂ ਨਿਕਲ ਘਰ ਆ ਲੂੰਗੀ ਲਾਹ ਦਿੱਤੀ ਤੇ ਕਛਹਿਰਾ ਪਾ ਲਿਆ। ਵੇਖ ਤੂੰ ਵੀ ਅਕਲ ਤੋਂ ਕੰਮ ਲੈ।"

ਇਹਨਾਂ ਸ਼ਬਦਾਂ ਨੇ ਜੈਮਲ ਸਿੰਘ ਦੇ ਅੰਦਰ ਨੂੰ ਜ਼ਰਾ ਟੁੰਬਿਆ। ਸੰਤ ਵਸਾਵਾ ਸਿੰਘ ਨੇ ਪੰਛੀਆਂ ਨੂੰ ਮੋਹਿਤ ਕਰਨ ਵਾਲੀ ਮੁੜ ਤਾਨ ਲਾਈ:-

**"ਸਾਹਿਬ ਜਿਨਾ ਨਾ ਸੇਵਿਉ ਨ ਕੀਤੇ ਪਿਆਰ।**
**ਓਹ ਮਾਨਸ ਜੂਨ ਨਾ ਆਖੀਅਨ ਪਸੂ ਢੋਰ ਗਵਾਰ॥"**

ਇਹਨਾਂ ਵਾਕਾਂ ਨੇ ਜੈਮਲ ਸਿੰਘ ਦੇ ਸੁੱਤੇ ਭਾਗਾਂ ਨੂੰ ਜਗਾ ਦਿੱਤਾ। ਤੱਦ ਜੈਮਲ ਸਿੰਘ ਬਚਨ ਕੀਤਾ, "ਚੰਗਾ ਸੰਤ ਜੀ ਕੱਛ ਮੈਂ ਅਜੇ ਨਹੀਂ ਪਾਂਦਾ, ਪਰ ਭਜਨ ਮੈਨੂੰ ਉਹ ਦਿਓ ਜਿਸ ਨਾਲ ਸਾਰੇ ਗੁਰੂਆਂ ਦੇ ਦਰਸ਼ਨ ਹੋ ਜਾਣ।"

"ਭੜੂਆ। ਕਦੇ ਬੋਹਲ ਵੀ ਪਹਿਲਾਂ ਤਿਆਰ ਹੋਇਆ ਹੈ? ਪਹਿਲਾਂ ਹੱਲ ਵਾਹੀ ਦਾ ਏ, ਜੋਤਰੇ ਮਾਰੀ ਦੇ ਨੇ, ਬੀਂ ਬੀਜੀ ਦਾ ਏ। ਪਾਣੀ ਦਈ ਦਾ ਏ, ਰਾਖੀ ਕਰੀ ਦੀ ਏ, ਫੇਰ ਫਸਲ ਪਕਦੀ ਏ, ਵਾਤੀ ਹੁੰਦੀ ਏ, ਫੇਰ ਬੋਹਲ ਬਣਦਾ ਏ।

"ਨਹੀਂ ਸੰਤ ਜੀ! ਮੈਂ ਤਾਂ ਬੋਹਲ ਤੇ ਈ ਬਹਿਣਾ ਏ। ਹੱਲ ਨਹੀਂ ਵਾਹੁਣਾ।"

"ਚੰਗਾ ਭਾਈ। ਤੈਨੂੰ ਬੋਹਲ ਤੇ ਈ ਬਿਠਾ ਦੇਂਦੇ ਹਾਂ ਕਰ ਕੰਨ!"

ਜੈਮਲ ਸਿੰਘ ਕੰਨ ਕੀਤਾ। ਬਾਬਾ ਵਸਾਵਾ ਸਿੰਘ ਨੇ ਕੰਨ ਵਿਚ ਭਜਨ ਦੱਸ ਦਿੱਤਾ। ਫੂਕ ਵਜਨ ਦਾ ਡਰ ਸੀ, ਜੈਮਲ ਸਿੰਘ ਔਹ ਜਾ ਪਿਆ। ਜਿਵੇਂ ਹਨ੍ਹੇਰੀ ਨਾਲ ਟਾਹਣ ਟੁੱਟ ਕੇ ਡਿੱਗਦਾ ਏ।

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਣ ਜੋ ਏਕ।**
**ਲਾਗਤ ਹੀ ਭੁਇ ਗਿਰ ਪਰਾ, ਪਰਾ ਕਲੇਜੇ ਛੇਕ।**

ਧਰਤੀ ਤੇ ਲੇਟ ਗਿਆ। ਤਿੰਨ ਦਿਨ ਪਿਆ ਰਿਹਾ। ਪਤਨੀ ਆਈ ਤੇ ਹੱਥ ਜੋੜ ਅਰਜ਼ ਕੀਤੀ ਸਰਦਾਰ ਜੀ ਘਰ ਦਾ ਫ਼ਿਕਰ ਨਹੀਂ? ਪੈਲੀ ਬੰਨੇ ਫੇਰਾ ਨਹੀਂ ਮਾਰਨਾ? ਵੱਗ ਚਰ ਜਾਣਗੇ?

"ਭਲੀਏ ਲੋਕਣੇ। ਤੂੰ ਜਾਣ ਤੇ ਤੇਰਾ ਕੰਮ, ਬੱਚਿਆਂ ਨੂੰ ਸੰਭਾਲ ਜਾਂ ਨਾ ਸੰਭਾਲ, ਪੈਲੀ ਬੰਨੇ ਮੁੱਕ ਗਏ। ਸੰਤਾਂ ਮੇਰੀਆਂ ਬੇੜੀਆਂ ਕੱਟ ਦਿੱਤੀਆਂ। ਮੇਰੇ ਜੰਜਾਲ ਲਾਹ ਦਿੱਤੇ।

**ਫੂਟੋ ਆਂਡਾ ਭਰਮ ਕਾ, ਮਨਹਿ ਭਇਆ ਪ੍ਰਗਾਸੁ।**
**ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਧ ਖਲਾਸ।॥**

ਮੈਨੂੰ ਸੰਤਾਂ ਉਹ ਥਾਂ ਦਿੱਤੀ ਏ, ਜਿੱਥੇ ਦੀ ਗੱਲ ਦੱਸੀ ਨਹੀਂ ਜਾਂਦੀ ਨਜ਼ਾਰਾ ਸਹਾਰਿਆ ਨਹੀਂ ਜਾਂਦਾ।"

"ਸੰਤ ਜੀ! ਸੰਤ ਜੀ। ਕੀ ਕੀਤੇ ਜੇ ਮੇਰੇ ਸਾਂਈ ਨੂੰ? ਇਸ ਨੂੰ ਭੇਜੋ ਘਰ, ਇਸ ਦਾ ਟੱਬਰ ਮੈਂ ਕਿਵੇਂ ਪਾਲਾਂ। ਮੇਰਾ ਜਨਾਨਾ ਜਾਮਾ। ਕਿਵੇਂ ਇਕੱਲੀ ਦਾ

Sri Satguru Jagjit Singh Ji eLibrary NamdhariElibrary@gmail.com

ਗੁਜ਼ਾਰਾ ਹੋਵੇਗਾ।

"ਬੀਬੀ। ਘਬਰਾ ਨਾ। ਅਸੀਂ ਕੁਝ ਨਹੀਂ ਕੀਤਾ। ਜਿਸ ਨੇ ਕੁਝ ਕੀਤਾ ਏ ਉਸ ਨੂੰ ਸਭ ਦਾ ਫ਼ਿਕਰ ਹੈ। ਉਸ ਨੂੰ ਹਾਥੀ ਦਾ ਵੀ ਫ਼ਿਕਰ, ਉਸ ਨੂੰ ਕੀੜੀ ਦਾ ਵੀ ਫ਼ਿਕਰ; ਪਰ ਅਸਾਂ ਕੋਈ ਹਲ ਨਹੀਂ ਵਹਾਉਣਾ, ਪੱਠੇ ਨਹੀਂ ਪਵਾਣੇ, ਇਸ ਨੂੰ ਲੈ ਜਾ। ਪਰ ਜੈਮਲ ਸਿੰਘ ਆਖੇ "ਸੰਤ ਜੀ। ਖੂਹ ਵਿੱਚੋਂ ਕੱਢ, ਮੁੜ ਧੱਕਾ ਨਾ ਦਿਓ। ਮੇਰੀ ਨਾ ਕੋਈ ਧੀ ਨਾ ਕੋਈ ਪੁੱਤ, ਨਾ ਕੋਈ ਮੇਰੀ ਵਹੁਟੀ ਨਾ ਕਿਸੇ ਦਾ ਮੈਂ ਖਸਮ, ਮੇਰੇ ਸਭ ਸਾਕ ਸੜ ਗਏ। ਤੁਸੀਂ ਮੇਰੇ ਪਿਉ; ਤੁਸੀਂ ਮੇਰੀ ਮਾਂ, ਤੁਸੀਂ ਮੇਰੇ ਸਿਰ ਦੇ ਸਾਈਂ, ਇਹੋ ਥਾਂ ਮੇਰਾ ਕਾਬਾ, ਇਹੋ ਮੇਰਾ ਹਰਿਦੁਆਰ।"

"ਬੀਬੀ! ਵੇਖ ਮੇਰੇ ਵੱਲੋਂ ਹੁਣੇ ਲੈ ਜਾ। ਪਰ ਸਭ ਦੇ ਮਾਲਿਕ ਸਤਿਗੁਰੂ ਰਾਮ ਸਿੰਘ ਜੀ ਹਨ। ਤੂੰ ਉਹਨਾਂ ਦਾ ਸਹਾਰਾ ਲੈ। ਉਹ ਪਾਣੀ ਦੇ ਕੀੜਿਆਂ, ਪੱਥਰ ਵਿਚ ਵਸਦਿਆਂ ਨੂੰ ਸਭ ਨੂੰ ਵੇਲੇ ਸਮੇਂ ਰਿਜਕ ਪਹੁੰਚਾਂਦਾ ਏ, ਤੂੰ ਵੀ ਉਸੇ ਦੇ ਚਰਨਾਂ ਵਿਚ ਅਰਦਾਸ ਕਰ। ਤੇਰੇ ਬੱਚਿਆਂ ਦਾ ਵੀ ਉਹੋ ਪਾਲਣ ਪੋਸਣ ਕਰਨਗੇ। ਮਾਈ ਨਿਰਾਸ ਹੋ ਕੇ ਉੱਠੀ ਤੇ ਘਰ ਨੂੰ ਮੁੜੀ, ਜਦੋਂ ਘਰ ਪੁੱਜੀ ਤਾਂ ਕੀ ਵੇਖਦੀ ਏ ਕੋਈ ਬਾਲ ਕੁਸਕਦਾ ਨਹੀਂ ਸਭ ਗੁਲਾਬ ਵਾਂਗ ਖਿੜੇ ਖਿੜੇ ਹਨ। ਸਭ ਦੇ ਭਾਂਡੇ ਭਰਪੂਰ ਹਨ।

ਜੈਮਲ ਸਿੰਘ ਭਜਨ ਲੈ 40 ਦਿਨ ਰਾਵੀ ਦੇ ਕੰਢੇ ਜਾ ਭਜਨ ਕੀਤਾ, ਕੱਚ ਤੋਂ ਕੰਚਨ ਬਣ ਗਿਆ। ਭਜਨ ਕਰਦਿਆਂ ਅਜੇ ਵੀਹ ਦਿਨ ਹੀ ਬੀਤੇ ਸਨ ਕਿ ਪਹਿਰ ਰਾਤ ਰਹਿੰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 8 ਸਿੰਘਾਂ ਸਮੇਤ ਦਰਸ਼ਨ ਹੋਏ। 4 ਸਿੰਘਾਂ ਚਿੱਟੇ ਕੱਪੜੇ ਪਾਏ ਸਨ, ਤੇ 4 ਨੰਗੇ ਸਨ। ਇਸ ਤੋਂ ਉਪਰੰਤ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਜੱਦ ਇਹ ਨਜ਼ਾਰਾ ਵੇਖਿਆ ਤਾਂ ਆਪ ਬੇਸੁਧ ਹੋ ਗਏ। ਕਦੇ ਰੋਣ ਲੱਗ ਪੈਣਾ, ਕਦੇ ਹੱਸਣ ਲੱਗ ਪੈਣ। ਚਾਲ੍ਹੀ ਦਿਨਾਂ ਪਿੱਛੋਂ ਨਗਰ ਆ ਗਏ, ਤੇ ਕੀ ਵੇਖਦੇ ਹਨ, ਕਿ ਸੰਤ ਵਸਾਵਾ ਸਿੰਘ ਦਾ ਅੱਧਾ ਸਰੀਰ ਗੁਰੂ ਗੋਬਿੰਦ ਸਿੰਘ ਦਾ ਤੇ ਅੱਧਾ ਸਰੀਰ ਸਤਿਗੁਰੂ ਰਾਮ ਸਿੰਘ ਜੀ ਦਾ ਨਜ਼ਰ ਆਇਆ ਤੇ ਉਸੇ ਸਮੇਂ ਬਾਰ੍ਹਾਂ ਪਾਤਸ਼ਾਹੀਆਂ ਤੇ 14 ਭਗਤਾਂ ਦੇ ਵੀ ਦਰਸ਼ਨ ਹੋਏ। ਫੇਰ ਤਾਂ ਜੈਮਲ ਸਿੰਘ ਦੀਆਂ ਗੁਰੂਆਂ ਪੀਰਾਂ ਨਾਲ ਖੇਡਾਂ ਸ਼ੁਰੂ ਹੋ ਗਈਆਂ। 12 ਸਾਲ ਸੰਤ ਵਸਾਵਾ ਸਿੰਘ ਜੀ ਦੀ ਸੇਵਾ ਕੀਤੀ। ਪਸ਼ੂਆਂ ਨੂੰ ਸੰਭਾਲਦਾ, ਹਲ ਵੀ ਵਾਹੁੰਦਾ, ਲੰਗਰ ਦੀ ਸੇਵਾ ਸਭ ਚਾਈਂ ਚਾਈਂ ਕਰਦਾ।

ਇਕ ਦਿਨ ਸੰਤ ਜੈਮਲ ਸਿੰਘ ਬਾਹਰ ਸੰਤਾਂ ਨਾਲ ਸਿੱਟੇ ਡੂੰਗਣ ਚਲੇ ਗਏ। ਦੋ ਪੂਲੀਆਂ ਪਈਆਂ ਸਨ। ਥੋੜ੍ਹੇ ਸਮੇਂ ਉਪਰੰਤ ਬਾਬਾ ਵਸਾਵਾ ਸਿੰਘ ਕਿਹਾ 'ਅੱਜ ਗੋਬਿੰਦ ਮੈਨੂੰ ਸਿੱਟੇ ਨਹੀਂ ਡੂੰਗਣ ਦੇਂਦਾ, ਪਤਾ ਨਹੀਂ ਕੀ ਗੱਲ ਏ। ਪਰ ਸੰਤ ਜੈਮਲ ਸਿੰਘ ਕਿਹਾ 'ਮੈਨੂੰ ਤਾਂ ਕਹਿੰਦਾ ਏ ਡੂੰਗੀ ਜਾਹ' ਬਸ ਸੰਤ ਵਸਾਵਾ

Sri Satguru Jagjit Singh Ji eLibrary NamdhariElibrary@gmail.com

ਸਿੰਘ ਚਲੇ ਗਏ ਤੇ ਕਾਰ ਜੈਮਲ ਸਿੰਘ ਵਿਚ ਆਉਣੀ ਸ਼ੁਰੂ ਹੋ ਗਈ, ਜਦ ਸੰਤ ਜੈਮਲ ਸਿੰਘ ਡੇਰੇ ਪੁੱਜਾ ਤਾਂ ਸੰਤਾਂ ਬਚਨ ਕੀਤਾ ਬੱਚਾ, ਇੱਥੋਂ ਚਲਾ ਜਾਹ। ਬਾਹਰ ਦੂਰ ਡੇਰਾ ਲਾ ਦੇਹੋ। ਸਤਿਗੁਰੂ ਰਾਮ ਸਿੰਘ ਜੀ ਤੇਰੇ ਅੰਗ ਸੰਗ ਹਨ। ਕਿਸੇ ਗੱਲ ਦਾ ਘਾਟਾ ਨਹੀਂ ਰਹੇਗਾ।

ਸੰਤ ਜੈਮਲ ਸਿੰਘ ਕੱਛ ਪਰਨਾ ਚੁੱਕਿਆ ਤੇ ਤੰਬੋਲੀ ਆਕੇ ਮੋੜੀ ਗਡ ਦਿੱਤੀ। ਲੱਗੀ ਮਹਿਮਾ ਪਸਰਨ। ਪਰ ਕਰਤੇ ਦੇ ਰੰਗ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਨਿਸਚਾ ਨਾ ਹੋਇਆ। ਆਖੇ ਇਨ੍ਹਾਂ ਵਿਚ ਗੁਰੂਆਂ ਵਾਲੀ ਕਾਰ ਨਹੀਂ ਆਈ। ਇਹ ਸਾਹਿਬਜ਼ਾਦੇ ਹਨ। ਸਾਥੀਆਂ ਸਾਧੂ ਮਹਾਤਮਾ, ਕਹਿਣਾ, ਜੈਮਲ ਸਿੰਘਾ। ਤੈਨੂੰ ਭੁਲੇਖਾ ਹੈ। ਇਨ੍ਹਾਂ ਵਿਚ ਉਹੋ ਸ਼ਕਤੀਆਂ ਹਨ, ਜਿਹੜੀਆਂ ਗੁਰੂ ਗੋਬਿੰਦ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਵਿਚ ਹਨ, ਐਵੇਂ ਡੱਕੇ ਡੋਲੇ ਨਾ ਖਾਹ, ਪਦਾਰਥ ਪਰੋਸ ਤੇ ਉੱਤੇ ਰੇਤਾ ਨਾ ਪਵਾ ਬਹੀਂ, ਪਰ ਇਨ੍ਹਾਂ ਕਹਿਣਾ ਭਾਈ ਜੇ ਗੁਰੂ ਸੱਚ ਏ ਤੇ ਆਕੇ ਦਰਸ਼ਨ ਦੇਵੇ, ਫੇਰ ਮੰਨਾਂਗਾ। ਉਨ੍ਹਾਂ ਚਿਰ ਨਹੀਂ....।'

ਬਾਬੇ ਹੋਰੀਂ ਚੂਹੇ ਝਾੜ ਹੋਲੇ ਤੇ ਗਏ। ਗਣ ਗੰਧਰਬ ਮੰਗਲਾਚਾਰ ਕਰ ਰਹੇ ਸਨ। ਸਤਿਗੁਰੂ ਜੀ ਬਾਹਰ ਪਸ਼ੂ ਪੰਛੀਆਂ ਨੂੰ ਦਰਸ਼ਨ ਦੇ ਕਲਿਆਨ ਵਾਸਤੇ ਖੇਤਾਂ ਵੱਲ ਨਿਕਲੇ, ਮੁੜੇ ਤੇ ਬਾਬਾ ਜੈਮਲ ਸਿੰਘ ਆਪਣੀ ਮੰਡਲੀ ਨਾਲ ਬਾਹਰ ਜਾ ਰਿਹਾ ਸੀ। ਅੱਗੋਂ ਵੇਖਿਆ, ਸਤਿਗੁਰੂ ਜੀ ਆ ਰਹੇ ਹਨ, ਨਮਸਕਾਰ ਕਰਨੀ ਪਵੇਗੀ। ਝੱਟ ਦੂਜਾ ਬੰਨਾ ਫੜ ਲਿਆ। ਚੋਜੀ ਸਤਿਗੁਰੂ ਜੀ, ਮੋੜਾ ਖਾ ਉਸੇ ਬੰਨੇ ਚਲੇ ਗਏ। ਬਾਬੇ ਵੇਖਿਆ ਇਹ ਮੁੜ ਮੇਰੇ ਸਾਹਮਣੇ ਆ ਗਏ ਹਨ, ਫਿਰ ਰਾਹ ਬਦਲ ਲਿਆ। ਸਤਿਗੁਰੂ ਜੀ ਵੀ ਉਸ ਵਲ ਹੋ ਗਏ। ਬਾਬਾ ਤਾੜ ਗਿਆ ਕਿ ਰਾਹ ਮਿਲਣਾ ਮੁਸ਼ਕਲ ਹੈ, ਟੁਰੇ ਆਏ ਤੇ ਸੀਸ ਝੁਕਾ ਦਿੱਤਾ। ਉਹ ਸੀਸ ਜਿਹੜਾ ਬਣਿਆ ਈ ਝੁੱਕਣ ਵਾਸਤੇ ਹੈ:-

**ਸਿਰ ਬਣਿਆ ਸਜਦਾ ਕਰਨ ਲਈ ਕਰਨ ਆਈਆਂ ਦੀਦਾਰ ਅੱਖੀਆਂ।**

ਪਰ ਨਿਰਾ ਸਿਰ ਝੁਕਾਇਆਂ ਕੁਝ ਨਹੀਂ ਬਣਦਾ, ਜਦ ਤੱਕ ਮਨ ਨ ਝੁਕੇ:-

**'ਸੀਸ ਨਿਵਾਇਐ ਕਿਆ ਥੀਐ ਜੇ ਰਿਦੇ ਕੁਸੁਧਾ ਜਾਇ।**

ਬਾਬਾ ਜੀ ਸਮਾਂ ਟਪਾ ਲੰਘ ਗਏ, ਪਰ ਮਨ ਮਾਨ ਹੰਕਾਰ ਦੇ ਟਿੱਬੇ ਤੇ ਚੜ ਬੜਕਾਂ ਮਾਰਦਾ ਰਿਹਾ। ਮਗਰ ਸਤਿਗੁਰੂ ਜੀ ਸਭਨਾਂ ਦਾ ਭਲਾ ਮਨਾਇਦਾ, ਫੇਰ ਸਮਾਂ ਕੱਢ ਇਸੇ ਕਿਲ੍ਹੇ ਨੂੰ ਮਸਮਾਰ ਕਰਨ ਦੀ ਠਾਨ ਲਈ ਤੇ ਬਾਬੇ ਦੇ ਭਰਮ ਦੀ ਬਦਲੀ ਉਡਾਣ ਖ਼ਾਤਰ ਕਮਰ ਕਸੇ ਕਰ ਲਏ।

ਸੇਵਕਾਂ ਨੂੰ ਹੁਕਮ ਗਿਆ ਖੂਹਾਂ ਤੇ ਜਾਣਾ ਹੈ, ਮਾਗੇ ਮੇਲੇ ਰਖ ਦਿੱਤਾ ਸੇਵਕ ਰਵਾਨਾ ਹੋ ਪਏ, ਮਗਰ ਜੈਮਲ ਸਿੰਘ ਦਾ ਤਕਲਾ ਸਿੱਧਾ ਕਰਨ ਤੋਂ ਪਹਿਲਾਂ ਇਕ ਹੋਰ ਕਿਲ੍ਹੇ ਦੇ ਕਿੰਗਰੇ ਢਾਹੁਣ ਦੀ ਕਿਰਪਾਲਤਾ ਕੀਤੀ। ਪਿੰਡ ਜੋਧੇ ਦਾ ਜੈਲਦਾਰ ਪਰਲੇ ਦਰਜੇ ਦਾ ਛਟਿਆ ਫੂਕਿਆ, ਪਰ ਮੈਂ ਸਮਝਦਾ ਹਾਂ, ਇਸ

Sri Satguru Jagjit Singh Ji eLibrary NamdhariElibrary@gmail.com

ਵਿਚ ਉਸਦਾ ਦੋਸ਼ ਵਧੇਰੇ ਨਹੀਂ ਸੀ, ਦੋਸ਼ ਸੀ ਮਾਇਆ ਨਾਘਨੀ ਦਾ ਜਿਸਨੇ ਸੰਸਾਰ ਨੂੰ ਲਪੇਟਿਆ ਹੋਇਆ ਹੈ।
ਬਾਣੀ ਕਹਿੰਦੀ ਹੈ:-

**ਮਾਇਆ ਹੋਈ ਨਾਗਨੀ ਜਗਤੁ ਰਹੀ ਲਪਟਾਇ।**

ਅਤੇ ਵਿਦਵਾਨ ਕਹਿੰਦੇ ਹਨ:-

**ਮਾਇਆ ਦੋਨੋਂ ਤਾਤਿਕੀ ਦੋਊ ਚਲਾਏ ਰਾਹ।**
**ਇਕ ਮਿਲਾਵੈ ਰਾਮ ਕਉ, ਇਕ ਨਰਕ ਲੇ ਜਾਇ।**

ਉਜਾਗਰ ਸਿੰਘ ਪਾਸ ਵੀ ਨਰਕਾਂ ਵਲ ਲੈ ਜਾਣ ਵਾਲੀ ਮਾਇਆ ਸੀ। ਮਾਇਆ ਦਾ ਦਸਤੂਰ ਹੈ, ਜਿਸ ਕੱਪੜੇ ਨਾਲ ਲੱਗੇ ਉਸਦੀ ਲਿਸ਼ਕ ਦੂਰ, ਜਿਸ ਪੁਰਸ਼ ਪਾਸ ਜਾਵੇ ਉਸਦੀ ਧੌਣ ਵਿਚ ਕਿਲ੍ਹਾ, ਫੇਰ ਕੀ ਪੀਰ, ਕੀ ਰੱਬ, ਕੀ ਰਹੀਮ ਕੋਈ ਵਖਾਈ ਨਹੀਂ ਦੇਂਦਾ। ਅੱਖਾਂ ਵਿਚ ਮੋਤੀਆਂ ਉਤਰ ਆਉਂਦਾ ਏ। ਪਰ ਜਦ ਪੂਰਾ ਤੁਠ ਪਵੇ, ਉਸਦੇ ਸਾਹਮਣੇ ਵੱਡੇ ਵਡੇ ਹੰਕਾਰੀ ਇਉਂ ਗਿੜਗਿੜਾ ਡਿੱਗਦੇ ਹਨ, ਜਿਵੇਂ ਤੇਜ਼ ਹਨ੍ਹੇਰੀ ਸਮੇਂ ਕੋਈ ਵੱਡੇ ਬ੍ਰਿਛ।

ਜ਼ੈਲਦਾਰ ਉਜਾਗਰ ਸਿੰਘ ਰਾਤ ਹਵੇਲੀ ਵਿਚ ਬਿਰਾਜ ਗਿਆ! ਤਾਂ ਸ਼ਹੀਦ ਸਿੰਘ ਆ ਦੁਆਲੇ ਹੋਇਆ। ਮੰਜਾ ਚੁੱਕਿਆ ਤੇ ਉਲਟਾ ਕਰ ਦਿੱਤਾ। ਜ਼ੈਲਦਾਰ ਖ਼ਿਆਲ ਕੀਤਾ ਕਿ ਖ਼ਬਰੇ ਸੁਪਨਾ ਏ, ਤੇ ਸੁਪਨੇ 'ਚ ਡਿੱਗਾ ਹਾਂ ਧਰਤੀ ਤੇ ਆਪੇ ਉਠ, ਮੰਜਾ ਸਿੱਧਾ ਕੀਤਾ ਤੇ ਉੱਪਰ ਲੇਟ ਗਿਆ। ਥੋੜ੍ਹੇ ਸਮੇਂ ਪਿੱਛੋਂ ਮੁੜ ਉਹੋ ਭਾਣਾ ਵਰਤਿਆ। ਸਾਹਮਣੇ ਸ਼ਹੀਦ ਸਿੰਘ ਖੜ੍ਹਾ ਸੀ ਤੇ ਕਹਿ ਰਿਹਾ ਸੀ ਸਵੇਰ ਸਾਰ ਰਾਏ ਵੰਡ ਦੇ ਸਟੇਸ਼ਨ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਸਤੇ ਘੋੜੀ ਨੂੰ ਲਿਜਾਣ ਲਈ ਕਹਿ ਰਿਹਾ ਸੀ। ਪਰ ਮਨ ਤੇ ਜਨਮਾਂ ਜਨਮਾਂ ਦੀ ਮਣਾਂ ਮੂੰਹੀ ਮੈਲ ਲੱਗੀ ਹੋਈ ਸੀ, ਉਹ ਝੱਟ ਕਿਵੇਂ ਲਹੇ। ਫੇਰ ਮੰਜਾ ਸਿੱਧਾ ਕਰ ਪੈ ਗਿਆ। ਜਦ ਤੀਜੀ ਵਾਰ ਮੰਜਾ ਉਲਟਿਆ ਤਾਂ ਡਾਂਡਾਂ ਨਿਕਲ ਗਈਆਂ। ਸਰਦਾਰਨੀ ਨੇ ਕਿਹਾ ਸਰਦਾਰ ਜੀ ਕੀ ਮਾਮਲਾ ਏ? ਉਠਦੇ ਓ, ਲੇਟਦੇ ਓ, ਫੇਰ ਉਠ ਪੈਂਦੇ ਹੋ?" ਕੀ ਦੱਸਾਂ? ਇਕ ਕੂਕਾ ਪਿੱਛੇ ਪੈ ਗਿਆ ਏ, ਕਹਿੰਦਾ ਏ ਕਿ ਸਵੇਰ ਸਾਰ ਘੋੜੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਸਤੇ ਲੈ ਕੇ ਰਾਏ ਵਿੰਡ ਸਟੇਸ਼ਨ ਤੇ ਪੁੱਜ।' ਸਰਦਾਰਨੀ ਤੇ ਮਿਹਰ ਸੀ, ਫੇਰ ਇਸਤਰੀ ਜਾਤ, ਕਹਿਣ ਲੱਗੀ 'ਤੁਹਾਨੂੰ ਹੋਰ ਕੀ ਚਾਹੀਦਾ ਏ? ਤੁਸੀਂ ਸਵੇਰੇ ਘੋੜੀ ਲੈ ਜਾਓ। ਜਿੰਦ ਨਾਲ ਜਹਾਨ ਏ। ਮਹਾਂ ਪੁਰਸ਼ ਘੋੜੀ ਮੰਗਣ ਤਾਂ ਹੋਰ ਕੀ ਚਾਹੀਦਾ ਹੈ' ਸਰਦਾਰ ਨੇ ਸਵੇਰੇ ਘੋੜੀ ਸਟੇਸ਼ਨ ਤੇ ਖੜਨ ਦਾ ਬਚਨ ਦੇ ਦਿੱਤਾ ਤੇ ਬਾਕੀ ਰਾਤ ਆਰਾਮ ਨਾਲ ਕੱਟੀ।

ਸੂਰਜ ਦੀ ਟਿੱਕੀ ਨਾਲ ਜ਼ੈਲਦਾਰ ਉਠਿਆ। ਇਸ਼ਨਾਨ ਕੀਤਾ, ਜਲ ਪ੍ਰਸ਼ਾਦ ਛੱਕਿਆ, ਤੇ ਘੋੜੀ ਤੇ ਤਿੱਲੇਦਾਰ ਕਾਠੀ ਪਵਾ ਸਾਈਸ ਹੱਥ ਫੜਾ, ਆਪ ਦੂਜੀ ਘੋੜੀ ਤੇ ਸਵਾਰ ਹੋ ਸਟੇਸ਼ਨ ਤੇ ਪੁੱਜਾ। ਸੰਗਤਾਂ ਅੱਗੇ ਹੀ ਰਾਹਾਂ ਤੇ ਅੱਖਾਂ ਵਿਛਾਈ ਬੈਠੀਆਂ ਸਨ। ਸਤਿਗੁਰੂ ਜੀ ਗੱਡੀਓਂ ਉਤਰੇ। ਸੰਗਤਾਂ ਜੈਕਾਰੇ ਛੱਡੇ।

Sri Satguru Jagjit Singh Ji eLibrary NamdhariElibrary@gmail.com

ਉਜਾਗਰ ਸਿੰਘ ਅੱਗੇ ਵਧਿਆ ਤੇ ਨਮਸਕਾਰ ਕੀਤੀ। ਚੋਜੀ ਸਤਿਗੁਰੂ ਜੀ ਨੇ ਮੁਸਕਰਾਉਂਦਿਆਂ ਕਿਹਾ, 'ਜ਼ੈਲਦਾਰਾ। ਅੱਜ ਤੇਰੀ ਘੋੜੀ ਤੇ ਸਵਾਰੀ ਕਰਾਂਗੇ।' ਸਰਦਾਰ ਦੇ ਨੇਤਰਾਂ ਵਿਚ ਅੱਥਰੂ ਲਿਸ਼ਕ ਰਹੇ ਸਨ। ਚਰਨਾਂ ਤੇ ਸੀਸ ਰੱਖਿਆ ਤੇ ਅਰਜ਼ ਕੀਤੀ, 'ਗ਼ਰੀਬ ਨਿਵਾਜ਼। ਧੰਨ ਭਾਗ ਜੇ ਤੁਸੀਂ ਸਵਾਰੀ ਕਰੋ। ਪਰ ਇਹ ਦੱਸੋ ਕਿ ਇੱਕੋ ਘੋੜੀ ਚਾਹੀਦੀ ਏ ਜਾਂ ਬਾਕੀ ਸਿੱਖਾਂ ਵਾਸਤੇ ਵੀ? ਜਿੰਨੀਆਂ ਤੂੰ ਲਿਆ ਸਕਦਾ ਏਂ ਲਿਆ ਸਾਡੇ ਨਾਲ 12-14 ਸਰੀਰ ਹਨ। ਜ਼ੈਲਦਾਰ ਯਾਰਾਂ ਮਿੱਤਰਾਂ ਦੀਆਂ 13 ਘੋੜੀਆਂ ਲੈ ਆਇਆ ਤੇ ਅਰਜ਼ ਕੀਤੀ। 'ਮੇਰਾ ਗ੍ਰਿਹਿ ਵੀ ਪਵਿੱਤਰ ਕਰੋ।' ਹੁਕਮ ਹੋਇਆ 'ਤੇਰੇ ਘਰ ਫੇਰ ਆਵਾਂਗਾ ਹਾਲਾਂ ਮੁਲਤਾਨ ਦਾ ਕਿਲ੍ਹਾ ਢਾਉਣਾ ਏ।'

ਸਤਿਗੁਰੂ ਜੀ ਮਾਂਗੇ ਪੁੱਜੇ। ਸੰਗਤਾਂ ਦੇ ਹਿਰਦਿਆਂ ਦੇ ਕੌਲ ਟਹਿਲ ਉੱਠੇ। ਸਭ ਗੱਦ ਗੱਦ ਹੋ ਗਏ, ਜਲ ਪਾਣੀ ਛੱਕਣ ਉਪਰੰਤ ਖੂਹਾਂ ਤੇ ਜਾਣ ਵਾਸਤੇ ਘੋੜੀ ਤੇ ਸਵਾਰ ਹੋ ਪਏ। ਮਸਤਕ ਦਾ ਜਲਾਲ ਝਲਿਆ ਨਾ ਜਾਵੇ। ਹੁਕਮ ਹੋਇਆ 'ਪ੍ਰਸ਼ਾਦਾ ਮੁੜ ਆਕੇ ਛੱਕਾਂਗੇ। ਸਤਿਗੁਰੂ ਜੀ ਖੂਹਾਂ ਵਲ ਵਾਗਾਂ ਚੁੱਕ ਲਈਆਂ ਤੇ ਸੰਗਤਾਂ ਦੀਆਂ ਵਹੀਰਾਂ ਵੀ ਮਗਰੇ ਮਗਰ। ਖੂਹ ਦੀ ਸੰਗਤ ਨੇ ਧੂੜਾਂ ਉਡਦੀਆਂ ਤੱਕੀਆਂ। ਮੁੜ ਸਤਿਗੁਰੂ ਜੀ ਸੰਗਤਾਂ ਸਹਿਤ ਨਜ਼ਰੀਂ ਆਏ। ਵਸਾਵਾ ਸਿੰਘ ਦਾ ਨਾਨਾ ਸੰਤ ਸਾਉਣ ਸਿੰਘ ਪੂਰਾ ਸਾਧੂ ਸੀ। ਉਸ ਕਿਹਾ, ਜੈਮਲ ਸਿੰਘਾ। ਆ ਗਿਆ ਈ ਅਰਸ਼ ਕੁਰਸ਼ ਦਾ ਮਾਲਿਕ। ਕਹਿੰਦਾ ਸੈਂ ਜੇ ਪੂਰਾ ਸਤਿਗੁਰੂ ਹੋਇਆ ਤੇ ਆਪ ਆਕੇ ਦਰਸ਼ਨ ਦੇਵੇਗਾ। ਹੁਣ ਕਰ ਸਿਰ ਨੀਵਾਂ' ਪਰ ਸਤਿਗੁਰੂ ਜੀ ਆਖਿਆ ਜੈਲਮ ਸਿੰਘਾ ਜਿਹੜੀ ਗੱਲ ਮੁਕਾਉਣੀ ਏਂ ਅੱਜ ਮੁਕਾ ਲੈ। ਨਿਤ ਦੀ ਘੈਂਸ ਘੈਂਸ ਠੀਕ ਨਹੀਂ, ਸੰਗਤਾਂ ਹੈਰਾਨ ਸਨ ਕਿ ਕੀ ਬਚਨ ਹੋ ਰਹੇ ਹਨ। ਬਾਬੇ ਅੰਦਰ ਵੀ ਲਟ ਪ੍ਰਕਾਸ਼ ਹੋ ਗਿਆ ਚਰਨਾਂ ਤੇ ਢੱਠਾ ਤੇ ਅਰਜ਼ ਕੀਤੀ 'ਬਖਸ਼! ਬਖਸ਼!! ਬਖਸ਼!!! ਵਸਾਵਾ ਸਿੰਘ ਮੁੜ ਕਿਹਾ ਕਰ ਅਰਜ਼ ਲੰਗਰ ਦੀ ਬਾਬੇ ਉੱਤਰ ਦਿੱਤਾ ਹੁਣ ਕੋਈ ਲੋੜ ਨਹੀਂ ਅਰਜ਼ ਕਰਨ ਦੀ।

**ਕਰਨ ਕਰਾਵਨ ਹਾਰ ਸੁਆਮੀ ਸਗਲ ਘਟਾ ਕੇ ਅੰਤਰਿ ਜਾਮੀ।**

ਜਿਸ ਨੇ ਮੇਰਾ ਜੰਦਰਾ ਤੋੜਿਆ ਏ, ਬਿਨਾਂ ਅਰਜ਼ੀ ਪਰਚੇ ਆਪੇ ਹੀ ਮੇਲਾ ਕਰੇਗਾ।

ਜਾਣੀ ਜਾਣ ਸਤਿਗੁਰੂ ਜੀ ਇਹ ਕਸਰ ਵੀ ਕੱਢਣ ਵਾਸਤੇ ਮਾਂਗੇ ਦੇ ਮੇਲੇ ਦਾ ਭੋਗ ਪਾ ਕੇ ਆਪ ਹੀ ਕ੍ਰਿਪਾ ਕਰ ਦਿੱਤੀ, ਮਾਂਗੇ ਦੇ ਮੇਲੇ ਉਪਰੰਤ ਮੇਲਾ ਖੂਹਾਂ ਤੇ ਹੋਵੇਗਾ। ਸੋ ਮਾਂਗੇ ਦੇ ਮੇਲੇ ਉਪਰੰਤ ਸਤਿਗੁਰੂ ਜੀ ਖੂਹਾਂ ਤੇ ਦਰਸ਼ਨ ਦਿੱਤੇ। ਸੰਗਤਾਂ ਵੀ ਵਹੀਰਾਂ ਘਤ ਦਿੱਤੀਆਂ। ਬੱਚੇ, ਬੁੱਢੇ, ਬਿਰਧੇ ਮਾਂਗੇ ਘਰ ਮੁਸਲਮਾਨ ਖੋਜਿਆਂ ਦੇ ਸਨ। ਉਨ੍ਹਾਂ ਅੰਦਰ ਪ੍ਰੇਰਨਾ ਹੋਈ। ਉਹ ਖੰਡ ਦੇ ਬਿਉਪਾਰੀ ਸਨ। ਉਨ੍ਹਾਂ ਖੰਡ ਲਿਆ ਸਜਦੇ ਕੀਤੇ ਆਟੇ ਤੇ ਦਾਲੇ ਦੀਆਂ ਬੋਰੀਆਂ ਦੀਆਂ ਧਾਕਾਂ ਲੱਗ ਗਈਆਂ। ਲੰਗਰ ਅਰੰਭ ਦਿੱਤਾ, ਰਾਗੀਆਂ ਨੇ

Sri Satguru Jagjit Singh Ji eLibrary NamdhariElibrary@gmail.com

ਕੀਰਤਨ ਅਰੰਭ ਦਿੱਤਾ ਮਸਤਾਨੇ ਲੱਗੇ ਕਲਕਾਲੀਆਂ ਮਾਰਨ। ਸੰਗਤਾਂ ਇਤਨੀਆਂ ਜੁੜ ਗਈਆਂ ਕਿ ਤਿਲ ਮਾਰਿਆਂ ਭੁੰਜੇ ਨਾ ਪਵੇ। ਤਿੰਨ ਦਿਨ ਰਸ ਬੱਝਾ ਰਿਹਾ। ਤੀਸਰੇ ਦਿਨ ਸਤਿਗੁਰੂ ਜੀ ਲਾਂਗਰੀ ਅਗਲੇ ਪਿੰਡ ਭੇਜ ਦਿੱਤੇ। ਮਗਰ ਰਸਦਾਂ ਦੇ ਢੇਰ ਬਾਕੀ ਸਨ। ਬਾਬੇ ਜੈਮਲ ਸਿੰਘ ਛਲਕਦੀਏ ਨੇਤਰੀਂ ਬਚਨ ਕੀਤਾ 'ਗਰੀਬ ਨਿਵਾਜ਼। ਤੂੰ ਹੀ ਗੁਰੂ ਨਾਨਕ! ਤੂੰ ਹੀ ਗੁਰੂ ਗੋਬਿੰਦ ਸਿੰਘ! ਤੂੰ ਹੀ ਸਤਿਗੁਰੂ ਰਾਮ ਸਿੰਘ! ਭੁਲਾ ਨਾ! ਜੀਆਂ ਤੇ ਮਿਹਰ ਰੱਖੀਂ ਕਲਿਜੁਗ ਜੀਵ ਹਾਂ! ਭਾਂਡੇ ਛੋਟੇ ਹਨ ਵਸਤਾਂ ਬਹੁਤੀਆਂ ਹਨ, ਸਾਂਭੀਆਂ ਨਹੀਂ ਜਾਂਦੀਆਂ, ਆਪ ਸੰਭਾਲਣ ਦੀ ਕਿਰਪਾਲਤਾ ਕਰਨੀ।'

ਸਤਿਗੁਰੂ ਜੀ ਖ਼ੁਸ਼ੀਆਂ ਬਖਸ਼ਦੇ ਦੂਜੇ ਨਗਰਾਂ ਨੂੰ ਰਵਾਨਾ ਹੋ ਪਏ ਤੇ ਬਾਕੀ ਰਸਦਾਂ ਲੱਗੀਆਂ ਵੱਧਣ। ਜਿਉਂ ਜਿਉਂ ਰਸਦਾਂ ਵਰਤਾਂਦੇ ਜਾਣ ਢੇਰ ਵੱਧਦੇ ਜਾਣ। ਨਾਲ ਹੀ ਰਿੱਧੀਆਂ ਸਿੱਧੀਆਂ ਬਾਬੇ ਦੇ ਚਰਨਾਂ ਵਿਚ ਆ ਡੇਰਾ ਲਾਇਆ। ਲਛਮੀ ਦੀ ਵਰਖਾ ਸ਼ੁਰੂ ਹੋ ਗਈ। ਗੋਰੀਆਂ ਗਊਆਂ ਬੂਰੀਆਂ ਮੱਝਾਂ ਆਪ ਹੀ ਖੁਰਲੀਆਂ ਤੇ ਬੱਝਣ ਲੱਗੀਆਂ ਹਰ ਲੋੜ ਇਸੇ ਦਰ ਤੋਂ। ਮੂੰਹ ਮੰਗੀਆਂ ਮੁਰਾਦਾਂ ਤੁਰਤ ਫੁਰਤ। ਦੁੱਧ ਵਾਲੇ ਦੁੱਧ ਪੁੱਤ ਵਾਲੇ ਪੁੱਤ, ਇੱਥੋਂ ਤੱਕ ਜਦ ਇਲਾਕੇ ਨੂੰ ਮੀਂਹ ਦੀ ਲੋੜ ਪਵੇ, ਬਾਬੇ ਦੇ ਚਰਨਾਂ ਵਿਚ। ਬਾਬੇ ਨੇ ਲੰਮਾ ਸਾਰਾ ਢਾਂਗਾ ਬਣਵਾ ਲਿਆ। ਉੱਚਾ ਕਦ ਕਹਿਣਾ ਇੰਦਰਾ ਆ ਜਾ ਨਹੀਂ ਤੇ ਛਿੱਤਰਾਂ ਦੀ ਮਾਰ, ਇੰਦਰ ਦੇਰ ਨਾ ਲਾਣੀ ਵਾਜ ਮਾਰਨ ਦੀ ਦੇਰ ਹੁੰਦੀ ਇੰਦਰ ਬਾਲਿਕ ਦਾ ਰੂਪ ਧਾਰ, ਹਾਜਰ ਆ ਹੁੰਦਾ ਜਿਧਰ ਇਸ਼ਾਰਾ ਹੋਵੇ ਉਧਰ ਜਲ ਥਲ।

ਇਕ ਸਮੇਂ ਖੂਹਾਂ ਦੇ ਆਲੇ ਦੁਆਲੇ ਤਾਊਨ ਦੀ ਬਿਮਾਰੀ ਫੈਲ ਗਈ। ਹੁਣ ਉੱਥੇ ਬਾਬਾ ਜੈਮਲ ਸਿੰਘ ਹੀ ਸਿਵਲ ਸਰਜਨ ਸੀ। ਸਭ ਰੋਗਾਂ ਦਾ ਸਪੈਸ਼ਲਿਸਟ ਤਾਊਨ, ਮਿਰਗ, ਬੁਖਾਰ, ਆਤਸ਼ਕ, ਸੁਜਾਕ ਦੇ ਰੋਗੀਆਂ ਦੀ ਇੱਕੋ ਦਵਾਈ ਸਭ ਨੌ ਬਰ ਨੌ। ਇਕ ਸਿੱਖ ਨੇ ਅਰਜ਼ ਕੀਤੀ ਸੀ ਮਾਂਗੇ ਦੇ ਗਹਿਲ ਸਿੰਘ ਨੂੰ ਗਿਲਟੀ ਨਿਕਲ ਆਈ ਏ। ਡਾਕਟਰਾਂ ਜਾਂ ਵੈਦ ਘਰ ਜਾਣ ਦੀਆਂ ਫੀਸਾਂ, ਦੁਕਾਨ ਤੇ ਵਿਖਾਉਣ ਦੀਆਂ ਫੀਸਾਂ, ਮਗਰ ਬਾਬਾ ਅਜਬ ਤੇ ਅਲੌਕਿਕ ਵੈਦ। ਬਿਨਾ ਫੀਸ ਬਿਨਾ ਬੁਲਾਏ ਗਵਾਂਢੀ ਦੀ ਅਰਜ਼ ਕਰਨ ਤੇ ਉਸੇ ਵੇਲੇ ਉਠ ਟੁਰਿਆ। ਅੱਗੇ ਸਿੰਘ ਮਗਰ ਬਾਬਾ ਜੈਮਲ ਸਿੰਘ ਆਖਿਆ "ਚਲ ਭਾਈ! ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰੀਏ। ਅੱਗੋਂ ਜਿਵੇਂ ਉਨ੍ਹਾਂ ਦੀ ਰਜ਼ਾ।' ਬਾਬਾ ਜੈਮਲ ਸਿੰਘ ਜੀ ਗਹਿਲ ਸਿੰਘ ਦੇ ਕੋਲ ਪੁੱਜੇ ਤੇ ਸਿੱਖ ਨੂੰ ਕਿਹਾ ਲੈ ਭਾਈ ਜਿੱਥੇ ਗਿਲਟੀ ਏ ਉੱਥੇ ਅੰਗੂਠਾ ਰਖ ਦੇ। ਚਰਨਾਂ ਦਾ ਅੰਗੂਠਾ ਲੱਗਣ ਦੀ ਦੇਰ ਸੀ, ਕਿ ਗਿਲਟੀ ਦੂਜ ਪਾਸੇ ਹੋ ਗਈ। ਉੱਥੇ ਅੰਗੂਠਾ ਰਖਿਆ ਗਿਲਟੀ ਬਗਲ ਵਿਚ ਆ ਗਈ, ਉੱਥੇ ਚਰਨ ਟਿਕਾਇਆ। ਗਿਲਟੀ ਦੂਜੀ ਬਗਲ ਵਿਚ, ਬਗਲ ਵਿੱਚੋਂ ਗਲੇ ਵਿਚ। ਹੁਣ

Sri Satguru Jagjit Singh Ji eLibrary NamdhariElibrary@gmail.com

ਬਾਬਾ ਜੀ ਮੂੰਹ ਲਾਗ ਮੂੰਹ ਰਖ ਸਾਹ ਖਿੱਚਿਆ ਤੇ ਗਿਲਟੀ ਬਾਹਰ ਆ ਪਈ। ਗਹਿਲ ਸਿੰਘ ਉਠ ਚਰਨਾਂ ਤੇ ਢਹਿ ਪਿਆ ਜਿਸ ਜਿਸ ਨੇ ਸੁਣਿਆ ਉਹ ਬਾਬੇ ਜੀ ਨੂੰ ਘਰ ਲੈ ਗਏ ਸਭ 'ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਹਰੀ ਸਿੰਘ, ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਕਹਿੰਦੇ ਚਰਨਾਂ ਤੇ ਡਿੱਗ ਡਿੱਗ ਪੈਣ। ਹੁਣ ਬਾਬਾ ਜੀ ਅੰਗੂਠੇ ਵਾਲਾ ਨੁਖਸਾ ਬਦਲ ਦਿੱਤਾ, ਤੇ ਕਹਿਣਾ ਉਠ ਓਏ ਸਤਿਗੁਰੂ ਦੇ ਪਿਆਰਿਆ ਨਾਮ ਜਪ ਤੇ ਜਨਮ ਸਫਲ ਕਰ, ਆਖ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ! ਹੁਣ ਤਾਂ ਸੰਤਾਂ ਨੂੰ ਆਰਾਮ ਕਰਨਾ ਨਾ ਮਿਲੇ। ਅਸਲ ਵਿਚ ਸੰਤ ਆਉਂਦੇ ਹੀ ਸੰਸਾਰ ਨੂੰ ਰੋਗਾਂ ਤੋਂ ਮੁਕਤ ਕਰੌਣ ਲਈ ਹੀ ਹਨ। ਕੀ ਸਰੀਰਕ ਰੋਗ, ਕੀ ਮਾਨਸਕ ਰੋਗ, ਕੀ ਹਉਮੈ ਰੋਗ, ਸਭ ਤੋਂ ਪ੍ਰਾਣੀਆਂ ਦਾ ਛੁਟਕਾਰਾ ਕਰਾਉਣ ਦਾ ਉਪਕਾਰ ਕਰਦੇ ਹਨ। ਬਾਬਾ ਜੈਮਲ ਸਿੰਘ ਤਿੰਨ ਦਿਨ, ਬਿਨਾ ਜਲ ਪਾਨ ਕੀਤੇ ਮਾਂਗੇ ਖੂਹ ਦੇ ਰੋਗੀਆਂ ਨੂੰ ਕਾਲ ਦੇ ਮੂੰਹੋਂ ਬਚਾਇਆ ਤੇ ਨਾਲ ਹੀ ਸਦਾ ਲਈ ਚੌਰਾਸੀ ਦੇ ਗੇੜ ਨੂੰ ਖ਼ਤਮ ਕਰਨ ਲਈ ਨਾਮ ਦੀ ਦਾਤ ਬਖਸ਼ੀ।

Sri Satguru Jagjit Singh Ji eLibrary NamdhariElibrary@gmail.com

# ਅਗਿਆਨੀ ਗਿਆਨੀ

ਨਿੱਕਿਆਂ ਹੁੰਦਿਆਂ ਤੋਂ ਮੈਨੂੰ ਕਥਾ ਕੀਰਤਨ ਦਾ ਸ਼ੌਕ ਸੀ। ਸਾਡੇ ਨਗਰ ਹਰ ਰਾਤ ਸੂਰਜ ਪ੍ਰਕਾਸ਼ ਦੀ ਕਥਾ ਹੁੰਦੀ ਸੀ। ਮੈਂ ਡੰਡੌਤ ਹੁੰਦਿਆਂ ਈ ਆਲਤੀ ਪਾਲਤੀ ਮਾਰ ਕੋਲ ਜਾ ਬਹਿੰਦਾ। ਸਕੂਲ ਦਾ ਕੰਮ ਵੀ ਕਰਦਾ ਤੇ ਨੇਮ ਨਾਲ ਕਥਾ ਵੀ ਸੁਣਦਾ।

ਇਕ ਦਿਨ ਧਰਮਸਾਲ ਵਿਚ ਬੈਠੇ ਸਾਂ ਕਿ ਇਕ ਸਿੰਘ ਅਵਤਾਰ ਸਿੰਘ ਨਾਮੀ ਸਿਰ ਤੇ ਕੁੱ ਚੁੱਕੀ ਆਇਆ ਤੇ ਲਿਆ ਕੇ ਸਾਮ੍ਹਣੇ ਰਖ ਦਿੱਤਾ। ਪੁੱਛਿਆ ਇਹ ਕੀ? ਓਸ ਕਿਹਾ ਆਪੇ ਵੇਖ ਲਵੋ। ਪੰਡ ਖੋਲ੍ਹੀ ਤਾਂ ਹੈਰਾਨ ਪਰੇਸ਼ਾਨ। ਗੁਰੂ ਗ੍ਰੰਥ ਸਾਹਿਬ ਦੇ ਪਤਰੇ। ਇਕ ਦਮ ਸਾਰਿਆਂ ਪੁੱਛਿਆ ਕਿੱਥੋਂ ਲਿਆਇਆ ਏਂ? ਉਸਨੇ ਛੇਹਰਟ ਦੇ ਦੁਕਾਨਦਾਰ ਦਾ ਨਾਉਂ ਲਿਆ। ਅਸੀਂ ਬਣੇ ਤਣੇ ਓਸ ਦੁਕਾਨਦਾਰ ਕੋਲ ਗਏ। ਉਸ ਕਿਹਾ ਜੀ ਮੈਂ ਅਨਪੜ੍ਹ, ਮੈਨੂੰ ਕੀ ਪਤਾ ਇਹ ਨੀਲੀ ਪੱਗ ਵਾਲਾ ਸਰਦਾਰ ਦੇ ਗਿਆ ਏ ਤੇ ਪੈਸੇ ਲੈ ਗਿਆ ਏ। ਮੈਨੂੰ ਮਾਫ਼ ਕਰੋ; ਉਸ ਹੱਥ ਪੈਰ ਜੋੜ ਪੈਰਾਂ ਤੇ ਪੱਗ ਰੱਖੀ। ਅਸੀਂ ਭਰੇ ਭੀਤਰੇ ਘਰ ਪੁੱਜੇ। ਪਤਰੇ ਵੇਚਣ ਵਾਲਾ ਨੀਲੀ ਪੱਗ ਸੁਣ, ਅਸੀਂ ਦੰਦਾਂ ਹੇਠ ਜੀਭ ਦਿੱਤੀ ਤੇ ਸਾਰੇ ਇਕ ਜ਼ਬਾਨ ਹੋ ਬੋਲ ਉਠੇ। ਇਹ ਕਲਿਜੁਗ ਹੈ, ਕਲਿਜੁਗ! ਸਿੰਘ ਹੋ, ਗੁਰਬਾਣੀ ਰੱਦੀ ਵਿਚ ਵੇਚ ਗਿਆ। ਧ੍ਰਿਗ! ਧ੍ਰਿਗ!! ਧ੍ਰਿਗ!!!

ਅੰਤ ਗੁਰਮਤਾ ਸੋਧਿਆ ਕਿ ਇਹਨਾਂ ਪਤਰਿਆਂ ਨੂੰ ਜਲ ਪ੍ਰਵਾਹ ਕੀਤਾ ਜਾਵੇ। ਇਸ ਕੰਮ ਵਾਸਤੇ ਕੁਝ ਮਾਇਆ ਇਕੱਤਰ ਕੀਤੀ ਤੇ ਮਹੰਤ ਆਤਮਾ ਸਿੰਘ ਨੂੰ ਲਾਹੌਰ ਭੇਜਿਆ ਤੇ ਉਹ ਪਤਰਿਆਂ ਨੂੰ ਬੜੇ ਆਦਰ ਸਤਿਕਾਰ ਨਾਲ ਜਲ ਪ੍ਰਵਾਹ ਕਰ ਆਇਆ। ਇਸ ਘਟਨਾ ਨੇ ਮੇਰੇ ਲੂੰ ਕੰਡੇ ਕਰ ਦਿਤੇ ਤੇ ਮਨ ਨੂੰ ਫਿਟਕਾਰਾਂ ਪਾਈਆਂ ਕਿ ਗਿਆਨ ਸਿੰਘਾ ਤੂੰ ਵੀ ਸਿੱਖ ਬਣਿਆ ਫਿਰਦਾ ਏਂ, ਜੇ ਅਜੇਹੀ ਘਟਨਾ ਤੇਰੇ ਨਾਲ ਵਾਪਰੇ ਤਾਂ ਤੂੰ ਕੀ ਕਰੇਂ। ਜੇ ਤੂੰ ਗੁਰੂ ਨਹੀਂ ਪਛਾਣ ਸਕਦਾ ਤਾਂ ਗੁਰੂ ਕਾ ਸਿੱਖ ਨਹੀਂ ਹੋ ਸਕਦਾ।

ਇਸ ਸੋਚ ਨੇ ਮਨ ਨੂੰ ਹਲੂਣ ਦਿੱਤਾ ਤੇ ਮਨ ਵਿਚ ਪੱਕਾ ਵਿਚਾਰ ਬਣਾ ਲਿਆ ਕਿ ਗੁਰੂ ਨੂੰ ਪਛਾਣਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਂ। ਪਾਠ ਕਰਾਉਣ ਵਾਲਾ ਰਹਿਬਰ ਵੀ ਮਿਲ ਗਿਆ। ਉਹ ਸਨ ਗਿਆਨੀ ਬੂੜ ਸਿੰਘ। ਗਿਆਨੀ ਜੀ ਬੜੇ ਸਿਆਣੇ ਸਨ। ਲਗਾਂ ਮਾਤਰਾਂ ਦਾ ਪੂਰਾ ਪੂਰਾ ਗਿਆਨ ਸੀ। ਉਹ ਮੇਰੀ ਤੇਲੀਆ ਬੁਧ ਵੇਖ ਬੜੇ ਪ੍ਰਸੰਨ ਹੋਏ। ਉਹਨਾਂ ਨੇ ਖਾਲਸਾ ਕਾਲਜ ਵਿਚ 37 ਸਾਲ ਪ੍ਰੋਫ਼ੈਸਰੀ ਕੀਤੀ ਸੀ। ਛੇ ਮਹੀਨਿਆਂ ਵਿਚ

Sri Satguru Jagjit Singh Ji eLibrary NamdhariElibrary@gmail.com

ਪਾਠ ਕਰ ਲਿਆ ਤਾਂਕਿ ਮੈਨੂੰ ਗੁਰੂ ਦੀ ਪਛਾਣ ਹੋ ਸਕੇ।

ਕਥਾ ਸੁਣਦਿਆਂ ਤੇ ਪਾਠ ਕਰਦਿਆਂ ਕਈ ਪ੍ਰਸੰਗ ਜ਼ਬਾਨੀ ਯਾਦ ਹੋ ਗਏ। ਜਦ ਮੌਕਿਆ ਮਿਲਦਾ ਤਾਂ ਆਪ ਵੀ ਸਾਖੀਆਂ ਸੁਨਾਣ ਲੱਗ ਪੈਂਦਾ। ਸ਼ਬਦ ਵੀ ਜੋਟੀਆਂ ਦੇ ਪੜ੍ਹਦਾ। ਕੁਦਰਤ ਨੇ ਮੇਰੀ ਰਸਨਾਂ ਤੇ ਰਸ ਬਖਸ਼ਿਆ। ਸਰੋਤੇ ਪ੍ਰਭਾਵਤ ਹੁੰਦੇ। ਯੂਨੀਵਰਸਿਟੀ ਦੀਆਂ ਡਿਗਰੀਆਂ ਤੇ ਪਿੱਛੋਂ ਪ੍ਰਾਪਤ ਕੀਤੀਆਂ ਹਨ, ਗਿਆਨੀ ਗਿਆਨੀ ਕਰਕੇ ਆਮ ਲੋਕ ਪਹਿਲਾਂ ਹੀ ਬੁਲਾਣ ਲੱਗ ਪਏ। ਹੌਲੀ ਹੌਲੀ ਹੰਗਤਾ ਦੇ ਖੰਭ ਨਿਕਲਣੇ ਸ਼ੁਰੂ ਹੋ ਗਏ। ਸਕੂਲ ਤੇ ਕਾਲਜ ਵਿਚ ਵੀ ਮੇਰਾ ਪ੍ਰਭਾਵ ਵੱਧ ਗਿਆ। ਉਹ ਵੀ ਮੇਰੀ ਕਹੀ ਨੂੰ ਐਵਾਈ ਨਾ ਗਵਾਂਦੇ ਸਗੋਂ ਹਰ ਗੱਲ ਪੁੱਛਕੇ ਤੁਰਦੇ।

ਮੇਰਾ ਅਨੰਦ ਖਿਆਲੇ ਕਰਮ ਸਿੰਘ ਮਿਸਤਰੀ ਨਾਮਧਾਰੀਆਂ ਘਰ ਹੋਇਆ ਸੀ। ਇਹ ਵੀ ਸੰਜੋਗਾਂ ਦੀ ਗੱਲ। ਮੈਂ ਕਟੜ ਸਿੰਘ ਸਭੀਆ, ਉਹ ਕਟੜ ਕੂਕੇ। ਮੰਗਣੀ ਉਪਰੰਤ ਜਦ ਮੈਨੂੰ ਇਹ ਪਤਾ ਲੱਗਾ ਕਿ ਮੇਰਾ ਅਨੰਦ ਕੂਕਿਆਂ ਘਰ ਹੋਣਾ ਏ, ਤਾਂ ਮੈਂ ਵਿੱਟਰ ਬੈਠਾ। ਇਸਨੂੰ ਮੈਂ ਇਕ ਮਖੌਲੇ ਜਾਣਿਆ। ਕਦੀ ਔਹ ਬਹਾਨਾ ਕਦੀ ਔਹ ਢੁਚਰ, ਆਖ਼ਰ ਫ਼ੈਸਲਾ ਇਹ ਹੋਇਆ ਕਿ ਜੰਞ ਜਾਵੇਗੀ ਤੇ ਫੇਰੇ ਵੇਦੀ ਦੁਆਲੇ ਹੋਣਗੇ, ਖ਼ੈਰ ਵਿਆਹ ਦੇ ਚਾਅ ਵਿਚ ਮੈਂ ਮਾਪਿਆਂ ਅੱਗੇ ਸਾਰੇ ਹਥਿਆਰ ਸੁੱਟ ਦਿੱਤੇ। ਬਾਬਾ ਵੀਰ ਸਿੰਘ ਨੇ ਅਨੰਦ ਕਾਰਜ ਕਰਾਇਆ। ਉਹ ਬੜੇ ਤੱਪ ਤੇਜ਼ ਵਾਲੇ ਸਾਧੂ ਸਨ। ਬਾਬਾ ਵੀਰ ਸਿੰਘ ਭਜਨ ਬਾਣੀ ਕਰਦੇ ਤੇ ਸੇਵਾ ਵੀ। ਪਰ ਬੋਲ ਕਰਖਤ ਸੀ। ਮੈਨੂੰ ਇਹ ਵੀ ਯਾਦ ਹੈ, ਕਿ ਜਦ ਉਹ ਅੰਮ੍ਰਿਤਸਰ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਮੇਲੇ ਵਾਸਤੇ ਅਰਜ਼ ਕਰਨ ਗਏ ਸਨ ਤਾਂ ਸੱਚੇ ਪਾਤਸ਼ਾਹ ਸਹਿਜ ਸੁਭਾ ਕਿਹਾ ਕਿ ਅੱਜੇ ਸਮਾਂ ਨਹੀਂ ਤਾਂ ਝੱਟ ਕਹਿ ਦਿੱਤਾ ਕਿ ਮੇਲਾ ਨਾ ਸਹੀ, ਮੇਰੇ ਮੁੰਡੇ ਦਾ ਕਿਹੜਾ ਛੁਹਾਰਾ ਏ। ਮੇਲਾ ਤਾਂ ਤੁਹਾਡਾ ਈ ਏ, ਅਸਾਂ ਤਾਂ ਕੇਵਲ ਸੇਵਾ ਈ ਕਰਨੀ ਏ।"

ਓਸੇ ਬਾਬੇ ਪਾਸੋਂ ਮੈਨੂੰ ਭਜਨ ਦੀ ਦਾਤ ਪ੍ਰਾਪਤ ਹੋਈ ਸੀ, ਪਰ ਜਨਮ ਜਨਮਾਂਤਰਾਂ ਦੀ ਮੈਲ ਕਾਰਨ, ਮਨ ਨੇ ਰੰਗ ਨਾ ਫੜਿਆ। ਫੂੰ ਫੂੰ ਵੱਧ ਗਈ। ਕੂਕਿਆਂ ਵਿਰੁੱਧ ਮੈਨੂੰ ਪੂਰੀ ਨਫ਼ਰਤ ਸੀ। ਇਹਨਾਂ ਦੀ ਹਾਲਤ ਵੇਖ ਬੜਾ ਤਰਸ ਆਉਂਦਾ ਕਿ ਇਹ ਲੋਕ ਕਿੰਨੇ ਭੁੱਲੇ ਹੋਏ ਹਨ। ਬੰਦੇ ਨੂੰ ਬੰਦਾ ਮੱਥਾ ਟੇਕਦਾ ਏ। ਦਸਵੇਂ ਪਾਤਸ਼ਾਹ ਪਿੱਛੋਂ ਕੋਈ ਗੁਰੂ ਨਹੀਂ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਈ ਗੁਰੂ ਏ। ਦਿਲ ਵਿਚ ਕਈ ਉਬਾਲ ਉੱਠਣ ਤੇ ਮੌਕਿਆ ਮਿਲੇ ਤੇ ਇਹਨਾਂ ਦਾ ਪਾਜ ਉਧੇੜਾਂ। ਇਹ ਲੋਕ ਕਿਵੇਂ ਰਾਹੋਂ ਘੁੱਥੇ ਟੱਕਰਾਂ ਮਾਰ ਰਹੇ ਹਨ। ਸਿਰ ਵਿਚ ਪਾਣੀ ਪਾ ਪਾ ਇਹਨਾਂ ਦੀ ਮੱਤ ਮਾਰੀ ਗਈ ਏ।

ਖ਼ੈਰ ਉਹ ਵੀ ਮੌਕਿਆ ਆ ਗਿਆ। ਬਾਬੇ ਵੀਰ ਸਿੰਘ ਮੇਲਾ ਵਿਛਿਆ। ਸਤਿਗੁਰੂ ਪ੍ਰਤਾਪ ਸਿੰਘ ਹੁਰਾਂ ਓਥੇ ਦਰਸ਼ਨ ਦੇਣੇ ਸਨ, ਦੂਰੋਂ ਦੂਰੋਂ ਸੰਗਤਾਂ ਪੁੱਜੀਆਂ। ਮੈਂ ਵੀ ਮਨ ਬਣਾ ਲਿਆ ਕਿ ਰੱਬ ਨੇ ਚੰਗਾ ਮੌਕਾ ਦਿੱਤਾ ਏ।

Sri Satguru Jagjit Singh Ji eLibrary NamdhariElibrary@gmail.com

ਨਾਲੇ ਦੇਵੀ ਦੇ ਦਰਸ਼ਨ ਨਾਲੇ ਵੰਜਾ ਦੀ ਖ਼ਰੀਦ। ਇਕ ਸੱਸ ਕੋਲੋਂ ਕੜਾਹ ਪੂੜੀਆਂ ਨਾਲੇ ਕੂਕਿਆਂ ਦੇ ਗੁਰੂ ਦੀ ਗੁਰਿਆਈ ਦੇ ਭਾਂਡੇ ਨੂੰ ਨੰਗਾ ਕਰ ਕੇ ਖਿਆਲੇ ਦੇ ਚੁਰਾਹੇ ਵਿਚ ਭੰਨਾਂਗਾ। ਇਹ ਸੋਚ ਖਿਆਲੇ ਜਾਣ ਦਾ ਮਨ ਬਣਾ ਲਿਆ। ਫਿਟੀ ਲਾ ਕੇ ਠੋਕਵੀਂ ਪੱਗ ਬੰਨ੍ਹੀ, ਟਾਈ ਲਾਈ, ਪੈਂਟ ਦੇ ਬਟਨ ਕੱਸੇ, ਸ਼ੀਸ਼ਾ ਵੇਖਿਆ, ਬੂਟਾਂ ਤੇ ਬੁਰਸ਼ ਮਾਰਿਆ ਤੇ ਗਿਆਨੀ-ਪਨ ਦਾ ਆਫਰਿਆ, ਖਿਆਲੇ ਵਲ ਰਵਾਨਾ ਹੋਇਆ। ਓਥੇ ਜਾ ਕੇ ਵੇਖਿਆ ਦੂਰੋਂ ਦੂਰੋਂ ਸੰਗਤਾਂ ਆਈਆਂ ਹੋਈਆਂ ਸਨ। ਸੱਚੇ ਪਾਤਸ਼ਾਹ ਦਿੱਤੇ ਪ੍ਰੋਗਰਾਮ ਤੋਂ ਇਕ ਦਿਨ ਪੱਛੜਕੇ ਆਏ ਸਨ, ਇਸ ਵਾਸਤੇ ਉਨ੍ਹਾਂ ਦੀਆਂ ਉਡੀਕਾਂ ਲੱਗੀਆਂ ਹੋਈਆਂ ਸਨ। ਸੜਕ ਤੇ ਕਾਰ ਦੀਆਂ ਧੂੜਾਂ ਉੱਡਦੀਆਂ ਨਜ਼ਰੀਂ ਆਈਆਂ। ਸੰਗਤਾਂ ਵਹੀਰਾਂ ਘਤ ਦਿੱਤੀਆਂ। ਅੱਗੇ ਅੱਗੇ ਬਾਬਾ ਵੀਰ ਸਿੰਘ ਮਗਰ ਮਗਰ ਅਸੀਂ ਸਾਰੇ। ਬਾਬੇ ਦੇ ਸੁਭਾ ਅਨੁਸਾਰ ਮੂੰਹੋਂ ਕੁਝ ਐਸੇ ਵੈਸੇ ਸ਼ਬਦ ਨਿਕਲੇ ਪਰ ਸੱਚੇ ਪਾਤਸ਼ਾਹ ਅਥਾਹ ਸਾਗਰ ਸਨ, ਬਚਨ ਕੀਤਾ ਬਾਬਾ ਹੋਰ ਜੋ ਮਰਜ਼ੀ ਆਵੇ ਆਖ ਲਵੀਂ ਪਰ ਕੋਈ ਸ਼ਰਾਪ ਨਾ ਦੇਵੀਂ। ਸ਼ਰਾਪ ਦਾ ਸ਼ਬਦ ਸੁਣ ਬਾਬੇ ਦੀਆਂ ਭੁੱਬਾਂ ਨਿਕਲ ਗਈਆਂ ਤੇ ਚਰਨਾਂ ਵਿਚ ਲੇਟ ਗਿਆ। ਸੰਗਤਾਂ ਵੀ ਵੈਰਾਗੀ ਹੋ ਗਈਆਂ ਤੇ ਸੜਕ ਤੇ ਖ਼ਾਸਾ ਜਲੂਸ ਬਣ ਗਿਆ। ਸੱਚੇ ਪਾਤਸ਼ਾਹ ਡੇਰੇ ਪੁੱਜੇ। ਸੰਗਤਾਂ ਵਾਰੀ ਵਾਰੀ ਚਰਨ ਪਰਸੇ। ਹੱਲੇ ਦੇ ਦੀਵਾਨ ਲੱਗੇ, ਰਾਗੀਆਂ ਕੀਰਤਨ ਕੀਤਾ। ਅਗਲੀ ਸਵੇਰ ਵਾਰ ਦਾ ਭੋਗ ਪਿਆ। ਸਾਧ ਸੰਗਤ ਜਲ ਪ੍ਰਸ਼ਾਦਾ ਛੱਕਿਆ। ਸੱਚੇ ਪਾਤਸ਼ਾਹ ਕੁਝ ਅਰਾਮ ਕੀਤਾ ਮੁੜ ਇਕ ਥਾਂ ਤੇ ਆਸਣ ਤੇ ਬੈਠ ਗਏ ਸੰਗਤਾਂ ਚੁਫੇਰੇ ਜੁੜ ਗਈਆਂ। ਸੱਚੇ ਪਾਤਸ਼ਾਹ ਪੁਰਾਣੇ ਸਾਧਾਂ ਦੀਆਂ ਸਾਖੀਆਂ, ਗੁਰੂ ਹਰੀ ਸਿੰਘ ਜੀ ਦੀ ਸਹਿਨਸ਼ੀਲਤਾ, ਮਲੇਰ ਕੋਟਲੇ ਦਾ ਸ਼ਹੀਦੀ ਸਾਕਾ ਸੁਣਾ ਸੁਣਾ ਸਰੋਤਿਆਂ ਨੂੰ ਵੈਰਾਗੀ ਕਰੀ ਜਾ ਰਹੇ ਸਨ! ਪਰ ਮੇਰੇ ਅੰਦਰ ਤਾਂ ਭਾਂਬੜ ਮੱਚ ਰਹੇ ਸਨ, ਅੰਦਰ ਹੁਜਾਂ ਉੱਠ ਰਹੀਆਂ ਸਨ ਕਿ ਕੱਦ ਮੌਕਾ ਮਿਲੇ ਤਾਂ ਮੈਂ ਮਾਲੀ ਹਾਸਲ ਕਰਾਂ। ਮੌਕਿਆ ਪਾ ਕੇ ਮੈਂ ਅਰਜ਼ ਕੀਤੀ, "ਮਹਾਰਾਜ ਜੀ! ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਅਖਵਾਉਂਦੇ ਹੋ। ਗੁਰੂ ਹਰਿਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਜੀ ਵਾਲੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ, ਉਹਨਾਂ ਜ਼ੁਲਮ ਵਿਰੁੱਧ ਤਲਵਾਰ ਉਠਾਈ ਸੀ। ਤੁਸੀਂ ਕੀ ਸੋਚ ਰਹੇ ਹੋ? ਤੁਹਾਡੀ ਮਾਲਾ ਕੀ ਕਰੇਗੀ? ਤੁਸੀਂ ਤਲਵਾਰ ਕਿਉਂ ਨਹੀਂ ਫੜਦੇ? ਇਸ ਵੇਲੇ ਘੁਲੇ ਦੀਆਂ ਵਾਰਾਂ ਗਾਈਆਂ ਜਾ ਰਹੀਆਂ ਹਨ। ਉਸਦਾ ਬੋਲਬਾਲਾ ਹੈ। ਤੁਸੀਂ ਵੀ ਤਲਵਾਰ ਫੜੋ ਤੇ ਕੁਝ ਕਰ ਕੇ ਵਖਾਓ!" ਪਰ ਸਾਗਰ ਤੇ ਛਪੜੀ ਵਿਚ ਇੰਨਾ ਈ ਫ਼ਰਕ ਏ। ਛਪੜੀ ਝੱਟ ਗਰਮ, ਝੱਟ ਠੰਡੀ। ਸਾਗਰ ਪੂਰਨ ਸ਼ਾਂਤ, ਗਰਮੀ ਵਿਚ ਛੇਤੀ ਤੱਪਦਾ ਨਹੀਂ ਤੇ ਠੰਡ ਵਿਚ ਛੇਤੀ ਠਰਦਾ ਨਹੀਂ। ਸੱਚੇ ਪਾਤਸ਼ਾਹ ਨੇ ਮੇਰੇ ਹੋਛੇ ਸ਼ਬਦ ਸੁਣ ਕੇ ਵੀ ਚਿਹਰਾ ਨਹੀਂ ਬਦਲਿਆ, ਗੁੱਸਾ ਨਹੀਂ ਕੀਤਾ; ਤੇਜ਼ੀ ਨਹੀਂ ਆਈ। ਬੜੇ ਠਰੰਮੇ ਨਾਲ ਕਿਹਾ, "ਕਾਕਾ ਮੈਂ ਗੁਰੂ ਹਰਿਗੋਬਿੰਦ

Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਦਾ ਮੁਕਾਬਲਾ ਨਹੀਂ ਕਰ ਸਕਦਾ। ਉਹਨਾਂ ਦਾ ਹਿਰਦਾ ਨਾਮ ਨਾਲ ਭਰਪੂਰ ਸੀ, ਉਹ ਲਬਾ ਲਬ ਸਨ। ਉਹਨਾਂ ਤਲਵਾਰ ਉਠਾਈ, ਬਿਲਕੁਲ ਠੀਕ ਕੀਤਾ। ਜਿਹੜੇ ਨਾਮ ਦੀ ਰੰਗਣ ਵਿਚ ਤਲਵਾਰ ਚੁੱਕਣ ਉਹ ਕਾਟ ਕਰੇਗੀ। ਉਹਨਾਂ ਦੀ ਤਲਵਾਰ ਭਲਾ ਈ ਭਲਾ ਕਰੇਗੀ। ਜਿਹੜੇ ਜਿਹੜੇ ਬਿਨਾ ਨਾਮ ਜਪੇ ਤਲਵਾਰ ਫੜਦੇ ਹਨ, ਉਹ ਨਿਰਅਪਰਾਧ ਦੀ ਵੀ ਹੱਤਿਆ ਕਰ ਸਕਦੇ ਹਨ। ਨਿਰਅਪਰਾਧ ਦੇ ਗਲੇ ਤੇ ਵਾਰ ਕਰਨਾ ਕਾਇਰਾਂ ਦਾ ਕੰਮ ਹੁੰਦਾ ਹੈ।" ਮੈਂ ਵਿੱਚੇ ਬੋਲ ਪਿਆ - "ਜੀ ਘੁੱਲੇ ਦਾ ਤੂਤੀ ਬੋਲ ਰਹਿਆ ਏ। ਪਾਕਿਸਤਾਨੀ ਉਸ ਦਾ ਨਾਉ ਸੁਣ ਸੁਣ ਥੱਰ ਥੱਰ ਕੰਬਦੇ ਹਨ।"

"ਕੌਣ ਘੁੱਲਾ?"

"ਡਾਕੂ, ਉਸਦੀਆਂ ਵਾਰਾਂ ਗਾਈਆਂ ਜਾ ਰਹੀਆਂ ਹਨ।"

"ਮੈਂ ਡਾਕੂ ਨਹੀਂ ਅਖਵਾ ਸਕਦਾ। ਤੂੰ ਮੈਨੂੰ ਤਲਵਾਰ ਫੜਾ ਕੇ ਚੋਰ ਡਾਕੂ ਅਖਵਾਉਣਾ ਚਾਹੁੰਦਾ ਏਂ। ਜਦ ਮੇਰਾ ਹਿਰਦਾ ਨਾਮ ਨਾਲ ਭਰ ਜਾਵੇਗਾ, ਤਲਵਾਰ ਫੜ ਲਵਾਂਗਾ। ਬੱਚੂ ਅਜੇ ਸਮਾਂ ਨਹੀਂ ਆਇਆ, ਜਦ ਸਮਾਂ ਆਵੇਗਾ ਤਾਂ ਤੈਨੂੰ ਆਪੇ ਪਤਾ ਲੱਗ ਜਾਵੇਗਾ।" ਉਹਨਾਂ ਦੇ ਇਹ ਸ਼ਬਦ ਕਹਿਣੇ ਈ ਸਨ ਕਿ ਮੇਰੇ ਮਨ ਤੇ ਬਰਫ਼ ਪੈ ਗਈ। ਮੇਰੇ ਪਾਸੋਂ ਕੋਈ ਸ਼ਬਦ ਮੂੰਹੋਂ ਨਾ ਨਿਕਲੇ। ਨਿਰਾ ਸ਼ਹਿਦ। ਅੰਦਰ ਬਾਹਰ ਸਵਾਲ ਈ ਸਵਾਲ। ਮੇਰੀ ਜੀਭ ਗੂੰਗੀ ਹੋ ਗਈ, ਮੇਰੇ ਕੰਨ ਬੰਦ ਹੋ ਗਏ। ਨੇਤਰ ਮੁੰਦੇ ਗਏ। ਕੋਈ ਗੱਲ ਮੂੰਹੋਂ ਨਾ ਔੜੇ। ਤੇ ਸਿਰ ਨੀਵਾਂ ਕਰ ਇਕ ਪਾਸੇ ਹੋ ਗਿਆ। ਮੈਨੂੰ ਆਪਣਾ ਪੜ੍ਹਿਆ ਪੜ੍ਹਿਆ ਥੋਥਾ ਜਾਪਣ ਲੱਗ ਪਿਆ। ਅੰਦਰ ਖ਼ਾਲੀ ਖ਼ਾਲੀ ਭਾਸਣ ਲੱਗਾ। ਚੁੰਚ ਗਿਆਨ ਦੀ ਚੁੰਜ ਟੁੱਟ ਗਈ।

**ਲਿਖਿ ਲਿਖਿ ਪੜ੍ਹਿਆ ਤੇਤਾ ਕੜ੍ਹਿਆ।**
**ਬਹੁ ਤੀਰਥ ਭਰਿਆ ਤੇਤੋ ਲਵਿਆ।**

ਮੇਰੀਆਂ ਅੱਖਾਂ ਸਾਵੇਂ ਇਹ ਸ਼ਬਦ ਬਾਰ ਬਾਰ ਘੁੰਮ ਰਹੇ ਸਨ।

ਸੱਚੇ ਪਾਤਸ਼ਾਹ ਤਾਂ ਮੇਲੇ ਦਾ ਭੋਗ ਪਾ ਕੇ ਸੰਸਾਰੀਆਂ ਨੂੰ ਤਾਰਨ ਹਿਤ ਅਗ੍ਹਾਂ ਚਲੇ ਗਏ, ਪਰ ਮੇਰੇ ਸ੍ਰੋਤ ਸਭ ਬੰਦ। ਖਾਣ ਪੀਣ ਵਾਲੀ ਗੱਲ ਮੁੱਕ ਗਈ, ਢੁਚਰ ਬਾਜ਼ੀ ਦਾ ਭੋਗ ਪੈ ਗਿਆ ਕੂਕਾ ਤਾਂ ਭਾਵੇਂ ਨਾ ਬਣਿਆ, ਪਰ ਹੋਛਾਪਣ ਉਡਾਰੀ ਮਾਰ ਗਿਆ। ਮੂੰਹੋਂ ਕਦੇ ਮੰਦਾ ਸ਼ਬਦ ਨਾ ਨਿਕਲਿਆ ਤੇ ਨਾਮ ਸਿਮਰਨ ਵਾਲੇ ਪਾਸੇ ਦਾ ਨੱਕਾ ਖੁੱਲ੍ਹ ਗਿਆ। ਇਹ ਉਹਨਾਂ ਦਿਨਾਂ ਦੀ ਗੱਲ ਏ ਜਦ ਦੇਸ਼ ਦਾ ਵੰਡਾਰਾ ਹੋਇਆ ਸੀ।

ਭਾਰਤ ਵਰਸ਼ ਦੀ ਸੁਤੰਤਰਤਾ ਦਾ ਐਲਾਨ ਹੋਇਆ। ਪਰ ਹਿੰਦੂ, ਸਿੱਖ ਤੇ ਮੁਸਲਿਮ ਗ਼ੈਰਾਂ ਦੇ ਇਸ਼ਾਰੇ ਤੇ ਨੱਚਦਿਆਂ ਪਾਗ਼ਲ ਹੋ ਉਠੇ। ਅਕਾਸ਼ ਬੇਗੁਨਾਹਾਂ ਦੇ ਹਉਕਿਆਂ ਤੇ ਡੁਸਕਿਆਂ ਨਾਲ ਧੁਆਖਿਆ ਜਾ ਰਿਹਾ ਸੀ। ਸਮਾਂ ਲੰਘਦਾ ਗਿਆ। ਕਾਰ ਵਿਹਾਰ ਵੀ ਕਰਨਾ, ਸਾਧ ਸੰਗਤ ਵਿਚ ਵੀ ਜਾਣਾ,

Sri Satguru Jagjit Singh Ji eLibrary NamdhariElibrary@gmail.com

ਕਥਾ ਕੀਰਤਨ ਦਾ ਰਸ ਮਾਨਣਾ।

ਛੇਹਰਟੀ ਬੀਬੀ ਸਤਿਨਾਮਣੀ ਰਹਿੰਦੀ ਸੀ। ਉਸ ਤੇ ਸਤਿਗੁਰਾਂ ਦੀ ਪੂਰੀ ਕਿਰਪਾ ਸੀ। ਸਾਧ ਸੰਗਤ ਦੇ ਆਸਣ ਖੁੱਲ੍ਹਦੇ ਸਨ। ਮੇਰੇ ਸੁੱਤੇ ਭਾਗਾਂ ਵੀ ਅੰਗੜਾਈ ਲੈਣੀ ਅਰੰਭੀ। ਇਕ ਦਿਨ ਮੇਰੀ ਸਿੰਘਣੀ ਉਸਦੇ ਘਰ ਗਈ। ਉਸ ਤੇ ਬਾਹਰਲਿਆਂ ਦਾ ਅਸਰ ਸੀ। ਘੰਟਿਆਂ ਬੱਧੀ ਚੁੱਪ ਰਹਿੰਦੀ ਸੀ। ਜਦ ਉਸ ਅੰਦਰ ਕੋਈ ਰੂਹ ਆਉਂਦੀ ਸੀ, ਤਾਂ ਉਹ ਆਪੇ ਤੋਂ ਬਾਹਰ ਹੋ ਜਾਂਦੀ ਸੀ। ਬੀਬੀ ਸਤਿਨਾਮਣੀ ਨੇ ਉਸ ਦੇ ਕੰਨ ਵਿਚ ਭਜਨ ਦਸ ਦਿੱਤਾ, ਤਾਂ ਬਾਹਰਲੀਆਂ ਰੂਹਾਂ ਛੱਡ ਗਈਆਂ। ਬਜਾਏ ਬਕੜਵਾਦ ਦੇ ਸਿਮਰਨ ਵਿਚ ਜੁੜ ਜਾਂਦੀ। ਭਾਵੇਂ ਮੇਰੇ ਅੰਦਰ ਨਾਮਧਾਰੀਆਂ ਵਾਲੀ ਸ਼ਰਧਾ ਨਹੀਂ ਸੀ, ਪਰ ਸਿੰਘਣੀ ਦੇ ਮਨ ਦਾ ਰੌਂ ਬਦਲਿਆ ਵੇਖ, ਕੁਝ ਝੁਕਾਉ ਹੋਇਆ। ਨਾਮਧਾਰੀਆਂ ਨਾਲ ਪਿਆਰ ਵਧਿਆ। ਨਾਮ ਸਿਮਰਨ ਕਰਨ ਵਾਲਿਆਂ ਦਾ ਸੰਗ ਕਰਨ ਵਾਸਤੇ ਰੁਚੀ ਵੱਧੀ।

ਛੇਹਰਟੇ ਗੁਰਦੁਆਰੇ ਸੇਠ ਪ੍ਰਤਾਪ ਸਿੰਘ ਜੀ ਰਹਿੰਦੇ ਸਨ। ਪੂਰਨ ਗ੍ਰਿਸਤੀ, ਕਾਰੋਬਾਰ ਕਰਦੇ ਧੀਆਂ ਪੁੱਤਰ, ਨੂੰਹਾਂ ਪੋਤਰੇ। ਪਰਲੇ ਦਰਜੇ ਸੂਦੇ ਸਾਧੇ ਨਾਮ ਦੀ ਰੰਗਣ ਵਿਚ ਰਤੇ। ਭਜਨ ਬਾਣੀ, ਸ਼ਬਦ ਕੀਰਤਨ ਵਲ ਪਿਆਰ। ਘਰ ਵਿਚ ਭਾਵੇਂ ਘਿਓ ਦਾ ਕੁੱਪਾ ਰੁੜ ਜਾਵੇ, ਪਰ ਨੇਮ ਵਿਚ ਢਿੱਲ ਨਹੀਂ ਪੈਣ ਦਿੱਤੀ। ਅੰਮ੍ਰਿਤ ਵੇਲੇ ਦਾ ਇਸ਼ਨਾਨ, ਤੇ ਸਿਮਰਨ, ਮੁੜ ਸਾਥੀਆਂ ਮਹਾਂਪੁਰਖ, ਓਂਕਾਰ ਸਿੰਘ ਤੇ ਹੋਰ ਸਿੰਘਾਂ ਨਾਲ ਰਲਕੇ ਆਸਾ ਦੀ ਵਾਰ, ਮੁੜ ਇਕ ਸ਼ਬਦ ਦੀ ਵਿਆਖਿਆ। ਉਨ੍ਹਾਂ ਨਾਲ ਉੱਠਣ ਬੈਠਣ ਵਾਸਤੇ ਮਨ ਰੀਜਿਆ। ਉਹ ਸਨ ਬਾਵਨ ਚੰਦਨ, ਲੱਗੀ ਖੁਸ਼ਬੋਈ ਲਿਪਟਾਂ ਛੱਡਣ। ਤਨ ਅੰਦਰ ਬਾਹਰ ਖੁਸ਼ਬੋਈ ਵੱਧਣ ਲੱਗੀ।

ਇਕ ਦਿਨ ਬੈਠਿਆਂ ਸੇਠ ਜੀ ਕਿਹਾ, ਗਿਆਨੀਆ ਤੂੰ ਕਥਾ ਕੀਰਤਨ ਵੀ ਕਿਹਾ ਕਰ, ਪਰ ਨਾਮ ਈ ਇਕ ਵਸਤੂ ਏ ਜਿਹੜੀ ਸਾਰੀਆਂ ਰਿੱਧੀਆਂ ਸਿੱਧੀਆਂ ਦੀ ਮਾਲਿਕ ਹੈ:-

**ਜਿਸ ਨਾਮੁ ਰਿਦੇ, ਸੋਈ ਵਡ ਰਾਜਾ, ਜਿਸ ਨਾਮੁ ਰਿਦੈ, ਤਿਸ ਪੂਰੇ ਕਾਜਾ।**
**ਜਿਸ ਨਾਮੁ ਰਿਦੈ, ਕੋਟ ਧਨ ਪਾਇ, ਨਾਮ ਬਿਨਾ ਜਨਮ ਬਿਰਥਾ ਜਾਇ॥**

ਜਿਹੜੇ ਨਾਮ ਵਲ ਧਿਆਨ ਨਹੀਂ ਦੇਂਦੇ, ਬਾਣੀ ਦਾ ਉਨ੍ਹਾਂ ਵਾਸਤੇ ਫਤਵਾ ਹੈ:-

**ਨਾਮ ਬਿਨਾ ਜੋ ਪਹਿਰੈ ਖਾਇ, ਜਿਉ ਕੂਕਰ ਜੂਠਨ ਮਹਿ ਖਾਇ॥**

ਤੈਨੂੰ ਲੋਕੀਂ ਗਿਆਨੀ ਕਹਿੰਦੇ ਹਨ, ਪਰ ਤੂੰ ਜਾਣਦਾ ਏਂ ਗਿਆਨ ਕਿਸਨੂੰ ਕਹਿੰਦੇ ਹਨ? ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ:-

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ**
**ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨ।**

ਤੇਰੇ ਵਿਚ ਇਹ ਗੁਣ ਹਨ? ਉਨ੍ਹਾਂ ਦੇ ਮੁਖਾਰਬਿੰਦ ਤੋਂ 'ਗੁਣ' ਸ਼ਬਦ

Sri Satguru Jagjit Singh Ji eLibrary NamdhariElibrary@gmail.com

ਸੁਣਦਿਆਂ ਸਾਰ ਮੈਨੂੰ ਕਾਂਬਾ ਛਿੜ ਗਿਆ। ਉਨ੍ਹਾਂ ਕਿਹਾ ਹੋਰ ਸੁਣ:-

**ਸੋਈ ਗਿਆਨੀ ਜੋ ਸਿਮਰੈ ਏਕ, ਸੋਈ ਧਨਵੰਤਾ ਜਿਸੁ ਬੁਧਿ ਬਿਬੇਕ**
**ਸੋ ਕੁਲਵੰਤਾ ਜੋ ਸਿਮਰੈ ਸੁਆਮੀ ਸੋ ਪਤਿਵੰਤਾ, ਜੋ ਆਪੁ ਪਛਾਣੈ।**
(ਭੈਰਉ ਮਹਲਾ ੫, ੧੧੪੦)

ਗਿਆਨੀਆ! ਅਸਲ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਪੁਸਤਕਾਂ ਤਾਂ ਗੁਰੂ ਦੀ ਉਪਮਾ ਕਰਦੀਆਂ ਹਨ। ਜਦ ਤੱਕ ਗੁਰੂ ਦਾ ਪਾਸਾ ਨਾ ਫੜਿਆ ਜਾਏ, ਨਾਮ ਨਾਲ ਬਿਰਤੀ ਨਾ ਜੁੜੇ ਐਵੇਂ ਤੂਹ ਕੁਟਣ ਦੇ ਸਮਾਨ ਹੈ। ਜਿਨ੍ਹਾਂ ਭਾਗਾਂ ਵਾਲਿਆਂ ਦੀ ਬਿਰਤੀ ਇਸ ਪਾਸੇ ਨਾਲ ਜੁੜ ਜਾਂਦੀ ਹੈ ਉਹ ਮਾਲਿਕ ਨਾਲ ਅਭੇਦ ਹੋ ਜਾਂਦੇ ਹਨ, ਭੂਤ, ਭਵਿੱਸ਼, ਤੇ ਵਰਤਮਾਨ ਉਨ੍ਹਾਂ ਦੇ ਵਸ ਹੋ ਜਾਂਦਾ ਹੈ, ਜਨਮ ਮਰਨ ਉਨ੍ਹਾਂ ਦੇ ਅਖ਼ਤਿਆਰ। ਜਦ ਉਹ ਚਾਹੁਣ ਮਾਤ ਲੋਕ ਤੇ ਆਉਣ, ਜਦ ਚਾਹੁਣ ਉਹ ਜਾਣ ਉਨ੍ਹਾਂ ਵਾਸਤੇ ਸਭ ਦਰਵਾਜ਼ੇ ਖੁੱਲ੍ਹੇ। ਨਹੀਂ ਤਾਂ ਸਭ ਵਾਦ ਵਿਵਾਦ ਹੈ। ਉਨ੍ਹਾਂ ਦੇ ਵਿਚਾਰਾਂ ਨੇ ਮਨ ਤੇ ਪ੍ਰਭਾਵ ਤਾਂ ਪਾਇਆ, ਪਰ ਓਪਰਾ ਓਪਰਾ। ਪਰ ਪੂਰਨ ਭਰੋਸਾ ਉਸ ਦਿਨ ਹੋਇਆ ਜਦ ਉਨ੍ਹਾਂ ਦੇ ਚੜ੍ਹਾਈ ਕਰਨ ਤੋਂ ਪਹਿਲਾਂ ਦੇ ਕਹੇ ਸ਼ਬਦ ਸਤਿ ਹੋਇ।

ਸਾਵਣ ਦਾ ਮਹੀਨਾ ਸੀ ਤੇ ਅੰਗਰੇਜ਼ੀ 1980 ਦਾ ਸਾਲ। ਉਨ੍ਹਾਂ ਮੈਨੂੰ ਕਿਹਾ। ਗਿਆਨੀ ਜੀ ਮੈਂ ਚੜ੍ਹਾਈ ਕਰ ਜਾਣੀ ਏਂ, ਤੁਸੀਂ ਮੇਰੇ ਸੰਗੀ ਹੋ, ਤੁਸੀਂ ਇਹ ਗੱਲਾਂ ਮੇਰੀਆਂ ਨੋਟ ਕਰੋ। ਇਕ ਤਾਂ ਮੇਰੇ ਉਪਰ ਬੇਰੀ ਦੀ ਲੱਕੜ ਪਾਣੀ, ਚਿੱਟਾ ਕੱਪੜਾ ਬਿਨਾ ਕਿਸੇ ਠੱਪੇ ਦੇ, ਹਵਨ ਦੀ ਸਮਗਰੀ, ਤੇ ਮਗਰੋਂ ਦੋ ਕਿਲੋ ਦਾ ਕੜਾਹ ਪ੍ਰਸ਼ਾਦ। ਤੇ ਆਖ਼ਰੀ ਗੱਲ ਕਿ ਤੂੰ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਆਪ ਭੋਗ ਵਾਸਤੇ ਅਰਜ਼ ਕਰਨੀ ਤੇ ਇਹ ਕਹਿਣਾ, ਕਿ ਤੇਰੇ ਮੋਤੀ ਟੁਰ ਗਿਆ ਏ, ਕਿਰਪਾ ਕਰਕੇ ਭੋਗ ਪਾਓ। ਮਨ ਵਿਚ ਹੱਸਾਂ ਵੀ ਵਿਚਾਰਾਂ ਵੀ, ਪਰ ਉਸ ਦਿਨ ਮੇਰੇ ਮਨ ਸੇਠ ਜੀ ਦੇ ਚਰਨਾਂ ਵਿਚ ਇਉਂ ਲਿਪਟ ਗਿਆ, ਜਿਵੇਂ ਬੱਚਾ ਮਾਂ ਦੀਆਂ ਲੱਤਾਂ ਨਾਲ। ਅਗਲੀ ਸਵੇਰ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਇਆ। ਕੀਰਤਨ ਕਰਦਿਆਂ ਪੰਚਮ ਦੀ ਸੁਰ ਤੇ ਬੋਲਦਿਆਂ; ਕੇਤੀ ਛੁੱਟੀ ਨਾਲ ਦੇ ਸ਼ਬਦ ਕਹਿੰਦਿਆਂ। ਸਿਰ ਧਰਤੀ ਤੇ ਜਾ ਲੱਗਾ ਤੇ ਫਿਰ ਨਹੀਂ ਉੱਠਿਆ ਚੌਕੜੀ ਵੱਜੀ ਵਜਾਈ। ਕੋਲ ਬੈਠੇ ਘੁੱਟਣ ਨੱਪਣ ਲੱਗ ਪਏ, ਪਰ ਉਹ ਤਾਂ ਆਪਣੇ ਦੇਸ਼ (ਬੇਗਮ ਪੁਰੇ) ਡੇਰਾ ਲਾ ਚੁੱਕੇ ਸਨ। ਉਨ੍ਹਾਂ ਦੇ ਕਹੇ ਅਨੁਸਾਰ ਸਸਕਾਰ ਕੀਤਾ ਗਿਆ। ਉਨ੍ਹੀਂ ਦਿਨੀਂ ਸਤਿਗੁਰੂ ਜਗਜੀਤ ਸਿੰਘ ਜੀ ਅਫਰੀਕਾ ਦੀਆਂ ਸੰਗਤਾਂ ਨੂੰ ਤਾਰ ਰਹੇ ਸਨ। ਸੇਠ ਹੋਰਾਂ ਦੀ ਅੰਦਰਲੀ ਤਾਰ ਨਾਲ ਪੰਜਾਬ ਨੂੰ ਪਰਤੇ, ਰਾਏਕੋਟ ਦੇ ਸ਼ਹੀਦ ਦਾ ਮੇਲਾ ਕੀਤਾ ਤੇ ਦਾਸਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਸੇਠ ਜੀ ਦੇ ਭੋਗ ਤੇ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਦੀਆਂ ਭੁੱਲਾਂ ਬਖਸ਼ਦੇ, ਭੋਗ ਪਾਇਆ ਤੇ ਮੁੜ ਅਫਰੀਕਾ ਨੂੰ ਵਾਪਸ ਚਲੇ ਗਏ।

ਸੰਤ ਦੀ ਚੜ੍ਹਾਈ ਤੋਂ, ਉਨ੍ਹਾਂ ਦੇ ਕਹੇ ਬਚਨਾਂ ਦਾ ਪ੍ਰਤੱਖ ਰੂਪ ਦਿੱਸਣ ਕਾਰਨ

Sri Satguru Jagjit Singh Ji eLibrary NamdhariElibrary@gmail.com

ਵਿਦਿਆ ਤੇ ਹੰਗਤਾ ਦੀ ਮੈਲ ਉਤਰਨੀ ਸ਼ੁਰੂ ਹੋ ਗਈ। ਪਤਾ ਲੱਗਾ ਕਿ ਸਿੱਖੀ ਕੁਝ ਹੋਰ ਹੈ ਇਲਮ ਕੁਝ ਹੋਰ ਹੈ। ਕਥਾ ਕਰੀਤਨ ਜ਼ਰੂਰੀ ਹੈ, ਪਰ ਅਸਲ ਦਾਤ ਹੋਰ ਹੈ, ਸਿਖ ਗੁਰ ਉਪਦੇਸ਼ ਕਮਾਉਣ ਵਿਚ ਹੈ ਫੋਕੀਆਂ ਤਰਕਵਾਦਾਂ ਸਿੱਖੀ ਤੋਂ ਕੋਹਾਂ ਦੂਰ ਹਨ। ਮੈਂ ਪੱਗ ਸਿੱਧ ਕਰ ਲਈ। ਪਿਛਲੀ ਭੁੱਲ ਅੰਦਰੋਂ ਬਖਸ਼ਾਈ। ਗਿਆਨ ਦੀ ਝਲਕ ਵੱਜਣ ਲੱਗੀ ਤੇ ਸਤਿਗੁਰ ਦੇ ਚਰਨਾਂ ਵੱਲ ਧਿਆਨ ਧਰਿਆ। ਭਾਈ ਨੰਦ ਲਾਲ ਦੀ ਇਹ ਬਾਣੀ ਮੇਰੇ ਕੰਨਾਂ ਵਿਚ ਗੂੰਜਣ ਲੱਗੀ:-

**ਇਕ ਦਿਨ ਕਲਗ਼ੀ ਵਾਲੇ ਪਾਸੋਂ, ਪ੍ਰੇਮ ਸੁਰਾਹੀ ਪੀਤੀ।**
**ਪਿਛਲੀ ਉਮਰ ਗੁਨਾਹੀ ਬੀਤੀ, ਹਰਿ ਕੀ ਭਗਤਿ ਨ ਕੀਤੀ।**
**ਆਗੇ ਸਮਝ ਚਲੋ ਨੰਦ ਲਾਲਾ ਪਾਛੋ ਜੋ ਬੀਤੀ ਸੋ ਬੀਤੀ।**

**ਗਿਆਨੀ ਗਿਆਨ ਸਿੰਘ**
ਸਪੁੱਤਰ ਸ੍ਰ: ਸੁੰਦਰ ਸਿੰਘ

Sri Satguru Jagjit Singh Ji eLibrary NamdhariElibrary@gmail.com

## ਮੈਨੂੰ ਮਾਰਨ ਵਾਲੇ

**ਕਲਿਜੁਗ ਕਾਲੀ ਬਦਲੀ ਝੜਿ ਝੜਿ ਪੈਣ ਐਗਿਆਰ।**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਸਾਰ ਭਲਾਈ ਅਤੇ ਜਗਤ ਜਲੰਦੇ ਨੂੰ ਰੱਖਣ ਹਿਤ ਸਵਾ ਲੱਖ ਪਾਠਾਂ ਦਾ ਸਿਲਸਿਲਾ ਅਰੰਭਿਆ। ਇਤਨੇ ਮਹਾਨ ਕਾਰਜ ਵਾਸਤੇ ਹਜ਼ਾਰਾਂ ਪਾਠੀਆਂ ਤੇ ਹਜ਼ਾਰਾਂ ਈ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਲੋੜ ਸੀ। ਸੱਚੇ ਪਾਤਸ਼ਾਹ ਜੀ ਪ੍ਰੈਸ ਵਾਲਿਆਂ ਤੋਂ ਆਦਿ ਗ੍ਰੰਥ ਸਾਹਿਬ ਦੇ ਖੁੱਲ੍ਹੇ ਪੱਤਰੇ ਖ਼ਰੀਦ ਲਏ ਤਾਂ ਕਿ ਥੋੜ੍ਹਾ ਪੜ੍ਹਿਆ ਵੀ ਪੰਜ ਦਸ ਵਾਰੀ ਸਮਝ ਕੇ ਪੜ੍ਹਨ ਵਾਲਾ ਇਸ ਮਹਾਨ ਯੱਗ ਵਿਚ ਹਿੱਸਾ ਪਾ ਸਕੇ ਤੇ ਇਹ ਕਾਰਜ ਨਿਰਵਿਘਨ ਸੰਪੂਰਨ ਹੋਵੇ।

ਇਹ ਪਤਰੇ ਸਵੱਛ ਕਾਗ਼ਜ਼ਾਂ ਵਿਚ ਰੱਖਕੇ ਵੰਡੇ ਗਏ ਅਤੇ ਇਹ ਪੱਕੀ ਕੀਤੀ ਗਈ ਕਿ ਪਾਠੀ ਬਿਨਾਂ ਸਨਕੇਸੀ ਇਸ਼ਨਾਨ ਪਾਠ ਨਾ ਕਰੇ। ਜੋੜੇ ਵਾਲੇ ਪੈਰ ਧੋਕੇ ਪਾਠ ਅਰੰਭੇ, ਜੇ ਪਾਠ ਕਰਦਿਆਂ ਜੰਗਲ ਆ ਜਾਵੇ ਤਾਂ ਮੁੜ ਇਸ਼ਨਾਨ ਕਰਕੇ ਪਾਠ ਸ਼ੁਰੂ ਕਰੇ। ਪਾਠ ਅਰੰਭ ਕਰਨ ਸਮੇਂ ਤੇ ਸਮਾਪਤੀ ਸਮੇਂ ਅਰਦਾਸ ਕਰੇ। ਸਿੱਟਾ ਇਹ ਨਿਕਲਿਆ ਕਿ ਥੋੜ੍ਹੇ ਸਮੇਂ ਵਿਚ ਹੀ ਨਾਮਧਾਰੀਆਂ ਘਰੀਂ ਬਾਣੀ ਦੀਆਂ ਧੁੰਨਾਂ ਉੱਠਣ ਲੱਗੀਆਂ ਮਰਦ ਜ਼ਨਾਨੇ ਕਾਰ ਵਿਹਾਹ ਕਰਕੇ ਪਾਠ ਕਰਦੇ ਸਨ। ਅਜਬ ਨਜ਼ਾਰਾ ਸੀ! ਹੱਟੀ ਤੇ ਬੈਠਾ ਦੁਕਾਨਦਾਰ ਹਲ ਵਾਹੁੰਦਾ ਜ਼ਿਮੀਦਾਰ, ਗਾਢੀ ਤੋਰਦਾ ਵਾਹੁਕ, ਰਾਹ ਜਾਂਦਾ ਪਾਂਧੀ, ਦੁੱਧ ਰਿੜਕਦੀ ਸਵਾਣੀ, ਪ੍ਰਸ਼ਾਦੇ ਪਕਾਂਦੀ ਮਾਈ। ਸਭ ਪਾਠ ਕਰਦੇ ਸਨ ਪਰ ਵਾਹ ਕਲਿਮਾਈ। ਤੈਨੂੰ ਅਮਨ ਫੁਟੀ ਅੱਖੀਂ ਨਹੀਂ ਭਾਉਂਦਾ! ਤੂੰ ਸਦਾ ਸੇਹ ਤਕਲਾ ਖੜਾ ਰਖਣੀ ਏਂ। ਤੈਨੂੰ ਇੱਟ ਖੜਿਕਾ ਸਦਾ ਚੰਗਾ ਲੱਗਦਾ ਏ।

ਰਾਵਲਪਿੰਡੀ ਸ਼ਹਿਰ ਵਿਚ ਸ੍ਰ: ਆਤਮਾ ਸਿੰਘ ਸਪੁੱਤਰ ਰਾਏ ਬਹਾਦਰ ਸਿੰਘ, ਗੁਰੂ ਚਰਨਾਂ ਦਾ ਭੌਰਾ ਸਿਦਕੀ ਸਿੱਖ ਵਸਦਾ ਸੀ। ਗੁਰੂ ਚਰਨਾਂ ਤੋਂ ਤਨ, ਮਨ, ਧਨ ਵਾਰਨ ਵਾਲਾ ਸੀ। ਕੀਰਤਨ ਦਾ ਰਸੀਆ, ਪਲਿਉਂ ਪੈਸੇ ਖ਼ਰਚ ਕੇ, ਆਪਣੀ ਸਿੱਖਣੀ ਸਰਦਾਰਨੀ ਲੀਲਾਵੰਤੀ ਨੂੰ ਨਾਲ ਲੈ ਪਸ਼ੌਰ, ਕਰਾਚੀ, ਕਲਕੱਤਾ ਬੰਬਈ ਆਦਿ ਥਾਵਾਂ ਤੇ ਜਾਕੇ ਕੀਰਤਨ ਕਰਦਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਦੇਸ਼ ਦਾ ਪ੍ਰਚਾਰ ਕਰਦਾ। ਪੋਠੋਹਾਰੀ ਸਮਝਦੇ ਇਹ ਸਰਦਾਰ ਗੱਦੀ ਦਾ ਮਾਲਿਕ ਬਣੇਗਾ ਉਨ੍ਹਾਂ ਨੂੰ ਇਸਦੀ ਸੋਭਾ ਚੰਗੀ

Sri Satguru Jagjit Singh Ji eLibrary NamdhariElibrary@gmail.com

ਨਾ ਲੱਗੀ।

ਜਦ ਇਹ ਪਾਠ ਰਾਵਲਪਿੰਡੀ ਸ਼ਹਿਰ ਵਿਚ ਵੰਡੇ ਗਏ ਤਾਂ ਸਰਦਾਰ ਦੇ ਮੁਖਾਲਫਾਂ ਨੂੰ ਮੌਕਾ ਮਿਲ ਗਿਆ। ਉਨ੍ਹਾਂ ਇਹ ਰੌਲਾ ਪਾ ਦਿੱਤਾ ਕਿ ਕੂਕਿਆਂ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਖ਼ਤਮ ਕਰਨ ਖ਼ਾਤਰ ਇਹ ਸਭ ਕੁਝ ਕੀਤਾ ਹੈ। ਉਨ੍ਹਾਂ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਇਹ ਪਾਠ ਪ੍ਰਯੋਗ ਨੂੰ ਬੜਾ ਚਮਕਾਇਆ। ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਮੁਖਾਲਫਾਂ ਆਕਾਸ਼ ਨੂੰ ਸਿਰ ਤੇ ਚੁੱਕ ਲਿਆ। ਇਹ ਕਹਿ ਕਹਿ ਸਾਧਾਰਨ ਲੋਕਾਂ ਨੂੰ ਭੜਕਾਇਆ ਕਿ ਕੂਕਿਆਂ ਗ੍ਰੰਥ ਸਾਹਿਬ ਦਾ ਪਤਰਾ ਪਤਰਾ ਕਰਕੇ ਘੋਰ ਪਾਪਾ ਕੀਤਾ ਹੈ। ਗੁਰੂ ਦੀ ਦੇਹ ਦਾ ਅੰਗ ਅੰਗ ਤੋੜਿਆ ਹੈ। ਇਹ ਕਾਫਰ ਹਨ, ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਤੇ ਕਮੇਟੀ ਦੇ ਮੁਖੀਏ ਇਸ ਨੂੰ ਮਾੜਾ ਨਹੀਂ ਸਮਝਦੇ ਸਨ ਪਰ ਗੰਜੇ ਨੂੰ ਨੌਹ ਰੱਬ ਦੇਵੇ। ਉਨ੍ਹਾਂ ਰਾਈ ਦਾ ਪਹਾੜ ਬਣਾ ਦਿੱਤਾ, ਖੰਭਾਂ ਦੀਆਂ ਡਾਰਾਂ ਬਣਾਈਆਂ। ਅਨੰਦਪੁਰ ਸਾਹਿਬ ਦੇ ਕੁਝ ਨਿਹੰਗਾਂ ਇਹ ਗੁਪਤ-ਮਤਾ ਹੋਲੇ ਸਮੇਂ ਬਣਾਇਆਂ ਕਿ (ਸਤਿਗੁਰ) ਪ੍ਰਤਾਪ ਸਿੰਘ ਦਾ ਸਿਰ ਵੱਢ ਕੇ ਪ੍ਰਸ਼ਾਦਾ ਛੱਕਾਂਗੇ ਇਸ ਤਰ੍ਹਾਂ ਈਸ਼ਰ ਸਿੰਘ ਮਾਨੋਪੁਰ ਗਹੁ ਜ਼ਿਲ੍ਹਾਂ ਲੁਧਿਆਣਾ ਨੇ ਵੀ ਕਿਹਾ। ਪਰ ਜੇ ਪੱਲੇ ਹੋਵੇ ਸੱਚ ਤਾਂ ਕੋਠੇ ਚੜ੍ਹਕੇ ਨੱਚ! ਉਨ੍ਹਾਂ ਨੂੰ ਭੈ ਕਾਹਦਾ? ਜਿਨ੍ਹਾਂ ਦਾ ਮਨ ਪਵਿੱਤਰ ਹੋਵੇ, ਜਿਨ੍ਹਾਂ ਦਾ ਮਨ ਸਰਬ ਦਾ ਭਲਾ ਲੋਚਕ ਹੋਵੇ, ਜਿਹੜਾ ਸੰਸਾਰ ਤੇ ਸੁੱਖ ਤੇ ਸ਼ਾਂਤੀ ਦਾ ਚਾਹਵਾਨ ਹੋਵੇ, ਉਸ ਵਲ ਕਿਹੜਾ ਭੜੂਆ ਅੱਖ ਉਠਾ ਕੇ ਵੇਖ ਸਕਦਾ ਏ। ਉਨ੍ਹਾਂ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਇਹ ਸੋਲੇ ਆਨੇ ਸੱਚ ਏ। ਸਭ ਜਾਣਦੇ ਹਨ ਕਿ ਬਗ਼ਦਾਦ ਸ਼ਹਿਰ, ਗ਼ੈਰਾਂ ਦਾ ਦੇਸ਼, ਅਗਿਆਨੀ ਲੋਕਾਂ ਅਸਲੀਅਤ ਨੂੰ ਨਾ ਜਾਣਦਿਆਂ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੱਥਰ ਮਾਰਨ ਆ ਗਏ, ਪਰ ਅੱਗੇ ਸੱਚ ਸੀ। ਸਾਂਚ ਨੂੰ ਆਂਚ ਨਹੀਂ ਪੱਥਰ ਚੁੱਕੇ ਚੁਕਾਏ ਰਹਿ ਗਏ। ਬਾਹੀਆਂ ਜਾਮ ਹੋ ਗਈਆਂ ਹਿਲ ਨਾ ਸਕੀਆਂ। ਇਸੇ ਤਰ੍ਹਾਂ ਦੇਵਲੂਤ ਦੇ ਸਾਥੀ ਬੁਰੀ ਨੀਯਤ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਵਲ ਆਏ, ਪਰ ਗੁਰੂ ਜੀ ਵਲ ਪੈਰ ਨਾ ਪੁੱਟ ਸਕੇ, ਅੱਖਾਂ ਦੀ ਜੋਤ ਖਿੱਚੀ ਗਈ ਦਿਨ ਦੀਵੀਂ ਅੰਨ੍ਹੇਰਾ ਪਸਰ ਗਿਆ। ਸ਼ਾਂਤੀ ਸਰੂਪ ਗੁਰੂ ਅਰਜਨ ਦੇਵ ਜੀ ਤੇ ਪ੍ਰਿਥੀ ਚੰਦ ਦਾ ਉਕਸਾਇਆ ਤੇ ਬਹਿਕਾਇਆ ਸੁਲਹੀ ਖ਼ਾਂ ਚਲਕੇ ਆਇਆ, ਪਰ ਨਤੀਜਾ?

**ਸੁਲਹੀ ਹੋਇ ਮੂਆ ਨਾਪਾਕ।**
**ਭਾਂਬੜਾਂ ਵਿਚ ਤੜਪ ਤੜਪ ਜਾਨ ਗਵਾਈ।**

ਤਿਵੇਂ ਕੁਝ ਭੁਲੜ ਨਿਹੰਗ ਟੱਟੂਆਂ ਤੇ ਸਵਾਰ ਹੋ, ਬਰਛੇ ਢਾਲਿਆਂ ਨਾਲ ਤਿਆਰ ਹੋ, ਸ੍ਰੀ ਭੈਣੀ ਸਾਹਿਬ ਵਲ ਕੂਚ ਕੀਤਾ ਜੈਕਾਰੇ ਛੱਡਦੇ ਵਾਹੋਦਾਹੀ ਆਏ। ਚਮਕੌਰ ਸਾਹਿਬ ਦੇ ਲਾਗੇ ਡਹਿਰ ਮੁੰਡੀਆਂ ਜ਼ਿਲ੍ਹਾਂ ਅੰਬਾਲਾ (ਰੋਪੜ)

Sri Satguru Jagjit Singh Ji eLibrary NamdhariElibrary@gmail.com

ਆ ਡੇਰਾ ਕੀਤਾ। ਇਹ ਪਿੰਡ ਮੁਸਲਮਾਨਾਂ ਦਾ ਸੀ। ਇਹ ਘਨਟਾ ਸੰਨ 40-41 ਦੀ ਏ। ਨਿਹੰਗਾਂ ਟੱਟੂਆਂ ! ਖੇਤਾਂ ਵਿਚ ਛੱਡ ਦਿੱਤਾ। ਗ਼ਰੀਬ ਆਜੜੀਆਂ ਦੇ ਬੱਕਰੇ ਛਤਰੇ ਝਟਕਾਣੇ ਸ਼ੁਰੂ ਕਰ ਦਿੱਤੇ। ਇਕ ਮੁਸਲਮਾਨੀ ਨਗਰ ਦੂਜਾ ਬਿਨਾਂ ਦਾਸੀਂ ਛੇਲੇ ਛੇਲੀਆਂ ਦਾ ਝਟਕਾਣਾ ਅਰੰਭ ਦਿੱਤਾ। ਸਾਰਾ ਪਿੰਡ ਇਕੱਠਾ ਹੋ ਗਿਆ। ਇਨ੍ਹਾਂ ਭੂਤਰਿਆਂ ਨੇ ਉਨ੍ਹਾਂ ਨੂੰ ਵੀ ਅੱਖਾਂ ਵਖਾਈਆਂ! ਪਰ ਉਨ੍ਹਾਂ ਕਿਹੜੀਆਂ ਵੰਙਾਂ ਪਾਈਆਂ ਸਨ। ਦੋਹਾਂ ਪਾਸਿਆਂ ਵਲੋਂ ਜਮਕੇ ਲੜਾਈ ਹੋਈ। ਮੁਸਲਮਾਨਾਂ ਨਿਹੰਗਾਂ ਨੂੰ ਧਰਤੀ ਉੱਤੇ ਵਛਾ ਦਿਤਾ ਕਈਆਂ ਨੇ ਮੌਕਿਆਂ ਤੇ ਪ੍ਰਾਣ ਤਿਆਗ ਦਿਤੇ। ਥਾਣੇ ਵਾਲਿਆਂ ਵੀ ਨਿਹੰਗਾਂ ਦੇ ਵਿਰੁੱਧ ਚਾਲਾਨ ਦਰਜ਼ ਕਰ ਦਿੱਤਾ। ਪਿੰਡ ਵਾਲਿਆਂ ਲਾਸ਼ਾਂ ਨਹਿਰ ਵਿਚ ਰੋੜ ਦਿੱਤੀਆਂ। ਬਚੇ ਖੁਚੇ ਕਚਹਿਰੀਆਂ ਵਿਚ ਰੁਲੇ ਪਾਪੀ ਕੁੱਤੇ ਦੀ ਮੌਤ ਮਰੇ ਤੇ ਖੱਜਲ ਖਰਾਬੀ ਵੱਖਰੀ।

ਗੱਲ ਇੱਥੇ ਮੁਕਦੀ ਨਹੀਂ। ਅੰਗਰੇਜ਼ ਦੀ ਸ਼ਹਿ ਤੇ ਹੋਰ ਕਈ ਭੂਤਰੇ ਫਿਰਦੇ ਸਨ। ਇਨ੍ਹਾਂ ਵਿੱਚੋਂ ਇਕ ਮਾਨੋਪੁਰ ਗਹੁ ਪਿੰਡ ਜ਼ਿਲ੍ਹਾ ਲੁਧਿਆਣੇ ਦਾ ਈਸ਼ਰ ਸਿੰਘ ਸਰਦਾਰ ਸੀ। ਫੂੰ ਫੂੰ ਕਰਦਾ ਫਿਰੇ ਮੈਂ ਇਹ ਕਰ ਦਿਆਂਗਾ, ਮੈਂ ਔਹ ਕਰ ਦਿਆਂਗਾ। ਉਸ ਪਹਿਲਾਂ ਅਕਾਲੀ ਸਿੰਘਾਂ ਨੂੰ ਪਿੰਡ ਵਿਚ ਦੀਵਾਨ ਦਾ ਐਲਾਨ ਕੀਤਾ ਨਾਮਧਾਰੀ ਸਿੰਘਾਂ ਵੀ ਸਧਾਰਣ ਲੋਕਾਂ ਨੂੰ ਅਸਲ ਗੱਲ ਦੱਸਣ ਵਾਸਤੇ ਸੂਚਨਾ ਦਿੱਤੀ। ਸੰਤ ਮਿਹਰ ਸਿੰਘ, ਸਿਆੜ ਦੇ ਧੜੱਲੇਦਾਰ ਪ੍ਰਚਾਰਕ ਹਨ। ਉਹ ਦੇਹਧਾਰੀ ਗੁਰੂ ਦੇ ਸੰਬੰਧ ਵਿਚ ਭਾਵਪੂਰਤ ਵਖਿਆਨ ਕਰ ਸਕਦੇ ਹਨ। ਉਨ੍ਹਾਂ ਦੀ ਰਸਨਾ ਵਿਚ ਵੀ ਜਾਦੂ ਹੈ। ਸ੍ਰੋਤੇ ਬੁੱਤ ਬਣਕੇ ਸੁਣਦੇ ਹਨ ਉਹ ਵੀ ਜਥੇ ਸਮੇਤ ਮੋਨੋਪੁਰ ਗਹੁ ਪੁੱਜ ਗਏ। ਇਕ ਪਾਸੇ ਕਾਲੀਆਂ ਪੱਗਾਂ ਨਜ਼ਰੀਂ ਆ ਰਹੀਆਂ ਸਨ, ਦੂਜੇ ਪਾਸੇ ਚਿੱਟੀਆਂ ਦਸਤਾਰਾਂ ਦਾ ਸਾਗਰ ਠਾਠਾਂ ਮਾਰ ਰਿਹਾ ਸੀ। ਅਮਨ ਕਾਇਮ ਰੱਖਣ ਦੇ ਬਹਾਨੇ ਪੁਲਿਸ ਵਾਲੇ ਤਮਾਸ਼ਬੀਨਾਂ ਵਾਂਗੂ ਹਰਲ ਹਰਲ ਕਰਦੇ ਫਿਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਕੁਝ ਸਿੰਘਾਂ ਸਮੇਤ ਗਹੁ ਪਿੰਡ ਪਧਾਰੇ ਤੇ ਬਚਨ ਕੀਤਾ ਮੈਂ ਅਕਾਲੀ ਭਰਾਵਾਂ ਦੇ ਦੀਵਾਨ ਵਿਚ ਜਾਵਾਂਗਾ। ਜੋ ਅਕਾਲ ਪੁਰਖ ਕਰੇਗਾ ਸਭ ਭਲਾ ਹੋਵੇਗਾ। ਭਾਈ ਵਜ਼ੀਰ ਸਿੰਘ, ਮੁਹਕਮ ਸਿੰਘ, ਰਤਨ ਸਿੰਘ ਤੇ ਹੋਰ ਸਜਣ ਹੁਕਮ ਮੰਨ ਕਾਰ ਕੋਲ ਰੁੱਕ ਗਏ। ਕਿਸੇ ਸਿੰਘ ਨੇ ਈਸ਼ਰ ਸਿੰਘ ਨੂੰ ਜਾ ਸੁਨੇਹਾ ਸੁਣਾਇਆ ਕਿ ਮਹਾਰਾਜ ਪ੍ਰਤਾਪ ਸਿੰਘ ਆਪ ਦੀਵਾਨ ਵਿਚ ਆ ਗਏ ਹਨ। ਇਹ ਸੁਣਦਿਆਂ ਸਾਰ, ਈਸ਼ਰ ਸਿੰਘ ਦਾ ਸਿਰ ਧਰਤੀ ਨਾਲ ਜਾ ਲੱਗਾ। ਅੱਖਾਂ ਤਾੜੇ ਲੱਗ ਗਈਆਂ, ਦੰਦਲ ਪੈ ਗਈ ਕੋਲ ਖੜੇ ਸੇਵਕਾਂ ਨੇ, ਮੂੰਹ ਖੋਲ੍ਹ ਪਾਣੀ ਪਾਣ ਦਾ ਜਤਨ ਕੀਤਾ, ਪਰ ਉਸਦੀ ਜਬਾਨ ਹੱਟਦੀ ਹੱਟਦੀ ਹੱਟ ਗਈ ਨਬਜ਼ ਬੰਦ ਹੋ ਗਈ। ਘਰ ਵਿਚ ਕੁਰਲਾਹਟ ਮੱਚ ਗਿਆ। ਇਹ ਖ਼ਬਰ ਦੋਹਾਂ ਦੀਵਾਨਾਂ ਵਿਚ ਪੁੱਜ ਗਈ। ਕਾਲੀਆਂ ਪੱਗਾਂ ਵਾਲੇ ਪਾਸੇ ਦੇ ਦੀਵਾਨ ਵਿਚ ਢੋਲਕ, ਛੈਣੇ

Sri Satguru Jagjit Singh Ji eLibrary NamdhariElibrary@gmail.com

ਤੇ ਚਿਮਟਿਆਂ ਨੂੰ ਗਸ਼ੀ ਆ ਗਈ। ਸਭਨਾਂ ਚੁੱਪ ਵਟ ਲਈ। ਦੂਜੇ ਪਾਸੇ ਜੈਕਾਰੇ ਤੇ ਜੈਕਾਰੇ ਗੂੰਜਣ ਲੱਗਾ। ਸਤਿਜੁਗੀ ਸੰਗਤ ਜਥੇਦਾਰ ਮਿਹਰ ਸਿੰਘ ਦੇ ਦੀਵਾਨ ਵਿਚ ਬੜੇ ਜੋਸ਼ ਨਾਲ ਗਾ ਰਹੀ ਸੀ:-

**ਉਨ੍ਹਾਂ ਨੂੰ ਮਾਰਨ ਵਾਲਾ ਕੌਣ,**
**ਜਿਨ੍ਹਾਂ ਦਾ ਸਤਿਗੁਰ ਰਾਖਾ ਏ।**

ਹੁਣ ਸੱਚੇ ਪਾਤਸ਼ਾਹ ਨਾਮਧਾਰੀ ਦੀਵਾਨ ਵਿਚ ਆਏ। ਸੰਗਤਾਂ ਦਾ ਜੋਸ਼ ਉਮਾਹ ਠਲਿਆ ਨਹੀਂ ਸੀ ਜਾਂਦਾ ਸੱਚੇ ਪਾਤਸ਼ਾਹ ਨੇ ਸਭਨਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ ਤੇ ਇਹ ਵੀ ਕਿਹਾ, ਕਿਸੇ ਦਾ ਬੁਰਾ ਨਾ ਚਿਤੋ ਉਹ ਵੀ ਸਾਡੇ ਭਰਾ ਹਨ। ਸਭ ਦੇ ਭਲੇ ਲਈ ਅਰਦਾਸ ਕਰੋ। ਤੁਹਾਡੀ ਅਰਦਾਸ ਹੈ:-

**ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।**

**ਸੰਤ ਬਿਧੀ ਸਿੰਘ**
ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

# ਸ੍ਰੀ ਭੈਣੀ ਸਾਹਿਬ ਦੀ ਉਧਾਰਤਾ

ਰਤਨ ਸਿੰਘ ਬੱਬਰ, ਅੰਡੇਮਾਨ ਕਰਮਚਾਰੀਆਂ ਦੀਆਂ ਅੱਖਾਂ ਵਿਚ ਘੱਟਾ ਪਾ, ਭਾਰਤ ਆ ਗਿਆ। ਗੋਰੀ ਸਰਕਾਰ ਨੂੰ ਵਖ਼ਤ ਪੈ ਗਿਆ। ਸਭ ਪਾਸੀਂ ਤਾਰਾਂ ਖੜਕ ਗਈਆਂ। ਦੇਸ਼ਭਗਤਾਂ ਦੇ ਘਰੀਂ ਘਿਓ ਦੇ ਦੀਵੇ ਜੱਗੇ ਤੇ ਟਾਊਟਾਂ ਘਰੀਂ 'ਮਾਤਮੀ' ਸਫਾ ਵਿੱਛ ਗਈਆਂ, ਪਰ ਸ਼ੇਰ ਕਲਕਤਿਉਂ ਉਤਰਦਿਆਂ ਕਾਬੂ ਆ ਗਿਆ। ਉਸ ਨੂੰ ਕੜੀਆਂ ਬੇੜੀਆਂ ਨਾਲ ਪੰਜਾਬ ਲਿਆ ਰਹੇ ਸਨ, ਕਿ ਜੀਂਦ ਪੁੱਜੇ ਤਾਂ ਪੁਲਸੀਆਂ ਦੀ ਅੱਖ ਬਚਾ ਕੇ ਚੱਲਦੀ ਗੱਡੀ ਵਿੱਚੋਂ ਛਾਲ ਮਾਰ ਗਿਆ। ਸਰਕਾਰ ਨੇ ਐਲਾਨ ਕੀਤਾ ਕਿ ਜਿਹੜਾ ਰਤਨ ਸਿੰਘ ਨੂੰ ਫੜੇ ਜਾਂ ਪਤਾ ਦੇਵੇ, ਉਸਨੂੰ ਦੋ ਮੁਰਬੇ ਇਨਾਮ ਦਿੱਤਾ ਜਾਵੇਗਾ। ਟੋਡੀਆਂ, ਤੇ ਦੇਸ਼ ਧਰੋਹੀਆਂ ਕੰਨ ਚੁੱਕ ਲਏ। ਪੁਲਿਸ ਨੂੰ ਸੂਹ ਮਿਲੀ ਕਿ ਰਤਨ ਸਿੰਘ ਥੋੜ੍ਹੇ ਦਿਨਾਂ ਨੂੰ ਨਹਿਰ ਸਰਹਿੰਦ ਪਾਰ ਕਰੇਗਾ। ਪੁੱਲਾਂ ਦੇ ਆਲੇ ਦੁਆਲੇ ਪੁਲਿਸ ਦੇ ਪਹਿਰੇ ਕਾਇਮ ਹੋ ਗਏ। ਇਕ ਪ੍ਰਕਾਰ ਦੀ ਪੰਜਾਬ ਵਿਚ ਖਲਬਲੀ ਮੱਚ ਗਈ। ਰੋਪੜ ਤੋਂ ਲੈ ਕੇ ਲੁਧਿਆਣੇ ਤਕ ਬੁਰਜੀ ਬੁਰਜੀ ਨਾਲ ਪੁਲਿਸ ਦੇ ਹਮੈਤੀ। ਨੰਬਰਦਾਰ ਤੇ ਸਫ਼ੈਦਪੋਸ਼ ਤੇ ਉਨ੍ਹਾਂ ਦੇ ਹੋਰ ਯਾਰ ਬੇਲੀ ਡਟ ਗਏ ਪਰ ਦਿਨ ਡੋਬੂ ਖਾਏ। ਮਰਦਾਂ ਦੇ ਕਈ ਹੱਥ।

ਰਤਨ ਸਿੰਘ ਮਜ਼ੂਰਾਂ ਦਾ ਲਿਬਾਸ ਧਾਰਨ ਕਰ ਲਿਆ। ਨਹਿਰ ਲਾਗਿਉਂ ਢੀਂਗਰ ਇਕੱਠੇ ਕੀਤੇ। ਬੰਦੂਕ ਉਨ੍ਹਾਂ ਵਿਚ ਲੁਕਾਈ ਸਿਰ ਤੇ ਢੀਂਗਰ ਚੁੱਕ, ਟੋਲੀਆਂ ਚਾਦਰੇ ਵਿਚ ਲਪੇਟ ਪੁੱਲ ਪਾਰ ਕਰ ਲਿਆ। ਜਦੋਂ ਨਹਿਰ ਪਾਰ ਕੀਤੀ ਤਾਂ ਪੰਡ ਸਿਰੋਂ ਲਾਹ, ਰਫਲ ਕੱਢੀ, ਕਾਰਤੂਸ ਭਰੇ ਤੇ ਲਲਕਾਰਾ ਮਾਰਿਆ, ਜਵਾਈ ਚਲਿਆ ਜੇ ਆਵੇ ਕੋਈ ਮਾਈ ਦਾ ਲਾਲ। 'ਪਿੰਡਾਂ ਦੀ ਧਾੜ, ਕੁਝ ਲਾਲਚ, ਕੁਝ ਘੂਟ ਚੱਟੂ, ਲੱਗੇ ਝਾੜੀ ਝਾੜੀ ਢੂੰਡਣ। ਅੰਨ੍ਹੇ ਕੁੱਤੇ ਹਰਨਾਂ ਦੇ ਸ਼ਿਕਾਰੀ ਸੱਪ ਨਿਕਲ ਗਿਆ ਲਕੀਰ ਨੂੰ ਪਿੱਟੀ ਜਾਣ। ਪਰ ਉਹ ਸੂਰਮਾ ਵੀ ਜਾਨ ਤਲੀ ਤੇ ਧਰੀ ਫਿਰਦਾ ਸੀ, ਲਾਗੇ ਜਾਣ ਦਾ ਕਿਸੇ ਨੂੰ ਹੀਆ ਨਾ ਪਵੇ। ਇਕ ਥਾਣੇਦਾਰ ਨੇ ਸ਼ੇਰ ਵੱਲ ਤਕਿਆ। ਰਤਨ ਨੇ ਰਫਲ ਸੰਭਾਲੀ ਤੇ ਨਿਸ਼ਾਨਾ ਬੰਨ੍ਹਿਆ, ਪਰ ਪੁਲਸੀਆ ਲੇਟ ਗਿਆ ਤੇ ਧੜ ਦਾ ਮੁੜਕਾ ਛੁੱਟ ਗਿਆ। ਪਿੰਡਾਂ ਵਾਲੇ ਰਤਨ ਸਿੰਘ ਨੂੰ ਡਾਊਨ ਨਾਲੋਂ ਵੀ ਵਧੇਰੇ ਖ਼ਤਰਨਾਕ ਸਮਝਦੇ ਸਨ। ਉਹ ਜਾਣਦੇ ਸਨ ਕਿ ਜੇ ਘੜੀ ਪਲ ਰਤਨ ਰੁੱਕ ਗਿਆ ਤਾਂ ਅੰਗਰੇਜ਼ ਦਾ ਜੂਲਾ ਉਨ੍ਹਾਂ ਤੇ ਛੁੱਟੇਗਾ। ਰਤਨ ਨੇ ਕਈ ਦਿਨਾਂ ਤੋਂ ਕੁਝ ਖਾਧਾ ਪੀਤਾ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ, ਹੁਣ ਉਹ ਸ੍ਰੀ ਭਣੀ ਸਾਹਿਬ ਵਲ ਵਧਿਆ। ਉਹ ਜਾਣਦਾ ਸੀ ਕਿ ਇਹ ਦੇਸ਼ ਭਗਤਾਂ ਵਾਸਤੇ ਪਨਾਹ ਹੈ। ਇੱਥੇ ਵਤਨ ਦੇ ਪੁਜਾਰੀ ਵਸਦੇ ਹਨ। ਇੱਥੇ ਸਵੈਤੰਤਰਤਾ ਦੇ ਸੂਰਜ ਨੇ ਆਪਣੀ ਹੱਥੀਂ ਦਸਾਂ ਨਵਾਂ ਦੀ ਕਿਰਤ ਕਰਕੇ ਲੰਗਰ ਲਾਇਆ ਸੀ। ਮਾਤਾ ਜੀਉਣ ਕੌਰ ਨੇ ਲੰਗਰ ਕਾਰਨ ਧੁੰਮਾਂ ਪਾਈਆਂ ਹੋਈਆਂ ਹਨ। ਇਸਦੀਆਂ ਖੁਸ਼ਬੋਈਆਂ ਕਾਬਲ ਤੇ ਕੰਧਾਰ ਤੱਕ ਫੈਲੀਆਂ ਹੋਈਆਂ ਹਨ। ਜੇ ਘੜੀ ਟਿਕ ਸਕਦਾ ਹਾਂ ਤਾਂ ਇੱਥੇ। ਹੋਰ ਥਾਂ ਕਿਤੇ ਨਹੀਂ। ਇਨ੍ਹਾਂ ਖ਼ਿਆਲਾਂ ਨਾਲ ਉਹ ਸ੍ਰੀ ਭੈਣੀ ਸਾਹਿਬ ਪੁੱਜਣਾ ਚਾਹੁੰਦਾ ਸੀ ਇਨ੍ਹਾਂ ਖ਼ਿਆਲਾਂ ਨਾਲ ਇਸ ਪਵਿੱਤਰ ਧਰਤੀ ਵਲ ਆਇਆ। ਹੀਰਾਂ, ਭਾਗ ਪੁਰ, ਗਈਆਂ ਤੇ ਹੋਰ ਮੁਲਖੀਆ ਟਿੱਡੀ ਦਲ ਵਾਂਗੂੰ ਮਗਰ ਲੱਗਾ ਫਿਰਦਾ ਸੀ। ਪੁਲਿਸ ਵੀ ਸ੍ਰੀ ਭੈਣੀ ਸਾਹਿਬ ਦੁਆਲੇ ਚੌਕਸ ਸੀ। ਉਨ੍ਹੀਂ ਦਿਨੀਂ ਗੁਰਮੁਖ ਸਿੰਘ ਝਬਰ ਦੀ ਜਥੇਦਾਰੀ ਸੀ। ਉਹ ਵੀ ਜਾਣਦਾ ਸੀ ਕਿ ਰਤਨ ਸਿੰਘ ਸ੍ਰੀ ਭੈਣੀ ਸਾਹਿਬ ਆਵੇਗਾ। ਓਧਰ ਪੁਲਿਸ ਵਾਲਿਆਂ ਨੂੰ ਹੁੰਗਾਰਾ ਭਰਦਾ ਸੀ। ਇਧਰ ਉਸਦੀ ਜਾਨ ਦੀ ਰਾਖੀ ਦਾ ਸਵਾਲ ਸੀ।

ਬੱਬਰ ਡੇਰੇ ਆਇਆ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਾਗ਼ ਵਾਲੀ ਕੋਠੀ ਵੱਲ ਚਲਾ ਗਿਆ। ਮਾਤਾ ਜੀ ਨੇ ਜਲ ਪ੍ਰਸ਼ਾਦ ਦਾ ਪ੍ਰਬੰਧ ਕਰ ਰਖਿਆ ਸੀ। ਸਮੇਂ ਦੇ ਸਤਿਗੁਰ ਉਸ ਵੇਲੇ ਦੇ ਬਾਬਾ ਬੇਅੰਤ ਜੀ ਉੱਥੇ ਸਨ। ਉੱਥੇ ਪੁੱਜਦਿਆਂ ਈ ਬੱਬਰ ਚਰਨਾਂ ਤੇ ਮੱਥਾ ਟੇਕਿਆ। ਜਥੇਦਾਰ ਪਹਿਲਾਂ ਗਰਮ ਗਰਮ ਦੁੱਧ ਪਿਲਾਇਆ ਤੇ ਮੁੜ ਦਾਲੇ ਵਿਚ ਤਰਦੇ ਘਿਓ ਨਾਲ ਪ੍ਰਸ਼ਾਦਾ। ਪਰ ਉਸ ਸਮੇਂ ਖਾਣਾ ਕਿੰਨਾ ਕੁ ਸੀ। ਮਾਤਾ ਜੀ ਨੂੰ ਨਮਸਕਾਰ ਕਰ ਕੋਠੀ ਦੇ ਪਿਛਲੇ ਪਾਸਿਉਂ ਦੀ ਨਿਕਲਿਆ। ਸੰਤ ਬਹਾਦੁਰ ਸਿੰਘ ਭਜਨ ਕਰ ਰਹੇ ਸਨ। ਉਨ੍ਹਾਂ ਕਿਹਾ ਸਿੰਘਾ ਪੱਗ ਢੱਕ ਲੈ। ਸ਼ਿਕਾਰੀ ਪਿੱਛੇ ਲੱਗੇ ਫਿਰਦੇ ਹਨ। ਇਕ ਪੁਲਸੀਏ ਨੇ ਘੋੜੀ ਤੇ ਚੜ੍ਹਿਆਂ ਲਾਭ ਸਿੰਘ ਘੋੜਿਆਂ ਵਾਲਿਆਂ ਪਾਸਿਉਂ ਪੁੱਛ ਗਿੱਛ ਕੀਤੀ। ਉਸ ਕਿਹਾ ਇਕ ਓਪਰਾ ਆਦਮੀ, ਮਧਰੇ ਕੱਦ ਦਾ ਹੁਣੇ ਹੁਣੇ ਪ੍ਰਸ਼ਾਦਾ ਛੱਕ ਕੇ ਲਾਟੋ ਨੂੰ ਗਿਆ ਏ, ਉਹ ਧਾੜ ਓਧਰ ਨਿਕਲ ਗਈ। ਸਰੋਵਰ ਦੇ ਲਾਗੇ ਇਕ ਟੋਡੀ ਨੇ ਰੌਲਾ ਪਾਇਆ ਡਾਕੂ, ਡਾਕੂ, ਡਾਕੂ, ਗੁਰਮੁਖ ਸਿੰਘ ਉਸ ਨੂੰ ਜਾ ਦਬੋਚਿਆ, ਇਤਨੇ ਨੂੰ ਸ਼ੇਰ ਦੂਰ ਨਿਕਲ ਗਿਆ, ਰੌਲਾ ਪਾਣ ਵਾਲੇ ਜਵਾਨ ਕੋਲ ਜਦ ਪੁਲਸੀਏ ਪਹੁੰਚੇ ਤਾਂ ਝਬਰ ਕਿਹਾ, ਅਸਾਂ ਇਸਨੂੰ ਬੱਬਰ ਜਾਣਿਆ 'ਸਾਨੂੰ ਕੀ ਪਤਾ ਕਿਹੜਾ ਰਤਨ ਸਿੰਘ ਤੇ ਕਿਹੜਾ ਡਾਕੂ। ਉਸਦੇ ਮੱਥੇ ਤੇ ਲਿਖਿਆ ਨਹੀਂ ਸੀ। ਇੱਥੇ ਕਈ ਮੁਸਾਫ਼ਰ ਆਉਂਦੇ ਹਨ, ਪ੍ਰਸ਼ਾਦਾ ਛੱਕ ਰਾਹੇ ਪੈਂਦੇ ਹਨ। ਅਸੀਂ ਨਹੀਂ ਪੁੱਛਦੇ ਤੂੰ ਕਿੱਥੋਂ ਆਇਆ ਏਂ ਤੇ ਕਿੱਥੇ ਜਾਣਾ ਈਂ। ਇਹ ਭੱਜਾ ਜਾ ਰਿਹਾ ਸੀ, ਅਸੀਂ ਡਾਕੂ ਜਾਣ ਭੱਜੇ ਜਾਂਦੇ ਨੂੰ ਫੜਿਆ, ਤੁਸੀਂ ਜਾਣੋ ਤੇ ਤੁਹਾਡਾ ਕੰਮ!' ਖ਼ੈਰ ਸ੍ਰੀ ਭੈਣੀ ਸਾਹਿਬੋਂ ਅਮਨ ਅਮਾਨ ਨਾਲ ਨਿਕਲ ਗਿਆ। ਅੱਗੇ ਫਲ੍ਹੇ ਚੱਲ ਰਹੇ ਸਨ। ਉਨ੍ਹਾਂ ਸ਼ੋਰ ਮਚਾਣ

Sri Satguru Jagjit Singh Ji eLibrary NamdhariElibrary@gmail.com

ਦੀ ਕੋਸ਼ਿਸ਼ ਕੀਤੀ, ਪਰ ਰਤਨ ਸਿੰਘ ਇਹ ਕਹਿ ਚੁੱਪ ਕਰਾ ਦਿੱਤਾ ਕਿ ਮੇਰਾ ਤੁਹਾਡਾ ਕੋਈ ਵਾਸਤਾ ਨਹੀਂ, ਤੁਸੀਂ ਖਾਹ ਮਖਾਹ ਵਿਚ ਨਾ ਆਵੋ। ਇਹ ਕਹਿ ਅੱਗੇ ਚਲਾ ਗਿਆ।

ਅੱਗੇ ਨੂਮ ਦਾ ਨੰਬਰਦਾਸ ਤੇ ਪੁਲਸੀਏ ਰਾਹ ਰੋਕੀ ਖੜੇ ਸਨ, ਰਤਨ ਸਿੰਘ ਟਿੱਬੀ ਦੀ ਓਟ ਲੈ ਲਈ। ਨੂਮ ਦਾ ਇਕ ਗੱਭਰੂ ਇਹ ਕਹਿੰਦਾ ਅੱਗੇ ਵਧਿਆ ਕਿ ਇਹ ਸਿਖੜਾ ਖਾ ਜਾਵੇਗਾ? ਹਵਲਦਾਰ ਨਾਲ ਸੀ ਰਤਨ ਸਿੰਘ ਤਾੜ ਗਿਆ ਕਿ ਇਨ੍ਹਾਂ ਦੀ ਨੀਯਤ ਠੀਕ ਨਹੀਂ, ਬੱਬਰ ਨੇ ਸ਼ਿਸ਼ਤਬੰਨੀ ਤੇ ਗੋਲੀ ਦਾਗ਼ੀ, ਪੁਲਸੀਆ ਤੇ ਲੇਟ ਗਿਆ, ਪਰ ਗਭਰੋਟਾ ਅੱਲਾ ਨੂੰ ਪਿਆਰਾ ਹੋ ਗਿਆ, ਰਤਨ ਦਾ ਕਿਸੇ ਪਿੱਛਾ ਕੀ ਕਰਨਾ ਸੀ, ਮਾਂਗਵੀ ਧਾੜ, ਸਿਰ ਤੇ ਪੈਰ ਰੱਖ ਰਫੂ ਚੱਕਰ ਹੋ ਗਈ, ਕੁਝ ਘਾਇਲ ਨੂੰ ਸਾਂਭਣ ਲੱਗ ਪਏ। ਰਤਨ ਸਿੰਘ ਸ੍ਰੀ ਭੈਣੀ ਸਾਹਿਬ ਨਮਸਕਾਰਾਂ ਕਰਦਾ ਦੂਰ ਨਿਕਲ ਗਿਆ।

ਕੁਝ ਸਮੇਂ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਘੋੜਿਆਂ ਦੀ ਰੇਸ ਵੇਖਣ ਗਏ। ਤੇ ਪੰਜਾਬ ਦੇ ਕੁਝ ਅਫ਼ਸਰਾਂ ਰਤਨ ਸਿੰਘ ਦੀ ਸ੍ਰੀ ਭੈਣੀ ਸਾਹਿਬ ਦੀ ਆਮਦ ਬਾਰੇ ਗੱਲ ਛੇੜੀ ਕਿ 'ਮਹਾਰਾਜ ਜੀ! ਰਤਨ ਸਿੰਘ ਸ੍ਰੀ ਭੈਣੀ ਸਾਹਿਬ ਗਿਆ?' ਹਾਂ ਗਿਆ ਸੀ, 'ਉਹ ਤਾਂ ਇਸ਼ਤਿਹਾਰੀ ਮੁਜਰਮ ਸੀ।' 'ਹੋਵੇਗਾ' 'ਪਰ ਮੁਜਰਮ ਦੀ ਸਹਾਇਤਾ ਕਰਨੀ ਜੁਰਮ ਹੈ।' 'ਸ੍ਰੀ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਦਾ ਲੰਗਰ ਹੈ, ਹਿੰਦੂ ਆਵੇ, ਮੁਸਲਮਾਨ ਆਵੇ, ਚੋਰ ਆਵੇ, ਡਾਕੂ ਆਵੇ, ਪ੍ਰਸ਼ਾਦਾ ਸਭ ਨੂੰ ਮਿਲਦਾ ਹੈ। ਅਸੀਂ ਕਿਸੇ ਦਾ ਅੱਗਾ ਪਿੱਛਾ ਨਹੀਂ ਪੁੱਛਦੇ। ਉਹ ਪ੍ਰਸ਼ਾਦਾ ਛੱਕ ਆਪਣੇ ਰਾਹ, ਅਸੀਂ ਆਪਣੀ ਸੇਵਾ ਲਗਦੇ ਹਾਂ।"

**ਗੁਰਮੁਖ ਸਿੰਘ 'ਝਬਰ'**
ਲਾਭ ਸਿੰਘ ਘੋੜਿਆਂ ਦਾ ਸੇਵਾਦਾਰ

Sri Satguru Jagjit Singh Ji eLibrary NamdhariElibrary@gmail.com

# ਚਰਨ ਗੁਰੂ

ਟਨ, ਟਨ, ਟਨ, ਪਕੜੋ, ਪਕੜੋ, ਪਕੜੋ, ਕੈਦੀ ਭਾਗ ਗਿਆ, ਕੈਦੀ ਭਾਗ ਗਿਆ, ਕੈਦੀ ਭਾਗ ਗਿਆ'' ਅਲਾਰਮ ਹੋਣ ਦੀ ਦੇਰ ਸੀ ਜੇਲ੍ਹ ਵਿਚ ਇਕ ਦਮ ਭਗਦੜ ਮੱਚ ਗਈ। ਜੇਲ੍ਹਰ ਵਾਰਡਰ, ਪਹਿਰੇਦਾਰ, ਸਭ ਪਿਆਰਾ ਸਿੰਘ ਦੀ ਬੈਰਕ ਵੱਲ ਭੱਜੇ ਆਉਂਦੇ ਸਨ। ਸੰਤਰੀ ਚੌਕਸ ਹੋ ਗਏ। ਸੁਪਰਿਟੈਂਡੈਂਟ ਨੇ ਸਭ ਪੁਲਸੀਏ ਜੇਲ੍ਹ ਦੇ ਦੁਆਲੇ ਖੜ੍ਹੇ ਕਰ ਦਿੱਤੇ। ਕੁਝ ਜੇਲ੍ਹ ਦੀਆਂ ਛੱਤਾਂ ਤੇ ਚੜ੍ਹਾ ਦਿੱਤੇ। ਮੁੱਖ ਕਰਮਚਾਰੀ ਆਇਆ ਤੇ ਪੁਣ ਛਾਣ ਕਰਨ ਲੱਗਾ?

"ਕਿਆ ਮਾਜਰਾ ਹੈ?"

"ਹਜ਼ੂਰ, ਪਿਆਰਾ ਸਿੰਘ, ਪੁੱਤਰ ਨਿਹਾਲ ਸਿੰਘ ਮਾਤਾ ਸੰਤ ਕੌਰ ਵਰਨ, ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਦਰਵਾਜ਼ਾ ਤੋੜ ਰਹਾ ਥਾ। ਬੜਾ ਜ਼ੋਰ ਕਾ ਖੜਕਾ ਹੂਆ। ਇਸਕੀ ਬੈਰਕ ਕੇ ਸਾਹਮਣੇ ਕੁਝ ਸਫ਼ੈਦ ਸਫ਼ੈਦ ਕੱਪੜੇ ਵਾਲੇ ਬਾਤੇਂ ਕਰਤੇ ਦਿਖਾਈ ਦੀਏ। "ਲੇਕਨ!" "ਲੇਕਨ ਕਿਆ?"

"ਹਜ਼ੂਰ ਯਹੀ ਤੋ ਸਮਝ ਨਹੀਂ ਆ ਰਹੀ। ਵੁਹ ਲੋਗ ਅਬ ਦਿਖਾਈ ਨਹੀਂ ਦੇਤੇ। ਕੋਈ ਤਾਲਾ ਨਹੀਂ ਟੂਟਾ! ਕੋਈ ਦੀਵਾਰ ਨਹੀਂ ਫੁੱਟੀ, ਪਰ ਇਸ ਕੈਦੀ ਕੀ ਬੈਰਕ ਕਾ ਜੰਗਲਾ ਮੁੜਾ ਹੂਆ ਹੈ।"

ਪਿਆਰਾ ਸਿੰਘ ਇਹ ਸਭ ਕੁਝ ਵੇਖ ਸੁਣ ਰਿਹਾ ਸੀ, ਤੇ ਮਨ ਈ ਮਨ ਪ੍ਰਨਾਮਾਂ ਕਰ ਰਿਹਾ ਸੀ, ਕਿ ਧੰਨ ਹਨ ਮੇਰੇ ਪ੍ਰਤਾਪੀ ਸਤਿਗੁਰੂ ਜਿਹੜੇ ਆਪਦੇ ਭੁਲੜ ਸਿੱਖਾਂ ਦੀਆਂ ਸਦਾ ਕਾਮਨਾਵਾਂ ਪੂਰੀਆਂ ਕਰਦਾ ਹੈ। ਧੰਨ ਹਨ ਮੇਰੇ ਪਾਤਸ਼ਾਹ ਦੇ ਪਾਤਸ਼ਾਹ ਜਿਹੜੇ ਕਾਲ ਕੋਠੀਆਂ ਵਿਚ ਵੀ ਆ ਦਰਸ਼ਨ ਦੇਂਦੇ। ਧੰਨ ਹਨ ਮੋਹਣੀ ਮੂਰਤ ਜਿਹੜੇ ਕਾਲੇ ਕੋਹਾਂ ਦਾ ਪੈਂਡਾਂ ਚੂਰ ਕਰ ਬੇੜੀਆਂ ਕੜੀਆਂ ਚੂਰ ਚੂਰ ਕਰਦੇ ਹਨ। ਬਲਿਹਾਰ, ਬਲਿਹਾਰ "ਪਿਆਰਾ ਸਿੰਘਾ! ਗੱਲ ਕੀ ਸੀ? ਤੈਥੋਂ ਕੀ ਖੁਨਾਮੀ ਹੋ ਗਈ? ਕੀ ਅਰਪਾਧ ਹੋਇਆ ਕਿ ਜੇਲ ਦੀ ਹਵਾ ਖਾਣੀ ਪਈ?"

ਮਾਸਟਰ ਜੀ; ਹੋਣੀ ਬੜੀ ਪ੍ਰਬਲ ਏ, ਪਰ ਸਤਿਗੁਰੂ ਹੋਣੀ ਦਾ ਵੀ ਬਾਪੂ ਏ। ਜਿਹੜਾ ਹੋਣੀ ਦੀਆਂ ਚਾਲਾਂ ਨੂੰ ਤੋੜ ਫੋੜ ਔਹ ਮਾਰਦਾ ਏ, ਇਹ ਰਸਨਾ ਉਸਦੀ ਉਪਮਾ ਨਹੀਂ ਕਰ ਸਕਦੀ।"

**ਜਿਹਵਾ ਏਕ ਕਵਨ ਗੁਣ ਕਹੀਐ,**
**ਬੇ ਸੁਮਾਰ ਬੇਅੰਤ ਸੁਆਮੀ ਤੇਰਾ ਅੰਤ ਨ ਕਿਨਹੂ ਲਈਐ**

ਚੰਗਾ ਪਿਆਰਾ ਸਿਹਾਂ! ਤੂੰ ਜਰਾ ਵੇਰਵੇ ਨਾਲ ਗੱਲ ਕਰ।

Sri Satguru Jagjit Singh Ji eLibrary NamdhariElibrary@gmail.com

ਗੱਲ ਕਾਹਦੀ ਏ! ਮੂਰਖਾਂ ਦੀ ਮੂਰਖਤਾਈ। ਸਾਨੂੰ ਇਹ ਨਹੀਂ ਪਤਾ ਕਿ ਮਨੁੱਖਾ ਜਨਮ ਕਿਸ ਵਾਸਤੇ ਮਿਲਿਆ ਏ। ਇਹ ਹੀਰੇ ਵਰਗਾ ਜਨਮ ਕੌਡੀਆਂ ਵਿਚ ਲੁਟਾ ਰਹੇ ਹਾਂ, ਮੋਤੀਆਂ ਨੂੰ ਤਿਆਗ ਘੋਗਿਆਂ ਨਾਲ ਝੋਲੀਆਂ ਭਰ ਰਹੇ ਹਾਂ। ਹੀਰਾ ਭੰਗ ਦੇ ਭਾਅ ਗਵਾ ਰਹੇ ਹਾਂ। ਇਹ ਸਾਨ੍ਹਾਂ ਦੇ ਭੇੜ, ਸਿੰਗ ਮਿੱਟੀ ਚੁੱਕੀ ਫਿਰਦੇ ਆ। ਪਰ ਕੁਕਰਮਾਂ ਨੂੰ ਵੇਖਦਾ, ਫਿਰ ਵੀ ਸਾਡਾ ਪਾਲਨ ਪੋਸਨ ਕਰਦਾ ਏ, ਉਹ ਸਾਡੇ ਖੋਟੇ ਕੰਮਾਂ ਵੱਲ ਧਿਆਨ ਨਹੀਂ ਦੇਂਦਾ, ਪਰ ਸਾਨੂੰ ਬਾਹੋਂ ਫੜ ਫੜ, ਕੰਡਿਆਂ 'ਚੋਂ ਕੱਢਦਾ ਏ। ਠੀਕ!

**ਔਗਣ ਕੀਤੇ ਹਰਿ ਨਾ ਚਿਤਾਰੇ।**

"ਪਿਆਰਾ ਸਿੰਘ! ਸਤਿਗੁਰੂ ਦੀ ਉਪਮਾ ਤਾਂ ਹਜ਼ਾਰੇ ਫੰਨੀਂ ਨਹੀਂ ਕਰ ਸਕਦਾ, ਸੁਰਸਤੀ ਨਹੀਂ ਕਹਿ ਸਕਦੀ, ਵੇਦਾਂ ਦਾ ਰੱਚਨਹਾਰ ਬ੍ਰਹਮਾ ਨਹੀਂ ਕਰ ਸਕਦਾ, ਅਸੀਂ ਤੁਸੀਂ ਕਿਸ ਬਾਗ਼ ਦੀ ਮੂਲੀ ਆਂ। ਤੂੰ ਆਪਣੀ ਵਿਥਿਆ ਸੁਣਾ।

'ਚੰਗਾ ਮਾਸਟਰ ਜੀ! ਜ਼ਰਾ ਕੰਨ ਲਾ ਕੇ ਸੁਣੋ। ਜੇਠ ਦੇ ਦਿਨ ਸਨ। ਫਲੇ ਵਗ ਰਹੇ ਸਨ। ਪਾਲਾ ਸਿੰਘ ਫਲਿਆਂ ਮਗਰ ਲੱਗਾ ਹੋਇਆ ਸੀ। ਲਾਗੇ ਹੀ ਗਾਮੇ ਦਾ ਖੇਤ ਸੀ, ਉਹ ਉਸ ਵਿਚ ਡੰਗਰ ਚਾਰ ਰਹੇ ਸਨ। ਪਤਾ ਨਹੀਂ ਸ਼ੈਤਾਨ ਉਨ੍ਹਾਂ ਦੇ ਕੰਨ ਵਿਚ ਕੀ ਫੂਕ ਮਾਰੀ ਕਿ ਡੰਗਰਾਂ ਨੂੰ ਚਾਰਦੇ, ਚਾਰਦੇ, ਚਾਰੇ ਦੇ ਖੇਤਰ ਵਿਚ ਲੈ ਗਏ। ਪਾਲਾ ਸਿੰਘ ਉਨ੍ਹਾਂ ਨੂੰ ਮੋੜਨ ਗਿਆ। ਪਰ ਉਨ੍ਹਾਂ ਅੱਗੋਂ ਉਲਟਾ ਚੋਰ ਕੁਤਵਾਲ ਕੋ ਡਾਂਟੇ ਵਾਲਾ ਹਿਸਾਬ ਕੀਤਾ। ਉਨ੍ਹਾਂ ਮੂਰਖਾਂ ਨਾਲ ਪਾਲਾ ਸਿੰਘ ਨੂੰ ਗਾਲਾਂ ਕੱਢੀਆਂ। ਨਾਲੇ ਧੋਲ ਧੱਪਾ ਕੀਤਾ। ਉਹ ਵਿਚਾਰਾ ਪਾਸੇ ਸਕਵਾ ਮੁੜ ਆਇਆ। ਅਸਾਂ ਕਿਹਾ ਤੂੰ ਚਾਚੇ ਕੋਲ ਜਾਹ। ਉਹ ਚਾਚੇ ਸੋਹਣ ਸਿੰਘ ਕੋਲ ਗਿਆ। ਉਸ ਨੂੰ ਸੁਣਦਿਆਂ ਸਾਰ ਅੱਗ ਲੱਗ ਗਈ। ਉਹ ਆਇਆ ਪਰ ਬੋਲ ਬਕਾਰੇ ਵਿਚ ਗੱਲ ਮੁੱਕ ਗਈ।

ਕੁਝ ਦਿਨ ਬੀਤੇ ਕਿ ਚਾਚੇ ਦਾ ਖੂਹ ਜੁਤਾ ਹੋਇਆ ਸੀ, ਗ਼ੁਲਾਮ ਦਾ ਮੁੰਡਾ ਗੱਡਾ ਲੰਘਾਣ ਲੱਗਾ ਤਾਂ ਗੱਡਾ ਮੁੰਡਿਆਂ ਰੋਕ ਲਈ। ਗਾੜੀ ਗੱਡਾ ਛੱਡ ਭੱਜਾ, ਭੱਜਦਾ ਭੱਜਦਾ ਸਾਥੀਆਂ ਕੋਲ ਗਿਆ, ਉਨ੍ਹਾਂ ਤੇ ਜੁਆਨੀ ਦਾ ਭੂਤ ਸਵਾਰ ਸੀ, ਉਹ, ਡਾਂਗਾਂ, ਕੁਹਾੜੀਆਂ ਚੁੱਕ ਨੱਸੇ, ਅੱਗੋਂ ਬਚਾ ਖ਼ਾਤਰ ਅਸੀਂ ਵੀ ਜੋ ਹੱਥ ਆਇਆ ਫੜ ਤਿਆਰ ਬਰ ਤਿਆਰ ਹੋ ਗਏ। ਝੜਪਾਂ ਹੋਣ ਲੱਗ ਪਈਆਂ, ਸ਼ੰਗਾਰਾ ਸਿੰਘ ਨੂੰ ਕੁਹਾੜੀ ਵੱਜੀ ਤੇ ਇਕ ਮੈਨੂੰ ਵੀ ਕੁਹਾੜੀ ਵੱਜਣ ਦੀ ਦੇਰ ਸੀ, ਕਿ ਮੇਰੇ ਅੰਦਰ ਚੂਹੜਾ ਆ ਘੁਸਿਆ! ਲਾਗੇ ਇਕ ਮਜਬੀਆਂ ਦਾ ਮੁੰਡਾ ਖਲੋਤਾ ਸੀ। ਉਸ ਦੇ ਹੱਥ ਵਿਚ ਕੁਹਾੜੀ ਸੀ। ਮੈਂ ਉਸ ਤੋਂ ਕੁਹਾੜੀ ਖੋਹ ਗਾਮੇ ਦੇ ਮਾਰੀ। ਉਹ ਲੱਗਦਿਆਂ ਹੀ ਧਰਤੀ ਤੇ ਡਿੱਗ ਪਿਆ। ਗਾਮੇ ਦੇ ਡਿੱਗਣ ਦੀ ਦੇਰ ਸੀ, ਸਾਰੇ ਯਾਰ ਤਿੱਤਰ ਹੋ ਗਏ। ਅਸੀਂ ਵੀ ਪਿੱਛਾਂਹ ਹੱਟ ਆਏ। ਉਹ ਜਾਂਦੇ ਜਾਂਦੇ ਗਾਮੇ ਨੂੰ ਚੁੱਕ ਕੇ ਲੈ ਗਏ। ਇਤਨੇ ਨੂੰ ਬਾਬਾ ਮਾਨ ਸਿੰਘ ਆ ਗਿਆ। ਉਸ ਵੀ ਆਉਂਦਿਆਂ, ਲਲਕਾਰਾ ਮਾਰਿਆ। ਰਹਿੰਦੀ

Sri Satguru Jagjit Singh Ji eLibrary NamdhariElibrary@gmail.com

ਖੂੰਦੀ ਧਾੜ ਵੀ ਸਿਰ ਤੇ ਪੈਰ ਰੱਖ ਭੱਜ ਨਿਕਲੀ।

ਸ਼ਾਮ ਨੂੰ ਪੰਚਾਇਤ ਜੁੜੀ ਗੱਲਾਂ ਬਾਤਾਂ ਚੱਲ ਰਹੀਆਂ ਸਨ, ਕਿ ਕੁਜਰਾਂ ਦਾ ਸੈਦ ਮੁਹੰਮਦ ਆ ਗਿਆ। ਉਸ ਬਣੀ ਬਣਾਈ ਸਾਰੀ ਗੱਲ ਵਿਗਾੜ ਦਿੱਤੀ। ਮੁਹੰਮਦ ਹੋਰੀਂ ਗਾਮੇ ਨੂੰ ਚੁੱਕ ਕੇ ਸ਼ੇਖ਼ੂ ਪੁਰੇ ਲੈ ਗਏ। ਡਾਕਟਰਾਂ ਹਾਲਤ ਖ਼ਤਰਨਾਕ ਵੇਖ ਉਸ ਦੇ ਬਿਆਨ ਨੋਟ ਕਰਵਾ ਦਿੱਤੇ। ਉਸ ਕਿਹਾ, ਮੈਨੂੰ ਪਿਆਰਾ ਸਿੰਘ ਕੁਹਾੜੀ ਮਾਰੀ। ਫਿਰ ਮੈਂ ਡਿੱਗ ਪਿਆ। ਇਸ ਪਿੱਛੋਂ ਮੈਨੂੰ ਪਤਾ ਨਹੀਂ। ਇਹ ਕਹਿੰਦਿਆਂ ਉਸ ਦੇ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ।

ਤਫਤੀਸ਼ ਸ਼ੁਰੂ ਹੋਈ! ਛੋਟਾ ਕਪਤਾਨ ਵੱਡਾ ਕਪਤਾਨ, ਤਫਤੀਸ ਕਰ ਮੁੜੇ ਤੇ ਮੁਕਦਮਾ ਸ਼ੁਰੂ ਹੋ ਗਿਆ। ਸੈਸ਼ਨ ਮਿਸਟਰ ਮੂੰਜੇ ਖੋਜਾ ਸੀ। ਸਾਡਾ ਵਕੀਲ ਕਰਮ ਸਿੰਘ ਸੀ। ਅਸੀਂ ਭਾਵੇਂ ਲੜਾਈ ਆਪ ਨਹੀਂ ਸਹੇੜੀ ਸੀ, ਤੇ ਨਾ ਹੀ ਕੋਈ ਸਾਡਾ ਵਾਧਾ ਸੀ। ਸਾਨੂੰ ਤਾਂ ਗੱਲ ਪਿਆ ਢੋਲ ਵਜਾਉਣਾ ਪਿਆ ਸੀ। ਪਰ ਅੱਜ ਸਚ ਨੂੰ ਕੌਣ ਪੁੱਛਦਾ ਏ। ਝੂਠ ਸੱਚ ਦਾ ਨਿਤਾਰਾ ਕਿੱਥੇ? ਸਭ ਗੱਲਾਂ ਗਵਾਹੀਆਂ ਤੇ ਨਿਬੜਦੀਆਂ ਹਨ। ਚੋਰ ਉਚੱਕਾ ਚੌਧਰੀ, ਗੁੰਡੀ ਰੰਨ ਪ੍ਰਧਾਨ ਵਾਲੀ ਗੱਲ ਏ। ਕਈ ਵਾਰ ਤਾਂ ਚਾਂਦੀ ਦੀ ਚਾਬੀ ਵੀ ਕੰਮ ਦੇ ਜਾਂਦੀ ਏ। ਖ਼ੈਰ ਇੱਥੇ ਸਭ ਹਥਿਆਰ ਵਿਰੋਧੀਆਂ ਵੱਲੋਂ ਵਰਤੇ ਗਏ। ਸੈਸ਼ਨ ਨੇ ਪੰਜਾਂ ਆਦਮੀਆਂ ਨੂੰ ਮੁਜਰਮ ਗਰਦਾਨਿਆਂ ਤੇ ਮੈਨੂੰ ਸਾਢੇ ਤਿੰਨ ਸਾਲ ਤੇ ਸ਼ੰਗਾਰਾ ਸਿੰਘ, ਉਜਾਗਰ ਸਿੰਘ, ਸੁੰਦਰ ਸਿੰਘ ਤੇ ਸੋਹਣ ਸਿੰਘ ਨੂੰ 3-3 ਸਾਲ ਦੀ ਸਜਾ ਸੁਣਾ ਦਿੱਤੀ। ਸ਼ੇਖ਼ੂਪੁਰਿਉਂ ਸਾਨੂੰ ਲਾਹੌਰ ਬੋਸਟਲ ਜੇਲ੍ਹ ਵਿਚ ਲੈ ਗਏ ਦੁਨੀਆਂ ਆਸ ਤੇ ਜੀਊਂਦੀ ਏ। ਦਿਆਲ ਸਿੰਘ ਤੇ ਕਰਮ ਸਿੰਘ ਨੇ ਅਪੀਲ ਕਰ ਦਿੱਤੀ ਤੇ ਕੇਸ ਕੱਚਾ ਹੋ ਗਿਆ। ਸਾਨੂੰ ਮੁੜ ਸ਼ੇਖ਼ੂ ਪੁਰੇ ਲੈ ਆਏ, ਉਨ੍ਹੀਂ ਦਿਨੀਂ ਆਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ। ਕੁਝ ਵਰਕਰ ਇਸੇ ਜੇਲ੍ਹ ਵਿਚ ਡੱਕੇ ਗਏ। ਚਾਚਾ ਜਵੰਦ ਸਿੰਘ ਮੁਲਾਕਾਤ ਕਰਨ ਆਇਆ। ਤਾਂ ਉਸ ਕਿਹਾ ਅਪੀਲ ਕਰਕੇ ਗ਼ਲਤੀ ਕੀਤੀ ਏ। ਮੁੰਡੇ ਤਾਂ ਫਾਹੇ ਲੱਗ ਜਾਣਗੇ। ਫਾਹੇ ਦਾ ਨਾਉਂ ਸੁਣ ਕੇ ਕੰਬਣੀ ਆ ਗਈ।

'ਕੰਬਣੀ ਆ ਵੀ ਜਾਂਦੀ ਏ, ਕੋਈ ਵੱਡੀ ਗੱਲ ਨਹੀਂ। ਮੌਤ ਦਾ ਨਾਉਂ ਹੀ ਅਜੇਹਾ ਹੈ। ਵੱਡੇ ਵੱਡੇ ਜਰਨੈਲਾਂ ਦਾ ਲਹੂ ਪਾਣੀ ਹੋ ਜਾਂਦਾ ਏ। ਇਸ ਤੋਂ ਬੱਚਣ ਲਈ ਬਾਦਸ਼ਾਹ ਵੀ ਉਪਾਆਂ ਸੋਚਦੇ ਸਨ। ਹੋਰ ਤਾਂ ਹੋਰ ਲੀਰਾਂ ਪਤੀਰਾਂ ਵਿਚ ਗੁਜ਼ਾਰਾ ਕਰਨ ਵਾਲਾ ਦਰ ਦਰ ਦਾ ਮੰਗਤਾ ਵੀ ਸਾਨੂੰ ਮੱਥੇ ਲਾਣ ਨੂੰ ਤਿਆਰ ਨਹੀਂ। ਕੇਵਲ ਇਸ ਲਾੜੀ ਨੂੰ ਵਿਆਹੁਣ ਵਾਸਤੇ ਸੂਰਮੇ ਹੀ ਭੰਗੜੇ ਪਾਉਂਦੇ ਹਨ।

'ਪਰ ਮਾਸਟਰ ਜੀ! ਮੈਨੂੰ ਤਾਂ ਭੈਅ ਇਸ ਵਾਸਤੇ ਆਇਆ ਕਿ ਧਰਮ ਵਾਸਤੇ ਕਿਉਂ ਨਹੀਂ ਮਰਿਆ। ਦੇਸ਼ ਖ਼ਾਤਰ ਦੂਜੇ ਕਾਂਗਰਸੀ ਭਰਾਵਾਂ ਵਾਂਗ ਫਾਂਸੀ ਲੱਗਦਾ ਤਾਂ ਸਵਾਇਆ ਹੋ ਚਮਕਦਾ, ਕਿਸੇ ਗ਼ਰੀਬਣੀ ਦੀ ਇੱਜ਼ਤ

Sri Satguru Jagjit Singh Ji eLibrary NamdhariElibrary@gmail.com

ਬਚਾਂਦਾ ਸੂਲੀ ਚੜ੍ਹਦਾ ਤਾਂ ਸੁਰਖ ਰੂਈ ਪ੍ਰਾਪਤ ਕਰਦਾ। ਤੇ ਖਿੜੇ ਮਥੇ ਦਰਗਾਹੇ ਜਾਂਦਾ। ਹੁਣ ਕੀ ਏ ਹਾਸੇ ਦਾ ਮੜਾਸਾ! ਭਾਵੇਂ ਸਾਡੀ ਕੋਈ ਵਧੀਕੀ ਨਹੀਂ ਸੀ। ਪਰ ਬਹਾਦਰੀ ਦੀ ਗੱਲ ਕੋਈ ਨਹੀਂ। ਖ਼ਿਆਲ ਆਇਆ ਸਤਿਗੁਰਾਂ ਤੋਂ ਭੁੱਲ ਬਖਸ਼ਾਈਏ। ਉਨ੍ਹਾਂ ਦੀ ਸ਼ਰਨ ਪਈਏ। ਕਿਸੇ ਹੋਰ ਦਾ ਆਸਰਾ ਛੱਡੀਏ। ਇਹ ਵਿਚਾਰ ਕਰ ਅਰਦਾਸਾ ਸੋਧ ਮਾਲਾ ਫੜ ਸਿਮਰਨ ਵਿਚ ਜੁੱਟ ਗਿਆ। ਰਸਨਾ ਤੇ ਚੋਅੱਖਰਾ, ਮਨ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮੂਰਤੀ ਉਨ੍ਹਾਂ ਦੇ ਚਰਨ ਕਮਲ' 'ਫਿਰ ਵੀ ਤੂੰ ਭਾਗਾਂ ਵਾਲਾ ਨਿਕਲਿਉਂ, ਜਿਸ ਦੀ ਸੁਰਤੀ ਸਤਿਗੁਰਾਂ ਦੇ ਚਰਨਾਂ ਨਾਲ ਜੁੜੀ।'

**ਰਵਿ ਕੇ ਸੁਤ ਕਾ ਤਿਨ ਤ੍ਰਾਸ ਕਹਾਂ,**
**ਜੋ ਚਰਨ ਗੁਰੂ ਚਿਤ ਲਾਵਤ ਹੈ।**

ਧੰਨ ਹਨ ਉਹ ਪੁਰਸ਼ ਜਿਹੜੇ ਸਤਿਗੁਰ ਦੇ ਚਰਨਾਂ ਨਾਲ ਜੁੜਦੇ ਹਨ। ਜਿਸ ਪੁਰਸ਼ ਦੀ ਸੁਰਤੀ ਸਤਿਗੁਰ ਦੇ ਚਰਨਾਂ ਨਾਲ ਜੁੜੇ ਉਸ ਨੂੰ ਖ਼ੌਫ ਕਾਹਦਾ? ਉਸ ਨੂੰ ਭੈ ਕਿਵੇਂ? ਬਲ ਰਾਜੇ ਨੇ ਭਗਵਾਨ ਦੇ ਚਰਨ ਛੂਹੇ, ਭਗਵਾਨ ਨੂੰ ਆਪਣੇ ਦਰ ਤੇ ਦਰਵਾਨ ਕਰ ਬੰਨ ਬਿਠਾਇਆ। ਪੱਥਰ ਅਹਲਿਆ ਨੇ ਚਰਨ ਛੂਹੇ ਪੁਲਾੜ ਸ਼ਟਲ ਨਾਲੋਂ ਕਈ ਦਰਜੇ ਪਹਿਲੇ ਭਗਵਾਨ ਦੇ ਦੇਸ਼ ਪੁੱਜੀ, ਸਤਿਗੁਰੂ ਨਾਨਕ ਦੇਵ ਜੀ ਦੇ ਚਰਨ ਚੁੰਮਣ ਨਾਲ ਦੌਲਤਾਂ ਨੂੰ ਅਕਾਸ਼ਾਂ ਪਤਾਲਾਂ ਦੀ ਸੋਝੀ ਹੋ ਗਈ। ਗੁਰੂ ਹਰਿ ਰਾਇ ਦੇ ਸਮੇਂ ਕਾਬਲ ਦੇ ਭਾਈ ਗੋਂਦੇ ਨੇ ਗੁਰੂ ਜੀ ਦੇ ਚਰਨਾਂ ਵਲ ਧਿਆਨ ਦਿੱਤਾ। ਪਹਿਰਾਂ ਬਧੀ ਗੁਰੂ ਜੀ ਨੂੰ ਇੱਕੋ ਆਸਣ ਤੇ ਬਿਠਾਈ ਰਖਿਆ ਗੁਰਬਾਣੀ ਦੱਸਦੀ ਏ:-

**ਮਾਈ ਚਰਨ ਗੁਰ ਮੀਠੇ**
**ਵੱਡੇ ਭਾਗ ਦੇਵਹਿ ਪ੍ਰੇਮਸ਼ੁਰ**
**ਕੋਟ ਫਲਾ ਦਰਸ਼ਨ ਗੁਰਿ ਡੀਠੇ।**

ਭਾਈ ਪਿਆਰਾ ਸਿੰਘ ਤੈਨੂੰ ਵੀ ਨਮਸਕਾਰ ਜਿਸ ਨੂੰ ਉਸ ਔਖੇ ਵੇਲੇ ਗੁਰੂ ਦੇ ਚਰਨ ਯਾਦ ਆਏ ਪਤਾ ਨਹੀਂ ਕਿੰਨਾਂ ਚਿਰ ਜੁੜਿਆ ਰਿਹਾ, ਉਸ ਵੇਲੇ ਬਿਰਤੀ ਉਖੜੀ ਜਦ ਇਕ ਦਮ ਬੈਰਕ ਵਿਚ ਪ੍ਰਕਾਸ਼ ਹੋਇਆ, ਨਜ਼ਰ ਚੁੱਕੀ ਤਾਂ ਸੋਹਣੀ ਮੂਰਤ, ਕੰਵਲ ਨੇਤਰ, ਹੱਥਾਂ ਵਿਚ ਖੂੰਡਾ, ਸਤਿਗੁਰੂ ਪ੍ਰਤਾਪ ਸਿੰਘ ਜੀ ਬੈਰਕ ਦੇ ਜੰਗਲੇ ਕੋਲ ਖੜੇ ਸਨ। ਇਕ ਦਮ ਉੱਠਿਆ ਤੇ ਚਰਨਾਂ ਤੇ ਧੜਮ ਕਰਕੇ ਡਿੱਗਾ। ਅੱਥਰੂਆਂ ਦਾ ਹੜ ਚੜ ਆਇਆ। ਬਚਨ ਹੋਇਆ, ਇਤਨੀ ਬੇ ਪ੍ਰਤੀਤੀ? ਘਬਰਾ ਨਾ, ਝੂਠੇ ਗਵਾਹ ਕੁਝ ਨਹੀਂ ਵਿਗਾੜ ਸਕਦੇ। ਉਹ ਅੰਤਰਜਾਮੀ ਸਭ ਕੁਝ ਜਾਣਦਾ ਏ। ਉਸ ਜੱਜਾਂ ਦੇ ਜੱਸ ਸੁਪਰੀਮ ਜੱਜ ਤੋਂ ਲੁੱਕਿਆ ਛਿਪਿਆ ਕੁਝ ਨਹੀਂ, ਉਹ ਪਾਣੀ ਦਾ ਪਾਣੀ ਤੇ ਦੁੱਧ ਦਾ ਦੁੱਧ ਨਿਤਾਰ ਦੇਵੇਗਾ। ਉਹ ਪਾਟੇ ਸੀਅ ਸਕਦਾ ਹੈ। ਉਹ ਸੁੱਕੀ ਹਰੀ ਕਰ ਸਕਦਾ ਏ। ਉਹ ਅੱਗ ਦੇ ਭਾਂਵੜਾਂ 'ਚੋਂ ਕੱਢ ਸਕਦਾ ਏ, ਤੂੰ ਘਬਰਾ ਨਾ, ਉਨ੍ਹਾਂ ਸਭ ਗਵਾਹੀਆਂ ਪਾੜ ਸੁੱਟੀਆਂ ਹਨ। ਹੁਣ ਬਹੁਤਾ ਖਹਿੜੇ ਨਾ ਪਓ। ਭਾਈ

Sri Satguru Jagjit Singh Ji eLibrary NamdhariElibrary@gmail.com

ਵਜ਼ੀਰ ਸਿੰਘ, ਮੁਹਕਮ ਸਿੰਘ, ਰਤਨ ਸਿੰਘ ਤੇ ਲਾਲ ਸਿੰਘ ਸੜਕ ਤੇ ਮੋਟਰ ਕੋਲ ਉਡੀਕ ਰਹੇ ਹਨ, ਤੂੰ ਸਤਿਗੁਰੂ ਰਾਮ ਸਿੰਘ ਦੇ ਚਰਨਾਂ ਨਾਲ ਜੁੜਿਆ ਰਹੋ। ਇਹ ਕਹਿੰਦਿਆਂ, ਆਪਣੀ ਜੇਬ ਵਿੱਚੋਂ ਕੁਝ ਕਾਗਜ਼ ਕੱਢੇ ਤੇ ਪਾੜ ਸੁੱਟੇ। ਹੁਣ ਪ੍ਰਕਾਸ਼ ਮੱਧਮ ਪੈ ਗਿਆ ਤੇ ਜੇਲ੍ਹ ਵਿਚ ਰੌਲਾ ਪੈ ਗਿਆ। ਜੇਲ੍ਹ ਵਿਚ ਰੌਲਾ ਪੈ ਗਿਆ, ਜੇਲ੍ਹ ਕਰਮਚਾਰੀਆਂ ਹੇਠਲੀ ਉਪਰ ਕਰ ਦਿੱਤੀ। ਬਥੇਰੀਆਂ ਹਵਾ ਵਿਚ ਡਾਂਗਾਂ ਮਾਰੀਆਂ ਅਤੇ ਹਾਰ ਹੁਟਕੇ ਬੈਹ ਗਏ। ਮੈਨੂੰ ਵਿਸ਼ਵਾਸ ਹੋ ਗਿਆ ਕਿ ਦੁਨੀਆਂ ਦੀ ਕੋਈ ਤਾਕਤ ਫਾਹੇ ਨਹੀਂ ਲਾ ਸਕਦੀ। ਇਹ ਮੜੇ ਮੈਜਸਟਰੇਟ ਵੀ ਧਰਮਰਾਜ ਦੇ ਦੂਤ ਵੀ ਮੇਰਾ ਕੁਝ ਨਹੀਂ ਵਿਗਾੜ ਸਕਦੇ।

ਸਵੇਰ ਸਾਰ ਕੁਝ ਮੁਲਾਕਾਤੀ ਆਏ। ਉਨ੍ਹਾਂ ਵਿੱਚੋਂ ਜਥੇਦਾਰ ਹਰਨਾਮ ਸਿੰਘ ਤੇ ਦਿਆਲ ਸਿੰਘ, ਉਤਮ ਸਿੰਘ ਕਿਹਾ, ਨਿੱਕਿਆ! ਅਸੀਂ ਪੰਦਰ੍ਹਾਂ ਸੌ ਰੁਪਏ ਤੇ ਮਾਲਵਡ ਵਕੀਲ ਕਰਨ ਲੱਗੇ ਆਂ, ਨਿਸਚਿੰਤ ਰਹੋ। ਮੈਂ ਕਿਹਾ ਤੁਸੀਂ ਵਕੀਲ ਨਾ ਕਰਿਉਂ ਜੇ ਕਰੋਗੇ ਤਾਂ ਮੈਂ ਫਾਹੇ ਲੱਗ ਜਾਊਂਗਾ। ਮੈਨੂੰ ਮਾਲਵਡ ਵਕੀਲ ਨਾਲੋਂ ਵੱਡਾ ਵਕੀਲ ਮਿਲ ਗਿਆ ਏ ਸਾਰਿਆਂ ਵਕੀਲਾਂ ਦਾ ਪਿਉ! 'ਦਿਆਲ ਸਿੰਘ ਕਿਹਾ,' ਸੁਣ ਓ ਨਿੱਕਿਆ। 'ਹੱਥਾਂ ਨਾਲ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਣਗੀਆਂ ਸਾਡੇ ਤੇ ਰੋਸ ਨਾ ਕਰੀਂ!' ਪਰ ਮੇਰੀ ਇੱਕੋ ਰੱਟ ਸੀ 'ਤੁਸੀਂ ਸਤਿਗੁਰ ਤੇ ਡੋਰੀ ਸੁੱਟੋ ਉਹ ਮੇਰਾ ਇੱਥੋਂ ਦਾ ਤੇ ਦਰਗਾਹ ਦਾ ਵਕੀਲ ਏ। ਪਰ ਉਹ ਫਿਰ ਵੀ ਨਾ ਮੁੜੇ ਤੇ ਲਾਹੌਰ ਚਲੇ ਗਏ। ਉੱਥੇ ਜਾਂਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋ ਗਏ। ਉਨ੍ਹਾਂ ਵੀ ਕਿਹਾ ਮੁਕਦਮੇ ਵਿਚ ਕੁਝ ਨਹੀਂ, ਜੇ ਐਵੇਂ ਕਿਸੇ ਨੂੰ ਪੈਸੇ ਦੇਣੇ ਜੇ ਤਾਂ ਦੇ ਆਉ।' ਹੁਣ ਉਹ ਵੀ ਬਚਨ ਮੰਨ ਮੁੜ ਆਏ।

ਭਾਵੇਂ ਮੈਂ ਮੁਕਦਮੇ ਦੇ ਦੌਰਾਨ ਜੇਲ੍ਹ ਵਿਚ ਸਾਂ ਪਰ ਸਾਂ ਹੌਲਾ ਫੁਲ, ਵਾਰ ਵਾਰ ਇਹ ਖ਼ਿਆਲ ਆਵੇ, ਕਿਤਨਾ ਬਲਵਾਨ ਏ ਸਤਿਗੁਰੂ ਪ੍ਰਤਾਪ ਸਿੰਘ। ਕਿਤਨੀਆਂ ਸ਼ਕਤੀਆਂ ਹਨ ਮੇਰੇ ਸਤਿਗੁਰੂ ਵਿਚ! ਕਿੱਥੇ ਜੇਲ੍ਹਾਂ, ਜੇਲ੍ਹ ਦੁਆਲੇ ਉੱਚੀਆਂ ਕੰਧਾਂ, ਚੱਪੇ-ਚੱਪੇ ਤੇ ਪਹਿਰੇਦਾਰ ਤੇ ਮੈਤਰੀ ਬੰਦੂਕਾਂ ਤੇ ਸੰਗੀਨਾਂ ਵਾਲੇ। ਇਹ ਮਨੁੱਖ ਦਾ ਕੰਮ ਨਹੀਂ ਇਹ ਅਕਾਲ ਪੁਰਖ ਹੀ ਏ।

ਕੁਝ ਦਿਨਾਂ ਉਪਰੰਤ ਪੇਸ਼ੀ ਹੋਈ। ਮੇਰੇ ਸੱਜਣ ਮਿੱਤਰ ਵੀ ਆਏ। ਗਾਮੇ ਦੇ ਹਿਤੈਸ਼ੀ ਤੁਰੇ ਬੰਨ੍ਹ ਪਹੁੰਚੇ। ਸੈਸ਼ਨ ਸਾਹਿਬ ਕੁਰਸੀ 'ਤੇ ਬੈਠੇ। ਚਿਹਰਾ ਫਿੱਕਾ ਫਿੱਕਾ ਕਾਹਲੀ ਕਾਹਲੀ ਕਾਗ਼ਜ਼ ਫਰੋਲੀ ਜਾਵੇ। ਪੁਲਿਸ ਸਾਨੂੰ ਅੰਦਰ ਲੈ ਗਈ। ਮੌਕਿਆਂ ਦੇ ਗਵਾਹ ਪੇਸ਼ ਹੋਏ। ਸਰਕਾਰੀ ਵਕੀਲ ਪੁੱਛਿਆ, 'ਕਹੋ ਅੱਲਾ ਕੀ ਕਸਮ! ਜੋ ਕਹੋਗੇ ਸੱਚ ਕਹੋਗੇ।'

'ਅੱਲ ਕੀ ਕਸਮ ਸੱਚ ਕਹਾਂਗਾ।'

'ਲੜਾਈ ਕੇ ਵਕਤ ਤੁਮ ਕਿਤਨੀ ਦੂਰ ਥੇ?'

'ਜੀ ਪੰਜਾਂ ਕਿਲਿਆਂ ਤੇ'

Sri Satguru Jagjit Singh Ji eLibrary NamdhariElibrary@gmail.com

'ਦੌੜ ਕਰ ਆਏ ਕਿ ਆਹਿਸਤਾ ਆਹਿਸਤਾ'

'ਜੀ! ਆਹਿਸਤਾ, ਆਹਿਸਤਾ'

'ਲੜਤੋਂ ਕੋ ਛੁੜਾਨੇ ਕੇ ਲੀਏ ਕੋਈ ਕੋਸ਼ਿਸ਼ ਕੀ?'

'ਨਹੀਂ ਜਨਾਬ।'

'ਕਿਸ ਕੋ ਚੋਟ ਆਈ।'

'ਨਹੀਂ ਹਜ਼ੂਰ'

'ਝੂਟ, ਝੂਟ ਬਕਵਾਸ ਝੇਕ ਤਰਫ ਹੋ ਜਾਉ।' ਇਸ ਤੋਂ ਉਪਰੰਤ ਉਮਰਦੀਨ ਪੇਸ਼ ਹੋਇਆ। ਸੈਸ਼ਨ ਨੇ ਪੁੱਛਿਆ:-

'ਤੁਮ ਕਹਾਂ ਥੇ?'

'ਜੀ ਕੋਈ ਛੀ ਕਿਲਿਆਂ ਤੇ।'

'ਸ਼ੋਰ ਸੁਣਾ?'

'ਹਾਂ ਜਨਾਬ।'

'ਦੌੜ ਕਰ ਆਏ?'

'ਨਹੀਂ, ਨਹੀਂ ਹਜ਼ੂਰ, ਹੌਲੀ ਹੌਲੀ।'

'ਲੜਾਈ ਦੇਖੀ?'

'ਜੀ ਆਉਂਦੀਆਂ ਠੰਢੀ ਪੈ ਗਈ ਸੀ। ਮੈਂ ਗ਼ੁਲਾਮ ਨੂੰ ਚੁੱਕੀ ਜਾਂਦਿਆਂ ਵੇਖਿਆ। ਉਹ ਵੀ ਭੱਜੇ ਜਾਂਦੇ ਇਹ ਵੀ ਨੱਸੇ ਜਾਂਦੇ।'

ਸੈਸ਼ਨ - ਇਸ ਕੋ ਭੀ ਹੱਥਕੜੀ ਲਗਾਉ?

ਗਵਾਹੀਆਂ ਪਿੱਛੋਂ ਕਚਹਿਰੀ ਉਠ ਗਈ। ਸਾਨੂੰ ਜੇਲ੍ਹ ਵਿਚ ਲੈ ਆਏ। ਬਾਕੀ ਘਰਾਂ ਨੂੰ ਪਰਤ ਗਏ। 9 ਚੇਤਰ ਫ਼ੈਸਲੇ ਦੀ ਮਿਲੀ, ਮੁੜ ਬੈਰਕ ਵਿਚ ਪੁੱਜ ਮਾਲਾ ਫੜ ਲਈ ਜੇ ਕਦੇ ਜੇਲ੍ਹ ਵਰਗੀ ਬਿਰਤੀ ਬਣ ਜਾਵੇ ਤਾਂ ਨੌਂ ਨਿਧਾਂ ਤਾਂ ਅਠਾਰ੍ਹਾਂ ਸਿੱਧੀਆਂ ਮੇਰੀਆਂ ਪ੍ਰਦਖਣਾਂ ਕਰਦੀਆਂ ਫਿਰਨ।

ਨੌ ਚੇਤ ਚੜ੍ਹਿਆ। ਸਿਪਾਹੀ ਆਏ ਬੈਰਕ ਖੋਲ੍ਹੀ ਸੰਤਰੀਆਂ ਹੱਥਕੜੀ ਮਾਰੀ। ਪਰ ਹੱਥਕੜੀ ਹੱਥੋਂ ਲਹਿ ਗਈ। ਦੂਜੀ ਵੇਰ ਵੱਜੀ ਉਹ ਵੀ ਡਿੱਗੀ। ਤੀਜੀ ਵਾਰੀ ਕੜੀ ਲੱਗੀ। ਪਰ ਸਿਪਾਹੀ ਹੈਰਾਨ ਹੋ ਕਹਿ ਰਹੇ ਸਨ। ਉਨ੍ਹਾਂ ਕਿਹਾ ਕੂਕਿਆ ਤੇਰੇ ਗੁਰੂ ਕਮਾਲ ਏ। ਅਜੇਹਾ ਸ਼ਗਨ ਕਦੇ ਨਹੀਂ ਵੇਖੇ।' ਜੇਲ੍ਹ ਦਾ ਦਰਵਾਜ਼ਾ ਖੁੱਲ੍ਹਿਆ ਤੇ ਗੱਡੀ ਵਿਚ ਬਹਿ ਕਚਹਿਰੀ ਗਏ। ਪਰ ਸੈਸ਼ਨ ਕਰਨਾ ਕੀ ਸੀ। ਫ਼ੈਸਲਾ ਲਿਖਿਆ ਪਿਆ ਸੀ, ਕਿ ਮੌਤ ਇਤਫਾਕੀਆ ਹੋਈ ਏ। ਕੋਈ ਮਾਰਨ ਦੀ ਨੀਯਤ ਨਹੀਂ ਸੀ। ਸਭ ਬਰੀ। ਉਸੇ ਵੇਲੇ ਕੜੀਆਂ ਬੇੜੀਆਂ ਲਹਿ ਗਈਆਂ, ਚਾਈਂ ਚਾਈਂ ਘਰ ਪੁੱਜੇ। ਸੱਜਣ ਮਿੱਤਰ ਵਧਾਈਆਂ ਦੇਣ ਆਏ। ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨਾਲ ਜੁੜਿਆ ਕਹਿ ਰਿਹਾ ਸੀ, ਧੰਨ! ਧੰਨ!! ਧੰਨ!!!

22-4-81/10-11-81

Sri Satguru Jagjit Singh Ji eLibrary NamdhariElibrary@gmail.com

# ਆਪ ਨਰਾਇਣ

ਨਿਰਗੁਨੁ ਆਪਿ ਸਰਗੁਨੁ ਭੀ ਓਹੀ
ਕਲਾ ਧਾਰਿ ਜਿਨਿ ਸਗਲੀ ਮੋਹੀ।
ਆਪਨੇ ਚਰਿਤ ਪ੍ਰਭ ਆਪਿ ਬਨਾਏ।
ਆਪੁਨੀ ਕੀਮਤਿ ਆਪੇ ਪਾਏ।

(ਸੁਖਮਨੀ ਸਾਹਿਬ)

ਹੰਸਾਂ ਦੇ ਸਦਾ ਹੰਸਲੇ। ਬਾਬਾ ਕੇਸਰ ਸਿੰਘ ਕਕੜ ਆਪ ਰੱਬ ਰੂਪ ਸਨ, ਉਸ ਦਾ ਸਪੁੱਤਰ ਸੇਵਾ ਸਿੰਘ ਉਸ ਨਾਲੋਂ ਸਵਾਇਆ ਨਿਕਲਿਆ। ਬਾਬਾ ਜੀ ਸੂਤਰੀਏ ਕਰਕੇ ਪ੍ਰਸਿੱਧ ਸਨ। ਜਦ ਆਪ ਮਸਤਾਨੇ ਹੋ ਜਾਂਦੇ ਤਾਂ ਦੀਵਾਨ ਦਾ ਭੋਗ ਨਾ ਪੈਣ ਦੇਂਦੇ। ਜਿਉਂ ਜਿਉਂ ਰਾਤ ਭਿੱਜੇ ਸੰਤਾਂ ਦੀ ਉਡਾਰੀ ਉਚੇਰੀ ਹੁੰਦੀ ਜਾਵੇ। ਜੇਹਾ ਬੂਟਾ ਤੇਹਾ ਫਲ।

ਸੇਵਾ ਸਿੰਘ ਬਾਲ ਕਾਲ ਤੋਂ ਆਪਣੇ ਆਪ ਦਾ ਪ੍ਰਗਟਾਵਾ ਕਰਨ ਲੱਗ ਪਿਆ। ਮਾਤਾ ਦੁੱਧ ਦੇਣ ਤਾਂ ਚੁੰਘ ਲੈਣ ਜੇ ਨਾ ਮਿਲੇ ਤਾਂ ਮੰਜੇ ਤੇ ਪਏ ਗੁਟਕੂੰ ਗੁਟਕੂੰ ਕਰਦੇ ਰਹਿਣਾ। ਚਿਹਰੇ ਤੇ ਉਦਾਸੀ ਜਾਂ ਰੋਣਾ ਕਦੀ ਨਾ ਵੇਖਿਆ। ਹੱਸਦਿਆਂ ਖੇਡਦਿਆਂ ਗਲੀ ਗਵਾਂਢ ਨੂੰ ਖੇੜਾ ਵੰਡਣਾ। ਧੀਰਜ ਤੇ ਨਰੰਮੇ ਨਾਲ ਬਾਲ ਕਾਲ ਬੀਤੀਆਂ।

ਸੇਵਾ ਸਿੰਘ ਨੂੰ ਜਦ ਮੱਸ ਫੁੱਟਣ ਲੱਗੀ ਤਾਂ ਬਾਬਾ ਜੋਤਾ ਸਿੰਘ ਢੈਪਈ ਨੇ ਕੰਨ ਵਿਚ ਫੂਕ ਮਾਰ ਦਿੱਤੀ। ਬਸ ਕੰਨ ਵਿਚ ਫੂਕ ਵੱਜਦਿਆਂ ਜਿਵੇਂ ਸਿਪ ਸਵਾਂਤ ਬੂੰਦ ਪ੍ਰਾਪਤ ਕਰ ਸਾਗਰ ਦੀ ਤਹਿ ਹੇਠਾਂ ਚਲਾ ਜਾਂਦਾ ਏ, ਜਾਂ ਨਵਯੁਵਤੀ ਗੁਭਵਤੀ ਹੋ ਸਹੇਲੀਆਂ ਤੋਂ ਵੱਖ ਹੋ ਬਹਿੰਦੀ ਹੈ ਤਿਵੇਂ ਸੇਵਾ ਸਿੰਘ ਕੰਨ ਵਿਚ ਫੂਕ ਵੱਜਣ ਸਾਰ ਵੱਖ ਵੱਖ ਬਹਿਣ ਲੱਗ ਪਿਆ। ਕੰਮ ਕਾਜ ਵੀ ਕਰਦਾ ਮਗਰ ਵਧੇਰੇ ਸਮਾਂ ਭਜਨ ਬੰਦਗੀ ਵੱਲ ਦੇਂਦਾ!

ਵਾਹੀ ਵਿਚ ਹੱਥ ਵਟਾਣ ਲਈ ਨੁਸ਼ਹਿਰੀਏ ਮਜ਼੍ਹਬੀ ਨੂੰ ਕਾਮਾ ਰੱਖ ਲਿਆ। ਨੌਸ਼ਹਿਰੀਏ ਨੂੰ ਸੰਤ ਸੇਵਾ ਸਿੰਘ ਦੀ ਲਾਗ ਲੱਗ ਗਈ। ਉਹ ਕਿਰਤ ਭੀ ਕਰੇ ਤੇ ਭਜਨ ਬਾਣੀ ਵੱਲ ਸਮਾਂ ਦੇਵੇ। ਖੜਤਾਲਾਂ ਬਣਵਾ ਲਈਆਂ ਘੁੰਗਰੂ ਭੀ ਲੈ ਲਏ। ਜਦ ਕੰਮ ਤੋਂ ਜ਼ਰਾ ਵਿਹਲ ਮਿਲੇ ਪੈਰੀਂ ਘੁੰਗਰੂ ਬੰਨ੍ਹ, ਹੱਥੀਂ ਖੜਤਾਲਾਂ ਲੈ ਸ਼ਬਦ ਪੜ੍ਹਨ ਲੱਗ ਜਾਵੇ। ਮੁਰਲੀ ਵੀ ਨੁਸ਼ਹਿਰੀਏ ਨਾਲ ਐਸੀ ਰਚ ਮਿੱਚ ਗਈ ਕਿ ਜਦ ਨੁਸ਼ਹਿਰੀਆ ਉਸ ਨੂੰ ਬੁਲ੍ਹਾਂ ਨਾਲ ਲਾਵੇ ਤਾਂ ਮੁਰਲੀ

Sri Satguru Jagjit Singh Ji eLibrary NamdhariElibrary@gmail.com

ਬੋਲਣ ਲੱਗ ਪਵੇ। ਕਈ ਵਾਰੀ ਮੌਜ ਵਿਚ ਰਾਤ ਸਮੇਂ ਨੁਸ਼ਹਿਰੀਆ ਸ਼ਬਦ ਪੜ੍ਹਦਿਆਂ ਮੁਰਲੀ ਵਜਾਉਣ ਲੱਗ ਪਵੇ ਤਾਂ ਸਰੋਤਿਆਂ ਉਠ ਕੇ ਮੰਜੇ ਤੇ ਬਹਿ ਜਾਣਾ। ਇਸੇ ਵਾਸਤੇ ਨੁਸ਼ਹਿਰੀਆ "ਮੁਰਲੀ ਵਾਲਾ" ਕਰਕੇ ਪ੍ਰਸਿੱਧ ਹੋ ਗਿਆ।

ਇਕ ਦਿਨ ਮੁਰਲੀ ਵਾਲੇ ਨੇ ਕਿਹਾ, "ਸੰਤ ਜੀ! ਤੁਸੀਂ ਰੋਜ਼ ਰੱਬ ਦੀਆਂ ਕਹਾਣੀਆਂ ਕਰਦੇ ਹੋ, ਕਿਸੇ ਦਿਨ ਮੈਨੂੰ ਭੀ ਰੱਬ ਦੇ ਦਰਸ਼ਨ ਕਰਾਓ।" ਸੰਤਾਂ ਕਿਹਾ, "ਉਹ ਅਕਾਲ ਪੁਰਖ ਸਾਰਿਆਂ ਵਿਚ ਹੈ। ਹਰ ਰੂਪ ਓਸੇ ਦਾ ਹੈ।" ਪਰ ਮੁਰਲੀ ਵਾਲੇ ਉੱਤਰ ਦਿੱਤਾ, "ਨਹੀਂ ਸੰਤ ਜੀ! ਇਹ ਤਾਂ ਮਗਰੋਂ ਲਾਹੁਣ ਵਾਲੀ ਗੱਲ ਹੈ। ਮੈਨੂੰ ਤਾਂ ਓਹਜ ਰੂਪ ਵਖਾਓ, ਜਿਹੜਾ ਅਸਲ ਰੂਪ ਹੈ। ਸੰਤਾਂ ਕਿਹਾ, "ਚੰਗਾ! ਜਿੱਦਣ ਹੁਕਮ ਲੱਗਾ ਕਰਵਾਵਾਂਗਾ।"

ਇਕ ਦਿਨ ਸੰਤ ਸੇਵਾ ਸਿੰਘ ਤੇ ਮੁਰਲੀ ਵਾਲਾ ਅੰਮ੍ਰਿਤ ਵੇਲੇ ਇਸ਼ਨਾਨ ਪਾਨ ਕਰ ਹੱਲ ਵਾਹ ਰਹੇ ਸਨ, ਕਿ ਮੁਰਲੀ ਵਾਲੇ ਦੇ ਸਿਰ ਵਿੱਚੋਂ ਇਕ ਲਾਟ ਨਿਕਲੀ। ਬੜਾ ਪ੍ਰਕਾਸ਼ ਹੋਇਆ ਤੇ ਉਹ ਪ੍ਰਕਾਸ਼ ਅਕਾਸ਼ ਵਿਚ ਜਾ ਕੇ ਟਿੱਕ ਗਿਆ। ਮੁਰਲੀ ਵਾਲੇ ਵੇਖਿਆ ਕਿ ਉਸ ਪ੍ਰਕਾਸ਼ ਵਿੱਚੋਂ ਜਿਹੜੀਆਂ ਕਿਰਨਾਂ ਨਿਕਲੀਆਂ ਹਨ, ਉਹ ਸਾਰਿਆਂ ਵਿਚ ਪਸਰ ਰਹੀਆਂ ਹਨ। ਉਹੋ ਕਿਰਨਾਂ ਸੰਤਾਂ ਵਿਚ, ਉਹੋ ਕਿਰਨਾਂ ਮੁਰਲੀ ਵਾਲੇ ਵਿਚ ਓਹੋ ਢਗਿਆਂ ਤੇ, ਉਹੋ ਝੋਟਿਆਂ ਤੇ, ਉਹੋਂ ਕਿਰਨਾਂ ਨਿੱਕੇ ਤੋਂ ਨਿੱਕੇ ਕੀੜੇ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਰੁੱਖਾਂ ਤੇ ਬ੍ਰਿੱਛਾਂ ਵਿਚ, ਠੀਕਰੀਆਂ ਤੇ ਨਿੱਕੀਆਂ ਨਿੱਕੀਆਂ ਕੰਕਰਾਂ ਵਿਚ ਉਹ ਕਿਰਨਾਂ ਜਾ ਰਹੀਆਂ ਹਨ। ਹੌਲੀ ਹੌਲੀ ਉਹ ਪ੍ਰਕਾਸ਼ ਸਤਿਗੁਰੂ ਪ੍ਰਤਾਪ ਸਿੰਘ ਦੇ ਰੂਪ ਵਿਚ ਬਦਲ ਗਿਆ ਅਤੇ ਕਿਰਨਾਂ ਦਾ ਮੀਂਹ ਧਰਤੀ ਤੇ ਪੈਂਦਾ ਰਿਹਾ। ਇਹ ਕੌਤਕ ਤੱਕ ਦੋਵੇਂ ਵੈਰਾਗੀ ਹੋ ਗਏ। ਬੱਦਲਾਂ ਨੇ ਘੜੀ ਦਮ ਲਿਆ ਅਤੇ ਇਹਨਾਂ ਸਤਿਗੁਰੂ ਜੀ ਨੂੰ ਪ੍ਰਨਾਮਾਂ ਕੀਤੀਆਂ।

**ਬਾਬਾ ਮੁਰਲੀ ਵਾਲਾ**
ਸ੍ਰੀ ਜੀਵਨ ਨਗਰ

Sri Satguru Jagjit Singh Ji eLibrary NamdhariElibrary@gmail.com

# ਰਮੇ ਰਾਮ

**ਬ੍ਰਿਛਸ ਤੁਹੀ, ਪਤਸ ਤੁਹੀ। ਛਿਤਸ ਤੁਹੀ, ਉਰਧਸ ਤੁਹੀ।**

(ਅਕਾਲ ਉਸਤਤ)

ਜ਼ਮੀਨ ਦਾ ਇਸਤੇਮਾਲ ਹੋ ਰਿਹਾ ਸੀ, 1962 ਈ. ਕਰੀਵਾਲ ਜ਼ਿਲ੍ਹਾ ਹਿਸਾਰ ਦੇ ਜ਼ਿਮੀਦਾਰ ਪਟਵਾਰੀ ਨੂੰ ਨਾਲ ਲੈ ਜ਼ਮੀਨ ਦਾ ਇਸਤੇਮਾਲ ਕਰਾ ਰਹੇ ਸਨ। ਕੰਧਾਰਾ ਸਿੰਘ ਸਪੁੱਤਰ ਜਾਗੀਰ ਸਿੰਘ ਆਪਣੇ ਗਰੁਪ ਨਾਲ ਪਟਵਾਰੀ ਨੂੰ ਨਾਲ ਲੈ ਬਾਹਰ ਗਿਆ। ਇਹਨਾਂ ਦੇ ਗਰੁਪ ਲਾਗੇ ਬਾਹੀਏ ਦੇ ਬਾਗੜੀਆਂ ਦੀ ਭੋਏਂ ਸੀ। ਫੁਟਾਂ ਦੀ ਬਹਾਰ ਸੀ ਤੇ ਫੁਟਾਂ ਵੀ ਪੂਰੇ ਜੋਬਨ ਤੇ ਸਨ। ਜਾਂਦਿਆਂ ਬਾਗੜੀ ਭਾਈ ਨੇ ਕਿਹਾ, "ਆਓ ਸਰਦਾਰੋ! ਕੁਝ ਖਾ ਪੀ ਲਓ!" ਇੰਨਾਂ ਕਹਿ ਉਸ ਖੇਤ ਵਿੱਚੋਂ ਫੁਟਾਂ ਤੋੜ ਲਿਆਂਦੀਆਂ ਤੇ ਲਿਆ ਕੇ ਰਖ ਦਿੱਤੀਆਂ। ਸਾਰਿਆਂ ਮਜ਼ੇ ਨਾਲ ਖਾਧੀਆਂ।

ਪਰ ਰੱਬ ਨੇ ਸਾਰੀਆਂ ਉਂਗਲਾਂ ਇੱਕੋ ਜੇਡੀਆਂ ਨਹੀਂ ਬਣਾਈਆਂ। ਕੁਝ ਅਲਬੇਲੇ ਆਪਣੇ ਆਪ ਖੇਤ ਵਿਚ ਵੜ ਗਏ ਤੇ ਫੁਟਾਂ ਖਾਣ ਲੱਗ ਪਏ। ਮਾਲਿਕ ਨੂੰ ਤੈਸ਼ ਆ ਗਿਆ, ਉਸ ਮਨ੍ਹਾ ਕੀਤਾ, ਮਗਰ ਮਟੀਰ ਕਿਥੋਂ ਮੁੜਦੀ ਸੀ, ਉਸ ਨੂੰ ਇਕੱਲਾ ਜਾਣ, ਮੂੰਹ ਜ਼ੋਰਾਂ ਨੇ ਲਿਤਰ ਪੋਲਾ ਵੀ ਕੀਤਾ। ਹੁਣ ਉਸ ਕੋਲੋਂ ਰਿਹਾ ਨ ਗਿਆ, ਉਸ ਪਿੰਡੋਂ ਜਾ ਕੇ ਆਪਣੇ ਹਤੈਸ਼ੀਆਂ ਨੂੰ ਨਾਲ ਲੈ ਆਂਦਾ। ਪਿੰਡੋਂ ਵਾਹਰ ਵਾ ਪਈ। ਊਠਾਂ, ਘੋੜਿਆਂ ਤੇ ਸਵਾਰ, ਹੱਥੀਂ ਬਰਛੇ ਬੰਦੂਕਾਂ ਤੇ ਡਾਂਗ ਕੁਹਾੜੀਆਂ ਲਾ ਲਾ ਕਰਦੇ ਇਹਨਾਂ ਨੂੰ ਘੇਰਨ ਲੱਗ ਪਏ।

ਕੰਧਾਰਾ ਸਿੰਘ ਜਾਣਿਆਂ ਬਲਾ ਗੱਲ ਆ ਪਈ। ਇਸ ਨੂੰ ਕਿਵੇਂ ਟਾਲਿਆ ਜਾਵੇ। ਇਹ ਖੱਫਣੀ ਪਾਈ, ਹੱਥ ਵਿਚ ਮਾਲਾ ਲੈ ਬਾਹਰ ਵਲ ਵਧਿਆ। ਇਸ ਦੇ ਚਿਹਰੇ ਤੇ ਇਤਨਾ ਪ੍ਰਤਾਪ ਸੀ ਕਿ ਇਸ ਨੂੰ ਤਾਂ ਕਿਸੇ ਕੁਝ ਨਾ ਕਿਹਾ ਮਗਰ ਉਹ ਬਾਕੀਆਂ ਦਾ ਘੇਰਾ ਤੰਗ ਕਰੀ ਜਾਣ। ਅਸਲ ਪੁਆੜੇ ਦੀ ਜੜ੍ਹ ਮੌਕਿਆ ਤਾੜ ਕੇ ਘੇਰਾ ਚੀਰ ਕੇ ਨੱਸ ਗਏ। ਕਈਆਂ ਨੂੰ ਸੱਟਾਂ ਫੇਟਾਂ ਲੱਗੀਆਂ। ਅੰਤ ਸੁਲਾਹ ਹੋ ਗਈ ਤੇ ਸਾਰੇ ਘਰਾਂ ਨੂੰ ਮੁੜੇ।

ਕੰਧਾਰਾ ਸਿੰਘ ਜਦ ਘਰ ਪੁੱਜਾ ਤਾਂ ਕਲਿਜੁਗ ਨੂੰ ਦਾਉ ਮਿਲ ਗਿਆ। ਉਸ ਐਸੀ ਫੂਕ ਦਿੱਤੀ ਕਿ ਕੰਧਾਰਾ ਸਿੰਘ ਅੰਦਰ ਚੰਡਾਲ ਨੇ ਜਾ ਡੇਰਾ ਲਾਇਆ। ਚਿਹਰਾ ਲਾਲ ਹੋ ਗਿਆ ਮਨ ਵਿਚ ਤੂਫਾਨ ਉਠ ਖਲੋਤਾ। ਵਿਹੜੇ ਵਿਚ ਇਕ ਕੱਖਾਂ ਦੀ ਕੁੱਲੀ ਜਿਸ ਵਿਚ ਕੰਧਾਰਾ ਸਿੰਘ ਦਾ ਡੰਡਾ, ਕੂੰਡਾ, ਆਸਣ, ਪਊਏ, ਗੁਟਕਾ, ਮਾਲਾ ਤੇ ਹੋਰ ਜਲ ਪਾਣੀ ਛੱਕਣ ਦਾ ਸਾਮਾਨ ਸੀ। ਕੰਧਾਰਾ ਸਿੰਘ

Sri Satguru Jagjit Singh Ji eLibrary NamdhariElibrary@gmail.com

ਉਸ ਅੰਦਰ ਗਿਆ ਤੇ ਕਿੱਲੀ ਨਾਲ ਮਾਲਾ ਟੰਗ ਦਿੱਤੀ ਤੇ ਮਨ ਵਿਚ ਇਹ ਧਾਰ ਲਿਆ ਕਿ ਜਦ ਤੱਕ ਬਾਗੜੀਆਂ ਵਿੱਚੋਂ ਸਿਰ ਕੱਢ ਬਾਗੜੀ ਨੂੰ ਬੰਨ੍ਹ ਕੇ ਨਾ ਲੈ ਆਵਾਂ, ਜਾਂ ਸਿਰ ਲਾਹ ਨਾ ਲਿਆਂਵਾਂ ਤਦ ਤੱਕ ਚੈਨ ਨਹੀਂ ਲੈਣਾ।

ਕੰਧਾਰਾ ਸਿੰਘ ਇਹਨਾਂ ਸੋਚਾਂ ਵਿਚ ਡੁੱਬਾ, ਧਰਮਰਾਜ ਦੀ ਪੁੱਤਰੀ ਦੀ ਗੋਦ ਵਿਚ ਜਾ ਬ੍ਰਾਜਿਆ। ਪਰ ਸਤਿਗੁਰ....

**ਸਤਿਗੁਰ ਸਿਖ ਕੇ ਬੰਧਨ ਕਾਟੇ, ਗੁਰ ਕਾ ਸਿਖ ਵਕਾਰ ਤੇ ਹਾਟੇ।**

ਅੱਖ ਲੱਗਦਿਆਂ ਈ ਕੰਧਾਰਾ ਸਿੰਘ ਕਿਸੇ ਹੋਰ ਦੇਸ ਚਲਿਆ ਗਿਆ ਤੇ ਕੀ ਵੇਖਿਆ ਕਿ ਉਹ ਇਕ ਰੁੱਖ ਤੇ ਚੜ੍ਹਿਆ ਹੋਇਆ ਹੈ। ਗੱਲ ਵਿਚ ਉਹੋ ਕੱਫਣੀ, ਤੇ ਹੱਥ ਵਿਚ ਆਰੀ, ਆਰੀ ਨਾਲ ਰੁੱਖ ਨੂੰ ਕੱਟਣ ਹੀ ਲੱਗਾ ਸੀ ਕਿ ਰੁੱਖ ਦਾ ਟਾਹਣਾ ਰੁੱਖ ਨਾਲੋਂ ਟੁੱਟ ਕੇ ਵੱਖ ਹੋ ਗਿਆ ਤੇ ਉਸ ਰੁਖ ਦੇ ਟੁੱਟੇ ਟਾਹਣੇ ਵਾਲੀ ਥਾਂ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਓਹੋ ਨੂਰਾਨੀ ਮੁਖੜਾ, ਭਰਵਾਂ ਕੱਦ, ਹਸੂੰ ਹਸੂੰ ਕਰਦਾ ਚਿਹਰਾ। ਜਲਾਲ ਝਲਿਆ ਨਹੀਂ ਜਾਂਦਾ ਸੀ। ਸੁੰਦਰ ਮੁਖੜੇ ਤੋਂ ਪੁਸ਼ਪ ਵਰਖਾ ਕਰਦਿਆਂ, ਸਤਿਗੁਰਾਂ ਨੇ ਕੰਧਾਰਾ ਸਿੰਘ ਨੂੰ ਕਿਹਾ, "ਕੰਧਾਰੂ! ਤੂੰ ਮਨੁੱਖਾਂ ਦੇ ਮਾਰਨ ਦੇ ਬਾਨ੍ਹਣੂੰ ਬੰਨ੍ਹ ਰਿਹਾ ਹੈਂ। ਉਹ ਕਿਹੜੀ ਥਾਂ ਹੈ ਜਿੱਥੇ ਮੈਂ ਨਹੀਂ। ਉਹ ਕਿਹੜਾ ਜੀਵ ਹੈ ਜਿਸ ਵਿਚ ਮੇਰਾ ਵਾਸਾ ਨਹੀਂ। ਮੈਂ ਰੁੱਖ ਰੁੱਖ, ਪੱਤ ਪੱਤ, ਫੁਲ ਫੁਲ ਵਿਚ ਹਾਂ।" ਇਤਨਾ ਬਚਨ ਕਰ ਸਤਿਗੁਰੂ ਜੀ ਅਲੋਪ ਹੋ ਗਏ।

ਕੰਧਾਰਾ ਸਿੰਘ ਦੀ ਅੱਖ ਖੁਲ੍ਹ ਗਈ। ਓਹੋ ਛਨ, ਓਹੋ ਖੇਸ, ਓਹੋ ਚਾਦਰ, ਓਹੋ ਸ੍ਰਾਹਣਾ, ਸਮਝ ਆ ਗਈ। ਮਨ ਨੂੰ ਧ੍ਰਿਕਾਰਾਂ ਪਾਈਆਂ, "ਪਾਮਰਾ! ਵੇਖ ਸਤਿਗੁਰੂ ਕਿੰਨੀ ਕਿਰਪਾ ਕੀਤੀ ਏ। ਤੈਨੂੰ ਨਰਕ ਤੋਂ ਬਚਾਇਆ ਏ। ਤੈਥੋਂ ਖੂਨ ਹੋ ਜਾਂਦਾ ਤਾਂ ਪਤਾ ਨਹੀਂ ਕਿਹੜੀ ਮੌਤੇ ਮਰਦਾ ਅੱਗੋਂ ਤੋਂ ਕੰਨਾਂ ਨੂੰ ਹੱਥ ਲਾ ਕੇ ਭੁੱਲ ਬਖਸ਼ਾ।"

ਕੰਧਾਰਾ ਸਿੰਘ

Sri Satguru Jagjit Singh Ji eLibrary NamdhariElibrary@gmail.com

# ਬੰਸੀ ਵਾਲਾ

**ਆਪੈ ਗੋਪੀ ਆਪੇ ਕਾਨਾ, ਆਪੇ ਗਊ ਚਰਾਵੈ ਬਾਨਾ।**
**ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀਂ ਇਕੁ ਤਿਲ ਰਗਾ।**
(ਮਾਰੂ ਮਹਲਾ ੫-੧੦੮੩)

**ਗਾਹਿ ਸੂਫੀ ਗਾਹਿ ਜ਼ਾਹਿਦ ਗਾਹਿ ਕਲੰਦਰ ਮੇਂ ਸਵਦ।**
**ਰੰਗ ਹਾਇ ਮੁਖਤਲਿਫ ਦਾਰਦ ਬੁੱਤੇ ਅਗਯਾਰੇ ਮਾਂ।**

ਪੰਡਿਤ ਜੀ ਦੀ ਅੱਖ ਖੁੱਲ੍ਹੀ। ਉੱਠਿਆ ਤੇ ਮੰਜੇ ਤੇ ਬਹਿ ਗਿਆ! ਬੜਾ ਹੈਰਾਨ ਸੀ। ਸੋਚਣ ਲੱਗਾ ਇਹ ਦ੍ਰਿਸ਼ ਕੈਸਾ ਹੈ? ਇਹ ਜੋਤਾਂ ਕੈਸੀਆਂ ਹਨ? ਇਹ ਮਹਾਂ ਪੁਰਸ਼ ਕੌਣ ਹਨ? ਇਹਨਾਂ ਦੇ ਕਦੇ ਦਰਸ਼ਨ ਨਹੀਂ ਹੋਏ। ਹੇ ਰਾਮ! ਹੇ ਰਾਮ! ਤੂੰ ਆਪ ਹੀ ਇਸ ਦਾ ਗਿਆਨ ਕਰਾ। ਇਹਨਾਂ ਵਿਚਾਰਾਂ ਵਿਚ ਡੁੱਬੇ ਪੰਡਤ ਚੌਲਤਾ ਪ੍ਰਸ਼ਾਦ, ਸੁਹੇਵੇ ਸਾਹਿਬ ਨਿਵਾਸੀ ਮੰਜੇ ਤੋਂ ਉਠ ਸੌਚ ਸ਼ਨਾਨ ਵਿਚ ਲੱਗ ਗਏ।

ਇਧਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਹੇਵੇ ਸਾਹਿਬ ਵਿਖੇ ਅਖੰਡ ਪਾਠਾਂ ਦਾ ਪ੍ਰੋਗਰਾਮ ਬਣਾਇਆ। ਸੰਤ ਗੁਰਦਿਆਲ ਸਿੰਘ ਤੇ ਸਾਧੂ ਸਿੰਘ ਪਤਾ ਕਰਨ ਵਾਸਤੇ ਗਏ। ਨੌਹਰੋਂ ਡਾਚੀ ਭਾੜੇ ਤੇ ਕੀਤੀ ਤੇ ਗੁਰ ਅਸਥਾਨ ਵਲ ਰੁਖ ਕੀਤਾ। ਰਾਹ ਵਿਚ ਬੜੀ ਹਨ੍ਹੇਰੀ ਚੱਲੀ। ਇਸ ਹਨ੍ਹੇਰੀ ਸਮੇਂ ਸੁਹੇਵੇ ਸਾਹਿਬ ਨਿਵਾਸੀਆਂ ਨੇ ਖ਼ਾਸ ਚਮਤਕਾਰ ਵੇਖਿਆ। ਗੁਰਦੁਆਰੇ ਦੇ ਨਿਸ਼ਾਨ ਸਾਹਿਬ ਤੇ ਜੋਤ ਜਗਦੀ ਵਖਾਈ ਦਿੱਤੀ। ਇਹ ਜੋਤ ਡੇਰੇ ਦੇ ਮਹੰਤ, ਪਿਲੂ ਮਾਲੀ ਤੇ ਹੋਰ ਸੱਜਣਾਂ ਨੇ ਚੰਗੀ ਤਰ੍ਹਾਂ ਵੇਖੀ।

ਸੰਤ ਗੁਰਦਿਆਲ ਸਿੰਘ ਤੇ ਸਾਧੂ ਸਿੰਘ ਜਗ੍ਹਾ ਵੇਖੀ ਚਾਖੀ ਤੇ ਮੁੜ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋ, ਜਗਾਂ ਬਾਰੇ ਵਾਰਤਾ ਸੁਣਾਈ। ਸਤਿਗੁਰੂ ਜੀ ਨੇ ਅਖੰਡ ਪਾਠ ਚਾਲੂ ਕਰਨ ਦਾ ਹੁਕਮ ਦੇ ਦਿੱਤਾ। ਰਸਦਾਂ ਪੁੱਜ ਗਈਆਂ। ਪਾਠੀ ਵੀ ਚਲੇ ਗਏ ਤੇ ਜੇਠ ਦੀ ਸੰਗਰਾਂਦ 2006 ਨੂੰ ਅਖੰਡ ਪਾਠਾਂ ਦਾ ਪ੍ਰਵਾਹ ਚਲ ਪਿਆ।

ਜਦ ਪੰਡਿਤ ਚੌਲਤਾ ਪ੍ਰਸਾਦ ਨੂੰ ਪਤਾ ਲੱਗਾ ਕਿ ਗੁਰਦੁਆਰੇ ਅਖੰਡ ਪਾਠ ਤੁਰੇ ਹਨ, ਤਦ ਉਹ ਦਰਸ਼ਨ ਕਰਨ ਗਿਆ। ਪਾਠ ਹੁੰਦਿਆਂ ਦੇ ਦਰਸ਼ਨ ਕੀਤੇ। ਜੋਤ ਜਗਦੀ ਤੱਕੀ ਤਾਂ ਸੁਪਨੇ ਵਾਲਾ ਦ੍ਰਿਸ਼ ਸਾਮ੍ਹਣੇ ਆ ਖਲੋਤਾ। ਪਹਿਲਾਂ ਇਕ ਜੋਤ, ਫਿਰ ਅਨੇਕਾਂ ਜੋਤਾਂ, ਮੁੜ ਇਕ ਆਸਣ ਵਿੱਛਿਆ ਤਕਿਆ ਤੇ ਆਸਣ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਸੰਗਤਾਂ

Sri Satguru Jagjit Singh Ji eLibrary NamdhariElibrary@gmail.com

ਦੀ ਗਹਿਮਾ ਗਹਿਮੀ ਵੇਖੀ। ਇਹ ਸਾਰੀ ਝਾਕੀ ਫ਼ਿਲਮ ਵਾਂਗੂ ਇਕ ਦਮ ਅੱਖਾਂ ਅੱਗੋਂ ਲੰਘ ਗਈ। ਪਰ ਬ੍ਰਾਹਮਣੀ ਅਭਿਮਾਨ ਰਾਹ ਮੱਲ ਖਲੋਤਾ। ਕੀ ਬ੍ਰਾਹਮਣਾਂ ਤੋਂ ਬਿਨਾਂ ਦੂਜਿਆਂ ਨੂੰ ਧਰਮ ਕਰਮ ਦਾ ਕੋਈ ਗਿਆਨ ਹੈ?

ਥੋੜ੍ਹੇ ਦਿਨਾਂ ਪਿੱਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਠਾਂ ਦੀ ਦੇਖਭਾਲ ਵਾਸਤੇ ਸੁਹੇਵੇ ਸਾਹਿਬ ਦੀ ਧਰਤੀ ਨੂੰ ਭਾਗ ਲਾਏ। ਦੀਵਾਨ ਸਜਿਆ। ਪੰਡਿਤ ਜੀ ਵੀ ਦਰਸ਼ਨ ਕਰਨ ਗਏ। ਅਤੇ ਅਖੰਡ ਪਾਠਾਂ ਤੋਂ ਅਰੰਭ ਹੋਣ ਤੋਂ ਪਹਿਲਾਂ ਦਾ ਤਕਿਆ ਦ੍ਰਿਸ਼ਟਾਂਤ ਦਾ ਨਕਸ਼ਾ ਸਾਮ੍ਹਣੇ ਆ ਗਿਆ, ਮਨ ਵਿਚ ਢਾਰਸ ਆਈ। ਪਰ ਪੂਰੀ ਤਸੱਲੀ ਨਾ ਬੱਝੀ। ਪੰਡਿਤ ਜੀ ਦੇ ਭਾਗ ਜਾਗਣੇ ਸ਼ੁਰੂ ਹੋ ਗਏ। ਪੰਡਿਤ ਜੀ ਮੁੜ ਦ੍ਰਿਸ਼ਟਾਂਤ ਹੋਇਆ। ਸੁਪਨੇ ਵਿਚ ਤਿੰਨ ਮੂਰਤੀਆਂ ਵੇਖੀਆਂ ਸ੍ਰੀ ਰਾਮ ਜੀ, ਲਛਮਣ ਜੀ ਤੇ ਸੀਤਾ ਜੀ ਮਗਰ ਝਭਦੇ ਹੀ ਉਹ ਮੂਰਤੀਆਂ ਸਤਿਗੁਰੂ ਪ੍ਰਤਾਪ ਸਿੰਘ, ਭਾਈ ਵਜ਼ੀਰ ਸਿੰਘ ਤੇ ਰਤਨ ਸਿੰਘ ਵਿਚ ਬਦਲ ਗਈਆਂ। ਜਦ ਅੱਖ ਖੁੱਲ੍ਹੀ ਤਾਂ ਅਸਚਰਜ ਅਵਸਥਾ ਵਿਚ ਸੀ।

ਹੌਲੀ ਹੌਲੀ ਪਾਠੀ ਵੱਧਣ ਲੱਗੇ। ਹੋਰ ਸਵਾਰੇ ਸਾਹਿਬ ਖੁੱਲ੍ਹ ਗਏ। ਜੋਤਾਂ ਵਿਚ ਵਾਧਾ ਹੋਇਆ। ਸਾਰਾ ਕਮਰਾ ਜੋਤਾਂ ਨਾਲ ਭਰਪੂਰ ਹੋ ਗਿਆ। ਪੰਡਿਤ ਜੀ ਦਾ ਮਨ ਪ੍ਰੇਰਿਆ ਗਿਆ ਸ਼ਰਧਾ ਵੱਧ ਗਈ। ਇਕ ਰਾਤ ਵਧੇਰੇ ਕਿਰਪਾ ਹੋਈ ਕੀ ਤਕਿਆ ਕਿ ਪਿੰਡ ਦੇ ਬਾਹਰਵਾਰ ਟਿੱਲੇ ਤੇ ਭਗਵਾਨ ਬੰਸਰੀ ਵਜਾ ਰਹੇ ਹਨ। ਸ਼ਰਧਾਲੂ ਵਾਹੋ ਦਾਹੀ ਭੱਜੇ ਜਾ ਰਹੇ ਹਨ। ਚੋਲਤਾ ਪ੍ਰਸ਼ਾਦ ਵੀ ਘਰੋਂ ਨਿਕਲ ਭੀੜ ਮਰਗੇ ਟੁਰ ਪਿਆ। ਕੰਨੀਂ ਮਿੱਠੀ ਮਿੱਠੀ ਧੁੰਨ ਆਈ, ਕਦਮਾਂ ਫੁਰਤੀ ਫੜੀ। ਛੇਤੀ ਛੇਤੀ ਟਿੱਲੇ ਕੋਲ ਪੁੱਜੇ। ਅੱਗੇ ਵੱਧੇ ਤੇ ਦੋਵੇਂ ਹੱਥਾਂ ਨਾਲ ਭਗਵਾਨ ਕ੍ਰਿਸ਼ਨ ਦੇ ਚਰਨਾਂ ਨੂੰ ਛੂਹਿਆ। ਜਦ ਸਿਰ ਚੁੱਕਿਆ ਤਾਂ ਵੇਖਿਆ ਕਿ ਉਹ ਮੁਰਲੀ ਮਨੋਹਰ ਨਹੀਂ, ਸਗੋਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ। ਅੱਖ ਖੁੱਲ੍ਹ ਗਈ। ਵਿਸ਼ਵਾਸ ਹੋ ਗਿਆ ਕਿ ਇਹ ਸਰੂ ਕੱਦੇ, ਕੰਵਲ ਨੇਤਰੇ, ਸੁੰਦਰ ਚਰਨ ਕਮਲਾਂ ਵਾਲੇ ਸਮੇਂ ਦੇ ਅਵਤਾਰ ਹਨ। ਤਰੇਤੇ ·ਤੇ ਦੁਆਪਰ ਦੇ ਵੀ ਇਹੋ ਉਧਾਰ ਕਰਨ ਵਾਲੇ ਸਨ, ਤੇ ਕਲਿਜੁਗ ਦਾ ਉਧਾਰ ਕਰਨ ਵਾਸਤੇ ਗੁਰੂ ਨਾਨਕ ਦਾ ਰੂਪ ਧਾਰਿਆ ਸੀ ਤੇ ਹੁਣ ਇਸ ਜਾਮੇ ਵਿਚ ਸੰਗਤਾਂ ਨੂੰ ਤਾਰ ਰਹੇ ਹਨ।

ਜਦ ਅਖੰਡ ਪਾਠਾਂ ਦੀ ਸਮਾਪਤੀ ਦਾ ਸਮਾਂ ਆਇਆ। ਦੀਵਾਨ ਸਜਿਆ। ਰਾਗੀਆਂ ਕੀਰਤਨ ਅਰੰਭਿਆ ਸਤਿਗੁਰੂ ਜੀ ਆਸਣ ਤੇ ਸ਼ਸ਼ੋਭਤ ਹੋਏ ਤਾਂ ਪੰਡਿਤ ਚੋਲਤਾ ਪ੍ਰਸ਼ਾਦ ਨੂੰ ਦੀਵਾਨ ਵਿਚ ਸਤਿਗੁਰਾਂ ਦੇ ਪਹਿਲਾਂ ਸ੍ਰੀ ਰਾਮ ਜੀ, ਮੁੜ ਸ੍ਰੀ ਕ੍ਰਿਸ਼ਨ ਜੀ ਤੇ ਮੁੜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਝਲਕਾਰੇ ਵਜੇ। ਦਰਸ਼ਨ ਕਰਦਿਆਂ ਮਸਤਾਨਾ ਹੋ ਨੱਚਿਆ ਤੇ ਕਹਿਣ ਲੱਗਾ, 'ਅਬ ਨਹੀਂ ਰੁਕੂੰਗਾ। ਅਬ ਨਹੀਂ ਰੁਕੂੰਗਾ। ਅਬ ਨਈਂ ਰੁਕੂੰਗਾ!" ਕਹਿੰਦਿਆਂ ਕਹਿੰਦਿਆਂ ਉਠ ਖਲੋਤਾ ਤੇ ਸਾਰੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਆਖਿਆ, "ਯਹੀ ਮੂਰਤੀ ਭਗਵਾਨ ਰਾਮ ਹੈ, ਯਹੀ ਭਗਵਾਨ ਕ੍ਰਿਸ਼ਨ ਹੈ, ਯਹੀ ਇਸ ਸਮੇਂ ਕਿ ਮਾਲਿਕ ਸਤਿਗੁਰੂ ਪ੍ਰਤਾਪ ਸਿੰਘ ਜੀ ਹੈਂ।"

ਸਾਧੂ ਸਿੰਘ ਸੁਹੇਲ ਸਾਹਿਬ

Sri Satguru Jagjit Singh Ji eLibrary NamdhariElibrary@gmail.com

## ਸ਼ਹੀਦਾਂ ਦੇ ਸਿਰਤਾਜ

ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧ ਪਾਰਿ ਉਤਾਰਿਆ।
ਲਬੁ ਲੋਭੁ ਕਾਮੁ ਕ੍ਰੋਧ ਮੋਹੁ ਮਾਰ ਕਢੈ ਤੁਧੁ ਸਪਰਵਾਰਿਆ।
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ।
ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ।
ਗੁਰੁ ਡਿਠਾ ਤਾਂ ਮਨੁ ਸਾਧਾਰਿਆ। (ਰਾਮਕਲੀ-੯੬੮)

ਪੰਜਾਬ ਵਿਚ ਭਾਦਰੋਂ ਦੀ ਮੱਸਿਆ ਵਾਲੇ ਦਿਨ ਤਰਨ ਤਾਰਨ ਬੜਾ ਮੇਲਾ ਲੱਗਦਾ ਹੈ। ਲੋਕ ਦੂਰੋਂ ਨੇੜਿਉਂ ਆ ਕੇ ਇਸ਼ਨਾਨ ਕਦੇ ਹਨ ਤੇ ਧੰਨ ਭਾਗ ਜਾਣਦੇ ਹਨ। ਲੋਕਾਂ ਵਿਚ ਆਮ ਪ੍ਰਸਿੱਧ ਹੈ, ਕਿ ਇਸ ਮੱਸਿਆ ਤੇ ਸਿਦਕਵਾਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਹੁੰਦੇ ਹਨ।

ਇਕ ਵੇਰ ਸੰਤ ਚੰਨਨ ਸਿੰਘ ਨੇ ਸੂਬਾ ਹਰਨਾਮ ਸਿੰਘ ਖਿਆਲਾ ਨੂੰ ਕਿਹਾ, "ਸੂਬਾ ਜੀ! ਚਲੋ ਅਸੀਂ ਵੀ ਮੱਸਿਆ ਤਰਨ ਤਾਰਨ ਚਲੀਏ ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਦਰਸ਼ਨ ਕਰੀਏ!" ਸੂਬਾ ਜੀ ਸਹਿਮਤ ਹੋ ਗਏ ਤੇ ਤਰਨ ਤਾਰਨ ਨੂੰ ਰਵਾਨਾ ਹੋ ਗਏ।

ਸੂਬਾ ਜੀ ਤੇ ਉਹਨਾਂ ਦੇ ਸਾਥੀਆਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ, ਦਰਬਾਰ ਸਾਹਿਬ ਜਾ ਕੇ ਸੀਸ ਝੁਕਾ ਕੇ ਮੱਥਾ ਟੇਕਿਆ ਤੇ ਪਿਛਾਂ ਨੂੰ ਪਰਤ ਗਏ। ਜਦ ਪਿੱਛੇ ਪਰਤੇ ਤਾਂ ਕੀ ਵੇਖਦੇ ਹਨ ਕਿ ਟਾਹਲੀ ਹੇਠਾਂ ਪ੍ਰਕਰਮਾ ਤੋਂ ਪਾਸੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਕੱਲੇ ਹੀ ਸ਼ਸ਼ੋਭਤ ਹਨ। ਇਹਨਾਂ ਸਾਰਿਆਂ ਜਾ ਕੇ ਨਮਸ਼ਕਾਰ ਕੀਤੀ। ਬਚਨ ਬਲਾਸ ਹੋਏ ਤੇ ਸੂਬਾ ਜੀ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਬਾਕੀ ਦੇ ਸਰੀਰ ਕਿੱਥੇ ਹਨ? ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਆ ਰਹੇ ਹਨ। ਇਹ ਬਚਨ ਹੀ ਕਰਦੇ ਸਨ ਕਿ ਅੱਖ ਦੀ ਪਲਕ ਵਿਚ ਨ ਓਥੇ ਕੋਈ ਆਸਣ ਤੇ ਨਾ ਹੀ ਸਤਿਗੁਰੂ ਜੀ ਸਨ। ਇਹ ਕੌਤਕ ਵੇਖ ਕੇ ਸਾਰੇ ਹੈਰਾਨ ਰਹਿ ਗਏ। ਇਹਨਾਂ ਨੂੰ ਇਉਂ ਜਾਪਿਆ ਜਿਵੇਂ ਕੋਈ ਸੁਪਨਾ ਵੇਖਿਆ ਹੈ। ਜਦ ਇਹ ਗੱਲ ਬਾਕੀ ਸਾਥੀਆਂ ਨਾਲ ਕੀਤੀ ਤਾਂ ਸਾਰਿਆਂ ਇਕ ਜ਼ਬਾਨ ਹੋ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਦਰਸ਼ਨ ਇਸ ਵਕਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੂਪ ਵਿਚ ਦੇ ਕੇ ਭਾਵਨਾ ਪੂਰੀ ਕਰ ਦਿੱਤੀ ਹੈ।

**ਸੂਬਾ ਹਰਨਾਮ ਸਿੰਘ ਖਿਆਲਾ**

Sri Satguru Jagjit Singh Ji eLibrary NamdhariElibrary@gmail.com

# ਮੀਰੀ ਪੀਰੀ ਦੇ ਮਾਲਕ

**ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰ ਬੈਠਾ ਗੁਰੁ ਭਾਰੀ।**
**ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ।**
**ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ।**
**ਦਲਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ**
(ਵਾਰ ੧, ਪਉੜੀ ੪੮)

ਜ਼ਿਲ੍ਹੇ ਸਿਆਲਕੋਟ ਦੇ ਦੌਰਾ ਸੀ, ਗ਼ਰੀਬ ਨਿਵਾਜ਼ ਜੀ ਸਾਧ ਸੰਗਤ ਨੂੰ ਤਾਰ ਰਹੇ ਸਨ। ਦੌਲੇ ਵਾਲੀ ਦੇ ਭਾਗ ਜਾਗ ਪਏ। ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕੀਤਾ, "ਸੂਬਾ ਸ਼ੇਰ ਸਿੰਘ ਜੀ! ਘਰ ਘਰ ਜਾਣਾ ਮੁਸ਼ਕਲ ਹੈ। ਇੱਕੋ ਥਾਂ ਠੀਕ ਹੈ। ਸਾਰੀ ਸਾਧ ਸੰਗਤ ਇਕ ਥਾਂ ਇਕੱਠੀ ਹੋ ਜਾਵੇ, ਓਥੇ ਦਰਸ਼ਨ ਮੇਲੇ ਹੋ ਜਾਣਗੇ।" ਪਿੰਡ ਦੀ ਧਰਮਸਾਲ ਵਿਚ ਇਕੱਠੇ ਹੋਣ ਦਾ ਫ਼ੈਸਲਾ ਹੋਇਆ। ਸੂਬਾ ਸ਼ੇਰ ਸਿੰਘ, ਸੰਤ ਬਹਾਦਰ ਸਿੰਘ ਤੇ ਹੋਰ ਸੰਗਤਾਂ ਧਰਮਸਾਲ ਵਲ ਹੋ ਟੁਰੀਆਂ।

ਪਿੰਡ ਵਿਚ ਦਾਖ਼ਲ ਹੋਏ ਹੀ ਸਨ ਕਿ ਭਾਈ ਸੰਤਾ ਸਿੰਘ ਆ ਸੀਸ ਝੁਕਾਇਆ ਤੇ ਘੋੜੇ ਦੀ ਵਾਂਗ ਫੜ ਲਈ ਤੇ ਆਪਣੇ ਘਰ ਚਰਨ ਪਾਣ ਵਾਸਤੇ ਬੇਨਤੀ ਕੀਤੀ। ਸੂਬਾ ਜੀ ਵਲ ਸਤਿਗੁਰੂ ਜੀ ਤਕਿਆ, ਪੁੱਛਿਆ ਕਿਉਂ ਭਾਈ?" ਹੁਣੇ ਈ ਬਚਨ ਤੋਂ ਮੁਕਰ ਰਹੇ ਹੋ।" ਸੂਬਾ ਜੀ ਤਾਂ ਕੁਝ ਨਾ ਬੋਲੇ, ਮਗਰ ਸੰਤਾ ਸਿੰਘ ਸਹਿਜੇ ਹੀ ਬੋਲ ਪਿਆ, ਗ਼ਰੀਬ ਨਿਵਾਜ਼! ਸੂਬੇ ਹੋਰਾਂ ਬਚਨ ਕੀਤਾ ਹੋਵੇਗਾ, ਮਗਰ ਮੈਂ ਤਾਂ ਕੋਈ ਬਚਨ ਨਹੀਂ ਕੀਤਾ। ਸੂਬਾ ਜਾਣੇ ਜਾਂ ਤੁਸੀਂ ਜਾਣੋ, ਮੇਰੇ ਘਰ ਤਾਂ ਚਰਨ ਜ਼ਰੂਰ ਪਾਓ।" ਭਗਤਾਂ ਵਸ ਭਗਵਾਨ। ਹੁਣ ਸੰਤਾ ਸਿੰਘ ਦੇ ਘਰ ਜਾਏ ਬਿਨਾ ਕੋਈ ਚਾਰਾ ਨਹੀਂ ਸੀ। ਸਤਿਗੁਰੂ ਜੀ ਸੰਤਾ ਸਿੰਘ ਦੇ ਘਰ ਵਲ ਘੋੜੇ ਨੂੰ ਮੋੜ ਦਿੱਤਾ। ਦਰਵਾਜ਼ੇ ਕੋਲ ਪੁੱਜਦਿਆਂ ਹੀ ਸਿੰਘਣੀ ਨੂੰ ਅਵਾਜ਼ ਮਾਰੀ, "ਭਲੀਏ ਲੋਕਣੇ! ਛੇਤੀ ਕਰ! ਅਕਾਲ ਪੁਰਖ ਘਰ ਆਏ ਨੇ।" ਮਾਈ ਨੇ ਮੰਜਾ ਡਾਹਿਆ। ਉਪਰ ਚਿੱਟਾ ਖੇਸ ਵਿਛਾਇਆ ਤੇ ਸਤਿਗੁਰੂ ਜੀ ਮੰਜੇ ਉਪਰ ਬਹਿ ਗਏ।

ਜਦ ਸਤਿਗੁਰੂ ਜੀ ਆਸਣ ਤੇ ਬ੍ਰਾਜਮਾਨ ਹੋਏ ਤਾਂ ਸੰਤਾ ਸਿੰਘ ਹੱਥ ਬੰਨ੍ਹ ਖਲੋ ਗਿਆ, ਗ਼ਰੀਬ ਨਿਵਾਜ਼! ਘਰ ਸੁੰਞਾ ਸੁੰਞਾ ਏ! ਪੁੱਤਰ ਦੀ ਦਾਤ ਬਖਸ਼ੋ। ਪੁੱਤਰ ਸੰਸਾਰ ਦਾ ਮਿੱਠਾ ਮੇਵਾ ਏ। ਕੋਲ ਹੀ ਮਸਤਾਨਾ ਗਾਂਧਾ ਸਿਘ ਖੜ੍ਹਾ ਸੀ, ਉਸ ਵੀ ਨਿੰਮ੍ਰਤਾ ਸਹਿਤ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਛੇਵੇਂ ਪਾਤਸ਼ਾਹ ਸੁਲੱਖਣੀ ਨੂੰ ਸੱਤ ਪੁੱਤਰ ਬਖਸ਼ੇ ਸਨ। ਆਪ ਵੀ ਇਹਨਾਂ ਤੇ ਮਿਹਰਾਂ

Sri Satguru Jagjit Singh Ji eLibrary NamdhariElibrary@gmail.com

ਕਰੋ!" ਗ਼ਰੀਬ ਨਿਵਾਜ਼ ਮੁਸਕਰਾਏ ਤੇ ਆਖਿਆ, "ਭਾਈ! ਇਹ ਛੇਵੇਂ ਪਾਤਸ਼ਾਹ ਸਨ। ਮੈਂ ਉਹਨਾਂ ਦੀ ਕੀ ਬਰਾਬਰੀ ਕਰ ਸਕਦਾ ਹਾਂ।" ਮਸਤਾਨਾ ਰਹਿ ਨਾ ਸਕਿਆ ਤੇ ਮੁੜ ਹਸਦਿਆਂ ਹਸਦਿਆਂ ਅਰਜ਼ ਕੀਤੀ, ਚੰਗਾ ਮਹਾਰਾਜ ਜੀ! ਜੇ ਤੁਸੀਂ ਗੁਰੂ ਹਰਿਗੋਬਿੰਦ ਦੇ ਬਰਾਬਰ ਨਾ ਸਹੀ ਤਾਂ ਅੱਧੇ ਹੀ ਸਹੀ, ਸੱਤ ਨਾ ਸਹੀ ਤੁਸੀਂ ਤਿੰਨਾਂ ਦੀ ਦਿਆਲਤਾ ਕਰ ਦਿਓ।" ਗ਼ਰੀਬ ਨਿਵਾਜ਼ ਜੀ ਮੁਸਕਰਾ ਪਏ ਤੇ ਸੰਤ ਬਹਾਦਰ ਸਿੰਘ ਹੁਰਾਂ ਨੂੰ ਅਰਦਾਸਾ ਸੋਧਣ ਦਾ ਹੁਕਮ ਦਿੱਤਾ। ਮਸਤਾਨਾ ਮਸਤਾਨਾ ਹੀ ਸੀ। ਜੇ ਪਹਿਲੇ ਬਚਨ ਤੇ ਪੱਕਾ ਰਹਿੰਦਾ ਤਾਂ ਛੇਵੇਂ ਪਾਤਸ਼ਾਹ ਵਾਂਗੂ ਸੱਤ ਪੁੱਤਰਾਂ ਦੀ ਮਿਹਰ ਹੋਣੀ ਸੀ, ਮਗਰ ਮੂੰਹੋਂ ਨਿਕਲਿਆ ਬਚਨ ਵਾਪਸ ਨਹੀਂ ਆ ਸਕਦਾ ਸੀ। ਸਮਾਂ ਪਾ ਕੇ ਤਿੰਨ ਪੁੱਤਰ ਹੋਏ। ਸੰਤਾ ਸਿੰਘ ਨੇ ਉਹਨਾਂ ਦੇ ਨਾਉਂ ਟਹਿਲ ਸਿੰਘ, ਮਹਿਲ ਸਿੰਘ, ਤੇ ਸੇਵਾ ਸਿੰਘ ਰੱਖੇ। ਗਦ ਗਦ ਹੋ ਨੱਚਿਆ। ਬੜੇ ਚਾਉ ਨਾਲ ਇਕ ਵਹਿੜ ਪਾਲੀ। ਉਸਦੀ ਉਹ ਮਾਲਿਸ਼ ਕਰਦਾ। ਉਸਦਾ ਇਸ਼ਨਾਨ ਕਰਾਉਂਦਾ। ਚੰਗਾ ਪੱਠਾ ਦੱਥਾ ਪਾਉਂਦਾ। ਗਊ ਰੱਜ ਕੱਜ ਕੇ ਸੁੰਦਰ ਨਿਕਲੀ। ਉਸਦਾ ਸ਼ਰੀਰ ਸ਼ੀਸ਼ੇ ਵਾਂਗੂ ਲਿਸ਼ਕਾਂ ਮਾਰਦਾ। ਸੰਤਾ ਸਿੰਘ ਦੀਵਾਨ ਵਿਚ ਹਾਜ਼ਰ ਹੋ ਉਹ ਗਊ ਮੱਥਾ ਟੇਕ ਦਿੱਤੀ ਤੇ ਨਿੰਮ੍ਰਤਾ ਨਾਲ ਹੱਥ ਜੋੜ ਸਜਲ ਨੇਤਰਾਂ ਸਹਿਤ ਬੋਲਿਆ, 'ਗ਼ਰੀਬ ਨਿਵਾਜ਼! ਗਾਂਧਾ ਸਿੰਘ ਬਚਨ ਕੀਤਾ ਸੀ, ਤੁਸੀਂ ਗੁਰੂ ਹਰਿਗੋਬਿੰਦ ਜੀ ਦੇ ਅੱਧ ਹੀ ਸਹੀ, ਪਰ ਤੁਸੀਂ ਤਾਂ ਪੂਰਨ ਤੌਰ ਤੇ ਮੀਰੀ ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਹੋ।

**ਪੰਡਤ ਗੋਪਾਲ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਕਲਗ਼ੀ ਵਾਲੇ

**ਓਹ ਗੁਰ ਗੋਬਿੰਦ ਹੁਇ ਪ੍ਰਗਟਿਆ ਦਸਵੇਂ ਅਵਤਾਰਾ।**
**ਜਿਨ ਅਲਖ ਅਕਾਲ ਨਿਰੰਜਨਾਂ, ਜਪਿਓ ਕਰਤਾਰਾ।**
**ਨਿਜ ਪੰਥ ਚਲਾਇਉ ਖਾਲਸਾ, ਧਰਿ ਤੇਜ ਕਰਾਰਾ।**
**ਸਿਰ ਕੇਸ ਧਾਰਿ, ਗਹਿ ਖੜਗ ਕੋ, ਸਭ ਦੁਸ਼ਟ ਪਛਾਰਾ।**
(ਵਾਰ ੪੧, ਪਉੜੀ ੧੫)

ਭਾਈ ਊਦਮ ਸਿੰਘ 1949 ਈ. ਵਿਚ ਸੈਂਟਰ ਟਰੈਕਟਰ ਔਰਗਨਾਈਜੇਸ਼ਨ, ਨਵੀਂ ਦਿੱਲੀ ਵਿਚ ਨੌਕਰ ਸੀ। ਇਨ੍ਹਾਂ ਕੁਝ ਸੱਜਣਾਂ ਸਮੇਤ ਹਜ਼ੂਰ ਸਾਹਿਬ ਦੇ ਦਰਸ਼ਨਾਂ ਦਾ ਪ੍ਰੋਗਰਾਮ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਵਸ ਇਨ੍ਹਾਂ ਨੇ ਬੰਬਈ ਵਿਚ ਮਣਾਇਆ। ਪੁਰਬ ਮਨਾ ਕੇ ਹਜ਼ੂਰ ਸਾਹਿਬ ਪੁੱਜੇ ਤੇ ਬਾਬੇ ਨਿਧਾਨ ਸਿੰਘ ਦੇ ਡੇਰੇ ਆਪਣਾ ਉਤਾਰਾ ਕੀਤਾ। ਸਵੇਰੇ ਉੱਠੇ, ਇਸ਼ਨਾਨ ਕੀਤਾ, ਕੀਰਤਨ ਸੁਣਿਆ ਤੇ ਇਤਿਹਾਸਕ ਥਾਵਾਂ ਦੇ ਦਰਸ਼ਨ ਕੀਤੇ। ਕਈਆਂ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ।

ਇਕ ਦਿਨ ਵੱਡੇ ਪੁਜਾਰੀ ਨਾਲ ਵਾਰਤਾਲਾਪ ਹੋਈ, ਉਨ੍ਹਾਂ ਇਹ ਕਿਹਾ ਇਸ ਸਥਾਨ ਤੇ ਦਸਮ ਪਾਤਸ਼ਾਹ ਜੀ ਨੇ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਬਖਸ਼ੀ ਸੀ। ਤਾਂ ਜਥੇਦਾਰ ਊਦਮ ਸਿੰਘ ਨੇ ਨਿੰਮ੍ਰਤਾ ਸਹਿਤ ਅਰਜ਼ ਕੀਤੀ 'ਸਾਨੂੰ ਉਸ ਗ੍ਰੰਥ ਸਾਹਿਬ ਦੇ ਦਰਸ਼ਨ ਕਰਾਓ, ਜਿਸਨੂੰ ਦਸਮ ਪਾਤਸ਼ਾਹ ਜੀ ਨੇ ਗੁਰ-ਗੱਦੀ ਬਖਸ਼ੀ ਸੀ।" ਇਹ ਸੁਣ ਪੁਜਾਰੀ ਕੁਝ ਝਿਜਕ ਗਿਆ ਤੇ ਆਖਿਆ 'ਇਸਦਾ ਮੈਨੂੰ ਕੋਈ ਥਹੁ ਪਤਾ ਨਹੀਂ।' ਜਦ ਉਨ੍ਹਾਂ ਪਾਸੋਂ ਜੋਤੀ ਜੋਤ ਸਮਾਉਣ ਬਾਰੇ ਪੁੱਛਿਆ ਤਾਂ ਵੀ ਕੋਈ ਤਸੱਲੀ ਬਖਸ਼ ਉੱਤਰ ਨਾ ਬਣਿਆ ਕੇਵਲ ਇਤਨਾ ਕਿਹਾ 'ਇਨ੍ਹਾਂ ਦੋਹਾਂ ਗੱਲਾਂ ਦਾ ਝਮੇਲਾ ਈ ਏ। ਕਿਹਾ 'ਸ੍ਰੀਮਾਨ ਜੀ! ਜਿਹੜਾ ਸੱਜਣ ਅੰਮ੍ਰਿਤ ਵੇਲੇ ਗੁਦਾਵਰੀ ਤੇ ਇਸ਼ਨਾਨ ਕਰਦਾ ਹੈ, ਉਸਨੂੰ ਪੰਜਾਂ ਪਿਆਰਿਆਂ ਦੇ ਦਰਸ਼ਨ ਹੁੰਦੇ ਹਨ, ਤੇ ਜੇ ਕੋਈ ਗੁਦਾਵਰੀ ਤੇ ਇਸ਼ਨਾਨ ਕਰ, ਸੱਚਖੰਡ ਅੱਗੇ ਚੌਕੜਾ ਮਾਰ ਦਸਮ ਪਾਤਸ਼ਾਹ ਜੀ ਦੇ ਚਰਨਾਂ ਵਲ ਧਿਆਨ ਧਰੇ ਤਾਂ ਕਲਗੀਆਂ ਵਾਲੇ ਜੀ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ।'

ਜਥੇਦਾਰ ਊਦਮ ਸਿੰਘ ਨੇ ਇਹ ਸਭ ਕੁਝ ਅਜਮਾਉਣਾ ਚਾਹਿਆ। ਇਕ ਦਿਨ ਹੌਸਲਾ ਕਰ ਅੰਮ੍ਰਿਤ ਵੇਲੇ ਗੁਦਾਵਰੀ ਵਲ ਗਿਆ ਮਗਰ ਰਾਹ ਵਿੱਚੋਂ ਮੁੜ ਆਇਆ ਭੈ ਨੇ ਅੱਗੇ ਨਾ ਜਾਣ ਦਿੱਤਾ। ਫੇਰ ਦੂਸਰੇ ਦਿਨ ਦਿਲ ਨੂੰ ਤਕੜਾ ਕਰ ਇਕੱਲਿਆਂ ਉਠ ਟੁਰਿਆ ਤੇ ਜਾ ਟੁੱਬਾ ਮਾਰਿਆ ਪੰਜਾਂ ਪਿਆਰਿਆਂ ਦੇ ਦਰਸ਼ਨ ਤਾਂ ਨਾ ਹੋਏ ਮਗਰ ਸੱਚਖੰਡ ਗੁਰਦੁਆਰੇ ਅੱਗੇ ਚੌਂਕੜਾ ਜਾ

Sri Satguru Jagjit Singh Ji eLibrary NamdhariElibrary@gmail.com

ਮਾਰਿਆ। ਦਸਵੇਂ ਪਾਤਸ਼ਾਹ ਦੇ ਚਰਨਾਂ ਵਲ ਧਿਆਨ ਧਰਿਆ। ਪੁਜਾਰੀ ਆਏ ਤੇ ਦਰਵਾਜ਼ਾ ਖੋਹਲ ਅੰਦਰ ਚਲੇ ਗਏ। ਕਾਫ਼ੀ ਸਮੇਂ ਉਪਰੰਤ ਜਦ ਪੁਜਾਰੀ ਨੇ ਬੂਹਾ ਖੋਲ੍ਹਿਆ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ, ਚਿੱਟੇ ਬਸਤਰ ਪਹਿਨੇ ਹੱਥ ਵਿਚ ਮਾਲਾ, ਮੁਸਕਾਂਦਿਆਂ ਮੁਸਕਾਂਦਿਆਂ ਦੇ ਦਰਸ਼ਨ ਹੋਏ। ਪਹਿਲਾਂ ਤਾਂ ਭਾਈ ਊਦਮ ਸਿੰਘ ਜੀ ਖ਼ਿਆਲ ਕੀਤਾ, ਕਿ ਇਹ ਮੇਰੇ ਮਨ ਦੇ ਤਸੱਵਰ ਦਾ ਨਤੀਜਾ ਹੈ। ਫੇਰ ਨੇਤਰ ਬੰਦ ਕਰ ਲਏ ਤੇ ਅਰਾਧਣਾ ਸ਼ੁਰੂ ਕੀਤੀ ਮਗਰ ਮੁੜ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ! ਤੀਜੀ ਵੇਰ ਮੁੜ ਦਸਮ ਪਾਤਸ਼ਾਹ ਜੀ ਦੇ ਚਰਨਾਂ ਵਲ ਧਿਆਨ ਧਰਿਆ ਪਰ ਫੇਰ ਵੀ ਓਹੋ ਸ੍ਰੀ ਭੈਣੀ ਸਾਹਿਬ ਦੇ ਮਾਲਿਕਾਂ ਦੀ ਮੂਰਤੀ ਦੇ ਖਿੜੇ ਮਥੇ ਦਰਸ਼ਨ ਹੋਏ। ਓਸੇ ਵੇਲੇ ਸੰਤ ਰਤਨ ਸਿੰਘ ਦੇ ਬਚਨ, ਜਿਹੜੇ ਉਨ੍ਹਾਂ ਤੁਰਨ ਵੇਲੇ ਕੀਤੇ ਸਨ, ਕੰਨਾਂ ਵਿਚ ਗੂੰਜਣ ਲੱਗ ਪਏ, 'ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਤਾਂ ਤੈਨੂੰ ਹੋ ਰਹੇ ਹਨ, ਐਵੇਂ ਕਰਾਇਆ ਪੁਟਣਾ ਈ ਤਾਂ ਪੁਟ ਆ।'

ਦਰਸ਼ਨ ਕਰ ਸਾਥੀਆਂ ਸਮੇਤ ਮੁੜਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿੱਲੀ ਆਕੇ ਭਾਗ ਲਾਏ। ਜਥੇਦਾਰ ਦਰਸ਼ਨਾਂ ਨੂੰ ਗਿਆ। ਸੀਸ ਨਿਵਾਇਆ ਤਾਂ ਉਨ੍ਹਾਂ ਮੁਸਕਰਾਂਦਿਆਂ ਪੁੱਛਿਆ "ਸੁਣਾ ਜਥੇਦਾਰਾ! ਹਜ਼ੂਰ ਸਾਹਿਬ ਕੀ ਕੁਝ ਵੇਖਿਆ ਚਾਖਿਆ?" ਸੰਤ ਊਧਮ ਸਿੰਘ ਦੇ ਨੇਤਰ ਸਜਲ ਹੋ ਗਏ ਤੇ ਕੇਵਲ ਇਤਨਾ ਕਹਿ ਸਕਿਆ "ਸੱਚੇ ਪਾਤਸ਼ਾਹ ਜੀ! ਜੋ ਤੁਸੀਂ ਵਖਾਇਆ ਵੇਖਿਆ ਤੇ ਜੋ ਤੁਸਾਂ ਜਣਾਇਆ ਉਹ ਜਾਣਿਆ।"

**ਊਧਮ ਸਿੰਘ**
ਸ੍ਰੀ ਜੀਵਨ ਨਗਰ

Sri Satguru Jagjit Singh Ji eLibrary NamdhariElibrary@gmail.com

# ਫ਼ੌਜਾਂ ਵਾਲੇ

ਗਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜ਼ਿਲ੍ਹਾ ਸਿਆਲਕੋਟ ਦੇ ਇਲਾਕੇ ਨੂੰ ਤਾਰਦੇ ਦੀਆਂਵਲੀ ਤੋਂ ਖੰਡੂਵਾਲੀ ਆਉਂਦੀ ਸੀ। ਸਭ ਸੰਗਤਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸੰਗਤ ਵਿਚ ਭਾਈ ਇਕਬਾਲ ਸਿੰਘ ਸ਼ਤਾਬਗੜ੍ਹੀਆਂ ਖੜ੍ਹਾ ਸੀ। ਜਦ ਉਸਨੇ ਇਹ ਖ਼ਬਰ ਸੁਣੀ ਤਾਂ ਉਸਦੇ ਹੰਕਾਰ ਦਾ ਪਾਰਾ 200 ਡਿਗਰੀ ਤਕ ਚੜ੍ਹ ਗਿਆ ਤੇ ਆਖਿਆ "ਬੰਦੇ ਦਾ ਬੰਦੇ ਨੂੰ ਮੱਥਾ ਟੇਕਣਾ ਕਿਤਨੀ ਮੂਰਖਤਾ ਹੈ।" ਹਾਲਾਂਕਿ ਰੱਬੀ ਬਾਣੀ ਇਸ ਗੱਲ ਤੇ ਜ਼ੋਰ ਦੇਂਦੀ ਹੈ ਕਿ:-

**ਜੋ ਦੀਸੈ ਗੁਰ ਸਿਖੜਾ ਤਿਸ ਨਿਵ ਨਿਵ ਲਾਗੈ ਪਾਏ ਜੀਓ।**

ਪਰ ਸਤਿਗੁਰੂ ਜੀ ਤਾਂ ਸਿੱਖ ਪੈਦਾ ਕਰਨ ਵਾਲੇ ਹਨ। ਉਸ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਤੋਂ ਪਿੱਛੋਂ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ" ਮੈਂ ਸਿੱਖਾਂ ਵਾਲੀ ਫਤਹ ਬੁਲਾਵਾਂਗਾ।"

ਇਹ ਗੱਲਾਂਬਾਤਾਂ ਚੱਲ ਰਹੀਆਂ ਸਨ ਕਿ ਸਤਿਗੁਰੂ ਜੀ ਆ ਗਏ। ਸੰਗਤਾਂ ਖ਼ੁਸ਼ੀ ਨਾਲ ਆਕਾਸ਼ ਕੰਬਾਊ ਜੈਕਾਰੇ ਛੱਡੇ। ਸਤਿਗੁਰੂ ਜੀ ਜਦ ਸਾਹਮਣੇ ਆਏ ਤਾਂ ਸਭ ਤੋਂ ਪਹਿਲਾਂ ਮੱਥਾ ਟੇਕਣ ਵਾਲਾ ਸ੍ਰ: ਇਕਬਾਲ ਸਿੰਘ ਸੀ। ਸਾਰੀ ਸੰਗਤ ਵਾਰੀ ਵਾਰੀ ਸਤਿਗੁਰਾਂ ਦੇ ਚਰਨ ਪਰਸੇ ਤੇ ਆਪਣੇ ਦੇਹ ਨੂੰ ਪਵਿੱਤਰ ਕੀਤਾ। ਜਦ ਜ਼ਰਾ ਵਿਹਲ ਹੋਈ ਅਤੇ ਸਤਿਗੁਰੂ ਜੀ ਆਰਾਮ-ਸਥਾਨ ਤੇ ਚਲੇ ਗਏ ਤਾਂ ਸਾਥੀਆਂ ਪੁੱਛਿਆ, "ਸਰਦਾਰਾ! ਤੂੰ ਤਾਂ ਬੜੀਆਂ ਡੀਂਗਾਂ ਮਾਰਦਾ ਸੈਂ! ਬੰਦੇ ਨੂੰ ਬੰਦੇ ਦਾ ਮੱਥਾ ਟੇਕਣਾ ਮੂਰਖਤਾ ਹੈ। ਹੁਣ ਕੀ ਹੋਇਆ?" ਤਾਂ ਸ੍ਰ: ਇਕਬਾਲ ਸਿੰਘ ਬੜੇ ਠਰੰਮੇ ਨਾਲ ਉੱਤਰ ਦਿੱਤਾ ਕਿ ਮੈਂ ਤਾਂ ਕਿਸੇ ਬੰਦੇ ਨੂੰ ਮੱਥਾ ਨਹੀਂ ਟੇਕਿਆ। ਮੈਂ ਤਾਂ ਫ਼ੌਜਾਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਸੀਸ ਰੱਖਿਆ ਹੈ। ਜਦ ਸਤਿਗੁਰੂ ਜੀ ਘੋੜੇ ਤੇ ਆ ਰਹੇ ਸਨ ਤਾਂ ਮੈਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ। ਮੈਂ ਰਹਿ ਨਹੀਂ ਸਕਿਆ।" ਮਨ ਵਿਚ ਯਕੀਨ ਹੋ ਗਿਆ ਕਿ ਇਹੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਕੰਨ ਅੱਗੇ ਕਰ ਭਜਨ ਪੁੱਛ ਲਿਆ ਤੇ ਮਨੁੱਖ ਤੋਂ ਦੇਵਤਾ ਬਣ ਗਿਆ।।

**ਪੰ: ਗੋਪਾਲ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਨਿਹੰਗ ਦੇ ਸਤਿਗੁਰੂ

ਬਿਰਦ ਬਾਣੇ ਦੀ ਲਾਜ ਰੱਖਣ ਵਾਲੇ ਗ਼ਰੀਬ ਨਿਵਾਜ਼, ਮਨੋਕਾਮਨਾ ਪੂਰਨਹਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਲਵੇ ਦੀ ਧਰਤੀ ਨੂੰ ਭਾਗ ਲਾ ਰਹੇ ਸਨ। ਬੁਰਜ ਧਰੋੜ ਜ਼ਿਲ੍ਹਾ ਪਟਿਆਲਾ ਵਿਚ ਦਰਸ਼ਨ ਦੇ ਰਹੇ ਸਨ। ਇਸਤੋਂ ਉਪਰੰਤ ਕੋਠਾ ਗੁਰੂ ਕੇ ਦੇ ਭਾਗ ਜਾਗਣੇ ਸਨ। ਸੰਗਤਾਂ ਗੁਰੂ ਕੇ ਕੋਠੇ ਵੱਲ ਵਹੀਰਾਂ ਘੜ ਦਿੱਤੀਆਂ। ਨਗਰ ਨਿਵਾਸੀਆਂ ਗਲੀ ਕੂਚੇ ਸਾਫ਼ ਕਰ ਲਏ। ਸਵੱਛ ਬਸਤਰ ਪਾ ਲਏ ਤੇ ਛੱਤਾਂ ਤੇ ਚੜ੍ਹ ਲੱਗੇ ਔਸੀਆਂ ਪਾਣ। ਅੱਖਾਂ ਰਾਹ ਵਿਚ ਵਿਛਾ ਦਿੱਤੀਆਂ। ਸਭ ਦੀ ਇੱਛਾ ਸੀ ਕਿ ਪਹਿਲਾਂ ਮੈਂ ਸਤਿਗੁਰਾਂ ਦੇ ਚਰਨ ਪਰਸਾਂ।

ਕੋਠੇ ਗੁਰੂ ਦੇ ਬਾਹਰ ਵਾਰ ਭਾਈ ਧਰਮ ਸਿੰਘ "ਨਿਹੰਗ" ਰਹਿੰਦਾ ਸੀ। ਉਹ ਕੇਵਲ ਨਾਉਂ ਦਾ ਹੀ ਨਿਹੰਗ ਨਹੀਂ ਸੀ, ਸਗੋਂ ਅਮਲ ਵਿਚ ਵੀ ਨਿਹੰਗ ਸੀ। ਲੰਮਾ, ਚੌੜਾ, ਗੋਰਾ ਨਿਛੋਹ, ਨੱਕ ਤੋਤੇ ਵਰਗਾ, ਨੇਤਰ ਮੋਟੇ, ਰਜਕੇ ਸੁਹਣਾ, ਗਰਜਵੀਂ ਆਵਾਜ਼, ਨਿਧੜਕ ਬੇਖੌਫ਼। ਬਸਤਰ ਸਦਾ ਚਿੱਟੇ ਕੇਵਲ ਸਿਰ ਤੇ ਨੀਲੀ ਦਸਤਾਰ। ਜਦ ਕਦੇ ਹੱਲੇ ਦਾ ਦੀਵਾਨ ਲਾਂਦਾ ਸੰਗਤਾਂ ਵਿਚ ਬੀਰ ਰਸ ਚੜ੍ਹ ਜਾਂਦਾ, ਸੂਤਰੀਏ ਫਟਕ ਫਟਕ ਪੈਣ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਭੌਰਾ। ਪਰਲੇ ਦਰਜੇ ਦਾ ਆਸ਼ਿਕ।

ਉਸ ਨਾਲ ਕਿਸੇ ਗੱਲੋਂ ਪਿੰਡ ਵਾਲੇ ਨਾਰਾਜ ਹੋ ਗਏ। ਉਸ ਪਿੰਡ ਜਾਣਾ ਛੱਡ ਦਿੱਤਾ ਤੇ ਬਾਹਰ ਕੁਟੀਆ ਪਾ ਕੇ ਰਹਿਣ ਲੱਗ ਪਿਆ। ਮਨ ਵਿਚ ਮੈਲ ਨਹੀਂ। ਜੋ ਆਵੇ ਉਸੇ ਤੇ ਨਿਰਬਾਹ। ਸ਼ੁਕਰ! ਸ਼ੁਕਰ! ਸਤਿਗੁਰੂ ਜੀ ਦਾ ਆਉਣਾ ਸੁਣ ਸੋਚਾਂ ਦ ਸਾਗਰ ਵਿਚ ਡੋਬੂ ਖਾਣ ਲੱਗਾ ਕਿ ਕੀ ਕਰਾਂ, ਕਿਵੇਂ ਕਰਾਂ! ਮੈਨੂੰ ਸਤਿਗੁਰੂ ਜੀ ਦੇ ਕਿਵੇਂ ਦਰਸ਼ਨ ਹੋਣਗੇ। ਹੇ ਘਟਿ ਘਟਿ ਵਾਸੀ, ਅੰਤਰਜਾਮੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਆਪ ਹੀ ਕਿਰਪਾ ਕਰੋ। ਮੈਂ ਦਰਸ਼ਨਾਂ ਤੋਂ ਵਾਂਝਿਆ ਰਹਿ ਨਾ ਜਾਵਾਂ। ਘਰਾਂ ਵਾਲਿਆਂ ਨੂੰ ਘਰਾਂ ਦਾ ਮਾਣ, ਜ਼ਮੀਨਾਂ ਵਾਲਿਆਂ ਨੂੰ ਜ਼ਮੀਨਾਂ ਦਾ ਮਾਣ। ਮੈਨੂੰ ਕਾਹਦਾ ਮਾਣ। ਮੈਨੂੰ ਤੇਰਾ ਮਾਣ। ਤੂੰ ਨਿਮਾਣਿਆਂ ਦਾ ਮਾਣ। ਤੂੰ ਨਿਥਾਵਿਆਂ ਦਾ ਥਾਂ। ਤੂੰ ਨਿਆਸਰਿਆਂ ਦਾ ਆਸਰਾ! ਅਰਦਾਸ ਪੁੱਜ ਗਈ, ਅਰਦਾਸ ਸੁਣੀ ਗਈ, ਅਰਦਾਸ ਪ੍ਰਵਾਨ ਹੋਈ।

ਸਤਿਗੁਰੂ ਜੀ ਜਦ ਭਗਤਿਉਂ ਕੋਠੇ ਗੁਰੂ ਕੇ ਦੇ ਰਾਹ ਵਲ ਆਏ ਤਾਂ ਪਿੰਡ ਦੇ ਰਾਹ ਨੂੰ ਛੱਡ ਦਿੱਤਾ। ਸਿੱਧਾ ਵਾਹਣਾ ਵਿਚ ਘੋੜੇ ਨੂੰ ਛੱਡ ਦਿੱਤਾ। ਪਿੱਛੇ

Sri Satguru Jagjit Singh Ji eLibrary NamdhariElibrary@gmail.com

ਭਾਈ ਵਜ਼ੀਰ ਸਿੰਘ, ਰਤਨ ਸਿੰਘ ਤੇ ਬਾਕੀ ਸੰਗਤਾਂ। ਸਭ ਮਗਰ ਲੱਗ ਟੁਰੀਆਂ। ਕੋਈ ਸਾਹਿਬਾਂ ਨੂੰ ਆਖ ਨਾ ਸਕੇ - ਇਉਂ ਨਹੀਂ ਇੰਝ ਕਰ। ਸਤਿਗੁਰਾਂ ਦਾ ਘੋੜਾ ਧਰਮ ਸਿੰਘ ਦੇ ਡੇਰੇ ਦੇ ਫਾਟਕ ਦੇ ਸਾਹਮਣੇ ਜਾ ਖਲੋਤਾ। ਦਿਲ ਦਿਲਾਂ ਨੂੰ ਰਾਹ। ਧਰਮ ਸਿੰਘ ਘੋੜਿਆਂ ਦੀ ਟਾਪਾਂ ਸੁਣ, ਉਠਕੇ ਫਾਟਕ ਕੋਲ ਪੁੱਜਾ, ਦਰਸ਼ਨ ਕਰ ਗਦ ਗਦ ਹੋ ਉੱਠਿਆ। ਖ਼ੁਸ਼ੀ ਸਾਂਭੀ ਨਾ ਜਾਵੇ। ਮਸਤਾਨਾ ਹੋ ਨੱਚਿਆ ਤੇ ਲੱਗਾ ਕੂਕਣ, ਲੋਕਾਈਏ! ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਘਟਿ ਘਟਿ ਦੇ ਅੰਤਰ ਦੀ ਜਾਨਤ ਇਹੋ ਗੁਰੂ ਨਾਨਕ! ਇਹੋ ਗੁਰੂ ਗੋਬਿੰਦ ਸਿੰਘ! ਇਹ ਹਨ ਹਰ ਥਾਂ ਰਮੇ ਰਾਮ, ਜਿਹੜੇ ਜਗਿਆਸੂਆਂ ਨੂੰ ਤਾਰਨ ਖ਼ਾਤਰ, ਪਿੰਡ ਪਿੰਡ, ਸ਼ਹਿਰ ਸ਼ਹਿਰ, ਢਾਣੀ ਢਾਣੀ ਜਾਕੇ ਮੇਰੇ ਵਰਗੇ ਲੱਖਾਂ ਪਾਪੀਆਂ ਦਾ ਉਧਾਰ ਕਰ ਰਹੇ ਹਨ।"

**ਅਮਰ ਸਿੰਘ**

ਦਮਦਮਾ

Sri Satguru Jagjit Singh Ji eLibrary NamdhariElibrary@gmail.com

# ਹਜ਼ਰਤ ਬਾਬਾ ਨਾਨਕ

ਗ੍ਰੀਬੋਂ ਬੇਨਿਵਾਉਂ ਕਾ ਸਹਾਰਾ ਹੈ ਗੁਰੂ ਨਾਨਕ
ਜਹਾਨੇ ਮਾਰਫਤ ਕਾ ਇੱਕ ਸਤਾਰਾ ਹੈ ਗੁਰੂ ਨਾਨਕ
ਹਰ ਇਕ ਮਾਯੂਸ ਦਿਲ ਕੋ ਐ ਵਫਾ ਤੁਮ ਜਾਕੇ ਕਹਿ ਦੋ
ਅਗਰ ਕੋਈ ਨਹੀਂ ਤੋ ਫਿਰ ਤੁਮ੍ਹਾਰਾ ਹੈ ਗੁਰੂ ਨਾਨ
(ਆਰ.ਡੀ. ਸਿਆਲ)

ਰਾਏ ਬੁਲਾਰ ਨਨਕਾਣੇ ਸਾਹਿਬ ਦੇ ਚੌਧਰੀ ਨੂੰ ਜਿਵੇਂ ਬਾਲ ਨਾਨਕ ਵਿਚ ਅੱਲਾ ਦੇ ਨੂਰ ਦਾ ਝਲਕਾਰਾ ਵੱਜਾ, ਭੀਖਣ ਸ਼ਾਹ ਨੂੰ ਗੋਬਿੰਦ ਰਾਏ ਵਿਚ ਇਲਾਹੀ ਜੋਤ ਨਜ਼ਰੀਂ ਆਈ ਸੀ, ਤਿਵੇਂ ਲਾਹੌਰ ਦੇ ਵੈਟਰਨਰੀ ਸਰਜਨ ਚੌਧਰੀ ਮੁਸ਼ਤਾਕ ਅਹਿਮਦ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਚ ਰੱਬੀ ਜਲਾਲ ਦੇ ਦੀਦਾਰੇ ਹੋਏ। ਉਸਨੇ ਪਹਿਲੀ ਝਲਕ ਵਿਚ ਹੀ ਦਿਲ ਦੀ ਦੌਲਤ ਚਰਨਾਂ ਤੇ ਨਿਛਾਵਰ ਕਰ ਦਿੱਤੀ। ਜਦ ਪਤਾ ਲੱਗਾ ਸੱਚੇ ਪਾਤਸ਼ਾਹ ਲਾਹੌਰ ਆਏ ਹਨ, ਇਹ ਸੌ ਕੰਮ ਛੱਡਕੇ ਕੋਠੀ ਜਾਂਦਾ, ਦਰਸ਼ਨ ਕਰਦਾ ਤੇ ਚਰਨ ਚੁੰਮਦਾ।

ਦੇਵਨੇਤ ਡਾਕਟਰ ਸਾਹਿਬ ਦਾ ਵਿਚਕਾਰਲਾ ਬੱਚਾ ਬਿਮਾਰ ਹੋ ਗਿਆ। ਬਥੇਰਾ ਇਲਾਜ ਕੀਤਾ, ਪਰ ਆਰਾਮ ਨਾ ਹੋਇਆ। ਜਦ ਮਨੁੱਖ ਦੀ ਆਪਣੀ ਅਕਲ ਹਾਰ ਜਾਵੇ ਤਦ ਰੱਬ ਯਾਦ ਆਉਂਦਾ ਹੈ। ਉਸ ਵੀ ਸਤਿਗੁਰੂ ਦੇ ਚਰਨਾਂ ਵੱਲ ਧਿਆਨ ਧਰਿਆ, ਦਰਬਾਰ ਵਿਚ ਹਾਜ਼ਰ ਹੋਇਆ ਤੇ ਅਰਜ਼ ਕੀਤੀ, ਗ਼ਰੀਬ ਨਿਵਾਜ਼! ਬੱਚਾ ਬਿਮਾਰ ਹੈ। ਬਥੇਰੇ ਓਹੜ ਪੋਹੜ ਕੀਤੇ ਹਨ, ਡਾਕਟਰਾਂ ਵੀ ਜ਼ੋਰ ਲਾਇਆ ਹੈ ਫ਼ਰਕ ਨਹੀਂ ਪਿਆ। ਤੁਹਾਡੇ ਦਰ ਦਾ ਸੁਆਲੀ ਹੈ, ਖ਼ੈਰ ਪਾਓ।"

ਸਤਿਗੁਰੂ ਜੀ ਮਿਹਰਾਂ ਵਿਚ ਆ ਗਏ। ਬਚਨ ਕੀਤਾ, 'ਡਾਕਟਰ ਸਾਹਿਬ! ਘਰ ਚਲਕੇ ਬੱਚੇ ਨੂੰ ਦੇਖਦੇ ਹਾਂ।' ਗ਼ਰੀਬ ਨਿਵਾਜ਼ ਜੀ ਡਾਕਟਰ ਸਾਹਿਬ ਦੇ ਘਰ ਚਰਨ ਪਾਉਣ ਦਾ ਹੁਕਮ ਦੇ ਦਿੱਤਾ। ਡਾਕਟਰ ਸਾਹਿਬ ਘਰ ਤਿਆਰੀ ਵਾਸਤੇ ਚਲੇ ਗਏ। ਸਤਿਗੁਰੂ ਜੀ ਭਾਈ ਰਤਨ ਸਿੰਘ, ਵਜ਼ੀਰ ਸਿੰਘ ਤੇ ਹੋਰ ਪਿਆਰਿਆਂ ਨੂੰ ਨਾਲ ਲੈ ਡਾਕਟਰ ਦੇ ਬੰਗਲੇ ਪੁੱਜੇ। ਸਤਿਗੁਰੂ ਜੀ ਬੱਚੇ ਨੂੰ ਵੇਖਿਆ ਤੇ ਬਚਨ ਕੀਤਾ 'ਚੌਧਰੀ ਸਾਹਿਬ! ਘਾਬਰੋ ਨਾ ਅਕਾਲ ਪੁਰਖ ਮਿਹਰਾਂ ਕਰਨਗੇ।' ਮਗਰ ਡਾਕਟਰ ਨੇ ਉਸੇ ਵੇਲੇ ਬਚਨ ਪਕੜ ਲਿਆ ਤੇ ਹੱਥ ਜੋੜ ਅਰਜ਼ ਕੀਤੀ 'ਮਿਹਰਬਾਨ ਜੀ! ਫੇਰ ਨਹੀਂ। ਤੁਠੇ ਹੋ ਤਾਂ ਹੁਣੇ ਖ਼ੈਰ ਪਾਓ। ਗ਼ਰੀਬ ਨਿਵਾਜ਼ ਜੀ ਮਿਹਰਾਂ ਵਿਚ ਆ ਵਸੇ। ਹੁਕਮ ਕੀਤਾ 'ਭਾਈ! ਲਿਆ ਸੰਤਰੇ।' ਭਾਈ ਜੀ ਦੋ ਸੰਤਰੇ ਪੇਸ਼ ਕੀਤੇ। ਚੌਧਰੀ ਸਾਹਿਬ ਸੰਤਰਾ ਛਿਲ ਕੇ

ਰਸ ਬੱਚੇ ਦੇ ਮੂੰਹ ਪਾਇਆ। ਰੱਸ ਪੈਂਦਿਆਂ ਹੀ ਬੱਚੇ ਦਾ ਰੰਗ ਹੋਰ ਹੋ ਗਿਆ। ਮੋੜਾ ਪੈ ਗਿਆ।

ਚੌਧਰੀ ਸਾਹਿਬ ਵਿੱਛੇ ਮੰਜੇ ਤੇ ਬੈਠਣ ਦੀ ਅਰਜ਼ ਕੀਤੀ। ਸਤਿਗੁਰੂ ਜੀ ਬਹਿ ਗਏ। ਪਰ ਚੌਧਰੀ ਸਾਹਿਬ ਦੀ ਬੇਗਮ ਤੇ ਨੂੰਹ, ਇਕ ਪਾਸੇ ਪਰਦਾ ਕਰਨ ਵਾਸਤੇ ਚਲੀਆਂ ਗਈਆਂ। ਚੌਧਰੀ ਸਾਹਿਬ ਮਸਤੀ ਵਿਚ ਦੀਵਾਨੇ ਹੋਏ ਫਿਰਦੇ ਹਨ। ਤੀਵੀਆਂ ਦੀ ਇਹ ਦਸ਼ਾਂ ਤਕ ਜਲਾਲ ਵਿਚ ਆ ਗਏ ਤੇ ਉੱਚੀ ਬਾਂਹ ਕਰਕੇ ਸਭ ਨੂੰ ਪੁਕਾਰਿਆ, 'ਭਾਗਾਂ ਵਾਲੀਓ! ਬਾਹਰ ਆਓ! ਆਕੇ ਸਜਦਾ ਕਰੋ। ਜੇ ਇਸ ਤੋਂ ਪਰਦਾ ਕਰੋਗੀਆਂ ਤਾਂ ਬਹਿਸ਼ਤਾਂ ਵਿੱਚੋਂ ਅੰਨ੍ਹੀਆਂ ਹੋ ਜਾਉਗੀਆਂ! ਇਹ ਤਾਂ ਸਭ ਦੇ ਸਾਂਝੇ ਹਜ਼ਰਤ ਬਾਬਾ ਨਾਨਕ ਹਨ। ਅੱਲਾ ਤਾਲਾ ਦੇ ਨੂਰ ਹਨ।' ਬੀਬੀਆਂ ਕਮਰਿਆਂ ਤੋਂ ਬਾਹਰ ਆਈਆਂ ਦਰਸ਼ਨ ਕੀਤੇ ਤੇ ਚਰਨਾਂ ਤੇ ਸੀਸ ਰੱਖਕੇ ਨਮਸਕਾਰਾਂ ਕੀਤੀਆਂ। ਸਤਿਗੁਰੂ ਜੀ ਵਾਪਸ ਆ ਗਏ। ਬੱਚਾ ਥੋੜ੍ਹੇ ਦਿਨਾਂ ਵਿਚ ਹੀ ਨੌ ਬਰ ਨੌ ਹੋ ਗਿਆ।

**ਕਰਮ ਸਿੰਘ 'ਮੁਨੀਮ'**

Sri Satguru Jagjit Singh Ji eLibrary NamdhariElibrary@gmail.com

# ਪੀਰਾਨੇ ਪੀਰ

**ਪੀਰਾਨੇ ਪਰ ਸਤਿਗੁਰੂ ਪ੍ਰਤਾਪ ਸਿੰਘ।**
**ਮੀਰਾਨੇ ਮੀਰ ਸਤਿਗੁਰੂ ਪ੍ਰਤਾਪ ਸਿੰਘ।**

ਕਕੜ ਜ਼ਿਲ੍ਹਾ ਅੰਮ੍ਰਿਤਸਰ ਵਿਚ ਬੜੇ ਬਜ਼ੁਰਗ; ਰੱਬ ਦੇ ਪਿਆਰੇ ਮੀਆਂ ਦੀਨ ਸ਼ਾਹ, ਸਚਾਈ ਤੇ ਨੇਕੀ ਦਾ ਪ੍ਰਚਾਰ ਕਰਿਆ ਕਰਦੇ ਸਨ। ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਕੜੀਂ ਚਰਨ ਪਾਏ ਤਾਂ ਇਹ ਵੀ ਦਰਸ਼ਨ ਕਰਨ ਗਏ। ਪਤਾ ਨਹੀਂ ਸਤਿਗੁਰਾਂ ਕਿੰਨੀ ਕਿਰਪਾ ਕੀਤੀ ਕਿ ਦੂਜਿਆਂ ਨੂੰ ਮੁਰੀਦ ਬਣਾਂਦੇ ਆਪ ਮੁਰੀਦ ਬਣ ਗਏ। ਸਤਿਗੁਰੂ ਜੀ ਸੰਗਤ ਨੂੰ ਦੀਵਾਨ ਵਿਚ ਸਭ ਨੂੰ ਚਿੱਟੇ ਬਸਤਰਾਂ ਤੇ ਸਾਦਾ ਰਹਿਣੀ ਬਹਿਣੀ ਦਾ ਉਪਦੇਸ਼ ਦਿੱਤਾ। ਸ਼ਾਹ ਜੀ ਓਸੇ ਦਿਨ ਤੋਂ ਚਿੱਟੇ ਬਸਤਰਾਂ ਦੇ ਧਾਰਨੀ ਹੋ ਗਏ। ਮੁੜ ਨੀਲਾ ਜਾਂ ਸਾਵਾ ਰੰਗ ਲਾਗੇ ਨਹੀਂ ਆਉਣ ਦਿੱਤਾ।

ਸਮਾਂ ਪਾ ਕੇ ਸ਼ਾਹ ਹੁਰਾਂ ਦੇ ਲੜਕੇ ਦਾ ਵਿਆਹ ਦਾ ਦਿਨ ਆਇਆ। ਮੁਰੀਦਾਂ ਨੇ ਪੀਰ ਦੇ ਸਾਹਿਬਜ਼ਾਦੇ ਦਾ ਵਿਆਹ ਬੜੀ ਧੂਮ ਧਾਮ ਨਾਲ ਕਰਨ ਦਾ ਫ਼ੈਸਲਾ ਕੀਤਾ। ਮਾਇਆ ਇਕੱਠੀ ਕਰਨੀ ਅਰੰਭ ਦਿੱਤੀ। ਇਕ ਦਿਨ ਮੁਰੀਦਾਂ ਨੇ ਅਰਜ਼ ਕੀਤੀ 'ਪੀਰ ਜੀ! ਤੁਸੀਂ ਸਾਡੇ ਨਾਲ ਚਲੋ ਤਾਂਕਿ ਲਾਹੌਰੋਂ ਵਧੇਰੇ ਮਾਇਆ ਲਿਆਈਏ।' ਪਹਿਲਾਂ ਤਾਂ ਪੀਰ ਜੀ ਨਾ ਮੰਨੇ, ਪਰ ਜਦ ਮੁਰੀਦਾਂ ਬਹੁਤਾ ਜ਼ੋਰ ਦਿੱਤਾ ਤਾਂ ਤਿਆਰ ਹੋ ਪਏ। ਤਾਰੀਖ਼ ਨੀਯਤ ਹੋ ਗਈ। ਜਦ ਮੁਕੱਰਰਾ ਦਿਨ ਆਇਆ ਤਾਂ ਸਤਿਗੁਰੂ ਜੀ ਦੇ ਦੌਰਾ ਕਕੜੀਂ ਆ ਗਿਆ। ਬਸ ਸ਼ਾਹ ਹੁਰਾਂ ਨੂੰ ਸਭ ਕਾਰਜ ਵਿਸਰ ਗਏ ਤੇ ਇਕ ਦੀਦਾਰ ਦੀ ਲਟਕ ਲੱਗ ਗਈ।

ਮੁਰੀਦ ਇਕੱਠੇ ਹੋ ਕੇ ਪੀਰ ਜੀ ਪਾਸ ਪੁੱਜੇ ਤਾਂ ਲਾਹੌਰ ਚੱਲਣ ਵਾਸਤੇ ਬੇਨਤੀ ਕੀਤੀ। ਪਰ ਪੀਰ ਜੀ ਉੱਤਰ ਦਿੱਤਾ, 'ਮੇਰਾ ਆਪਣਾ ਖਾਵੰਦ ਆ ਰਿਹਾ ਹੈ, ਮੈਂ ਮੁੰਡੇ ਦੇ ਵਿਆਹ ਨੂੰ ਕੀ ਕਰਾਂ।' ਮੁਰੀਦਾਂ ਮੁੜ ਜ਼ੋਰ ਦਿੱਤਾ 'ਜਨਾਬ! ਮੁੰਡੇ ਦਾ ਵਿਆਹ ਜ਼ਰੂਰੀ ਹੈ, ਤੁਹਾਨੂੰ ਸਤਿਗੁਰਾਂ ਦੇ ਦਰਸ਼ਨ ਫੇਰ ਹੋ ਜਾਣਗੇ।' ਪੀਰ ਜੀ ਇਹ ਸੁਣ ਗਜ਼ਬ-ਨਾਕ ਹੋ ਗਏ ਤੇ ਕਿਹਾ, ਤੁਸਾਂ ਮੇਰੇ ਮੁਰਸ਼ਦ ਨੂੰ ਮੁੰਡੇ ਨਾਲ ਮਿਲਾ ਦਿੱਤਾ ਹੈ, ਮੈਂ ਮੁੰਡੇ ਦਾ ਵਿਆਹ ਨਹੀਂ ਵੇਖਣਾ ਚਾਹੁੰਦਾ। ਮੈਨੂੰ ਮੁਰਸ਼ਦ ਦੇ ਦੀਦਾਰੇ ਜ਼ਰੂਰੀ ਹਨ।'

ਖ਼ੈਰ ਇਹ ਦਿਨ ਲੰਘ ਗਿਆ! ਮੁੰਡੇ ਦੇ ਵਿਆਹ ਦਾ ਦਿਨ ਆ ਗਿਆ। ਸਾਰਾ ਪਰਿਵਾਰ ਤੇ ਮੁਰੀਦ ਚਾਵਾਂ ਮਲ੍ਹਾਰਾਂ ਵਿਚ ਸਨ, ਮਗਰ ਪੀਰ ਜੀ

Sri Satguru Jagjit Singh Ji eLibrary NamdhariElibrary@gmail.com

ਆਪਣੀ ਕਬਰ ਪੁੱਟਣ ਦਾ ਹੁਕਮ ਦੇ ਦਿੱਤਾ। ਪਿੰਡ ਦੇ ਵਸਨੀਕ ਹੈਰਾਨ ਪਰੇਸ਼ਾਨ ਕਿ ਵਿਆਹ ਸ਼ਾਦੀ ਸਮੇਂ ਲੋਕੀਂ ਮੰਗਲਾਚਾਰ ਕਰਦੇ ਹਨ ਅਤੇ ਸ਼ਾਦੀਆਨੇ ਵੱਜਦੇ ਹਨ, ਪਰ ਪੀਰ ਜੀ ਕਬਰ ਖੁਦਵਾ ਰਹੇ ਹਨ। ਪੀਰ ਜੀ ਹਾਉਕਾ ਲੈਂਦਿਆਂ ਕਿਹਾ ਬੇਮੁਰਸ਼ਦਿਓ! ਤੁਸਾਂ ਮੇਰੇ ਮੁਰਸ਼ਦ ਨੂੰ ਮੁੰਡੇ ਨਾਲ ਮਿਲਾਇਆ, ਮੈਂ ਮੁੰਡੇ ਦਾ ਵਿਆਹ ਵੇਖਣਾ ਨਹੀਂ ਚਾਹੁੰਦਾ ਇਹ ਕਹਿ ਸ੍ਰੀ ਭੈਣੀ ਸਾਹਿਬ ਵਲ ਮੂੰਹ ਕੀਤਾ, ਸਜਦੇ ਵਿਚ ਗਿਆ ਤੇ ਪ੍ਰਾਣ ਪੰਖੇਰੂ ਤਿਆਗ ਦਿੱਤੇ, ਬਰਾਤ ਅਜੇ ਰਵਾਨਾ ਨਹੀਂ ਸੀ ਕਿ ਜਨਾਜ਼ਾ ਪਹਿਲਾਂ ਉੱਠਿਆ।

**ਜਥੇਦਾਰ ਨਿਰੰਜਨ ਸਿੰਘ ਕਕੜ**

Sri Satguru Jagjit Singh Ji eLibrary NamdhariElibrary@gmail.com

# ਕਦਮ ਬੋਸ

ਵਾਹਦਤ ਕੇ ਪ੍ਰਸਤਾਰ ਤੁਝੇ ਢੂੰਡਾ ਹੈ।
ਐ ਦੁਖੀਉਂ ਕੇ ਗਮਖਾਰ ਤੁਝੇ ਢੂੰਡਾ ਹੈ।
ਹਰ ਦਸ਼ਤ ਮੇਂ, ਹਰ ਬਹਿਰ ਮੇਂ, ਹਰ ਵਾਦੀ ਮੇਂ।
ਐ ਸਾਹਿਬੇ ਕਰਦਾਰ ਤੁਝੇ ਢੂੰਡਾ ਹੈ।

(ਅਖ਼ਤਰ ਰਜ਼ਵਾਨੀ)

ਬਿਹਾਰੀਪੁਰ ਜ਼ਿਲ੍ਹਾ ਸਿਆਲਕੋਟ ਵਿਚ ਰੱਬ ਦੇ ਪਿਆਰ ਵਾਲਾ ਚੌਧਰੀ ਨਬੀ ਬਖ਼ਸ਼ ਵਸਦਾ ਸੀ। ਬੜਾ ਨਿੱਘਾ, ਮਿਲਣਸਾਰ, ਪਿਆਰ ਦਾ ਮੁਜੱਸਮਾ। ਪੱਕਾ ਨਮਾਜ਼ੀ। ਪਰਿਵਾਰ ਪਿੰਡ ਵਿਚ ਵਸਦਾ ਸੀ, ਮਗਰ ਪਿੰਡ ਘੱਟ-ਵੱਧ ਜਾਂਦਾ। ਬਾਹਰ ਖੂਹ ਤੇ ਤਸਬੀ ਫੇਰਦਾ ਰਹਿੰਦਾ।

ਸਤਿਗੁਰ ਪ੍ਰਤਾਪ ਸਿੰਘ ਜੀ ਜੀਆਂ ਨੂੰ ਤਾਰਦੇ ਬਿਹਾਰੀਪੁਰ ਨੂੰ ਭਾਗ ਲਾਏ। ਸੰਗਤਾਂ ਸ਼ਬਦ ਕੀਰਤਨ ਨਾਲ ਮਸਤ ਹੋ ਰਹੀਆਂ ਸਨ। ਮਸਤਾਨਿਆਂ ਦੀਆਂ ਕਿਲਕਾਰਾਂ ਸੁੱਤੇ ਹੀ ਰਾਹ ਲੰਘਦਿਆਂ ਦੇ ਮਨਾਂ ਤੇ ਅਣੀਆਲੇ ਤੀਰ ਮਾਰਦੀਆਂ ਜਾਂਦੀਆਂ ਸਨ। ਹਰ ਪਾਸਿਉਂ ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਹਰੀ ਸਿੰਘ, ਧੰਨ ਸਤਿਗੁਰੂ ਪ੍ਰਤਾਪ ਸਿੰਘ ਦੀਆਂ ਗੂੰਜਾਰਾਂ ਉੱਠ ਰਹੀਆਂ ਸਨ। ਨਬੀ ਬਖ਼ਸ਼ ਵੀ ਉੱਠਿਆ ਤੇ ਨਗਰ ਵਲ ਗਿਆ। ਪਰ ਇਸ਼ਕ ਦੇ ਪਰਦੇ ਵੀ ਅਨੋਖੇ ਹੁੰਦੇ ਹਨ। ਪਹਿਰੇਦਾਰਾਂ ਪਾਸ ਜਾ ਕੇ ਅਰਜ਼ ਕੀਤੀ 'ਖੁਦਾਵੰਦ ਦੇ ਪਿਆਰਿਓ! ਮਹਾਰਾਜ ਦੇ ਦਰਸ਼ਨ ਕਰਨੇ ਹਨ।' ਸੇਵਾਦਾਰਾਂ ਬੜੀ ਨਿੰਮ੍ਰਤਾ ਨਾਲ ਉੱਤਰ ਦਿੱਤਾ 'ਚੌਧਰੀ ਸਾਹਿਬ ਬੈਠੋ; ਜਲ ਪ੍ਰਸ਼ਾਦ ਛੱਕੋ। ਦਰਸ਼ਨ ਵੀ ਹੋ ਜਾਣਗੇ। ਅਜੇ ਸਤਿਗੁਰੂ ਜੀ ਬਿਰਾਜ ਰਹੇ ਹਨ।' ਚੌਧਰੀ ਬਹਿ ਗਿਆ ਪਰ ਮੂੰਹੋਂ ਇਤਨਾ ਆਖਿਆ 'ਸਿਰਫ਼ ਦਰਸ਼ਨਾਂ ਦੀ ਲੋੜ, ਹੋਰ ਖਾਣ ਪੀਣ ਦੀ ਲੋੜ ਨਹੀਂ।'

ਚੌਧਰੀ ਬੈਠਾ ਰਿਹਾ, ਬੈਠਾ ਰਿਹਾ, ਪਤਾ ਨਹੀਂ ਕਿੰਨਾ ਚਿਰ ਨੀਜਾਂ ਲਾਈ ਤੱਕਦਾ ਰਿਹਾ। ਸਤਿਗੁਰੂ ਜੀ ਦੇ ਦਰਸ਼ਨ ਨਾ ਹੋਏ ਤੇ ਵਾਪਸ ਆ ਗਿਆ ਤੇ ਆਖਿਆ 'ਚੰਗਾ ਜੇ ਪੀਰ ਹੋਸੀ ਤਾਂ ਆਪੇ ਮਿਲਸੀ, ਨਹੀਂ ਤਾਂ...।'

ਅਗਲੇ ਦਿਨ ਸਤਿਗੁਰੂ ਦਾ ਦੌਰਾ ਅੱਗੇ ਜਾਣ ਦਾ ਸੀ। ਸਭ ਨੂੰ ਚਾਲੇ ਪਾਣ ਦਾ ਹੁਕਮ ਹੋ ਗਿਆ। ਸੰਗਤਾਂ, ਜਥੇਦਾਰ ਰਾਗੀ, ਰਬਾਬੀ ਸਾਮਾਨ ਲੈ ਓਸੇ ਨਗਰ ਨੂੰ ਤੁਰ ਪਏ। ਧੂੜਾਂ ਉਡ ਪਈਆਂ, ਪਰ ਸਤਿਗੁਰੂ ਜੀ ਕੁਝ ਸਿੰਘਾਂ ਨੂੰ ਨਾਲ ਲੈ ਮੌਜ ਨਾਲ ਉਸ ਖੂਹ ਵਲ ਟੁਰ ਪਏ ਜਿੱਥੇ ਚੌਧਰੀ ਰਹਿੰਦਾ ਸੀ। ਸੇਵਾਦਾਰ ਹੈਰਾਨ ਕਿ ਦੌਰਾ ਕਿਧਰ ਹੈ, ਤੇ ਸਤਿਗੁਰੂ ਜੀ ਕਿਧਰ ਜਾ ਰਹੇ ਹਨ। ਇਕ ਸਿੰਘ ਨੇ ਅਰਜ਼ ਕੀਤੀ ਜੀ 'ਗ਼ਰੀਬ ਨਿਵਾਜ਼! ਨਗਰ ਦੂਜੇ ਪਾਸੇ ਹੈ।

Sri Satguru Jagjit Singh Ji eLibrary NamdhariElibrary@gmail.com

ਇਧਰ ਰਾਹ ਖੈੜਾ ਕੋਈ ਨਹੀਂ ਤਾਂ ਮੌਜ ਨਾਲ ਮੁਸਕਰਾਂਦਿਆਂ ਉੱਤਰ ਦਿੱਤਾ 'ਘੋੜਾ ਤਿਹਾਇਆ ਹੈ। ਓਸ ਖੂਹ ਤੋਂ ਪਾਣੀ ਪਿਲਾ ਕੇ ਅਗਲੇ ਨਗਰ ਚੱਲਾਂਗੇ' ਬਚਨ ਬਿਲਾਸ ਕਰਦਿਆਂ ਖੂਹ ਤੇ ਪੁੱਜ ਗਏ ਤੇ ਨਬੀ ਬਖ਼ਸ਼ ਨੂੰ ਸਤਿਗੁਰੂ ਜੀ ਦੇ ਖੂਹ ਦੇ ਲਾਗੇ ਖੜਿਆਂ ਦੇ ਦਰਸ਼ਨ ਹੋਏ। ਨਬੀ ਬਖ਼ਸ਼ ਇਕ ਦਮ ਕੋਠੇ ਤੋਂ ਉੱਠਿਆ। ਨਿਗ੍ਹਾ ਭਰਕੇ ਦਰਸ਼ਨ ਕੀਤੇ ਤਾਂ ਸੰਭਾਲ ਨਾ ਸਕਿਆ। ਭੁੰਜੇ ਉਤਰਨ ਵਾਸਤੇ ਪੌੜੀਆਂ ਵੀ ਨਾ ਢੂੰਡੀਆਂ। ਕੋਠੇ ਦੀ ਛੱਤ ਤੋਂ ਧੜਮ ਕਰਕੇ ਛਾਲ ਮਾਰ ਦਿੱਤੀ ਤੇ ਚਰਨਾਂ ਤੇ ਆ ਢੱਠਾ। ਪਤਾ ਨਹੀਂ ਕਿੰਨਾਂ ਚਿਰ ਚਰਨਾਂ ਨੂੰ ਚੁੰਮਦਾ ਰਿਹਾ। ਜਦ ਚੁੰਮਦੇ ਹਟਿਆ ਤਾਂ ਫੇਰ ਘੋੜੇ ਦੁਆਲੇ ਪ੍ਰਕਰਮਾ ਕਰਕੇ ਸਜਦੇ ਵਿਚ ਚਲਾ ਗਿਆ। ਸਤਿਗੁਰੂ ਜੀ ਚੌਧਰੀ ਨੂੰ ਖ਼ੁਸ਼ੀਆਂ ਬਖਸ਼ ਸੇਵਕਾਂ ਸਹਿਤ ਦਰਸ਼ਨ-ਅਭਿਲਾਖੀਆਂ ਨੂੰ ਦਰਸ਼ਨ ਦੇ ਉਨ੍ਹਾਂ ਦੇ ਤਪਤ ਹਿਰਦਿਆਂ ਨੂੰ ਠਾਰਿਆ।

ਨਬੀ ਬਖ਼ਸ਼ ਉੱਠਿਆ 'ਸੁਬਹਾਨ! ਸੁਬਹਾਨ! ਸੁਬਹਾਨ! ਮੇਰੇ ਮੌਲਾ! ਮੇਰੇ ਰਸੂਲ!! ਮੇਰੇ ਮੁਹੰਮਦ!!! ਤੇਰਾ ਕਰਮ!! ਤੇਰੀ ਬਖਸ਼ਸ਼!! ਮੇਰੇ ਜੈਸੇ ਅਦਨਾ ਗ਼ੁਲਾਮ ਦੀ ਦੁਆ ਮਨਜ਼ੂਰ ਫ਼ੁਰਮਾਈ' ਕਹਿੰਦਾ, ਮੁੜ ਉਸੇ ਛੱਤ ਤੇ ਚੜ੍ਹ ਗਿਆ। ਪਤਾ ਨਹੀਂ ਕਿੰਨਾ ਚਿਰ ਮਸਤ ਰਿਹਾ।

ਪੰ: ਗੋਪਾਲ ਸਿੰਘ

Sri Satguru Jagjit Singh Ji eLibrary NamdhariElibrary@gmail.com

# ਖਾਨ ਦਾ ਪੀਰ

ਸੂਰਜ ਦਿਨ ਦਾ ਪੈਂਡਾ ਚੂਰ ਕਰਦਾ, ਅੱਧੀ ਮੰਜ਼ਿਲ ਮਾਰ, ਪੱਛਮ ਦੇ ਪੜਾ ਵਲ ਤੇਜ਼ੀ ਨਾਲ ਵੱਧ ਰਿਹਾ ਸੀ। ਕਿਸੇ ਵੇਲੇ ਟਾਂਵਾਂ ਟਾਂਵਾਂ ਬਦਲੀ ਦਾ ਪੱਚਰਾ, ਰਾਹ ਵਿਚ ਆ, ਉਸਦੀ ਚਾਲ ਵਿਚ ਫ਼ਰਕ ਪਾਉਣਾ ਚਾਹੁੰਦਾ, ਮਗਰ ਆਸ਼ਕਾਂ ਦੇ ਰਾਹ ਰੋਕ ਕਾਹਦੀ। ਉਹ ਅੱਗੇ ਹੀ ਅੱਗੇ ਟੁਰਦੇ ਜਾਂਦੇ ਨੇ ਅਤੇ ਜਿਹੜਾ ਪੈਰ ਇਕ ਵੇਰ ਅੱਗੇ ਪੁੱਟਦੇ ਨੇ, ਉਹ ਪਿਛਾਂਹ ਨਹੀਂ ਮੁੜਦਾ। ਪੁਰੇ ਦੀ ਪੌਣ ਵੀ ਕਿਸੇ ਸੁਹਾਉਣੇ ਸਮੇਂ ਦਾ ਸੁਨੇਹਾ ਸੁਣਾ ਰਹੀ ਸੀ।

ਇਸ ਵੇਲੇ ਇਕ ਨਾਉਕਾ, ਜਿਸ ਵਿਚ ਇਕ ਡਾਜ ਗੱਡੀ ਤੇ ਪੰਜ-ਸਤ ਸਰੀਰ, ਜਿਨ੍ਹਾਂ ਦਾ ਚਿਹਰਾ ਰੱਬੀ ਜਲਾਲ ਨਾਲ ਨੂਰੋ ਨੂਰ ਸੀ ਜਿਨ੍ਹਾਂ ਵਿੱਚੋਂ ਸ਼ਰੋਮਣੀ ਪਾਂਧੀ ਦੇ ਚਰਨਾਂ ਨੂੰ ਪਰਸਨ ਲਈ ਦਿਨ ਦਾ ਈਸ਼ਰ ਬੜੇ ਪ੍ਰੇਮ ਨਾਲ, ਨਾਉਕਾ ਵਿਚ ਪ੍ਰਵੇਸ਼ ਕਰ ਧੀਰੇ ਧੀਰੇ ਦਬਾ ਰਿਹਾ ਸੀ। ਭਾਗਾਂ ਭਰੀ ਕਿਸ਼ਤੀ ਲੰਡੇ ਤੇ ਸਿੰਧੂ ਚੀਰਦੀ ਕਿਸੇ ਦੇ ਸੁੱਤੇ ਭਾਗ ਜਗਾਉਣ ਹਿਤ ਵਾਹੋ ਦਾਰੀ ਅਗਾਂਹ ਨੂੰ ਵੱਧ ਰਹੀ ਸੀ।

ਸਿੰਧ ਨਦੀ ਅੱਜ ਆਪਣੇ ਆਪ ਨੂੰ ਸੁਭਾਗਾ ਸਮਝ ਰਹੀ ਸੀ ਕਿਉਂਕਿ ਉਸ ਨੂੰ ਉਹ ਦਿਨ ਯਾਦ ਆਇਆ ਕਰਦੇ ਸਨ, ਜਦੋਂ ਜਰਵਾਣੇ ਪਛੋਂ ਦੀਆਂ ਪਹਾੜੀਆਂ ਵਿੱਚੋਂ ਨਿਕਲ ਇਸ ਗਰੀਬ ਦੀ ਹਿਕ ਲਤਾੜ, ਭਾਰਤ ਭੂਮੀ ਦੀਆਂ ਹਜ਼ਾਰਾਂ ਸਤੀਆਂ ਦੇ ਸਤਾਂ ਨੂੰ ਮਿੱਟੀ ਵਿਚ ਰੋਲ ਕੇ ਖ਼ੁਸ਼ੀਆਂ ਮਨਾਇਆ ਕਰਦੇ ਸਨ। ਅਣਗਿਣਤ ਮਾਸੂਮਾਂ ਦੇ ਲਹੂ ਦੀ ਹੋਲੀ ਖੇਡ ਲੁਡੀ ਪਾਇਆ ਕਰਦੇ ਸਨ, ਲੱਖਾਂ ਦਿਲਾਂ ਦੀਆਂ ਧੜਕਦੀਆਂ ਲਹਿਰਾਂ ਨੂੰ ਵਲੂੰਦਰ ਤੇ ਖਿੱਲੀ ਮਚਾਇਆ ਕਰਦੇ ਸਨ ਅਤੇ ਹਜ਼ਾਰਾਂ ਮੰਦਰਾਂ ਨੂੰ ਲੁੱਟ ਪੁੱਟ ਢਹਿ ਢੇਰੀ ਕਰ ਗਿੱਧਾ ਪਾਇਆ ਕਰਦੇ ਸਨ, ਪਰ ਅੱਜ ਇਸਦੇ ਪਾਣੀਆਂ ਤੇ ਉਹ ਮਹਾਨ ਸ਼ਕਤੀ, ਜਿਸ ਦੇ ਨਿੱਕੇ ਨਿੱਕੇ ਚਰਨਾਂ ਨੂੰ ਚੁੰਮਣ (ਛੁਹਣ) ਵਾਸਤੇ ਦੁਆਪਰ ਵਿਚ ਜਮਨਾ ਮਾਈ ਦੀਆਂ ਲਹਿਰਾਂ ਹੰਭਲੀਆਂ ਮਾਰ ਉੱਠਦੀਆਂ ਸਨ, ਅਤੇ ਚਰਨ ਪਰਸ ਮੁੜੀਆਂ ਸਨ ਅਤੇ ਇਸ ਤੋਂ ਪਹਿਲਾਂ ਤਰੇਤੇ ਵਿਚ ਏਸੇ ਮਾਹੀ ਦੀ ਚਰਨ ਛੁਹ ਪ੍ਰਾਪਤ ਕਰ, ਵਜ਼ਨੀ ਪੱਥਰ ਹੌਲਾ ਫੁਲ ਹੋ ਆਕਾਸ਼ ਨੂੰ ਉੱਡ ਗਿਆ ਸੀ, ਅੱਜ ਵੀ ਉਹੋ ਕਿਸੇ ਦੀਆਂ ਤੜਪਦੀਆਂ ਅੱਖਾਂ ਨੂੰ ਠਾਰਨ, ਪਾਰੇ ਵਾਂਗੂ ਤੜਪਦੇ ਦਿਲ ਨੂੰ ਧਰਵਾਸ ਪਹੁੰਚਾਣ ਹਿਤ, ਇਸ ਗਰਮੀ ਦੀ ਰੁੱਤੇ, ਸਿਖਰ ਦੁਪਹਿਰੇ, ਉਛਲਦੀਆਂ ਨਦੀਆਂ ਨੂੰ ਪਾਰ ਕਰ, ਕੋਹਕਾਫਾਂ ਦਾ ਪੈਂਡਾ ਚੀਰ, ਜੰਗਲਾਂ ਉਜਾੜਾਂ ਨੂੰ ਜੀਅ ਦਾਨ ਪਰਦਾਨ ਕਰਦਾ, ਇਸ ਸਿੰਧੂ ਨਦੀ ਦੇ ਪਾਣੀਆਂ ਨੂੰ ਪਵਿੱਤਰ ਕਰਦਾ, ਸੇਵਕਾਂ ਸਮੇਤ ਲੰਘ ਰਿਹਾ ਸੀ, ਕਿਧਰ?

Sri Satguru Jagjit Singh Ji eLibrary NamdhariElibrary@gmail.com

ਇਹ ਓਹੀ ਜਾਣਦਾ ਹੈ, ਜਿਸਦਾ ਉਂਗਲੀ ਦੇ ਇਸ਼ਾਰੇ ਤੇ ਕਰੋੜਾਂ ਰੂਹਾਂ, ਖਿੜ ਖਿੜਾ ਉੱਠਦੀਆਂ ਹਨ, ਅਤੇ ਦੂਜੇ ਇਸ਼ਾਰੇ ਤੇ ਬੇਅੰਤ ਬੁਲ੍ਹੀਆਂ ਚੁੱਪ ਚਾਪ ਸਾਦ ਲੈਂਦੀਆਂ ਹਨ।

ਖ਼ੈਰ ਕਿਸ਼ਤੀ ਚਲਦੀ ਗਈ, ਚਲਦੀ ਗਈ। ਨਾਉਕਾ ਵੀ ਇਹੋ ਲੋਚਦੀ ਸੀ, ਕਿ ਸ਼ਾਲਾ ਅੱਜ ਦਾ ਪੂਰ ਸਵਾਰ ਹੀ ਰਹੇ ਅਤੇ ਮਲਾਹ ਚਾਹੁੰਦਾ ਸੀ ਕਿ ਕਿਨਾਰਾ ਨਾ ਈ ਆਵੇ ਤਾਂ ਚੰਗਾ ਏ, ਕਿਉਂਕਿ ਉਹ ਆਪਣੇ ਆਪ ਨੂੰ ਇਉਂ ਜਾਣ ਰਿਹਾ ਸੀ, ਜਿਵੇਂ ਜਨਤੀ ਪੌਣਾਂ ਦੀ ਸੁਗੰਧੀ ਵਿਚ ਮੌਜ ਨਾਲ ਤਾਰੀਆਂ ਲਾ ਰਿਹਾ ਹੈ। ਚੱਪੂ ਉਸ ਦੀਵਾਨੇ ਕੀ ਚਲਾਉਣਾ ਸੀ, ਵਜਦ ਵਿਚ ਆਇਆ ਮਖ਼ਮੂਰ ਹੋ ਨੂਰੀ ਮੁਖੜੇ ਨੂੰ ਤਕ ਤਕ ਖੀਵਾ ਹੋ ਕੰਧੀ ਵਲ ਝਾਕ ਰਿਹਾ ਸੀ, ਡੇਢ ਘੰਟੇ ਪਿੱਛੋਂ ਕਿਸ਼ਤੀ ਕੰਢੇ ਲੱਗੀ, ਅਤੇ ਗ਼ਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ, ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ, ਸੰਤ ਮੰਗਲ ਸਿੰਘ, ਸੰਤ ਰਾਜਿੰਦਰ ਸਿੰਘ ਜਿਸਨੂੰ ਗੁਰੂ ਹਰੀ ਸਿੰਘ ਜੀ ਪਆਰ ਨਾਲ ਬੱਗਾ ਤੋਤਾ ਆਖਿਆ ਕਰਦੇ ਸਨ, ਅਤੇ ਸੰਤ ਉਤਮ ਸਿੰਘ ਜੀ ਮਲੰਗ, ਬੇੜੀਉਂ ਉਤਰੇ ਅਤੇ ਰਾਤ ਡੇਰਾ ਗਾਜ਼ੀ ਖ਼ਾਂ ਗੁਜ਼ਰੀ।

ਏਥੇ ਇਕ ਪ੍ਰੇਮੀ ਸਹਿਜਧਾਰੀ ਸਿੱਖ ਡਾਕਟਰ ਵੈਟਨਰੀ ਹਸਪਤਾਲ ਵਿਚ ਸੀ, ਉਨ੍ਹਾਂ ਨੂੰ ਜਾ ਦਰਸ਼ਨ ਦਿੱਤੇ। ਡਾਕਟਰ ਤੇ ਡਾਕਟਰ ਦੇ ਪਰਿਵਾਰ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਏਥੇ ਇਕ ਅਨੋਖੀ ਘਟਨਾ ਵਾਪਰੀ। ਜਦ ਰਤਨ ਸਿੰਘ ਹੋਰੀਂ ਖੂਹ ਤੇ ਜਲ ਲੈਣ ਗਏ, ਤਾਂ ਗਊਸ਼ਾਲਾ ਦੇ ਪਾਂਡਿਆਂ ਨੇ ਰੋਕ ਦਿੱਤਾ। ਉਹਨਾਂ ਜਾਣਿਆ ਇਹ ਕੋਈ ਪਠਾਣ ਦਾ ਬੱਚਾ ਪਾਣੀ ਭਰਨ ਆ ਗਿਆ ਏ। ਸਰਹਦੀ ਵਲ ਹਿੰਦੂ ਭਾਈ ਤਾਂ ਬਿਲਕੁਲ ਰੋਂਡ ਮੋਂਡ ਰਹਿੰਦੇ ਹਨ, ਪਰ ਪਠਾਣ ਦਾੜ੍ਹੀ, ਮੁੱਛ ਕਾਇਮ ਰੱਖਦੇ ਹਨ। ਰਤਨ ਸਿੰਘ ਖ਼ਾਲੀ ਡੋਲ ਵਾਪਸ ਮੁੜ ਆਇਆ। ਡਾਕਟਰ ਜੀ ਨੇ ਆਪਣਾ ਨੌਕਰ ਨਾਲ ਘਲਿਆ। ਉਸ ਪਾਂਡਿਆਂ ਨੂੰ ਸਮਝਾਇਆ ਕਿ ਇਹ ਤਾਂ ਬ੍ਰਾਹਮਣ ਹਨ, ਅਤੇ ਇਹਨਾਂ ਦੇ ਵੱਡੇ ਵਡੇਰੇ, ਇਹਨਾਂ ਜਰਵਾਣਿਆਂ ਤੋਂ, ਜਿਨ੍ਹਾਂ ਵਿਚ ਤੁਸੀਂ ਦਿਨ ਕਟੀ ਕਰ ਰਹੇ ਹੋ, ਬਹੂ ਬੇਟੀਆਂ ਛੁਡਾਇਆ ਕਰਦੇ ਸਨ। ਇਹ ਤਾਂ ਧਰਮੀ ਬੰਦੇ ਹਨ, ਲੋਕ ਇਹਨਾਂ ਨੂੰ ਨਮਸਕਾਰ ਕਰਦੇ ਹਨ। ਉਹਨਾਂ ਪਾਂਡਿਆਂ ਭੁੱਲ ਬਖਸ਼ਾਈ ਤੇ ਸੰਤ ਜੀ ਜਲ ਲਿਆਂਦਾ। ਰਾਤ ਬੰਗਲੇ ਤੇ ਗੁਜ਼ਾਰੀ ਅਤੇ ਸਵੇਰ ਸਾਰ, ਗ਼ਰੀਬ ਨਿਵਾਜ਼ ਖ਼ੁਸ਼ੀਆਂ ਬਖਸ਼ਦੇ ਅੱਗੇ ਟੁਰਨ ਦਾ ਹੁਕਮ ਦੇ ਦਿੱਤਾ।

ਸੰਤ ਰਾਜਿੰਦਰ ਸਿੰਘ ਜੀ ਨੇ ਸਟੇਰਿੰਗ ਨੂੰ ਸੰਭਾਲਿਆ। ਗ਼ਰੀਬ ਨਿਵਾਜ਼ ਜੀ ਕਾਰ ਵਿਚ ਬੈਠ ਗਏ। ਬਾਕੀ ਸਰੀਰਾਂ ਬਹਿੰਦਿਆਂ ਮਾਲਾ ਤੇ ਹੱਥ ਰਖ ਲਏ ਮੋਟਰ ਹਵਾ ਨਾਲ ਗੱਲਾਂ ਕਰਨ ਲੱਗ ਪਈ। ਕਿੱਥੇ ਸ੍ਰੀ ਭੈਣੀ ਸਾਹਿਬ? ਕਿੱਥੇ ਸਰਹਦੀ ਸੂਬਾ? ਕਿੱਥੇ ਪਖਤੂਆਂ ਤੇ ਬਲੋਚਾਂ ਦੀ ਧਰਤੀ? ਸਤਿਗੁਰੂ ਦੇ ਨਿਜੀ ਸੇਵਕ ਤੇ ਫਰਿਸ਼ਤਾ ਜੀ ਸਮਝ ਰਹੇ ਸਨ ਕਿ ਪਾਤਸ਼ਾਹ ਕੇਵਲ ਘੋੜੇ ਤੇ ਘੋੜੀਆਂ ਨੂੰ ਵੇਖਣ ਜਾ ਰਹੇ ਹਨ ਪਰ ਉਹਨਾਂ ਨੂੰ ਜਾਨਣ ਦਾ ਦਮ ਭਰਨਾ

Sri Satguru Jagjit Singh Ji eLibrary NamdhariElibrary@gmail.com

ਬੜਾ ਕਠਨ ਹੈ। ਇਕ ਸਾਧਾਰਨ ਅੰਦਰਲੇ ਨੂੰ ਜਾਨਣਾ ਔਖਾ ਹੈ, ਪਰ ਸਤਿਗੁਰ ਨੂੰ ਕੌਣ ਲਖ ਸਕੇ। ਉਹ ਕਿੱਥੇ ਜਾ ਰਿਹਾ ਹੈ, ਕਿਉਂ ਜਾ ਰਿਹਾ ਹੈ? ਇਸ ਦਾ ਭੇਦ ਕੇਵਲ ਉਨ੍ਹਾਂ ਨੂੰ ਸੀ।

ਖ਼ੈਰ ਗੱਡੀ ਚਲਦੀ ਗਈ, ਧੂੜਾਂ ਨੂੰ ਪਿੱਛੇ ਛੱਡਦੀ। ਆਲੇ ਦੁਆਲੇ ਦੇ ਪਹਾੜ ਤੇ ਪਹਾੜੀਆਂ ਤਪਸਵੀਆਂ ਦਾ ਰੂਪ ਧਾਰੀ ਬਿਰਹਣਾਂ ਦੇ ਵੇਸ ਵਿਚ ਦਿਖਾਈ ਦੇ ਰਹੀਆਂ ਸਨ। ਟਾਵੇਂ ਟਾਵੇਂ ਰੁੱਖ ਤੇ ਟਾਵੇਂ ਪੰਖੇਰੂ ਕਲੋਲਾਂ ਕਰਦੇ ਏਸੇ ਮਾਹੀ ਦੀਆਂ ਗੱਲਾਂ ਕਰ ਰਹੇ ਸਨ। ਭੇਡਾਂ ਦੇ ਇਜੜਾਂ ਦੇ ਇਜੜ ਗੱਡੀ ਵਲ ਤਕ, ਬੂਥੀਆਂ ਜੋੜ ਕੁਝ ਸੈਨਤਾਂ ਨਾਲ ਇਕ ਦੂਜੇ ਨੂੰ ਸਮਝਾ ਰਹੇ ਸਨ, ਕਿ ਇਸ ਵਿਚ ਓਹੀ ਜਾ ਰਿਹਾ ਹੈ, ਜਿਹੜਾ ਕਦੀ ਕਦਾਈਂ ਸਾਂਵਲੇ ਸਲੋਨੇ ਰੂਪ ਵਿਚ ਬਿੰਦਰਾ ਬਨ ਵਿਚ ਸਖੀਆਂ ਨਾਲ ਰਾਸ ਰਚਾਇਆ ਕਰਦਾ ਸੀ ਤੇ ਸਾਡੀਆਂ ਨਿਕਾਰੀਆਂ ਦੀ ਰੁਮਾਵਲੀ ਕੰਬਦੀ ਓੜ ਬੰਸੀ ਵਜਾ ਰੁੱਖਾਂ ਵਿੱਚੋਂ ਰਸ ਚੁਆ ਦਿਆ ਕਰਦਾ ਸੀ।

ਡਾਜ ਸਵੇਰ ਤੋਂ ਚਲੀ ਸੌ ਮੀਲ ਦਾ ਪਟਰੋਲ ਖਾ ਗਈ, ਆਖ਼ਿਰ ਉਹ ਭਾਗਾਂ ਵਾਲਾ ਥਾਂ ਆ ਗਿਆ ਜਿੱਥੇ ਇਸਦੀਆਂ ਔਂਸੀਆਂ ਪੈਂਦੀਆਂ ਸਨ, ਜਿੱਥੇ ਕਾਵਾਂ ਨੂੰ ਚੂਰੀਆਂ ਦੇ ਲਾਰੇ ਲਾ ਲਾ ਬਨੇਰਿਆਂ ਤੋਂ ਉਡਾਇਆ ਜਾਂਦਾ ਸੀ ਤੇ ਪੁੱਛਿਆ ਜਾਂਦਾ ਸੀ ਕਿ 'ਕਰਮਾਂ ਵਾਲਿਆ! ਕਦੇ ਸਾਨੂੰ ਸੱਜਣਾਂ ਦਾ ਸੁੱਖ ਸੁਨੇਹੜਾ ਲਿਆਕੇ ਦਸੇਂਗਾ ਕਿ ਮੇਰਾ ਮਹਿਬੂਬ ਕਦ ਆ ਰਿਹਾ ਹੈ? ਸਾਡੇ ਭਾਗ ਕਦੋਂ ਪਾਸਾ ਪਰਤ ਰਹੇ ਹਨ?

ਅਚਣਚੇਤ ਰਾਜਿੰਦਰ ਸਿੰਘ ਨੂੰ ਰੁਕ ਜਾਣ ਦਾ ਇਸ਼ਾਰਾ ਹੋਇਆ। ਗੱਡੀ ਰੁੱਕ ਗਈ। ਗ਼ਰੀਬ ਨਿਵਾਜ਼ ਜੀ ਮੁਸਕਰਾਂਉਂਦੇ ਹੋਏ ਗੱਡੀਓਂ ਬਾਹਰ ਚਰਨ ਰੱਖੇ। ਸਾਹਮਣੇ ਇਕ ਦੇਵ ਕਦ ਸਫ਼ੈਦ ਰੀਸ਼, ਲਬਾਂ-ਕਤਰੀਆਂ, ਮੋਟੇ ਨੇਤਰ, ਜੀਵਨ ਦੀਆਂ ਕਈ ਬਹਾਰਾਂ ਤਕ ਚੁਕਿਆ ਚਿਹਰਾ ਤੇ ਸਿਰ ਤੇ ਕੀਮਤੀ ਦੁਸ਼ਾਲਾ ਬੰਨ੍ਹੀ ਖੜ੍ਹਾ ਤਕਿਆ। ਮੋਟਰ ਨੂੰ ਰੁਕਦਿਆਂ ਵੇਖ, ਉਸ ਦੇ ਵੀ ਪੈਰ ਅੱਗੇ ਵੱਧਣੋਂ ਰੁੱਕ ਗਏ। ਜਦੋਂ ਸਾਹਮਣੇ ਸੁੰਦਰ ਸਡੋਲ, ਹੰਸੂ ਹੰਸੂ ਕਰਦਾ ਚਿਹਰਾ, ਅਰਸ਼ੀ ਰੰਗ ਵਿਚ ਗੜੂੰਦੇ ਨੇਤਰਾਂ ਦੇ ਦੀਦਾਰੇ ਹੋਏ ਤਾਂ ਖਾਨ ਦੀ ਸੁਰਤ ਇਕ ਦਮ ਫਰਸ਼ਾਂ ਤੋਂ ਉਠ ਅਰਸ਼ਾਂ ਤੇ ਚਲੀ ਗਈ। ਇਹ ਭੁੱਲ ਹੋ ਗਿਆ ਕਿ ਮੈਂ ਕੀ ਹਾਂ? ਕਿੱਥੇ ਹਾਂ? ਕਿਸ ਕੰਮ ਜਾ ਰਿਹਾ ਹਾਂ? ਸਭ ਵਿਸਰ ਗਿਆ, ਪ੍ਰੇਮ ਭਰੇ ਦਿਲ ਨੇ ਉਛਾਲਾ ਖਾਧਾ, ਨੈਣ ਛਲਕ ਪਏ। ਨੀਰ ਦੀਆਂ ਧਾਰਾਂ ਨਦੀਆਂ ਨਿਆਈਂ ਵਹਿ ਤੁਰੀਆਂ। ਚਰਨਾਂ ਤੇ ਢਹਿ ਪਿਆ। ਹੁਣ ਉਠਾਏ ਕੌਣ? ਸੁਰਤ ਮੰਜ਼ਲੋ ਮੰਜ਼ਲੀ ਚੌਧਾਂ ਤਬਕਾਂ ਤੋਂ ਉਪਰ ਚਲੀ ਗਈ। ਖ਼ਾਂ ਸਾਹਿਬ ਤਾਂ ਚਰਨਾਂ ਤੇ ਪਏ, ਮਗਰ ਖ਼ਾਂ ਸਾਹਿਬ ਨੂੰ ਹਰਕਤ ਦੇਣ ਵਾਲਾ ਵਿਹਲਾ ਨਹੀਂ ਸੀ। ਖ਼ਾਂ ਆਇ ਦੇ ਸੁਆਗਤ ਵਿਚ ਗੁਆਚ ਗਿਆ। ਆਲਾ ਦੁਆਲਾ ਇਕੱਠਾ ਹੋ ਗਿਆ। ਪਠਾਣ ਤੇ ਪਠਾਣੀਆਂ ਦਾ ਝੁਰਮਟ ਪੈ ਗਿਆ। ਸਭ ਸੋਚ ਰਹੇ ਸਨ। ਇਹ ਕੌਣ ਹਨ? ਕਿੱਥੋਂ ਆਏ ਹਨ? ਸਰਦਾਰ ਦੇ ਕੀ

Sri Satguru Jagjit Singh Ji eLibrary NamdhariElibrary@gmail.com

ਲਗਦੇ ਹਨ? ਇਹਨਾਂ ਪ੍ਰਸ਼ਨਾਂ ਸਾਰਿਆਂ ਦੇ ਦਿਲਾਂ ਨੂੰ ਘੇਰ ਲਿਆ। ਸਰਦਾਰ ਨੇ ਹੰਝੂਆਂ ਨਾਲ ਪਿਆਰੇ ਮਹਿਬੂਬ ਦੇ ਚਰਨ ਧੋਤੇ। ਗ਼ਰੀਬ ਨਿਵਾਜ਼ ਜੀ ਨੇ ਖਾਨ ਦੀ ਪਿੱਠ ਤੇ ਮਿਹਰ ਭਰਿਆ ਹੱਥ ਰਖਿਆ ਤੇ ਬਚਨ ਕੀਤਾ, 'ਸਰਦਾਰਾ! ਬਸ, ਬਸ ਕਹਿਣ ਦੀ ਦੇਰ ਸੀ, ਸਰਦਾਰ ਨੇ ਮੱਥਾ ਚੁੱਕਿਆ ਤੇ ਸਤਿਗੁਰੂ ਨੂੰ ਜੱਫੇ ਵਿਚ ਲੈ ਲਿਆ ਤੇ ਘੁਟਿਆ। ਆਲੇ ਦੁਆਲੇ ਦੇ ਦਰਸ਼ਕ ਇਸ ਦ੍ਰਿਸ਼ ਨੂੰ ਤੱਕ ਵਿਸਮਾਦਤਾ ਵਿਚ ਚਲੇ ਗਏ। ਉਹਨਾਂ ਦੇ ਦਿਲਾਂ ਦੇ ਬੁਲ ਹਿਲ ਰਹੇ ਸਨ, ਜੋ ਕਹਿ ਰਹੇ ਸਨ, 'ਇਸ ਵਿਚ ਕੋਈ ਰਾਜ ਹੈ ਹਾਂ, ਅੰਦਰਖਾਨੇ ਤਾਂ ਭਾਵੇਂ ਪੁੱਛ ਗਿੱਛ ਹੋ ਰਹੀ ਸੀ, ਪਰ ਬਾਹਰਲੇ ਬੁਲ੍ਹਾਂ ਤੇ ਚੁੱਪ ਦੀ ਮੁਹਰ ਲੱਗੀ ਹੋਈ ਸੀ। ਸਭ ਨਰ ਨਾਰੀ ਮੂਰਤੀਆਂ ਬਣੇ ਖਲੋਤੇ ਸਨ। ਓਧੜ ਪਠਾਣਾਂ ਦੀ ਤਾਂ ਇਹ ਹਾਲਤ ਹੋਣੀ ਸੀ, ਪਰ ਇਸ ਮਿਲਣੀ ਨੂੰ ਤਕ, ਨਾਲ ਆਏ ਵੀ ਹੈਰਾਨੀ ਦੇ ਸਮੁੰਦਰ ਵਿਚ ਗੋਤੇ ਖਾ ਰਹੇ ਸਨ।

ਖਾਨ ਦੀਆਂ ਬਾਹਵਾਂ ਕੁਝ ਢਿੱਲੀਆਂ ਹੋਈਆਂ ਤਾਂ ਇਕ ਦਮ ਮੂੰਹੋਂ ਨਿਕਲਿਆ 'ਹਜ਼ਰਤ ਬਾਬਾ ਨਾਨਕ!' ਇਹ ਕਹਿ ਸਿਰ ਤੋਂ ਦੁਸ਼ਾਲਾ ਲਾਹ ਧਰਤੀ ਤੇ ਪਟਕਾ ਮਾਰਿਆ ਤੇ ਫੇਰ ਅਦਬ ਨਾਲ ਵਿਛਾ ਦਿੱਤਾ। ਸਤਿਗੁਰਾਂ ਨੂੰ ਚਰਨ ਰੱਖਣ ਵਾਸਤੇ ਅਰਜ਼ ਕੀਤੀ। ਸਤਿਗੁਰਾਂ ਚਰਨ ਰੱਖੇ ਅਤੇ ਕਦਮ ਪੁੱਟੇ। ਖਾਨ ਫੇਰ ਦੁਸ਼ਾਲਾ ਚੁੱਕਿਆ ਤੇ ਵਿਛਾ ਦਿੱਤਾ। ਸਰਦਾਰ ਬੇਖੁਦੀ ਦਾ ਜਾਮ ਪੀ ਵਿਛਾਈ ਗਿਆ, ਤੇ ਚੁੱਕੀ ਗਿਆ। ਵਿਛਾਈ ਗਿਆ, ਚੁੱਕੀ ਗਿਆ। ਹੌਲੀ ਹੌਲੀ ਸਾਰਾ ਨਗਰ ਇਕੱਠਾ ਹੋ ਗਿਆ। ਖ਼ਾਸਾ ਜਲੂਸ ਬਣ ਗਿਆ ਧੀਰੇ ਧੀਰੇ ਗ਼ਰੀਬ ਨਿਵਾਜ਼ ਜੀ ਸਰਦਾਰ ਖ਼ਾਂ ਦੇ ਘਰ ਪੁੱਜ ਗਏ।

ਵਿਹੜੇ ਵਿਚ ਵੱਡਾ ਪਲੰਘ ਵਿੱਛ ਗਿਆ। ਖਾਨ ਕਦੀ ਏਧਰ ਜਾਏ, ਕਦੇ ਓਧਰ ਬੌਰਾ ਹੋਇਆ ਵਾਜਾਂ ਮਾਰੀ ਜਾਏ 'ਚਲੋ ਭਾਗਾਂ ਵਾਲੀਓ! ਚਲੋ ਨੱਢੀਓ! ਹਜ਼ਰਤ ਨਾਨਕ ਆਇਆ ਜੇ, ਦੀਦਾਰੇ ਕਰ ਲਵੋ। ਗੁਨਾਹ ਬਖਸ਼ਵਾ ਲਵੋ।' ਆਂਢੀਆਂ ਗੁਆਂਢੀਆਂ ਨੂੰ ਵਾਜਾਂ ਮਾਰੀ ਜਾਵੇ, 'ਕਿਸਮਤ ਵਾਲਿਓ ਸਰਦਾਰੋ ਤੇ ਸਰਦਾਰਨੀਓ! ਤੁਸੀਂ ਵੀ ਆਓ। ਰਜ ਰਜ ਦੀਦਾਰੇ ਕਰ ਲਵੋ, ਗੁਨਾਹਾਂ ਤੋਂ ਛੁਟਕਾਰਾ ਪਵਾ ਲਵੋ।' ਫਿਰ ਆਪ-ਮੁਹਾਰੇ ਬੋਲੀ ਗਿਆ 'ਜਦ ਤੋਂ ਪੰਜਾਬੋਂ ਆਇਆ ਸਾਂ, ਭਟਕਣਾ ਲੱਗੀ ਹੋਈ ਸੀ ਕਿ ਹਜ਼ਰਤ ਨਾਨਕ ਦੇ ਮੁੜ ਵੀ ਦਰਸ਼ਨ ਹੋਣਗੇ? ਏਡੀ ਕਿਸਮਤ ਕਿੱਥੋਂ? ਏਡੇ ਭਾਗ ਕਿਵੇਂ? ਕਿੱਥੇ ਪੰਜਾਬ? ਕਿੱਥੇ ਲੁਧਿਆਣਾ? ਕਿੱਥੇ ਸ੍ਰੀ ਭੈਣੀ ਸਾਹਿਬ? ਕੋਹਾਂ ਕਾਢਾਂ ਦਾ ਪੈਂਡਾ? ਜਿਉਂਦਿਆਂ ਦੇ ਮੇਲੇ ਕਿੱਥੇ? ਰੂਹਾਂ ਦੇ ਮੇਲੇ ਭਾਵੇਂ ਹੋ ਜਾਣ ਪਰ ਇਹ ਤਾਂ ਸੱਚਮੁੱਚ ਖ਼ੁਦਾ ਹੈ। ਇਹ ਤਾਂ ਅੰਦਰ ਦੀਆਂ ਜਾਨਣ ਵਾਲਾ ਹੈ। ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ। ਭੁਲੀਏ ਲੁਕਾਈਏ, ਕਿਤੇ ਭੁਲੇਖੇ ਵਿਚ ਨਾ ਰਹਿਓ। ਇਹ ਵੇਲੇ ਦਾ ਰਸੂਲ ਹੈ। ਅੱਲਾ ਪਾਕ ਦਾ ਰਹਿਬਰ ਹੈ। ਪੈਗੰਬਰ ਹੈ, ਹਜ਼ਰਤ ਨਾਨਕ ਹੈ, ਨਾਨਕ। ਚੁੰਮ ਲਓ ਚਰਨਾਂ ਨੂੰ ਰਗੜ ਲਵੋ ਮੱਥੇ ਨੂੰ। ਬਦਲਵਾ ਲਵੋ ਕਿਸਮਤ ਨੂੰ। ਜ਼ਰਾ ਆਸਮਾਨ ਵਲ ਤੱਕੋ ਕਿਵੇਂ ਫਰਿਸ਼ਤੇ

Sri Satguru Jagjit Singh Ji eLibrary NamdhariElibrary@gmail.com

ਸਿਜਦੇ ਕਰ ਰਹੇ ਹਨ? ਜੰਨਤ ਦੀਆਂ ਹੂਰਾਂ ਕਿਵੇਂ ਰਕਸ ਕਰ ਅਜਰਾਈਲ ਤੇ ਜਬਰਾਈਲ ਨੂੰ ਮਸਤ ਬਣਾਈ ਜਾ ਰਹੀਆਂ ਨੇ। ਤੁਸੀਂ ਵੀ ਘਰ ਆਏ ਖ਼ੁਦਾ ਤੋਂ ਰਹਿਮਤਾਂ ਦੀਆਂ ਝੋਲੀਆਂ ਭਰਵਾ ਲਵੋ।'

ਸਤਿਗੁਰਾਂ ਹੱਸਕੇ ਬਚਨ ਕੀਤਾ 'ਸਰਦਾਰਾ ਅਸੀਂ ਤਾਂ ਘੋੜੇ ਵੇਖਣ ਆਏ ਹਾਂ।' ਸਰਦਾਰ ਫੇਰ ਬੋਲ ਉੱਠਿਆ 'ਤੈਨੂੰ ਘੋੜਿਆਂ ਦਾ ਘਾਟਾ! ਤੇਰੇ ਤਬੇਲੇ ਵਿਚ ਅਰਬੀ ਘੋੜੇ ਤੇ ਵਲੈਤੀ ਘੋੜੀਆਂ। ਤੈਨੂੰ ਘੋੜਿਆਂ ਦੀ ਕੀ ਪਰਵਾਹ ਤੂੰ ਤਾਂ ਮੇਰੇ ਵਰਗੇ ਆਜਿਜ਼, ਮਸਕੀਨ, ਤੇ ਗ਼ੁਲਾਮ ਦੀਆਂ ਅਰਜ਼ਾਂ ਕਬੂਲ ਕਰ ਏਥੇ ਆਇਆ ਹੈਂ ਮੈਂ ਚਿਰਾਂ ਤੋਂ ਸੁਬ੍ਹਾ ਸ਼ਾਮ ਤੇਰੇ ਦੀਦਾਰਿਆਂ ਖ਼ਾਤਰ ਦੁਆ ਕਰਿਆ ਕਰਦਾ ਸਾਂ। ਮੈਂ ਕਦ ਤੋਂ ਰਾਹ ਤੱਕ ਰਿਹਾ ਸਾਂ ਕਿ ਮੇਰੇ ਵੀ ਭਾਗ ਜਾਗਣਗੇ। ਅੱਜ ਮੈਂ ਠੀਕ ਖ਼ੁਸ਼ਕਿਸਮਤ ਹਾਂ, ਕਿ ਇਹਨਾਂ ਚਸ਼ਮਾਂ ਨਾਲ ਹਜ਼ੂਰ ਦੇ ਦਰਸ਼ਨ ਕਰ ਰਿਹਾ ਹਾਂ।'

ਖ਼ੈਰ ਸਰਦਾਰ ਬਚਨ ਮਨ ਘੋੜੇ ਵਿਖਾਣ ਲਈ ਤਿਆਰ ਹੋਇਆ। ਇਕ ਸੁੰਦਰ ਭਰਵਾਂ ਊਠ, ਸੁਨਹਿਰੀ ਕਾਠੀ ਨਾਲ ਸ਼ਿੰਗਾਰਿਆ। ਆਪ ਘੋੜੀ ਤੇ ਕਾਠੀ ਪਾਈ। ਹੱਥ ਵਿਚ ਛਤਰ ਫੜਿਆ। ਅੱਗੇ ਸਤਿਗੁਰ। ਨਾਲ ਨਾਲ ਸਰਦਾਰ, ਛਤਰ ਫੜੀ ਪਿੱਛੇ ਭਾਈ ਵਜ਼ਰੀ ਸਿੰਘ, ਰਤਨ ਸਿੰਘ, ਫਰਿਸ਼ਤਾ ਜੀ, ਸੰਤ ਰਾਜਿੰਦਰ ਸਿੰਘ ਤੇ ਮਲੰਗ ਹੋਰੀਂ, ਬਾਹਰ ਗਏ। ਸਤਿਗੁਰ ਘੋੜੇ ਵੇਖ ਬੜੇ ਪ੍ਰਸੰਨ ਹੋਏ। ਵਾਪਸੀ ਤੇ ਸਰਦਾਰ ਨੇ ਟੁਰਨ ਲੱਗਿਆਂ ਇਕ ਕੀਮਤੀ ਦੁਸ਼ਾਲਾ ਚਰਨਾਂ ਤੇ ਰੱਖ ਮੱਥਾ ਟੇਕਿਆ ਤੇ ਬੇਨਤੀ ਕੀਤੀ, 'ਹਜ਼ਰਤ ਬਖਸ਼ੋ!' ਭੁਲਾਇਓ ਨਾ ਫੇਰ ਵੀ ਕਦਮ ਰੰਜਾਂ ਫੁਰਮਾਇਓ।

ਏਧਰ ਖਾਨ ਆਪਣੇ ਲੋਰ ਵਿਚ ਜੋਦੜੀ ਕਰੀ ਜਾ ਰਿਹਾ ਸੀ। ਦੂਜੇ ਬੰਨੇ ਭਾਈ ਵਜ਼ੀਰ ਸਿੰਘ ਤੇ ਸੰਤ ਮੰਗਲ ਸਿੰਘ ਆਪਣੇ ਆਪਣੇ ਥਾਂ ਗਿਟੀਆ ਗਿਣ ਰਹੇ ਸਨ। ਭਾਈ ਜੀ ਕਹਿ ਰਹੇ ਸਨ, 'ਸੰਤ ਜੀ! ਮੈਂ ਤਾਂ ਸਮਝਦਾ ਸਾਂ, ਇਹ ਸਾਡਾ ਏ। ਇਹਦਾ ਕੋਈ ਪਤਾ ਨਹੀਂ ਲੱਗਦਾ।' ਇੱਥੇ ਆਣਕੇ ਇਹ ਜਾਣਿਆ, ਕਿ ਇਹ ਕੇਵਲ ਸਾਡਾ ਈ ਨਹੀਂ, ਇਹ ਖਾਨ ਖਾਨੀਆਂ ਦਾ ਵੀ ਪੀਰ ਏ।' ਸੰਤ ਮੰਗਲ ਸਿੰਘ ਜੀ ਸਹਿਜੇ ਹੀ ਕਹਿ ਦਿੱਤਾ, 'ਭਾਈ ਜੋ ਤੂੰ ਕਹਿੰਦਾ ਹੈਂ', ਬਿਲਕੁਲ ਠੀਕ ਏ। ਜੇ ਮੈਂ ਨਾਲ ਨਾ ਹੁੰਦਾ ਤਾਂ ਮੈਂ ਮੰਨਣਾ ਨਹੀਂ ਸੀ, ਮੈਨੂੰ ਭੁਲੇਖਾ ਈ ਰਹਿਣਾ ਸੀ, ਜੇ ਇਹ ਸਾਡਾ ਸਤਿਗੁਰ ਏ ਤਾਂ ਖਾਨ ਖਾਨਾਂ ਦਾ ਵੀ ਪੀਰ ਏ, ਪਰ ਹੁਣ ਤਾਂ ਮੈਂ ਗਜ ਵਜ ਕੇ ਆਖਾਂਗਾ ਕਿ ਇਹ ਕੁਲ ਆਲਮ ਦਾ ਹਰਤਾ ਕਰਤਾ ਏ, ਖਾਲਿਕ ਏ ਤੇ ਰਾਜ਼ਿਕ ਏ।

**ਸੰਤ ਰਤਨ ਸਿੰਘ ਹਜ਼ੂਰੀ**
**ਸੇਵਕ**

Sri Satguru Jagjit Singh Ji eLibrary NamdhariElibrary@gmail.com

# ਬੰਨੇ ਚੰਨੇ ਦੇ ਭਰਾ

"ਸਬਜ਼ਾ ਗੁਲਜ਼ਾਰ ਰੰਗ ਦੀ ਉਹ ਘੋੜੀ ਬੜੀ ਸਾਰੀ ਵੱਡੀ ਘੋੜੀ ਸੀ। ਕਿਤੇ ਲੱਖਾਂ 'ਚੋਂ ਇਕ ਜਾਨਵਰ ਹੀ ਏਡਾ ਪੂਰਾ, ਏਡਾ ਸੋਹਣਾ, ਏਡਾ ਸਾਊ ਤੇ ਏਡੀਆਂ ਸਿਫ਼ਤਾਂ ਵਾਲਾ ਹੁੰਦਾ ਏ। ਉਹ ਘੋੜੀ ਦਸੀ ਸੀ, ਮਾਂ ਪਿਓ ਵੱਲੋਂ ਖ਼ਾਲਸ ਪੰਜਾਬੀ। ਪਰ ਚੰਗੀਆਂ ਸੋਹਣੀਆਂ ਸੁਥਰੀਆਂ ਸਿੰਧੀ, ਬਲੋਚੀ, ਅਰਬੀ, ਇਰਾਕੀ ਤੇ ਥਾਰੋ ਬਰੀਡ ਘੋੜੀਆਂ ਰੰਗ ਰੂਪਾਂ, ਕੰਮ ਤੇ ਦਮ ਵਿਚ ਕਿਧਰੇ ਕਿਧਰੇ ਉਹਦੇ ਨੇੜੇ ਤੇੜੇ ਵੀ ਨਹੀਂ ਸਨ ਢੁੱਕਦੀਆਂ। ਮਾਦਾ ਘੋੜੀ ਵੇਖਣ ਨੂੰ ਤਸਵੀਰ, ਤੇ ਉੱਡਣ ਨੂੰ ਪਰੀ ਸੀ। ਵੇਖਿਆ ਉਹਨੂੰ ਭੁੱਖਾਂ ਲਹਿੰਦੀਆਂ ਤੇ ਚੜ੍ਹਿਆਂ ਉੱਤੇ ਸਵਾਰ ਨੂੰ ਲੈ ਕੇ ਹਰ ਹੋ ਜਾਂਦੀ। ਮੂੰਹ ਦੀ ਨਰਮ, ਤਬੀਅਤ ਦੀ ਗਰਮ ਤੇ ਸਾਹ ਦੀ ਪੱਕੀ। ਲੰਮੀ ਦੌੜ, ਜ਼ੋਰ ਤੇ ਸਾਹ ਦਮ ਵਿਚ ਥਾਰੋ-ਬਰੀਡਾਂ ਵੀ ਉਹਦੇ ਅੱਗੇ ਸਿਰ ਸੁੱਟ ਜਾਂਦੀਆਂ। ਦਸ ਕੋਹ ਉਹਨੂੰ ਸਿਰ ਸੁੱਟ ਦੁੜਾਓ ਫੇਰ ਵੀ ਨਵੀਂ ਨਕੋਰ' ਤਿਆਰ ਤੇ ਤਾਜ਼ਾ ਦਮ। ਜ਼ਰਾ ਲਗਾਮ ਨੂੰ ਇਸ਼ਾਰਾ ਦਿਓ ਤੇ ਫੇਰ ਸਵਾਰ ਨੂੰ ਲੈ ਕੇ ਉੱਡ ਜਾਏ। ਉਹਦੇ ਲਹੂ ਵਿਚ ਯਾ ਅੱਗ ਸੀ ਯਾ ਬਿਜਲੀਆਂ। ਨਰਾਂ ਤੋਂ ਚੌੜੀ ਉਹਦੀ ਛਾਤੀ ਵਿਚ ਨਰਾਂ ਤੋਂ ਕਿਧਰੇ ਵੱਧ ਹੌਸਲਾ ਤੇ ਦਲੇਰੀ ਸੀ। ਜਵਾਨ ਕੁੜੀਆਂ ਵਰਗੀਆਂ ਸ਼ੌਖੀਆਂ, ਤੇਜ਼ੀਆਂ ਤੇ ਚੁੰਗੀਆਂ ਭਰਨ ਦੇ ਸ਼ੌਕ ਦੇ ਨਾਲ ਨਾਲ ਦਾਨੀਆਂ-ਪਰਧਾਨੀਆਂ ਸਵਾਣੀਆਂ ਵਰਗਾਂ ਸੁਹੱਪਣ, ਠਹਿਰਾਓ, ਨਿੱਘ ਤੇ ਸਾਊਪੁਣਾ ਵੀ ਉਹਦੇ ਵਿਚ ਵਾਫ਼ਰ ਸੀ। ਕੱਸਿਆਂ ਕਦੇ ਉਸ ਵੱਢਣ ਨੂੰ ਮੂੰਹ ਖੋਲ੍ਹਿਆ ਤੇ ਮਾਰਨ ਨੂੰ ਪੌੜ ਚੁੱਕਿਆ ਹੋਣਾ ਏ? ਕਿਲ੍ਹੇ ਬੱਧੀ ਦੀ ਪੂਛਲ ਨਾਲ ਭਾਵੇਂ ਅੰਞਾਣੇ ਲਮਕ ਕੇ ਖੇਡਦੇ ਰਹਿਣ। ਪਰ ਇਕ ਲਗਾਮ ਦੇ ਕੇ, ਕਾਠੀ ਉਹਦੇ ਉੱਤੇ ਪਾ ਕੇ, ਰਕਾਬ ਵਿਚ ਪੈਰ ਧਰਣ ਦੀ ਦੇਰ, ਘੋੜੀ ਆਪਣੇ ਚਾਰੇ ਪੌੜ ਜ਼ਮੀਨ ਓਤੇ ਧਰਨੇ ਹੀ ਨਈਂ ਇਕੱਠੇ। ਤੇ ਇਹ ਵੀ ਆਖਿਆ ਜਾਂਦਾ ਕਿ ਸ਼ਾਹ ਸਵਾਰ ਉਹ, ਜਿਹੜਾ ਉਹਦੇ ਉੱਤੇ ਚੜ੍ਹ ਕੇ ਉਹਦੇ ਚਾਰੇ ਪੌੜ 'ਕੱਠੇ' ਜ਼ਮੀਨ ਉੱਤੇ ਲਵਾ ਦੇਵੇ। ਸਵਾਰ ਉਹ ਨਈਂ ਹੁੰਦਾ ਜਿਹਨੂੰ ਘੋੜੀ ਰਕਾਬੇ ਪੈਰ ਪਾਉਂਦਿਆਂ ਹੀ ਲੈ ਕੇ ਦੌੜ ਪਵੇ ਤੇ ਉੱਤੇ ਬੈਠੇ ਦੀਆਂ ਅੱਖਾਂ ਹੀ ਨਾ ਖੁੱਲ੍ਹਣ ਦੇਵੇ। ਸਵਾਰ ਤੇ ਉਹ ਹੁੰਦਾ ਏ ਜਿਹੜਾ ਘੋੜੀ ਤੇ ਚੜ੍ਹ ਕੇ ਆਪਣੀ ਮਰਜ਼ੀ ਦੀ ਚਾਲ ਚਲਾਏ। ਘੋੜੀ ਸਰਪਟ ਦੌੜਨਾ ਚਾਹਵੇ ਤੇ ਸਵਾਰ ਉਹਨੂੰ ਲਗਾਮ 'ਚੋਂ ਨਾ ਨਿਕਲਣ ਦੇਵੇ। ਘੋੜੀ ਪੋਈਏ ਪੈਣਾ ਚਾਹਵੇ ਤੇ ਸਵਾਰ ਉਹਨੂੰ ਰਵਾਲ ਟੋਰੇ। ਘੋੜੀ ਚੁੰਗੀਆਂ ਭਰਦੀ ਛੁੱਟਣ ਲਈ ਲਗਾਮ ਦੀ ਢਿੱਲ ਮੰਗੇ ਤੇ ਸਵਾਰ ਉਹਨੂੰ ਪੋਈਏ 'ਚੋਂ ਕੱਢ ਕੇ ਟਾਪ ਵਿਚ ਲੈ ਜਾਏ। ਤੇ ਫੇਰ ਜਦੋਂ ਚਾਹਵੇ ਟਾਪ ਤੋਂ ਪੋਈਏ ਪਾ

Sri Satguru Jagjit Singh Ji eLibrary NamdhariElibrary@gmail.com

ਲਏ ਤੇ ਜਦੋਂ ਚਾਹਵੇਗਾ ਪੋਈਏ ਤੋਂ ਸਰਪਟ ਸੁੱਟ ਦੇਵੇ, ਤੇ ਫੇਰ ਜਦੋਂ ਚਾਹਵੇ ਸਰਪਟ ਨੂੰ ਥੰਮ ਕੇ ਫੇਰ ਗਾਮ ਟੋਰ ਲਵੇ। ਅਜਿਹੇ ਸਵਾਰ ਹੀ ਸ਼ਾਹ ਸਵਾਰ ਅਖਵਾਣ ਦੇ ਲਾਇਕ ਹੁੰਦੇ ਨੇ। ਸ਼ਾਹ ਸਵਾਰ ਦੀਆਂ ਲਗਾਮ ਫੜ੍ਹਨ ਵਾਲੀਆਂ ਉਂਗਲਾਂ ਵਿਚ ਹੁਨਰ, ਰਕਾਬ ਵਿਚ ਪਰਨ ਵਾਲੇ ਪੱਬ ਵਿਚ ਸਤ, ਘੋੜੀ ਦਵਾਲੇ ਜਮੂਰ ਵਾਂਗ ਕੱਸੇ ਹੋਏ ਪੱਟਾਂ ਵਿਚ ਤਾਕਤ ਤੇ ਘੋੜੀ ਦੀ ਹਰ ਹਰਕਤ, ਹਰ ਅਦਾ ਤੇ ਨਜ਼ਰ ਰੱਖਣ ਵਾਲੀ ਅੱਖ ਵਿਚ ਸਮਝ ਸਿਆਣ ਦਾ ਨੂਰ ਹੋਵੇ ਤੇ ਘੋੜੀ ਆਪਦਾ ਜੁਸਾ ਸਵਾਰ ਦੇ ਜੁਸੇ ਨਾਲ ਰਲਾ ਲੈਂਦੀ ਏ।

ਸਬਜ਼ਾ ਗੁਲਜ਼ਾਰ ਰੰਗਵ ਦੀ ਓਸ ਅਨਮੋਲ ਘੋੜੀ ਨੂੰ, ਉਹਦੀ ਸਾਰੀ ਹਯਾਤੀ ਵਿਚ ਇਕ ਹੀ ਅਜਿਹਾ ਸ਼ਾਹ ਸਵਾਰ ਲੱਭਾ ਸੀ - ਉਹ ਮੇਰੇ ਭਾਈ ਸਾਹਿਬ ਸੀ।

ਉਹ ਘੋੜੀ ਜ਼ਿਲ੍ਹਾ ਸਰਗੋਧਾ ਦੇ ਚੱਕ ਚਾਲੀ ਦੀ ਜੰਮ ਪਲ ਸੀ। ਉਹ ਹੀ ਚੱਕ ਦੇ ਇਕ ਤਗੜੇ ਸੌਖੇ ਮੁਸਲਮਾਨ ਜੱਟ ਦੀ ਘੋੜੀ ਦੀ ਵਛੇਰੀ ਸੀ ਜਿਹਨੂੰ ਜੱਟ ਨੇ ਬੜੀ ਰੀਝ ਤੇ ਬੜੀ ਜਾਨ ਮਾਰ ਨੇ ਪਾਲਿਆ ਸੀ। ਜਦੋਂ ਘੋੜੀ ਜਵਾਨ ਹੋਣ ਲੱਗੀ, ਉਹਦੀ ਧੁੰਮ ਦੂਰ ਤੀਕ ਖਿਲਰ ਗਈ। ਸਰਗੋਧੇ, ਲਾਇਲਪੁਰ ਦੀਆਂ ਮੰਡੀਆਂ ਵਿਚ ਨਾ ਉਸ ਘੋੜੀ ਦੀ ਕਦੇ ਮੂੰਹ ਦਿਖਾਈ ਹੋਈ ਤੇ ਨਾ ਹੀ ਉਹ ਦੌੜੀ। ਤਾਂ ਵੀ ਉਹਦੀ ਦਸਾ ਭੈਣੀ ਸਾਹਿਬ ਸਾਡੇ ਗੁਰੂ ਸਾਹਿਬ ਨੂੰ ਪੈ ਗਈ। ਗੁਰੂ ਸਾਹਿਬ ਮਹਾਰਾਜ ਭੈਣੀ ਸਾਹਿਬ ਤੋਂ ਚੜ੍ਹੇ ਤੇ ਸਰਗੋਧਾ ਚਾਲੀ ਚੱਕ ਵਿਚ ਜਾ ਉਤਰੇ। ਉਹ ਘੋੜੀ ਦੇਖੀ ਜਾਂਚੀ ਤੇ ਉਸਦਾ ਮੁੱਲ ਕਰਕੇ ਇਕ ਤੀਲਾ ਮਾਲਕ ਦੀ ਤਲੀ ਉੱਤੇ ਰਖਿਆ ਸਾਈਂ ਦਾ ਤੇ ਆ ਗਏ। ਆਉਂਦਿਆਂ ਫੁਰਮਾਇਓ ਨੇ - 'ਸਾਡਾ ਬੰਦਾ ਆਏਗਾ। ਪੈਸੇ ਦੇ ਜਾਏਗਾ ਤੇ ਘੋੜੀ ਲੈ ਜਾਏਗਾ। ਉਦੋਂ ਤੀਕ ਸਾਡੀ ਏਸ ਘੋੜੀ ਦੀ ਅੱਗੇ ਵਾਂਗ ਹੀ ਸੇਵਾ ਕਰੀਂ। ਸਾਈਂ 'ਅਮੀਨ' ਆਖਿਆ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਨੂੰ ਗੁਰੂਆਂ ਦੀ ਘੋੜੀ ਜਾਣ ਕੇ ਅੱਗੇ ਨਾਲੋਂ ਵੀ ਵੱਧ ਸੇਵਾ ਦੇਣ ਲੱਗ ਪਿਆ। ਏਸ ਗੱਲ ਦੀ ਹੁਣ ਮੈਨੂੰ ਥਹੁ ਨਹੀਂ ਪਈ ਗੁਰੂ ਮਹਾਰਾਜ ਉਹਦਾ ਮੁੱਲ ਤਾਰ ਕੇ ਘੋੜੀ ਲੈ ਕਿਉਂ ਨਾ ਆਏ? ਖ਼ੌਰੇ ਏਸ ਗੱਲ ਵਿਚ ਵੀ ਕੋਈ ਹਿਕਮਤ ਸੀ? ਫੇਰ ਇਹ ਗੱਲ ਪਤਾ ਨਹੀਂ ਕਿੱਦਾਂ ਕਈ ਮਹੀਨੇ ਗੁਰੂ ਸਾਹਿਬ ਮਹਾਰਾਜ ਹੁਰਾਂ ਦੇ ਮਨੋਂ ਵਿਸਰ ਗਈ?

ਕੋਈ ਚਾਰ-ਪੰਜ ਮਹੀਨੇ ਮਗਰੋਂ ਜਦੋਂ ਗੁਰਾਂ ਦਾ ਬੰਦਾ ਪੈਸੇ ਲੈ ਕੇ ਘੋੜੀ ਲੈਣ ਗਿਆ ਘੋੜੀ ਮਾਲਕ ਨੇ ਕਿਧਰੇ ਹੋਰ ਵੇਚ ਛੱਡੀ ਹੋਈ ਸੀ। ਜਦੋਂ ਗੁਰੂ ਸਾਹਿਬ ਦੇ ਬੰਦੇ ਨੇ ਮਾਲਕ ਨੂੰ ਸੌਦੇ ਤੋਂ ਫਿਰ ਜਾਣ ਤੇ ਹੋਏ ਤੋਏ ਕੀਤੀ ਤਾਂ ਖਚਰੇ ਜੱਟ ਹੱਥ ਜੋੜ ਕੇ ਕਿਹਾ - 'ਮਹਾਰਾਜ ਬਾਦਸ਼ਾਹਵਾਂ ਦੇ ਘਰ ਲਾਲਾਂ ਦਾ ਕੀਹ ਕਾਲ? ਗੁਰੂ ਹੋਰਾਂ ਕੋਲ ਤੇ ਦੁਨੀਆਂ ਜਹਾਨ ਦੀਆਂ ਚੰਗੀਆਂ ਚੰਗੀਆਂ ਤੇ ਇਕ ਤੋਂ ਇਕ ਵੱਧ ਘੋੜੀਆਂ ਨੇ। ਤੁਸੀਂ ਭੌਂ ਕੇ ਬਹੁੜੇ ਹੀ ਨਾ, ਤੇ ਮੈਂ ਸਮਝਿਆ ਘੋੜੀ ਤੁਹਾਨੂੰ ਪਸੰਦ ਹੀ ਨਹੀਂ ਆਈ। ਉੱਤੋਂ ਉਸ ਘੋੜੀ

Sri Satguru Jagjit Singh Ji eLibrary NamdhariElibrary@gmail.com

ਨੇ ਤਾਂ ਮੇਰੀਆਂ ਨੀਂਦਾਂ ਹੀ ਹਰਾਮ ਕਰ ਛੱਡੀਆਂ ਸਨ। ਬੰਦੂਕਾਂ ਵਾਲੇ। ਦੋ ਦੋ ਬੰਦੇ ਰਾਤ ਉਹਦਾ ਪਹਿਰਾ ਦੇਂਦੇ। ਤਾਂ ਵੀ ਚਾਰ ਵਾਰ ਚੋਰ ਉਹਦੇ ਤੇ ਲੱਪਕੇ। ਜਿਉਂ ਹੀ ਘੋੜੀ ਘਰੋਂ ਗਈ, ਮਗਰੋਂ ਲੱਥੀ। ਹੁਣ ਅਮਨ ਦੀ ਨੀਂਦ ਸੌਂਦਾ ਹਾਂ। ਗੁਰਾਂ ਦਾ ਮੈਂ ਦੇਣਦਾਰ ਆਂ। ਹੁਣ ਜਦੋਂ ਉਹਦੀ ਮਾਂ ਸੂਈ, ਤੋੜ ਆ ਕੇ ਵਛੇਰਾ ਵਛੇਰੀ ਗੁਰਾਂ ਦੇ ਅਸਤਬਲ ਵਿਚ ਬੰਨ੍ਹ ਕੇ ਆਵਾਂਗਾ। ਗੋਲੀ ਕਿਹਦ੍ਹੀ ਤੇ ਗਹਿਣੇ ਕਿਦ੍ਹੇ?'

ਜਦੋਂ ਘੋੜੀ ਲੈਣ ਗਏ ਬੰਦੇ ਨੇ ਭੈਣੀ ਸਾਹਿਬ ਪਰਤ ਕੇ ਖ਼ਾਲੀ ਹੱਥ ਬੰਨ੍ਹਕੇ ਗੁਰੂ ਹੋਰਾਂ ਨੂੰ ਸਾਰੀ ਗੱਲ ਸੁਣਾਈ ਤੇ ਗੁਰੂ ਦੇ ਸਿੱਖਾਂ ਦਾ ਲਹੂ ਖੋਲ ਗਿਆ। ਪਰ ਗੁਰੂ ਮਹਾਰਾਜ ਘੜੀ ਕੁ ਚੁੱਪ ਰਹੇ ਫੇਰ ਫੁਰਮਾਉਣ ਲੱਗੇ - 'ਅਸੀਂ ਵੀ ਤੇ ਭੁੱਲ ਹੀ ਗਏ ਸਾਂ। ਚਲੋ ਘੋੜੀ ਕੋਈ ਸ਼ੌਕੀਨ ਬੰਦਾ ਲੈ ਗਿਆ, ਮੌਜਾਂ ਲੁੱਟੇ: ਉਹਦੇ ਨਸੀਬ।'

ਇਹ ਗੱਲ ਸਾਰੇ ਪੰਜਾਬ ਵਿਚ ਪੰਜਾਂ ਦਰਿਆਵਾਂ ਦੇ ਹੜ੍ਹ ਵਾਂਗ ਖਿੱਲਰ ਗਈ ਕਿ ਕੋਈ ਬੰਦਾ ਗੁਰੂਆਂ ਦੇ ਸੌਦੇ ਉੱਤੇ ਸੌਦਾ ਕਰਕੇ ਉਹਨਾਂ ਦੀ ਘੋੜੀ ਲੈ ਗਿਆ। ਪਰ ਕਿਹੜੀ ਮਾਈ ਦਾ ਲਾਲ? ਬੜੇ ਚਿਰ ਤੀਕ ਮੈਨੂੰ ਇਹ ਪਤਾ ਨਾ ਚਲ ਸਕਿਆ।

ਏਸ ਗੱਲ ਦੇ ਕੋਈ ਛੇ ਮਹੀਨੇ ਮਗਰੋਂ ਮੈਂ ਭੈਣੀ ਸਾਹਿਬ ਗੁਰਾਂ ਦੇ ਦਰਸ਼ਨਾਂ ਨੂੰ ਗਿਆ। ਗੁਰੂ ਮਹਾਰਾਜ ਲਾਹੌਰ ਨੂੰ ਚੜ੍ਹਾਈਆਂ ਕਰ ਰਹੇ ਸਨ। ਮੈਨੂੰ ਵੀ ਸਾਥ ਚੱਲਣ ਦਾ ਹੁਕਮ ਦਿੱਤੋ ਨੇ ਮੇਰੇ ਧੰਨ ਭਾਗ; ਲਾਹੌਰ ਅੱਪੜ ਕੇ ਅਪਣਾ ਰਸਾਲਾ ਤੇ ਪੈਦਲਾਂ ਨੂੰ ਗੁਰਦੁਆਰੇ ਅਪੜਨ ਦਾ ਹੁਕਮ ਦਿੱਤਾ। ਤੇ ਮੈਨੂੰ ਤੇ ਪੰਜ ਹੋਰ ਸੇਵਕਾਂ ਨੂੰ ਆਪਣੇ ਨਾਲ ਚੱਲਣ ਲਈ ਆਖਿਆ:-

ਧੰਨ ਭਾਗ;

'ਕਿਧਰ?' ਮੇਰੇ ਮਨ ਵਿਚ ਸਵਾਲ ਪੁੰਗਰਿਆ।

ਗੁਰੂ ਮਹਾਰਾਜ ਦੇ ਦਿਲਾਂ ਦੇ ਭੇਤ ਜਾਨਣ ਵਾਲੇ ਸਨ, ਹੱਸ ਕੇ ਕਹਿਣ ਲੱਗੇ - 'ਭਾਈ ਟਹਿਲ ਸਿੰਘ ਤੇਰੇ ਭਰਾ ਚੌਧਰੀ ਵਲ ਚੱਲੇ ਆਂ। ਉਹਦੇ ਘਰ ਦਾ ਰਾਹ ਆਉਂਦਾ ਈ?'

'ਆਹੋ ਮਹਾਰਾਜ, 'ਮੈਂ ਹੱਥ ਬੰਨ੍ਹ ਕੇ ਅਰਜ਼ ਗੁਜ਼ਾਰੀ - 'ਧੰਨ ਭਾਗ ਉਹਦੇ'

ਸ਼ਾਹੋ ਦੀ ਗੜ੍ਹੀ ਭਾਈ ਸਾਹਿਬ ਦੇ ਘਰ ਅੱਪੜੇ ਤੇ ਉਹ ਆਪ ਘਰ ਕੋਈ ਨਹੀਂ ਸਨ। ਗੁਰੂ ਮਹਾਰਾਜ ਏਸ ਗੱਲ ਦੀ ਪਰਵਾਹ ਕੀਤਿਓਂ ਬਗ਼ੈਰ ਘੋੜੀਆਂ ਦੇ ਖੁਰਲ ਵਲ ਗਏ। ਇਕ ਘੋੜੀ ਦੇ ਕੋਲ ਅੱਪੜ ਕੇ, ਉਹਨੂੰ ਥਾਪੀ ਦਿੱਤੀਓ ਨੇ। ਫੇਰ ਉਹਦੀ ਧੌਣ ਨੂੰ ਕਲਾਵਾ ਭਰ ਕੇ ਉਹਦਾ ਮੂੰਹ ਆਪਣੇ ਸੀਨੇ ਲਾ ਲਿਓ ਨੇ। ਜਿਵੇਂ ਕੋਈ ਮਾਂ ਆਪਣੇ ਵਿਛੜ ਕੇ ਮਿਲੇ ਲਾਲ ਨੂੰ ਆਪਣੇ ਨਾਲ ਚਮੋੜ ਲੈਂਦੀ ਏ ਗੁਰੂ ਹੋਰੀਂ ਬੜੀ ਦੇਰ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾਈ, ਉਹਨੂੰ ਪਿਆਰ ਕਰਦੇ ਤੇ ਉਹਦੇ ਮੱਥੇ ਉੱਤੇ ਹੱਥ ਫੇਰਦੇ ਰਹੇ। ਨੌਕਰਾਂ ਪਰੌਹਣੇ ਵੇਖ ਕੇ ਅੰਦਰੋਂ ਨਵੀਆਂ ਨਵਾਰੀ ਮੰਜੀਆਂ ਕੱਢੀਆਂ, ਨਵੇਂ ਖੇਸ

Sri Satguru Jagjit Singh Ji eLibrary NamdhariElibrary@gmail.com

ਸਿਰਹਾਂਦੀ ਰੱਖੇ। ਪਰ ਗੁਰੂ ਮਹਾਰਾਜ ਬੈਠੇ ਨਾ। ਘੋੜੀ ਨੂੰ ਪਿਆਰ ਕਰ ਕੇ ਪਿਛਾਂਹ ਪਰਤੇ ਤੇ ਬਾਹਰੋਂ ਭਾਈ ਹੋਰੀਂ ਆ ਗਏ। ਇਕ ਵਾਰ ਤੇ ਉਹ ਗੁਰੂ ਮਹਾਰਾਜ ਨੂੰ ਵੇਖ ਕੇ ਹੈਰਾਨ ਹੋਏ। ਫੇਰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਆ ਕੇ ਖਲੋ ਗਏ।

'ਬਿਸ ਮਿੱਲ੍ਹਾ ਮਹਾਰਾਜ;' ਭਾਈ ਆਖਿਆ; ਅੱਜ ਤੇ ਸੱਚੀ ਮੁੱਚੀਂ ਕੀੜੀ ਦੇ ਘਰ ਨਾਰਾਇਣ ਆ ਗਿਆ ਏ ਤਸ਼ਰੀਫ਼ ਰੱਖੋ। ਅੰਨ ਪਾਣੀ ਦੀ ਸੁਣਾਓ?'

'ਅੰਨ ਪਾਣੀ ਵੱਲੋਂ ਪੁਰ ਬਾਸ਼,' ਗੁਰੂ ਹੋਰੀਂ ਖਲੋਤਿਆਂ ਹੀ ਕਹਿਣ ਲੱਗੇ - ਚੌਧਰੀ ਤੂੰ ਘੋੜੀ ਕਿਉਂ ਮਾੜੀ ਕਰ ਛੱਡੀ ਏ?'

ਭਾਈ ਹੋਰੀਂ ਉੱਚੀ ਸਾਰੀ ਹੱਸ ਪਏ, ਕਹਿਣ ਲੱਗੇ - 'ਮਹਾਰਾਜ ਇਹ ਗੁਰੂਆਂ ਦੀ ਘੋੜੀ ਤੇ ਨਹੀਂ ਨਾਂ? ਜਿਨ੍ਹਾਂ ਕਿਲ੍ਹੇ ਬੱਧੀ ਦਾਣੇ ਚਰਦਿਆਂ ਮੱਝ ਬਝ ਜਾਣਾ ਏਂ। ਇਹ ਤੇ ਗ਼ਰੀਬ ਜੱਟ ਦੀ ਘੋੜੀ ਏ, ਜਿਦ੍ਹੇ ਉੱਤੇ ਮੈਂ ਦੋ ਵੇਲੇ ਸਵਾਰੀ ਕਰਦਾ ਆਂ। ਸਵਾਰੀ ਵਾਲੀ ਘੋੜੀ ਮਾੜੀ ਤੇ ਭਾਵੇਂ ਨਾ ਹੋਵੇ, ਪਰ ਉਹਦੇ ਉੱਤੇ ਵਾਧੂ ਮਾਸ ਵੀ ਤੇ ਨਹੀਂ ਚੜ੍ਹਦਾ ਜਨਾਬ'।

ਗੁਰੂ ਮਹਾਰਾਜ ਖਿਲਖਿਲਾ ਕੇ ਹੱਸ ਪਏ। ਕਹਿਣ ਲੱਗੇ - 'ਗੱਲ ਠੀਕ ਆਖੀ ਆ ਚੌਧਰੀ।'

ਅਗਾੜੀਆਂ ਵਿਛਾੜੀਆਂ ਪਾ ਕੇ ਬੱਧੀ, ਨਹਾਤੇ ਧੋਤੇ ਜੁਸੇ ਉੱਥੇ ਚਮਕਦੇ ਫੁੱਲਾਂ ਵਾਲੀ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਅੱਗੇ ਨਾਲੋਂ ਮਾੜੀ ਤੇ ਨਹੀਂ ਸਗੋਂ ਚੁਸਤ ਬਾਂਕੀ ਤੇ ਬਹੁਤੀ ਸੋਹਣੀ ਪਈ ਲੱਗਦੀ ਸੀ। ਆਪਣੇ ਮਾਲਕ ਨੂੰ ਨੇੜੇ ਵੇਖ ਕੇ ਘੋੜੀ ਹਿਣਕ ਕੇ ਸਿਰ ਹਿਲਾਇਆ ਤੇ ਉਹਦੇ ਮੱਥੇ ਦੀਆਂ ਝਾਲਰਾਂ ਹਿੱਲੀਆਂ।

ਭਾਈ ਅਗਾਂਹ ਹੋ ਕੇ ਘੋੜੀ ਨੂੰ ਥਾਪੀ ਦਿੱਤੀ ਤੇ ਗੁਰੂ ਮਹਾਰਾਜ ਦੂਜੇ ਬੰਨ੍ਹਿਓ ਉਹਨੂੰ ਪਿਆਰ ਦਿੱਤਾ ਤੇ ਅਸੀਂ ਪਰਤ ਆਏ। ਘੋੜੀ ਵਾਲੀ ਗੱਲ ਮੇਰੀ ਸਮਝ ਵਿਚ ਆ ਗਈ ਸੀ। ਤੇ ਮੈਂ ਨਮੋਸ਼ੀ ਵਿਚ ਡੁੱਬਦਾ ਜਾਂਦਾ ਸਾਂ। ਪਰ ਗੁਰੂ ਮਹਾਰਾਜ ਦੇ ਚਿਹਰੇ ਤੇ ਉਹੋ ਈ ਚਾਨਣ ਸੀ, ਉਹੋ ਨੂਰ ਸੀ। ਉਹ ਘੋੜੀ ਨੂੰ ਵੇਖ ਕੇ ਬਹੁਤ ਖ਼ੁਸ਼ ਸਨ। ਮੇਰੀ ਨਮੋਸ਼ੀ ਤਾੜ ਕੇ ਕਹਿਣ ਲੱਗੇ - 'ਤੇਰਾ ਭਰਾ ਸ਼ੌਕੀਨ ਏ ਘੋੜੀਆਂ ਦਾ, ਤੇ ਏਸ ਘੋੜੀ ਦੀ ਸਾਂਭ ਵੇ ਉਹੋ ਈ ਕਰ ਸਕਦਾ ਸੀ। ਵੇਖ ਕਹੀ ਸੋਹਣੀ ਸਾਂਭ ਕੇ ਰੱਖੀ ਸੂ ਘੋੜੀ? ਜਿਊਂਦਾ ਵਸਦਾ ਰਹਵੇ।'

ਮੈਂ ਆਪਣੇ ਮਨ ਵਿਚ ਸ਼ਰਮਸਾਰ ਸਾਂ, ਕੀਹ ਆਖਦਾ?

ਅਗਲੇ ਵਰ੍ਹੇ ਗੁਰੂ ਮਹਾਰਾਜ ਸਾਡੇ ਪਿੰਡਾਂ ਵਲ ਆਏ। ਮੈਂ ਉਹਨਾਂ ਦੇ ਆਵਣ ਦੀ ਖ਼ਬਰ ਲਾਹੌਰ ਭਾਈ ਹੁਰਾਂ ਨੂੰ ਘੱਲੀ। ਹੜ੍ਹ ਵਾਲੇ ਮੈਦਾਨ ਵਿਚ ਗੁਰੂਆਂ ਦੇ ਡੇਰੇ ਸਨ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਗੁਰੂ ਹੁਰਾਂ ਦੇ ਦਰਸ਼ਨਾਂ ਨੂੰ ਆਏ ਹੋਏ, ਤਿੰਨ-ਚਾਰ ਹਜ਼ਾਰ ਸਿੱਖਾਂ ਵਿਚ ਗੁਰੂ ਮਹਾਰਾਜ ਬੈਠੇ ਹੋਏ ਇੰਜ ਲੱਗਦੇ ਜਿਵੇਂ ਤਾਰਿਆਂ ਵਿਚ ਚੋਧਵੀਂ ਰਾਤ ਦਾ ਚੰਨ। ਹਵਾ ਦੀਆਂ

Sri Satguru Jagjit Singh Ji eLibrary NamdhariElibrary@gmail.com

ਲਹਿਰਾਂ ਵਿਚ ਬਹੁਤ ਸਾਰੀਆਂ ਆਵਾਜ਼ਾਂ ਤੇ ਰਾਗ ਰਲੇ ਹੋਏ ਚੁਫੇਰੇ ਖਿੱਲਰੇ ਹੋਏ ਸੁਣੇ ਜਾਂਦੇ:-

**ਸਾਡੇ ਭਾਗ ਭਲੇ**
**ਗੁਰਾਂ ਦੇ ਦਰਸ਼ਨ ਪਾਏ**
**ਸਾਡੇ ਭਾਗ ਭਲੇ...**

ਭਾਈ ਹੋਰੀਂ ਆਏ। ਉਹਨਾਂ ਦੇ ਹੱਥ ਵਿਚ ਸਬਜ਼ ਗੁਲਜ਼ਾਰ ਰੰਗ ਦੀ ਓਸ ਘੋੜੀ ਦਾ ਰੱਸਾ ਫੜ੍ਹਿਆ ਹੋਇਆ ਸੀ। ਜਿਹਨੂੰ ਕੱਲ੍ਹ ਉਹ ਲਹੌਰੋਂ ਗੱਡੀ ਵਿਚ ਪਾ ਕੇ ਪਿੰਡ ਲੈ ਕੇ ਆਏ ਸਨ। ਗੁਰੂ ਸਾਹਿਬ ਉੱਠੇ ਤੇ ਅਗਾਂਹ ਵੱਧ ਕੇ ਉਹਨਾਂ ਭਾਈ ਨੂੰ ਬਖਸ਼ਸ਼ਾਂ ਦਿੱਤੀਆਂ ਤੇ ਘੋੜੀ ਦਾ ਮੂੰਹ ਸਿਰ ਛਾਤੀ ਤੇ ਲਾ ਕੇ ਉਹਨੂੰ ਪਿਆਰ ਕੀਤੋ ਨੇ। ਸੰਗਤਾਂ ਦੀਆਂ ਨਜ਼ਰਾਂ ਗੁਰਾਂ ਉੱਤੇ ਗੱਡੀਆਂ ਹੋਈਆਂ ਸਨ।

ਭਾਈ ਹੁਰਾਂ ਘੋੜੀ ਦਾ ਰੱਸਾ ਗੁਰੂ ਸਾਹਿਬ ਨੂੰ ਪੇਸ਼ ਕਰਦਿਆਂ ਕਿਹਾ - 'ਮਹਾਰਾਜ ਇਹ ਤੁਹਾਡਾ ਮਾਲ ਏ ਕਬੂਲ ਕਰੋ।'

ਗੁਰੂ ਸਾਹਿਬ ਰੱਸਾ ਫੜ੍ਹ ਲਿਆ ਤੇ ਘੋੜੀ ਦੇ ਪਿੰਡੇ ਉੱਤੇ ਪਿਆਰ ਨਾਲ ਹੱਥ ਫੇਰ ਕੇ ਰੱਸਾ ਭਾਈ ਨੂੰ ਫੜਾਉਂਦਿਆਂ ਫੁਰਮਾਨ ਲੱਗੇ:-

'ਚੌਧਰੀ ਵੱਸਦਾ ਰਹੁ: ਤੇਰੀ ਘੋੜੀ ਸਾਨੂੰ ਅੱਪੜ ਗਈ।'

'ਇਹ ਘੋੜੀ ਤੇ ਮਹਾਰਾਜ ਤੁਹਾਨੂੰ ਲੈਣੀ ਪਏਗੀ:' ਭਾਈ ਹੁਰਾਂ ਅਦਬ ਤੇ ਪਿਆਰ ਨਾਲ ਆਖਿਆ, 'ਏਸ ਘੋੜੀ ਤੋਂ ਤੁਸੀਂ ਮੇਰੇ ਭਰਾ ਨਾਲ ਗੁੱਸੇ ਓ।'

ਗੁਰੂ ਹੁਰਾਂ ਫੁਰਮਾਇਆ, 'ਚੌਧਰੀ ਤੇਰਾ ਭਰਾ ਭਾਈ ਟਹਿਲ ਸਿੰਘ ਭਲਾ ਲੋਕ ਆਦਮੀ ਏ। ਉਹਦੇ ਨਾਲ ਤੇ ਅਸੀਂ ਭੋਰਾ ਵੀ ਨਾਰਾਜ਼ ਨਹੀਂ। ਉਹਨੂੰ ਤੇ ਅਸਾਂ ਇਹ ਗੱਲ ਕਦੇ ਜਤਾਈ ਵੀ ਨਹੀਂ। ਘੋੜੀ ਸਾਡੀ ਹੋ ਗਈ। ਪਰ ਇਹ ਰਵੇਗੀ ਤੇਰੇ ਕੋਲ। ਭਾਈਆ! ਸਾਥੋਂ ਇਹਦੀ ਸਾਂਭ ਤੇਰੇ ਵਰਗੀ ਤੇ ਨਹੀਂ ਨਾ ਹੋ ਸਕਦੀ!!'

ਇਹ ਵਾਰਤਾ ਸੰਨ 40-41 ਹੀ ਏ।

**ਅਫ਼ਜ਼ਲ ਅਹਿਸਾਨ ਰੰਧਾਵਾ**
ਪਾਕਿਸਤਾਨ
(ਵਰਿਆਮ ਵਿੱਚੋਂ ਧੰਨਵਾਦ ਸਹਿਤ)

Sri Satguru Jagjit Singh Ji eLibrary NamdhariElibrary@gmail.com

# ਔਹ ਖ਼ੁਦਾ ਆ ਗਿਆ

ਇਕ ਸਮੇਂ ਸਤਿਗੁਰੂ ਜੀ ਟੋਈ ਪਿੰਡ ਨੂੰ ਭਾਗ ਲਾ ਰਹੇ ਸਨ। ਸਤਿਗੁਰੂ ਪ੍ਰਸ਼ਾਦ ਛੱਕ ਕੇ ਬਰਾਜ ਗਏ। ਦਰਵਾਜ਼ੇ ਅੱਗੇ ਪਹਿਰੇਦਾਰ ਖੜ੍ਹਾ ਸੀ ਇਤਨੇ ਨੂੰ ਇਕ ਲੰਮਾ, ਉੱਚਾ ਚੌਧਰੀ ਨੂਰਦੀਨ ਘੋੜੀ ਤੋਂ ਉਤਰਿਆ ਤੇ ਦਰਸ਼ਨ ਦੀ ਇੱਛਾ ਪ੍ਰਗਟ ਕੀਤੀ। ਪਹਿਰੇਦਾਰ ਕਿਹਾ, ਚੌਧਰੀ ਸਾਹਿਬ ਪ੍ਰਸ਼ਾਦ ਛੱਕੋ। ਸੱਚੇ ਪਾਤਸ਼ਾਹ ਆਰਾਮ ਕਰ ਰਹੇ ਹਨ। ਜ਼ਰਾ ਰੁਕੋ, 'ਨਹੀਂ ਭਾਈ!' ਮੈਂ ਪ੍ਰਸ਼ਾਦ ਨਹੀਂ ਖਾਣਾ। ਮੈਂ ਤਾਂ ਦਰਸ਼ਨ ਪਾਣੇ ਨੇ। ਮੈਨੂੰ ਹੋਰ ਕੋਈ ਇੱਛਾ ਨਹੀਂ ਸਿਰਫ਼ ਦਰਸ਼ਨ ਪਾਣੇ ਹਨ।' ਸਿੰਘ ਜ਼ਰਾ ਖਰਵਾ ਬੋਲਿਆ। ਸਤਿਗੁਰੂ ਜੀ ਝੱਟ ਬਾਹਰ ਆ ਗਏ। ਚੋਧਰੀ ਜਾ ਚਰਨਾਂ ਤੇ ਲੇਟ ਗਿਆ। ਕਾਹਲੀ ਵਿਚ ਕੁਲੇ ਵਾਲੀ 'ਪਗੜੀ ਵੀ ਲਹਿ ਗਈ। ਫਿਰ ਚਰਨਾਂ ਨੂੰ ਚੁੰਮਿਆ। ਅੱਖਾਂ ਭਰ ਆਈਆਂ। ਬਸ ਦੀਦਾਰ ਦੀ ਲੋੜ ਸੀ।' ਇਹ ਕਹਿੰਦਾ ਘੋੜੀ ਤੇ ਸਵਾਰ ਹੋ ਮੁੜ ਗਿਆ।

ਸੱਚੇ ਪਾਤਸ਼ਾਹ ਟੋਈ ਤੋਂ ਮਿੰਟਗੁਮਰੀ ਆਏ ਤੇ ਸੰਤ ਪ੍ਰਤਾਪ ਸਿੰਘ ਦਾ ਗ੍ਰਹਿ ਪਵਿੱਤਰ ਕੀਤਾ। ਸਾਰੇ ਸ਼ਹਿਰ ਨੂੰ ਭਾਗ ਲਾਏ। ਸੰਤ ਪ੍ਰਤਾਪ ਸਿੰਘ, ਕਰਤਾਰ ਸਿੰਘ ਤੇ ਹੋਰ ਸੰਗਤਾਂ ਨੂੰ ਖ਼ੁਸ਼ੀਆਂ ਬਖਸ਼ੀਆਂ ਤੇ ਢੋਟੀਆਂ ਦੇ ਹੋਲੇ ਨੂੰ ਤਿਆਰ ਹੋਏ। ਸਤਿਗੁਰੂ ਜੀ ਪੰਡਿਤ ਬਿਸ਼ਨ ਸਿੰਘ ਨੂੰ ਕਿਹਾ, 20 ਸੇਰ ਛੋਲੇ ਭੁਣਾਂ ਲੈ। ਦਰਿਆ ਪਾਰ ਕਰਨਾ ਹੈ।' ਇੱਥੇ ਇਕ ਜ਼ੈਲਦਾਰ ਸੀ, ਚੰਗਾ ਚਲਦਾ ਪੁਰਜਾ। ਉਸਨੇ ਗੁਰੂ ਕੇ ਊਠ ਵੇਖੇ ਤੇ ਊਠਾਂ ਦੇ ਸੇਵਾਦਾਰ, ਨਰੈਣ ਸਿੰਘ ਤੇ ਸੁਰੈਣ ਸਿੰਘ ਨੂੰ ਕਿਹਾ ਸੰਤ ਜੀ ਮੇਰੀ ਊਠਣੀ ਤੇ ਊਠ ਛੱਡੋ। ਸਿੰਘਾਂ ਕਹਿਆ 'ਜ਼ੈਲਦਾਰ ਜੀ ਇਹ ਊਠ ਭਾਰ ਲੱਦਣ ਵਾਲੇ ਹਨ। ਊਠਣੀ ਤੇ ਨਹੀਂ ਛੱਡ ਸਕਦੇ।' ਇਹ ਸੁਣਦਿਆਂ ਸਾਰ ਜ਼ੈਲਦਾਰ ਦੇ ਗੁੱਸੇ ਦਾ ਪਾਰਾ 200 ਡਿਗਰੀ ਤੇ ਚੜ੍ਹ ਗਿਆ ਤੇ ਆਖਿਆ ਤੁਸੀਂ ਬੰਦਾ ਕੁਬੰਦਾ ਨਹੀਂ ਵੇਖਦੇ। ਸਿੰਘਾਂ ਨਿੰਮ੍ਰਤਾ ਵਿਖਾਈ। ਜ਼ੈਲਦਾਰ ਤਮਕ ਉੱਠਿਆ। ਇਹ ਰੌਲਾ ਸਤਿਗੁਰਾਂ ਸੁਣਿਆ। ਉਹਨਾਂ ਕਿਹਾ ਜਿਹੜਾ ਬੇਨਤੀ ਨਹੀਂ ਸੁਣਦਾ ਉਸਨੂੰ ਸੋਧ ਦਿਓ।' ਸੰਤ ਬਹਾਦੁਰ ਸਿੰਘ, ਮੁਹਕਮ ਸਿੰਘ ਤੇ ਦੂਜੇ ਘੋੜਿਆਂ ਵਾਲੇ ਤਿਆਰ ਹੋ ਗਏ। ਇਤਨੇ ਨੂੰ ਇੱਕ ਕੁਲੇ ਤੇ ਪੱਗ ਬੰਨ੍ਹੀ ਮੁਸਲਮਾਨ ਸਰਦਾਰ ਆ ਗਿਆ ਤੇ ਪੁੱਛਿਆ ਸਿੰਘੋਂ ਕਾਹਦਾ ਰੌਲਾ ਏ? ਕੀ ਗੱਲ ਏ? ਸਿੰਘਾਂ ਨੇ ਗੱਲ ਕੀਤੀ। ਸੁਣਦਿਆਂ ਸਾਰ ਉਸਦਾ ਚਿਹਰਾ ਲਾਲ ਹੋ ਗਿਆ ਤੇ ਆਖਣ ਲੱਗਾ ਸਿੰਘੋ! ਜੇ ਇਹ ਤੁਹਾਡਾ ਗੁਰੂ ਏ ਤਾਂ ਸਾਡਾ ਵੀ ਪੀਰ ਵੇ। ਤੁਸੀਂ ਕਾਹਨੂੰ ਹੱਥ ਚੁਕਨੇ ਨੇ, ਅਸੀਂ ਸਾਂਭ ਲਵਾਂਗੇ ਤੁਸੀਂ 'ਬੇ ਫ਼ਿਕਰ ਹੋ ਜਾਓ। ਇਹ ਕਹਿੰਦਿਆਂ ਉਸ

Sri Satguru Jagjit Singh Ji eLibrary NamdhariElibrary@gmail.com

ਆਪਣੇ ਪੁੱਤਰਾਂ ਨੂੰ ਆਵਾਜ਼ ਮਾਰੀ, ਉਏ ਖਾਨੂੰ ਬੁਲਾ ਅਕਬਰ ਤੇ ਗ਼ੁਲਾਮ ਨੂੰ ਲਿਆ ਬੰਦੂਕਾਂ, ਇਹ ਫੁਲਿਆ ਫਿਰਦਾ ਹੈ, ਜੋ ਹੋਵੇਗੀ ਵੇਖੀ ਜਾਸੀ ਇਹ ਪੀਰ ਜੀ ਦੇ ਆਦਮੀਆਂ ਤੇ ਹੱਥ ਚੁੱਕਦਾ ਹੈ। ਹੱਥ ਵੱਡ ਦਿਓ। ਉਂਗਲੀ ਕਰੇ, ਉਂਗਲੀ ਕਟ ਦਿਓ ਇਹ ਸੁਣਦਿਆਂ ਜ਼ੈਲਦਾਰ ਠੰਡਾ ਠਾਰ ਹੋ ਗਿਆ ਫਿਰ ਨਹੀਂ ਬਿਰਕਿਆ।

ਸਿੰਘ ਅਰਦਾਸ ਸੋਧ ਤੁਰ ਪਏ। ਸਤਿਗੁਰੂ ਜੀ ਘੋੜੇ ਤੇ ਸਵਾਰ ਸਨ। ਭਾਈ ਕਾਲੂ, ਮਤੂ ਉਹ ਵੀ ਘੋੜਿਆਂ ਤੇ। ਉਸ ਦਿਨ ਵਾਰ ਘੋੜਿਆਂ ਤੇ ਲੱਗੀ। ਸੂਰਜ ਦੀ ਟਿੱਕੀ ਨਿਕਲਣ ਸਾਰ ਦਰਿਆ ਰਾਵੀ ਪਾਰ ਕਰ ਲਿਆ। ਉੱਥੇ ਸਿੰਘਾਂ ਨੂੰ ਬੁਕ-ਬੁਕ ਛੋਲੇ ਦਿੱਤੇ ਗਏ। ਸਭ ਨੇ ਬੜੇ ਪ੍ਰੇਮ ਨਾਲ ਛੱਕੇ ਜਲ ਵੀ ਛੱਕਿਆ।

ਸਤਿਗੁਰੂ ਜੀ ਤੇ ਇਲਾਕੇ ਨੂੰ ਤਾਰਨ ਲਈ ਵੱਖ ਹੋ ਗਏ ਤੇ ਬਿਸ਼ਨ ਸਿੰਘ ਨੂੰ ਘੋੜਾ ਲੈ ਢੋਟੀਆਂ ਪੁੱਜਣ ਦਾ ਹੁਕਮ ਹੋਇਆ। ਬਿਸ਼ਨ ਸਿੰਘ ਘੋੜੇ ਨੂੰ ਫੜੀ ਜਾ ਰਿਹਾ ਸੀ ਕਿ ਅੱਗੇ ਕੁਝ ਜਾਂਗਲੀਆਂ ਦੇ ਸਬਜ਼ੀਆਂ ਦੇ ਖੇਤ ਆ ਗਏ। ਬਿਸ਼ਨ ਸਿੰਘ ਨੂੰ ਲੰਘਦਿਆਂ ਵੇਖ ਇਕ ਗੱਭਰੂ ਕੜਕ ਕੇ ਪੈ ਗਿਆ ਤੇ ਆਖਿਆ, ਸਿਖੜਿਆ। ਅੰਨਾ ਏਂ, ਘੋੜਾ ਲਈ ਸਬਜ਼ੀਆਂ ਲਤਾੜਦਾ ਜਾਂਦਾ ਏਂ? ਪੰਡਿਤ ਨੇ ਪਿਆਰ ਨਾਲ ਉੱਤਰ ਦਿੱਤਾ, ਭਾਈ ਅਜਨਵੀ ਹਾਂ, ਰਾਹ ਦਾ ਪਤਾ ਨਹੀਂ। ਰਾਹੇ ਪਾ ਦੇ। ਪਰ ਲਾਗੇ ਦੀ ਇਕ ਹੋਰ ਚੌਧਰੀ ਦਾ ਖੇਤ ਸੀ। ਉਸ ਪੁੱਛਿਆ, 'ਸਿੰਘਾ ਘੋੜਾ ਹੱਥ ਫੜੀ ਜਾਨਾਂ ਏ। ਚੜ੍ਹਦਾ ਨਹੀਂ?' ਪੰਡਿਤ ਨੇ ਉੱਤਰ ਦਿੱਤਾ ਚੌਧਰੀ ਸਾਹਿਬ ਇਹ ਘੋੜਾ ਮੇਰੇ ਸਤਿਗੁਰੂ ਪ੍ਰਤਾਪ ਸਿੰਘ ਦਾ ਹੈ। ਉਹ ਇਸ ਤੇ ਸਵਾਰੀ ਕਰਦੇ ਹਨ। ਇਸ ਘੋੜੇ ਤੇ ਨਹੀਂ ਚੜਨਾਂ ਮੇਰਾ ਕੰਮ ਸੇਵਾ ਕਰਨਾ ਏ', ਚੌਧਰੀ ਨੇ ਪੁੱਛਿਆ ਭੈਣੀ ਸਾਹਿਬ ਵਾਲਾ ਮਹਾਰਾਜ? 'ਹਾਂ ਸਤਿਗੁਰੂ ਪ੍ਰਤਾਪ ਸਿੰਘ।' ਫਿਰ ਤਾਂ ਇਹ ਘੋੜਾ ਮੇਰੇ ਖ਼ੁਦਾ ਦਾ ਏ। ਤੂੰ ਆ ਤੇ ਮੇਰੇ ਖੇਤ ਦੀਆਂ ਵਲਾਂ ਤੋਂ ਲੰਘਾ। ਸਾਰੇ ਖੇਤ ਵਿਚ ਘੋੜਾ ਫੇਰ, ਇਹ ਘੋੜਾ ਮੇਰੇ ਹਜ਼ਰਤ ਦਾ। ਇਹਦੇ ਸੁੰਭਾਂ ਹੇਠਾਂ ਰਹਿਮਤ ਦੇ ਦਰਿਆ ਵਗਦੇ ਹਨ।' ਇਹ ਸੁਣ ਉਹ ਅੱਲੜ ਮੁੰਡਾ ਤਾਂ ਹੱਕਾ ਬੱਕਾ ਹੋ ਗਿਆ? ਪਰ ਇਹ ਚੌਧਰੀ ਮਸਤਾਨਾ ਹੋਈ ਫਿਰਦਾ ਸੀ।

ਚਲਦਿਆਂ ਚਲਦਿਆਂ ਰਾਤ ਪੈ ਗਈ। ਰਾਤ ਵੀ ਪਈ ਮੁਸਲਮਾਨੀ ਪਿੰਡ ਲਾਗੇ। ਪਰ ਉਹ ਕਿਹੜਾ ਗਰਾਮ ਏ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਦੇ ਸ਼ਰਧਾਲੂ ਨਾ ਮਿਲਣ। ਪੰਡਿਤ ਦੀ ਸਿੱਧੀ ਦਸਤਾਰ ਵੇਖ, ਸਤਿਗੁਰੂ ਜੀ ਦੇ ਇਕ ਹੋਰ ਸੇਵਕ ਖਾਨ ਨੇ ਪੁੱਛਿਆ ਸਿੰਘਾ! ਕਿਧਰ ਵੰਞਣਾਏਂ? ਦੂਰ ਢੋਟੀਆਂ?' ਫਿਰ ਇੱਥੇ ਰਾਤ ਆਰਾਮ ਕਰ। ਆਹ ਏ ਮੱਝ, ਆਪਣੀ ਹੱਥੀਂ ਚੋ, ਤੇ ਦੁੱਧ ਪੀ। ਮੰਜਾ ਲੈ ਆਰਾਮ ਕਰ ਤੇ ਨਬੀ ਦੇ ਘੋੜੇ ਨੂੰ ਆਰਾਮ ਕਰਨ ਦੇ, ਸੰਧ ਵੇਲੇ ਵੇਖ ਜੋ ਅਲਾ ਨੂੰ ਮਨਜ਼ੂਰ। ਉਏ ਅਲੀ ਲਿਆ ਘੋੜੇ ਵਾਸਤੇ ਦਾਨਾ ਪੱਠਾ' ਪੰਡਿਤ ਜੀ ਇਸ਼ਨਾਨ ਕੀਤਾ। ਮੱਝ ਚੋਈ। ਰੱਜਕੇ ਦੁੱਧ ਪੀਤਾ।

Sri Satguru Jagjit Singh Ji eLibrary NamdhariElibrary@gmail.com

ਬਚਿਆਂ ਘੋੜੇ ਨੂੰ ਪਲਾਇਆ ਤੇ ਲੱਤ ਤੇ ਲੱਤ ਰਖ ਬਰਾਜ ਗਿਆ। ਅੰਮ੍ਰਿਤ ਵੇਲਾ ਹੋਇਆ। ਇਸ਼ਨਾਨ ਕਰ ਫਿਰ ਰਾਹੇ ਪੈ ਗਿਆ ਤਿੰਨ ਦਿਨਾਂ ਪਿੱਛੋਂ ਬਿਸ਼ਨ ਸਿੰਘ ਢੋਟੀਆਂ ਪੁੱਜਾ।

(2)

ਸੰਨ ਚੌਤਾਲੀ ਪੰਤਾਲੀ ਦੀ ਗੱਲ ਏ, ਕਿ ਸਤਿਗੁਰੂ ਜੀ ਪੰਜਤਾਲੀ ਚੱਕ ਬੁੱਢਾ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇ ਰਹੇ ਸਨ। ਬੁੱਢਾ ਸਿੰਘ ਤੇ ਅਪਾਰ ਕਿਰਪਾ ਸੀ, ਮਰਦਾਂ ਵਿਚ ਮਰਦ ਸੀ ਤੇ ਸਿੱਖਾਂ ਵਿੱਚੋਂ ਸਿੱਖ। ਉਸਦੀਆਂ ਪੈਲੀਆਂ ਵਿਚ ਗੁਰੂ ਦੇ ਘੋੜੇ ਘੋੜੀਆਂ ਖੁੱਲ੍ਹੇ ਚਰਿਆ ਕਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਅਰਦਾਸ ਕੀਤੀ ਅਗਲੇ ਨਗਰ ਨੂੰ ਤਾਰਨ ਚਲੇ ਈ ਸਨ, ਕਿ ਇਕ ਝੋਟਾ ਲੈ ਕੇ ਜਾਂਗਲੀ ਚਰਨਾਂ ਤੇ ਆ ਡਿੱਗਾ। ਉਹ ਸਿਰਫ਼ ਇਤਨਾ ਜਾਣਦਾ ਸੀ, ਕਿ ਬੁੱਢਾ ਸਿੰਘ ਦਾ ਗੁਰੂ ਪਸ਼ੂਆਂ ਦੀਆਂ ਸਭ ਬਿਮਾਰੀਆਂ ਦਾ ਕਾਮਲ ਉਸਤਾਦ ਏ। ਉਸ ਹੱਥ ਜੋੜ ਅਰਜ਼ ਕੀਤੀ ਖ਼ੁਦਾ ਦਾ ਵਾਸਤਾ ਏ ਮੇਰੇ ਊਠ ਰਾਜ਼ੀ ਕਰ ਦੇਹ। ਉਹ ਮਰ ਰਿਹਾ ਹੈ। ਪਰ ਸਤਿਗੁਰ ਜੀ ਬਚਨ ਕੀਤਾ ਕਿ ਖ਼ੁਦਾ ਦਾ ਵਾਸਤਾ ਨਾ ਪਾ, ਤੂੰ ਸਿੱਧੀ ਗੱਲ ਕਰ।' ਉਸ ਮੁੜ ਪਹਿਲੀ ਬੇਨਤੀ ਦੁਹਰਾਈ। ਸਤਿਗੁਰੂ ਜੀ ਪਹਿਲਾਂ ਤਾਂ ਤਿਆਰ ਖੜੇ ਸਨ, ਮਗਰ ਉਸਦੀ ਬੇਨਤੀ ਸੁਣ, ਰੁਕ ਗਏ ਤੇ ਗਬਰੋਟੇ ਨੂੰ ਪੁੱਛਿਆ ਤੂੰ ਕਿੱਥੋਂ ਆਇਆ ਏ? ਜੀ ਹਜ਼ੂਰ ਲਾਲੀਆਂ ਤੋਂ:-

'ਲਾਲੀਆਂ ਕਿਨ੍ਹੀ ਦੂਰ' 'ਕੋਈ ਤਿੰਨ ਕੋਹ।'

'ਚੰਗਾ ਜਾ ਊਠ ਦੇ ਬੰਨ ਤੋਂ ਚੂੰਡੀ ਭਰਕੇ ਵਾਲ ਲੈ ਆ।' ਉਹ ਸਲਾਮ ਕਰ ਚਲਾ ਗਿਆ। ਏਧਰ ਲੰਗਰ ਸ਼ੁਰੂ ਹੋ ਗਿਆ ਉਹ ਘੰਟੇ ਤਕ ਮੁੜ ਆ ਹਾਜ਼ਰ ਹੋਇਆ ਤੇ ਨਮਸਕਾਰ ਕੀਤੀ। ਤਾਂ ਸਤਿਗੁਰੂ ਜੀ ਸੰਤ ਰਤਨ ਸਿੰਘ ਨੂੰ ਕਿਹਾ ਫਲਾਣੀ ਗੋਲੀ ਲਿਆਕੇ ਇਸਨੂੰ ਦੇ। ਤੇ ਉਸਨੂੰ ਬਚਨ ਕੀਤਾ ਕਿ ਅੰਬਰੀ ਵੇਲ ਨੂੰ ਘੋਟ ਉਸ ਵਿਚ ਵਲੇਟ ਇਹ ਗੋਲੀ ਜਾਂਦਿਆਂ ਈ ਦੇ ਦੇ।' ਉਹ ਨਮਸਕਾਰ ਕਰ ਲਾਲੀਆਂ ਨੂੰ ਮੁੜਿਆ।

ਕੋਈ ਅੱਠ ਦਸ ਮਹੀਨੇ ਪਿੱਛੋਂ ਸਤਿਗੁਰੂ ਜੀ ਦੇ ਸੇਵਕ ਭਾਈ ਵਜ਼ੀਰ ਸਿੰਘ, ਮੁਹਕਮ ਸਿੰਘ, ਰਤਨ ਸਿੰਘ ਤੇ ਜਥੇਦਾਰ ਨਾਹਰ ਸਿੰਘ ਕਾਰ ਵਿਚ ਇਲਾਕੇ ਨੂੰ ਦਰਸ਼ਨ ਮੇਲਾ ਦੇ ਕੇ ਲਾਲੀਆਂ ਕੋਲ ਪੁੱਜੇ। ਅੱਗੇ ਊਠ ਚਰ ਰਹੇ ਸਨ। ਊਠਾਂ ਨੂੰ ਵੇਖ ਸਤਿਗੁਰੂ ਜੀ ਨੇ ਨਾਹਰ ਸਿੰਘ ਨੂੰ ਮੋਟਰ ਰੋਕਣ ਦਾ ਇਸ਼ਾਰਾ ਕੀਤਾ ਗੱਡੀ ਰੁੱਕ ਗਈ।

ਕੁਝ ਜਾਂਗਲੀ ਆ ਜੁੜੇ, ਓਧਰੋਂ ਇਕ ਜੰਗਲੀ ਚਿੱਟੀ ਝੰਡੀ ਵਾਲੀ ਗੱਡੀ ਵੇਖ ਵਾਹੋ ਦਾਹੀ ਭੱਜਾ ਆਇਆ। ਤੇ ਸਤਿਗੁਰਾਂ ਦੇ ਦਰਸ਼ਨ ਕਰ ਗਦ ਗਦ ਹੋ ਉੱਠਿਆ। ਸਤਿਗੁਰ ਜੀ ਮੌਜ ਵਿਚ ਉਸ ਗੱਭਰੂ ਤੋਂ ਊਠ ਬਾਰੇ ਪੁੱਛਿਆ ਉਸ ਚਰਨਾਂ ਤੇ ਡਿੱਗਦਿਆਂ ਆਖਿਆ, ਹਜ਼ੂਰ ਦੀ ਰਹਿਮਤ ਹੋ ਗਈ ਖ਼ਿਦਮਤ ਬਖਸ਼ੋ। ਗ਼ੁਲਾਮ ਹਾਜ਼ਰ ਹੈ, ਖ਼ਿਦਮਤ 'ਜੀ ਹਜ਼ੂਰ।' 'ਚੋਰੀ ਕਰਦਾ ਹੋਣਾਂ ਏਂ।

Sri Satguru Jagjit Singh Ji eLibrary NamdhariElibrary@gmail.com

ਚੋਰੀ ਦਾ ਨਾਂ ਸੁਣ ਸਿਰ ਨੀਵਾਂ ਕਰ ਲਿਆ। ਹੱਥ ਜੋੜ ਚਰਨਾਂ ਤੇ ਡਿੱਗਾ ਤੇ ਕਿਹਾ 'ਹਾਂ ਹਜ਼ੂਰ' ਚੋਰੀ ਛੱਡ ਦੇ। ਬਸ ਇਹੋ ਖ਼ਿਦਮਤ ਏ। ਪਿਛਲੀ ਕੀਤੀ ਦੀ ਤੌਬਾ ਕਰ, ਅੱਗੋਂ ਤੋਂ ਕੰਨ ਹੱਥ ਲਾ।' ਹੁਣ ਨਾਂਹ ਕਿਵੇਂ ਕਰੇ। ਚਰਨਾਂ ਤੇ ਡਿੱਗ ਮੱਥਾ ਰਗੜਿਆ। ਕੰਨਾਂ ਨੂੰ ਪਕੜ ਤੌਬਾ ਕੀਤੀ, ਤੇ ਨੱਕ ਨਾਲ ਲਕੀਰਾਂ ਵੀ ਕੱਢੀਆਂ। ਪਾਸ ਖਲੋਤੇ ਚਰਵਾਹੇ ਇਹ ਦ੍ਰਿਸ਼ ਵੇਖ ਹੈਰਾਨ ਪਰੇਸ਼ਾਨ ਹੋ ਰਹੇ ਸਨ। ਉਨ੍ਹਾਂ ਆਪੇ ਵਿਚ ਸੈਨਤਾਂ ਨਾਲ ਗੱਲ ਕੀਤੀ, ਇਹ ਕੌਣ ਹਨ? ਸਤਿਗੁਰੂ ਜੀ ਨਾਹਰ ਸਿੰਘ ਨੂੰ ਗੱਡੀ ਟੋਰਨ ਦਾ ਹੁਕਮ ਕੀਤਾ ਪਰ ਗਬਰੂਟ ਨੇ ਦੋਵੇਂ ਹੱਥ ਜੋੜ ਸਲਾਮ ਕਰਦਿਆਂ ਸਾਥੀਆਂ ਨੂੰ ਕਿਹਾ। ਇਹ ਅੱਲਾ ਦੇ ਨਰੂਨ ਤੇ ਭੁੱਲੀਆਂ ਭਟਕੀਆਂ ਰੂਹਾਂ ਨੂੰ ਰਾਹੇ ਰਾਸਤੇ ਤੇ ਲਿਆਉਣ ਖ਼ਾਤਰ ਦੌਰਾ ਕਰਦੇ ਰਹਿੰਦੇ ਹਨ, ਤਦ ਬਾਕੀਆਂ ਜਾਂਗਲੀ ਮੁੰਡਿਆਂ ਵੀ ਹੱਥ ਜੋੜ ਕੇ ਸਲਾਮਾਂ ਕੀਤੀਆਂ ।'

(3)

ਇਕ ਸਮੇਂ ਸਤਿਗੁਰ ਜੀ ਜਮਰੋਦ ਗਏ। ਸਤਿਗੁਰਾਂ ਦੀ ਹਜ਼ੂਰੀ ਵਿਚ ਸੰਤ ਧਾਰਾ ਸਿੰਘ ਭਾਈ ਵਜ਼ੀਰ ਸਿੰਘ, ਸੰਤ ਮੁਹਕਮ ਸਿੰਘ, ਪੰਡਿਤ ਬਿਸ਼ਨ ਸਿੰਘ ਤੇ ਕੁਝ ਹੋਰ ਸ਼ਰਧਾਲੂ ਸਨ। ਸੱਚੇ ਪਾਤਸ਼ਾਹ ਜਦ ਉਸ ਖਾਨ ਦੀ ਹਵੇਲੀ ਕੋਲ ਪੁੱਜੇ ਤਾਂ ਖਾਨ ਮਸਤਾਨਾ ਹੋ ਨੱਚਿਆ ਤੇ ਦੂਜੇ ਖਾਨ ਭਰਾਵਾਂ ਨੂੰ ਸੰਬੋਧਨ ਕਰਕੇ ਆਖਿਆ, ਔ ਖ਼ੁਦਾ ਆ ਗਿਆ ਏ। ਇਨ੍ਹਾਂ ਕਹਿ ਚਰਨਾਂ ਤੇ ਲੇਟ ਗਿਆ। ਕੁਲੇ ਵਾਲੀ ਪੱਗ ਵੀ ਲਹਿ ਗਈ, ਚਰਨਾਂ ਨੂੰ ਚੁੰਮਿਆ। ਮੁੜ ਹਵੇਲੀ ਵਿਚ ਚਰਨ ਪਵਾਏ। ਮੰਜੇ ਤੇ ਚਿੱਟਾ ਖੇਸ ਵਿਛਾ ਆਦਰ ਨਾਲ ਬਿਠਾਇਆ ਘਰ ਵਾਲੀਆਂ ਸਵਾਣੀਆਂ ਨੂੰ ਪਰਦਾ ਲਾਹ ਨਮਸਕਾਰ ਕਰਨ ਵਾਸਤੇ ਆਖਿਆ, ਸਤਿਗੁਰੂ ਜੀ ਪਠਾਣ ਨਾਲ ਕੋਈ ਵੱਖਰੇ ਹੋ ਗੱਲ ਕੀਤੀ, ਕੁਝ ਸਮਾਂ ਠਹਿਰੇ। ਉਸ ਬਾਦਾਮ, ਤੇ ਹੋਰ ਫਲ ਆਦਿ ਭੇਟਾ ਕੀਤੇ ਸੱਚੇ ਪਾਤਸ਼ਾਹ ਵਾਪਸ ਟੁਰਨ ਲੱਗੇ ਤਾਂ ਮੁੜ ਬੇਨਤੀ ਕੀਤੀ, ਆਜਿੰਜ਼ਾਂ ਨੂੰ ਰਹਿਮਤਾਂ ਬਖਸ਼ਣੀਆਂ।

(ਪੰਡਿਤ ਬਿਸ਼ਨ ਸਿੰਘ ਤੇ ਸੰਤ ਨਾਹਰ ਸਿੰਘ ਤੋਂ ਪ੍ਰਾਪਤ ਵਾਰਤਾ)

Sri Satguru Jagjit Singh Ji eLibrary NamdhariElibrary@gmail.com

# ਨਾਨਕ ਸ਼ਾਹ ਦਾ ਲੰਗਰ

ਸਤਿਗੁਰੂ ਦੀ ਰਚਨਾ ਅਪਾਰ ਹੈ। ਉਸ ਦੀ ਲੀਲਾ ਨਿਰਾਲੀ ਹੈ। ਕੋਈ ਕੋਲ ਬੈਠਿਆਂ ਨੂੰ ਪਤਾ ਨਹੀਂ ਲੱਗਣ ਦੇਂਦਾ, ਕਈ ਦੂਰ ਵਸਦਿਆਂ ਦੇ ਨੇਤਰਾਂ ਨੂੰ ਰੌਸ਼ਨੀ ਬਖਸ਼ ਦੇਂਦਾ ਹੈ। ਇਹ ਖੇਡ ਪਰੰਪਰਾ ਤੋਂ ਚਲੀ ਆਈ ਹੈ। ਚੋਹਲੇ ਸਾਹਿਬ ਦੇ ਲਾਗੇ ਹੇਰੂਵਾਲੀਆ ਨਗਰ ਹੈ। ਇਕ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸਨੂੰ ਭਾਗ ਲਾਏ। ਸਾਧ ਸੰਗਤ ਦਾ ਚੰਗਾ ਜੋੜ ਮੇਲਾ ਹੋਇਆ। ਸ਼ਬਦ ਕੀਰਤਨ ਦੀ ਬੜੀ ਵਰਖਾ ਹੋਈ। ਸੱਚੇ ਪਾਤਸ਼ਾਹ ਦਰਸ਼ਨ ਦੇ ਕੇ ਅੰਮ੍ਰਿਤਸਰ ਮਾਲ ਮੰਡੀ ਤੇ ਚਲੇ ਗਏ। ਉਸ ਨਗਰ ਇਕ ਮਜ਼ਬੀ ਸਿੰਘ ਦਾ ਚੰਗਾ ਪਰਚਾ ਬਣਿਆ ਹੋਇਆ ਸੀ। ਭਜਨ ਬੰਦਗੀ ਵੀ ਕਰਦਾ ਸੀ। ਇਕ ਦਿਨ ਉਹ ਬੈਠਾ ਆਪਣੇ ਸ਼ਰਧਾਲੂਆਂ ਨਾਲ ਬਚਨ ਬਿਲਾਸ ਕਰ ਰਿਹਾ ਸੀ, ਕਿ ਇਕ ਮਸਤ ਫ਼ਕੀਰ ਉਸ ਕੋਲ ਆਇਆ। ਉਸ ਨਮਸਕਾਰ ਕੀਤੀ ਤੇ ਬੈਠ ਗਿਆ। ਇਤਨੇ ਨੂੰ ਇਕ ਸੱਪ ਵੀ ਖੁਡ ਵਿੱਚੋਂ ਨਿਕਲ ਕੇ ਸਿੰਘ ਦੇ ਸਾਹਮਣੇ ਆ ਕੇ ਫੰਨ ਖਲਾਰ ਖੜ੍ਹਾ ਹੋ ਗਿਆ। ਪਰ ਫੇਰ ਆਪੇ ਹੀ ਉੱਥੇ ਹੀ ਲੇਟ ਗਿਆ। ਦਿਵਾਨੇ ਫ਼ਕੀਰ ਨੇ ਹੱਥ ਜੋੜ ਕੇ ਅਰਜ਼ ਕੀਤੀ ਸੰਤ ਜੀ ਕਿਤੇ ਨਾਨਕ ਸ਼ਾਹ ਦੀ ਦੱਸ ਪਾਓ। ਤੁਸੀਂ ਰੱਬ ਦੇ ਪਿਆਰੇ ਹੋ, ਮੈਂ ਆਪਣੇ ਮੁਰਸ਼ਦ ਦੀ ਇਮਾਨਤ ਚੁੱਕੀ ਫਿਰਦਾ ਹਾਂ। ਹਜ਼ਰਤ ਨੇ ਫੁਰਮਾਇਆ ਸੀ ਕਿ ਇਹ ਮਾਇਆ ਨਾਨਕ ਸ਼ਾਹ ਦੇ ਲੰਗਰ ਵਿਚ ਪਾਈਂ। ਮੈਂ ਕਈ ਸਥਾਨਾਂ ਤੇ ਗਿਆ ਹਾਂ, ਕੁਝ ਪਤਾ ਨਹੀਂ ਲੱਗਾ। ਜੇ ਤੁਹਾਨੂੰ ਇਲਮ ਹੈ ਤਾਂ ਰਹਿਮ ਕਰੋ ਤਾਂ ਕਿ ਮੈਂ ਸੁਰਖਰੂ ਹੋਵਾਂ, "ਸਾਈਂ ਬਾਦਸ਼ਾਹਾ! ਤੁਹਾਡੇ ਪੀਰ ਨੇ ਨਾਨਕ ਸ਼ਾਹ ਦੀ ਕੋਈ ਨਿਸ਼ਾਨੀ ਵੀ ਦੱਸੀ ਸੀ?"

"ਹਾਂ ਦੱਸੀ ਸੀ। ਉਹਨਾਂ ਕਿਹਾ ਸੀ ਜਿਹੜਾ ਤੈਨੂੰ ਮੰਗਣ ਤੇ ਘੋੜਾ ਦੇਵੇ ਉਹ ਨਾਨਕ ਸ਼ਾਹ ਹੋਸੀ।"

"ਜੇ ਇਹ ਨਿਸ਼ਾਨੀ ਏ ਤਾਂ ਤੂੰ ਆਪਣੀ ਮੰਜ਼ਿਲ ਦੇ ਲਾਗੇ ਪੁੱਜ ਗਿਆ ਏਂ। ਉਸ ਨਾਨਕ ਸ਼ਾਹ ਦੀ ਗੱਦੀ ਤੇ ਮਹਾਰਾਜ ਪ੍ਰਤਾਪ ਸਿੰਘ ਹਨ। ਉਹ ਘੋੜੇ ਵੀ ਰਖਦੇ ਹਨ। ਉਹ ਬੰਦਗੀ ਵੀ ਕਰਦੇ ਹਨ ਤੇ ਲੋਕਾਂ ਦੀ ਭਲਾਈ ਖ਼ਾਤਰ ਸੱਚ ਅਹਿੰਸਾ, ਮੁਹੱਬਤ ਤੇ ਸ਼ਤੀ ਦਾ ਪ੍ਰਚਾਰ ਵੀ। ਉਹ ਅੱਜ-ਕੱਲ੍ਹ ਤੈਨੂੰ ਅੰਮ੍ਰਿਤਸਰ ਮਾਲਾਂ ਮੰਡੀ ਵਿਚ ਮਿਲ ਸਕਣਗੇ। ਇਹ ਸੁਣਦਿਆਂ ਸਾਰ ਸਾਂਈਂ ਦਾ ਰੰਗ ਚਮਕ ਪਿਆ। ਅੱਖਾਂ ਲਿਸ਼ਕ ਪਈਆਂ ਤੇ ਸੰਤ ਨੂੰ ਨਮਸਕਾਰ

Sri Satguru Jagjit Singh Ji eLibrary NamdhariElibrary@gmail.com

ਕਰ ਕੇ ਉਠ ਟੁਰਿਆ ਤੇ ਸਿੱਧਾ ਅੰਮ੍ਰਿਤਸਰ ਪੁੱਜਾ।

ਉਧਰ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਆਪਣੇ ਮਾਲ ਦੇ ਲਾਗੇ ਕੁਰਸੀ ਤੇ ਬੈਠੇ ਸਨ। ਘੋੜਿਆਂ ਦੇ ਟਹਿਲੂਏ ਕਰਮ ਸਿੰਘ, ਮੁਨੀਮ, ਬਖਸ਼ੀ ਹਰਦੇਵ ਸਿੰਘ, ਲਾਭ ਸਿੰਘ, ਬਖਸ਼ੀਸ਼ ਸਿੰਘ, ਸੋਹਣ ਸਿੰਘ ਸਾਰੇ ਘੋੜੇ ਘੋੜੀਆਂ ਦੀ ਮਾਲਿਸ਼ ਕਰ ਇਕ ਕਤਾਰ ਵਿਚ ਖੜ੍ਹਾ ਕਰ ਕੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਦੀ ਉਡੀਕ ਵਿਚ ਹਾਜ਼ਰ ਸਨ। ਕਿ ਇਤਨੇ ਨੂੰ ਉਹ ਫ਼ਕੀਰ ਨੇ ਜਾ ਸਜਦਾ ਕੀਤਾ। ਸਤਿਗੁਰੂ ਜੀ ਨੇ ਫ਼ਕੀਰ ਵਲ ਕਿਰਪਾ ਦ੍ਰਿਸ਼ਟੀ ਕੀਤੀ ਤੇ ਪੁੱਛਿਆ, "ਸਾਂਈਂ ਬਾਦਸ਼ਾਹੋ! ਕਿਵੇਂ ਆਉਣਾ ਹੋਇਆ ਏ?" "ਹਜ਼ਰਤ ਘੋੜੇ ਦੀ ਤਲਬ ਏ।" ਘੋੜੇ-ਘੋੜੀਆਂ ਪੂਰੀ ਸ਼ਾਨ ਨਾਲ ਇਨਸੇਪੈਕਸ਼ਨ ਲਈ ਖੜ੍ਹੇ ਸਨ। ਰਾਣੀ ਸਭ ਤੋਂ ਮੋਹਰੇ ਸੀ। ਜਾਣੀ ਜਾਣ ਸਤਿਗੁਰੂ ਜੀ ਹੁਕਮ ਕੀਤਾ, ਜਿਹੜੀ ਮਰਜ਼ੀ ਏ ਲੈ ਜਾਉ। ਸਾਂਈਂ ਦਾ ਮਨ ਮੁਸਕਰਾਇਆ ਤੇ ਢਾਰਸ ਆਈ ਕਿ ਟਿਕਾਣੇ ਪੁੱਜ ਗਿਆ ਹਾਂ। ਘੋੜੇ-ਘੋੜੀਆਂ ਵਲ ਨਜ਼ਰ ਉਠਾਈ, ਉਨ੍ਹਾਂ ਨੂੰ ਤੱਕ ਬਾਗੋ ਬਾਗ ਹੋਇਆ ਤੇ ਪਹਿਲੇ ਨੰਬਰ ਤੇ ਖੜੀ ਘੋੜੀ ਵਲ ਇਸ਼ਾਰਾ ਕਰ ਦਿੱਤਾ। ਸੱਚੇ ਪਾਤਸ਼ਾਹ ਤੁਰੰਤ ਹੁਕਮ ਦਿੱਤਾ, "ਸਾਂਈਂ ਨੂੰ ਘੋੜੀ ਦੇ ਦਿਉ।" ਬਖਸ਼ੀਸ਼ ਸਿੰਘ, ਸਜਲ ਅੱਖਾਂ ਨਾਲ ਘੋੜੀ ਫ਼ਕੀਰ ਦੇ ਹਵਾਲੇ ਕਰ ਦਿੱਤੀ। ਫ਼ਕੀਰ ਨਮਸਕਾਰ ਕਰ ਘੋੜੀ ਲੈ ਰਾਹੇ ਪੈ ਗਿਆ। ਸੇਵਾਦਾਰ ਇਕ ਦੂਜੇ ਵਲ ਬਿਤਰ-ਬਿੱਤਰ ਤੱਕਣ, ਪਰ ਬੋਲ ਨਾ ਸਕਣ। ਇਕ ਨੇ ਕਿਹਾ ਦੋ ਹਜ਼ਾਰ ਰੁਪਏ ਦੀ ਘੋੜੀ ਸ਼ੀ। ਇਹ 200/- ਅੱਜ-ਕੱਲ੍ਹ ਦਾ ਨਹੀਂ (ਇਹ ਵਾਰਤਾ 1935 ਦੀ ਹੈ, ਜਦ ਘਿਓ ਸਵਾ ਸੇਰ ਰੁਪਏ ਦਾ ਵਿਕਦਾ ਸੀ ਤੇ ਬਾਦਾਮ ਅਠ ਆਨੇ ਸੇਰ) ਐਵੇਂ ਮਾਰ ਕੇ ਲੈ ਗਿਆ ਏ। ਪਰ ਸਾਹਿਬ ਦੀਆਂ ਬਾਤਾਂ ਬਾਹਿਬ ਜਾਣੇ।

ਅਜੇ ਦੋ ਹੀ ਦਿਨ ਬੀਤੇ ਸਨ ਕਿ ਉਹੀ ਫ਼ਕੀਰ ਉਸੇ ਘੋੜੀ ਦੀ ਵਾਗ ਫੜੀ, ਗਰਦਨੀ ਪਾਈ, ਤਿੱਲੇ ਦਾਰ ਕਾਠੀ ਕੱਸੀ ਲੈ ਕੇ ਆ ਹਾਜ਼ਿਰ ਹੋਇਆ। 800/- ਰੁਪਿਆ ਚਰਨਾਂ ਤੇ ਰੱਖ ਆ ਡੰਡੌਤ ਕੀਤੀ ਤੇ ਘੋੜੀ ਵੀ ਹਵਾਲੇ ਕੀਤੀ ਤੇ ਮੂੰਹੋਂ ਬੋਲਿਆ, "ਅੱਲਾ ਤਾਲਾ ਖ਼ੈਰ ਕੀਤੀ ਏ? ਨਾਨਕ ਸ਼ਾਹ ਦੇ ਦਰਸ਼ਨ ਹੋ ਗਏ ਹਨ। ਮੁਰਸ਼ਦ ਦੀ ਅਮਾਨਤ ਬਾਬੇ ਨਾਨਕ ਸ਼ਾਹ ਦੇ ਲੰਗਰ ਵਿਚ ਦੇ ਕੇ ਸਰਖ਼ਰੂ ਹੋਇਆ ਹਾਂ ਬੜੀ ਮੁੱਦਤਾਂ ਤੋਂ ਭਾਲ ਰਿਹਾ ਸਾਂ। ਅੱਜ ਮੁਰਾਦ ਬਰ ਆਈ ਏ ਇਹ ਕਹਿੰਦਾ-ਕਹਿੰਦਾ ਡੰਡੌਤ ਕਰ ਮੁੜ ਗਿਆ। ਫੇਰ ਪਤਾ ਨਹੀਂ ਲੱਗਾ ਕਿਸ ਵਲੈਤ ਨੂੰ ਚਲਾ ਗਿਆ।

**ਮੁਨੀਮ ਕਰਮ ਸਿਘ**
**ਬਖਸ਼ੀ ਜਗਦੇਵ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਹਜ਼ਰਤ ਈਸਾ ਦਾ ਰੱਬ

ਵੱਡਾ ਦਿਨ ਸੀ। ਸਕੂਲ ਕਾਲਜ ਬੰਦ ਸਨ। ਮਾਲ ਰੋਡ ਤੇ ਚਹਿਲ ਪਹਿਲ ਸੀ। ਈਸਾਈਆਂ ਘਰੀਂ ਖ਼ੁਸ਼ੀਆਂ ਦਾ ਨਾਚ ਹੋ ਰਿਹਾ ਸੀ। ਇਕ ਦੂਜੇ ਘਰੀਂ ਡਾਲੀਆਂ ਦਿੱਤੀਆਂ ਜਾ ਰਹੀਆਂ ਸਨ ਤੇ ਵਧਾਈਆਂ ਮਿਲ ਰਹੀਆਂ ਸਨ।

ਅੱਜ ਰੇਸ ਕੋਰਸ ਵਿਚ ਕਾਫ਼ੀ ਰੌਣਕ ਸੀ। ਰੇਸ ਦੇ ਸ਼ੌਕੀਨ ਚਲੇ ਆਉਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਤੇ ਉਨ੍ਹਾਂ ਦੇ ਹਜ਼ੂਰੀ ਸੇਵਕ ਦੌੜ ਵੇਖਣ ਗਏ। ਸ੍ਰ: ਸ਼ਾਮ ਸਿੰਘ ਮਾਨਾਂ ਵਾਲੀਆ ਵੀ ਘੋੜਿਆਂ ਦਾ ਸ਼ੌਕੀਨ ਸੀ। ਉਹ ਵੀ ਜਾ ਪੁੱਜਾ। ਸਤਿਗੁਰੂ ਜੀ ਮੰਚ ਤੇ ਚਲੇ ਗਏ। ਪੰਜਾਬ ਦਾ ਲਾਟ ਸਰ ਹੈਨਰੀ ਕਰੇਕ, ਲੇਡੀ ਕਰੇਕ ਉਸਦੀ ਪੁੱਤਰੀ ਤੇ ਹੋਰ ਪਤਵੰਤੇ ਉੱਥੇ ਮੌਜੂਦ ਸਨ। ਇਸ ਰੇਸ ਵਿਚ ਲਾਟ ਦਾ ਘੋੜਾ ਤੇ ਹੋਰ ਸੱਜਣਾਂ ਦੇ ਘੋੜੇ ਤੇ ਸਤਿਗੁਰੂ ਜੀ ਦਾ ਬਾਜ਼ ਘੋੜਾ ਭਾਗ ਲੈ ਰਿਹਾ ਸੀ।

ਬਾਜ਼ ਤੇ ਜੋਬਨ ਸੀ। ਉਹ ਮਾਲਕ ਦੀਆਂ ਖ਼ੁਸ਼ੀਆਂ ਲੈਣ ਦਾ ਚਾਹਵਾਨ ਸੀ। ਸ੍ਰ: ਭਗਤ ਸਿੰਘ ਅਰਦਾਸਾ ਸੋਧਿਆ ਤੇ ਘੋੜੇ ਤੇ ਸਵਾਰ ਹੋਇਆ। ਘੋੜਿਆਂ ਆਪਣੀ ਆਪਣੀ ਪੋਜ਼ੀਸ਼ਨ ਸੰਭਾਲੀ ਤੇ ਫੀਤਾ ਕੱਟਣ ਦੀ ਦੇਰ ਸੀ, ਕਿ ਬਾਜ਼ ਇਕ ਦਮ ਉਡਾਰੀ ਭਰਤੀ ਤੇ ਛਾਲਾਂ ਮਾਰਦਾ ਅੱਗੇ ਨਿਕਲ ਗਿਆ। ਦਰਸ਼ਕਾਂ ਦੀਆਂ ਅੱਖਾਂ ਖਿੱਚੀਆਂ ਗਈਆਂ। ਚੌਪਾਸੀਂ ਵਾਹ ਵਾਹ ਦਾ ਸ਼ੋਰ ਸੀ। ਗੋਰੇ ਲਾਟ ਦੇ ਘੋੜੇ ਦੀ ਜਿੱਤ ਦੇ ਚਾਹਵਾਨ ਸਨ, ਤੇ ਇਧਰ ਸਿੰਘ ਬਾਜ਼ ਦੀ ਜਿੱਤ ਵਾਸਤੇ ਅਰਦਾਸੇ ਸੋਧ ਰਹੇ ਸਨ। ਦੋਹੀਂ ਪਾਸੀ ਉਤਸਕਤਾ ਦਾ ਸਾਗਰ ਉਮਡ ਰਿਹਾ ਸੀ। ਸਤਿਗੁਰੂ ਜੀ ਦੀ ਕਿਰਪਾ ਨਾਲ ਬਾਜ਼ ਬਾਜ਼ੀ ਲੈ ਗਿਆ। ਚੌਪਾਸਿਉਂ ਤਾਲੀਆਂ ਗੂੰਜ ਉਠੀਆਂ। ਸ਼ੋਰ ਸ਼ਰਾਬੇ ਆਕਾਸ਼ ਨੂੰ ਸਿਰ ਤੇ ਚੁੱਕ ਲਿਆ। ਦਰਸ਼ਕ ਸਤਿਗੁਰੂ ਜੀ ਨੂੰ ਵਧਾਈਆਂ ਦੇਣ ਆਏ।

ਸੱਚੇ ਪਾਤਸ਼ਾਹ ਕੁਰਸੀ ਤੋਂ ਉੱਠੇ। ਲਾਟ ਸਾਹਿਬ ਵੀ ਉੱਠਿਆ ਤੇ ਸਤਿਗੁਰੂ ਜੀ ਦੇ ਨਾਲ ਨਾਲ ਬਾਜ਼ ਵਲ ਹੋ ਟੁਰਿਆ। ਸਾਹਿਬ ਦੇ ਅੰਗ-ਰਾਖੇ ਪਿੱਛੇ ਪਿੱਛੇ ਜਾ ਰਹੇ ਸਨ। ਸਤਿਗੁਰੂ ਜੀ ਮੌਜ ਵਿਚ ਵਚਨ ਕਰ ਰਹੇ ਸਨ, ਕਿ ਉਨ੍ਹਾਂ ਹੱਥ ਘੁਮਾਇਆ ਜਿਹੜਾ ਲਾਟ ਦੀ ਪੁੱਤਰੀ ਦੇ ਮੂੰਹ ਤੇ ਜਾ ਵੱਜਾ। ਸਭ ਹੱਕੇ ਬੱਕੇ ਹੋ ਗਏ। ਇਕ ਦਮ ਚੁੱਪ ਵਰਤ ਗਈ। ਪਰੰਤੂ ਲਾਟ ਸਾਹਿਬ ਨੇ ਖਿੜੇ ਮੱਥੇ ਚੁੱਪ ਤੋੜੀ ਤੇ ਪੁੱਤਰੀ ਨੂੰ ਸੰਬੋਧਨ ਕਰਦਿਆਂ ਆਖਿਆ "ਡਾਰਲਿੰਗ! ਮਾਈ ਡਾਰਲਿੰਗ!! ਯੂ. ਆਰ ਫਾਰਚੂਨੇਟ! ਦਿਸ ਇਜ਼ ਲਾਰਡ ਕਰਾਈਸਟਸ

Sri Satguru Jagjit Singh Ji eLibrary NamdhariElibrary@gmail.com

ਹੈਂਡ। ਟੂਡੇ ਇਜ਼ ਕ੍ਰਿਸਮਿਸ। ਯੂ ਆਰ ਬਲੈਸਡ।" ਭਾਵ ਪਿਆਰੀ ਪੁੱਤਰੀ! ਤੂੰ ਵੱਡੀ ਭਾਗਾਂ ਵਾਲੀ ਏਂ। ਇਹ ਕਰ ਕਮਲ ਹਜ਼ਰਤ ਈਸਾ ਦਾ ਹੈ। ਅੱਜ ਵੱਡਾ ਦਿਨ ਹੈ ਤੂੰ ਬਖਸ਼ੀ ਗਈ ਏਂ। ਲਾਟ ਸਾਹਿਬ ਬੋਲੀ ਜਾ ਰਿਹਾ ਸੀ, ਤੇ ਸਰੋਤੇ ਹੈਰਾਨ ਹੋ ਰਹੇ ਸਨ, ਕਿ ਇਹ ਵੱਡਾ ਗੋਰਾ ਤੇ ਇੰਨੀ ਸ਼ਰਧਾ।"

**ਸ੍ਰ: ਸ਼ਾਮ ਸਿੰਘ**
ਮੇਰਠ

Sri Satguru Jagjit Singh Ji eLibrary NamdhariElibrary@gmail.com

# "ਫੱਕਰ"

"ਤੁਸੀਂ ਭੈਣੀ ਵਾਲੇ ਬਾਵੇ ਦੇ ਸਿੱਖ ਹੋ? ਉਹ ਬੜਾ ਕਰਨੀਆਂ ਦਾ ਮਾਲਿਕ ਹੈ। ਜਦੋਂ ਉਹ ਜ਼ਮੀਨ ਖ਼ਰੀਦੇਗਾ, ਰੌਲਾ ਪੈ ਜਾਵੇਗਾ, ਹਿੰਦੂ ਚੜਦੇ ਨੂੰ ਭਜਣਗੇ ਮੁਸਲਮਾਨ ਛਿਪਦੇ ਨੂੰ, ਪਰ ਤੁਸੀਂ ਘਰ ਨਾ ਛਡਿਓ, ਤੁਹਾਡਾ ਖਸਮ ਬੜਾ ਡਾਢਾ ਏ।" ਇਹ ਸ਼ਬਦ ਤੇਜ਼ੇ ਵਾਲ ਜ਼ਿਲ੍ਹਾ ਗੰਗਾ ਨਗਰ ਦੇ ਫੱਕਰ ਨੇ ਕਹੇ, ਜਦ ਉਹ ਖਰੜੀਂ ਆਪਣੀ ਭੈਣ ਨੂੰ ਮਿਲਣ ਲਈ ਜਾ ਰਿਹਾ ਸੀ। ਵਾਰਤਾ ਬਹੁਤ ਦੇਰ ਦੀ ਨਹੀਂ। ਲੋਹੜੀ ਦਾ ਦਿਨ ਸੀ ਤੇ ਸਾਲ 1946 ਦਾ ਕਿ 36 ਐਫ ਦੇ ਵਸਨੀਕ ਸ੍ਰੀਣੀਆਂ ਵੰਡ ਰਹੇ ਸਨ, ਲੋਹੜੀ ਬਾਲ ਰਹੇ ਸਨ। ਜਿਨ੍ਹਾਂ ਦੇ ਘਰ ਸਤਿਗੁਰੂ ਨੇ ਪੁੱਤਰ ਦੀ ਦਾਤ ਬਖਸ਼ੀ ਸੀ, ਉਹ ਆਪਣੇ ਰੰਗ ਵਿਚ ਰੰਗੇ ਸਨ ਤੇ ਸੱਜਣਾਂ ਮਿੱਤਰਾਂ ਨੂੰ ਲੱਡੂ ਪੇੜੇ ਵਰਤਾਉਂਦੇ ਵਧਾਈਆਂ ਲੈ ਰਹੇ ਸਨ। ਸਾਵਨ ਸਿੰਘ ਨੰਬਰਦਾਰ ਨੇ ਬੂਟੇ ਚੌਕੀਦਾਰ ਨੂੰ ਕਿਹਾ। "ਅੱਜ ਕਿਸੇ ਨੂੰ ਵੇਹਲ ਨਹੀਂ ਤੂੰ ਜਾ ਕੇ ਪਾਣੀ ਲਾ ਲੈ। ਬੂਟਾ ਬੜਾ ਖ਼ੁਸ਼ ਹੋਇਆ ਕਿ ਜੇ ਖਾਲਸੇ ਸਰਦਾਰ ਘਰੀਂ ਪਚਾਕੇ ਲਾ ਰਹੇ ਨੇ ਤਾਂ ਮੈਂ ਪਾਣੀ ਤੋਂ ਲਾਭ ਕਿਉਂ ਨਾ ਉਠਾਵਾਂ। ਉਸ ਕਹੀ ਫੜੀ ਤੇ ਬਾਹਰ ਜਾ ਕੇ ਪਾਣੀ ਲਾ ਦਿੱਤਾ। ਸਰਦੀ ਕੜਾਕੇ ਦੀ ਸੀ। ਪਾਣੀ ਲਾਂਦਾ ਲਾਂਦਾ ਸੁੰਨ੍ਹ ਹੋ ਗਿਆ। ਨਮੂਨੀਏ ਨੇ ਸਰੀਰ ਦਾ ਲਹੂ ਪੱਥਰ ਕਰ ਦਿੱਤਾ। ਨੰਬਰਦਾਰ ਨੂੰ ਪਤਾ ਲੱਗਾ, ਉਹ ਉਸ ਦੇ ਘਰ ਗਿਆ। ਬੁੜੇ ਦੀ ਹਾਲਤ ਖ਼ਰਾਬ ਸੀ। ਘਰ ਵਾਲਿਆਂ ਬਥੇਰੀਆਂ ਰਜਾਈਆਂ ਦੇ ਕੇ ਤੇ ਅੱਗ ਬਾਲ ਉਸ ਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਬੇਅਰਥ। ਭਾਈ ਨਾਜ਼ਰ ਸਿੰਘ ਉੱਥੇ ਖੂਹ ਦਾ ਠੇਕਾ ਲੈ ਰਖਿਆ ਸੀ। ਨੰਬਰਦਾਰ ਨੇ ਨਾਜ਼ਰ ਸਿੰਘ ਨੂੰ ਕਿਹਾ, ਇਸ ਵੇਲੇ ਕੋਈ ਹੋਰ ਆਦਮੀ ਲੱਭਣਾ ਨਹੀਂ, ਤੂੰ ਮੱਦਦ ਕਰ ਤੇ ਇਸ ਗ਼ਰੀਬ ਦੀ ਜਾਨ ਬਚਾਈਏ। ਭਾਈ ਨਾਜ਼ਰ ਸਿੰਘ ਅੰਦਰ ਵੀ ਮਨੁੱਖਤਾ ਦਾ ਪਿਆਰ ਜਾਗਿਆ ਤੇ ਬੂਟੇ ਨੂੰ ਗੱਡੇ ਤੇ ਪਾ ਕੇ ਕਰਨ ਪੁਰ ਦੇ ਸਰਕਾਰੀ ਹਸਪਤਾਲ ਲੈ ਗਏ। ਹਸਪਤਾਲ ਕੀ ਕਰਨ ਜੇ ਡਾਕਟਰ ਨਾ ਹੋਵੇ। ਜੇ ਡਾਕਟਰ ਹੋਵੇ ਪਰ ਅੰਦਰ ਮਨੁੱਖਤਾ ਨਾ ਹੋਵੇ ਫਿਰ ਹਸਪਤਾਲ ਤਾਂ ਕੁਝ ਨਹੀਂ ਕਰਨਾ। ਡਾਕਟਰ ਜਾਂਦਿਆਂ ਹੀ ਜਵਾਬ ਦੇ ਦਿੱਤਾ। ਇਹ ਪਰਉਪਕਾਰੀ ਸੱਜਣ ਨਿਰਾਸ ਹੋ ਮੁੜ ਪਏ।

ਜਦ ਇਹ ਵਾਪਸ ਆ ਰਹੇ ਸਨ ਤਾਂ ਰਾਹ ਵਿਚ ਇਕ ਬੋਰੀਆਂ ਵਾਲਾ ਫ਼ਕੀਰ ਮਿਲਿਆ। ਫ਼ਕੀਰ ਨੂੰ ਵੇਖ ਸਾਵਨ ਸਿੰਘ ਨੇ ਕਿਹਾ "ਫੱਕਰਾ! ਗੱਡੇ ਤੇ ਬਹਿ ਜਾ।" ਪਰ ਫਕਰ ਕੋਈ ਟੁਕਰ ਟੇਰ ਨਹੀਂ ਸੀ। ਉਸ ਅੱਗੋਂ ਕਿਹਾ

Sri Satguru Jagjit Singh Ji eLibrary NamdhariElibrary@gmail.com

"ਸਰਦਾਰਾ ਮੇਰੇ ਕੋਲ ਭਾੜਾ ਨਹੀਂ, ਮੈਂ ਨਹੀਂ ਬਹਿਣਾ" ਭਾੜੇ ਦਾ ਨਾਉਂ ਸੁਣ ਨਾਜ਼ਰ ਸਿੰਘ ਕੋਲੋਂ ਬੋਲ ਉੱਠਿਆ, ਬਾਬਾ ਅਸੀਂ ਭਾੜਾ ਨਹੀਂ ਲੈਂਦੇ ਤੂੰ ਆ ਜਾ। ਪਰ ਸਾਂਈਂ ਨੇ ਫਿਰ ਵੀ ਗੱਲ ਨਾ ਗੌਲੀ। ਤੀਜੀ ਵੇਰ ਫਿਰ ਜਦੋਂ ਹੋਰ ਨਿੰਮ੍ਰਤਾ ਨਾਲ ਕਿਹਾ ਤਾਂ ਫੱਕਰ ਗੱਡੇ ਤੇ ਬੈਠ ਗਿਆ। ਨੰਬਰਦਾਰ ਨੇ ਗੱਲ ਟੋਰ ਦਿੱਤੀ ਸਾਈਂ ਬਾਦਸ਼ਾਹੋ! ਬੂਟੇ ਨੂੰ ਡਾਕਟਰ ਨੇ ਜਵਾਬ ਦੇ ਦਿੱਤਾ ਹੈ ਕਿ ਇਹ ਬਚਦਾ ਨਹੀਂ। ਇਸ ਪਿੰਡ ਕੋਈ ਮੁਸਲਮਾਨ ਨਹੀਂ ਹੈ, ਤੁਹਾਡਾ ਇਹ ਦੀਨ ਭਾਈ ਏ ਤੁਸੀਂ ਇਸਦੀ ਆਖ਼ਰੀ ਰਸਮ ਅਦਾ ਕਰ ਜਾਓ।" ਫ਼ਕੀਰ ਨੇ ਅੱਗੋਂ ਬੇਪਰਵਾਹੀ ਨਾਲ ਜਵਾਬ ਦਿੱਤਾ "ਖਾਲਸਿਓ! ਤੁਸੀਂ ਬੇਸ਼ੱਕ ਮਾਰ ਦਿਓ ਵੈਸੇ ਤੇ ਇਹ ਮਰਦਾ ਨਹੀਂ।" ਸਾਂਈਂ ਜੀ! ਅਸੀਂ ਤਾਂ ਆਪਣੇ ਵੱਲੋਂ ਪੂਰੀ ਵਾਹ ਲਾ ਰਹੇ ਹਾਂ ਅੱਗੋਂ ਰੱਬ ਦੀ ਰਜ਼ਾ "ਚੰਗਾ! ਜੇ ਇਹ ਗੱਲ ਏ ਤਾਂ ਤੁਸੀਂ ਇਸ ਨੂੰ ਮੂਲੀ ਦਾ ਪਾਣੀ ਪਿਲਾਉ ਅੱਲਾ ਰਹਿਮ ਕਰਸੀ।" ਇਹ ਸੁਣ ਨੰਬਰਦਾਰ ਤੇ ਨਾਜ਼ਰ ਸਿੰਘ ਬੜੇ ਹੈਰਾਨ ਹੋਏ। ਉੱਤੋਂ ਸਰਦੀ ਨਾਲੇ ਬੂਟਾ ਆਖ਼ਰੀ ਦਮਾਂ ਤੇ ਹੈ, ਇਹ ਫ਼ਕੀਰ ਕਹਿੰਦਾ ਏ, "ਮੂਲੀ ਦਾ ਪਾਣੀ ਦਿਓ।" ਜਦ ਇਹ ਰੁਕ ਗਏ ਤਾਂ ਫੱਕਰ ਇਹ ਤੇਜ਼ੀ ਨਾਲ ਕਿਹਾ, ਮੈਂ ਕਹਿੰਦਾ ਸਾਂ ਕਿ ਤੁਸੀਂ ਮਾਰੋਗੇ। ਇਹ ਠੀਕ ਹੈ ਕਿ ਨਾ? ਨਹੀਂ ਤਾਂ ਦਿਓ ਮੂਲੀਆਂ ਦਾ ਪਾਣੀ।" ਅਖ਼ੀਰ ਇਹ ਸਾਰੇ ਫ਼ਕੀਰ ਨਾਲ ਸਹਿਮਤ ਹੋ ਗਏ ਤੇ ਮੂਲੀ ਦਾ ਪਾਣੀ ਚਿਮਚਾ-ਚਿਮਚਾ ਕਰਕੇ ਬੂਟੇ ਦੇ ਮੂੰਹ ਵਿਚ ਪਾਇਆ। ਮੂਲੀ ਦਾ ਪਾਣੀ ਅੰਦਰ ਜਾਣ ਦੀ ਦੇਰ ਸੀ, ਬੂਟੇ ਅੱਖਾਂ ਪੁੱਟ ਲਈਆਂ। ਉਨ੍ਹਾਂ ਹੋਰ ਪਿਆਇਆ ਰਾਤ ਵਿਚ ਕੋਈ ਪੰਦਰ੍ਹਾਂ ਮੂਲੀਆਂ ਦਾ ਪਾਣੀ ਦਿੱਤਾ। ਬੂਟਾ ਉਠ ਕੇ ਬੈਠ ਗਿਆ। ਫ਼ਕੀਰ ਕਿਹਾ, ਇਸਦਾ ਮਨ ਮੂਲੀ ਖਾਣ ਨੂੰ ਤਰਸਦਾ ਸੀ। ਪਾਣੀ ਲਾਂਦਿਆਂ ਠੰਡ ਲੱਗ ਗਈ, ਬਸ ਕਸਰ ਹੋਰ ਕੋਈ ਨਹੀਂ ਸੀ। ਇਸ ਕਹਾਣੀ ਨੇ ਖਲੋਤਿਆਂ ਨੂੰ ਚੱਕਰਾ ਦਿਤਾ "ਇਹ ਪਾਣੀ ਲਾ ਰਿਹਾ ਸੀ" "ਇਸ ਦਾ ਮਨ ਮੂਲੀ ਖਾਣ ਨੂੰ ਮੰਗਦਾ ਸੀ" ਇਹ ਕੋਈ ਸਿਧ ਫ਼ਕੀਰ ਏ? ਬੂਟੇ ਕਿਹਾ, "ਸਰਦਾਰ ਜੀ! ਮੇਰੀ ਮੱਝ ਫ਼ਕੀਰ ਨੂੰ ਦੇ ਦਿਓ, ਮੇਰੇ ਪਾਸੋਂ ਹੋਰ ਕੁਝ ਸਰਦਾ ਨਹੀਂ। ਮੈਂ ਇਸ ਦਾ ਦੇਣਾ ਨਹੀਂ ਦੇ ਸਕਦਾ।" ਮੱਝ ਦਾ ਨਾਉਂ ਸੁਣ ਫ਼ਕੀਰ ਨੇ ਅੱਖਾਂ ਲਾਲ ਕਰ ਲਈਆਂ ਤੇ ਆਖਿਆ, ਮੈਂ ਕਾਫਰ ਦੀ ਮੱਝ ਨਹੀਂ ਲੈਣੀ। ਮੇਰੇ ਮੌਲਾ ਦੀਆਂ ਮੇਰੇ ਤੇ ਬੜੀਆਂ ਮਿਹਰਾਂ ਹਨ, ਇਹ ਕਹਿੰਦਾ ਫ਼ਕੀਰ ਬਿਨਾ ਕੁਝ ਖਾਦੇ ਪੀਤੇ ਅੱਗੇ ਰਵਾਨਾ ਹੋ ਗਿਆ।

ਕੁਝ ਦਿਨਾਂ ਪਿੱਛੋਂ ਉਸੇ ਫੱਕਰ ਦਾ ਨਾਜ਼ਰ ਸਿੰਘ ਨਾਲ ਮੇਲ ਹੋਇਆ। ਨਾਜ਼ਰ ਸਿੰਘ ਨੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ ਕਿ 'ਬਾਦਸ਼ਾਹੋ ਖਾਣਾ ਜ਼ਰੂਰ ਖਾਵੋ ਐਵੇਂ ਨਾ ਕਰੋ ਤੁਹਾਡੀ ਰੋਟੀ ਕਿਸੇ ਮੁਸਲਮਾਨ ਦੇ ਘਰ ਤਿਆਰ ਕਰਾ ਦੇਂਦੇ ਹਾਂ, ਖਾਣਾ ਜ਼ਰੂਰ ਖਾਵੋ ਫੱਕਰ ਮੰਨ ਗਿਆ। ਨਾਜ਼ਰ ਸਿੰਘ ਜਾ ਕੇ ਮਰਾਸੀ ਦੇ ਘਰੋਂ ਪ੍ਰਸ਼ਾਦ ਤਿਆਰ ਕਰਵਾ ਲਿਆਇਆ ਤੇ ਫ਼ਕੀਰ ਨੇ ਖਾ ਲਿਆ, ਰਾਤ ਕੱਟੀ ਤੇ ਦਿਨ ਚੜ੍ਹਿਆ ਤਾਂ ਫ਼ਕੀਰ ਨੇ ਨਾਜ਼ਰ ਸਿੰਘ ਨੂੰ ਕਿਹਾ

Sri Satguru Jagjit Singh Ji eLibrary NamdhariElibrary@gmail.com

ਉਸ ਮਰਾਸੀ ਦਾ ਘਰ ਵਿਖਾਵੋ ਜਿਸ ਨੇ ਰੋਟੀ ਲਿਆਂਦੀ ਸੀ। ਨਾਜ਼ਰ ਸਿੰਘ ਨਜ਼ੀਰੇ ਮਰਾਸੀ ਨੂੰ ਬੁਲਾ ਲਿਆਇਆ। ਮਰਾਸੀ ਨੂੰ ਵੇਖਦਿਆਂ ਹੀ ਫ਼ਕੀਰ ਦੀਆਂ ਭਵਾਂ ਤਣ ਗਈਆਂ, ਅੱਖਾਂ ਵਿਚ ਲਾਲੀ ਚੜ੍ਹ ਆਈ ਤੇ ਕੜਕ ਕੇ ਬੋਲਿਆ, 'ਸੂਰ ਖਾਣਿਆਂ ਕਾਫਰਾ, ਤੂੰ ਮੇਰੀ ਰੋਟੀ ਬਣਾਈ ਸੀ? ਮੇਰੀ ਸਾਰੀ ਰਾਤ ਬਿਰਤੀ ਨਹੀਂ ਲੱਗੀ। ਸੱਚ ਦਸ ਤੂੰ ਸਿੱਖਾਂ ਦੇ ਘਰ ਦਾ ਨਹੀਂ ਖਾਂਦਾ।' ਨਜ਼ੀਰ ਕੰਬਣ ਲੱਗ ਪਿਆ ਤੇ ਆਖਿਆ ਜੀ ਖਾਂਦਾ ਹਾਂ। ਤੂੰ ਉਨ੍ਹਾਂ ਦੇ ਘਰਾਂ ਦਾ ਪਕਿਆ ਮਾਸ ਵੀ ਖਾ ਲੈਂਦਾ ਹੈਂ?' ਇਹ ਸੁਣਦਿਆਂ ਨਜ਼ੀਰੇ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹ ਫੱਕਰ ਦੇ ਪੈਰਾਂ ਤੇ ਡਿੱਗ ਪਿਆ, ਕੰਨਾਂ ਨੂੰ ਹੱਥ ਲਾਏ, ਤੌਬਾ ਕੀਤੀ ਅੱਗੋਂ ਤੋਂ ਝਟਕਾ ਖਾਣ ਵਾਲਿਆਂ ਦੇ ਘਰੋਂ ਨਾ ਖਾਣ ਦਾ ਇਕਰਾਰ ਕੀਤਾ। ਇਹ ਸੁਣ ਸਾਂਈਂ ਆਪਣੇ ਸਫ਼ਰ ਤੇ ਰਵਾਨਾ ਹੋ ਗਿਆ। ਹਿੰਦੂ ਸਿੱਖ ਤੇ ਵੀ ਸਾਂਈਂ ਦਾ ਭੈ ਛਾ ਗਿਆ ਕਿ ਇਹ ਫ਼ਕੀਰ ਪਹੁੰਚਿਆ ਹੋਇਆ ਹੈ, ਇਸ ਤੇ ਕਿਸੇ ਮਹਾਂ ਪੁਰਸ਼ ਦੀ ਮਿਹਰ ਏ। ਫੱਕਰ ਤੇ ਚਲਾ ਗਿਆ, ਪਰ ਭਾਈ ਨਾਜ਼ਰ ਸਿੰਘ ਨੂੰ ਬੜਾ ਅਫ਼ਸੋਸ ਲੱਗਾ ਕਿ ਦੋ ਵੇਰ ਫ਼ਕੀਰ ਮਿਲਿਆ ਤੇ ਦੋਵੇਂ ਵੇਲੇ ਨਰਾਜ਼ਗੀ ਮੁੱਲ ਲਈ। ਹੁਣ ਜਦ ਮਿਲਿਆ ਤਾਂ ਖ਼ਾਲੀ ਨਹੀਂ ਜਾਣ ਦੇਣਾ। ਅਜੇ ਥੋੜ੍ਹੇ ਦਿਨ ਹੀ ਬੀਤੇ ਸਨ ਕਿ ਫ਼ਕੀਰ ਨੇ ਨਾਜ਼ਰ ਸਿੰਘ ਨੂੰ ਆ ਦਰਸ਼ਨ ਦਿਤੇ ਤੇ ਇਸ ਨੇ ਪ੍ਰਸ਼ਾਦ ਵਾਸਤੇ ਅਰਜ਼ ਕੀਤੀ।

"ਇੱਥੋਂ ਕੋਈ ਬ੍ਰਹਮਣਾਂ ਦਾ ਘਰ ਹੈ?"

ਬ੍ਰਾਹਮਣਾਂ ਦਾ ਘਰ।

'ਹਾਂ, ਬ੍ਰਾਹਮਣਾਂ ਦਾ ਘਰ।'

'ਪਰ ਅਸੀਂ ਵੀ ਐਸਾ ਵੈਸਾ ਨਹੀਂ ਖਾਂਦੇ। ਹਲਾਲ ਨਾ ਝਟਕਾ।' ਇਹ ਸੁਣ ਫਕਰ ਨੇ ਨਾਜ਼ਰ ਸਿੰਘ ਨੂੰ ਸਿਰ ਤੋਂ ਪੈਰਾਂ ਤਕ ਧਿਆਨ ਨਾਲ ਵੇਖਿਆ, ਗਲੇ ਮਾਲਾ, ਸਿੱਧੀ ਦਸਤਾਰ। ਤਕ ਕੇ ਆਖਿਆ ਤੁਸੀਂ ਭੈਣੀ ਵਾਲੇ ਬਾਬੇ ਦੇ ਸਿੱਖ ਹੋਣੇਓ? ਨਾਮਧਾਰੀਏ? ਉਹ ਬੜਾ ਕਰਨੀ ਵਾਲਾ ਏ। ਉਹ ਦਰਗਾਹ ਦਾ ਮਾਲਿਕ ਏ। ਚੰਗਾ ਤੁਸੀਂ ਪਕਾਓ ਪਰ ਵੇਖਣਾ ਮੇਰੀ ਰੋਟੀ ਔਰਤ ਨਾ ਪਕਾਵੇ। ਪਾਣੀ ਤੂੰ ਲਿਆਵੀਂ, ਕੱਪੜਾ ਨਾਲ ਨਾ ਛੂਏ। 'ਸਤਿ ਬਚਨ।' ਇਹ ਕਹਿ ਨਾਜ਼ਰ ਸਿੰਘ ਲੰਗਰ ਤਿਆਰ ਕਰਨ ਲੱਗ ਗਿਆ। ਪਹਿਲਾਂ ਉਸ ਭਾਂਡੇ ਮਾਂਝੇ, ਦੁੱਧ ਲਿਆ ਕੇ ਫੱਕਰ ਦੇ ਕੋਲ ਰਖਿਆ। ਫੱਕਰ ਤਸਬੀ ਫੇਰਨ ਲੱਗ ਪਿਆ। ਦੁੱਧ ਵੇਖ ਇਕ ਬਿੱਲੀ ਆ ਗਈ। ਉਹ ਦੁੱਧ ਪੀਣ ਲੱਗ ਗਈ। ਫੱਕਰ ਮਸਤੀ ਵਿਚ ਆਪਣੇ ਕਾਰੇ ਲੱਗਾ ਰਿਹਾ। ਬਿੱਲੀ ਰਜਕੇ, ਮੁੱਛਾਂ ਪੂੰਝਦੀ ਚਲੀ ਗਈ। ਫੱਕਰ ਅੱਖ ਪੁੱਟੀ ਤੇ ਦੁੱਧ ਦੇ ਕਟੋਰੇ ਵਲ ਹੱਥ ਵਧਾਇਆ ਤਾਂ ਨਾਜ਼ਰ ਸਿੰਘ ਬੋਲ ਪਿਆ, 'ਜੀ ਹੋਰ ਲਿਆਉਂਦਾ ਹਾਂ, ਇਸ ਨੂੰ ਬਿੱਲੀ ਜੂਠਾ ਕਰ ਗਈ ਹੈ।' 'ਵਾਹ ਭਈ! ਨਾਜ਼ਰ ਸਿੰਘਾ ਉਹ ਆਪਣਾ ਹਿੱਸਾ ਪੀ ਗਈ ਮੇਰਾ ਹਿੱਸਾ ਛੱਡ ਗਈ। ਹੋਰ ਦੁੱਧ ਦੀ ਲੋੜ ਨਹੀਂ। ਇਹ ਕਹਿੰਦਿਆਂ ਫੱਕਰ

Sri Satguru Jagjit Singh Ji eLibrary NamdhariElibrary@gmail.com

ਦੁੱਧ ਨੂੰ ਗਿਲਾਸ ਵਿਚ ਪਾ ਹੌਲੀ-ਹੌਲੀ ਪੀ ਲਿਆ। ਇਤਨੇ ਨੂੰ ਪ੍ਰਸ਼ਾਦ ਵੀ ਤਿਆਰ ਹੋ ਗਿਆ। ਨਾਜ਼ਰ ਸਿੰਘ ਨੇ ਪ੍ਰਸ਼ਾਦ ਲੈ ਕੇ ਸਾਂਈਂ ਸਾਹਮਣੇ ਰਖ ਦਿੱਤਾ, ਸਾਂਈਂ ਪਹਿਲਾਂ ਆਕਾਸ਼ ਵਲ ਨੇਤਰ ਕਰ ਹੱਥ ਖਿਲਾਰ ਦੁਆ ਮੰਗੀ। ਮੁੜ ਪ੍ਰਸ਼ਾਦ ਛੱਕਿਆ। ਪ੍ਰਸ਼ਾਦ ਛੱਕ ਕੇ ਮੁੜ ਦੁਆ ਮੰਗੀ। ਪ੍ਰਸੰਨ ਹੋ ਕਿਹਾ, 'ਲੈ ਭਾਈ ਨਗਰ-ਖੇੜਾ ਵਸਦਾ ਰਹੇ। ਪਰ ਨਾਜ਼ਰ ਸਿੰਘ! ਤੂੰ ਮੇਰੀ ਇਕ ਗੱਲ ਪੱਲੇ ਬੰਨ੍ਹ ਲੈ, ਤੁਹਾਡੇ ਮਹਾਰਾਜ ਨਾਲੀ ਲਾਗੇ ਜ਼ਮੀਨ ਖ਼ਰੀਦਣਗੇ ਉਸ ਸਮੇਂ ਹਿੰਦੂ ਚੜ੍ਹਦੇ ਨੂੰ ਤੇ ਮੁਸਲਮਾਨ ਛਿੱਪਦੇ ਨੂੰ ਭਜਣਗੇ ਉਸ ਵੇਲੇ ਇਹਨਾਂ ਮੋਮਨਾਂ ਦੇ ਗਲੇ ਤੇ ਛੁਰੀ ਚੱਲੇਗੀ। ਇਹ ਆਪ ਆਪਣੀ ਗਰਦਨ ਅੱਗੇ ਕਰਨਗੇ। ਉਸੇ ਵੇਲੇ ਮੈਂ ਰੁੱਖ ਤੇ ਚੜ੍ਹ ਵੇਖ ਕਹਾਂਗਾ, 'ਦਿਓ ਹਿਸਾਬ! ਤੁਸੀਂ ਮੁਰਗੀਆਂ ਦੇ ਗਲਿਆਂ ਤੇ ਛੁਰੀਆਂ ਫੇਰਦੇ ਰਹੇ ਹੋ ਹੁਣ ਸੁਣਾਉ। ਪਰ ਤੁਹਾਨੂੰ ਕੋਈ ਖ਼ਤਰਾ ਨਹੀਂ। ਤੁਹਾਡਾ ਵਾਲ਼ ਵਿੰਗਾ ਨਹੀਂ ਹੋਣ ਲੱਗਾ। ਤੁਸੀਂ ਘਰ-ਬਾਰ ਨਾ ਛੱਡਿਓ। ਆਪਣਾ ਧਿਆਨ ਆਪਣੇ ਸਤਿਗੁਰੂ ਵਲ ਰਖਿਉ।'

ਨਾਜ਼ਰ ਸਿੰਘ

Sri Satguru Jagjit Singh Ji eLibrary NamdhariElibrary@gmail.com

# ਬੇਸਿਦਕਾਂ ਨੂੰ ਸਿਦਕ

ਠਾਕੁਰ ਤੁਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥ਰਹਾਉ-॥
ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ॥
ਦੁਖ ਨਾਠੇ ਸੁਖ ਸਹਜਿ ਸਮਾਇ, ਅਨਦ ਅਨਦ ਗੁਣ ਗਾਇਆ॥
ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ॥
ਕਹੁ ਨਾਨਕ ਗੁਰਿ ਬੰਧਨ ਕਾਟੇ, ਬਿਛੁਰਤ ਆਨਿ ਮਿਲਾਇਆ॥
(ਸਾਰੰਗ ਮਹਲਾ 5-1218)

ਚੰਦਰੇ ਨੂੰ ਚੰਦਰਾ ਸੌ ਕੁਹ ਦਾ ਵਲਾ ਮਾਰ ਕੇ ਮਿਲਦਾ ਹੈ, ਸੋ ਹਿਸਾਬ ਮੇਰੇ ਪਿਤਾ ਸਰਦਾਰਾ ਸਿੰਘ ਤੇ ਉਹਨਾਂ ਦੇ ਲੰਗੋਟੀਏ ਯਾਰ ਗਿਆਨ ਸਿੰਘ ਦਾ ਸੀ। ਉਹ ਦੋ ਹੀ ਗੱਲਾਂ ਜਾਣਦੇ ਸਨ। ਖਾਣਾ-ਪੀਣਾ ਤੇ ਜੱਟਾਂ ਵਾਲਾ ਜਟਊ-ਪੁਣਾ। ਰੱਬ ਚੇਤੇ ਨਹੀਂ ਸੀ। ਹਾਂ ਸਿੰਘ ਸਭਾ ਦਾ ਇੰਨਾ ਅਸਰ ਜ਼ਰੂਰ ਸੀ ਕਿ ਦਸ ਗੁਰੂ ਕਹਿੰਦੇ ਸਨ। ਭਾਵੇਂ ਇਹ ਪਤਾ ਨਹੀਂ ਸੀ, ਕਿ ਉਹਨਾਂ ਪਤਿਤ ਪਾਵਨ ਸਤਿਗੁਰਾਂ ਦੇ ਕੀ ਉਪਦੇਸ਼ ਹਨ। ਉਹਨਾਂ ਕਿਸ ਰਹਿਣੀ ਬਹਿਣੀ ਦਾ ਆਦੇਸ਼ ਕੀਤਾ। ਪਰ ਇਹ ਗੱਲ ਪੱਥਰ ਤੇ ਲਕੀਰ ਵਾਂਗੂ ਸੀ ਕਿ ਦਸਵੇਂ ਗੁਰੂ ਪਿੱਛੋਂ ਕੋਈ ਗੁਰੂ ਨਹੀਂ ਹੋਇਆ, ਵਾ ਗੁਰੂ, ਵਾ ਗੁਰੂ ਕਰੋ ਤੇ ਖ਼ੂਬ ਖਾਓ ਪੀਓ।

ਪਿੰਡ ਵਿਚ ਧਰਮਸਾਲ ਸੀ। ਭਾਈ ਵਜ਼ੀਰ ਸਿੰਘ ਬੜਾ ਗੁਰਮੁਖ ਸਿੱਖ ਸੀ। ਹਮੇਸ਼ਾਂ ਭਲੇ ਪਾਸੇ ਦੀ ਪ੍ਰੇਰਨਾ ਕਰਦਾ। ਪਰ ਮੇਰੇ ਪਿਤਾ ਤੇ ਉਹਨਾਂ ਦੇ ਸਾਥੀ ਗਿਆਨ ਸਿੰਘ ਤੇ ਉਸ ਮਹਾਂ ਪੁਰਸ਼ ਦੇ ਉਪਦੇਸ਼ ਦਾ ਇਤਨਾ ਅਸਰ ਹੁੰਦਾ, ਜਿੰਨਾਂ ਥਿੰਦੇ ਘੜੇ ਤੇ ਪਾਣੀ ਦਾ। ਜਦ ਉਸ ਮਹਾਂ ਪੁਰਸ਼ ਨੇ ਕੋਈ ਗੱਲ ਕਹਿਣੀ ਤਾਂ ਇਹਨਾਂ ਇਕ ਕੰਨੋਂ ਸੁਣਨੀ ਤੇ ਦੂਜੇ ਕੰਨੋਂ ਕੱਢ ਦੇਣੀ। ਬਸ ਪੌੜੀ ਦੇ ਅਗਲੇ ਡੰਡੇ ਤੇ ਪੈਰ ਨਹੀਂ ਧਰਨਾ।

ਛਾਗੀ ਜ਼ਿਲ੍ਹਾ ਸਿਆਲਕੋਟ ਦੇ ਲਾਗੇ ਸ਼ਤਾਬਗੜ੍ਹ ਮੁਸਲਮਾਨੀ ਪਿੰਡ ਸੀ। ਬੜਾ ਅੜਬੀ ਤੇ ਗੁੰਡਾ। ਪਰ ਪੰਜੇ ਉਂਗਲਾਂ ਕਦੇ ਬਰਾਬਰ ਨਹੀਂ ਹੁੰਦੀਆਂ, ਸਾਰੇ ਹਿੰਦੂ ਚੰਗੇ ਨਹੀਂ, ਸਾਰੇ ਮੁਸਲਮਾਨ ਮਾੜੇ ਨਹੀਂ। ਹਾਂ ਕਾਲੀਆਂ ਭੇਡਾਂ ਸਭ ਥਾਈਂ ਮਿਲ ਜਾਂਦੀਆਂ ਹਨ, ਪਰ ਸ਼ਤਾਬਗੜ੍ਹ ਤਾਂ ਬਦਮਾਸ਼ਾਂ ਦਾ ਗੜ੍ਹ ਸੀ। ਸਿੱਖਾਂ ਨੂੰ ਟਿਚਕਰਾਂ ਕਰਨੀਆਂ ਤੇ ਉਹਨਾਂ ਦੇ ਮਾਲ ਨੂੰ ਹਲਾਲ ਦੱਸਣਾ। ਦਿਨ ਰਾਤ ਜਦ ਦਾਉ ਲਗੇ, ਜਿਸ ਚੀਜ਼ ਦਾ ਦਾਉ ਲੱਗੇ, ਉਹ ਆਪਣੇ ਘਰ

Sri Satguru Jagjit Singh Ji eLibrary NamdhariElibrary@gmail.com

ਲੈ ਜਾਂਦੇ।

ਇਕ ਦਿਨ ਪਿਤਾ ਜੀ ਬਾਹਰ ਖੇਤਾਂ ਵਿਚ ਫੇਰਾ ਤੋਰਾ ਮਾਰਨ ਗਏ। ਕੁਦਰਤੀ ਲੰਬੜ, ਹਵੇਲੀ (ਹਵੇਲਾ ਸਿੰਘ) ਤੇ ਚਾਚਾ ਗੋਪਾਲ ਸਿੰਘ ਨਾਲ ਸਨ। ਉਹਨਾਂ ਕੀ ਵੇਖਿਆ? ਕਾਦਰਾ ਇਕ ਦੋ ਚੋਬਰਾਂ ਨਾਲ ਪੈਲੀਆਂ ਵਿਚ ਡੰਗਰ ਚਾਰ ਰਿਹਾ ਹੈ ਤੇ ਦੋ ਚਾਰ ਜਣੇ ਕਣਕ ਵੱਢ ਰਹੇ ਹਨ। ਉਹ ਇਹ ਵੇਖ ਕੇ ਬੜੇ ਹੈਰਾਨ ਹੋਏ। ਬਜਾਏ ਇਸ ਗੱਲ ਦੇ ਕਾਦਰਾ ਇਹਨਾਂ ਨੂੰ ਵੇਖ ਕੇ ਰੁਕ ਜਾਂਦਾ ਜਾਂ ਨੱਸ ਪੈਂਦਾ ਸਗੋਂ ਪਾਸਾ ਮਰੋੜ ਮੂੰਹ ਦੂਜੇ ਪਾਸੇ ਕਰ ਲਿਆ। ਜਦ ਪਿਤਾ ਜੀ ਆਵਾਜ਼ ਮਾਰੀ ਤਾਂ ਉਲਟਾ ਬੋਲਿਆ "ਸਿਖੜਿਆ! ਤੂੰ ਇਸ ਫਸਲ ਦਾ ਕੀ ਲੱਗਦਾ ਏਂ। ਇਹ ਮਾਲ, ਪਸ਼ੂ, ਫਸਲਾਂ ਸਭ ਰੱਬ ਦੀਆਂ ਹਨ। ਤੁਸੀਂ ਕੌਣ ਓ?" ਇਹ ਸੁਣ ਇਹਨਾਂ ਸਾਰਿਆਂ ਨੂੰ ਤੈਸ਼ ਆਇਆ ਤੇ ਜਿਹੜੀ ਚੀਜ਼ ਹੱਥ ਵਿਚ ਆਈ, ਲੈ ਕਾਦਰੇ ਦੇ ਦੁਆਲੇ ਜਾ ਹੋਏ। ਕਾਦਰੇ ਦੇ ਨੇੜੇ ਜਾਣ ਦੀ ਦੇਰ ਸੀ, ਭਾੜੇ ਦੇ ਟੱਟੂ, ਵਗਾਰੀ ਖਿਸਕ ਗਏ। ਜਦੋਂ ਇੱਟ ਦਾ ਜਵਾਬ ਪੱਥਰ ਨਾਲ ਮਿਲਣ ਲੱਗਾ ਤਾਂ ਕਾਦਰੇ ਕੰਨਾਂ ਨੂੰ ਹੱਥ ਲਾ ਦਿੱਤੇ, ਤੌਬਾ ਕੀਤੀ ਤੇ ਆਪਣੇ ਘਰ ਚਲਾ ਗਿਆ, ਤੇ ਇਹ ਸਾਰੇ ਆਪਣੇ ਘਰਾਂ ਨੂੰ ਮੁੜ ਆਏ।

ਵਾਧੜੀਆਂ ਸਜਾਦੜੀਆਂ ਨਿੱਭਣ ਸਿਰਾਂ ਦੇ ਨਾਲ। ਕਾਦਰੇ ਨੂੰ ਮੁੜ ਅਗਲੇ ਦਿਨ ਹਲਕ ਕੁੱਦ ਪਿਆ ਤੇ 40-50 ਬਦਮਾਸ਼ਾਂ ਨੂੰ ਨਾਲ ਲੈ ਫੇਰ ਉਸੇ ਖੇਤ ਨੂੰ ਵੱਢਣਾ ਸ਼ੁਰੂ ਕਰ ਦਿੱਤਾ। ਅੱਜ ਪਿਤਾ ਜੀ ਇਕੱਲੇ ਹੀ ਮੁਰੱਬੇ ਗਏ ਸਨ ਤੇ ਵੇਖ ਹੈਰਾਨ ਹੋਏ ਕਿ ਕਾਦਰਾ ਮੁੜ ਕਾਲੀ ਕਰਤੂਤ ਤੋਂ ਬਾਜ ਨਹੀਂ ਆਇਆ। ਜੀ ਵਿਚ ਬੜੇ ਬੜੇ ਔਖੇ ਹੋਏ। ਪਰ ਵੇਖ ਕੇ ਨਾ ਅਗਾਂਹ ਜਾ ਸਕਦੇ ਸਨ ਨਾ ਘਰ ਮੁੜ ਸਕਦੇ ਸਨ। ਸੋਚ ਸੋਚ ਇਹ ਆਖਿਆ, "ਕਾਦਰਿਆ! ਤੂੰ ਤਾਂ ਕੰਨਾਂ ਨੂੰ ਹੱਥ ਲਾ ਕੇ ਗਿਆ ਸੈਂ, ਅੱਜ ਫੇਰ ਉਸੇ ਪੈਂਤੜੇ! ਭਲਾ ਚਾਹੁੰਦਾ ਹੈਂ ਤਾਂ ਰੱਖ ਦੇ ਦਾਤਰੀ!" "ਦਾਤਰੀ ਰੱਖ ਦੇ! ਵੱਡਾ ਭਲਵਾਨ! ਜੇ ਲਾਗੇ ਆਇਓਂ ਤਾਂ ਹੜਬਾਂ ਸੇਕ ਦਿਆਂਗਾ। ਪਰਤ ਜਾ ਪਿਛਾਂਹ।" ਪਰ ਪਿਤਾ ਜੀ ਵਾਸਤੇ ਵੀ ਪਿਛਾਂ ਪਰਤਨਾ ਇਉਂ ਸੀ ਜਿਵੇਂ ਸੱਪ ਦੇ ਮੂੰਹ ਕਿਰਲੀ। ਪਿਤਾ ਜੀ ਵੀ ਅਗਾਂਹ ਜਾਣਾ ਠੀਕ ਸਮਝਿਆ। ਇਕ ਮੋਟੀ ਜਿਹੀ ਛੱਟੀ ਲਈ, ਪਰ ਕਦਮ ਚੁੱਕਣ ਤੋਂ ਪਹਿਲਾਂ ਦਸਮ ਗੁਰੂ ਨੂੰ ਧਿਆਇਆ ਤੇ ਬੇਨਤੀ ਕੀਤੀ, "ਹੇ ਦਸਮੇਸ਼ ਪਿਤਾ! ਹੇ ਕਲਗੀਆਂ ਵਾਲੇ, ਹੇ ਚਿੜੀਆਂ ਤੋਂ ਬਾਜ਼ ਤੁੜਾਉਣ ਵਾਲੇ, ਹੇ ਤਲਵਾਰ ਦੇ ਧਨੀ! ਹੇ ਸਵਾ ਲੱਖ ਨਾਲ ਇਕ ਨੂੰ ਲੜਾਉਣ ਵਾਲੇ ਪਾਤਸ਼ਾਹ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਕਰੋ ਬੌਹੜੀ! ਇਕੱਲੇ ਦੀ ਪੇਸ਼ ਨਹੀਂ ਜਾਣੀ, ਇਸ ਵੇਲੇ ਤੂੰ ਵੀ ਸਹਾਈ ਹੋ!" ਸਮਾਂ ਪੁੱਜਾ ਖੜਾ ਸੀ। ਮਿਹਰਾਂ ਹੋ ਪਈਆਂ। ਅਰਦਾਸਾ ਪਰਵਾਨ ਹੋਇਆ। ਪਿਤਾ ਜੀ ਲਲਕਾਰਾ ਮਾਰਿਆ ਤੇ ਇਕ ਦੋ ਕਦਮ ਪੁੱਟੇ। ਤਦ ਉਹਨਾਂ ਕੀ ਵੇਖਿਆ ਕਿ ਬਦਮਾਸ਼ਾਂ ਪਿਛਾਂ ਹੱਟਣਾ ਸ਼ੁਰੂ ਕਰ ਦਿੱਤਾ। ਇਹ ਅਗਾਂਹ ਵੱਧੇ,

Sri Satguru Jagjit Singh Ji eLibrary NamdhariElibrary@gmail.com

ਉਹ ਪਿਛਾਂ ਹੱਟੇ, ਏਕਾ ਏਕ ਉਹਨਾਂ ਭੱਜਣਾ ਸ਼ੁਰੂ ਕਰ ਦਿੱਤਾ। ਕਈਆਂ ਦੇ ਤਹਿਮਤ ਅੜਨ ਨਾਲ, ਉਹ ਧੜੱਮ ਧੜੱਮ ਡਿੱਗੇ ਤੇ ਤੌਬਾ ਤੌਬਾ ਮਰ ਗਏ; ਯਾ ਨਬੀ ਰਹਿਮ! ਕੂਕਦੇ ਮੈਦਾਨ ਸਾਫ਼ ਕਰ ਗਏ। ਪਿਤਾ ਜੀ ਹੈਰਾਨ ਸਨ ਮਾਜਰਾ ਕੀ ਹੈ? ਇਹਨਾਂ ਜਦ ਸੱਜੇ ਖੱਬੇ ਨਜ਼ਰ ਉਠਾਈ ਤਾਂ ਘੋੜੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਉਹਨਾਂ ਦੇ ਪਿੱਛੇ ਹਜ਼ਾਰਾਂ ਸਿੰਘ ਚਿੱਟੇ ਬਾਣਿਆਂ ਵਿਚ ਤਿਆਰ ਬਰ ਤਿਆਰ ਨਜ਼ਰ ਆਏ। ਕੁਝ ਸ਼ਹੀਦ ਸਿੰਘ ਕੁਟਾਪਾ ਚਾੜ੍ਹ ਰਹੇ ਸਨ, ਬਾਕੀ ਖੜੇ ਆਗਿਆ ਦੀ ਉਡੀਕ ਵਿਚ ਸਨ। ਸਤਿਗੁਰੂ ਜੀ ਆਪ ਇਸ਼ਾਰੇ ਕਰ ਰਹੇ ਸਨ। ਥੋੜ੍ਹੇ ਸਮੇਂ ਵਿਚ ਮੈਦਾਨ ਸਾਫ਼ ਹੋ ਗਿਆ ਤੇ ਦੱਸਣ ਵਾਲੇ ਦੱਸਦੇ ਹਨ ਕਿ ਕਈ ਮੁਜਾਹਿਦ ਕਈ ਦਿਨ ਘਰ ਲੇਟੇ ਰਹੇ ਤੇ ਸੱਟਾਂ ਤੇ ਸੇਕ ਟਕੋਰਾਂ ਕਰਦੇ ਰਹੇ।

ਹੁਣ ਪਿਤਾ ਜੀ ਸੋਚਣ ਲੱਗ ਪਏ ਕਿ ਅਰਦਾਸਾ ਤਾਂ ਕੀਤਾ ਸੀ, ਸਾਹਿਬ ਗੁਰੂ ਗੋਬਿੰਦ ਸਿੰਘ ਅੱਗੇ ਤੇ ਨਜ਼ਰੀਂ ਆ ਰਿਹਾ ਹੈ ਕੂਕਿਆਂ ਦਾ ਗੁਰੂ। ਇਹ ਗੀਟੀਆਂ ਗਿਣਦਾ ਪਿੰਡ ਪੁੱਜਾ ਤੇ ਭਾਈ ਵਜ਼ੀਰ ਸਿੰਘ ਨੂੰ ਸਾਰੀ ਗੱਲ ਦੱਸੀ। ਭਾਈ ਜੀ ਬੜੇ ਪ੍ਰਸੰਨ ਹੋਏ ਤੇ ਖ਼ੁਸ਼ੀ ਨਾਲ ਬਚਨ ਕੀਤਾ, "ਵਾਹ ਭੋਲਿਆ, ਤੈਨੂੰ ਅਜੇ ਵੀ ਸਮਝ ਨਹੀਂ ਆਈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਜੋਤ ਹਨ ਅਤੇ ਇਹਨਾਂ ਇਸ ਮੌਕਿਆਂ ਦੇ ਅਵਤਾਰ ਹੋਣ ਕਾਰਣ ਇਸ ਰੂਪ ਵਿਚ ਤੇਰੀ ਅਰਦਾਸ ਪ੍ਰਵਾਨ ਕਰ, ਤੇਰੀ ਸਹਾਇਤਾ ਕੀਤੀ ਹੈ।" ਇਹ ਬਚਨ ਸੁਣ ਭਾਈਆ ਜੀ ਦੀ ਸ਼ਰਧਾ ਪੱਕੀ ਹੋ ਗਈ ਤੇ ਮਾਸ ਸ਼ਰਾਬ ਛੱਡ ਦਿੱਤਾ ਤੇ ਭਜਨ ਪੁੱਛ ਲਿਆ।

ਹੁਣ ਭਾਈਆ ਜੀ ਗਿਆਨ ਸਿੰਘ ਨੂੰ ਮਜਬੂਰ ਕਰਨ ਲੱਗ ਪਏ, ਉਹ ਖਤਰੀ ਪੁੱਤਰ, ਉਸ ਅੰਦਰ ਕਈ ਵਲ, ਉਹ ਕਿਹਾ, "ਤੈਨੂੰ ਕੌਤਕ ਨਜ਼ਰੀਂ ਆਇਆ ਏ, ਤੂੰ ਸਾਥੋਂ ਗਇਓਂ, ਮੈਨੂੰ ਨਜ਼ਰੀਂ ਆਵੇਗਾ, ਮੈਂ ਦੂਜਿਆਂ ਤੋਂ ਜਾਵਾਂਗਾ। ਇਕ ਦਿਨ ਧਰਮਸਾਲ ਵਿਚ ਕਥਾ ਹੋ ਰਹੀ ਸੀ। ਗਿਆਨ ਸਿੰਘ ਸੂਰਜ-ਪ੍ਰਕਾਸ਼ ਪੜ੍ਹ ਰਿਹਾ ਸੀ ਤੇ ਭਾਈ ਜੀ ਵਿਆਖਿਆ ਕਰ ਰਹੇ ਸਨ। ਜਦ ਨੈਣਾ ਦੇਵੀ ਤੇ ਹਵਨ ਦਾ ਪ੍ਰਸੰਗ ਆਇਆ। ਗੁਰੂ ਜੀ ਸ਼ਿਕਾਰ ਖੇਡ ਕੇ ਵਾਪਸ ਆਏ ਤਾਂ ਪੰਡਿਤ ਕੇਸ਼ੋਦਾਸ ਨੇ ਹਿੰਸਾ ਵੇਖ ਕੇ ਨੱਕ ਚਾੜ੍ਹਿਆ ਤੇ ਆਖਿਆ, "ਮਹਾਰਾਜ! ਪ੍ਰਯੋਗ ਸਮੇਂ ਇਹ ਹਿੰਸਾ ਯੋਗ ਨਹੀਂ।" ਗੁਰੂ ਜੀ ਬਚਨ ਕੀਤਾ, "ਚੰਗਾ ਪੰਡਿਤ ਜੀ! ਜੇ ਇਹ ਯੋਗ ਨਹੀਂ ਤਾਂ ਅਸੀਂ ਸ਼ਿਕਾਰ ਛੱਡ ਦੇਂਦੇ ਹਾਂ!" ਉਸੇ ਵੇਲੇ ਸਿੰਘਾਂ ਨੂੰ ਹੁਕਮ ਕੀਤਾ, ਜਾਨਵਰਾਂ ਦੀਆਂ ਰੱਸੀਆਂ ਖੋਲ੍ਹ ਦਿਓ। ਸਿੰਘਾਂ ਰੱਸੀਆਂ ਖੋਲ੍ਹ ਦਿੱਤੀਆਂ। ਤਦ ਪੰਡਿਤ ਜੀ ਦਾ ਉਪਰਲਾ ਸਾਹ ਉਪਰ ਤੇ ਹੇਠਲਾ ਸਾਹ ਹੇਠਾਂ ਰਿਹਾ, ਉੱਡਣ ਵਾਲੇ ਉੱਡ ਗਏ ਭੱਜਣ ਵਾਲੇ ਭੱਜ ਗਏ। ਭਾਈ ਵਜ਼ੀਰ ਸਿੰਘ ਨਾਲ ਇਹ ਵੀ ਕਿਹਾ ਕਿ ਗੁਰੂ ਸਦਾ ਸਮਰਥ ਹੁੰਦਾ ਹੈ। ਉਸਨੂੰ ਕੋਈ ਦੋਸ਼ ਨਹੀਂ, ਉਹ ਜੀਆਂ ਨੂੰ ਮਾਰ ਸਕਦਾ ਹੈ, ਮੋਇਆਂ ਨੂੰ ਜੀਆ ਦਾਨ ਦੇ ਸਕਦਾ ਹੈ, ਉਹ ਆਪ ਨਿਰੰਕਾਰ ਅਕਾਲ ਪੁਰਖ ਹੁੰਦਾ

Sri Satguru Jagjit Singh Ji eLibrary NamdhariElibrary@gmail.com

ਹੈ। ਉਸ ਦੀ ਰੀਸ ਕਦੇ ਨਹੀਂ ਕਰਨੀ ਚਾਹੀਦੀ। ਭਾਈ ਜੀ ਪੋਥੀ ਸੰਤੋਖਣ ਵਾਸਤੇ ਕਿਹਾ ਤੇ ਗਿਆਨ ਸਿੰਘ ਦੇ ਦੁਆਲੇ ਹੋ ਗਏ, "ਸੁਣਾ ਭਾਈ ਗਿਆਨ ਸਿੰਘਾ! ਹੁਣ ਕਿਹੜੇ ਰਾਹ ਟੁਰੇਂਗਾ?' ਗਿਆਨ ਸਿੰਘ ਓਸੇ ਵੇਲੇ ਗੋਡੇ ਟੇਕ ਦਿੱਤੇ, ਮਾਸ ਖਾਣਾ ਤੇ ਸ਼ਰਾਬ ਪੀਣੀ ਛੱਡ ਦਿੱਤੇ, ਭਜਨ ਪੁੱਛ ਲਿਆ ਤੇ ਦੇਵਤਿਆਂ ਦੀ ਜ਼ਮਾਤ ਵਿਚ ਸ਼ਾਮਲ ਹੋ ਗਿਆ।

ਜਦ ਸਤਿਗੁਰੂ ਜੀ ਛਾਂਗੀ ਆਏ ਤਾਂ ਉਹਨਾਂ ਨੂੰ ਇਹ ਵਿਥਿਆ ਸੁਣਾਈ। ਉਹ ਬੜੇ ਪ੍ਰਸੰਨ ਹੋਏ ਤੇ ਦੋਹਾਂ ਨੂੰ ਮੁੜ ਅੰਮ੍ਰਿਤ ਛਕਾਇਆ ਤੇ ਸੋਧ ਰੱਖਣ ਦਾ ਆਦੇਸ਼ ਦਿੱਤਾ। ਬਸ ਰੰਗ ਚੜ੍ਹ ਗਿਆ। ਜਦ ਇਧਰ ਦਾ ਦੌਰਾ ਹੋਣਾ ਤਾਂ ਸਤਿਗੁਰਾਂ ਦਾ ਉਤਾਰਾ ਸਾਡੇ ਈ ਹੋਣਾ, ਦਰਸ਼ਨ ਮੇਲੇ ਭਾਵੇਂ ਕਿਤੇ ਦਾ ਆਉਣ, ਰਹਿਣਾ ਇੱਥੇ ਹੀ। ਹੁਣ ਸਾਧਾਂ ਸੰਤਾਂ ਦੇ ਕਮਰ ਕੱਸੇ ਵੀ ਖੁੱਲ੍ਹਣ ਲੱਗ ਪਏ। ਇਤਨੀ ਮਸਤੀ ਆਈ ਕਿ ਜੱਥਿਆਂ ਨੇ ਆਉਣਾ, ਰਾਤ ਗਈ ਤਕ ਦੀਵਾਨ ਲੱਗਣੇ, ਪਿਤਾ ਜੀ ਦੀਵਾਨ ਵਿਚ ਰਹਿਣਾ ਤੇ ਹਲਾਂ ਦੇ ਵੇਲੇ ਇਸ਼ਨਾਨ ਕਰ, ਹਲੀਂ ਜਾਣਾ। ਭਜਨ ਵਿਚ ਇਤਨੀ ਸੁਰਤੀ ਜੁੜੀ ਕਿ ਅੰਮਿਤ ਵੇਲਾ ਹੁੰਦਿਆਂ ਸਾਰ ਉਠ ਬੈਠਣਾ ਤੇ ਬਿਨਾਂ ਕਿਸੇ ਨੂੰ ਖ਼ੁਰ ਦਿੱਤੇ ਇਸ਼ਨਾਨ ਕਰ, ਚੌਕੜਾ ਮਾਰ ਬਹਿ ਜਾਣਾ ਤੇ ਅਰਸ਼ੀ ਪ੍ਰੀਤਮ ਨਾਲ ਗੱਲਾਂ ਕਰਨ ਲੱਗ ਪੈਣਾ। ਹੁਣ ਦੋਹਾਂ ਨੇ ਪਹਿਲ ਕਰਨ ਵਾਸਤੇ ਤਿਆਰ ਰਹਿਣਾ ਤੇ ਜਿਸ ਨੂੰ ਪਹਿਲਾਂ ਜਾਗ ਆਏ ਉਹ ਉਠ, ਜੰਗਲ ਮੈਦਾਨ ਹੋ, ਇਸ਼ਨਾਨ ਕਰ ਸਤਿਗੁਰੂ ਪ੍ਰਤਾਪ ਸਿੰਘ ਦੇ ਚਰਨਾਂ ਵਿਚ ਜੁੜ ਜਾਵੇ ਤੇ ਪਹਿਰਾਂ ਬਧੀ ਰੰਗ ਵਿਚ ਲੀਨ ਰਹੇ।

**ਬਲਕਾਰ ਸਿੰਘ 'ਹਜ਼ੂਰੀ ਸੇਵਕ'**

Sri Satguru Jagjit Singh Ji eLibrary NamdhariElibrary@gmail.com

# ਸਤਿਗੁਰ-ਮੂਰਤਿ

**ਸੇਵ ਨ ਮਿਲਿਆ, ਘਾਲਿ ਨ ਮਿਲਿਆ ਮਿਲਿਆ ਆਇ ਅਚਿੰਤਾ।**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਸਾਮ੍ਹਣੇ ਲਟਕ ਰਹੀ ਸੀ। ਮਬਾਸੇ ਤੇ ਚੱਲਣ ਲੱਗੇ ਤਾਂ ਸਤਿਗੁਰੂ ਜੀ ਦੀ ਆਪਣੀ ਮਿਹਰ ਨੇ, ਮੇਰੀਆਂ ਅੱਖਾਂ ਨੂੰ ਉਸ ਸੁੰਦਰ ਤਸਵੀਰ ਵਲ ਘੁਮਾ ਦਿੱਤਾ। ਭਾਵੇਂ ਮੇਰੀ ਸ਼ਰਧਾ ਗੁਰੂ ਭਾਵਨਾ ਵਾਲੀ ਨਹੀਂ ਸੀ, ਫਿਰ ਵੀ ਮੇਰਾ ਸਿਰ ਸੁੱਤੇ ਝੁੱਕ ਗਿਆ ਤੇ ਅਸੀਂ ਗੱਡੀਆਂ ਵਿਚ ਬਹਿ ਗਏ। ਮੈਂ ਤੇ ਸ੍ਰ: ਰਤਨ ਸਿੰਘ ਇਕ ਗੱਡੀ ਵਿਚ, ਮੇਰੇ ਤਾਏ ਦਾ ਲੜਕਾ ਸੁਵਰਨ ਸਿੰਘ ਸੋਖੀ ਤੇ ਬਲਵੰਤ ਸਿੰਘ ਮਥਾਰੂ ਦੂਸਰੀ ਗੱਡੀ ਵਿਚ। ਭਾਵੇਂ ਸੜਕਾਂ ਕੱਚੀਆਂ ਸਨ ਪਰ ਸਾਡੀਆਂ ਗੱਡੀਆਂ 70 ਮੀਲ ਦੀ ਰਫ਼ਤਾਰ ਨਾਲ ਜਾ ਰਹੀਆਂ ਸਨ। ਰਾਹ ਵਿਚ ਸੁਲਤਾਨ ਹਮੂਦ ਆਇਆ ਤੇ ਉੱਥੇ ਰੁਕੇ। ਦੁਪਹਿਰ ਦਾ ਪ੍ਰਸ਼ਾਦਾ ਛੱਕਿਆ। ਕੁਝ ਆਰਾਮ ਕੀਤਾ ਤੇ ਫੇਰ ਰਵਾਨਾ ਹੋ ਗਏ। ਹੁਣ ਸ੍ਰ: ਮਥਾਰੂ ਵਾਲੀ ਗੱਡੀ ਅੱਗੇ ਸੀ ਤੇ ਅਸੀਂ ਪਿੱਛੇ ਸਾਂ। ਅਚਾਨਕ ਪਿੱਛਲਾ ਖੱਬੇ ਪਾਸੇ ਦਾ ਪਹੀਆ ਫਲੈਟ ਹੋ ਗਿਆ। ਕਾਰ ਨੂੰ ਖੜੀ ਕਰਨ ਦੀ ਕੋਸ਼ਿਸ਼ ਕੀਤੀ ਪਰ ਇਤਨੀ ਤੇਜ਼ ਰਫ਼ਤਾਰ ਵਾਲੀ ਗੱਡੀ ਇਕ ਦਮ ਕਿਵੇਂ ਰੁਕ ਸਕਦੀ ਸੀ। ਕਾਰ ਇਕ ਦਮ ਥੱਲੇ ਨੂੰ ਉਤਰ ਗਈ ਤੇ ਦੋ ਦਫ਼ਾ ਰੋਲ ਕੇ ਨੀਵੀਂ ਸੜਕ ਤੇ ਇਕ ਪਾਸੇ ਜਾ ਕੇ ਰੁੱਕੀ। ਜਿਸ ਵੇਲੇ ਕਾਰ ਉਲਟਣ ਲੱਗੀ ਸੀ, ਤਾਂ ਇਕ ਦਮ ਬਿਜਲੀ ਜੈਸਾ ਝਲਕਾਰਾ ਵੱਜਾ ਤੇ ਕੀ ਤਕਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਨ੍ਹਾਂ ਦੀ ਤਸਵੀਰ ਦੇ ਦਰਸ਼ਨ ਕਰਕੇ ਤੁਰੇ ਸਾਂ ਤੇ ਜਿਸ ਨੂੰ ਦੁਨੀਆਵੀ ਹਿਸਾਬ-ਕਿਤਾਬ ਨਾਲ ਜੋੜਿਆ ਮੇਲਿਆ ਜਾਵੇ ਤਾਂ ਹਜ਼ਾਰਾਂ ਮੀਲ ਤੇ ਸ੍ਰੀ ਭੈਣੀ ਸਾਹਿਬ ਦੀ ਭੂਮੀ ਨੂੰ ਭਾਗ ਲਾ ਰਹੇ ਸਨ, ਦੇ ਪ੍ਰਤੱਖ ਦਰਸ਼ਨ ਹੋਏ। ਸੱਜਾ ਹੱਥ ਚੁੱਕਿਆ ਹੋਇਆ ਨਜ਼ਰੀਂ ਆਇਆ, ਖਬਰੇ ਦੂਸਰਾ ਇਸ ਕਰਕੇ ਨ ਦਿੱਸਿਆ ਹੋਵੇ ਕਿ ਉਸ ਪਤਿਤ ਪਾਵਨ ਖੰਡਾਂ ਬ੍ਰਹਿਮੰਡਾਂ ਦੇ ਮਾਲਕ, ਭੁਲਿਆਂ ਤੇ ਔਜੜ ਜਾਂਦਿਆਂ ਨੂੰ ਰਾਹ ਪਾ, ਸੜੀ ਭੁੱਜੀ, ਕਲਿਜੁਗੀ ਹਨ੍ਹੇਰੀ ਨਾਲ ਝੁਲਸੀਆਂ ਰੂਹਾਂ ਨੂੰ ਸ਼ਾਂਤੀ ਪ੍ਰਦਾਨ ਕਰ, ਹਲਤ ਪਲਤ ਸਵਾਰਨ ਵਾਲੇ ਦੇ ਖੱਬੇ ਹੱਥ ਨੇ ਮੋਟਰ ਕਾਰ ਨੂੰ ਥੰਮਿਆ ਹੋਵੇ। ਖ਼ੈਰ ਮੂੰਹੋਂ ਸੁੱਤੇ ਹੀ ਨਿਕਲਿਆ, "ਧੰਨ ਸਤਿਗੁਰੂ ਪ੍ਰਤਾਪ ਸਿੰਘ! ਧੰਨ ਸਤਿਗੁਰੂ ਪ੍ਰਤਾਪ ਸਿੰਘ!! ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ!!!

ਸ੍ਰ: ਰਤਨ ਸਿੰਘ ਜਿਹੜੇ ਮੇਰੇ ਨਾਲ ਮੂਹਰਲੀ ਸੀਟ ਤੇ ਬੈਠੇ ਸੀ, ਬੁੜਕ ਕੇ ਪਿਛਲੀ ਸੀਟ ਤੇ ਜਾ ਡਿੱਗੇ। ਮੋਹਰਲਾ ਵਿੰਡੋ ਸਕ੍ਰੀਨ ਦਾ ਸ਼ੀਸ਼ਾ ਭੀ ਨਿਕਲ ਗਿਆ। ਦਰਵਾਜ਼ਾ ਬੜੀ ਮੁਸ਼ਕਿਲ ਨਾਲ ਖੋਲ੍ਹਿਆ ਤੇ ਬਾਹਰ ਨਿਕਲ। ਸਾਡੇ

Sri Satguru Jagjit Singh Ji eLibrary NamdhariElibrary@gmail.com

ਦਿਲ ਧੱਕ ਧੱਕ ਵੱਜ ਰਹੇ ਸਨ। ਖਿੜਕਵੀਂ ਆਵਾਜ਼ ਨਾਲ ਪੁੱਛਿਆ ਕਿਤੇ ਸੱਟ ਫੇਟ? ਪਰੰਤੂ ਇਹ ਦੱਸਣ ਵਿੱਚੋਂ ਅਤੀ ਪ੍ਰਸੰਨਤਾ ਹੁੰਦੀ ਹੈ ਕਿ ਸਰੀਰ ਤੇ ਝਰੀਟ ਤਕ ਵੀ ਨਹੀਂ ਆਈ। ਪਰ ਬੌਂਦਲ ਗਏ। ਲੰਘਣ ਵਾਲੀਆਂ ਮੋਟਰਾਂ ਰੁਕਦੀਆਂ, ਪੁੱਛਦੀਆਂ ਤੇ ਹੈਰਾਨ ਹੁੰਦੀਆਂ ਕਿ ਇਹ ਸਵਾਰੀਆਂ ਬੱਚ ਕਿਵੇਂ ਗਈਆਂ, ਸਾਹ ਲੈਣ ਤੇ ਹੋਸ਼ ਟਿਕਾਣੇ ਆਉਣ ਤੇ ਗੱਡੀ ਵਿਚ ਬੈਠੇ ਤਾਂ ਹੈਰਾਨੀ ਸੱਤਵੇਂ ਤਬਕ ਤੇ ਪੁੱਜ ਗਈ ਕਿ ਗੱਡੀ ਵੀ ਠੀਕ ਠਾਕ ਟੁਰ ਪਈ। ਅਸੀਂ ਮੁਬਾਸੇ ਨੂੰ ਰਵਾਨਾ ਹੋਏ ਤਾਂ ਮਥਾਰੂ ਤੇ ਸ੍ਰ: ਸਵਰਨ ਸਿੰਘ ਸਾਨੂੰ ਵੇਖਣ ਲਈ ਮੁੜੇ ਆ ਰਹੇ ਸਨ। ਉਹਨਾਂ ਜਦ ਸਾਡੀ ਗੱਡੀ ਵੇਖੀ ਤੇ ਸਾਡੀ ਵਾਰਤਾ ਸੁਣੀ ਤਾਂ ਉਹਨਾਂ ਦੀਆਂ ਅੱਖਾਂ ਸਜਲ ਹੋ ਗਈਆਂ, ਕਰੀਬਨ 200 ਮੀਲ ਕਾਰ ਨੂੰ ਚਲਾ ਕੇ ਮੁਬਾਸੇ ਪੁੱਜੇ ਤੇ ਮੋਟਰ ਮਕੈਨਿਕ ਨੂੰ ਵਿਖਾਇਆ। ਉਸ ਕਾਰ ਨੂੰ ਚੈਕ ਕਰ ਬੜੀ ਤਸੱਲੀ ਨਾਲ ਕਿਹਾ ਕਿ ਕਾਰ ਠੀਕ ਹੈ। ਤੁਸੀਂ ਠੀਕ ਨੈਰੋਬੀ ਪੁੱਜ ਜਾਉਗੇ।

ਅਗਲੇ ਦਿਨ ਸ੍ਰ: ਸਵਰਨ ਸਿੰਘ ਦੀ ਕਾਰ ਵਿਚ ਬੈਠ ਬੰਦਰਗਾਹ ਤੇ ਪੁੱਜੇ। ਸਟੀਮਰ ਪੁੱਜ ਚੁੱਕਾ ਸੀ। ਤੇ ਚਾਚਾ ਸੂਬਾ ਹਰਨਾਮ ਸਿੰਘ ਤੇ ਮੇਰੇ ਮਾਸੀ ਮਸਤਾਨੀ ਊਧਰ ਕੌਰ ਜੀ ਬਾਹਰ ਆਏ। ਸਤਿ ਸ੍ਰੀ ਅਕਾਲ ਬੁਲਾਇਆ। ਚਰਨ ਛੂਹੇ। ਸੁੱਖ ਸਾਂਦ ਪੁੱਛੀ ਤੇ ਕਾਰ ਵਿਚ ਸਾਮਾਨ ਰੱਖਿਆ। ਚਾਚਾ ਜੀ ਪੁੱਛਿਆ, "ਕਾਕਾ ਆਪਣੀ ਗੱਡੀ ਕਿੱਥੇ ਹੈ?" "ਘਰ ਹੈ।" ਡੇਰੇ ਪਹੁੰਚੇ, ਜਲਪਾਨ ਕਰ ਦੱਸਿਆ ਕਿ ਰਾਹ ਵਿਚ ਹਾਦਸਾ ਹੋਇਆ ਤੇ ਤੁਹਾਡੇ ਚਰਨਾਂ ਪਿੱਛੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਨੂੰ ਮੌਤ ਦੇ ਜ਼ਬਾੜੇ ਵਿੱਚੋਂ ਕੱਢਿਆ ਹੈ। ਤੁਹਾਡੇ ਭਰੋਸੇ ਨੇ ਸਾਡਾ ਵਾਲ ਵਿੰਗਾ ਨਹੀਂ ਹੋਣ ਦਿੱਤਾ। ਭਾਵੇਂ ਗੱਡੀ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਪਰ ਸਤਿਗੁਰਾਂ ਨੇ ਤੁਹਾਡੇ ਸਿਦਕ ਕਾਰਨ ਕਿ ਮਿਥੇ ਪ੍ਰੋਗਰਾਮ ਵਿਚ ਵਾਧਾ ਨ ਪਵੇ, ਮੈਕੇਨਿਕਲੀ ਕੋਈ ਨੁਕਸ ਨਹੀਂ ਪੈਣ ਦਿੱਤਾ। ਆਪਣਾ ਮੋਢਾ ਡਾਹ ਕੇ ਕਾਰ ਦੀ ਰੱਖਿਆ ਕੀਤੀ। ਲਕੜੀ ਨਾਲ ਲੋਹੇ ਦਾ ਪਾਰ ਉਤਾਰਾ ਹੋ ਗਿਆ। ਧੰਨ ਤੁਸੀਂ ਹੋ! ਧੰਨ ਸਤਿਗੁਰੂ ਜੀ ਹਨ!! ਸਤਿਗੁਰੂ ਜੀ ਦੀ ਕ੍ਰਿਪਾ ਨਾਲ 300 ਮੀਲ ਸਫ਼ਰ ਮੁੜ ਸਹੀ ਸਲਾਮਤ ਹੋ ਗਿਆ। ਮੁਬਾਸੇ ਜਿਸ ਨੂੰ ਸੁਣਾਇਆ ਉਹ ਵੀ ਹੈਰਾਨ ਤੇ ਜਿਸ ਸੁਣਿਆ ਉਹ ਵੀ ਹੈਰਾਨ।

ਹੁਣ ਮਨ ਨੇ ਮੋੜ ਖਾਧਾ! ਸਤਿਗੁਰੂ ਜੀ ਦੀ ਤਸਵੀਰ, ਦੁਰਘਟਨਾ ਸਮੇਂ ਦਾ ਡਰਾਉਣਾ ਦ੍ਰਿਸ਼ ਅੱਖਾਂ ਅੱਗੇ ਆਵੇ ਤੇ ਦਰਸ਼ਨ ਵਾਸਤੇ ਤੜਪ ਉਠੇ। ਮੇਰੀ ਹਾਲਤ ਭਾਈ ਨੰਦ ਲਾਲ ਜੀ ਦੇ ਕਥਨ ਅਨੁਸਾਰ ਇਉਂ ਸੀ:-

**ਮਾਰਾ ਬਯਕ ਨਗਾਹੇ ਅਬਰੂ ਸ਼ਹੀਦ ਕਰਦ।**
**ਅਕਨੂੰ ਨਿਲਾਜ ਨੇਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ।**
**ਨਾਲ ਇਸ਼ਾਰੇ ਅਬਰੂ ਪਿਆਰੇ ਮੈਨੂੰ ਮਾਰ ਮੁਕਾਇਆ।**
**ਹੁਣ ਕੀ ਕਰਾਂ ਇਲਾਜ ਨਿਮਾਣੀ ਹੱਥੋਂ ਸਮਾਂ ਗਵਾਇਆ।**

Sri Satguru Jagjit Singh Ji eLibrary NamdhariElibrary@gmail.com

"ਮਨ ਵਿਚ ਤਰੰਗ ਉਠਣ ਕਿ ਉਹ ਭਾਗਾਂ ਵਾਲੀ ਘੜੀ ਕਦ ਆਵੇਗੀ ਜਦ ਮੋਹਣੀ ਮੂਰਤ ਦੇ ਪ੍ਰਤਖ ਦਰਸ਼ਨ ਕਰਾਂਗੇ। ਉਹ ਕਿੰਨੀਆਂ ਸੁਭਾਗੀਆਂ ਰੂਹਾਂ ਹਨ ਜਿਹੜੀਆਂ ਉਹਨਾਂ ਦੇ ਨਿਤ ਦਰਸ਼ਨ ਕਰਦੀਆਂ ਹਨ। ਉਹ ਕਿੰਨੀ ਪਵਿੱਤਰ ਧਰਤੀ ਹੈ ਜਿੱਥੇ ਸਤਿਗੁਰੂ ਚਰਨ ਰਖਦੇ ਹਨ! ਉਹ ਕਿੰਨੀ ਅੰਮ੍ਰਿਤ ਭਿੰਨੀ ਪੌਣ ਹੈ ਜਿਹੜੀ ਹਜ਼ੂਰ ਜੀ ਦੇ ਚਰਨਾਂ ਨੂੰ ਪਰਸ ਕੇ ਵਿਚਰਦੀ ਹੈ। ਹੇ ਪੌਣ ਰਾਣੀ! ਮਹਾਂ ਰਾਣੀ!! ਮਹਾਂ ਮਹਾਂ ਰਾਣੀ ਤੂੰ ਵੀ ਉਸ ਪਿਆਰੇ ਦੇ ਦੇਸ਼ ਵਿੱਚੋਂ ਲੰਘ ਕੇ ਮੇਰੇ ਸੜ ਰਹੇ ਸਰੀਰ ਨੂੰ, ਮੇਰੀ ਲੁਛ ਰਹੀ ਆਤਮਾ ਨੂੰ ਪਲ ਭਰ ਵਾਸਤੇ ਸ਼ਾਂਤ ਕਰ। ਜਾਂ ਕੋਈ ਉਸ ਦੇ ਦੇਸ਼ ਦੀ ਰੰਗ ਰਤੜੀ ਰੂਹ, ਕੋਈ ਭਾਗਾਂ ਭਰਿਆ ਉਡਦਾ ਪੰਛੀ ਹੀ ਆ ਜਾਵੇ, ਜਿਹਦੇ ਪਲ ਭਰ ਦਰਸ਼ਨ ਕਰ ਦੀਏ ਠਾਰ ਲਵਾਂ।" ਖ਼ੈਰ ਮੇਰੀ ਇਹ ਅਰਜ਼ੋਈ ਹਜ਼ੂਰ ਜੀ ਦੇ ਚਰਨਾਂ ਵਿਚ ਪੁੱਜ ਗਈ ਤੇ ਸੰਤ ਸੋਹਣ ਸਿੰਘ ਜੀ ਆ ਦਰਸ਼ਨ ਦਿੱਤੇ, ਕਿਸੇ ਕਵੀ ਨੇ ਠੀਕ ਕਿਹਾ ਹੈ:-

**ਜਦੋਂ ਜਾਗਦੇ ਭਾਗ ਸੰਸਾਰੀਆਂ ਦੇ,**
**ਸੈਰ ਕਰਨ ਨੂੰ ਤੋਰਦਾ ਰਾਮ ਸਾਧੂ।**
**ਕਿਤੇ ਰਾਤ ਗੁਜਾਰ ਸੁਧਾਰ ਚੱਲੇ,**
**ਕਿਤੇ ਘੜੀ ਘੰਟਾ ਕਿਤੇ ਜਾਮ ਸਾਧੂ।**
**ਜਿਥੇ ਜਾਣ ਸ਼ਾਂਤੀ ਦੀ ਕਰਨ ਵਰਖਾ,**
**ਮੇਟਣ ਤਪਤ ਤੇ ਦੇਣ ਆਰਾਮ ਸਾਧੂ।**

ਇਕ ਦਿਨ ਇਸ਼ਨਾਨ ਪਾਨ ਕਰ ਮੈਂ ਤੇ ਮੇਰੀ ਜੀਵਨ ਸਾਥਣ ਸਵਰਨ ਕੌਰ ਸਨਕੇਸੀ ਇਸ਼ਨਾਨ ਕਰ ਸੰਤਾਂ ਦੇ ਦਰਸ਼ਨ ਕਰਨ ਗਏ। ਸੰਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਜਹਾਜ਼ ਦੇ ਟਿਕਟ ਲੇ ਦਿੱਤੇ, ਲੱਗੇ ਸਿਮਰਨ ਕਰਨ, ਸਵਾਦ ਆ ਗਿਆ। ਚਾਚਾ ਜੀ ਤੇ ਮਾਸੀ ਜੀ ਪਾਸ ਜਦ ਬਹਿੰਦੇ ਤਾਂ ਸਤਿਸੰਗ ਦੇ ਬਚਨਾਂ ਦੁਆਰਾ ਸੱਚਖੰਡ ਦਾ ਨਜ਼ਾਰਾ ਬੱਝ ਜਾਂਦਾ। ਸੁਰ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨਾਲ ਜੁੜ ਜਾਂਦੀਆਂ।

ਸਤਿਗੁਰਾਂ ਕ੍ਰਿਪਾ ਕੀਤੀ। 1956 ਵਿਚ ਅਫਰੀਕਾ ਦੀ ਹਤੰਬੇ ਦੀ ਧਰਤੀ ਨੂੰ ਤਾਰਨ ਆਏ। ਸੰਗਤਾਂ ਸਵਾਗਤ ਲਈ ਹਵਾਈ ਅੱਡੇ ਤੇ ਗਈਆਂ, ਦਰਸ਼ਨ ਕਰ ਕੇ ਗਦ ਗਦ ਹੋ ਉਠੇ। ਮੈਂ ਮੱਥਾ ਟੇਕ ਕੇ ਜਦ ਨਿਗਾਹ ਉਤਾਂਹ ਕੀਤੀ ਤਾਂ ਸਤਿਗੁਰਾਂ ਦੇ ਮੁਖੜੇ ਦਾ ਜਲਾਲ ਝਲਿਆ ਨਾ ਜਾਵੇ। ਮੇਰੇ ਖ਼ਿਆਲ ਨੂੰ ਇਕ ਕਵੀ ਨੇ ਇਉਂ ਕਲਮਬੰਦ ਕੀਤਾ ਹੈ:-

**ਸੁਹਣੇ ਮੁਖ ਸਜਣ ਦੇ ਲੱਗੇ ਚੰਨ ਪਿਆ ਸ਼ਰਮਾਵੇ,**
**ਸੂਰਜ ਭੀ ਤਿਸ ਸਤਿਗੁਰ ਜੀ ਦਾ ਬੰਦਾਂ ਸਦਾ ਕਹਾਵੇ।**

ਇਸ ਦੌਰੇ ਸਮੇਂ ਮਹਾਰਾਜ ਬੀਰ ਸਿੰਘ ਜੀ ਵੀ ਨਾਲ ਸਨ। ਉਤਾਰਾ ਗ਼ਰੀਬਾਂ ਦੇ ਘਰ ਹੋਇਆ। ਧੰਨ ਭਾਗ! ਘਰ ਦਾ ਕਣ ਕਣ ਖੇੜੇ ਨਾਲ ਫੂਲਿਆ ਨਾ ਸਮਾਵੇ। ਸੱਚੇ ਪਾਤਸ਼ਾਹ ਵਾਸਤੇ ਇਕ ਨਵਾਂ ਪਲੰਘ ਬਣਵਾਇਆ। ਬੜਾ

Sri Satguru Jagjit Singh Ji eLibrary NamdhariElibrary@gmail.com

ਨਰਮ ਗੱਦਾ ਰਖਿਆ, ਉਪਰ ਚਿੱਟੀ ਚਾਦਰ, ਪਰ ਸਵੇਰੇ ਭਾਈ ਵਜ਼ੀਰ ਸਿੰਘ ਜੀ ਦੱਸਿਆ ਕਿ ਸਤਿਗੁਰੂ ਜੀ ਪਲੰਘ ਤੇ ਨਹੀਂ ਬਰਾਜੇ ਕਿਉਂਕਿ ਪਲੰਘ ਕਦਰੇ ਉੱਚਾ ਸੀ। ਅਸੀਂ ਪਲੰਘ ਲੈ ਨੀਵਾਂ ਕਰਾਉਣ ਵਾਸਤੇ ਵਰਕਸ਼ਾਪ ਚਲੇ ਤਾਂ ਬਾਬੂ ਮਿਹਰਬਾਨ ਸਿੰਘ ਨਾਲ ਸਤਿਗੁਰਾਂ ਦੇ ਦਰਸ਼ਨ ਹੋ ਗਏ। ਸਤਿਗੁਰਾਂ ਮੌਜ ਨਾਲ ਬਚਨ ਕੀਤੇ, "ਗੱਦਾ ਬੜਾ ਨਰਮ ਹੈ, ਬਿਮਾਰਾਂ ਦੇ ਸੌਣ ਵਾਲਾ ਹੈ।" ਮਗਰ ਮੈਂ ਠਰੰਮੇ ਨਾਲ, ਨੀਵੀਂ ਨਜ਼ਰ ਕਰ ਆਖਿਆ, 'ਸੱਚੇ ਪਾਤਸ਼ਾਹ ਜੀ! ਨਹੀਂ ਇਹ ਬਿਮਾਰਾਂ ਲਈ ਨਹੀਂ, ਸਗੋਂ ਬਿਮਾਰਾਂ ਦੀ ਬਿਮਾਰੀ ਘੱਟਣ ਵਾਲੇ ਦੇ ਸੌਣ ਵਾਲਾ ਹੈ।" ਤਾਂ ਮਿਹਰਾਂ ਦੇ ਦਾਤੇ ਖਿੜ ਖਿੜਾ ਕੇ ਹੱਸ ਪਏ ਤੇ ਦਾਸ ਦੀ ਕੰਡ ਤੇ ਥਾਪੀ ਦਿੱਤੀ, ਉਸ ਥਾਪੀ ਦਾ ਜੋ ਅਨੰਦ ਮੈਨੂੰ ਆਇਆ ਉਹ ਵਰਨਣ ਨਹੀਂ ਕਰ ਸਕਦਾ। ਉਸ ਪਵਿੱਤਰ ਹਸਤ ਕਮਲਾਂ ਦੀ ਛੂਹ ਨੇ ਸਾਰੇ ਐਬ ਧੋ ਦਿੱਤੇ। ਦੁਨੀਆਵੀ ਸੁੱਖ ਫਿੱਕੇ ਤੇ ਹੌਲੇ ਨਜ਼ਰੀਂ ਆਉਣ ਲੱਗ ਪਏ, ਉਸ ਥਾਪੜੇ ਮੇਰਾ ਜੀਵਨ ਬਦਲ ਦਿੱਤਾ। ਸਾਰੇ ਵਿਸ਼ੇ ਵਿਕਾਰ ਦੂਰ ਹੋ ਗਏ। ਵਿਚਹੁ ਮਾਰ ਕੱਢੀਆਂ ਬੁਰਿਆਈਆਂ। ਸਾਰੇ ਪਰਿਵਾਰ ਨੂੰ ਨਵਾਂ ਜੀਵਨ ਬਖਸ਼ਿਆ। ਨਰਕਾਂ ਤੋਂ ਬਚਾਇਆ।

**ਸਵਰਨ ਸਿੰਘ ਸੋਖੀ**
ਨੈਰੋਬੀ

Sri Satguru Jagjit Singh Ji eLibrary NamdhariElibrary@gmail.com

# ਸੇਵਕ ਦੀ ਲਾਜ

**ਅਪੁਨੇ ਸੇਵਕ ਕੀ ਆਪੇ ਰਾਖੈ, ਆਪੇ ਨਾਮ ਜਪਾਵੈ।**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਾਹ ਤਾਹ ਉਠਿ ਧਾਵੈ।**
**ਸੇਵਕ ਕਉ ਨਿਕਟੀ ਹੋਇ ਦਿਖਾਵੈ।**
**ਜੋ ਜੋ ਕਹੈ ਠਾਕੁਰ ਪਹਿ ਸੇਵਕ ਤਤਕਾਲ ਹੋਇ ਆਵੈ।**
(ਆਸਾ ਮਹਲਾ ੫)

ਜੇਕਰ ਕੋਈ ਇਹ ਕਹੇ ਕਿ ਊਠਾਂ ਦੀ ਕਤਾਰ ਸੂਈ ਦੇ ਨੱਕੇ ਵਿੱਚੋਂ ਲੰਘਦੀ ਵੇਖੀ ਹੈ, ਤਾਂ ਮੰਨਿਆ ਜਾ ਸਕਦਾ ਹੈ ਪਰ ਜੇਕਰ ਕੋਈ ਇਹ ਕਹੇ ਕਿ ਇਕ ਧਨਾਢ ਸਵਰਗਾਂ ਨੂੰ ਜਾਂਦਿਆਂ ਤੱਕਿਆ ਹੈ, ਤਾਂ ਇਹ ਉੱਕਾ ਹੀ ਮੰਨਿਆ ਨਹੀਂ ਜਾ ਸਕਦਾ। ਇਹੋ ਜਿਹੇ ਕੁਝ ਖ਼ਿਆਲ ਈਸਾਈ ਮਤ ਦੇ ਹਨ! ਇਹ ਗੱਲ ਈਸਾਈਆਂ ਵਿਚ ਤਾਂ ਭਾਵੇਂ ਮੰਨੀ ਜਾਵੇ, ਮਗਰ ਸਿੱਖ ਧਰਮ ਇਸਨੂੰ ਪ੍ਰਵਾਨ ਨਹੀਂ ਕਰਦਾ। ਹੱਥ ਕੰਗਣ ਨੂੰ ਆਰਸੀ ਕੀ।

ਸ੍ਰ: ਆਤਮਾ ਸਿੰਘ, ਸਪੁੱਤਰ ਰਾਏ ਬਹਾਦਰ ਸ੍ਰ: ਬੂਟਾ ਸਿੰਘ, ਆਹਲੂਵਾਲੀਏ ਖ਼ਾਨਦਾਨ ਵਿੱਚੋਂ, ਪਰਲੇ ਦਰਜੇ ਦਾ ਚਤਰ, ਚਲਾਕ, ਵੱਡੇ ਵੱਡੇ ਪੰਡਤਾਂ ਅਤੇ ਵਿਦਵਾਨਾਂ ਨੂੰ ਦਿਨੇ ਤਾਰੇ ਵਿਖਾਉਣ ਵਾਲਾ ਸਿੰਘ ਸਭੀਆਂ ਦੇ ਗੜ੍ਹ ਵਿਚ ਉਹ ਕੂਕਾ ਹੋਇਆ ਹੈ, ਜਿਹੜਾ ਘੜੇ ਜੇਡਾ ਮੋਤੀ ਤੇ ਗੁੱਝਾ ਪ੍ਰਚਾਰਕ ਕਿਹਾ ਜਾ ਸਕਦਾ ਹੈ। ਉਨ੍ਹਾਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਏਡੀ ਬਖਸ਼ਸ਼ ਹੋ ਗਈ ਕਿ ਇਸਨੂੰ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਸਾਰੇ ਪਿਆਰ ਕਰਦੇ ਸਨ। ਰਾਵਲਪਿੰਡੀ ਦੇ ਮੁਹੱਲੇ ਸੈਦਪੁਰ ਦੇ ਮਕਾਨ ਵਿਚ ਅਤਿਥੀਆਂ ਅਤੇ ਦੂਜੇ ਭੇਖਾਂ ਵਾਲਿਆਂ ਦਾ ਸਦਾ ਤਾਂਤਾ ਲੱਗਾ ਰਹਿੰਦੈ। ਕੋਈ ਐਸਾ ਸਮਾਗਮ ਨਹੀਂ ਸੀ, ਜਿੱਥੇ ਇਨ੍ਹਾਂ ਨੂੰ ਸੱਦਾ ਨਾ ਆਉਂਦਾ। ਭਾਗਾਂ ਨਾਲ ਸ੍ਰ: ਲੀਲਾਵੰਤੀ ਦੇਵੀ-ਸਰੂਪ ਨਾਲ ਉਨ੍ਹਾਂ ਦਾ ਸੰਜੋਗ ਸੀ। ਇਹ ਦੰਪਤੀ ਹਰ ਸਮੇਂ ਗ਼ਰੀਬਾਂ ਅਤੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ ਹਿਤ ਤੱਤਪਰ ਰਹਿੰਦਾ ਕਦੇ ਮੱਥੇ ਤੇ ਤਿਉੜੀ ਨਹੀਂ ਸੀ ਵੇਖੀ। ਇਨ੍ਹਾਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਸ਼ ਸੀ। ਉਹ ਆਪਣੀ ਵਿਥਿਆ ਆਪ ਸੁਣਾਇਆ ਕਰਦੇ ਸਨ। "ਸਤਿਗੁਰੂ ਪ੍ਰਤਾਪ ਸਿੰਘ ਜੀ ਸਤਿਗੁਰੂ ਨਾਨਕ ਦੇਵ ਜੀ ਦੀ ਜੋਤ ਹਨ, ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਤੱਖ ਅਕਾਲ ਪੁਰਖ ਹਨ।"

ਇਕ ਵੇਰ ਇਨ੍ਹਾਂ ਦਾ ਝਗੜਾ ਇਨ੍ਹਾਂ ਦੀ ਭਰਜਾਈ ਬਸੰਤ ਕੌਰ ਨਾਲ ਹੋ ਗਿਆ। ਬਸੰਤ ਕੌਰ ਸਿੰਘ ਸਭੀਆਂ ਦੇ ਅਸਰ ਹੇਠਾਂ ਸੀ। ਇਨ੍ਹਾਂ ਦਾ ਬਾਕੀ ਪਰਿਵਾਰ ਵੀ ਉਨ੍ਹਾਂ ਦੇ ਹਮ ਖ਼ਿਆਲਾ ਸੀ। ਸਿੰਘ ਸਭਾ ਦੇ ਖ਼ਿਆਲਾਂ ਦਾ

Sri Satguru Jagjit Singh Ji eLibrary NamdhariElibrary@gmail.com

ਹੋਣਾ ਜ਼ਰੂਰੀ ਸੀ, ਕਿਉਂਕਿ ਪੋਠੋਹਾਰ ਇਲਾਕੇ ਦੇ ਵਧੇਰੇ ਕਰਕੇ ਹਿੰਦੂ, ਮੁਸਲਮਾਨ ਤੇ ਸਿੱਖ ਸਰਕਾਰ-ਪ੍ਰਸਤ ਹੀ ਸਨ। ਇਸੇ ਵਾਸਤੇ ਸਿੰਘ ਸਭੀਏ ਕੂਕਿਆਂ ਨਾਲ ਆਢਾ ਲਾਈ ਰੱਖਦੇ ਹਨ।

ਬਸੰਤ ਕੌਰ ਨੇ ਕਿਹਾ, "ਕੂਕੇ ਗ਼ਲਤੀ ਤੇ ਹਨ। ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਗੁਰੂ, ਗੁਰੂ ਗ੍ਰੰਥ ਸਾਹਿਬ ਹੈ।" ਸਰਦਾਰ ਨੇ ਕਿਹਾ "ਇਹ ਸਭ ਗ਼ਲਤ ਹੈ। ਇਹ ਸਿਧਾਂਤ ਗ੍ਰੰਥ ਸਾਹਿਬ ਦੇ ਉਪਦੇਸ਼ ਦੇ ਵਿਰੁੱਧ ਹੈ। ਗ੍ਰੰਥ ਸਾਹਿਬ ਦੇ ਚੌਦ੍ਹਾਂ ਸੌ ਤੀਹ ਪੰਨਿਆਂ ਵਿਚ ਦੇਹਧਾਰੀ ਗੁਰੂ ਦੀ ਉਪਮਾ ਹੈ। ਦੇਹਧਾਰੀ ਗੁਰੂ ਦੀ ਸ਼ਰਨ ਲੈਣ ਵਾਸਤੇ ਬਾਰ ਬਾਰ ਪ੍ਰੇਰਨਾ ਕਰਦਾ ਹੈ। ਤੁਸੀਂ ਸਾਰੇ ਭੁੱਲੇ ਹੋਏ ਹੋ। ਖ਼ੈਰ ਲੰਮੀ ਚੌੜੀ ਬਹਿਸ ਹੋਈ ਤੇ ਗੱਲ ਇੱਥੇ ਮੁੱਕੀ ਕਿ ਤਪਦੇ ਤੇਲ ਵਿਚ ਹੱਥ ਪਾਇਆ ਜਾਵੇ। ਜਿਸ ਦਾ ਹੱਥ ਸੜ ਜਾਵੇ ਉਹ ਝੂਠਾ, ਜਿਹਦਾ ਨਾ ਸੜੇ ਉਸ ਦਾ ਗੁਰੂ ਸੱਚਾ। ਸ਼ਰਤ ਲੱਗ ਗਈ, ਕੜਾਹੀ ਤੇ ਤੇਲ ਪਾਇਆ ਗਿਆ। ਤੇਲ ਵਿੱਚੋਂ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਸਰਦਾਰ ਨੇ ਕਿਹਾ, "ਭਾਬੀ! ਤੂੰ ਹੱਥ ਪਾ।" ਬਸੰਤ ਕੌਰ ਕੰਬੀ ਤੇ ਕਿਹਾ, "ਨਹੀਂ ਆਤਮਾ ਸਿੰਘਾ ਤੂੰ ਪਾ।" ਇਹ ਤਮਾਸ਼ਾ ਵੇਖਣ ਵਾਸਤੇ ਸਾਰਾ ਪਰਿਵਾਰ ਇਕੱਠਾ ਹੋ ਗਿਆ। ਸਾਰਿਆਂ ਦਾ ਖ਼ਿਆਲ ਸੀ ਕਿ ਇਹ ਮਾਮਲਾ ਹਾਸੇ ਮਖੌਲ ਵਿਚ ਟਲ ਜਾਵੇਗਾ। ਪਰ ਸਰਦਾਰ ਦੇ ਇਸ਼ਕ ਨੇ ਜ਼ੋਰ ਮਾਰਿਆ ਤੇ ਆਖਿਆ, "ਭਾਬੀ! ਪਿੱਛੇ ਹਟ ਮੈਂ ਹੱਥ ਪਾਉਂਦਾ ਹਾਂ।" ਸਰਦਾਰ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਸੋਧ ਝਟ ਆਪਣਾ ਹੱਥ ਕੜਾਹੀ ਵਿਚ ਪਾ ਦਿੱਤਾ। ਸਭ ਨੇ ਜਾਣਿਆ ਉਂਗਲੀਆਂ ਸੜ ਗਈਆਂ ਹਨ, ਪਰ ਪਰਿਵਾਰ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ ਉਹਨਾਂ ਵੇਖਿਆ ਉਂਗਲੀਆਂ ਨੌ ਬਰ ਨੌ ਹਨ।

ਇਸ ਕੌਤਕ ਪਿੱਛੇ ਸਰਦਾਰ ਦੀ ਮਸਤਾਨੀ ਦਸ਼ਾ ਹੋ ਗਈ। ਸਤਿਗੁਰੂ ਜੀ ਉਸ ਵੇਲੇ ਬੀੜ ਵਿਚ ਸਨ। ਸਰਦਾਰ ਉੱਥੇ ਗਿਆ। ਪਰ ਸਤਿਗੁਰੂ ਜੀ ਇਸ ਵਲ ਕ੍ਰਿਪਾ ਦ੍ਰਿਸ਼ਟੀ ਨਾ ਕੀਤੀ ਸਗੋਂ ਮੂੰਹ ਮੋੜ ਲਿਆ। ਸਰਦਾਰ ਮੁੜ ਦੂਜੇ ਪਾਸੇ ਹੋਇਆ ਪਰ ਸਤਿਗੁਰੂ ਜੀ ਫਿਰ ਮੁਖ ਫੇਰ ਲਿਆ। ਸਤਿਗੁਰੂ ਜੀ ਇਕ ਦ੍ਰਿਸ਼ਟਾਂਤ ਦੇ ਸਮਝਾਇਆ ਕਿ ਅਜਿਹੀਆਂ ਪ੍ਰੀਖਿਆਂ ਵਿਚ ਨਹੀਂ ਪੈਣਾ ਚਾਹੀਦਾ। ਮੁੜ ਗੁਰੂ ਨੂੰ ਪੈਜ ਬਖਣੀ ਪੈਂਦੀ ਹੈ।"

## ਲੀਲਾਵੰਤੀ ਸਰਦਾਰਨੀ

Sri Satguru Jagjit Singh Ji eLibrary NamdhariElibrary@gmail.com

# ਗੋਲੀਆਂ ਦੀ ਵਾਛੜ, ਬੇਅਸਰ

1914 ਵਿਚ ਪਹਿਲਾ ਸੰਸਾਰ ਜੰਗ ਸ਼ੁਰੂ ਹੋਇਆ ਤੇ ਢਿੱਡੋਂ ਭੁੱਖੇ ਲੋਕ ਭਰਤੀ ਹੋਣ ਲੱਗ ਪਏ। ਸ੍ਰ: ਬੁਧ ਸਿੰਘ ਰਸਾਲਦਾਰ ਮੇਜਰ ਲਾਹੌਰ ਵਿਚ ਰਹਿੰਦਾ ਸੀ। ਉਨ੍ਹਾਂ ਦਾ ਘਰ ਕੂਕਿਆਂ ਵਾਸਤੇ ਨੂਰ ਮਹਿਲ ਦੀ ਸਰਾਂ ਸੀ। ਜਦ ਕੋਈ ਚਾਹੇ ਆਪੇ ਆਏ ਤੇ ਆਪੇ ਚਲਾ ਜਾਵੇ। ਕੁਛ ਪੁੱਛ ਪੜਤਾਲ ਨਹੀਂ ਸੀ। ਦਇਆ ਸਿੰਘ ਉਨ੍ਹਾਂ ਦਾ ਪੁੱਤਰ ਸੀ। ਲੰਮਾ, ਚੌੜਾ, ਸਡੋਲ, ਸੁਨੱਖਾ, ਵੇਖਿਆਂ ਭੁੱਖ ਲਹੇ। ਲੋਕਾਂ ਨੂੰ ਭਰਤੀ ਹੁੰਦਾ ਵੇਖ ਉਹ ਵੀ ਭਰਤੀ ਹੋ ਗਿਆ ਤੇ ਸਤਿਗੁਰੂ ਦਾ ਬਚਨ ਭੁੱਲ ਗਿਆ ਕਿ ਅੰਗ੍ਰੇਜ਼ ਦੀ ਨੌਕਰੀ ਨਹੀਂ ਕਰਨੀ।

ਫ਼ੌਜੀ ਸਿੱਖ ਸਿਖਸ਼ਾ ਪ੍ਰਾਪਤੀ ਪਿੱਛੋਂ ਉਸਨੂੰ ਵੀ ਮੈਦਾਨੇ ਜੰਗ ਵਿਚ ਘੱਲਿਆ ਗਿਆ। ਉਨ੍ਹਾਂ ਦੀ ਰਜਮੈਂਟ ਬਸਰੇ ਗਈ। ਇਕ ਦਿਨ ਇਨ੍ਹਾਂ ਨੂੰ ਮੋਰਚੇ ਤੇ ਜਾਣ ਦਾ ਹੁਕਮ ਲੱਗਾ ਤਾਂ ਦਇਆ ਸਿੰਘ ਨਾਲ ਗਿੱਦੜਾਂ ਦੀ ਭੱਤੇ ਵੇਲੇ ਵਾਂਗੂ ਹੋਈ। ਇਨ੍ਹਾਂ ਦੇ ਸਾਹਮਣੇ ਮਾਵਾਂ ਦੇ ਪੁੱਤ ਘੜੀਆਂ ਪਲਾਂ ਵਿਚ ਧਰਮਰਾਜ ਦੀ ਕਚਹਿਰੀ ਵਿਚ ਹਿਸਾਬ ਕਿਤਾਬ ਦੇਣ ਲਈ ਪੁੱਜਣ ਲੱਗ ਪਏ। ਦਇਆ ਸਿੰਘ ਜਦ ਲਹੂ ਦੀ ਨਦੀ ਵਗਦੀ ਵੇਖੀ ਤਾਂ ਦਿਲ ਕਾਂਬਾ ਖਾ ਗਿਆ। ਕਾਂਬਾ ਆਉਣਾ ਵੀ ਜ਼ਰੂਰੀ ਸੀ, ਕਿਉਂਕਿ ਲੋਕ ਤਾਂ ਗਏ ਹੀ ਪੈਸਿਆਂ ਦੇ ਲਾਲਚ ਪਿੱਛੇ ਨਹੀਂ ਤਾਂ ਸਿੱਖ ਕੀ ਤੇ ਮੌਤ ਦਾ ਭੈ ਕੀ?

ਹਾਂ ਸੂਰਮੇ ਦਾ ਦਿਲ ਉਸ ਵੇਲੇ ਕਾਂਪ ਨਹੀਂ ਖਾਂਦਾ ਜਦ ਉਹ ਧਰਮ ਯੁੱਧ ਵਿਚ ਗਿਆ ਹੋਵੇ। ਦੇਸ਼ ਭਗਤੀ ਦੇ ਜਜ਼ਬੇ ਹੇਠਾਂ ਜੂਝ ਰਿਹਾ ਹੋਵੇ। ਪਛਤਾਵਾ ਲੱਗਾ। ਔਖੇ ਵੇਲੇ ਅੰਮਾਂ ਯਾਦ ਆਉਂਦੀ ਏ ਜਾਂ ਰੱਬ। ਸਰਦਾਰ ਜੀ ਦਾ ਧਿਆਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵੱਲ ਗਿਆ। ਗੋਲੀ ਦਾ ਜਵਾਬ ਗੋਲੀ ਨਾਲ ਦੇ ਰਿਹਾ ਸੀ ਤੇ ਅੰਦਰੋਂ ਅਰਦਾਸਾ ਕਰ ਰਿਹਾ ਸੀ। ਬੇਨਤੀ ਕੀਤੀ "ਹੇ ਗ਼ਰੀਬ ਨਿਵਾਜ਼! ਅੰਗਰੇਜ਼ ਦੀ ਨੌਕਰੀ ਕਰਕੇ ਬੇ-ਮੁਖ ਹੋਇਆ; ਬੇ-ਮੁਖਾਂ ਦੇ ਮੂੰਹ ਦਰਗਾਹ ਵਿਚ ਕਾਲੇ ਹੁੰਦੇ ਹਨ, ਪਰ ਮੇਰਾ ਮੂੰਹ ਇੱਥੇ ਵੀ ਕਾਲਾ ਤੇ ਅੱਗੇ ਵੀ ਕਾਲਾ। ਭਰਤੀ ਹੋ ਕੇ ਸਤਿਗੁਰੂ ਰਾਮ ਸਿੰਘ ਦੇ ਹੁਕਮ ਦੀ ਉਲੰਘਣਾ ਕੀਤੀ। ਮੈਂ ਗੁਨਾਹੀ ਵੀ ਛੋਟਾ ਨਹੀਂ ਵੱਡਾ ਹਾਂ। ਭਾਰਤੀ ਆਪ ਗੁਲਾਮ ਹਨ ਤੇ ਦੂਜਿਆਂ ਨੂੰ ਗ਼ੁਲਾਮ ਕਰਨ ਹਿਤ ਅੰਗਰੇਜ਼ ਦੇ ਹੁਕਮ ਵਿਚ ਚਲਕੇ ਪੂਰਾ ਤਾਣ ਲਾ ਰਹੇ ਹਨ। ਮੈਂ ਵੀ ਅੰਗਰੇਜ਼ ਦਾ ਹੱਥ ਠੋਕਾ ਬਣਿਆ। ਮੈਂ ਦੇਸ਼ ਧਰੋਹੀਆਂ ਵਿੱਚੋਂ ਹਾਂ, ਜਿਹੜੇ ਮਨੁੱਖਤਾ ਨੂੰ ਕੁਚਲ ਰਹੇ ਹਨ। ਮਨੁੱਖ ਸਦਾ ਭੁੱਲਣਹਾਰ ਹੈ, ਤੂੰ ਬਖਸ਼ਿੰਦ ਪਿਤਾ ਹੈ, ਪਿਤਾ ਪੁੱਤਰ ਦੇ ਔਗੁਣਾਂ ਨੂੰ ਨਹੀਂ ਚਿਤਾਰਦਾ ਮੇਰੀ ਅਵੱਗਿਆ ਖਿਮਾ ਕਰੋ, ਮੈਂ ਸਦਾ ਤੁਹਾਡੇ

Sri Satguru Jagjit Singh Ji eLibrary NamdhariElibrary@gmail.com

ਦਰ ਦਾ ਕੂਕਰ ਰਹਾਂਗਾ। ਮੈਨੂੰ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਦਾ ਮੌਕਿਆ ਬਖਸ਼ੋ।" ਇਧਰੋਂ ਇਹ ਜੋਦੜੀ ਕੀਤੀ, ਓਧਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਤਾਰਾਂ ਖੜਕ ਗਈਆਂ। ਉਨ੍ਹਾਂ ਸਿੱਖ ਨੂੰ ਸੁਮਤ ਬਖਸ਼ਣ ਤੇ ਬਲਦੀ ਦੇ ਬੁਥੇ ਵਿੱਚੋਂ ਕੱਢਣ ਖ਼ਾਤਰ ਕਮਰ ਕਸੇ ਕਰ ਲਏ। ਇਕ ਸਮਾਂ ਐਸਾ ਆਇਆ ਕਿ ਦੋ ਗੋਲੀਆਂ ਸਿੱਧੇ ਦਇਆ ਸਿੰਘ ਦੇ ਮੱਥੇ ਵਲੀ ਆਈਆਂ। ਐਨ ਉਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਹਮਣੇ ਖੜਿਆਂ ਦੇ ਦਰਸ਼ਨ ਹੋਏ। ਇਕ ਕਵੀ ਨੇ ਠੀਕ ਆਖਿਆ ਹੈ:-

**ਜਿੱਥੇ ਖੰਡੇ ਲਸ ਲਸੇ, ਸਾਂਗਾਂ ਦੀ ਹੋਏ ਵਹੀਰ।**
**ਓਥੇ ਸਤਿਗੁਰ ਬੇਲੀ ਚਾਹੀਦਾ, ਜਿਥੇ ਔਖੀ ਬਣਦੀ ਭੀੜ।**

ਸਤਿਗੁਰਾਂ ਨੇ ਦੋਵੇਂ ਗੋਲੀਆਂ ਹੱਥਾਂ ਵਿਚ ਲੈ ਪਰਾਂ ਵਗਾ ਮਾਰੀਆਂ। ਸਰੀਰ ਤੇ ਜ਼ਰਾ ਮਾਸਾ ਝਰੀਟਾਂ ਆਈਆਂ, ਪਰ ਸਰਦਾਰ ਦਰਸ਼ਨਾਂ ਦੀ ਤਾਬ ਨਾ ਲਿਆਂਦਿਆਂ ਧਰਤੀ ਤੇ ਮੂਰਛਾ ਹੋ ਕੇ ਡਿੱਗ ਪਿਆ। ਐਂਬੂਲੈਂਸ ਵਾਲਿਆਂ ਜਾਣਿਆਂ ਜਵਾਨ ਜ਼ਖ਼ਮੀ ਹੋ ਗਿਆ ਹੈ, ਓਸੇ ਵੇਲੇ ਸਟਰੇਚ ਤੇ ਪਾ ਗੱਡੀ ਵਿਚ ਸੁੱਟ ਹਸਪਤਾਲ ਪਹੁੰਚਾ ਦਿੱਤਾ। ਡਾਕਟਰ ਦਵਾਈ ਦਿੱਤੀ ਤੇ ਇਨ੍ਹਾਂ ਨੂੰ ਹੋਸ਼ ਆ ਗਈ। ਥੋੜ੍ਹੇ ਸਮੇਂ ਪਿੱਛੋਂ ਛੁੱਟੀ ਲੈ ਦੇਸ਼ ਪਰਤ ਆਇਆ ਤੇ ਸਭ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਪੁੱਜ ਕੇ ਸਤਿਗੁਰਾਂ ਦੇ ਪਾਵਨ ਦਰਸ਼ਨ ਕੀਤੇ। ਅੱਥਰੂਆਂ ਨਾਲ ਚਰਨ ਧੋਤੇ ਤੇ ਅੰਗਰੇਜ਼ਾਂ ਦਾ ਨੌਕਰ ਹੋਣ ਤੋਂ ਭੁੱਲ ਬਖਸ਼ਾਈ।

**ਦਇਆ ਸਿੰਘ (ਸਰਦਾਰ)**

Sri Satguru Jagjit Singh Ji eLibrary NamdhariElibrary@gmail.com

# ਬੰਦ-ਖਲਾਸ

ਸ੍ਰ: ਉੱਤਮ ਸਿੰਘ, ਗੁਰੂ ਕੇ ਸਿੱਖ ਰੁਪਾਣੇ ਵਿਚ ਰਹਿੰਦੇ ਸਨ। ਸਤਿਗੁਰੂ ਜੀ ਉਸਨੂੰ ਯਾਰ ਕਹਿ ਕੇ ਬੁਲਾਇਆ ਕਰਦੇ ਸਨ। ਪਰ ਭਾਈ ਉੱਤਮ ਸਿੰਘ ਸਤਿਗੁਰੂ ਜੀ ਨੂੰ ਸੰਸਾਰ ਦਾ ਹਰਤਾ ਕਰਤਾ ਜਾਣਦਾ ਸੀ।

ਦੇਵਨੇਤ ਰੂਪਾਣੇ ਇਕ ਕਤਲ ਹੋ ਗਿਆ। ਪਿੰਡਾਂ ਵਿਚ ਸੌ ਸੱਜਣ ਸੌ ਦੁਸ਼ਮਣ ਹੁੰਦੇ ਹਨ। ਦੁਸ਼ਮਣਾਂ ਦੀ ਚਾਲ ਚੱਲ ਗਈ। ਉਨ੍ਹਾਂ ਇਸ ਬੇਗੁਨਾਹ ਨੂੰ ਮੁਕਦਮੇਂ ਦੀ ਲਪੇਟ ਵਿਚ ਲੈ ਆਂਦਾ। ਮੁਕਦਮਾ ਸ਼ੁਰੂ ਹੋ ਗਿਆ। ਅੱਜ-ਕੱਲ੍ਹ ਵੀ ਮੁਕਦਮਿਆਂ ਵਿਚ ਗਵਾਹਾਂ ਤੇ ਨਿਬੜਦੀ ਹੈ। ਮਜਿਸਟਰੇਟ ਕਾਨੂੰਨ ਦੇ ਬੱਧੇ ਗਵਾਹੀਆਂ ਦੇ ਆਧਾਰ ਤੇ ਫ਼ੈਸਲੇ ਕਰਦੇ ਹਨ। ਨੌਸਰਬਾਜ਼ਾਂ ਨੂੰ ਸੌ ਹੱਥ ਆਉਂਦੇ ਹਨ, ਜਿਨ੍ਹਾਂ ਮੁਕਦਮੇ ਵਿਚ ਬੇੜਿਆ ਸੀ ਉਨ੍ਹਾਂ ਸਾਰੇ ਰਾਹ ਰੋਕ ਲਏ। ਸਿੱਟਾ ਇਹ ਨਿਕਲਿਆ ਕਿ ਸੈਸ਼ਨ ਨੇ ਭਾਈ ਉੱਤਮ ਸਿੰਘ ਤੇ ਉਸਦੇ ਪੁੱਤਰ ਅਰਜਨ ਸਿੰਘ ਨੂੰ ਫਾਹੇ ਦਾ ਹੁਕਮ ਸੁਣਾ ਦਿੱਤਾ। ਹੁਣ ਯਾਰ ਨੇ ਬਾਹੁੜੀ ਕੀਤੀ।

ਯਾਰ ਉਹ ਹੈ ਜਿਹੜਾ ਔਖੇ ਵੇਲੇ ਕੰਮ ਆਵੇ। ਨਹੀਂ ਤਾਂ ਇਸ ਜ਼ਮਾਨੇ ਦੇ ਯਾਰ ਵੀ ਖਾਣ ਪੀਣ ਦੇ ਯਾਰ ਹਨ। ਪਰ ਸਤਿਗੁਰੂ ਪ੍ਰਤਾਪ ਸਿੰਘ ਸੱਚਾ ਯਾਰ ਸੀ। ਉਹ ਯਾਰ ਦੀ ਹਰ ਕੀਮਤ ਤੇ ਮੱਦਦ ਕਰਦਾ ਸੀ। ਭਾਈ ਉੱਤਮ ਸਿੰਘ ਨੇ ਆਪਣੇ ਮਹਿਬੂਬ ਨੂੰ ਕਾਲ ਕੋਠੜੀ ਵਿਚ ਯਾਦ ਕੀਤਾ। ਅੱਖਾਂ ਬੰਦ ਕਰ ਲਈਆਂ ਤੇ ਹੱਥ ਜੋੜ ਅਰਦਾਸਾ ਸੋਧਿਆ। ਅਰਦਾਸਾ ਕਰਦਿਆਂ ਕਰਦਿਆਂ ਇੱਥੇ ਪੁੱਜਾ, 'ਹੇ ਸਮੇਂ ਦੇ ਮਾਲਕ ਤੇ ਕਲਿਯੁਗ ਵਿਚ ਸੁੱਚ ਸੋਧ ਨਾਮ ਬਾਣੀ ਦਾ ਪ੍ਰਵਾਹ ਚਲਾਉਣ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ! ਬਿਰਦ ਬਾਣੇ ਦੀ ਲਾਜ ਰੱਖੋ। ਇਸ ਵੇਲੇ ਕੋਈ ਬੇਲੀ ਨਹੀਂ, ਦੁਸ਼ਮਣਾਂ ਨੇ ਸਭ ਰਾਹ ਬੰਦ ਕਰ ਦਿੱਤੇ ਨੇ। ਤੁਸੀਂ ਬਾਂਹ ਫੜੋ। ਡੁੱਬਦੀ ਕਿਸ਼ਤੀ ਨੂੰ ਸਹਾਰਾ ਦਿਓ।" ਭਾਈ ਉੱਤਮ ਸਿੰਘ ਅਰਦਾਸਾ ਕਰ ਹੀ ਰਿਹਾ ਸੀ ਕਿ ਇਕ ਦਮ ਜੇਲ੍ਹ ਵਿੱਚੋਂ ਘੋੜੇ ਦੇ ਸੁਮਾਂ ਦੀ ਆਵਾਜ਼ ਆਈ। ਅੱਖਾਂ ਖੁੱਲ੍ਹ ਗਈਆਂ। ਕੀ ਤਕਿਆ? ਸਾਮ੍ਹਣੇ ਰਣਜੀਤ ਸਿੰਘ ਘੋੜੇ ਤੇ ਸਵਾਰ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ, ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਸਨ। ਸਤਿਗੁਰਾਂ ਬਚਨ ਕੀਤਾ "ਉੱਤਮ ਸਿੰਘਾ! ਘਬਰਾ ਨਾ! ਤੇਰੇ ਵਾਲ ਵਲ ਕੋਈ ਨਹੀਂ ਵੇਖ ਸਕਦਾ। ਪਰ ਇਕ ਗੱਲ ਯਾਦ ਰੱਖੀਂ ਸਿਵਾਂ ਦੇ ਹੌਲੇ ਤੇ ਜ਼ਰੂਰ ਪੁੱਜਣਾ ਭੁੱਲ ਨ ਜਾਇਓ।" ਇਹ ਕਹਿ ਸਤਿਗੁਰੂ ਜੀ ਅਲੋਪ ਹੋ ਗਏ।

Sri Satguru Jagjit Singh Ji eLibrary NamdhariElibrary@gmail.com

ਉੱਤਮ ਸਿੰਘ ਨੂੰ ਵਿਸ਼ਵਾਸ ਹੋ ਗਿਆ। ਹੁਣ ਧਰਤੀ ਦੀ ਕੋਈ ਤਾਕਤ ਸਾਨੂੰ ਫਾਹੇ ਨਹੀਂ ਲਾ ਸਕਦੀ। ਸੁੱਤੇ ਪਏ ਅਰਜਨ ਸਿੰਘ ਨੂੰ ਜਗਾਇਆ ਤੇ ਆਖਿਆ, "ਪੁੱਤਰ ਭਜਨ ਕਰ! ਮੇਰੇ ਯਾਰ ਸਤਿਗੁਰੂ ਆਏ ਸਨ। ਦਰਸ਼ਨ ਦੇ ਚਲੇ ਗਏ ਹਨ। ਜਾਂਦੇ ਹੋਏ ਇਹ ਵੀ ਕਹਿ ਗਏ ਨੇ, ਤੁਸਾਂ ਸਿਧਵਾਂ ਦੇ ਹੋਲੇ ਤੇ ਜ਼ਰੂਰ ਪੁੱਜਣਾ।" ਅਰਜਨ ਸਿੰਘ ਕਿਹਾ, "ਬਾਪੂ! ਤੂੰ ਭੋਲਾ ਏਂ। ਕਦੇ ਸੁਪਨੇ ਸੱਚੇ ਹੋਏ ਨੇ। ਸਗੋਂ ਸੁਪਨੇ ਦੇ ਸਿੱਟੇ ਉਲਟ ਨਿਕਲਦੇ ਨੇ। ਤੂੰ ਨਹੀਂ ਸੁਣਿਆ ਵਿਆਹ ਦੇ ਸੁਪਨੇ ਗ਼ਮੀਆਂ ਵਿਚ ਬਦਲ ਜਾਂਦੇ ਹਨ।" "ਨਹੀਂ ਪੁੱਤ! ਇਹ ਸੁਪਨਾ ਥੋੜ੍ਹਾ ਸੀ। ਇਹ ਤਾਂ ਪ੍ਰਤੱਖ ਦਰਸ਼ਨ ਹੋਏ ਹਨ। ਮੈਂ ਬਿਲਕੁਲ ਜਾਗਦਾ ਸਾਂ। ਅਰਦਾਸ ਕਰ ਰਿਹਾ ਸਾਂ? ਇਹ ਵਿਚਾਰਾਂ ਕਰਦਿਆਂ ਈ ਰਾਤ ਬੀਤ ਗਈ।

ਸਵੇਰ ਹੋਈ! ਸੂਰਜ ਸਿਖਰ ਤੇ ਨਹੀਂ ਸੀ ਆਇਆ ਕਿ ਦਰੋਗਾ ਜੇਲ੍ਹ ਤੇ ਹੋਰ ਕਰਮਚਾਰੀ ਆ ਗਏ। ਕੋਠੜੀ ਖੋਲ੍ਹੀ ਤੇ ਪਰਵਾਨਾ ਵਿਖਾਇਆ "ਭਾਈ ਉੱਤਮ ਤੇ ਅਰਜਨ ਸਿੰਘ! ਤੁਹਾਡੀ ਅਪੀਲ ਮਨਜ਼ੂਰ! ਤੁਸੀਂ ਬਰੀ। ਤੁਹਾਨੂੰ ਵਧਾਈਆਂ।" ਦਰਵਾਜ਼ੇ ਖੁੱਲ੍ਹ ਗਏ। ਦੋਵੇਂ ਪਿਉ ਪੁੱਤ ਘਰ ਨਹੀਂ ਗਏ, ਪਹਿਲਾਂ ਸਿਧਵੀਂ ਜਾ ਕੇ ਦਰਸ਼ਨ ਕੀਤੇ ਤੇ ਰੋ ਰੋ ਕੇ ਚਰਨ ਧੋਤੇ।

**ਸੂਬਾ ਮੀਹਾਂ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਚੋਰ ਤੋਂ ਸੰਤ

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
(ਸੁਖਮਨੀ ਸਾਹਿਬ ੨੮੬)

ਸੂ: ਆਰੂੜ ਸਿੰਘ ਬਾਸੋਵਾਲੀਆ ਵੰਡਾਰੇ ਤੋਂ ਪਹਿਲਾਂ ਭਾਣੋਂ ਪਿੰਡੀਆਂ ਜ਼ਿਲ੍ਹਾ ਸਿਆਲਕੋਟ ਦਾ ਨੰਬਰਦਾਰ ਸੀ। ਪੂਰਾ ਬਦਮਾਸ਼ ਤੇ ਪੁਲਿਸ ਦਾ ਟਾਊਟ। ਚੋਰੀ, ਡਾਕਾ, ਧਾੜੇ, ਸ਼ਰਾਬਾਂ ਪੀਣੀਆਂ, ਕਬਾਬ ਭੁੰਨ ਭੁੰਨ ਖਾਣੇ ਤੇ ਹੋਰ ਸਾਰੇ ਵੈਲ ਸਨ। ਇਸ ਦੀਆਂ ਪੁਲਿਸ ਨਾਲ ਰਲ ਕੇ ਚੁਗਦੀਆਂ ਸਨ। ਸਾਮ੍ਹਣੇ ਕੋਈ ਅਟਕਦਾ ਨਹੀਂ ਸੀ। ਜੇ ਕਿਸੇ ਚੂੰ ਚਾਂ ਕੀਤੀ, ਝੱਟ ਥਾਣੇ ਖ਼ਬਰ ਦੇਣੀ? ਪੁਲਿਸ ਆ ਜਾਣੀ ਤੇ ਉਹਨਾਂ ਗ਼ਰੀਬਾਂ ਨੂੰ ਗਿੱਦੜ ਕੁੱਟ ਚਾੜ੍ਹਨੀ। ਬਾਕੀਆਂ ਨੂੰ ਕੰਨ ਹੋ ਜਾਣੇ। ਕੀ ਮਜਾਲ ਕੋਈ ਸਾਮ੍ਹਣੇ ਬੋਲ ਸਕੇ।

ਭਾਗਾਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਉਸ ਇਲਾਕੇ ਨੂੰ ਤਾਰ ਰਹੇ ਸਨ। ਸੂਬਾ ਸੋਹਣ ਸਿੰਘ ਜੀ ਪਾਸ ਪ੍ਰੋਗਰਾਮ ਸੀ। ਸੂਬਾ ਜੀ ਤਾਜੋ ਕੀ ਜਾ ਰਹੇ ਸਨ। ਆਰੂੜ ਸਿੰਘ ਜਾਂਦਿਆਂ ਨੂੰ ਰਾਹ ਵਿਚ ਮਿਲ ਪਿਆ। ਸਤਿਗੁਰੂ ਜੀ ਦਾ ਆਉਣਾ ਸੁਣ ਕੇ ਆਰੂੜ ਸਿੰਘ ਦੇ ਮਨ ਵਿਚ ਆਇਆ ਕਿ ਮੈਂ ਵੀ ਸਤਿਗੁਰਾਂ ਦੇ ਦਰਸ਼ਨ ਕਰਾਂ। ਅਗਲੇ ਦਿਨ ਇਹ ਵੀ ਤਾਜੋ ਕੇ ਪੁੱਜਾ। ਸੰਗਤਾਂ ਦੀ ਗਹਿਮਾ ਗਹਿਮੀ ਸੀ। ਆਦਮ ਕੀ, ਵਸੱਨ ਕੀ, ਕੰਗ ਤੇ ਬਲੱਗਨਾਂ ਦੀਆਂ ਸੰਗਤਾਂ ਖੜ੍ਹੀਆਂ ਔਸੀਆਂ ਪਾ ਰਹੀਆਂ ਸਨ। ਮਿਹਰ ਵਰਸ਼ਾ ਹੋਈ ਸਤਿਗੁਰੂ ਜੀ ਆ ਦੀਦਾਰੇ ਬਖਸ਼ੇ, ਜੈਕਾਰਿਆਂ ਆਕਾਸ਼ ਨੂੰ ਗੂੰਜਾ ਦਿੱਤਾ। ਸਾਧ ਸੰਗਤ ਖ਼ੁਸ਼ੀਆਂ ਵਿਚ ਫੁੱਲੀ ਨਾ ਸਮਾਵੇ। ਸੰਗਤਾਂ ਦੇ ਦਰਸ਼ਨਾਂ ਕਾਰਨ ਆਰੂੜ ਸਿੰਘ ਉਮਾਹਾਂ ਨੇ ਉਬਾਲਾ ਖਾਧਾ ਚਰਨਾਂ ਤੇ ਜਾ ਸੀਸ ਰਖਿਆ ਤੇ ਅਰਜ਼ ਕੀਤੀ, "ਗ਼ਰੀਬ ਨਿਵਾਜ਼। ਮੇਰਾ ਗ੍ਰਿਹ ਪਵਿੱਤਰ ਕਰੋ ਮੈਂ ਪਾਮਰ ਹਾਂ। ਤੇ ਨਰਕ ਵਿਚ ਵੱਸਦਾ ਹਾਂ।"

ਸਤਿਗੁਰੂ ਜੀ ਸੂਬਾ ਜੀ ਨੂੰ ਪੁੱਛਿਆ ਤਾਂ ਉਹਨਾਂ ਨਿਮ੍ਰਤਾ ਨਾਲ ਉੱਤਰ ਦਿੱਤਾ, "ਸੱਚੇ ਪਾਤਸ਼ਾਹੋ! ਭਾਣੋਂ ਪਿੰਡੀਆਂ ਦਾ ਨੰਬਰਦਾਰ ਹੈ।" ਸਤਿਗੁਰੂ ਜੀ ਬਚਨ ਕੀਤਾ "ਨੰਬਰਦਾਰਾ! ਤੇਰੀ ਸ਼ੁਹਰਤ ਖ਼ਰਾਬ ਏ। ਲੋਕੀ ਕਹਿਣਗੇ ਮੈਂ ਚੋਰਾਂ ਦੇ ਘਰੀਂ ਜਾਂਦਾ ਹਾਂ।" ਪਰ ਅਰੂੜ ਸਿੰਘ ਅੰਦਰ ਪੂਰਬਲਾ ਕਰਮ ਫੁਟ ਰਿਹਾ ਸੀ। ਬੜੀ ਅਧੀਨਗੀ ਨਾਲ ਬੇਨਤੀ ਕੀਤੀ, "ਗ਼ਰੀਬ ਨਿਵਾਜ਼!

Sri Satguru Jagjit Singh Ji eLibrary NamdhariElibrary@gmail.com

ਜੇ ਸਾਰੇ ਸਾਧੂ ਹੋਣ ਤਾਂ ਤੁਹਾਡੀ ਕਾਹਦੀ ਲੋੜ? ਤੁਸੀਂ ਤਾਂ ਆਉਂਦੇ ਹੀ ਚੋਰਾਂ, ਧਾੜਵੀਆਂ ਲਈ ਹੋ। ਦਸਵੇਂ ਪਾਤਸ਼ਾਹ ਸਾਰੀ ਰਾਤ ਕੰਜਰਾਂ ਦੇ ਬੂਹੇ ਅੱਗੇ ਖਲੋਤੇ ਰਹੇ ਸਨ, ਮੈਂ ਕੰਜਰਾਂ ਨਾਲੋਂ ਵੀ ਬੁਰਾ ਹਾਂ?" "ਚੋਰੀ ਛੱਡ ਦੇ।"

"ਸਤਿ ਬਚਨ।"

"ਹੁਣ ਤਾਂ ਸਤਿ ਬਚਨ ਕਰ ਦਿੱਤਾ ਈ, ਜੇ ਅੱਗੋਂ ਚੋਰੀ ਜਾਂ ਕੋਈ ਮੰਦਾ ਕਰਮ ਕੀਤਾ, ਦੂਜੀ ਤਰ੍ਹਾਂ ਨਿਬੜਾਂਗੇ।" ਸਤਿਗੁਰੂ ਜੀ ਮੁਸਕਰਾਂਦਿਆਂ ਕਿਹਾ, "ਜਿਵੇਂ ਰਜ਼ਾ! ਲੈ ਅਸੀਂ ਆਏ।"

ਸਤਿਗੁਰੂ ਦੇ ਖੁੱਲ੍ਹੇ ਡੁੱਲ੍ਹੇ ਬਚਨ ਸੁਣ ਸਭ ਪ੍ਰਸੰਨਤਾ ਦੇ ਸਾਗਰ ਵਿਚ ਤਾਰੀਆਂ ਲਾ ਰਹੇ ਸਨ। ਅਰੂੜ ਸਿੰਘ ਚਾਈਂ ਚਾਈਂ ਘਰ ਗਿਆ। ਸਾਰੇ ਪਿੰਡ ਵਿਚ ਹੋਕਾ ਦਵਾ ਦਿੱਤਾ। ਆਪ ਵਿਹੜੇ ਵਿਚ ਪਲੰਘ ਵਿਛਾ ਦਿੱਤਾ। ਸੰਗਤਾਂ ਜੁੜਨੀਆਂ ਸ਼ੁਰੂ ਹੋ ਗਈਆਂ। ਪਲੋ ਪਲ ਸ਼ਬਦਾਂ ਦੀਆਂ ਘਨਘੋਰਾਂ ਉੱਠਣ ਲੱਗ ਪਈਆਂ। ਗ਼ਰੀਬ ਨਿਵਾਜ਼ ਜੀ ਵੀ ਥੋੜ੍ਹੇ ਸਮੇਂ ਵਿਚ ਆ ਗਏ ਤੇ ਪਲੰਘ ਤੇ ਜਾ ਸ਼ਸ਼ੋਭਤ ਹੋਏ। ਅਰੂੜ ਸਿੰਘ ਮਾਇਆ ਬਸਤਰ ਭੇਂਟ ਕੀਤੇ। ਸੀਸ ਚਰਨਾਂ ਤੇ ਰਖਿਆ। ਸਤਿਗੁਰ ਜੀ ਉੱਠਣ ਲੱਗਿਆਂ ਫੇਰ ਕਿਹਾ, "ਨੰਬਰਦਾਰਾ ਯਾਦ ਰੱਖੀਂ ਭੁੱਲ ਨਾ ਜਾਈਂ।" ਓਸੇ ਵੇਲੇ ਪਾਸ ਖਲੋਤੇ ਸਾਧੂ ਪਾਸੋਂ ਭਜਨ ਦਵਾ ਦਿੱਤਾ।

ਸਤਿਗੁਰੂ ਜੀ ਕਲਿਜੁਗੀ ਜੀਆਂ ਨੂੰ ਤਾਰਨ ਹਿਤ ਅੱਗੇ ਚਲੇ ਗਏ, ਇਸ ਨੇ ਮਾਲਾ ਫੜ ਲਈ ਰਸਨਾ ਲੱਗੀ ਟੱਕ ਟੱਕ ਚੱਲਣ। ਪਰ ਇਕ ਦਿਨ ਨੰਬਰਦਾਰ ਬਿਰਾਜਣ ਹੀ ਲੱਗਾ ਸੀ ਕਿ ਚੰਡਾਲ ਚੌਕੜੀ ਵੱਲੋਂ ਮੱਖਣ ਸਿੰਘ ਆ ਬੂਹਾ ਖੜਕਾਇਆ ਤੇ ਕਿਹਾ, "ਤਿਆਰ ਹੋ ਜਾ, ਬੜਾ ਚੰਗਾ ਘਰ ਤਾੜਿਆ ਏ!" "ਮੈਂ ਨਹੀਂ ਜਾਣਾ। ਆਵੇ ਭਾਵੇਂ ਸੌ ਵਾਰੀ, ਪਰ ਇਹ ਨਾ ਮੂਹੋਂ ਆਖੋ।" "ਛੱਡ ਓਏ ਨੰਬਰਦਾਰਾ, ਸੌ ਚੂਹਾ ਖਾ ਬਿੱਲੀ ਹੱਜ ਨੂੰ। ਅਜੇ ਤੇਰੇ ਮੂਹ ਵਿੱਚੋਂ ਚੋਰੀ ਦੇ ਮਾਲ ਦਾ ਭੋਰਿਆਂ ਦੀ ਬੋ ਆ ਰਹੀ ਏ। ਛੱਡ ਇਹਨਾਂ ਗੱਲਾਂ ਨੂੰ। ਸੂਰਮਿਆਂ ਦਾ ਕੰਮ ਮਾਰਾਂ ਮਾਰਨੀਆਂ ਹੁੰਦੀਆਂ ਨੇ। ਪਰ੍ਹਾਂ ਵਗ੍ਹਾ ਇਹ ਮਾਲਾ, ਵੱਡਾ ਸੰਤ ਬਣ ਗਿਆ ਏ।"

ਕਲਿਜੁਗ ਦਾ ਜ਼ੋਰ ਪੈ ਗਿਆ, ਅਰੂੜ ਸਿੰਘ ਨਾਲ ਹੋ ਟੁਰਿਆ। ਸਾਰੇ ਉੱਚੀਆਂ ਖਰੋਲੀਆਂ ਤੇ ਪੁੱਜੇ। ਅਰੂੜ ਸਿੰਘ ਬਾਹਰ ਖਲੋਤਾ। ਬਾਕੀ ਅੰਦਰ ਗਏ। ਲੱਗੇ ਮਾਲ ਦੀ ਭਾਲ ਕਰਨ। ਪਰ ਇਤਨੇ ਨੂੰ ਕੋਈ ਲੰਮਾ ਉੱਚਾ ਗੱਭਰੂ ਆਇਆ ਤੇ ਉਸ ਨੇ ਅਰੂੜ ਸਿੰਘ ਨੂੰ ਬਾਹੋਂ ਫੜ੍ਹ ਲਿਆ ਤੇ ਘਸੀਟਦਾ ਪਿੰਡੋਂ ਬਾਹਰ ਛੱਡ ਆਇਆ। ਅਰੂੜ ਸਿੰਘ ਕੁਝ ਚਿਰ ਬਾਹਰ ਖੜ੍ਹਾ ਰਿਹਾ, ਮਗਰੋਂ ਫਿਰ ਜੁੰਡਲੀ ਕੋਲ ਜਾ ਪੁੱਜਾ। ਜਦ ਅੰਦਰ ਜਾਣ ਲੱਗਾ ਤਾਂ ਫਿਰ ਉਸੇ ਗੱਭਰੂ ਆ ਫੜਿਆ ਤੇ ਬਾਹਰ ਵਲ ਧੱਕ ਦਿੱਤਾ। ਅਰੂੜ ਸਿੰਘ ਝੂਠਿਆਂ ਦੇ ਤਾਣ ਫੇਰ ਉੱਥੇ ਚਲਾ ਗਿਆ। ਜਿੱਥੋਂ ਗੱਭਰੂ ਨੇ ਖੜਿਆ ਸੀ। ਜਦ ਤੀਜੀ ਵਾਰ ਪਾੜ ਕੋਲ ਪੁੱਜਾ ਤਾਂ ਉਸ ਗਭਰੋਟੇ ਬਾਂਹ ਫੜੀ ਤੇ ਮੂੰਹ ਤੇ ਚਪੇੜਾਂ ਮਾਰ

Sri Satguru Jagjit Singh Ji eLibrary NamdhariElibrary@gmail.com

ਆਖਿਆ, "ਕੁਝ ਸ਼ਰਮ ਕਰ। ਸਾਰੀ ਰਾਤ ਤੇਰੇ ਮਗਰ ਫਿਰਦਿਆਂ ਲੰਘ ਚਲੀ ਏ। ਅੱਜ ਈ ਇਕਰਾਰ ਭੁੱਲ ਗਿਆ ਏਂ। ਲੋਕੀ ਕੀ ਕਹਿਣਗੇ। ਗੁਰੂ ਕਾ ਸਿੱਖ ਤੇ ਇਹ ਕਰਤੂਤਾਂ। ਡੁੱਬ ਕੇ ਨਹੀਂ ਮਰ ਜਾਈਦਾ।" ਅਰੂੜ ਸਿੰਘ ਆਵਾਜ਼ ਪਛਾਣ ਲਈ। ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਪਿਛਾਂ ਪਰਤ ਆਇਆ। ਗੱਲਾਂ ਸੁਣ ਅਰੂੜ ਸਿੰਘ ਦੇ ਬਾਕੀ ਸਾਥੀ ਵੀ ਘਬਰਾ ਗਏ। ਉਹ ਵੀ ਮਾਲ ਮਤਾ ਛੱਡ ਨੱਸ ਨਿਕਲੇ। ਬਾਹਰ ਜਾ ਕੇ ਮੱਖਣੇ ਹੁਰਾਂ ਘੇਰ ਲਿਆ ਤੇ ਕਿਹਾ, "ਤੂੰ ਚੰਗੀ ਕੀਤੀ?" ਅਰੂੜ ਸਿੰਘ ਕਿਹਾ, "ਅੱਜ ਤੋਂ ਤੁਸੀਂ ਮੈਥੋਂ ਗਏ, ਮੈਂ ਤੁਹਾਥੋਂ ਗਿਆ। ਹੁਣ ਮੇਰਾ ਯਾਰ ਡਾਢਾ ਹੋ ਗਿਆ। ਉਹ ਮੈਨੂੰ ਕਿਸੇ ਪਾਸੇ ਨਹੀਂ ਜਾਣ ਦੇਂਦਾ। ਚੰਗਾ ਕਰੋ ਤੁਸੀਂ ਵੀ ਉਸ ਨਾਲ ਯਾਰੀ ਪਾ ਲਵੋ।"

ਮਾ: ਅਜੀਤ ਸਿੰਘ 'ਚੀਮਾ'

Sri Satguru Jagjit Singh Ji eLibrary NamdhariElibrary@gmail.com

# ਨਿਰਖ ਬਦਲੇ

ਦੂਜੇ ਸੰਸਾਰ-ਯੁੱਧ ਦੀਆਂ ਲਪਟਾਂ ਆਕਾਸ਼ ਨੂੰ ਛੂਹਣ ਲੱਗੀਆਂ। ਭਾਂਬੜ ਮਚ ਪਏ ਹਜ਼ਾਰਾ ਜਾਨਾਂ ਘੜੀਆਂ ਪਲਾਂ ਵਿਚ ਸਰੀਰਾਂ ਤੋਂ ਵੱਖ ਹੋ ਦੂਜੇ ਚੋਲੇ ਪਾਣ ਵਾਸਤੇ ਰਵਾਨਾ ਹੋ ਰਹੀਆਂ ਸਨ, ਸ਼ਹਿਰ ਗਰਾਂ ਮਿੱਟੀ ਨਾਲ ਮਿਲ ਢਹਿ ਢੇਰੀ ਹੋ ਰਹੇ ਸਨ। ਖੇਤ ਤਬਾਹ ਤੇ ਬਰਬਾਦ ਹੋ ਰਹੇ ਸਨ। ਜਨਤਾ ਹਰ ਪਾਸਿਓਂ ਕੁੜਿਕੀ ਵਿਚ ਫਸਦੀ ਚਲੀ ਗਈ।

ਇਨੀਂ ਦਿਨੀਂ ਸੰਤ ਹਰਬੰਸ ਸਿੰਘ ਪੁਲ ਕੰਜਰੀ ਦੇ ਪੁਲ ਵਾਲਿਆਂ ਸਤਿਗੁਰੂ ਜੀ ਦਾ ਬਚਨ ਮੰਨ ਸੁਕੇਤ ਜਾ ਡੇਰੇ ਲਾਏ। ਸਤਿਗੁਰੂ ਜੀ ਦੀ ਇਹਨਾਂ ਤੇ ਅਪਾਰ ਕ੍ਰਿਪਾ ਸੀ। ਇਹਨਾਂ ਨੂੰ ਓਥੇ ਕੱਪੜੇ ਦਾ ਡੀਪੋ ਮਿਲ ਗਿਆ। ਪਰ ਇਹ ਲੋਕਾਂ ਵਾਲੀ ਕਮਾਈ ਕਰਨਾ ਨਹੀਂ ਜਾਣਦੇ ਸਨ। ਨਾ ਘੱਟ ਦੇਂਦੇ ਸਨ ਨਾ ਵੱਧ ਲੈਂਦੇ ਸਨ। ਇੰਸਪੈਕਟਰ ਲੋਕ ਖਾਣ ਦੇ ਯਾਰ, ਖ਼ਾਲੀ ਹੱਥ ਆਉਣ ਖ਼ਾਲੀ ਜਾਉਣ। ਉਹਨਾਂ ਦੀ ਮੁੱਠੀ ਤਾਂ ਉਹ ਗਰਮ ਕਰਨ ਜਿਹੜੇ ਪਹਿਲਾਂ ਆਪ ਧਾੜੇ ਮਾਰਨ। ਜਿਨ੍ਹਾਂ ਕੇਵਲ ਢਿੱਡ ਭਰਨਾ ਏ ਉਹ ਕੁੱਤਿਆਂ ਨੂੰ ਕਿਵੇਂ ਪਾਉਣ।

ਦੇਵਨੇਤ ਇਕ ਬੂਟੀਆਂ ਵਾਲੀ ਛੀਂਟ ਆ ਗਈ। ਇਹਨਾਂ ਪਾਸੋਂ ਇਕ ਗਾਹਕ ਨੂੰ ਅਸਲ ਭਾ ਨਾਲੋਂ ਸਾਢੇ ਪੰਜ ਪੈਸੇ ਗਜ਼ ਵੱਧ ਲੱਗ ਗਿਆ। ਇੰਸਪੈਕਟਰ ਛਾਪਾ ਮਾਰਿਆ। ਰਸੀਦ ਪਕੜੀ ਗਈ। ਵਿਰੋਧੀਆਂ ਘਰੀਂ ਘਿਓ ਦੇ ਦੀਵੇ ਬੱਲਣ ਲੱਗੇ। ਥਾਨ ਕਾਬੂ ਕਰ ਲਿਆ ਤੇ ਮੁਕਦਮਾ ਰਜਿਸਟਰ ਕਰਾ ਦਿੱਤਾ। ਜਿਸ ਕਿਸੇ ਸੁਣਿਆ ਬੜਾ ਅਫ਼ਸੋਸ ਕੀਤਾ। ਮਾੜੀ ਗੱਲ ਹੋਈ ਵਾਰ ਐਕਟ ਲਾਗੂ ਹੈ। ਫੇਰ ਸਭ ਖਾਊ ਯਾਰ ਹਨ। ਪ੍ਰੇਦਸ਼ ਦਾ ਮਾਮਲਾ ਹੈ, ਪਤਾ ਨਹੀਂ ਕੀ ਬਣੇ। ਕਲਿਜੁਗ ਸੈਨਿਕ ਮੂੰਹ ਜੋੜ ਜੋੜ ਗੱਲਾਂ ਕਰਨ। "ਪਰਦਾ ਈ ਚੰਗਾ ਏ। ਬਾਹਰੋਂ ਚਿੱਟੇ ਕੱਪੜੇ ਅੰਦਰੋਂ ਕਾਲੇ ਕਾਂ।" ਆਖਦੇ ਸਨ, ਬਾਬਾ ਸੰਤ ਏ। ਹੇਰਾ ਫੇਰੀ ਨਹੀਂ ਕਰਦਾ। ਭਾਈ! ਸਭ ਮੌਮੇ ਠੱਗਣੇ ਨੇ। ਹੁਣ ਜਦ ਸੱਤ ਸਾਲ ਦੀ ਸਜ਼ਾ ਹੋਈ, ਨਾਨੀ ਚੇਤੇ ਆ ਜਾਵੇਗੀ।"

ਔਖੇ ਵੇਲੇ ਦਾ ਨਾਮ ਰਹਿਣਾ, ਸੰਤਾਂ ਬਜਾਏ ਅਫ਼ਸਰਾਂ ਦੀਆਂ ਪ੍ਰਕਰਮਾ ਕਰਨ ਦੇ ਸ਼ਾਹਾਂ ਦੇ ਸ਼ਾਹ, ਦੀਆਂ ਪ੍ਰਕਰਮਾ ਅਰੰਭ ਦਿੱਤੀ। ਅਰਦਾਸਾ ਸੋਧਿਆ, "ਗ਼ਰੀਬ ਨਿਵਾਜ਼! ਇਹ ਸੁਭਾਵਿਕ ਹੋਇਆ ਏ। ਮੰਨੋਂ ਕੁਝ ਨਹੀਂ ਕੀਤਾ। ਪ੍ਰਦੇਸ ਵਿਚ ਹਾਂ। ਤੇਰੇ ਬਿਨਾਂ ਕੋਈ ਨਹੀਂ। ਤੂੰ ਹੀ ਡੁੱਬਦਿਆਂ ਦਾ ਸਹਾਰਾ ਏਂ।" ਸੰਤ ਬਰਾਜ ਗਏ। ਸਵੇਰੇ ਤਾਰੀਖ਼ ਸੀ। ਰਾਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ ਤੇ ਬਚਨ ਕੀਤਾ, "ਹਰਬੰਸ ਸਿੰਘ!

Sri Satguru Jagjit Singh Ji eLibrary NamdhariElibrary@gmail.com

ਫ਼ਿਕਰ ਨਾ ਕਰ ਸਤਿਗੁਰੂ ਰਾਮ ਸਿੰਘ ਜੀ ਤੇਰੀ ਸਹਾਇਤਾ ਕਰਨਗੇ। ਵਿਸ਼ਵਾਸ ਰੱਖਣਾ।" ਸੰਤ ਹਰਬੰਸ ਸਿੰਘ ਦੀ ਅੱਖ ਖੁੱਲ੍ਹੀ। ਉਸ ਸਮੇਂ ਇਸ਼ਨਾਨ ਕਰ ਲਿਵ ਚਰਨਾਂ ਵਿਚ ਜੋੜ ਦਿੱਤੀ।

ਸਵੇਰ ਹੋਈ। ਜਲ ਪ੍ਰਸ਼ਾਦ ਛੱਕਿਆ ਤੇ ਸੰਤ ਕਚਹਿਰੀ ਗਏ। ਜੱਜ ਵੀ ਆ ਗਿਆ। ਇੰਸਪੈਕਟਰ ਵੀ ਪੁੱਜਾ। ਸੀਲ ਬੰਦ ਥਾਨ ਖੁੱਲ੍ਹ ਗਏ, ਮਗਰ ਕਰਮਚਾਰੀਆਂ ਦੇ ਹੱਥਾਂ ਦੇ ਤੋਤੇ ਉੱਡ ਗਏ ਜਦ ਥਾਨਾਂ ਦੇ ਭਾ ਉਹ ਲਿਖਿਆ ਵੇਖਿਆ ਜਿਹੜਾ ਸੰਤ ਵਸੂਲ ਕੀਤਾ ਸੀ। ਇੰਸਪੈਕਟਰ ਜੱਜ ਦੇ ਮੂੰਹ ਵਲ ਤੱਕੇ, ਤੇ ਜੱਜ ਇੰਸਪੈਕਟਰ ਦੇ ਮੂੰਹ ਵੱਲ ਵੇਖੇ। ਕੀ ਸੋਚਦੇ ਸਾਂ, ਕੀ ਬਣ ਗਿਆ। ਲੈਣੇ ਦੇ ਦੇਣੇ ਪੈ ਗਏ। ਤਾਰੀਖ਼ ਅੱਗੇ ਪਾ ਦਿੱਤੀ। ਉਸੇ ਕਾਰਖਾਨੇ ਤੋਂ ਬੰਬਈਉਂ ਮਾਲ ਮੰਗਵਾਇਆ। ਮਗਰ ਭਾ ਉਹੋ ਜਿਹੜਾ ਸੰਤਾਂ ਵਸੂਲ ਕੀਤਾ ਸੀ। ਜੱਜ, ਇੰਸਪੈਕਟਰ ਤੇ ਹੋਰ ਕੰਟਰੋਲ ਕਰਮਚਾਰੀ ਸ਼ਰਮਸਾਰ ਸਨ। ਸਾਰੇ ਇਕ ਦੂਜੇ ਤੋਂ ਔਖੇ ਸਨ। ਪਰ ਜੱਜ ਫੇਰ ਵੀ ਸਿਆਣਪ ਕੀਤੀ ਦੋਵੇਂ ਹੱਥ ਜੋੜ ਮਾਫ਼ੀ ਮੰਗੀ ਤੇ ਸੰਤਾਂ ਨੂੰ ਸਾਫ਼ ਬਰੀ ਕਰ ਦਿੱਤਾ। ਸਾਰਾ ਮਾਲ ਸਹੀ ਸਲਾਮਤ ਵਾਪਸ ਭੇਜਿਆ ਗਿਆ। ਸਾਰੇ ਸੁਕੇਤ ਵਿੱਚੋਂ ਸਤਿਗੁਰੂ ਰਾਮ ਸਿੰਘ ਦੇ ਪਿਆਰਿਆਂ ਦੀ ਜੈ ਜੈ ਕਾਰ ਹੋਈ।

**ਭਜਨੀਕ ਸਿੰਘ**
ਮੰਡੀ

Sri Satguru Jagjit Singh Ji eLibrary NamdhariElibrary@gmail.com

# ਤੋਲ ਪੂਰਾ

ਦੇਸ਼ ਦੀ ਵੰਡ ਹੋ ਗਈ। ਇਸ ਉਥਲ ਪੁਥਲ ਵਿਚ ਉੱਚੇ ਨੀਵੇਂ ਤੇ ਨੀਵੇਂ ਉੱਚੇ ਹੋ ਗਏ। ਗੋਪਾਲ ਸਿੰਘ ਸਪੁੱਤਰ ਸੰਤ ਰੂੜ ਸਿੰਘ ਦਿੱਲੀ ਜਾ ਕੇ ਪਹਾੜ ਗੰਜ ਦੇ ਚੌਕ ਵਿਚ ਦੁਕਾਨ ਖੋਲ੍ਹ ਲਈ। ਸਭ ਵਾਸਤੇ ਨਵੇਂ ਰੱਸੇ ਤੇ ਨਵੇਂ ਪੈੜੇ ਸਨ। ਜਿਹੜਾ ਕੰਮ ਕਿਸੇ ਨੂੰ ਜੱਚਿਆ ਉਸ ਨੂੰ ਹੱਥ ਪਾ ਲਿਆ।

ਦੁਕਾਨ ਦੇ ਲਾਗੇ ਇਕ ਮਸ਼ੀਨ ਸੀ। ਮਸ਼ੀਨ ਵਾਲੇ ਆਟਾ ਵੀ ਪੀਂਦੇ ਸਨ ਤੇ ਰੂੰ ਵੀ ਪਿੰਜਦੇ ਸਨ। ਭਾਈ ਗੋਪਾਲ ਸਿੰਘ ਹੁਰਾਂ ਕਾਰਖਾਨੇ ਵਾਲਿਆਂ ਨਾਲ ਗੱਲ ਬਾਤ ਠਹਿਰਾ ਰਜ਼ਾਈਆਂ ਤਲਾਈਆਂ ਦਾ ਕੰਮ ਵੀ ਸੰਭਾਲ ਲਿਆ। ਇਹ ਬਾਜ਼ਾਰ ਵਿੱਚੋਂ ਰਜ਼ਾਈਆਂ ਤਲਾਈਆ ਲੈ ਲੈਂਦੇ ਤੇ ਮਸ਼ੀਨ ਵਾਲਿਆਂ ਨੂੰ ਦੇ ਆਉਂਦੇ। ਇਸ ਕੰਮ ਬਦਲੇ ਇਨ੍ਹਾਂ ਨੂੰ ਕਮਿਸ਼ਨ ਮਿਲ ਜਾਂਦੀ। ਜ਼ਮਾਨਾ ਕਲਿਜੁਗੀ ਹੈ, ਪਹਿਲਾਂ ਮਨੁੱਖ ਪਿਆਰ ਪਾਂਦਾ ਹੈ, ਮੁੜ ਸਵਾਰਥ ਦੇ ਘੋੜੇ ਤੇ ਸਵਾਰ ਹੋ ਬਹਿੰਦਾ ਹੈ। ਸਿਆਲ ਸਿਰੇ ਤੇ ਆ ਰਿਹਾ ਸੀ, ਤੇ ਕੱਪੜਿਆਂ ਦੀ ਲੋੜ ਸੀ, ਚੰਗਾ ਕੰਮ ਰਿੜ ਪਿਆ। ਪਰ ਥੋੜ੍ਹੇ ਚਿਰ ਪਿੱਛੋਂ ਮਸ਼ੀਨ ਵਾਲਿਆਂ ਘਪਲੇ ਮਾਰਨੇ ਸ਼ੁਰੂ ਕਰ ਦਿੱਤੇ। ਰੂੰ ਕੱਢਣੀ ਸ਼ੁਰੂ ਕਰ ਦਿੱਤੀ। ਰਜ਼ਾਈਆਂ ਪੂਰੀਆਂ ਨਾ ਉਤਰਨ। ਕਈਆਂ ਦੀ ਮਿਨਤ ਸਮਾਜਤ ਕਰਨੀ ਪਈ। ਕਈਆਂ ਨੂੰ ਪੈਸੇ ਭਰਕੇ ਦਿੱਤੇ, ਪਰ ਜਦ ਅੰਬਰੀ ਵੇਲ ਰੁੱਖ ਨੂੰ ਘੇਰ ਲਵੇ ਫੇਰ ਰੁੱਖ ਦਾ ਬਚਾ ਕਿਵੇਂ।

ਲਾਗੇ ਇਕ ਹੋਰ ਰੂੰ ਦੀ ਦੁਕਾਨ ਸੀ। ਕੁੱਤੇ ਦਾ ਕੁੱਤਾ ਵੈਰੀ, ਉਸ ਨੂੰ ਦਾਉ ਲੱਗ ਗਿਆ। ਉਸ ਨੇ ਇਲਾਕੇ ਦੇ ਇੰਸਪੈਕਟਰ ਨੂੰ ਇਤਲਾਹ ਦਿੱਤੀ ਕਿ ਇਹ ਸਿੱਖ ਰੂੰ ਦੀ ਚੋਰੀ ਕਰਦੇ ਹਨ। ਅੰਨ੍ਹਾਂ ਕੀ ਭਾਲੇ ਦੋ ਅੱਖਾਂ, ਉਸ ਇੰਸਪੈਕਟਰ ਕਿਸੇ ਦੀ ਛਿੱਲ ਲਾਹਕੇ ਰੇਸ਼ਮੀ ਰਜ਼ਾਈਆਂ ਭਰਾਉਣ ਵਾਸਤੇ ਭਾਈ ਗੋਪਾਲ ਸਿੰਘ ਹੁਰਾਂ ਪਾਸ ਲੈ ਆਇਆ ਤੇ ਫਰਊਨ ਵਾਂਗੂ ਫੁੰਕਾਰੇ ਮਾਰਦਿਆਂ ਆਖਿਆ 'ਸਰਦਾਰੋ! ਖ਼ਿਆਲ ਰਖਣਾ। ਰੂੰ ਘੱਟੇ ਨਾ! ਨਹੀਂ ਤਾਂ ਦੁਕਾਨ ਚੁਕਵਾ ਦਿਆਂਗਾ ਤੇ ਵੱਡੇ ਘਰ ਦੀ ਸੈਰ ਵੀ ਕਰਨੀ ਪਵੇਗੀ।'

ਭਾਈ ਗੋਪਾਲ ਸਿੰਘ ਰਜ਼ਾਈਆਂ ਲੈ ਲਈਆਂ ਤੇ ਮਸ਼ੀਨ ਵਾਲੇ ਕੋਲ ਆਪ ਗਿਆ ਤੇ ਸਮਝਾਇਆ 'ਇਹ ਰਜ਼ਾਈਆਂ ਇੰਸਪੈਕਟਰ ਦੀਆਂ ਹਨ। ਫ਼ਕਰ ਨਾ ਪਵੇ' ਪਰ ਜਿਨ੍ਹਾਂ ਦੇ ਮੂੰਹ ਲਹੂ ਲੱਗ ਚੁੱਕਾ ਹੋਵੇ, ਉਹ ਦੰਦ ਮਾਰਨੋਂ ਕੱਦ ਬਾਜ਼ ਆਉਂਦੇ ਨੇ। ਰਜ਼ਾਈਆਂ ਕੰਡੇ ਰੱਖੀਆਂ ਤੇ ਉਹ ਵੀ ਅੱਧ ਅੱਧ ਸੇਰ ਘੱਟ।

ਇਕਰਾਰ ਮੂਜਬ ਇੰਸਪੈਕਟਰ ਰਜ਼ਾਈਆਂ ਲੈਣ ਆਇਆ ਤੇ ਰਜ਼ਾਈਆਂ ਦੀ

Sri Satguru Jagjit Singh Ji eLibrary NamdhariElibrary@gmail.com

ਮੰਗ ਕੀਤੀ। ਭਾਈ ਗੋਪਾਲ ਸਿੰਘ ਨੇ ਅਜੀਤ ਸਿੰਘ, ਆਪਣੇ ਕਾਕੇ ਨੂੰ ਆਵਾਜ਼ ਦਿੱਤੀ ਤੇ ਆਖਿਆ 'ਪੁੱਤਰ! ਇੰਸਪੈਕਟਰ ਸਾਹਿਬ ਦੀਆਂ ਰਜ਼ਾਈਆਂ ਅੰਦਰੋਂ ਲਿਆ। ਅਜੀਤ ਸਿੰਘ ਅੰਦਰ ਤਾਂ ਚਲਾ ਗਿਆ, ਪਰ ਲਿਆਵੇ ਕੀ? ਉਹ ਤਾਂ ਅੱਧ ਅੱਧ ਸੇਰ ਘੱਟ ਸਨ। ਅੰਦਰ ਜਾ ਕੇ ਅਜੀਤ ਸਿੰਘ ਨੂੰ ਸਵਾਏ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੇ ਕੁਝ ਨਾ ਔੜਿਆ, 'ਹੇ ਗ਼ਰੀਬ ਨਿਵਾਜ਼! ਲਾਜ ਰੱਖ ਸਾਡੇ ਵਿਚ ਖੋਟ ਨਹੀਂ ਕਲਿਜੁਗੀ ਸੰਸਾਰ ਕੂੜ ਵਿਹਾਜ ਰਿਹਾ ਹੈ ਤੂੰ ਬਿਰਦ ਬਾਣੇ ਦੀ ਪਾਲਣਾ ਕਰ। ਤੇਰੇ ਸਿੱਖ ਦੀ ਨਮੋਸ਼ੀ ਤੇਰੀ ਨਮੋਸ਼ੀ। ਤੂੰ ਭਾਈ ਕਟਾਰੂ ਦੀ ਕਾਬਲ ਵਿਚ ਸਹਾਇਤਾ ਕੀਤੀ। ਬਹੁੜੀ ਕਰ! ਚਿੱਟੀ ਪੱਗ ਨੂੰ ਦਾਗ਼ ਨਾ ਲੱਗੇ।' ਅਜੀਤ ਸਿੰਘ ਅਰਦਾਸਾ ਸੋਧ ਰਜ਼ਾਈਆਂ ਲੈ ਕੇ ਬਾਹਰ ਆਇਆ। ਚਿਹਰੇ ਤੇ ਸਿਦਕ ਦੀ ਲਾਲੀ ਤੇ ਅਫ਼ਸੋਸ ਦੀ ਧੂੜੀ ਸੀ। ਪਰ ਗੰਭੀਰਤਾ ਨਾਲ ਉੱਤਰ ਦਿੱਤਾ, 'ਭਾਈਆ ਜੀ! ਰਜ਼ਾਈਆਂ ਸਾਰੇ ਮਾਲ ਦੇ ਥੱਲੇ ਸਨ। ਕੱਢਦਿਆਂ ਦੇਰ ਹੋ ਗਈ ਏ।' ਰਜ਼ਾਈਆਂ ਕੰਡੇ ਤੇ ਰਖੀਆਂ ਗਈਆਂ ਦੂਜੇ ਪਾਸੇ ਤੇ ਵੱਟੇ। ਪਿਉ ਪੁੱਤ ਦਾ ਦਿਲ ਬਾਗੋ ਬਾਗ ਹੋ ਗਿਆ, ਜਦ ਕੰਡੇ ਦੀ ਸੂਈ ਪੂਰਾ ਤੋਲ ਦੇ ਰਹੀ ਸੀ। ਇੰਸਪੈਕਟਰ ਰਜ਼ਾਈਆਂ ਦੂਜੇ ਪੱਲੇ ਤੇ ਰਖਵਾਈਆਂ ਓਧਰ ਵੀ ਪੂਰਾ ਤੋਲ ਉਤਰਿਆ।

ਇੰਸਪੈਕਟਰ ਰਜ਼ਾਈਆਂ ਲੈ ਘਰ ਰਵਾਨਾ ਹੋਇਆ, ਪਰ ਅਜੀਤ ਸਿੰਘ ਨੇ ਪਿਤਾ ਨੂੰ ਕਿਹਾ ਭਾਈਆ ਜੀ! ਅੱਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗ਼ਰੀਬਾਂ ਦੀ ਲਾਜ ਰੱਖੀ ਹੈ। ਹੁਣ ਤੁਹਾਡੇ ਸਾਹਮਣੇ ਤੋਲੀਆਂ ਸਨ। ਸੇਰ ਦਾ ਫ਼ਰਕ ਸੀ। ਹੁਣ ਦਸ ਮਿੰਟਾਂ ਪਿੱਛੋਂ ਪੂਰੀਆਂ, ਇਹ ਘਾਟ ਪੂਰੀ ਕਰਨ ਵਾਲੇ ਮੇਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਹਨ। ਹੋਰ ਕੋਈ ਨਹੀਂ। ਉਨ੍ਹਾਂ ਹੀ ਸਿੱਧੀ ਪੱਗ ਨੂੰ ਦਾਗ਼ ਨਹੀਂ ਲੱਗਣ ਦਿੱਤਾ।'

**ਅਜੀਤ ਸਿੰਘ ਖੁਰਾਣਾ**

Sri Satguru Jagjit Singh Ji eLibrary NamdhariElibrary@gmail.com

## ਰੀਢ-ਕੱਪ ਨੌਂ ਦੋ ਯਾਰਾਂ

ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸਕੈ ਬਲਿ ਜਾਉ॥
ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੈ ਥਾਉ॥
ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾਕਾ ਨਾਉ॥
ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ॥
(ਸੋਰਠਿ ਮਹਲਾ ੫, ਪੰਨਾ ੬੪੦)

'ਸਿੱਖਾ! ਇਹ ਮਾਇਆ ਤੇਰੀ ਹੈ, ਇਸ ਨੂੰ ਕੋਈ ਭੜੂਆ ਤੈਥੋਂ ਲੈ ਨਹੀਂ ਸਕਦਾ।' ਅਰਦਾਸੇ ਪਿੱਛੋਂ ਇਹ ਸ਼ਬਦ ਭਾਈ ਜੈ ਸਿੰਘ ਦੇ ਕੰਨਾਂ ਵਿਚ ਗੂੰਜਣ ਲੱਗ ਪਏ।

ਸਤਿਗੁਰ!! ਮੇਰੇ ਸਤਿਗੁਰ ਦੀ ਆਵਾਜ਼ ਏ, ਇਹ ਸ਼ਬਦ ਕਹਿੰਦਿਆਂ ਭਾਈ ਜੈ ਸਿੰਘ ਦੇ ਚਿਹਰੇ ਤੇ ਵਿਸ਼ਵਾਸ ਲਿਸ਼ਕਾਂ ਮਾਰਨ ਲੱਗ ਪਿਆ ਅਤੇ ਭਰੋਸਾ ਕਿ ਸਤਿਗੁਰੂ ਪ੍ਰਤਾਪ ਸਿੰਘ ਮੇਰੇ ਅੰਗ ਸੰਗ ਹਨ। ਉਸੇ ਵੇਲੇ ਭਾਈ ਹੁਰਾਂ 5 ਹਜ਼ਾਰ ਦੀ ਗਠੜੀ ਕੱਢਕੇ ਉਚੱਕਿਆਂ ਨੂੰ ਵਿਖਾਈ ਤੇ ਆਖਿਆ 'ਮੇਰੇ ਸਤਿਗੁਰ ਮੈਨੂੰ ਕਹਿ ਰਿਹਾ ਹੈ, ਕਿ ਇਹ ਮਾਇਆ ਮੇਰੀ ਹੈ। ਤੁਹਾਡੇ ਕੋਲ ਨਹੀਂ ਜਾ ਸਕਦੀ।' ਪਤਾ ਨਹੀਂ ਸਤਿਗੁਰਾਂ ਨੇ ਉਨ੍ਹਾਂ ਰੀਢ ਕਪਾਂ ਨੂੰ ਕੀ ਵਖਾਇਆ, ਕਿ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਤੇ ਉਹ ਦੱਬੇ ਪੈਰੀਂ ਪਿਛਾਂ ਹੱਟ ਗਏ ਤੇ ਟਾਂਗੇ ਵਾਲੇ ਨੂੰ ਸੈਨਤ ਮਾਰੀ, ਉਸ ਵੀ ਵਾਂਗਾਂ ਚੁੱਕ ਲਈਆਂ ਤੇ ਸਾਰੇ ਨੌਂ ਦੋ ਯਾਰਾਂ ਹੋ ਗਏ।'

ਗੱਲ ਕੋਈ ਬਹੁਤੀ ਪੁਰਾਣੀ ਨਹੀਂ, 1943 ਦੇ ਨੇੜ ਤੇੜ ਦਾ ਜ਼ਿਕਰ ਹੈ, ਕਿ ਭਾਈ ਜੈ ਸਿੰਘ ਡਾਲਟਨ ਰੀਜੀਆ ਗੁਜਰਾਂਵਾਲੇ ਰਹਿੰਦਾ ਸੀ। ਵੜੇਵੇਂ ਖ਼ਰੀਦਣ ਵਾਸਤੇ ਤਿਆਰ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸਾ ਸੋਧਿਆ ਤੇ ਸ੍ਰੀ ਭੈਣੀ ਦੇ ਲੰਗਰ ਵਾਸਤੇ ਪੰਜ ਰੁਪਏ ਰਾਖਵੇਂ ਰੱਖੇ। ਇਹ ਉਨ੍ਹਾਂ ਦਾ ਨਿਤਾ ਪ੍ਰਤੀ ਦਾ ਵਿਹਾਰ ਸੀ, ਕਿ ਜਦ ਬਾਹਰ ਕਾਰ ਵਿਹਾਰ ਤੇ ਤੁਰਨ, ਅਰਦਾਸ ਕਰਨ ਤੇ ਪੰਜ ਰੁਪਏ ਲੰਗਰ ਵਾਸਤੇ ਕੱਢ ਦੇਣੇ ਭਾਈ ਜੈ ਸਿੰਘ ਹਜ਼ਾਰ ਰੁਪਏ ਦਾ ਬੰਦੋਬਸਤ ਕਰ, ਨੋਟਾਂ ਨੂੰ ਇਕ ਥੈਲੇ ਵਿਚ ਪਾ ਲੱਕ ਦੁਆਲੇ ਬੰਨ ਸਟੇਸ਼ਨ ਨੂੰ ਰਵਾਨਾ ਹੋਇਆ। ਰੀਢ-ਕੱਪਾਂ ਦੀ ਨਜ਼ਰ ਪੈ ਗਈ, ਉਹ ਵੀ ਮਗਰ ਲੱਗ ਟੁਰੇ। ਸੰਤਾਂ ਟਿਕਟ ਖ਼ਰੀਦੀ ਤੇ ਡੱਬੇ ਵਿਚ ਬਹਿ ਗਏ ਉਹ ਉਚੱਕੇ ਵੀ ਵਾਰੀ ਵਾਰੀ ਆ ਕੇ ਲਾਗੇ ਬਹਿੰਦੇ ਗਏ। ਲੱਗੇ ਏਧਰ ਓਧਰ ਦੀਆਂ ਗੱਲਾਂ ਮਾਰਨ। ਭਾਈ ਜੈ ਸਿੰਘ ਹੁਰਾਂ ਨੂੰ ਦਾਲ ਵਿਚ ਕੁਝ ਕਾਲਾ ਨਜ਼ਰੀਂ ਆਇਆ ਤੇ ਐਮਨਾਬਾਦੋਂ ਗੱਡੀਉਂ ਉਤਰ ਕੇ ਡੱਬਾ ਬਦਲ ਲਿਆ। ਪਰ ਜਿਹੜੇ ਰੀਢ-ਕੱਪੇ ਸੁਖਣਾ ਸੁਖ ਘਰੋਂ ਨਿਕਲੇ ਹੋਣ ਉਹ ਕਦ ਪਿੱਛਾ ਛੱਡਦੇ ਸਨ, ਉਹ ਵੀ ਹੌਲੀ ਹੌਲੀ ਉਸ ਡੱਬੇ ਪੁੱਜ ਗਏ। ਸੰਤਾਂ

Sri Satguru Jagjit Singh Ji eLibrary NamdhariElibrary@gmail.com

ਦਾ ਸ਼ੱਕ ਹੋਰ ਵੀ ਪੱਕਾ ਹੋ ਗਿਆ ਤੇ ਲੱਗੇ ਗੁਰੂ ਗੁਰੂ ਜਪਣ। ਇਤਨੇ ਨੂੰ ਲਾਹੌਰ ਦਾ ਸਟੇਸ਼ਨ ਆ ਗਿਆ ਤੇ ਭਾਈ ਜੈ ਸਿੰਘ ਗੱਡੀਉਂ ਉਤਰ, ਸਟੇਸ਼ਨੋਂ ਬਾਹਰ ਆ ਕੇ ਟਾਂਗਾ ਕੀਤਾ ਤੇ ਬਹਿ ਗਏ। ਉਹ ਨੌਸਰ ਬਾਜ਼ ਵੀ ਟਾਂਗੇ ਵਿਚ ਆ ਬੈਠੇ ਤੇ ਟਾਂਗੇ ਵਾਲੇ ਨਾਲ ਕੋਈ ਸੀਟੀ ਰਲਾਈ। ਟਾਂਗੇ ਵਾਲਾ ਬਜਾਏ ਕਾਰਖਾਨੇ ਵਲ ਜਾਣ ਦੇ ਮੁਹੱਲੇ ਵਲ ਲੈ ਮੁੜਿਆ ਤੇ ਆਖਿਆ ਘੋੜੀ ਸਵੇਰ ਦੀ ਥੱਕੀ ਹੋਈ ਏ, ਦੂਸਰੀ ਨੂੰ ਲੈ ਲਈਏ। ਸੰਤ ਟਾਂਗੇ ਵਾਲੇ ਦੀ ਖੋਟੀ ਨੀਯਤ ਨੂੰ ਤਾੜ ਗਏ ਤੇ ਉਹ ਟਾਂਗਾ ਛੱਡ, ਦੂਜਾ ਟਾਂਗਾ ਫੜ ਲਿਆ, ਪਰ ਸ਼ਿਕਾਰੀ ਵੀ ਮਗਰ ਮਗਰ ਗਏ ਤੇ ਉਸ ਟਾਂਗੇ ਵਾਲੇ ਨੂੰ ਗੰਢ ਲਿਆ। ਉਹ ਟਾਂਗੇ ਨੂੰ ਉਜਾੜ ਵਾਲੇ ਪਾਸੇ ਲੈ ਟੁਰਿਆ।

ਹੁਣ ਸੰਤਾਂ ਨੂੰ ਕੋਈ ਹੋਰ ਜੁਗਤ ਨਾ ਸੁੱਝੀ ਬੈਠਿਆਂ ਬੈਠਿਆਂ ਸਤਿਗੁਰੂ ਪ੍ਰਤਾਪ ਸਿੰਘ ਦੇ ਚਰਨਾਂ ਵਲ ਧਿਆਨ ਕੀਤਾ ਤੇ ਬੇਨਤੀ ਕੀਤੀ ਉਹ ਅਪੜ ਗਈ ਤੇ ਸੱਚੇ ਪਾਤਸ਼ਾਹ ਉਸੇ ਵੇਲੇ ਜੈ ਸਿੰਘ ਪਾਸ ਪੁੱਜ ਗਏ ਤੇ ਕੰਨ ਵਿਚ ਕਹਿ ਦਿੱਤਾ 'ਮੈਂ ਆ ਗਿਆ ਹਾਂ, ਤੂੰ ਫ਼ਿਕਰ ਨਾ ਕਰ।' ਇਤਨੇ ਨੂੰ ਸਾਹਮਣਿਉਂ ਪੰਜ-ਸੱਤ ਬੰਦੂਕਾਂ ਵਾਲੇ ਫ਼ੌਜੀ ਆਉਂਦੇ ਦਿਸ ਪਏ। ਬਦਮਾਸ਼ਾਂ ਨੂੰ ਮਾਇਆ ਭੁੱਲ ਗਈ ਤੇ ਆਪਣੀ ਜਾਨ ਦੀ ਪੈ ਗਈ। ਅੱਖ ਬਚਾ ਕੇ ਉਹ ਸਾਰੇ ਟਾਂਗੇ ਸਮੇਤ ਰਫੂ ਚੱਕਰ ਹੋ ਗਏ ਤੇ ਭਾਈ ਜੈ ਸਿੰਘ ਕਾਰਖਾਨੇ ਵਲ ਰੁਖ ਕੀਤਾ।

ਇਸੇ ਤਰ੍ਹਾਂ ਦੀ ਸੰਤ ਜੈ ਸਿੰਘ ਹੋਰਾਂ ਨਾਲ ਇਕ ਹੋਰ ਘਟਨਾ ਵਾਪਰੀ। ਉਨ੍ਹਾਂ ਨੇ ਆਪਣੀ ਬੀਬੀ ਦਾ ਕਾਰਜ ਸੁਧਾਇਆ ਤੇ ਆਪ ਸਾਮਾਨ ਇਕੱਠਾ ਕਰਨ ਲਈ ਦਿੱਲੀ ਆਏ। ਕੁਝ ਮਨ ਮਰਜ਼ੀ ਦਾ ਕੱਪੜਾ, 20 ਤੋਲੇ ਸੋਨਾ ਤੇ ਹੋਰ ਸਮਗਰੀ ਖ਼ਰੀਦੀ। ਸੰਤ ਜੀ ਸੋਨਾ ਤਾਂ ਲੱਕ ਦੁਆਲੇ ਬੰਨ ਲਿਆ ਤੇ ਅਰਦਾਸਾ ਸੋਧ ਡਾਲਟਨ ਗੰਜ ਨੂੰ ਰਵਾਨਾ ਹੋਏ। ਉਨ੍ਹੀਂ ਦਿਨੀਂ ਸੋਨੇ ਬਾਰੇ ਨਵਾਂ ਨਵਾਂ ਕਾਨੂੰਨ ਬਣਿਆ ਸੀ ਕਿ 14 ਕੈਰਟ ਵੱਧ ਸੋਨੇ ਦਾ ਗਹਿਣਾ ਨਹੀਂ ਬਣ ਸਕਦਾ ਸੀ। ਗੱਡੀ ਚੱਲਦੀ ਗਈ। ਇਕ ਸਟੇਸ਼ਨ ਐਸਾ ਆਇਆ ਕਿ ਪੁਲੀਸ ਅਫੀਮ ਦੇ ਸਮਗਲਰਾਂ ਦਾ ਪਿੱਛਾ ਕਰਦੀ ਉਸ ਡੱਬੇ ਵਿਚ ਆ ਧਮਕੀ। ਸਭ ਦੀ ਜਾਮਾ ਤਲਾਸ਼ੀ ਸ਼ੁਰੂ ਹੋ ਗਈ। ਇਨ੍ਹਾਂ ਕੋਲ ਭਾਵੇਂ ਅਫੀਮ ਤਾਂ ਨਹੀਂ ਸੀ, ਮਗਰ ਸੋਨਾ ਤਾਂ ਜ਼ਰੂਰ ਸੀ ਜਿਹੜਾ ਕਾਨੂੰਨ ਦੀ ਜਦ ਵਿਚ ਆ ਸਕਦਾ ਸੀ। ਸਿਪਾਹੀ ਇਨ੍ਹਾਂ ਕੋਲ ਆਇਆ, ਸਾਮਾਨ ਵੇਖਿਆ, ਫੇਰ ਖੜਾ ਕਰਾ ਲਿਆ, ਸਿਰ ਤੋਂ ਲੈ ਕੇ ਲੱਕ ਤਕ ਤਿੰਨ ਚਾਰ ਵੇਰੀ ਟੋਹਿਆ। ਸੋਨੇ ਉਪਰ ਵੀ ਹੱਥ ਵੱਜਾ, ਮਗਰ ਇਨ੍ਹਾਂ ਦੀ ਸੁਰਤੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਜੁੜੀ ਰਹੀ। ਇਹ ਨਹੀਂ ਸਮਝ ਆਈ ਕਿ ਪੁਲੀਸ ਨੇ ਗੰਢ ਵਾਲੇ ਥਾਂ ਦੀ ਕਿਉਂ ਛਾਣ ਬੀਣ ਨਾ ਕੀਤੀ, ਜਾਂ ਕਰਤਾ ਪੁਰਖ ਨੇ ਉਸ ਹੱਥ ਨੂੰ ਗੰਢ ਵੀ ਸਾਖ਼ ਵਿਖਾਇਆ। ਇਸ ਦੇ ਭੇਤ ਨੂੰ ਸਤਿਗੁਰੂ ਜਾਣੇ ਪੁਲੀਸ ਚਲੀ ਗਈ ਤੇ ਸੰਤਾਂ ਸਤਿਗੁਰਾਂ ਦਾ ਲੱਖ ਲੱਖ ਸ਼ੁਕਰ ਮਨਾਇਆ।

**ਸੁਖਬੀਰ ਸਿੰਘ 'ਦਿੱਲੀ'**

Sri Satguru Jagjit Singh Ji eLibrary NamdhariElibrary@gmail.com

# ਹੈਂਕੜਬਾਜ ਚਰਨੀਂ

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਆ॥**
**ਨਰਕ ਘੋਰ ਦੂਖ ਖੂਹ ਹੈ, ਓਥੈ ਪਕੜਿ ਓਹ ਢੋਇਆ॥**
**ਜਿਸ ਕ੍ਰਿਪਾ ਕਰੇ ਪ੍ਰਭ ਆਪਣੀ ਤਿਸ ਸਤਿਗੁਰ ਕੇ ਚਰਣ ਧੋਇਆ॥**
**ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉਂ ਲੋਹਾ ਕਾਠ ਸਗੋਇਆ॥**
(ਸਲੋਕ ਮਹਲਾ ੪)

ਰੀਗਾ ਸਿੰਘ ਵਾਲਾ, ਡਿਚਕੋਟ ਦੇ ਲਾਗੇ ਜ਼ਿਲ੍ਹਾ ਲਾਇਲਪੁਰ ਵਿਚ ਸਿੱਖਾਂ ਦਾ ਉੱਘਾ ਪਿੰਡ ਸੀ। ਉੱਥੇ ਸੋਹਣ ਸਿੰਘ, ਦਫੇਦਾਰ ਦਾ ਪੁੱਤਰ ਤੇ ਸੂਬੇਦਾਰ ਦਾ ਪੋਤਰਾ, ਅੰਗਰੇਜ਼ ਦੇ ਰਾਜ ਵੇਲੇ ਪੂਰਾ ਲਾਟ ਸਾਹਿਬ, ਘਮੰਡੀ ਆਕੜ ਖਾਨ। ਸੌ ਚੂਹੜੇ ਵੀ ਉਸਦੀ ਆਕੜ ਨਹੀਂ ਚੱਕ ਸਕਦੇ ਸਨ। ਮੋਢਿਆਂ ਤੋਂ ਥੁਕਣਾਂ, ਰਾਹ ਜਾਂਦਿਆਂ ਨੂੰ ਟਿਚਕਰਾਂ ਕਰਨੀਆਂ, ਤੇ ਬੋਲੀਆਂ ਮਾਰਨੀਆਂ ਉਸ ਦਾ ਸੁਭਾ ਸੀ।

ਸੰਤ ਸੋਹਣ ਸਿੰਘ ਗੁਨੇ ਵਾਲਿਆਂ, ਸੰਤ ਬੇਲਾ ਸਿੰਘ ਤੇ ਹੋਰ ਅਨੇਕ ਮਹਾਂ ਪੁਰਸ਼ਾਂ ਸਮਝਾਇਆ, ਪਰ ਨਿਰਾ ਪੱਥਰ ਸੀ ਪੱਥਰ। ਤਿੱਤਰ ਬਟੇਰੇ ਮਾਰਨੇ, ਕਬਾਬ, ਭੁੰਨਣੇ, ਦਾਰੂ ਪੀਣਾ, ਇਸ ਦੇ ਨਿਤ ਦੇ ਕਰਮ ਸਨ। ਮੰਦਾ ਖਾਣਾ, ਮੰਦਾ ਪੀਣਾ ਤੇ ਮੰਦਾ ਹੀ ਬੋਲਣਾ ਇਸ ਦੇ ਖਮੀਰ ਵਿਚ ਦਾਖ਼ਲ ਸੀ।

ਇਸੇ ਨਗਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਭੌਰਾ, ਰਲਾ ਸਿੰਘ ਮਜ਼੍ਹਬੀ ਸਿੰਘ ਵਸਦਾ ਸੀ। ਅੱਖਾਂ ਕਮਜ਼ੋਰ ਸਨ ਤੇ ਮਾਲੀ ਹਾਲਤ ਵੀ ਪਤਲੀ ਸੀ, ਪਰ ਦਿਲ ਦਾ ਬਾਦਸ਼ਾਹ। ਹਰ ਵੇਲੇ ਰੰਗ ਵਿਚ ਰਹਿੰਦਾ। ਇਕ ਦਿਨ ਸੋਹਣ ਸਿੰਘ ਰਲਾ ਸਿੰਘ ਨੂੰ ਮਿਲਿਆ ਤੇ ਹਸਦਿਆਂ ਆਖਿਆ "ਰਲਾ ਸਿੰਘ! ਤੇਰੀਆਂ ਅੱਖਾਂ ਕਮਜ਼ੋਰ ਹਨ। ਕੁਝ ਖਾਇਆ ਪੀਆ ਕਰ। ਕੁੱਕੜ ਦੀ ਤਰੀ ਤੈਨੂੰ ਮੋਟਾ ਤਾਜ਼ਾ ਬਣਾ ਦੇਵੇਗੀ। ਰਲਾ ਸਿੰਘ ਕਿਹਾ, ਮੈਨੂੰ ਅਜਿਹੀ ਤਰੀ ਦੀ ਲੋੜ ਨਹੀਂ ਸਭ ਸ਼ਕਤੀਆਂ ਮੇਰੇ ਸਤਿਗੁਰ ਦੇ ਚਰਨਾਂ ਵਿਚ ਰੁਲਦੀਆਂ ਫਿਰਦੀਆਂ ਹਨ। ਉਹ ਕਰਮ-ਦ੍ਰਿਸ਼ਟੀ ਕਰਨ ਤਾਂ ਮੁਰਦੇ ਜੀਉਂਦੇ ਹੋ ਉੱਠਣ। ਸਰਦਾਰਾ ਟਿਚਕਰਾਂ ਤੋਂ ਬਾਜ਼ ਆ ਜਾ।" "ਮੁਰਦੇ ਜੀਉਂਦੇ ਕਰ ਦੇਵੇ! ਮਿਹਰਾਂ ਕਰ ਦੇਵੇਂ! ਬੜੀਆਂ ਡੀਂਗਾਂ ਮਾਰ ਰਿਹਾ ਹੈਂ, ਸਤਿਗੁਰੂ, ਸਤਿਗੁਰੂ, ਸਤਿਗੁਰੂ। ਉਹ ਤਾਂ ਸਾਡਾ ਭਰਾ ਹੈ। ਤਰਖਾਣ, ਐਵੇਂ ਫੜ੍ਹਾਂ ਨਾ ਮਾਰ। ਜੇ ਕੋਈ ਤਾਕਤ ਹੈ ਤਾਂ ਉਸ ਨੂੰ ਕਹੋ ਵਿਖਾਵੇ।"

ਡੇਰੇ ਦੀ ਮਾਈ ਪ੍ਰੇਮ ਕੌਰ ਵੀ ਸੁਣ ਰਹੀ ਸੀ, ਉਸ ਕੋਲੋਂ ਰਿਹਾ ਨਾ ਗਿਆ ਉਸ ਕਿਹਾ, 'ਸਰਦਾਰਾ! ਰੱਬ ਦਾ ਖ਼ੌਫ਼ ਖਾਇਆ ਕਰ! ਭਜਨ ਬਾਣੀ ਵੱਲ

Sri Satguru Jagjit Singh Ji eLibrary NamdhariElibrary@gmail.com

ਧਿਆਨ ਧਰਿਆ ਕਰ! ਸਤਿਗੁਰ ਨੇ ਮਨੁੱਖਾ ਜਨਮ ਬਖਸ਼ਿਆ ਹੈ ਭੰਗ ਦੇ ਭਾੜੇ ਨਾ ਗਵਾ। ਇਸ ਤੋਂ ਘੁਥਾ ਚੌਰਾਸੀ ਵਿਚ ਜਾ ਪਵੇਂਗਾ! ਸਤਿਗੁਰ ਨੂੰ ਆਕੜ ਨਹੀਂ ਭੌਂਦੀ।" "ਐਮਾ! ਤੈਨੂੰ ਭੁਲੇਖਾ ਹੈ। ਮੈਂ ਸੱਚ ਆਖਦਾ ਹਾਂ। ਕੂਕੇ ਭੁੱਲੇ ਫਿਰਦੇ ਹਨ। ਦਸਵੇਂ ਗੁਰੂ ਪਿੱਛੋਂ ਕੋਈ ਗੁਰੂ ਨਹੀਂ ਹੋਇਆ। ਉਹ ਗੁਰੂ ਆਪ ਸ਼ੇਰ ਸੀ। ਮਾਸ ਖਾਣਾ ਸ਼ੇਰ ਦਾ ਧਰਮ ਹੈ। ਅਸੀਂ ਉਸ ਦੇ ਸਿੱਖ ਹਾਂ ਸਾਨੂੰ ਮਾਸ ਦਾ ਕੋਈ ਪਾਪ ਨਹੀਂ ਸਾਰੇ ਕੂਕਿਆਂ ਨੂੰ ਤੜਕਾ ਲਾ ਕੇ ਖਾਣਾ ਚਾਹੀਦਾ ਹੈ।" "ਚੰਗਾ ਬੱਚਾ! ਸਤਿਗੁਰ ਤੈਨੂੰ ਸੁਮੱਤ ਬਖਸ਼ਣ! ਤੈਨੂੰ ਚਾਨਣ ਹੋਵੇ।" "ਲਓ! ਪ੍ਰਤਾਪ ਸਿੰਘ ਗੁਰੂ ਹੈ ਤਾਂ ਮੈਨੂੰ ਬਣਾ ਲਵੇ ਕੂਕਾ! ਤਦ ਮੈਂ ਜਾਣਾ। ਮੈਂ ਅਕਾਲੀ ਹਾਂ; ਅਕਾਲੀ ਹਾਂ; ਅਕਾਲੀ ਹਾਂ।"

ਦੇਵਨੇਤ ਸੋਹਣ ਸਿੰਘ ਦੇ ਇੱਕੋ ਇਕ ਪੁੱਤਰ ਕੁਲਦੀਪ ਸਿੰਘ ਨੂੰ ਬੁਖਾਰ ਹੋ ਗਿਆ ਤੇ ਉਹ ਘਟਦਾ ਘਟਦਾ ਆਖ਼ਰੀ ਸਵਾਸਾਂ ਤੇ ਪੁੱਜ ਗਿਆ। ਬਥੇਰੀ ਭੱਜ ਦੌੜ ਕੀਤੀ, ਪਰ ਕਿਸੇ ਦਵਾਈ ਕਾਟ ਨਾ ਕੀਤੀ। ਅੱਗੇ ਉਸ ਦੇ ਦੋ ਬੱਚੇ ਮਰ ਗਏ ਸਨ। ਉਸ ਦੀ ਸਿੱਖਣੀ ਨੂੰ ਅਠਰ੍ਹਾ ਦੀ ਬਿਮਾਰੀ ਸੀ। ਬੱਚੇ ਦੀ ਇਹ ਹਾਲਤ ਵੇਖ ਉਸਦੀ ਖਾਨਿਉਂ ਗਈ। ਭੱਜਾ ਭੱਜਾ ਡਿਚਕੋਟ ਗਿਆ ਤੇ ਦਵਾਈ ਲਿਆਇਆ, ਗਲੀ ਵਿੱਚੋਂ ਲੰਘਦਿਆਂ ਅੱਗੋਂ ਰਲਾ ਸਿੰਘ ਮਿਲ ਗਿਆ ਤੇ ਉਸਨੇ ਬੱਚੇ ਦੀ ਸੁੱਖ ਸਾਂਦ ਪੁੱਛੀ। ਪਰ ਸੋਹਣ ਸਿੰਘ ਬਿਨਾ ਉੱਤਰ ਦਿੱਤੇ ਅੱਗੇ ਨਿਕਲ ਗਿਆ। ਘਰੋਂ ਵਿਹਲਾ ਹੋ ਰਲਾ ਸਿੰਘ ਸੋਹਣ ਸਿੰਘ ਦੇ ਘਰ ਗਿਆ। ਅੱਗੇ ਕੁਰਲਾਟ ਮੱਚੀ ਪਈ ਸੀ। ਆਂਢੀ ਗੁਆਂਢੀ ਜੁੜੇ ਬੈਠੇ ਸਨ। ਸਭ ਦੇ ਸਿਰ ਨੀਵੇਂ ਪਏ ਸਨ। ਰਲਾ ਸਿੰਘ ਨੇ ਜਾਂਦਿਆਂ ਪੁੱਛਿਆ "ਕੁਲਦੀਪ ਦਾ ਕੀ ਹਾਲ ਏ?" ਸਵਾਸ ਪੂਰੇ ਹੋ ਗਏ। ਪਰ ਸੰਤਾ! ਤੂੰ ਅਰਦਾਸ ਕਰ, ਖ਼ਬਰੇ ਮਿਹਰ ਹੋ ਜਾਵੇ" ਅੱਗੋਂ ਰਲਾ ਸਿੰਘ ਨੇ ਨਿੰਮ੍ਰਤਾ ਨਾਲ ਕਿਹਾ, "ਸੋਹਣ ਸਿੰਘਾ! ਮੇਰੀ ਗੱਲ ਮੰਨੇ ਤਾਂ ਤੂੰ ਆਪ ਅਰਦਾਸਾ ਕਰ! ਓਥੇ ਕੋਈ ਘਾਟਾ ਏ? ਮਿਰਤਕ ਕਉ ਜੀਵਾਲਣ ਹੋਰ-ਤੂੰ ਸੰਤ ਕੌਰ ਦੋਵੇਂ ਅਰਦਾਸਾ ਕਰੋ।" ਸਰੋਤੇ ਬੁੱਤ ਬਣੇ ਬੈਠੇ ਸਨ। ਕਦੇ ਅਰਦਾਸਿਆਂ ਨਾਲੇ ਮੋਏ ਜੀਵੇਂ ਹਨ। ਇਕ ਘੰਟਾ ਸਵਾਸ ਨਿਕਲਿਆਂ ਹੋ ਗਏ ਹਨ, ਇਹ ਕਮਲਾਪਨ ਹੈ!" ਪਰ ਜਿਸ ਦੇ ਘਰ ਲਗੀ ਹੋਵੇ, ਉਹਦੇ ਵਾਸਤੇ ਹਰ ਪੌਣ ਦਾ ਬੁੱਲਾ ਮੀਂਹ ਦਾ ਛਰਲਾਟਾ ਹੁੰਦਾ ਏ। ਉਸੇ ਵੇਲੇ ਸੋਹਣ ਸਿੰਘ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅੰਦਰੋਂ ਅਰਦਾਸਾ ਸੋਧਿਆ, "ਹੇ ਹਾਜ਼ਰ ਨਾਜ਼ਰ ਸਤਿਗੁਰ ਨਾਨਕ! ਤੂੰ ਮੇਰੇ ਗੁਨਾਹੀ ਦੇ ਔਗਣਾਂ ਨੂੰ ਨਾ ਚਿਤਾਰ! ਮੈਂ ਪਾਪੀ! ਮੈਂ ਅਪਰਾਧੀ, ਤੇਰੇ ਬੂਹੇ ਆ ਡਿੱਗਾ ਹਾਂ। ਡਿੱਗੇ ਨੂੰ ਨਰਾਸ਼ ਨਾ ਕਰ! ਸਾਡੀ ਝੋਲੀ ਖ਼ਾਲੀ ਨਾ ਕਰ! ਮੇਰੀਆਂ ਅੱਖਾਂ ਨੂੰ ਦਿਖਾਈ ਨਹੀਂ ਦੇਂਦਾ ਸੀ, ਇਸ ਕਲਯੁਗ ਨੇ ਮੇਰੀਆਂ ਅੱਖਾਂ ਤੇ ਪਰਦਾ ਪਾਈ ਰਖਿਆ। ਤੁਠੋ! ਖ਼ੈਰ ਪਾਓ! ਮਿਹਰਾਂ ਦੇ ਸਾਂਈਂ! ਮਿਹਰਾਂ ਕਰ!" ਅਰਦਾਸ ਕਰ ਮੱਥਾ ਟੇਕਿਆ। ਸਾਰਾ

Sri Satguru Jagjit Singh Ji eLibrary NamdhariElibrary@gmail.com

ਵਿਹੜਾ ਗ਼ਮਾਂ ਵਿਚ ਡੁੱਬਾ ਹੈਰਾਨ ਪਰੇਸ਼ਾਨ ਸੀ। ਪਰ ਸਾਰਿਆਂ ਦੇ ਚਿਹਰਿਆਂ ਤੇ ਇਕ ਰੌ ਦੇ ਠੰਡੇ ਹੱਥ ਅੱਗੇ ਵੱਧੇ। ਕੱਪੜਾ ਚੁੱਕਿਆ, ਪਿੰਡਾ ਛੂਹਿਆ ਤਾਂ ਪਿੰਡਾ ਗਰਮ ਭਾਸਿਆ। ਸੰਤ ਕੌਰ ਹੱਥ ਚੁੱਕਿਆ ਤਾਂ ਸੋਹਣ ਸਿੰਘ ਨਬਜ਼ ਟੋਹੀ। ਇਕ ਵੇਖ ਦੂਜਾ ਵੇਖ ਸਭ ਨੂੰ ਢਾਰਸ ਆਈ ਕਿ ਸਵਾਸ ਮੁੜ ਆਏ ਹਨ। ਕੁਰਲਾਟ ਸ਼ੁਕਰਾਨੇ ਵਿਚ ਬਦਲ ਗਈ। ਸ਼ਾਂਤੀ ਵਰਤ ਗਈ। ਸਭਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਾਹਰਾ ਕਰਾਮਾਤ ਵੇਖੀ। ਹੌਲੀ ਹੌਲੀ ਵਿਹੜਾ ਖ਼ਾਲੀ ਹੋ ਗਿਆ। ਮਸੋਸੇ ਆਏ ਖਿੜੇ ਗਏ। ਸੋਹਣ ਸਿੰਘ ਤੇ ਸੰਤ ਕੌਰ ਨੂੰ ਨਵੇਂ ਸਿਰਿਉਂ ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ।

ਅਗਲੇ ਦਿਨ ਸੋਹਣ ਸਿੰਘ ਨੇ ਮਾਤਾ ਪ੍ਰੇਮ ਕੌਰ ਪਾਸੋਂ ਭਜਨ ਪੁੱਛ ਲਿਆ ਤੇ 20 ਰੁਪਏ ਮੱਥਾ ਟੇਕਿਆ। ਸੰਤ ਕੌਰ ਨੂੰ ਵੀ ਅੰਮ੍ਰਿਤ ਛਕਾਉਣ ਦੀ ਤਿਆਰੀ ਹੋਈ। ਪਹਿਲਾਂ ਚੂੜੀਦਾਰ ਪਜਾਮੇ ਲਈ ਕੱਪੜਾ ਮੰਗਵਾਇਆ। ਖੱਦਰ ਦੇ ਕੱਪੜੇ ਤਿਆਰ ਹੋਏ। ਸੰਤ ਕੌਰ ਨੇ ਵੀ ਅੰਮ੍ਰਿਤ ਛੱਕਿਆ। ਸੋਹਣ ਸਿੰਘ ਨੇ ਰਲਾ ਸਿੰਘ ਪਾਸ ਹੱਥ ਜੋੜੇ ਤੇ ਕਿਹਾ "ਜਿਹੜੀ ਮੱਝ ਚੰਗੀ ਲੱਗੇ ਹੱਥ ਲਾ ਦੇ। ਵੜੇਵਿਆਂ ਦੀ ਬੋਰੀ ਮੈਂ ਸੁਟਾ ਦੇਂਦਾ ਹਾਂ" ਪੱਠੇ ਕੁਤਰੇ ਕਤਰਾਏ ਲੈ ਜਾਇਆ ਕਰ। ਤੈਨੂੰ ਹੁਣ ਕਿਸੇ ਕੰਮ ਦੀ ਲੋੜ ਨਹੀਂ, ਪ੍ਰਸ਼ਾਦਾ ਵੀ ਮੇਰੇ ਘਰੋਂ ਛੱਕਿਆ ਕਰ। ਮੈਂ ਹੁਣ ਕੂਕਾ ਹਾਂ।"

ਰਲਾ ਸਿੰਘ ਤੇ ਸਤਿਗੁਰਾਂ ਦੀ ਮਿਹਰ ਸੀ, ਉਸ ਆਖਿਆ "ਸਰਦਾਰਾ ਜਿਸ ਬਖਸ਼ਸ਼ ਕੀਤੀ ਏ, ਉਸੇ ਨੂੰ ਮੱਝ ਦੇ।" ਸੋਹਣ ਸਿੰਘ ਉਸੇ ਵੇਲੇ ਬਖਸ਼ੀਸ਼ ਸਿੰਘ ਨੂੰ ਨਾਲ ਲੈ ਸ੍ਰੀ ਭੈਣੀ ਸਾਹਿਬ ਨੂੰ ਰਵਾਨਾ ਹੋ ਗਿਆ। ਜਾਂਦਿਆਂ ਸਤਿਗੁਰ ਦੇ ਦਰਸ਼ਨ ਹੋ ਗਏ। ਬਖਸ਼ੀਸ਼ ਸਿੰਘ ਨੇ ਸਾਰੀ ਵਾਰਤਾ ਸੁਣਾਈ। ਸੋਹਣ ਸਿੰਘ ਦੀਆਂ ਅੱਖਾਂ ਤੋਂ ਜਲ ਜਾ ਰਿਹਾ ਸੀ। ਕੋਈ ਗੱਲ ਮੂੰਹੋਂ ਨਾ ਔੜੇ। ਮਿਹਰਾਂ ਦੇ ਸਾਂਈਂ ਸਤਿਗੁਰੂ ਜੀ ਬਚਨ ਕੀਤਾ "ਸੋਹਣ ਸਿੰਘ! ਸਤਿਗੁਰੂ ਰਾਮ ਸਿੰਘ ਜੀ ਵੇਲ ਹਰੀ ਰਖਣਗੇ ਬੂਟਾ ਸੁਕਦਾ ਨਹੀਂ, ਸਿੱਖੀ ਵਿਚ ਕਾਇਮ ਭਾਵੇਂ ਨਾ ਰਹੇ। ਸਾਨੂੰ ਅਜੇ ਸਮਾਂ ਨਹੀਂ, ਅਸੀਂ ਚੇਤ ਵਿਸਾਖ ਨੂੰ ਆਵਾਂਗੇ।"

## ਰਲਾ ਸਿੰਘ ਮਜ਼੍ਹਬੀ

Sri Satguru Jagjit Singh Ji eLibrary NamdhariElibrary@gmail.com

# ਅਨੋਖਾ ਵਕੀਲ

ਧੰਨਾ ਸਿੰਘ ਤੇ ਮੰਨਾ ਸਿੰਘ ਦੋ ਕਿਰਤੀ ਸਿੰਘ ਮੱਕੀ ਜ਼ਿਲ੍ਹਾ ਸ਼ੇਖੂਪੁਰਾ ਵਿਚ ਵਸਦੇ ਸਨ। ਲਕੜੀ ਤੇ ਲੋਹੇ ਦਾ ਕੰਮ ਕਰਦੇ ਸਨ ਤੇ ਹੱਥ ਦੇ ਸੁੱਚੇ ਸਨ। ਇਨ੍ਹਾਂ ਦੀ ਭੈਣ ਲਛਮੀ, ਕੋਟ ਪਿੰਡੀ ਦਾਸ ਰਹਿੰਦੀ ਸੀ, ਉਸਤੇ ਵੀ ਅਪਾਰ ਕਿਰਪਾ ਸੀ, ਉਹ ਮਾਤਾ ਭਜਨ ਬਾਣੀ ਵੀ ਕਰਦੀ ਸੀ ਤੇ ਵੱਡੀ ਸੋਧ ਦੀ ਧਾਰਨੀ ਸੀ। ਸਤਿਗੁਰਾਂ ਦੇ ਚਰਨਾਂ ਨਾਲ ਅਗਾਧ ਪਿਆਰ ਸੀ।

ਇਕ ਦਿਨ ਮਾਤਾ ਨੇ ਇਸ਼ਨਾਨ ਕੀਤਾ ਤੇ ਭਜਨ ਪਾਠ ਕਰਦਿਆਂ ਮਿੱਸੇ ਪ੍ਰਸ਼ਾਦੇ ਤਿਆਰ ਕੀਤੇ। ਪ੍ਰਸ਼ਾਦਿਆਂ ਨੂੰ ਤੱਕ ਕਹਿਣ ਲੱਗੀ। ਇਹ ਪ੍ਰਸ਼ਾਦੇ ਸਤਿਗੁਰਾਂ ਦੇ ਛੱਕਣ ਵਾਲੇ ਹਨ। ਓਸੇ ਵੇਲੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਤੇ ਅਰਦਾਸ ਸਿੱਧੀ ਸਤਿਗੁਰੂ ਪਾਸ ਪੁੱਜ ਗਈ। ਗ਼ਰੀਬ ਨਿਵਾਜ਼ ਜੀ ਉਸ ਦਿਨ ਲਾਹੌਰ ਨੂੰ ਭਾਗ ਲਾ ਰਹੇ ਸਨ। ਮਾਈ ਦੀ ਅੰਦਰਲੀ ਤਾਰ ਸੁਣ ਉਸ ਵੇਲੇ ਸੰਤ ਬਹਾਦਰ ਸਿੰਘ ਤੇ ਵਜ਼ੀਰ ਸਿੰਘ ਹੁਰਾਂ ਨੂੰ ਨਾਲ ਲੈ ਕੋਟ ਪਿੰਡੀ ਦਾਸ ਪਹੁੰਚੇ। ਮਾਤਾ ਸਤਿਗੁਰਾਂ ਦੇ ਦਰਸ਼ਨ ਕਰ ਮਸਤਾਨੀ ਹੋ ਗਈ। ਸਤਿਗੁਰੂ ਜੀ ਬਚਨ ਕੀਤਾ-"ਬੇਬੇ! ਲਿਆ ਪ੍ਰਸ਼ਾਦੇ, ਬੜੀ ਭੁੱਖ ਲੱਗੀ ਏ।' ਮਾਤਾ ਉੱਠੀ ਤੇ ਥਾਲ ਮਾਂਜ ਧੋ, ਪ੍ਰਸ਼ਾਦੇ ਦਹੀਂ ਤੇ ਮੱਖਣ ਰਖ ਅੱਗੇ ਲਿਆ ਰਖੇ। ਸੇਵਕਾਂ ਵੀ ਪ੍ਰਸ਼ਾਦ ਛੱਕਿਆ। ਜਿਹੜਾ ਛੱਕੇ ਉਹੀ ਅਰਸ਼ੀ ਹੁਲਾਰੇ ਖਾਣ ਲੱਗ ਪਵੇ। ਸਤਿਗੁਰੂ ਜੀ ਪ੍ਰਸੰਨ ਹੋ ਬਚਨ ਕੀਤਾ-"ਜੋ ਸਵਾਦ ਅੱਜ ਪ੍ਰਸ਼ਾਦੇ ਵਿੱਚੋਂ ਆਇਆ ਹੈ, ਪਹਿਲਾਂ ਕਦੇ ਨਹੀਂ ਆਇਆ।"

ਧੰਨਾ ਸਿੰਘ ਤੇ ਮੰਨਾ ਸਿੰਘ ਦਾ ਇਕ ਜਾਣੂ ਮੰਗਲ ਸਿੰਘ, ਬਾੜੀਆਂ ਵਰਲੇ (ਜ਼ਿਲ੍ਹਾ ਸ਼ੇਖੂਪੁਰਾ) ਰਹਿੰਦਾ ਸੀ, ਪਰ ਮੱਤ ਦਾ ਉਲਟਾ। ਧੰਦਾ ਵੀ ਖੋਟਾ। ਪੈਸੇ ਬਣਾਉਣੇ ਤੇ ਟਿਚਕਰਾਂ ਕਰਨੀਆਂ। ਧੰਨਾ ਸਿੰਘ ਦੇ ਪੁੱਤਰ ਉਜਾਗਰ ਸਿੰਘ ਦੀ ਮੁਹੱਬਤ ਮੰਗਲ ਨਾਲ ਹੋ ਗਈ। ਇਹ ਵੀ ਪੈਸੇ ਬਣਾਉਣ ਲੱਗ ਪਿਆ ਤੇ ਉਲਟੇ ਚਾਲੇ ਫੜ ਲਏ। ਧੰਨਾਂ ਸਿੰਘ ਨੇ ਕਿਹਾ-"ਸੰਗ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ॥ ਤੂੰ ਮੰਗਲ ਸਿੰਘ ਦੀ ਸੰਗਤ ਛੱਡ ਦੇ, ਕਣਕ ਨਾਲ ਘੁਣ ਪੀਸਣ ਦਾ ਡਰ ਹੁੰਦਾ ਏ।" ਪਰ ਉਜਾਗਰ ਸਿੰਘ ਕੰਨਾ ਰੇੜੇ ਮਾਰ ਛੱਡੀ, ਗੱਲ ਜਰਾ ਨਾ ਗੌਲੀ। ਮਾਇਆ ਜਾਲ ਵਿਚ ਫਸਦਾ ਫਸ ਗਿਆ। ਮੰਦਾ ਕਰਮ ਲੁਕਦਾ ਨਹੀਂ। ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ। ਮੰਗਲ ਸਿੰਘ ਤੇ ਉਜਾਗਰ ਸਿੰਘ ਦੇ ਪੈਸੇ ਬਣਾਉਣ ਦੀ ਖ਼ਬਰ ਪੁਲਿਸ ਨੂੰ ਹੋ ਪੁਲਿਸ ਛਾਪਾ ਮਾਰਿਆ, ਦੋਵੇਂ ਰੰਗੇ ਹੱਥੀਂ ਫੜੇ ਗਏ। ਮੁਕਦਮਾ ਚੱਲਿਆ ਤੇ ਦੋਵਾਂ ਨੂੰ ਸੱਤ-

Sri Satguru Jagjit Singh Ji eLibrary NamdhariElibrary@gmail.com

ਸੱਤ ਸਾਲ ਦੀ ਸਜ਼ਾ ਹੋਈ, ਉਨ੍ਹਾਂ ਅਪੀਲ ਕੀਤੀ ਮਗਰ, ਪੇਸ਼ ਜਾਂਦੀ ਦਿੱਸੇ ਨਾ।

ਮਨੁੱਖ ਜਦ ਆਪਣੇ ਹੀਲਿਆਂ ਤੋਂ ਹਾਰ ਜਾਵੇ ਤਾਂ ਰੱਬ ਨੂੰ ਯਾਦ ਕਰਦਾ ਹੈ। ਉਜਾਗਰ ਸਿੰਘ ਨੇ ਪਿਤਾ ਨੂੰ ਸਤਿਗੁਰੂ ਪਾਸ ਘੱਲਿਆ। ਧੰਨਾ ਸਿੰਘ ਸਤਿਗੁਰਾਂ ਦੀ ਭਾਲ ਵਿਚ ਨਿਕਲ ਟੁਰਿਆ। ਗ਼ਰੀਬ ਨਿਵਾਜ਼ ਜੀ ਉਨ੍ਹੀਂ ਦਿਨੀਂ ਸਮੱਸੇ ਜ਼ਿਲ੍ਹਾ ਸ਼ੇਖ਼ੂਪੁਰਾ ਨੂੰ ਭਾਗ ਲਾ ਰਹੇ ਸਨ। ਸਤਿਗੁਰਾਂ ਦੇ ਦੌਰੇ ਨਾਲ ਰਾਗੀ, ਜਥੇਦਾਰ, ਪ੍ਰਚਾਰਕ, ਸਾਧੂ, ਮਹੰਤ ਸਭ ਮੌਜੂਦ ਸਨ। ਦੋਵੇਂ ਭਰਾ ਸਮੱਸੇ ਪੁੱਜੇ ਤੇ ਅੱਖਾਂ ਵਿੱਚੋਂ ਅੱਥਰੂ ਕੇਰਦਿਆਂ ਸਾਰੀ ਵਿਥਿਆ ਸੁਣਾਈ। ਹੱਥ ਜੋੜ ਬੇਨਤੀ ਕੀਤੀ–"ਗ਼ਰੀਬ ਨਿਵਾਜ਼! ਡੁੱਬਦਾ ਬੇੜਾ ਪਾਰ ਕਰੋ। ਇਸ ਵੇਲੇ ਮੁਕਦਮੇ ਦੀ ਸਰਕਾਰ ਆਪ ਮੁੱਦਈ ਹੈ। ਕੋਈ ਦਲੀਲ ਤੇ ਕੋਈ ਵਕੀਲ ਦਿਖਾਈ ਨਹੀਂ ਦਿੰਦਾ। ਤੁਸੀਂ ਦਰਗਾਹ ਦੇ ਵੀ ਵਕੀਲ ਹੋ ਤੇ ਦੁਨੀਆਂ ਦੇ ਵੀ।" ਸਤਿਗੁਰੂ ਜੀ ਸਾਰੀ ਵਿਥਿਆ ਸੁਣੀ ਤੇ ਹਸਦਿਆਂ ਬਚਨ ਕੀਤਾ–"ਧੰਨਾ ਸਿੰਘ! ਜੇ ਪੁੱਤ ਛੁਡਾਉਣਾ ਈਂ, ਤਾਂ ਮਾਰ ਪ੍ਰਹਿਲਾਦ ਦੇ ਸਿਰ ਜੁੱਤੀਆਂ।" (ਸੰਤ ਹਾਕਮ ਸਿੰਘ ਕਾਲੋਕਿਆਂ ਨੂੰ ਭਜਨ ਬੰਦਗੀ ਸਦਕਾ ਪ੍ਰਹਿਲਾਦ ਕਹਿ ਸਤਿਕਾਰਿਆ ਜਾਂਦਾ ਸੀ।) ਧੰਨਾ ਸਿੰਘ ਦਾ ਦਿਲ ਕੰਬ ਗਿਆ, ਪਰ ਮਮਤਾ ਦਾ ਬੱਧਾ ਸੰਤਾਂ ਵਲ ਜੁੱਤੀ ਲੈ ਕੇ ਵੱਧਿਆ। ਇਹ ਸਾਰਾ ਸਤਿਗੁਰਾਂ ਦਾ ਚੋਜ ਸੀ। ਜਦ ਧੰਨਾ ਸਿੰਘ ਸੰਤਾਂ ਦੇ ਲਾਗੇ ਗਿਆ ਤਾਂ ਸੰਤਾਂ ਬੋਲਾ ਕੀਤਾ–"ਧੰਨਾ ਸਿੰਘਾ! ਉਜਾਗਰ ਸਿੰਘ ਬਰੀ! ਉਜਾਗਰ ਸਿੰਘ ਬਰੀ!! ਉਜਾਗਰ ਸਿੰਘ ਬਰੀ!!!" ਧੰਨਾ ਸਿੰਘ ਦੇ ਹੱਥੋਂ ਜੁੱਤੀ ਡਿੱਗ ਪਈ ਤੇ ਚਰਨਾਂ ਤੇ ਢਹਿ ਪਿਆ।

ਹਾਈ ਕੋਰਟ ਵਿਚ ਅਪੀਲ ਚੱਲ ਰਹੀ ਸੀ। ਸਤਿਗਰੁਾਂ ਦੀ ਕਿਰਪਾ ਨਾਲ ਉਜਾਗਰ ਸਿੰਘ ਤਾਂ ਬਰੀ ਹੋ ਗਿਆ ਪਰੰਤੂ ਮੰਗਲ ਸਿੰਘ ਨੂੰ ਸਜ਼ਾ ਭੁਗਤਣੀ ਪਈ। ਉਜਾਗਰ ਸਿੰਘ ਰਿਹਾ ਹੋ ਸਤਿਗੁਰੂ ਦੀ ਚਰਨੀਂ ਜਾ ਲੱਗਾ ਤੇ ਅੱਗੋਂ ਤੋਂ ਕੰਨਾਂ ਨੂੰ ਹੱਥ ਲਾਏ। ਸਿੱਖ ਸੱਜ ਗਿਆ।

## ਮਾਈ ਉਤਮਾ

Sri Satguru Jagjit Singh Ji eLibrary NamdhariElibrary@gmail.com

# ਮਸਤਾਨੀ ਦੀ ਸ਼ਰਧਾ

**ਭਾਵਨਾ ਭਗਤਿ ਭਾਇ ਕੌਡੀ ਅਗਰ ਭਾਗ ਰਾਖੈ,**
**ਤਾਹਿ ਗੁਰੂ ਸਰਬ ਨਿਧਾਨ ਦਾਨ ਦੇਤ ਹੈ॥**

(ਭਾਈ ਗੁਰਦਾਸ)

ਗ਼ਰੀਬ ਨਿਵਾਜ਼ ਜੀ ਵਲਟੋਹੇ ਨੂੰ ਭਾਗ ਲਾ ਰਹੇ ਸਨ। ਮਾਤਾ ਜਿੰਦੀ ਨੇ ਆਪਣੇ ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਗ਼ਰੀਬ ਨਿਵਾਜ਼ ਜੀ ਮਾਈ ਦੀ ਅਰਦਾਸ ਵੀ ਪ੍ਰਵਾਨ ਕਰ ਲਈ। ਚਰਨ ਪਾਣ ਵਾਸਤੇ ਚੱਲ ਪਏ। ਸਤਿਗੁਰਾਂ ਦੇ ਨਾਲ ਸੰਤ ਪ੍ਰੀਤਮ ਸਿੰਘ ਚੇਲੇ ਕੇ ਅਤੇ ਪੰਡਤ ਗੋਪਾਲ ਸਿੰਘ ਸਨ। ਗ਼ਰੀਬ ਨਿਵਾਜ਼ ਜੀ ਪੁੱਜੇ। ਸੰਗਤਾਂ ਦਰਸ਼ਨ ਕਰਨ ਆਈਆਂ। ਸੱਚੇ ਪਾਤਸ਼ਾਹ ਜੀ ਖੜ੍ਹੇ ਹੋ ਕੇ ਦਰਸ਼ਨ ਦੇ ਰਹੇ ਸਨ। ਮਾਤਾ ਜਿੰਦੀ ਕੋਲ ਆ ਕੇ ਸਹਿਜੇ ਸਹਿਜੇ ਕਹਿਣ ਲੱਗੀ-"ਵੇ ਬਹਿ ਜਾ! ਕਾਹਦੀ ਕਾਹਲੀ ਆ?" ਮਾਈ ਨੂੰ ਪਤਾ ਨਹੀਂ ਕਿੰਨਾ ਕੁ ਰੰਗ ਚੜ੍ਹਿਆ ਹੋਇਆ ਸੀ, ਕਿ ਸੱਚੇ ਪਾਤਸ਼ਾਹ ਮੰਜੇ ਤੇ ਬਹਿ ਗਏ ਦਸ-ਪੰਦਰ੍ਹਾਂ ਮਿੰਟ ਗੁਜ਼ਰ ਗਏ। ਮਾਈ ਕੋਲੋਂ ਸੰਦੂਕ ਨਾ ਖੁੱਲ੍ਹੇ। ਇਕ ਸਾਧੂ ਅੰਦਰ ਗਿਆ ਤੇ ਸੰਦੂਕ ਖੋਲ੍ਹਿਆ। ਮਾਈ ਨੇ ਇਕ ਰੇਜਾ ਕੱਢਿਆ ਤੇ ਲਿਆ ਮੱਥਾ ਟੇਕਿਆ। ਮੱਥਾ ਟੇਕ ਕਹਿਣ ਲੱਗੀ। "ਆਹ ਲੈ, ਇਹ ਟੋਟਾ ਭਾਵੇਂ ਆਪ ਸਵਾ ਲੈ ਜੀ ਕਰੇ ਤਾਂ ਮੁੰਡਿਆਂ ਨੂੰ ਸਵਾ ਦਈਂ" ਸੰਗਤ ਹੈਰਾਨ ਪਰੇਸ਼ਾਨ! ਸਤਿਗੁਰੂ ਜੀ ਬਚਨ ਕੀਤਾ-"ਇਹੋ ਜਹੀਆਂ ਭਾਵਨਾਵਾਂ ਸਾਡੇ ਸਾਰੇ ਨਿਯਮ ਤੋੜ ਦੇਂਦੀਆਂ ਹਨ।"

**ਪੰ: ਗੋਪਾਲ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਮਾਈ ਦਾਨੀ

"ਰੱਬਾ! ਇਹ ਕੂਕਣ!"

"ਕਿਉਂ?"

"ਵੇਖਦਾ ਨਹੀਂ, ਇਹ ਪਾਣੀ ਦੀ ਧਾਰ ਕਿੱਥੇ ਵਗਿਆ ਕਰਦੀ ਸੀ, ਅੱਜ ਪਿੰਡ ਦਿਆਂ ਪੈਰਾਂ ਵਿਚ ਆ ਖਲੋਤੀ ਏ, ਹੁਣ ਇਹ ਕੰਧ ਕੋਠੇ ਢਾਇਗੀ, ਉਜੜਨਾ ਪਵੇਗਾ।

"ਹੇ ਰੱਬਾ, ਰਹਿਮ!"

ਇਹੋ ਜਿਹੇ ਝੱਲਿਆਂ ਦੀਆਂ ਗੱਲਾਂ ਵੀ ਮੰਨ ਲੈਂਦਾ ਹੈ।'

'ਤੇਰੀ ਗੱਲ ਦੀ ਸਮਝ ਨਹੀਂ ਆਈ, ਇਹ ਤਾਂ ਬੁਝਾਰਤ ਏ।'

'ਤੂੰ ਵੀ ਕੇਡਾ ਭੋਲਾ ਏਂ, ਇਹ ਗੱਲ ਤਾਂ ਚੰਬੇ ਦਾ ਬੱਚਾ ਬੱਚਾ ਜਾਣਦਾ ਏ। ਨਿਰਾ ਚੰਬਾ ਈ ਨਹੀਂ, ਸਗੋਂ ਸਾਰਾ ਆਲਾ ਦੁਆਲਾ ਜਾਣਦਾ ਏ। ਤੂੰ ਦਾਨੀ ਦਾ ਨਾਂ ਨਹੀਂ ਸੁਣਿਆ? ਉਹ ਕਮਲੀ ਜੇਹੀ, ਝੱਲੀ ਜੇਹੀ, ਲੰਙੀ ਜੇਹੀ, ਜਿਹੜੀ ਸਾਰਾ ਦਿਨ ਬੱਕਰੀ ਵਾਂਗੂ ਮੂੰਹ ਮਾਰਦੀ ਰਹਿੰਦੀ ਏ, ਜਿਸ ਕਈ ਮਾਲਾ ਘਸਾ ਦਿੱਤੀਆਂ ਨੇ, ਜਿਸ ਦੇ ਘਰ ਹਰ ਵੇਲੇ ਢੋਲਕੀ ਖੜ੍ਹਕਦੀ ਰਹਿੰਦੀ ਏ, ਕੁਣਕੇ ਦੇ ਗੱਫੇ ਉੱਡਦੇ ਰਹਿੰਦੇ ਨੇ, ਸ਼ਰਦਾਈਆਂ ਦੇ ਰਗੜੇ ਲੱਗਦੇ ਕਹਿੰਦੇ ਹਨ, ਜਿਸ ਦੀਆਂ ਪੈਲੀਆਂ ਵਿਚ ਭੈਣੀ ਵਾਲਿਆਂ ਦੀਆਂ ਘੋੜੀਆਂ ਚਰਦੀਆਂ ਰਹਿੰਦੀਆਂ ਨੇ ਓਹੀ ਦਾਨੀ।'

ਹਾਂ! ਹਾਂ!! ਦਾਨੀ, ਮੈਂ ਉਸ ਨੂੰ ਜਾਣਦਾ ਕਿਉਂ ਨਹੀਂ?

'ਸੁਣੀ ਜਾ' ਕਹਿੰਦੇ ਨੇ, ਇਕ ਦਿਨ ਇਹ ਬੁੱਢੜੀ ਲੰਙ ਮਾਰਦੀ ਤੜਕੇ ਬਾਹਰ ਆਈ ਤੇ ਇਸ ਨਦੀ ਵਲ ਹੱਥ ਮਾਰਕੇ ਆਖਣ ਲੱਗੀ, 'ਵੇ ਬੱਚਾ! ਬੱਚਾ, ਮੇਰੇ ਹੱਡ ਕਮਜ਼ੋਰ ਹੋ ਗਏ ਨੇ, ਮੈਂ ਤੁਰਨ ਜੋਗੀ ਨਹੀਂ ਰਹੀ, ਮੇਰੀਆਂ ਲੱਤਾਂ ਵਿਚ ਤਾਣ ਨਹੀਂ ਰਿਹਾ, ਤੂੰ ਜ਼ਰਾ ਉਰੇ ਆ ਜਾਵੇਂ, ਤਾਂ ਮੈਂ ਪਿੰਡਾਂ ਤਾਂ ਗਿੱਲਾ ਕਰ ਲਿਆ ਕਰਾਂ।' ਬੱਸ ਉਸੇ ਦਿਨ ਤੋਂ ਇਹ ਪਾਣੀ ਦਾ ਧਾਰ ਪਿੰਡ ਵੱਲ ਵੱਧਣੀ ਸ਼ੁਰੂ ਹੋ ਗਈ। ਅੱਜ ਹੋਰ, ਕੱਲ੍ਹ ਹੋਰ, ਹੁਣ ਪਿੰਡੇ ਨੂੰ ਢਾ ਲਾਣ ਤੱਕ ਅਪੜ ਗਈ ਏ। ਰੱਬ ਵੀ ਕਮਲਿਆਂ ਦੀਆਂ ਗੱਲਾਂ ਸੁਣਦਾ ਏ, ਮਾਲੂਮ ਹੁੰਦਾ, ਉਹ ਸਤਰਿਆ ਬਹੱਤਰਿਆ ਗਿਆ ਏ?'

'ਇਹ ਉਹ ਮਾਤਾ ਤਾਂ ਨਹੀਂ ਜਿਸਦਾ ਪੁੱਤ ਸ਼ਰੀਕਾਂ ਮਾਰ ਘੱਤਿਆ ਸੀ?' ਹਾਂ! ਹਾਂ!! ਇਹ ਉਹੋ ਬੁੱਢੜੀ ਜਿਸਦੀਆਂ ਅੱਖਾਂ ਵਿਚ ਪੁੱਤ ਮਰਨ ਤੇ ਅੱਥਰੂ ਨਹੀਂ ਕਿਰਿਆ ਸੀ। ਸਗੋਂ ਗਲੀਆਂ ਵਿਚ ਗਾਉਂਦੀ ਫਿਰਦੀ ਸੀ। ਪੁੱਤ ਫੂਕਣ ਵਾਸਤੇ ਕੋਠੇ ਦੀਆਂ ਕੜੀਆਂ ਲਾਹ ਲਿਆਈ ਸੀ।'

Sri Satguru Jagjit Singh Ji eLibrary NamdhariElibrary@gmail.com

'ਫੇਰ ਤਾਂ ਭਾਈ ਕਮਲੀ ਨਾ ਕਹੋ। ਜਿਹੜੀ ਪੁੱਤ ਮਰੇ ਤੇ ਪੱਲੂ ਨਹੀਂ ਪਾਂਦੀ, ਉਸ ਨੂੰ ਕਮਲੀ ਕਹਿਣਾ ਠੀਕ ਨਹੀਂ, ਉਹ ਤਾਂ ਰੱਬ ਦੀ ਪਿਆਰੀ ਜਾਪਦੀ ਏ। ਨਹੀਂ ਤਾਂ ਪੁੱਤ ਮਰੇ ਸ਼ਰੀਕਾਂ ਹੱਥੋਂ ਤੇ ਡਾਡਾਂ ਨਾ ਨਿਕਲਣ? ਇਹ ਹਰੇਕ ਦਾ ਕੰਮ ਨਹੀਂ, ਇਹ ਕੇਵਲ ਸ਼ਾਕਰ ਹੀ ਕਰ ਸਕਦੇ ਨੇ, ਭਾਈ ਰੱਬ ਦੀ ਯਾਦ ਵਾਲਿਆਂ ਦੀ ਮੰਨੀ ਜਾਂਦੀ ਏ।'

'ਤੂੰ ਬੜਾ ਨਾਸਹ ਏਂ, ਤੇਰੀਆਂ ਪੋਲੀਆਂ ਪੋਲੀਆਂ ਗੱਲਾਂ ਨੇ ਮਾਈ ਦਾ ਰੂਪ ਮੇਰੇ ਸਾਹਮਣੇ ਹੋਰ ਲੈ ਆਂਦਾ ਏ।'

ਮੈਂ ਕੀ ਲਿਆਉਣਾ ਸੀ, ਮਾਈ ਜਾਪਦੀ ਏਵੇਂ ਈ ਏ, ਨਹੀਂ ਤਾਂ ਪੁੱਤ ਮਰੇ ਤੇ ਉਸ ਦਾ ਸਿਰ ਗੋਦੀ ਲੈ, ਸ਼ੁਕਰ ਕਰੀ ਜਾਣਾ, ਇਹ ਕੰਮ ਅੱਲਾ ਵਾਲਿਆਂ ਦਾ ਈ ਏ, ਮੈਨੂੰ ਇਉਂ ਜਾਪਣ ਲੱਗ ਪਿਆ, ਚੌਦਾਂ ਤਬਕਾਂ ਦਾ ਸਾਂਈਂ ਉਸਦੀ ਬੁੱਕਲ ਵਿਚ ਖੇਡਦਾ ਏ।

'ਵਾਹ ਭਾਈ ਵਾਹ, ਤੂੰ ਵੀ ਕਮਾਲ ਕਰੀ ਜਾਨਾ ਏਂ!'

'ਮੈਂ ਕਮਾਲ ਕੀ ਕਰਨਾ ਏ, ਦਾਨੀ ਆਪ ਹੀ ਕਮਾਲ ਦੀ ਪੁਤਲੀ ਏ, ਮੁਰਸ਼ਦ ਵਾਲੀ ਏ। ਮੁਰਸ਼ਦ ਵਾਲਿਆਂ ਦੀਆਂ ਰਮਜ਼ਾਂ ਕੋਈ ਮੁਰਸ਼ਦ ਵਾਲਾ ਈ ਜਾਣਦਾ ਏ, ਹਮਾਤੜ ਤੁਮ੍ਹਾਤੜ ਤਾਂ ਨਿਰੀਆਂ ਝੇਡਾਂ ਕਰਨੀਆਂ ਜਾਣਦੇ ਆਂ। ਮੁਰਸ਼ਦ ਵਾਲਿਆਂ ਦੇ ਦਿਲਾਂ ਵਿਚ ਇਲਾਹੀ ਨੂਰ ਹੁੰਦਾ ਏ, ਜਿਹੜਾ ਉਨ੍ਹਾਂ ਨੂੰ ਸਹੀ ਰਾਹ ਵਿਖਾਉਂਦਾ ਏ।'

ਮੈਨੂੰ ਯਾਦ ਆ ਗਿਆ ਏ ਕਿ ਜਦੋਂ ਥਾਣੇਦਾਰ ਤਫਤੀਸ਼ ਤੇ ਆਇਆ ਤਾਂ ਦਾਨੀ ਆਖਣ ਲੱਗੀ, ਪੁੱਤ! ਮੇਰੇ ਪੁੱਤ ਦਾ ਕੋਈ ਵੈਰੀ ਨਹੀਂ ਸੀ, ਪਿੰਡ ਵਿਚ ਮੇਰਾ ਕਿਸੇ ਨਾਲ ਧੜਾ ਨਹੀਂ, ਸਾਰੇ ਮੈਨੂੰ ਸਕਿਆਂ ਨਾਲੋਂ ਵੱਧ ਸਤਿਕਾਰਦੇ ਨੇ, ਪਿਆਰਦੇ ਨੇ, ਮੇਰੇ ਥਾਂ ਜਾਨ ਦੇਂਦੇ ਨੇ, ਮੇਰਾ ਪੁੱਤ ਕਿਸ ਮਾਰਨਾ ਸੀ, ਮੇਰਾ ਪੁੱਤ ਓਸੇ ਮਾਰਿਆ, ਜਿਹੜਾ ਮਾਰ ਸਕਦਾ ਏ, ਜਿਹੜਾ ਜਿਵਾਲ ਸਕਦਾ ਏ, ਜਿਹੜਾ ਬਣਾ ਸਕਦਾ ਏ, ਜਿਹੜਾ ਢਾਹ ਸਕਦਾ ਏ। ਕੌਣ ਕਿਸੇ ਨੂੰ ਕੋਈ ਮਾਰ ਸਕਦਾ ਏ? ਬੱਚਾ ਐਵੇਂ ਕਿਸੇ ਝੂਠੀ ਰਪਟ ਲਿਖਾਈ ਏ, ਤੈਨੂੰ ਖਾਹ ਮਖਾਹ ਖੇਚਲ ਹੋਈ ਏ, ਬੱਚਾ ਬਹਿ ਜਾ, ਪ੍ਰਸ਼ਾਦ ਛੱਕ ਕੇ ਜਾਵੀਂ, ਦੁੱਧ ਲੱਸੀ ਪੀ, ਗੁਰੂ ਦਾ ਬਖਸ਼ਿਆ ਬਥੇਰਾ ਏ, ਘੜੀ ਆਰਾਮ ਕਰ, ਪੁੱਤਰ ਮੇਰੇ ਦਾ ਫ਼ਿਕਰ ਨਾ ਕਰ, ਜਿੰਨੀ ਉਹ ਉਮਰ ਸਤਿਗੁਰਾਂ ਕੋਲੋਂ ਲੈ ਕੇ ਆਇਆ ਸੀ, ਭੋਗ ਗਿਆ ਏ, ਸ਼ੁਕਰ ਏ, ਲੱਖ ਲੱਖ ਉਸ ਦਾ ਜਿਸ ਆਪਣੀ ਅਮਾਨਤ ਆਪ ਹੀ ਮੰਗ ਲਈ ਏ। ਪੁੱਤ ਪ੍ਰਸ਼ਾਦ ਛੱਕੇ ਬਿਨਾ ਨਾ ਜਾਵੀਂ, ਦੋ ਘੜੀਆਂ ਆਰਾਮ ਕਰ ਲੈ।'

ਮਾਈ ਦੀਆਂ ਗੱਲਾਂ ਸੁਣ ਥਾਣੇਦਾਰ ਦਾ ਦਿਲ ਭਿੱਜ ਗਿਆ, ਅੱਖਾਂ ਵਿਚ ਅੱਥਰੂ ਆ ਗਏ ਤੇ ਕਹਿਣ ਲੱਗਾ-'ਅੰਮਾ ਤੂੰ ਧੰਨ ਏਂ! ਤੇ ਧੰਨ ਤੇਰਾ ਗੁਰੂ ਏ!! ਜਿਸ ਤੈਨੂੰ ਏਨੀ ਉੱਚੀ ਮੱਤ ਬਖਸ਼ੀ ਏ। ਓਸ ਕੋਲ ਮੇਰੇ ਲਈ ਦੁਆ ਕਰ ਕਿ ਮੇਰਾ ਵੀ ਭਲਾ ਹੋਵੇ।'

---

Sri Satguru Jagjit Singh Ji eLibrary NamdhariElibrary@gmail.com

**'ਭਿੰਨੀ ਰੈਨੜੀਏ ਚਮਕਣ ਤਾਰੇ।**
**ਜਾਗਣ ਸੰਤ ਜਨਾਂ ਮੇਰੇ ਰਾਮ ਖਿਆਰੇ।'**

ਰਾਤ ਢੱਲ ਗਈ। ਖਿਤੀਆਂ ਔਹ ਗਈਆਂ, ਰੱਬ ਦੇ ਪਿਆਰ ਵਾਲੇ ਉਠੇ, ਖੂਹਾਂ, ਸਰੋਵਰਾਂ ਤੇ ਦਰਿਆਵਾਂ ਦਾ ਰਾਹ ਫੜਿਆ, ਟੁੱਭੇ ਲਾਏ ਤੇ ਅਰਸ਼ਾਂ ਕੁਰਸ਼ਾਂ ਦੇ ਮਾਲਕ ਨਾਲ ਗਲੀਂ ਬਾਤੀਂ ਰੁੱਝ ਗਏ।

ਦਾਨੀ ਜਿਹੜੀ ਨਾਉਂ ਕਰਕੇ ਦਾਨੀ ਨਹੀਂ ਸੀ, ਸਗੋਂ ਸੱਚੀ ਮੁੱਚੀ ਦਾਨੀ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਮਿਹਰ ਦਾ ਸਦਕਾ ਦਾਨਾਈ ਦੀ ਮੂਰਤੀ ਬਣ ਖਲੋਤੀ ਤੀ ਅਤੇ ਆਪਣੇ ਮਿੱਠੇ ਤੇ ਨਿੱਘੇ ਸੁਭਾਓ ਕਰਕੇ ਨਿਰੇ ਚੰਬੇ ਨੂੰ ਨਹੀਂ ਸਗੋਂ ਵਰ੍ਹਿਆਂ ਬੰਗਾਲੀਪੁਰ, ਚੋਲਾ, ਢੋਟੀਆਂ ਤੇ ਹੋਰ ਅਨੇਕਾਂ ਪਿੰਡਾਂ ਨੂੰ ਖੁਸ਼ਬੂ ਦਿੱਤੀ ਹੋਈ ਸੀ, ਨਿਯਮ ਅਨੁਸਾਰ ਉਠੀ। ਥੋੜ੍ਹਾ ਜੇਹਾ ਜਲ ਛੱਕਿਆ, ਇਕ ਹੱਥ ਗੜਵਾ, ਦੂਜੇ ਹੱਥ ਬਿਰਧਾਂ ਦਾ ਸਹਾਰਾ ਲੈ ਬੂਹਾ ਭੀੜ, ਝੁੰਬਲ ਮਾਰ ਸਹਿਜੇ ਸਹਿਜੇ ਦਰਿਆ ਦਾ ਰਾਹ ਲਿਆ ਤੇ ਰਾਹਕਾਂ ਦੀ ਸਾਰੀ ਗੱਲ ਬਾਤ ਕੰਨੀਂ ਪਈ। ਸੋਚਣ ਲੱਗੀ ਮੈਂ ਕੌਣ ਪਾਪਣ? ਸੱਤਾ ਹੀਣ? ਅਬਲਾ?

ਮੈਂ ਤਾਂ ਸਤਿਗੁਰਾਂ ਕੋਲ ਇਸ ਪਿੰਡੇ ਨੂੰ ਜ਼ਰਾ ਗਿਲਾ ਕਰਨ ਵਾਸਤੇ ਤਰਲਾ ਮਾਰਿਆ ਸੀ ਇਹ ਕਹਿਣ ਲੱਗ ਪਏ ਨੇ, ਪਿੰਡ ਢਹਿਣ ਲੱਗ ਪਿਆ ਏ ਓਸੇ ਵੇਲੇ ਭੁੱਲ ਬਖਸ਼ਾਈ ਤੇ ਸਤਿਗੁਰਾਂ ਪਾਸ ਅਰਦਾਸ ਕੀਤੀ ਤੇ ਹਿਮਾਲਾ ਦੀ ਪੁੱਤਰੀ ਨੂੰ ਆਖਿਆ-'ਬੱਚੀ! ਮੈਂ ਏਥੇ ਹੀ ਆ ਜਾਇਆ ਕਰਾਂਗੀ, ਹੁਣ ਅੱਗੇ ਨਾ ਆਵੀਂ! ਬੱਚੀ! ਸਤਿਗੁਰਾਂ ਦਾ ਹੁਕਮ ਏ ਜਿੱਥੋਂ ਤੱਕ ਵਾਹ ਲੱਗੇ ਕਿਸੇ ਦਾ ਕੰਮ ਸਵਾਰੀਏ, ਭਲਾ ਕਰੀਏ। ਵਸਦੇ ਨਾ ਉਜਾੜੀਏ, ਕਿਸੇ ਦਾ ਝੁੱਗਾ ਨਾ ਢਾਹੀਏ।'

ਮਾਈ ਇਹ ਕਹਿੰਦਿਆਂ, ਗੜਵਾ ਮਾਂਜਿਆ, ਦਾਤਣ ਕੀਤੀ, ਟੁੱਭਾ ਲਾਇਆ ਤੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਘਰ ਨੂੰ ਮੁੜੀ ਡੇਰੇ ਪੁੱਜੀ, ਆਸਣ ਵਿਛਾਇਆ ਤੇ ਪਸ਼ੂਆਂ-ਪ੍ਰੇਤਾਂ ਦੀ ਕਲਿਆਣਕਾਰੀ ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਅਰੰਭ ਕੀਤਾ। ਪਾਠ ਕਰਦਿਆਂ ਅਜੇ ਏਥੇ ਹੀ ਪੁੱਜੀ ਸੀ:-

**ਜੇ ਸਉ ਚੰਦਾ ਉਗਵਹਿ, ਸੂਰਜ ਚੜੈ ਹਜ਼ਾਰ।**
**ਏਤੇ ਚਾਨਣ ਹੋਦਿਆਂ, ਗੁਰ ਬਿਨ ਘੋਰ ਅੰਧਾਰ।** (ਮਹਲਾ ੨)

'ਗੁਰ ਬਿਨ ਘੋਰ ਅੰਧਾਰ' ਦੇ ਸ਼ਬਦ ਮੂੰਹੋਂ ਨਿਕਲੇ ਹੀ ਸਨ ਕਿ ਸੁਰਤ ਇਕ ਦਮ ਸਤਿਗੁਰਾਂ ਦੇ ਚਰਨਾਂ ਵਿਚ ਪੁੱਜ ਗਈ। ਸਰੀਰ ਢਿੱਲਾ ਹੋ ਗਿਆ। ਹੱਥ ਢਿਲਕ ਪਏ। ਮਾਲਾ ਹੱਥੋਂ ਜਾ ਪਈ। ਮਾਈ ਆਸਣ ਤੇ ਢਹਿ ਪਈ। ਦਾਨੀ ਪਈ ਰਹੀ, ਪਈ ਰਹੀ, ਕੋਈ ਦੋ ਘੰਟੇ। ਲਾਗੇ ਚਾਗੇ ਦੀਆਂ ਮਾਈਆਂ ਬੀਬੀਆਂ ਉੱਠੀਆਂ। ਮਾਈ ਨੂੰ ਆਸਣ ਤੇ ਡਿੱਗਾ ਵੇਖ ਘਬਰਾ ਗਈਆਂ। ਇਕ ਵਡੇਰੀ ਉਮਰ ਦੀ ਬੁੱਢੜੀ ਨੇ ਮਾਂ ਦਾਨੀ ਦੀ ਨਬਜ਼ ਤੇ ਹੱਥ ਰਖਿਆ ਤੇ ਆਖਣ ਲੱਗੀ, ਅਜੇ ਹੈ!'

Sri Satguru Jagjit Singh Ji eLibrary NamdhariElibrary@gmail.com

ਓਸੇ ਵੇਲੇ ਦਾਨੀ ਨੂੰ ਦੋ ਜਣੀਆਂ ਚੁੱਕ ਕੇ ਮੰਜੇ ਤੇ ਜਾ ਪਾਇਆ, ਘੁਟਣਾ ਸ਼ੁਰੂ ਕਰ ਦਿੱਤਾ। ਤਲੀਆਂ ਝੱਸੀਆਂ ਤੇ ਮਾਈ ਨੇ ਅੱਖ ਖੋਲ੍ਹ ਲਈ। ਉਠ ਬੈਠੀ ਤੇ ਪੁੱਛਣ ਲੱਗੀ-'ਤੁਸੀਂ ਉਦਾਸ ਕਿਉਂ ਖੜੀਓ? ਮੈਂ ਕਮਲੀ ਦਾ ਖ਼ਿਆਲ ਨਾ ਕਰਿਆ ਕਰੋ। ਐਵੇਂ ਪਾਠ ਕਰਦਿਆਂ ਸਤਿਗੁਰਾਂ ਦੀ ਯਾਦ ਆ ਗਈ। ਇਹ ਕਹਿੰਦਿਆਂ ਦਾਨੀ ਦਾ ਗਲਾ ਰੁਕ ਗਿਆ। ਉਹ ਅੱਗੋਂ ਕੁਝ ਨਾ ਬੋਲ ਸਕੀ ਤੇ ਆਂਢਣਾਂ ਗਵਾਂਢਣਾਂ ਘਰਾਂ ਨੂੰ ਮੁੜ ਗਈਆਂ।

---

"ਲਾਲ ਸਿੰਘਾ।"

"ਹਾਂ ਭਾਈ।"

"ਕੀ ਕਰ ਰਿਹਾ ਏਂ?" ਤਿਆਰੀ

"ਕਿਧਰ ਨੂੰ?"

"ਇਹ ਹੁਕਮ ਦੇਣ ਵਾਲੇ ਜਾਨਣ, ਮੈਂ ਤਾਂ ਹੁਕਮੀ ਬੰਦਾ ਹਾਂ।'

ਤੁਰਨ ਵੇਲੇ ਤਾਂ ਘੋੜਿਆਂ ਦੀ ਖ਼ਰੀਦ ਦਾ ਪ੍ਰੋਗਰਾਮ ਸੀ ਤੇ ਅੱਜ ਹੈ ਵੀ ਨੀਲਾਮੀ ਏ-'ਪਾਤਸ਼ਾਹਾਂ ਦੇ ਸਾਰੇ ਪ੍ਰੋਗਰਾਮ ਏਵੇਂ ਹੀ ਹੁੰਦੇ ਨੇ, ਇਹ ਉਹਨਾਂ ਨੂੰ ਪਤਾ ਹੈ ਕਿ ਕਿਸ ਵੇਲੇ ਅਪੜਨਾ ਏਂ, ਕੀ ਕਰਨਾ ਏਂ ਤੇ ਕਿਸ ਵੇਲੇ ਮੁੜਨਾ ਏ। ਉਹਨਾਂ ਨੂੰ ਇਕ ਕੰਮ ਥੋੜ੍ਹਾ ਏ। ਕੀ ਪਤਾ ਕਿਹੜੇ ਪਾਸਿਓਂ ਸੱਦਾ ਆ ਗਿਆ ਏ।'

'ਤੂੰ ਠੀਕ ਆਖਦਾ ਏਂ, ਕ੍ਰਿਸ਼ਨ ਭਗਵਾਨ ਦਰੋਪਤੀ ਦੀ ਪੁਕਾਰ ਸੁਣ ਮਥਰਾ ਤੋਂ ਉਠ ਦੌੜੇ ਸਨ। ਗੁਰੂ ਨਾਨਕ ਦੇਵ, ਬੇਬੇ ਨਾਨਕੀ ਦੀ ਅਰਦਾਸ ਸੁਣ ਹਜ਼ਾਰਾਂ ਮੀਲਾਂ ਤੋਂ ਚੱਲਕੇ ਸੁਲਤਾਲਪੁਰ ਆ ਗਏ। ਗੁਰੂ ਹਰਿਗੋਬਿੰਦ ਸਾਹਿਬ, ਬੁੱਢੜੀ ਭਾਗਭਰੀ ਦਾ ਲਗੁਣਾ ਖੱਦਰ ਦਾ ਚੋਲਾ ਲੈਣ ਵਾਸਤੇ ਪਹਾੜਾਂ ਨੂੰ ਚੀਰਕੇ ਕਸ਼ਮੀਰ ਜਾ ਪੁੱਜੇ ਸਨ। ਧਰਮ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਮੱਖਣ ਸ਼ਾਹ ਦਾ ਜਹਾਜ਼ ਕੱਢਦੇ ਕੱਢਦੇ ਆਪਣਾ ਮੋਢਾ ਹੀ ਪੱਛਾ ਆਏ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰੀ ਨੂੰ ਤਿਆਗ, ਜੋਗਾ ਸਿੰਘ ਨੂੰ ਕੰਜਰੀ ਦੇ ਚੁਬਾਰੇ ਚੜ੍ਹਨ ਤੋਂ ਰੋਕਣ ਖ਼ਾਤਰ ਸਾਰੀ ਰਾਤ ਹੁਸ਼ਿਆਰਪੁਰ ਦੀਆਂ ਗਲੀਆਂ ਵਿਚ ਪਹਿਰਾ ਦੇਂਦੇ ਰਹੇ। ਚੀਨੀ ਵਾਲੇ ਪਾਤਸ਼ਾਹ, ਭਾਈ ਰਾਏ ਸਿੰਘ ਨੂੰ ਰਾਤੋ ਰਾਤ ਸੈਂਕੜੇ ਕੋਹਾਂ ਦਾ ਪੈਂਡਾ ਚੂਰ, ਭੁੱਖੇ ਸ਼ੇਰ ਤੋਂ ਜਾ ਬਚਾਇਆ ਸੀ। ਇਹ ਵੀ ਤਾਂ ਉਹਨਾਂ ਦੇ ਰੂਪ ਨੇ। ਕੀ ਪਤਾ ਕਿਸ ਨੇ ਸਦ ਬੁਲਾਇਆ ਏ।

'ਭਾਈ।'

'ਜੀ ਸੱਚੇ ਪਾਤਸ਼ਾਹ।'

'ਤਿਆਰੀ ਏ?'

'ਹਾਂ ਗ਼ਰੀਬ ਨਿਵਾਜ਼!!'

'ਲਾਲ ਸਿੰਘ ਨੂੰ ਵਾਜ ਮਾਰ।'

Sri Satguru Jagjit Singh Ji eLibrary NamdhariElibrary@gmail.com

'ਗੱਡੀ ਵਿਚ ਬੈਠਾ ਏ ਪਾਤਸ਼ਾਹੋ।'

ਸੱਚੇ ਪਾਤਸ਼ਾਹ ਅਰਦਾਸਾ ਸੋਧਿਆ ਤੇ ਪ੍ਰੇਮੀਆਂ ਨੂੰ ਛਲਕਦੀਆਂ ਅੱਖਾਂ ਤੇ ਸਿਸਕੀਆਂ ਭਰਦਿਆਂ ਨੂੰ ਛੱਡ ਛਡਾ ਮੋਟਰ ਵਿਚ ਜਾ ਬੈਠੇ ਤੇ ਹੁਕਮ ਹੋਇਆ 'ਅੰਮ੍ਰਿਤਸਰ' ਸੰਤ ਲਾਲ ਸਿੰਘ ਸਟੀਅਰਿੰਗ ਤੇ ਹੱਥ ਰਖਿਆ ਤੇ ਗੱਡੀ ਸਟਾਰਟ ਹੋ ਗਈ। ਖੜੀ ਸੰਗਤ ਨੇ ਜੈਕਾਰਾ ਛੱਡਿਆ। ਜੈਕਾਰੇ ਦੀਆਂ ਆਕਾਸ਼ ਗੂੰਜਾਊ ਲਹਿਰਾਂ, ਖੇਤੀਆਂ, ਨਦੀਆਂ, ਬਨਾਂ, ਗਰਾਵਾਂ, ਸ਼ਹਿਰਾਂ ਦੇ ਉੱਤੋਂ ਦੀ ਤਾਰੀਆਂ ਲਾਂਦੀਆਂ, ਸਾਰੇ ਵਾਯੂ ਮੰਡਲ ਵਿਚ ਪ੍ਰੇਮ ਝਰਾਟੇ ਛੇੜਦੀਆਂ, ਨੱਚਦੀਆਂ, ਗਾਉਂਦੀਆਂ ਅਤੇ ਲੰਘਦਿਆਂ ਲੰਘਦਿਆਂ ਮਾਈ ਦਾਨੀ ਦੇ ਕੰਨ ਵਿਚ ਕਹਿ ਗਈਆਂ 'ਬੇਬੇ! ਘਬਰਾ ਨਾ, ਤੇਰਾ ਮਹਿਬੂਬ, ਜਿਸ ਦੀ ਯਾਦ ਵਿਚ ਤੂੰ ਗਵਾਚੀ ਫਿਰਦੀ ਏਂ, ਤੇਰੇ ਪ੍ਰੇਮ ਸੰਗਲਾਂ ਦਾ ਬੱਝਾ, ਸਭ ਕੁਝ ਵਿਚ ਛੱਡ ਛਡਾ ਤੇਰੇ ਵੱਲ ਆ ਰਿਹਾ ਏ।'

ਮਾਈ ਇਹ ਵਾਜਾਂ ਸੁਣ ਬੈਠੀ ਤੇ ਸੇਵਕ ਨੂੰ ਨਾਲ ਲੈ ਪਿੰਡ ਪਿੰਡ ਹੋਕਾ ਦੇਂਦੀ ਸੁਨੇਹੇ ਸੁਣਾਂਦੀ ਮਸਤਾਨੀ ਦਸਾ ਵਿਚ ਵਰਿਆਹੀਂ ਪੁੱਜ ਗਈ।

ਮੋਟਰ ਚੱਲਦੀ ਗਈ, ਚੱਲਦੀ ਗਈ, ਪਿੰਡ ਪਿੱਛੇ ਰਹਿ ਗਏ, ਸਰਗੋਧਾ, ਚਨਿਊਟ, ਪਿੰਡ ਭਟੀਆਂ, ਸ਼ੇਖੂਪੁਰਾ, ਲਾਹੌਰ ਤੇ ਪੁੱਜ ਗਈ ਸ੍ਰੀ ਅੰਮ੍ਰਿਤਸਰ।

ਸ੍ਰੀ ਅੰਮ੍ਰਿਤਸਰੋਂ ਤਰਨ ਤਾਰਨ ਵੱਲ ਮੁੜਨ ਦਾ ਇਸ਼ਾਰਾ ਹੋਇਆ। ਸੇਵਕ ਹੁਕਮ ਦੇ ਬੱਧੇ ਰਜ਼ਾ ਦੀਆਂ ਡੀਕਾਂ ਲਾ ਲਾ ਭੁੱਖ ਤਰੇਹ ਬੁਝਾਂਦੇ ਮਨ ਵਿਚ ਕਈ ਪ੍ਰਕਾਰ ਦੇ ਘੋੜੇ ਦੌੜਾ ਰਹੇ ਸਨ ਤੇ ਸ਼ੁਕਰ ਸ਼ੁਕਰ ਕਰ ਰਹੇ ਸਨ, ਜੋ ਅਚਨਚੇਤ ਵਰਿਆਂਹ ਵੱਲ ਗੇੜ ਮੁੜਿਆ, ਸੇਵਕਾਂ ਨੂੰ ਕੁਝ ਸਮਝ ਆਈ ਕਿ ਇਹ ਮਾਈ ਦਾਨੀ ਦੀਆਂ ਖਿੱਚਾਂ ਨੇ।

---

ਵਰਿਆਹੀਂ ਜਾ ਮਾਈ ਘਰ ਘਰ ਸੁਨੇਹੇ ਸੁਣਾਉਣ ਲੱਗੀ, "ਲੱਛੋ! ਕੰਮ ਕਾਜ ਕਰ ਲੈ, ਹੁਣੇ ਮੇਰੇ ਸਤਿਗੁਰੂ ਨੇ ਆਉਣਾ ਏ, ਬੇਬੇ ਭਗਵਾਨੋ! ਦੂਰ ਨਾ ਜਾਈਂ, ਸਤਿਗੁਰੂ ਬਸ ਆਉਣ ਈ ਵਾਲੇ ਨੀ, ਭੈਣ ਨਿਹਾਲੋ! ਤੂੰ ਵੀ ਭੁੱਲ ਨਾ ਜਾਈਂ, ਬਸ ਹੁਣ ਘੜੀਆਂ ਪਲਾਂ ਦੀ ਦੇਰ ਈ ਬੇਬੇ ਹੁਕਮੀਏਂ! ਤੈਨੂੰ ਤਾਂ ਦੱਸਣ ਦੀ ਲੋੜ ਨਹੀਂ, ਤੂੰ ਤਾਂ ਅੱਗੇ ਈ ਸਭ ਕੁਝ ਜਾਣਦੀ ਏਂ।" ਮਾਈ ਨੇ ਹੱਥੀਂ ਝਾੜੂ ਫੜ ਲਿਆ, ਗਲੀਆਂ ਸਾਫ਼ ਕਰਨ ਲੱਗ ਪਈ। ਬਹੁਕਰ ਮਾਰਦੀ ਜਾਵੇ ਤੇ ਕੂਕਦੀ ਜਾਵੇ:-

**ਮੈਂ ਗਲੀਆਂ ਕੁਰ ਰਹੀ ਸਾਫ਼, ਰਾਮ ਘਰ ਆਵਣਗੇ ਮਰੇ।**

ਅੰਞਾਣੇ ਸਮਝ ਰਹੇ ਸਨ, ਮਾਈ ਦਾ ਦਿਮਾਗ਼ ਹਿਲ ਗਿਆ ਏ, ਇਸ ਦੀ ਹੋਸ਼ ਟਿਕਾਣੇ ਨਹੀਂ ਰਹੀ। ਸਤਿਗੁਰ ਐਵੇਂ ਭੱਜੇ ਫਿਰਦੇ ਨੇ, ਜੋ ਮੂੰਹ ਆਏ ਕਹੀ ਜਾਂਦੀ ਏ!"

ਰਾਮ ਆ ਰਹੇ ਨੇ-ਰਾਮ ਆ ਰਹੇ ਨੇ-ਮਾਈ ਸੁਨੇਹੇ ਸੁਣਾਂਦੀ, ਝਾੜੂ ਦੇਂਦੀ

Sri Satguru Jagjit Singh Ji eLibrary NamdhariElibrary@gmail.com

ਨੰਬਰਦਾਰ ਚੂਹੜ ਸਿੰਘ ਦੇ ਘਰ ਅਪੜ ਗਈ ਤੇ ਉੱਚੀ ਸਾਰੀ ਬੋਲਾ ਕੀਤਾ, "ਨੰਬਰਦਾਰਨੀਏ! ਮੰਜਾ ਵਿਛਾ ਦੇ, ਸਤਿਗੁਰੂ ਆਏ ਕਿ ਆਏ।"

ਬੇਬੇ ਨੰਬਰਦਾਰਨੀ ਹੱਸੀ ਤੇ ਆਖਣ ਲੱਗੀ, "ਅੰਮਾ! ਧੰਨ ਭਾਗ ਜੇ ਮੇਰੇ ਘਰ ਆਉਣ।" ਉਸ ਭੈਣ ਨੇ ਅਜੇ ਇਹ ਸ਼ਬਦ ਸਮਾਪਤ ਹੀ ਕੀਤੇ ਸਨ ਕਿ ਬਾਹਰ ਮੋਟਰ ਦੀ ਘੂਕਰ ਸੁਣਾਈ ਦਿੱਤੀ, ਸਭ ਨੇ ਕੰਨ ਚੁੱਕ ਲਏ। ਦਾਨੀ ਵੈਰਾਗਣ ਬਾਹਰ ਦੌੜੀ।

ਗਲੀ ਵਿਚ ਮੋਟਰ ਖੜੀ ਸੀ। ਪਿੰਡ ਦੇ ਨਰ ਨਾਰ ਇਕੱਠੇ ਹੋ ਗਏ। ਜੈਕਾਰੇ ਗਜਾਏ ਗਏ। ਗ਼ਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਮੋਟਰ ਵਿੱਚੋਂ ਬਾਹਰ ਆਏ। ਸਾਧ ਸੰਗਤ ਚਰਨ ਪਰਸੇ। ਮਾਈ ਦੇ ਕੇਸ ਖੁੱਲ੍ਹੇ ਸਨ। ਸ਼ਬਦ ਪੜ੍ਹਦੀ ਆਵੇ:-

**"ਐਡਣਾ ਸੁਹਾਵਾ ਮੇਰਾ। ਐਡਣਾ ਸੁਹਾਵਾ ਮੇਰਾ॥"**

ਮਾਈ ਦੇ ਨੇਤਰ ਸਜਲ ਸਨ। ਵਾਹੋਦਾਹੀ ਅਗੇ ਵਧੀ ਤੇ ਧੜ੍ਹਮ ਕਰ ਕੇ ਚਰਨਾਂ ਤੇ ਢਹਿ ਪਈ। ਇੱਕੋ ਰੱਟ ਲਾਈ ਜਾਏ, "ਬਖਸ਼! ਬਖਸ਼!! ਬਖਸ਼!!!"

ਸਤਿਗੁਰੂ ਮਿਹਰ ਭਰਿਆ ਬਚਨ ਕੀਤਾ, "ਬਸ! ਬਸ!!" ਮਾਈ ਚਰਨਾਂ ਤੋਂ ਉੱਠੀ ਤੇ ਸਤਿਗੁਰਾਂ ਨੂੰ ਜੱਫਾ ਮਾਰ ਲਿਆ। ਦਰਸਕ ਇਹ ਦ੍ਰਿਸ਼ ਵੇਖ ਕੇ ਹੈਰਾਨ ਸਨ ਕਿ ਦਾਨੀ ਨੂੰ ਕੀ ਹੋ ਗਿਆ ਏ। ਮਗਰ ਸੂਝਵਾਨ ਇਹ ਨਜ਼ਾਰਾ ਵੇਖ, ਧੰਨ ਸਤਿਗੁਰੂ! ਧੰਨ ਸਤਿਗੁਰ!! ਧੰਨ ਸਤਿਗੁਰੂ ਪ੍ਰਤਾਪ ਸਿੰਘ!!! ਕਹਿ ਵਜਦ ਵਿਚ ਆ ਰਹੇ ਸਨ। ਅਲ੍ਹੜ ਭੋਲੇ ਇਨ੍ਹਾਂ ਰਮਜ਼ਾਂ ਨੂੰ ਕੀ ਜਾਨਣ। ਹਾਸ਼ਮ ਐਸੇ ਭੱਦਰ ਪੁਰਸ਼ਾਂ ਨੂੰ ਤਕ ਹੀ ਕਿਹਾ ਸੀ:-

**ਮੂਰਖ ਲੋਕ ਸਦਾ ਸੁਖ ਸੌਂਦੇ, ਰੋਜ਼ ਕਮਾਵਣ ਪੈਸਾ।**
**ਨਾ ਕੁਝ ਉਚ ਨਾ ਨੀਚ ਪਛਾਨਣ, ਪ੍ਰੇਮ ਨਾ ਜਾਨਣ ਕੈਸਾ।**

'ਨਿਖਾਖੀਏ! ਬਹੁਤਾ ਤੰਗ ਨਾ ਕਰਿਆ ਕਰ। ਕਿੰਨਾ ਜ਼ਰੂਰੀ ਕੰਮ ਸੀ! ਕੋਈ ਵੇਲਾ ਕੁਵੇਲਾ ਵੀ ਵੇਖ ਲਿਆ ਕਰ।'

'ਵੇ ਬੱਚਾ! ਮੈਂ ਨਿਖਾਖੀ ਦੀ ਸੜ ਜਾਏ ਜੀਭ ਜਿਹੜੀ ਅਕਾਲ ਪੁਰਖ ਨੂੰ ਬੱਚਾ ਕਹਿੰਦੀ ਏ, ਪਰ ਸਤਿਗੁਰਾ! ਤੂੰ ਮੇਰਾ ਹਾਲ ਵੀ ਵੇਖ। ਮੈਂ ਚੀਨੀ ਵਾਲੇ ਦੇ ਲੜ ਲੱਗੀ ਆਂ, ਮੈਂ ਨਿਖਾਖੀ ਕਿਵੇਂ? ਖਸਮਾਂ ਨੂੰ ਖਾਣੇ ਖਸਮ ਤਾਂ ਹੱਡ ਚੰਮ ਦੇ ਗਾਹਕ ਹੁੰਦੇ ਨੇ, ਮੇਰੇ ਵਰਗਾ ਪਤੀ ਕਿਸੇ ਭਾਗਾਂ ਵਾਲੇ ਨੂੰ ਮਿਲਦਾ ਏ। ਪਰ ਹੁਣ ਤਾਂ ਤੁਸੀਂ ਸਭ ਕੁਝ ਓ। ਕਿਰਪਾ ਕਰਿਆ ਕਰੋ। ਲੰਮੀਆਂ ਨਾ ਲਾਇਆ ਕਰੋ।'

'ਜਾ ਬਹੁਤੀਆਂ ਗੱਲਾਂ ਨਾ ਮਾਰ। ਪ੍ਰਸ਼ਾਦਾ ਛੱਕ।'

ਮੈਂ ਤਦ ਛੱਕਾਂਗੀ ਜੇ ਪਹਿਲਾਂ ਆਪ ਛੱਕੋਗੇ। ਤੁਹਾਡੇ ਸੇਵਕ ਤੇ ਤੁਸੀਂ ਪਤਾ ਨਹੀਂ ਕਦੋਂ ਦਾ ਕੁਝ ਛੱਕਿਆ ਹੋਇਆ ਹੈ, ਜੋ ਮੈਂ ਪਾਪਣ ਲਈ ਆਏ ਹੋ, ਪਰ ਮੈਂ ਕਰਾਂ ਕੀ ਮੇਰੇ ਵਸ ਦੀ ਗੱਲ ਨਹੀਂ, ਤੇਰੇ ਬਿਨਾ ਮੇਰੀ ਦੁਨੀਆਂ ਸੁੰਞੀ

Sri Satguru Jagjit Singh Ji eLibrary NamdhariElibrary@gmail.com

ਜਾਪਦੀ ਏ, ਇਹ ਠੰਡੀ ਵਾ ਪੀੜਾਂ ਛੇੜਦੀ ਏ। ਸੂਰਜ ਦਾ ਰੂਪ ਧਾਰ ਫੁੰਕਾਰੇ ਮਾਰਦੀਆਂ ਨੇ। ਫੇਰ ਤੁਸੀਂ ਦੱਸੋ ਮੈਂ ਕਿਧਰ ਜਾਵਾਂ? ਕਿਹੜਾ ਪਾਠ ਪੜ੍ਹਾਂ?

'ਜਿਹੜਾ ਪਾਠ ਤੂੰ ਪੜ੍ਹਦੀ ਏਂ, ਉਹ ਤਾਂ ਮੇਰੀ ਮੋਟਰ ਦੇ ਪਹੀਆਂ ਨੂੰ ਥੰਨ੍ਹ ਖਲੋਂਦਾ ਏ। ਏਸ ਪਾਸਿਓਂ ਦੀ ਲੰਘਾਂ ਤਾਂ ਉਨ੍ਹਾਂ ਚਿਰ ਇਹ ਅੱਗੇ ਨਹੀਂ ਰਿੜ੍ਹਦੇ ਜਿੰਨਾ ਚਿਰ ਤੇਰੇ ਕੋਲੋਂ ਹੋ ਨਹੀਂ ਜਾਂਦੇ। ਵੇਖ ਅੱਜ ਅੰਮ੍ਰਿਤ ਵੇਲੇ ਤੋਂ ਤੂੰ ਪਿੱਛੇ ਪਈ ਏਂ। ਇਸ ਵਾਸਤੇ ਘੋੜਿਆਂ ਦੀ ਨੀਲਾਮੀ ਛੱਡ ਛੜਾ ਸਰਗੋਧਿਓਂ ਤੁਰਨਾ ਪਿਆ। ਰਾਹ ਵਿਚ ਪ੍ਰਸ਼ਾਦ ਛੱਕਣ ਲੱਗਾ, ਤੂੰ ਉਹ ਵੀ ਛੱਕਣ ਨਹੀਂ ਦਿੱਤਾ। ਘੜੀ ਆਰਾਮ ਕਰਨ ਲੱਗਾ ਤੂੰ ਫੇਰ ਵੀ ਨਹੀਂ ਟਿਕਣ ਦਿੱਤਾ। ਦਸ ਤੂੰ ਹੋਰ ਕੀ ਆਖਦੀ ਏਂ?' ਮਾਈ ਮੁੜ ਚਰਨਾਂ ਤੇ ਢਹਿ ਪਈ ਤੇ ਬਚਨ ਕੀਤਾ, ਪਾਤਸ਼ਾਹੋ! ਇਹ ਤੁਹਾਡੀ ਮਿਹਰ ਏ। ਮੈਂ ਨਿਮਾਣੀ ਕੌਣ ਹਾਂ। ਹੁਣ ਪ੍ਰਸ਼ਾਦ ਛੱਕੋ।' ਗ਼ਰੀਬ ਨਿਵਾਜ਼ ਜੀ ਮੰਜੇ ਤੇ ਜਾ ਬੈਠੇ। ਸੇਵਕ ਆ ਚਰਨ ਪ੍ਰਸਦੇ। ਲੰਗਰ ਓਥੇ ਈ ਹੋਇਆ। ਘਰ ਘਰ ਮਾਈ ਦਾਨੀ ਦੀਆਂ ਗੱਲਾਂ ਚੱਲ ਪਈਆਂ। ਮਾਈ ਭਾਗਾਂ ਵਾਲੀ ਏ, ਜਿਸ ਦੀਆਂ ਸਤਿਗੁਰੂ ਮੰਨਦੇ ਹਨ।

Sri Satguru Jagjit Singh Ji eLibrary NamdhariElibrary@gmail.com

# ਵੀਹਵੀਂ ਸਦੀ ਦੇ ਕਬੀਰ

**ਕਬੀਰ ਮਨ ਨਿਰਮਲ ਭਇਆ ਜੈਸੇ ਗੰਗਾ ਨੀਰ।**
**ਪਾਛੈ ਲਾਗਾ ਹਰਿ ਫਿਰੈ, ਕਹਿਤ ਕਬੀਰ ਕਬੀਰ।**

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਭੌਰੇ ਸੰਤ ਮੀਹਾਂ ਸਿੰਘ, ਪੁੱਤਰ ਫਤਿਹ ਸਿੰਘ ਜੰਡੂ ਜ਼ਿਲ੍ਹਾ ਸਿਆਲਕੋਟ ਵਿਚ ਰਹਿੰਦੇ ਸਨ। ਹਰ ਸਿੱਖ ਨੂੰ ਸਤਿਗੁਰੂ ਰਾਮ ਸਿੰਘ ਦਾ ਰੂਪ ਜਾਣਦੇ, ਆਏ ਗਏ ਸਾਧ ਦੀ ਸੇਵਾ ਤਨੋ ਮਨੋ ਹੋ ਕੇ ਕਰਦੇ। ਕਿਸੇ ਨੂੰ ਵੀ ਨਿਰਾਸ਼ ਹੋ ਕੇ ਨਾ ਜਾਣ ਦੇਂਦੇ।

ਪਤਾ ਨਹੀਂ ਮਸਤਾਨਾ ਵਸਾਵਾ ਸਿੰਘ ਨੂੰ ਕੀ ਪ੍ਰੇਰਨਾ ਹੋਈ ਕਿ ਉਹ ਮੀਹਾਂ ਸਿੰਘ ਕੋਲ ਗਿਆ ਤੇ ਆਖਣ ਲੱਗਾ, "ਮੀਹਾਂ ਸਿੰਘ ਮੈਨੂੰ ਆਪਣੀ ਸਿੱਖਣੀ ਦੇ ਦੇ।" ਅੱਜ ਦੇ ਯੁਗ ਅਜੇਹੀ ਮੰਗ ਕਰਨ ਵਾਲੇ ਦੀ ਜੋ ਦੁਰਦਸ਼ਾ ਹੁੰਦੀ ਹੈ, ਉਹ ਉਹੋ ਹੀ ਜਾਣ ਸਕਦਾ ਹੈ। ਪਰ ਸੰਤ ਮੀਹਾਂ ਸਿੰਘ ਨੇ ਕਬੀਰ ਦੀ ਸਾਖੀ ਸਿੱਧ ਕਰ ਦਿੱਤੀ। ਉਸ ਨੇ ਚੋਰ ਤੇ ਪਰਉਪਕਾਰ ਕਰਦਿਆਂ, ਵਾਹਰ ਨੂੰ ਕਹਿ ਦਿੱਤਾ ਸੀ 'ਕਿ ਏਥੇ ਕੋਈ ਚੋਰ ਨਹੀਂ ਆਇਆ। ਇਹ ਲੋਈ ਹੈ, ਇਹ ਕਮਾਲਾ ਤੇ ਕਮਾਲੇ ਦੀ ਘਰ ਵਾਲੀ ਹੈ, ਇਹ ਮੇਰੀ ਧੀ ਹੈ ਤੇ ਇਹ ਮੇਰਾ ਜਵਾਈ ਹੈ।' ਤਿਵੇਂ ਮੀਹਾਂ ਸਿੰਘ ਬਿਨਾ ਝਿਜਕ ਕਿਹਾ-'ਧੰਨ ਭਾਗ! ਮੇਰੀ ਸਿੱਖਣੀ ਹਾਜ਼ਰ ਹੈ। ਜਾ ਬਿਸ਼ਨ ਕੌਰ ਨੂੰ ਲੈ ਜਾ।' ਬਿਸ਼ਨ ਕੌਰ ਦੁੱਧ ਰਿੜਕ ਰਹੀ ਸੀ।

ਮੀਹਾਂ ਸਿੰਘ ਆਪਣੀ ਸਿੱਖਣੀ ਕੋਲ ਗਿਆ ਤੇ ਆਖਿਆ 'ਬਿਸ਼ਨ ਕੌਰੇ! ਤੂੰ ਮਸਤਾਨੇ ਨਾਲ ਜਾ ਅਤੇ ਜੋ ਉਹ ਆਗਿਆ ਕਰੇ ਉਹ ਮੰਨ।' ਬਿਸ਼ਨ ਕੌਰ ਵੀ ਨੇਕ ਦੁੱਧ ਦੀ ਪਲੀ ਸੀ। ਉਸ ਕੋਈ ਹੀਲ ਹੁੱਜਤ ਨਾ ਕੀਤੀ ਤੇ ਅੱਗੇ ਲੱਗ ਟੁਰੀ। ਅੱਗੇ ਅੱਗੇ ਵਸਾਵਾ ਸਿੰਘ ਤੇ ਮਗਰ ਮਗਰ ਬਿਸ਼ਨ ਕੌਰ!

ਪਿੰਡੋਂ ਬਾਹਰ ਕੋਈ ਮੀਲ ਗਏ ਹੋਣਗੇ ਕਿ ਮਸਤਾਨੇ ਨੂੰ ਹੋਸ਼ ਆ ਗਈ। ਉਸ ਸਮਝਿਆ ਮੈਂ ਘੋਰ ਪਾਪ ਕੀਤਾ ਏ। ਵਸਾਵਾ ਸਿੰਘ ਨੇ ਹੱਥ ਜੋੜ ਕਿਹਾ-'ਭੈਣ! ਤੂੰ ਮੈਨੂੰ ਬਖਸ਼! ਮੇਰੀ ਮਤ ਤੇ ਪਰਦਾ ਪੈ ਗਿਆ। ਤੈਨੂੰ ਘਰੋਂ ਲੈ ਆਂਦਾ ਤੂੰ ਆਪਣੇ ਘਰ ਜਾ ਕੇ ਪਤੀ ਦੀ ਸੇਵਾ ਕਰ। ਇਹ ਕਹਿੰਦਿਆਂ ਬਿਸ਼ਨ ਕੌਰ ਦੇ ਪੈਰਾਂ ਤੇ ਹਾਉਕੇ ਭਰਨ ਲੱਗ ਪਿਆ। ਅੱਗੋਂ ਬਿਸ਼ਨ ਕੌਰ ਕਹੇ ਮੈਨੂੰ ਮੇਰੇ ਗੁਰਦੇਵ ਪਤੀ ਨੇ ਤੋਰਿਆ ਮੈਂ ਤੁਹਾਡੇ ਨਾਲ ਜਾਵਾਂਗੀ।' ਬਿਸ਼ਨ ਕੌਰ ਮੁੜੇ ਨਾ, ਮਸਤਾਨਾ ਖੜੇ ਨਾ। ਦੋਵੇਂ ਰੋਈ ਜਾਣ।

ਓਧਰ ਜਦ ਮੀਹਾਂ ਸਿੰਘ ਦੇ ਭਰਾਵਾਂ ਨੂੰ ਪਤਾ ਲੱਗਾ ਕਿ ਵਸਾਵਾ ਸਿੰਘ ਨੇ ਸਾਡਾ ਨੱਕ ਵੱਢ ਦਿੱਤਾ ਹੈ, ਉਨ੍ਹਾਂ ਡਾਂਗਾਂ ਚੁੱਕ ਲਈਆਂ ਤੇ ਬਿਸ਼ਨ ਕੌਰ

Sri Satguru Jagjit Singh Ji eLibrary NamdhariElibrary@gmail.com

ਮਗਰ ਦੌੜੇ। ਪਰ ਜਦ ਮੀਲ ਕੁ ਬਾਹਰ ਆਏ ਤਾਂ ਦੋਹਾਂ ਨੂੰ ਵਰਲਾਪ ਕਰਦਿਆਂ ਇਕ ਦੂਜੇ ਦੇ ਪੈਰਾਂ ਤੇ ਹੱਥ ਧਰੀ ਵੇਖਿਆ। ਇਹ ਕਰੁਣਾਮਈ ਨਜ਼ਾਰਾ ਵੇਖ ਕੇ ਉਨ੍ਹਾਂ ਦੀਆਂ ਉਲਰੀਆਂ ਡਾਂਗਾਂ ਨੀਵੀਆਂ ਹੋ ਗਈਆਂ ਉਨ੍ਹਾਂ ਦੀ ਵਿਥਿਆ ਸੁਣ, ਮੀਹਾਂ ਸਿੰਘ ਦੇ ਭਰਾਵਾਂ ਦੇ ਵੀ ਗਲੇਡੂ ਭਰ ਆਏ। ਵਸਾਵਾ ਸਿੰਘ ਬਿਸ਼ਨ ਕੌਰ ਨੂੰ ਖੜੇ ਨਾ, ਬਿਸ਼ਨ ਕੌਰ ਘਰ ਆਏ ਨਾ। ਅੰਤ ਇਸ ਦੇ ਦੇਉਰ ਜੇਠ ਦੇ ਜ਼ਿਮਾ ਲੈਣ ਤੇ ਬਿਸ਼ਨ ਕੌਰ ਵਾਪਿਸ ਮੁੜੀ ਤੇ ਘਰ ਜਾ ਕੇ ਸਵਾਮੀ ਦੇ ਚਰਨਾਂ ਤੇ ਸਿਰ ਰਖਿਆ ਤੇ ਮੱਥਾ ਟੇਕਿਆ।

ਸਤਿਗੁਰੂ ਦੀ ਮਿਹਰ ਨਾਲ ਸਭ ਦੀ ਲਾਜ ਰਹਿ ਗਈ। ਮੀਆਂ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵੱਲ ਧਿਆਨ ਕਰ ਨਮਸਕਾਰ ਕੀਤੀ। ਘਰ ਘਰ ਚਰਚਾ ਚੱਲ ਪਈ ਕਿ ਮੀਹਾਂ ਸਿਘ ਅੱਜ ਦੇ ਜ਼ਮਾਨੇ ਵਿਚ ਕਬੀਰ ਨੂੰ ਮਾਤ ਪਾ ਦਿੱਤਾ ਏ।

**ਪੰਡਿਤ ਗੋਪਾਲ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਤਲਵਾਰਾਂ ਤੋਂ ਰਖਿਆ

**ਜਿਥੇ ਖੰਡੇ ਲਸ ਲਸੇ ਸਾਂਗਾਂ ਦੀ ਹੋਇ ਬਹੀਰ।**
**ਓਥੇ ਸਤਿਗੁਰੂ ਬੇਲੀ ਚਾਹੀਦਾ ਜਿਥੇ ਅਉਖੀ ਬਣਦੀ ਭੀੜ।**

ਹਾੜ ਦਾ ਮਹੀਨਾ ਸੀ। ਸੂਰਜ ਚੱਲਦਾ ਚੱਲਦਾ 4 ਘੰਟੇ ਆਪਣੀ ਯਾਤਰਾ ਮੁਕਾ ਚੁੱਕਾ ਸੀ। ਬਾਬਾ ਕਾਹਨ ਸਿੰਘ ਮਸਤਾਨਾ ਸਿਰ ਤੇ ਪ੍ਰਸ਼ਾਦੇ ਰਖ ਇਕ ਹੱਥ ਮਾਲਾ ਇਕ ਹੱਥ ਪਸ਼ੂਆਂ ਵਾਸਤੇ ਦਾਣਾ ਫੜੀ ਆਪਣੇ ਖੂਹ ਵਲ ਜਾ ਰਿਹਾ ਸੀ। ਅਜੇ ਨਹਿਰ ਲੰਘੀ ਤੇ ਬਰੂਟਿਆਂ ਦੇ ਕੋਲ ਕਰੜ ਵਿਚਾਲੇ ਪੁੱਜਾ ਸੀ ਕਿ ਇਕ ਚਮਤਕਾਰ ਨਜ਼ਰੀਂ ਆਇਆ ਤੇ ਉਹ ਮਸਤਾਂ ਦੀ ਦੁਨੀਆਂ ਵਿਚ ਜਾ ਪੁੱਜਾ। ਪ੍ਰਸ਼ਾਦੇ ਔਹ ਜਾ ਪਏ। ਦਾਣਾ ਧਰਤੀ ਤੇ ਖਿਲਰ ਗਿਆ। 'ਧੰਨ ਮੇਰਾ ਸਤਿਗੁਰ, ਧੰਨ ਤੂੰ, ਤੂੰ, ਤੂੰ' ਦੀਆਂ ਆਵਾਜ਼ਾਂ ਨਿਕਲਣੀਆਂ ਸ਼ੁਰੂ ਹੋ ਗਈਆਂ, ਜਦ ਸੁਰਤ ਹੇਠਾਂ ਉਤਰੀ ਤਾਂ ਚਾਰ ਚੁਫੇਰੇ ਅੱਗਾਂ ਲੱਗੀਆਂ ਵਿਖਾਈ ਦਿੱਤੀਆਂ। ਮਾਈਆਂ ਬੱਚਿਆਂ ਦੇ ਬੁਰੇ ਹਾਲ। ਵਿਚਾਰੇ ਸਿਰਾਂ ਤੇ ਗਠੜੀਆਂ ਚੁੱਕੀ ਇਧਰ ਉਧਰ ਸਿਰ ਲੁਕਾਈ ਹਿਤ ਦੌੜ ਭੱਜ ਕਰ ਰਹੇ ਸਨ। ਮਸਤਾਨੇ ਨੇ ਅਰਦਾਸਾ ਸੋਧਿਆ 'ਹੇ ਅਕਾਲ ਪੁਰਖ ਸਤਿਗੁਰੂ ਪ੍ਰਤਾਪ ਸਿੰਘ, ਜੀਆਂ ਦਾ ਤੂੰਹੀਂ ਰਾਖਾ ਹੈਂ; ਮਿਹਰ ਕਰੋ।'

ਇਤਨੇ ਨੂੰ ਸੰਤਾਂ ਦੀਆਂ ਆਵਾਜ਼ਾਂ ਸੁਣਕੇ ਗੁਰਚਰਨ ਸਿੰਘ, ਬਲਵੰਤ ਸਿੰਘ ਮੁਨਸ਼ੀ ਤੇ ਸੁਲੇਮਾਨ ਭੱਜੇ ਆਏ। ਬਾਬਾ ਜੀ ਆਪਣੇ ਧਿਆਨੇ ਤੁਰੇ ਗਏ ਤੇ ਖੂਹ ਤੇ ਜਾਕੇ ਸਾਰਿਆਂ ਨੂੰ ਕਿਹਾ ਸਮਾਂ ਨੇੜੇ ਆ ਗਿਆ ਹੈ, ਚਲੋ ਸ੍ਰੀ ਭੈਣੀ ਸਾਹਿਬ ਚਲੀਏ। ਇਸ ਗੱਲ ਤੇ ਸਾਰੇ ਰਾਜ਼ੀ ਹੋ ਗਏ ਪਰ ਜੈ ਸਿੰਘ ਦੀ ਸਲਾਹ ਕੁਝ ਢਿੱਲੀ ਮੱਠੀ ਸੀ। ਚੰਗਾ ਹੋਇਆ ਸਤਿਗੁਰਾਂ ਨੇ ਜੈ ਸਿੰਘ ਨੂੰ ਸਮਾਂ ਆਉਣ ਤੋਂ ਪਹਿਲਾਂ ਹੀ ਆਪਣੇ ਚਰਨਾਂ ਵਿਚ ਬੁਲਾ ਲਿਆ ਹੈ।

ਇਨ੍ਹੀਂ ਦਿਨੀਂ ਸੋਹਣ ਸਿੰਘ ਜੰਗ ਸਿੰਘ ਵਾਲੇ ਆਪਣੇ ਸਹੁਰੇ ਘਰ ਗਿਆ ਹੋਇਆ ਸੀ, ਉਹਦੀ ਸਿੱਖਣੀ ਵੀ ਓਥੇ ਸੀ। ਭਾਦਰੋਂ ਚੜ੍ਹੇ ਮਸਤਾਨਾ ਕਾਨ੍ਹ ਸਿੰਘ ਤੇ ਮੰਗਲ ਸਿੰਘ ਉਨ੍ਹਾਂ ਨੂੰ ਲੈਣ ਵਾਸਤੇ ਗਏ। ਰਾਹ ਵਿਚ ਸ਼ਾਮ ਕੋਟ ਮੁਸਲਮਾਨੀ ਪਿੰਡ ਸੀ। ਉਸਦੇ 'ਚੋਂ ਲੰਘਣਾ ਸੀ। ਸਿੰਘਾਂ ਅਰਦਾਸਾ ਸੋਧਿਆ ਤੇ ਕੂਚ ਕਰ ਦਿੱਤਾ। ਪਿੰਡ ਦੇ ਬਾਹਰ ਵਾਰ ਤਰਖਾਣਾਂ ਦੀ ਦੁਕਾਨ ਸੀ। ਉੱਥੇ ਗ਼ੁਲਾਮ ਬੈਠਾ ਸੀ। ਉਸ ਕਿਹਾ ਸਿੰਘੋ ਇਧਰੋਂ ਦੀ ਨਾ ਜਾਓ। ਇਹ ਰਾਹ ਖ਼ਤਰੇ ਤੋਂ ਖ਼ਾਲੀ ਨਹੀਂ। ਬਾਬਾ ਕਾਨ੍ਹ ਸਿੰਘ ਤੇ ਮੰਗਲ ਸਿੰਘ ਨੇ ਦੂਜਾ ਰਾਹ ਫੜ ਲਿਆ। ਅੱਜ ਸਿਮਰਨ ਬੜਾ ਫੁਰਦਾ ਸੀ। ਰਸਨਾ ਟਕ ਟਕ ਚੱਲ ਰਹੀ ਸੀ। ਦੋ ਮੀਲ ਗਏ ਸਨ ਕਿ ਸਰਕੜੇ ਦੇ ਬੂਜਿਆਂ ਪਿੱਛੋਂ ਦਸ-ਬਾਰ੍ਹਾਂ ਜਣੇ

Sri Satguru Jagjit Singh Ji eLibrary NamdhariElibrary@gmail.com

ਡਾਚੀਆਂ ਚਾਰਦੇ ਦਿੱਸੇ। ਉਹ ਇਨ੍ਹਾਂ ਨੂੰ ਵੇਖਦਿਆਂ ਈ ਕਹਿਣ ਲੱਗੇ "ਲਓ ਭਾਰੂ ਆ ਗਏ।" ਮੰਗਲ ਸਿੰਘ ਦੀ ਖਾਨਿਓਂ ਗਈ, ਪਰ ਮਸਤਾਨੇ ਦੀ ਕੋਠੀ ਕਾਇਮ ਸੀ। ਉਸ ਮੁੜ ਨੇਤਰ ਮੁੰਦ ਲਏ ਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਆਰਾਧਨਾ ਕੀਤੀ ਤੇ ਟੁਰ ਪਏ, ਮਗਰ ਸਤਿਗੁਰਾਂ ਪਤਾ ਨਹੀਂ ਉਨ੍ਹਾਂ ਨੂੰ ਕੀ ਜਣਾਇਆ ਕਿ ਉਹ ਜਦ ਕੋਲੋਂ ਦੀ ਲੰਘਣ ਲੱਗੇ ਤੇ ਉਨ੍ਹਾਂ ਹੱਥ ਜੋੜੀ ਆਖਿਆ 'ਬਾਬਾ ਜੀ ਏਧਰ ਨਾ ਜਾਇਓ ਅੱਗੇ ਅੱਗਾਂ ਲੱਗੀਆਂ ਹੋਈਆਂ ਹਨ।' ਉਹ ਦੂਜੇ ਰਾਹ ਪੈ ਗਏ ਤੇ ਪੰਜ ਵਜੇ ਕੁਲ ਮੁਅਕਲ ਪੁੱਜ ਗਏ। ਓਥੇ ਜੰਗਾਂ ਤੋਂ ਸਾਰਾ ਪਰਿਵਾਰ ਆਇਆ ਹੋਇਆ ਸੀ। ਉਨ੍ਹਾਂ ਓਸੇ ਵੇਲੇ ਮੁੜਨ ਦਾ ਪ੍ਰੋਗਰਾਮ ਬਣਾ ਲਿਆ। ਕੁਝ ਛੱਕਿਆ ਛਕਾਇਆ ਤੇ ਸੋਹਣ ਸਿੰਘ ਤੇ ਹਰਨਾਮ ਸਿੰਘ ਨੂੰ ਨਾਲ ਲੈ ਮੁੜੇ। ਸਟੇਸ਼ਨ ਤੇ ਪੁੱਜੇ। ਟਿਕਟਾਂ ਲੈ ਲਈਆਂ ਤੇ ਪਲੇਟਫਾਰਮ ਤੇ ਗਏ।

ਗੱਡੀ ਆਈ। ਗੱਡੀ ਵਿੱਚੋਂ ਨੌਂ ਗੁੰਡੇ ਉਤਰੇ। ਕਿਤੋਂ ਤਾਜ਼ਾ ਮਾਲ ਲੁੱਟ ਕੇ ਲਿਆਏ ਸਨ। ਮੂੰਹ ਨੂੰ ਲਹੂ ਲੱਗਾ ਹੋਇਆ ਸੀ, ਤੇ ਅੱਖਾਂ ਵਿਚ ਖ਼ੂਨ ਚੜ੍ਹਿਆ ਹੋਇਆ ਸੀ। ਘਾਘੂ, ਰਮਜ਼ਾਨ ਦੀਆਂ ਤੇ ਉਨ੍ਹਾਂ ਦੇ ਬਾਕੀ ਸਾਥੀਆਂ ਇਨ੍ਹਾਂ ਨੂੰ ਤੱਕਿਆ ਤਾਂ ਉਨ੍ਹਾਂ ਨੂੰ ਲਾਲੀਆਂ ਚੜ੍ਹ ਗਈਆਂ। ਬਾਬੇ ਕਾਨ੍ਹ ਸਿੰਘ ਨੂੰ ਹੋਰ ਤਾਂ ਕੁਝ ਨਾ ਔੜਿਆ ਤੇ ਓਸ ਉਨ੍ਹਾਂ ਨੂੰ ਵੇਂਹਦਿਆਂ ਸਾਰ ਅਰਦਾਸਾ ਸੋਧਿਆ। ਹੈ ਵੀ ਠੀਕ। ਜਿੱਥੇ ਕੋਈ ਯਾਰ ਬੇਲੀ ਨਾ ਹੋਵੇ ਉੱਥੇ ਸਤਿਗੁਰੂ ਸਾਥ ਦੇਂਦਾ ਹੈ:-

**ਜਿਥੇ ਖੰਡੇ ਲਸਲਸੇ ਸਾਂਗਾਂ ਦੀ ਹੋਏ ਵਹੀਰ।**
**ਉਥੇ ਸਤਿਗੁਰ ਬੇਲੀ ਚਾਹੀਦਾ, ਜਿਥੇ ਔਖੀ ਬਣਦੀ ਭੀੜ।**

ਉਨ੍ਹਾਂ ਗੁੰਡਿਆਂ ਇਹਨਾਂ ਦੀ ਜਾਮਾਂ ਤਲਾਸੀ ਲਈ, ਮਸਤਾਨੇ ਦੀ ਜੇਬ ਵਿੱਚੋਂ ਮਾਲਾ ਨਿਕਲੀ। ਮਾਲਾ ਨੂੰ ਵੇਖ ਉਹ ਹੱਸ ਪਏ ਤੇ ਘਾਘੂ ਕਿਹਾ, "ਕਰਾੜਾ ਇਹ ਕੀ ਏ?" "ਇਹ ਹੈ ਮਾਲਾ, ਮੇਰੀ ਤੋਪ, ਜਿਸ ਵਿਚ 108 ਗੋਲੇ ਪੈਂਦੇ ਹਨ ਤੇ ਇਕ ਵੀ ਖਤਾ ਨਹੀਂ ਜਾਂਦਾ।" "ਕਰਾੜਾ! ਇਹ ਤੇਰੀ ਮਾਲਾ ਕੀ ਕਰੇਗੀ?" "ਇਹ ਮੇਰੇ ਗੁਰੂ ਵੱਲੋਂ ਬਖਸ਼ੀ ਹੋਈ ਏ। ਮੇਰਾ ਗੁਰੂ ਬੜਾ ਡਾਹਢਾ ਏ" "ਵੇਖ ਲੈਂਦੇ ਆਂ ਤੇਰਾ ਗੁਰੂ।" ਇਹ ਕਹਿੰਦਿਆਂ ਸੋਹਣ ਸਿੰਘ ਦੇ ਸਿਰ ਵਿਚ ਲਾਠੀਆਂ ਮਾਰੀਆਂ। ਉਸ ਦੇ ਸਿਰੋਂ ਲਹੂ ਵੱਗਣ ਲੱਗ ਪਿਆ। ਪਰ ਪਤਾ ਨਹੀਂ ਬੁੱਢੇ ਮਸਤਾਨੇ ਦੇ ਹੱਡਾਂ ਵਿਚ ਕਿੱਥੋਂ ਸ਼ਕਤੀ ਦਾ ਹੜ੍ਹ ਆ ਗਿਆ ਕਿ ਇਹਨਾਂ ਨੇ ਉਹਨਾਂ ਦੀਆਂ 2 ਲਾਠੀਆਂ ਖੋਹ ਉਹਨਾਂ ਨੂੰ ਕੁਟਾਪਾ ਚਾੜ੍ਹਿਆ। ਪਤਾ ਨਹੀਂ ਸਤਿਗੁਰ ਨੇ ਕੀ ਕੌਤਕ ਵਰਤਾਇਆ ਕਿ ਉਹ ਆਪਣਾ ਮਾਲ ਸਬਾਬ ਲੈ ਸਿਰ ਪੈਰਾਂ ਤੇ ਰੱਖ ਹਰਨ ਹੋ ਗਏ। ਸੋਹਣ ਸਿੰਘ ਉਹਨਾਂ ਦੇ ਪਿੱਛੇ ਗਿਆ ਜਿਸ ਤੇ ਉਹਨਾਂ ਪਸਤੌਲ ਦਾ ਫਾਇਰ ਕੀਤਾ ਤੇ ਉਸ ਦੀਆਂ ਲੱਤਾਂ ਫੱਟੜ ਹੋ ਗਈਆਂ। ਇਹ ਮੁੜ ਸਟੇਸ਼ਨ ਤੇ ਆ ਗਏ। ਅੱਗੇ ਬਾਬੂ ਮੁਸਲਮਾਨ ਸੀ। ਉਸ ਅੰਦਰ ਸਤਿਗੁਰੂ ਪ੍ਰਤਾਪ ਸਿੰਘ ਆ ਵਸਿਆ। ਉਸ

Sri Satguru Jagjit Singh Ji eLibrary NamdhariElibrary@gmail.com

ਕਿਹਾ, 'ਭਲਿਓ ਲੋਕੋ! ਇਧਰ ਨਾ ਜਾਓ।' ਇਹ ਸਾਰੇ ਫਾਟਕ ਵਾਲੇ ਪਾਸੇ ਟੁਰ ਪਏ। ਰੇਲ ਦੀ ਪਟਰੀ ਦੇ ਨਾਂਲ ਨਾਲ ਬੂਜੇ ਸਨ। ਉਹਨਾਂ ਪਿੱਛੋਂ ਪੰਜ-ਦਸ ਮੁਸਲਮਾਨ ਨਿਕਲੇ। ਹੱਥਾਂ ਵਿਚ ਬਰਛੇ ਤੇ ਕੁਹਾੜੀਆਂ ਸਨ। ਉਸ ਵੇਲੇ ਸੋਹਣ ਸਿੰਘ ਕਿਹਾ, 'ਤੂੰ ਰੋਜ਼ ਸਤਿਗੁਰੂ, ਸਤਿਗੁਰੂ ਆਖਦਾ ਥਕਦਾ ਨਹੀਂ ਹੁੰਦਾ ਜੇ ਮਾਰੇ ਗਏ ਤਾਂ ਫੇਰ ਸਤਿਗੁਰੂ ਆਉਣਗੇ।'

ਮੁੰਡੇ ਦੇ ਤਾਨ੍ਹਾ ਮਾਰਨ ਦੀ ਦੇਰ ਸੀ, ਸਤਿਗੁਰੂ ਪ੍ਰਤਾਪ ਸਿੰਘ ਇਉਂ ਪ੍ਰਤੱਖ ਹੋਏ ਜਿਵੇਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਮਰਹੱਟੇ ਰੁਸਤਮ ਰਾਉ ਤੇ ਬਾਲਾ ਰਾਉ ਨੂੰ ਪੂਨੇ ਦੇ ਕਿਲ੍ਹੇ ਤੋਂ ਛੁਡਾਉਣ ਵੇਲੇ ਹੋਏ ਸਨ। ਜਿਵੇਂ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਕੇ ਰਾਏ ਸਿੰਘ ਨੂੰ ਸ਼ੇਰ ਤੋਂ ਬਚਾਇਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਚਿੱਟੇ ਘੋੜੇ ਤੇ ਚਿੱਟੇ ਦਾੜ੍ਹੇ ਸਹਿਤ, ਹੱਥ ਵਿਚ ਨੇਜਾ, ਮਗਰੇ ਮਗਰ ਗੁਪਤ ਫ਼ੌਜਾਂ ਤਿਆਰ ਬਰ ਤਿਆਰ ਪਟੜੀ ਤੇ ਆ ਦਰਸ਼ਨ ਦਿੱਤੇ। ਹਜ਼ੂਰ ਨੇ ਲਲਕਾਰਾ ਮਾਰਿਆ, 'ਖ਼ਬਰਦਾਰ!' ਖ਼ਬਰਦਾਰ ਦੀ ਆਵਾਜ਼ ਸੁਣਦਿਆਂ ਈ ਪਾਜੀ ਤੌਬਾ ਤੌਬਾ ਕਰਦੇ ਸਿਰ ਤੇ ਪੈਰ ਰੱਖ ਉਠ ਦੌੜੇ। ਮਸਤਾਨੇ ਨੂੰ ਸੰਬੋਧਨ ਕਰਦਿਆਂ ਪਵਿੱਤਰ ਮੁਖਾਰਬਿੰਦ ਤੋਂ ਫ਼ੁਰਮਾਇਆ, 'ਘਬਰਾਓ ਨਹੀਂ! ਤੁਹਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਤੁਸੀਂ ਕੁਲ ਮੁਅੱਕਲ ਚਲੇ ਜਾਓ।' ਇਤਨਾ ਬਚਨ ਕਰ ਅਲੋਪ ਹੋ ਗਏ। ਇਹ ਤਿੰਨੇ ਜਣੇ ਮੁੜ ਆਪਣੇ ਸਾਥੀਆਂ ਨਾਲ ਆ ਰਲੇ।

**ਮਸਤਾਨਾ ਕਾਨ੍ਹ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਮੌਤ ਦੇ ਭੰਵਰਾਂ 'ਚੋਂ

'ਧੰਨ ਸਤਿਗੁਰੂ ਪ੍ਰਤਾਪ ਸਿੰਘ! ਧੰਨ ਸਤਿਗੁਰੂ ਪ੍ਰਤਾਪ ਸਿੰਘ!! ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ!!!"

"ਗੱਲ ਕੀ?"

ਗੱਲ ਪੁੱਛੋ ਨਾ! ਜਿੰਨੇ ਉਪਕਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਰੇ ਤੇ ਕੀਤੇ ਨੇ, ਗਿਣੇ ਨਹੀਂ ਜਾਂਦੇ। ਸਰੀਰ ਦੇ ਉਤਨੇ ਰੋਮ ਨਹੀਂ, ਜਿਤਨੇ ਉਪਕਾਰ ਸਤਿਗੁਰਾਂ ਨੇ ਸਾਧ ਸੰਗਤ 'ਤੇ ਕੀਤੇ ਹਨ।'

'ਮੈਂਬਰ ਸਾਹਿਬ! ਕੋਈ ਘੁੰਡੀ ਵੀ ਖੋਹਲੋਗੇ, ਕਿ ਮਸਤੀ ਦੇ ਘੋੜੇ ਤੇ ਹੀ ਸਵਾਰ ਰਹੋਗੇ?'

'ਮੂੰਹ ਛੋਟਾ ਏ, ਗੱਲ ਵੱਡੀ ਏ। ਡਰ ਲੱਗਦਾ ਏ ਕਿਤੇ ਉਪਕਾਰ ਦੱਸਦਿਆਂ, ਅਵੱਗਯਾ ਨਾ ਹੋ ਜਾਵੇ। ਜੀਅ ਹੈ ਭੁੱਲਣਹਾਰ, ਫੇਰ ਅਲਪੱਗ। ਸਤਿਗੁਰਾਂ ਦੇ ਗੁਣ ਤਾਂ ਬ੍ਰਹਮਾਂ ਵੀ ਨਹੀਂ ਗਾ ਸਕਦਾ।'

'ਨਹੀਂ ਭਾਈ! ਇਉਂ ਗੱਲ ਨਹੀਂ ਬਣਦੀ, ਕੁਝ ਪੱਲੇ ਪਾ।'

'ਮਾਸਟਰ ਜੀ! ਲਓ ਸੁਣੋ। ਸਤਿਗੁਰੂ ਪ੍ਰਤਾਪ ਸਿੰਘ ਜੀ ਤ੍ਰੈਕਾਲ ਦਰਸ਼ੀ ਸਨ। ਉਹ ਜਾਣਦੇ ਸਨ, ਕਿ ਭਾਣਾ ਵਰਤਣਾ ਏ। ਉਹਨਾਂ ਨੇ ਸਿੱਖਾਂ ਨੂੰ ਬਲਦੀ ਤੋਂ ਬਚਾਉਣ ਖ਼ਾਤਿਰ, ਪਹਿਲਾਂ ਹੀ ਵਿਉਂਤ ਬਣਾ ਲਈ ਤੇ ਸਰਸੇ ਤੋਂ 20-21 ਮੀਲ ਦੂਰ 30 ਲੱਖ ਰੁਪਿਆ ਖ਼ਰਚ ਕੇ ਜ਼ਮੀਨ ਦਾ ਪ੍ਰਬੰਧ ਕਰ ਲਿਆ। ਉਸ ਥਾਂ ਵਿਚ ਮੈਂ ਵੀ ਅੱਧੇ ਮੁਰੱਬੇ ਦਾ ਖ਼ਰੀਦਾਰ ਬਣ ਗਿਆ। ਮੇਰੇ ਚਾਚੇ ਪ੍ਰੀਤਮ ਸਿੰਘ ਨੇ ਵੀ ਇਕ ਮੁਰੱਬਾ ਖ਼ਰੀਦਿਆ। ਸਤਿਗੁਰੂ ਹੁਕਮ ਕੀਤਾ, ਕਿ ਜਿਨ੍ਹਾਂ ਜਿਨ੍ਹਾਂ ਜ਼ਮੀਨ ਲਈ ਏ, ਉਹਨਾਂ ਵਿੱਚੋਂ ਇਕ ਇਕ ਮੁਰੱਬਿਆਂ ਤੇ ਪਹੁੰਚ ਜਾਵੇ। ਇਹ ਐਲਾਨ ਸੁਣ, ਮੈਂ ਮੁਰੱਬਿਆਂ ਤੇ ਪੁੱਜਾ। ਪਰ ਮਾਸਟਰ ਜੀ! ਤੁਸੀਂ ਗੁਰੂ ਕੇ ਸਿੱਖ ਹੋ, ਇਲਾਕੇ ਦਾ ਝਾੜ-ਬੂਟ ਤੇ ਮੁਸਲਮਾਨੀ ਵਸੋਂ ਵੇਖ ਕੇ ਕੋਠੀ ਡੋਲ ਗਈ, ਮਨ ਕੰਬ ਗਿਆ ਤੇ ਆਖਿਆ, 'ਇੱਥੇ ਜ਼ਮੀਨ ਕਾਹਦੀ ਖ਼ਰੀਦੀ ਮੌਤ ਸਹੇੜ ਲਈ। ਇਹ ਲੁਟੇਰੇ ਮੁਸਲਮਾਨ, ਇਹ ਸ਼ੂਕਦੇ ਨਾਗ, ਬੱਕਰੇ ਦੀ ਮਾਂ ਕਦ ਤੱਕ ਖ਼ੈਰ ਮਨਾਇਗੀ।'

ਬੀਬੀ ਦਲੀਪ ਕੌਰ ਦਾ ਅਨੰਦ ਸੀ। ਉਹ ਨੌਹਰੋ ਆਈ ਹੋਈ ਸੀ। ਮੈਂ ਚਾਚੇ ਪ੍ਰੀਤਮ ਸਿੰਘ ਨੂੰ ਕਿਹਾ, 'ਮੇਰਾ ਅੱਧਾ ਮੁਰੱਬਾ ਵੀ ਤੂੰ ਲੈ ਲੈ, ਮੈਂ ਤੇਰੀ ਵਰਨਾਂ ਵਾਲੀਆਂ 8 ਪੈਲੀਆਂ ਜ਼ਮੀਨ ਲੈ ਲਵਾਂਗਾ।' ਪਹਿਲਾਂ ਤਾਂ ਉਸ ਨਾਂਹ ਕਰ ਦਿੱਤੀ। ਫ਼ੇਰ ਮੁੜ ਉਹ ਮੰਨ ਗਿਆ! ਮੈਂ ਅਵਤਾਰ ਸਿੰਘ ਨੰਬਰਦਾਰ, ਦਰਸ਼ਨ ਸਿੰਘ ਗਿੱਲ ਤੇ ਵਰਿਆਮ ਸਿੰਘ ਨਾਲ ਗੱਲ ਕੀਤੀ। ਉਹਨਾਂ ਵੀ

Sri Satguru Jagjit Singh Ji eLibrary NamdhariElibrary@gmail.com

ਹਾਂ ਨਾ ਭਰੀ ਤੇ ਕਿਹਾ ਸਤਿਗੁਰਾਂ ਪਾਸੋਂ ਆ ਗਿਆ ਲੈ ਲੈ। ਮੇਰੀ ਖੋਟੀ ਬੁਧ ਫੇਰ ਵੀ ਨਾ ਟਲਿਆ। ਸੰਤ ਆਲਾ ਸਿੰਘ ਪਾਸ ਜਾ ਪੁੱਜਾ, ਉਹਨਾਂ ਵੀ ਉਹੋ ਰਾਹ ਦੱਸਿਆ। ਮੈਂ ਸਤਿਗੁਰਾਂ ਪਾਸ ਕੋਠੀ ਗਿਆ। ਗ਼ਰੀਬ ਨਿਵਾਜ਼ ਤਾਊਸ ਬਜਾ ਰਹੇ ਸਨ। ਚਰਨਾਂ ਤੇ ਮੱਥਾ ਟੇਕਿਆ ਤੇ ਅਰਜ਼ ਕੀਤੀ। ਉਹਨਾਂ ਕੰਨੋ ਫੜ ਕੇ ਆਖਿਆ 'ਓਸ ਜ਼ਮੀਨ ਦੀ ਆਸ ਹਈ?' ਪਰ ਮੈਂ ਨੰਨਾਂ ਈ ਪੜ੍ਹੀ ਗਿਆ। ਉਹਨਾਂ ਬੜੇ ਪਿਆਰ ਨਾਲ ਸਮਝਾਇਆ। ਪਰ ਮੂਰਖ ਮਨ ਅੜ੍ਹਿਆ ਰਿਹਾ। ਅਖ਼ੀਰ ਮੈਂ ਅੱਧੇ ਮੁਰੱਬੇ ਬਦਲੇ 8 ਪੈਲੀਆਂ ਲੈਣੀਆਂ ਕਰ, ਬੇਮੁਖਤਾ ਦਾ ਟਿਕਾ ਲਵਾਂ, ਰੀਗਾ ਨਗਰ ਚਲਾ ਗਿਆ।' ਓਥੇ 6 ਚੱਕ ਡਬਲਯੂ ਵਿਚ ਮੇਰੀ ਸਿੱਖਣੀ ਤੇ ਲੜਕੀਆਂ ਸਨ। ਉਹਨਾਂ ਨੂੰ ਗੱਲ ਦੱਸੀ। ਪਰ ਮੇਰੀ ਸਿੱਖਣੀ ਅੰਦਰ ਸਤਿਗੁਰਾਂ ਦਾ ਹੱਥ ਸੀ। ਉਸ ਭਲੀ ਲੋਕ ਕਿਹਾ ਤੂੰ ਸਤਿਗੁਰਾਂ ਦਾ ਬਚਨ ਨਾ ਭੰਨ ਤੇ ਓਥੇ ਨਾ ਜਾਹ। ਪਰ ਮੇਰੀ ਚਤੁਰਾਈ ਤੇ ਜਵਾਨੀ ਸਭ ਨੂੰ ਟਿਚ ਸਮਝਦੀ ਸੀ। ਉਹਨੂੰ ਇਹ ਆਖ, ਕਿ ਮੈਂ 15 ਅਗਸਤ ਤੋਂ ਪਹਿਲਾਂ ਪਹਿਲਾਂ ਸਾਂਭਾਂ ਕਰ ਕੇ ਪਹੁੰਚ ਜਾਵਾਂਗਾ ਤੂੰ ਫ਼ਿਕਰ ਨਾ ਕਰ। ਸਭ ਰੱਸੇ ਪੈੜੇ ਤੁੜਾ ਵਰਨੀ ਪੁੱਜ ਗਿਆ।'

ਭਾਗ ਭਰੀ 15 ਅਗਸਤ ਚੜ੍ਹੀ। ਭਾਰਤ ਵਿਚ ਖ਼ੁਸ਼ੀ ਦੇ ਨਾਦ ਵਜਣੇ ਸ਼ੁਰੂ ਹੋ ਗਏ। ਪਰ ਪੰਜਾਬ ਦੀ ਧਰਤੀ ਗ਼ਮਾਂ ਦੇ ਬੱਦਲ ਛਾ ਗਏ। ਗਵਾਂਢੀ ਭਰਾ ਬਦੇਸ਼ੀਆਂ ਦੇ ਢਹੇ ਚੜ੍ਹ ਜਾਣ ਤੇ ਵੈਰੀ ਬਣ ਖਲੋਤੇ। ਲੁੱਟ ਮਾਰ ਸ਼ੁਰੂ ਹੋ ਗਈ। ਘਰਾਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਧੀਆਂ ਭੈਣਾਂ ਵਿੰਹਦਿਆਂ ਵਿੰਹਦਿਆਂ ਮਾਪਿਆਂ ਤੋਂ ਭੇਡਾਂ ਬੱਕਰੀਆਂ ਵਾਂਗੂ ਜਬਰੀ ਖੋਹ ਕੇ ਗੁੰਡਿਆਂ ਘਰੀਂ ਬਠਾ ਲਈਆਂ। ਰਾਵਲਪਿੰਡੀ ਦੇ ਲੋਕ ਪਹਿਲਾਂ ਹੀ ਰੁਲ ਰਹੇ ਸਨ। ਸ਼ੇਖ਼ੂਪੁਰੇ ਦੀ ਅੱਗ ਸੁਣ ਲਈ। ਆਲੇ ਦੁਆਲੇ ਦੀਆਂ ਕਤਲੇਆਮ ਦੀਆਂ ਕਹਾਣੀਆਂ ਟੁਰ ਪਈਆਂ। ਪਛਤਾਵਾ ਲੱਗਾ ਭੁੱਖ ਕੀਤੀ ਏ ਬਚਨ ਨਹੀਂ ਮੰਨਿਆ। ਪਿਤਾ ਜੀ ਕਿਹਾ-'ਪਿੰਡੋਂ ਦਾਣੇ ਭਿਆ ਲਿਆ, ਲੰਗਰ ਲਾਈਏ। ਦੁਖੀਆਂ ਦੇ ਪਰ੍ਹਿਆਂ ਦੇ ਪਰੇ ਆ ਰਹੇ ਨੇ। ਪਰ ਮੈਂ ਘੜੀਆਂ ਪਲਾਂ ਤੇ ਸਾਂ। ਆਲੇ ਦੁਆਲੇ ਦੀ ਕੁਰਲਾਹਟ ਲਹੂ ਸਾੜੀ ਜਾਂਦੀ ਸੀ, ਘੜੀ ਮੁੜੀ ਉਸ ਘੜੀ ਨੂੰ ਪਛਤਾਵਾਂ ਤੇ ਆਖਾਂ ਤੇ ਫਾਥੜੀਏ ਤੈਨੂੰ ਕੌਣ ਛੁਡਾਏ। ਜਦ ਸਭ ਪਾਸਿਆਂ ਤੋਂ ਨਿਰਾਸ ਹੋ ਗਿਆ ਤਾਂ ਮੈਂ ਸਤਿਗੁਰੂ ਪ੍ਰਤਾਪ ਸਿੰਘ ਦੇ ਚਰਨਾਂ ਵਿਚ ਅਰਦਾਸਾ ਸੋਧਿਆ, 'ਹੇ ਦੀਨ ਦਿਆਲ ਮਨ ਮੁਖੀ ਕੀਤੀ, ਮਨਮਤਿ ਨੇ ਮੱਤ ਮਾਰ ਦਿੱਤੀ। ਏਥੇ ਆ ਮੌਤ ਸਹੇੜੀ, ਤੂੰ ਬਹੁੜੀ ਕਰ, ਤੂੰ ਬਖਸ਼ਿੰਦ! ਤੇਰੇ ਬਿਨਾ ਕੋਈ ਵਾਹ ਨਹੀਂ ਸਤਿਗੁਰ ਸਦਾ ਦਿਆਲ! ਸਤਿਗੁਰ ਸਦਾ ਮਿਹਰਬਾਨ!! ਉਹ ਸਦਾ ਬਖਸ਼ਿੰਦ!!

ਆਉਗਣ ਕੀਤੇ ਹਰਿ ਨਾ ਚਤਾਰੇ।

ਤੇ ਏਸੇ ਵਹਿਣ ਵਿਚ ਬਰਾਜ ਗਿਆ। ਅੰਮ੍ਰਿਤ ਵੇਲਾ ਹੋਇਆ ਤਾਂ ਸਤਿਗੁਰਾਂ ਦੇ ਦਰਸ਼ਨ ਹੋਏ। ਬਰੂਹਾਂ ਵਿਚ ਖੜੇ ਹਨ। ਦੋਵੇਂ ਹੱਥ ਉਪਰ

Sri Satguru Jagjit Singh Ji eLibrary NamdhariElibrary@gmail.com

ਸਦਰਲਾਂ ਨੂੰ ਪਾਏ ਹੋਏ ਤੇ ਬਚਨ ਕੀਤਾ-'ਹਰਬੰਸ ਸਿੰਘ! ਤੂੰ ਬੀਕਾਨੇਰ ਚਲਾ ਆ। ਦੇਰ ਨਾ ਕਰ।' ਅਰਜ਼ ਕੀਤੀ 'ਆਵਾਂ ਕਿਵੇਂ ਸੱਚੇ ਪਾਤਸ਼ਾਹੋ। ਚਾਰ ਚੁਫੇਰੇ ਤਾਂ ਅੱਗਾਂ ਲੱਗੀਆਂ ਹੋਈਆਂ ਨੇ' ਸਤਿਗੁਰਾਂ ਸੱਜੇ ਹੱਥ ਨਾਲ ਇਸ਼ਾਰਾ ਕੀਤਾ ਤੇ ਕਿਹਾ-'ਤੂੰ ਟੁਰ ਪਓ, ਜਿਧਰ ਤੂੰ ਜਾਵੇਂਗਾ, ਤੇਰੀ ਵਾ ਵੱਲ ਕੋਈ ਨਹੀਂ ਵੇਖੇਗਾ। ਮੈਂ ਤੇਰੇ ਅੰਗ ਸੰਗ ਹਾਂ।' ਰਸਤਾ ਪੁੱਛਣ ਈ ਲੱਗਾ ਸਾਂ ਕਿ ਕੋਲੋਂ ਅਨੋਖ ਸਿੰਘ ਵਾਜ ਮਾਰ ਦਿੱਤੀ 'ਹਰਬੰਸ ਸਿੰਘ! ਅੰਮ੍ਰਿਤ ਵੇਲਾ ਹੋ ਗਿਆ ਏ, ਉਠ ਇਸ਼ਨਾਨ ਕਰੀਏ' ਉਬੜਵਾਹੇ ਉੱਠਿਆ ਤੇ ਕਿਹਾ-'ਅਨੋਖ ਸਿੰਘਾ! ਤੂੰ ਮੰਦਾ ਕੀਤਾ, ਵਾਜ ਮਾਰ ਦਿੱਤੀ। ਸਤਿਗੁਰ ਦਰਸ਼ਨ ਦੇ ਰਹੇ ਸਨ। ਮੈਂ ਰਾਹ ਪੁੱਛਣ ਲੱਗਾ ਸਾਂ, ਤੂੰ ਟੁੰਬ ਜਗਾਇਆ ਏ। ਖ਼ੈਰ ਤਿਆਰੀ ਕਰ, ਬੀਕਾਨੇਰ ਚਲੀਏ। ਪਿਤਾ ਜੀ ਬਥੇਰਾ ਸਮਝਾਇਆ ਕਿ ਪੁੱਤਰ ਅਸੀਂ ਰਲਕੇ ਵਸਦੇ ਸਾਂ, ਸਾਰਾ ਮੁਲਕ ਵਸਦਾ ਏ, ਫ਼ਿਕਰ ਵਾਲੀ ਗੱਲ ਨਹੀਂ, ਪਰ ਹੁਣ ਕੌਣ ਸੁਣੇ 'ਉੱਤਮ ਭਾਗ ਹੋਣ ਤਾਂ ਸੁਪਨੇ ਵਿਚ ਮਹਾਂ ਪੁਰਸ਼ਾਂ ਦੇ ਦਰਸ਼ਨ ਹੁੰਦੇ ਹਨ ਤੇ ਉਸ ਤੋਂ ਚੰਗੇਰੇ ਹੋਣ ਤਾਂ ਮਹਾਂ ਪੁਰਸ਼ਾਂ ਦੇ ਬਚਨਾਂ ਤੇ ਪ੍ਰਤੀਤ ਆਉਂਦੀ ਏ। ਨਹੀਂ ਤਾਂ ਸਭ ਹਵਾਈ ਕਿਲ੍ਹੇ ਵਿਖਾਈ ਦੇਂਦੇ ਹਨ।' ਖ਼ੈਰ ਮੈਂ ਸਭ ਸੁਣੀਆਂ ਅਣਸੁਣੀਆਂ ਕਰ ਛੱਡੀਆਂ ਤੇ ਬੀਕਾਨਰ ਨੂੰ ਟੁਰਨ ਦਾ ਮਨ ਬਣਾ ਲਿਆ। ਦਸ ਵਜੇ ਦੇ ਲਾਗੇ ਚਾਗੇ ਅਨੋਖ ਸਿੰਘ ਸਮਸਾ, ਕਾਲਾ ਸਿੰਘ ਭੁਚੋਕੇ, ਤੇ ਹਰਨਾਮ ਸਿੰਘ ਧੁੰਨੀਂ, ਨਾਲ ਤਿਆਰ ਹੋ ਪਏ। ਗੜਵੇ ਡੋਰੀਆਂ, ਲੱਕੀਂ ਕਛਹਿਰੇ, ਥੋੜ੍ਹਾ ਬਹੁਤਾ ਥੈਲਿਆਂ ਵਿਚ ਸਾਮਾਨ, ਹੱਥਾਂ ਵਿਚ ਕ੍ਰਿਪਾਨਾ, ਸਤਿਗੁਰੂ ਪ੍ਰਤਾਪ ਸਿੰਘ ਦੇ ਚਰਨਾਂ ਵਿਚ ਅਰਦਾਸਾ ਸੋਧ ਰਵਾਨਾ ਹੋਏ। ਭੁੱਲੇ ਲੋਕੀਂ ਆਖਣ 'ਕੂਕੇ ਡਰਾਕਲ ਓਏ, ਇਹ ਨਿਰੇ ਦਾਲ ਪੀਣੇ, ਇਹ ਕੜਾਹ ਖਾਣੇ,' ਮਗਰ ਅਸੀਂ ਕੰਨੀਂ ਬੁਝੇ ਦੇ ਟੁਰੀ ਗਏ।' ਬਾਰ੍ਹਾਂ ਵਜੇ ਦੇ ਕਰੀਬ, ਕੁੰਜਰੀ, ਗੁਰਬਖਸ਼ ਸਿੰਘ ਕੋਲ ਪੁੱਜੇ। ਓਸ ਪੁੱਛਿਆ, 'ਸੰਗਤਾਂ ਕਿਧਰ ਤਿਆਰ ਹੋਈਆਂ ਨੇ?' 'ਬੀਕਾਨੇਰ।' ਉਸ ਸੁਣਦਿਆਂ ਸਾਰ ਕਿਹਾ 'ਦੁਹਾਈ ਏ, ਨਾ ਜਾਇਓ ਅੱਗੇ, ਬੁਟਰਾਂ ਤੋਂ ਲੋਕ ਮੁੜ-ਮੁੜ ਆਉਂਦੇ ਨੇ, ਬੁਰੀ ਹੁੰਦੀ ਏ, ਮੁੜ ਜਾਓ ਵਾਪਸ।' ਪਰ ਮੈਂ ਕਿਹਾ, 'ਮਿੱਤਰਾ ਅਰਦਾਸਾ ਕਰ ਕੇ ਟੁਰ ਪਏ ਹਾਂ, ਸਤਿਗੁਰਾਂ ਆਪ ਦਰਸ਼ਨ ਦੇ ਕੇ ਹੁਕਮ ਕੀਤਾ ਏ, ਹੁਣ ਨਹੀਂ ਰੁਕਦੇ।' ਇਹ ਕਹਿ ਸਤਿ ਸ੍ਰੀ ਅਕਾਲ ਬੁਲਾ, ਕਦਮ ਅਗ੍ਹਾਂ ਨੂੰ ਪੁੱਟ ਲਏ।

ਅੱਗੇ ਕੋਟਲਾ ਸੀ। ਸਾਰਾ ਮੁਸਲਮਾਨੀ ਪਿੰਡ ਉੱਥੋਂ ਦੇ ਮੁਸਲਮਾਨ ਲਫੰਗਿਆਂ ਵੇਖਿਆ ਤੇ ਆਖਿਆ 'ਲਓ ਹੋਰ ਭਾਰੂ ਆ ਗਏ, ਐਲੀ ਐਲੀ ਕਰਦਿਆਂ ਰੌਲਾ ਮਚਾ ਦਿੱਤਾ! ਅਸੀਂ ਕਮਾਦੇ ਵੜ ਗਏ, ਉਹਨਾਂ ਕਮਾਦ ਨੂੰ ਘੇਰ ਲਿਆ। ਸਤਿਗੁਰਾਂ ਇੱਥੇ ਰਖਿਆ ਕੀਤੀ। ਅਸੀਂ ਟਿਬੀ ਹੰਬੂਆਂ, ਸਿੱਖਾਂ ਦਾ ਪਿੰਡ ਸੀ, ਓਧਰ ਚਲ ਪਏ। ਇੱਥੇ ਇਕ ਨੀਲੀ ਦਸਤਾਰ ਬੰਨ੍ਹੀ ਮੁਸਲਮਾਨ ਮਿਲਿਆ, ਜਿਹੜਾ ਹਿੰਦੂਆਂ ਤੇ ਸਿੱਖ ਨੂੰ ਧੋਖਾ ਦੇ ਕੇ ਮਰਵਾ ਦੇਂਦਾ ਸੀ, ਪਰ ਪਤਾ ਨਹੀਂ ਸਾਨੂੰ ਵੇਖ ਉਸ ਅੰਦਰ ਕੀ ਆਈ, ਓਸ ਕਿਹਾ 'ਖਾਲਸਾ ਜੀ!

Sri Satguru Jagjit Singh Ji eLibrary NamdhariElibrary@gmail.com

ਅੱਗੇ ਨਾ ਜਾਓ, ਓਥੇ ਕਰਫਿਊ ਲੱਗਾ ਹੋਇਆ ਹੈ, ਮਾਰੇ ਜਾਓਗੇ।' ਅਸੀਂ ਪੈਲੀਆਂ ਬੰਨਿਆਂ ਤੋਂ ਹੁੰਦੇ ਸੰਤ ਧੰਨਾ ਸਿੰਘ, ਮੰਨਾ ਸਿੰਘ, ਗੁਰੂ ਕੇ ਵਧੀਆ ਸਿੱਖਾਂ ਕੋਲ ਮੱਕੀ ਜਾ ਅਟਕੇ। ਪ੍ਰਸ਼ਾਦ ਛੱਕਿਆ, ਰਾਤ ਕੱਟੀ ਤੇ ਸਵੇਰ ਇਸਨਾਨ ਪਾਨ ਕਰ, ਲੋੜੀਂਦਾ ਪ੍ਰਸ਼ਾਦ ਛੱਕ ਅਗ੍ਹਾਂ ਨੂੰ ਨਿਕਲ ਟੁਰੇ। ਹਰਨਾਮ ਸਿੰਘ ਇੱਥੇ ਹੀ ਰਹਿ ਪਿਆ।

ਅਸੀਂ ਭਜਨ ਬਾਣੀ ਕਰਦੇ ਟੁਰ ਪਏ। ਰਾਹ ਵਿਚ ਕਈ ਮੁਸਲਮਾਨ ਹਲ ਵਾਹ ਰਹੇ ਸਨ, ਉਹ ਸਾਨੂੰ ਵੇਖ ਕੇ ਹੱਕੇ ਬੱਕੇ ਹੋ ਗਏ, ਪਰ ਮੂੰਹੋਂ ਕੁਝ ਨਾ ਆਖਿਆ। ਇਉਂ ਭਾਸਿਆ ਜਿਵੇਂ ਉਹਨਾਂ ਦੀ ਜ਼ਬਾਨ ਖਿੱਚੀ ਗਈ ਏ। ਅੱਗੇ ਖਰਲ ਪਿੰਡ ਸੀ। ਉਸ ਦਾ ਇੱਕੋ ਇਕ ਮਾਲਕ ਸੀ। ਚੋਰਾਂ ਡਾਕੂਆਂ ਦਾ ਸਰਦਾਰ ਉਸ ਦੇ ਨਾਲ ਸੌ ਗੁੰਡੇ ਹਰ ਵੇਲੇ ਰਹਿੰਦੇ ਸਨ। ਉਹ ਮੰਜੇ ਤੇ ਬੈਠਾ ਹੁੱਕਾ ਪੀ ਰਿਹਾ ਸੀ। ਬਦਮਾਸ਼ ਚਾਰ ਚੁਫੇਰੇ ਬੈਠੇ ਸਨ। ਉਹਨਾਂ ਸਾਨੂੰ ਵੇਖ ਲਿਆ। ਮੈਨੂੰ ਸਤਿਗੁਰਾਂ ਇਹ ਜਣਾਇਆ ਕਿ ਇੱਥੋਂ ਭੱਜਣਾ ਠੀਕ ਨਹੀਂ ਮੈਂ ਨਾਲ ਦਿਆਂ ਨੂੰ ਕਿਹਾ ਤੁਸੀਂ ਬੋਲਿਓ ਨਾ, ਗੱਲ ਮੈਂ ਕਰਾਂਗਾ। ਖ਼ੈਰ ਅਸੀਂ ਰਵਾਂ ਰਵੀਂ ਉਹਨਾਂ ਕੋਲ ਚਲੇ ਗਏ। ਜਦ ਉਹਨਾਂ ਦੇ ਲਾਗੇ ਨਿਝਕ ਹੋ ਪੁੱਜੇ, ਤਾਂ ਉਹਨਾਂ ਜਾਣਿਆ ਇਹਨਾਂ ਪਾਸ ਬੰਬ ਜਾਂ ਹੋਰ ਸਾਮਾਨ ਹੋਵੇਗਾ, ਪਰ ਮੈਂ ਉੱਚੀ ਬਾਂਹ ਕਰਕੇ ਕਿਹਾ 'ਭਰਾਵੋ! ਸਾਡੇ ਕੋਲ ਲੁਕਵੀਂ ਖ਼ਤਰਨਾਕ ਸ਼ੈ ਨਹੀਂ, ਘਬਰਾਓ ਨਾ' ਅਸੀਂ ਨੇੜੇ ਜਾ ਪੁੱਜੇ। ਇਕ ਮੰਜਾ ਖ਼ਾਲੀ ਪਿਆ ਸੀ ਚੌਧਰੀ ਨੇ ਇਸ਼ਾਰਾ ਕੀਤਾ। ਅਸੀਂ ਉਸ ਤੇ ਬਹਿ ਗਏ। ਜਦ ਸਾਰੀ ਵਾਰਤਾ ਸੁਣਾਈ ਤਾਂ ਉਹ ਬੜੇ ਹੈਰਾਨ ਹੋਏ ਤੇ ਆਖਿਆ ਤੁਸੀਂ ਵਰਨਾ ਤੋਂ ਚੱਲ ਕੇ ਇੱਥੋਂ ਤੱਕ ਆ ਕਿਵੇਂ ਗਏ। ਇਤਨੀ ਦੂਰ ਤੱਕ ਤੁਹਾਨੂੰ ਟਕਰਿਆ ਕੋਈ ਨਹੀਂ। ਮੈਨੂੰ ਉੱਤਰ ਫੁਰਿਆ ਤੇ ਕਿਹਾ, 'ਅਸੀਂ ਇਕੱਲੇ ਨਹੀਂ, ਸਾਡਾ ਰਾਖਾ ਸਾਡੇ ਨਾਲ ਏ, ਉਹ ਸਾਨੂੰ ਤੱਤੀ ਵਾਉ ਨਹੀਂ ਲੱਗਣ ਦੇਂਦਾ। ਉਹ ਸਾਡਾ ਸਤਿਗੁਰ ਏ।' ਚੌਧਰੀ ਨੇ ਪੁੱਛ ਪੜਤਾਲ ਕਰਨੀ ਸ਼ੁਰੂ ਕੀਤੀ 'ਕਿਸੇ ਆਲੇ ਦੁਆਲੇ ਨੂੰ ਜਾਣਦੇ ਹੋ? ਅਸੀਂ ਜੰਡਿਆਲੇ ਸ਼ੇਰ ਖ਼ਾਂ ਦੇ ਵਾਕਫ਼ਕਾਰਾਂ ਦੇ ਨਾਉਂ ਲਏ। ਚੌਧਰੀ ਕਿਹਾ, ਤੁਸੀਂ ਰੋਟੀ ਟੁਕ ਖਾਓ, ਕੱਲ੍ਹ ਵਾਪਸ ਮੁੜ ਜਾਇਓ। ਬੰਦਾ ਮੈਂ ਨਾਲ ਦਿਆਂਗਾ' ਪਰ ਅਸਾਂ ਕਿਹਾ 'ਸਰਦਾਰਾ! ਮਰਦੇ ਅਸੀਂ ਨਹੀਂ। ਸਾਡਾ ਰਾਖਾ ਬੜਾ ਡਾਢਾ ਏ, ਉਹ ਇਸ ਲੋਕ ਤੇ ਅਗਲੇ ਲੋਕ ਵਿਚ ਵੀ ਬਾਹੀਂ ਫੜੀ ਰੱਖਦਾ ਏ। ਤੂੰ ਸਾਨੂੰ ਖੂਹ ਦਸ ਅਸੀਂ ਘੁੱਟ ਪਾਣੀ ਪੀ ਲਈਏ।' ਉਹਨਾਂ ਖੂਹ ਦੱਸਿਆ ਸ਼ੱਕਰ ਲਿਆ ਕੇ ਦਿੱਤੀ। ਅਸਾਂ ਜਲ ਬਣਾ ਕੇ ਛੱਕਿਆ। ਉਸ ਨੇ ਆਪਣੇ ਮੁੰਡੇ ਨੂੰ ਘੋੜੀ ਤੇ ਨਾਲ ਚੜ੍ਹਾ ਤੋਰਿਆ ਤੇ ਆਖਿਆ 'ਪੁੱਤਰ! ਤੂੰ ਇਹਨਾਂ ਸਰਦਾਰਾਂ ਨੂੰ ਆਪਣੀ ਜੂਹ ਤੋਂ ਬਾਹਰ ਕੱਢਿਆ, ਅੱਗੋਂ ਇਹਨਾਂ ਦੀ ਕਿਸਮਤ।' ਉਹ ਸਵਾਰ ਅੱਗੇ ਅੱਗੇ ਹੋ ਟੁਰਿਆ, ਅਸੀਂ ਮਗਰ ਮਗਰ। ਉਹ ਤਿੰਨ-ਚਾਰ ਕੋਹਾਂ ਤੋਂ ਮੁੜ ਆਇਆ।

Sri Satguru Jagjit Singh Ji eLibrary NamdhariElibrary@gmail.com

ਅਸੀਂ ਸ਼ਕਰਪੁਰ ਤੋ ਆ ਰਹੀ ਸੜਕ ਦੇ ਲਾਗੇ ਪੁੱਜ ਗਏ। ਸਾਡੇ ਵੇਖਦਿਆਂ ਵੇਖਦਿਆਂ 80 ਟਰੱਕ ਮੁਸਲਮਾਨੀ ਫ਼ੌਜੀਆਂ ਦੇ ਲੰਘੇ। ਉਹਨਾਂ ਪਿੱਛੋਂ ਇਕ ਟਾਂਗੇ ਵਿਚ ਚਾਰ ਅਫ਼ਸਰ ਜਾ ਰਹੇ ਸਨ। ਉਹਨਾਂ ਵੀ ਸਾਥੋਂ ਪੁੱਛ ਗਿੱਛ ਚੰਗੀ ਕੀਤੀ। ਉਹ ਵੀ ਬੜੇ ਹੈਰਾਨ ਹੋਏ ਕਿ ਇਹ ਵੀਹ ਕੁਹ ਪੈਂਡਾ ਕਿਵੇਂ ਬਚ ਕੇ ਆ ਗਏ। ਇਹਨਾਂ ਨੂੰ ਕੋਈ ਟਕਰਿਆ ਨਹੀਂ। ਚਲੋ ਚੰਗਾ ਹੋਇਆ ਤੁਸੀਂ ਟਿਕਾਣੇ ਪੁੱਜ ਗਏ ਓ। ਸਾਡੇ ਮਗਰੇ-ਮਗਰ ਆ ਜਾਓ। ਇਹ ਕਹਿ ਟਾਂਗੇ ਦੇ ਸਵਾਰ ਅੱਗੇ ਨਿਕਲ ਗਏ। ਪਰ ਸਤਿਗੁਰ ਦੇ ਰਾਹ ਬੜੇ ਨਿਆਰੇ ਨੇ। ਉਹ ਇਹ ਕਹਿ ਨਿਕਲੇ ਹੀ ਸਨ ਕਿ ਲਾਗਿਉਂ ਈ ਇਕ ਬਿਰਧ ਖੜਾ ਦਿਸ ਪਿਆ। ਉਸ ਆਖਿਆ ਨੱਸ ਜਾਓ! ਅੱਗੇ ਬੁਰੀ ਹੋ ਰਹੀ ਏ, ਜ਼ਾਲਿਮ ਬੜੇ ਤਸੀਹੇ ਦੇ ਦੇ ਮਾਰ ਰਹੇ ਨੇ, ਕਈਆਂ ਨੂੰ ਤੇਲ ਪਾ ਕੇ ਫੂਕਿਆ ਏ, ਕਈਆਂ ਨੂੰ ਰੁੱਖਾਂ ਨਾਲ ਬੰਨ੍ਹ ਲੱਤਾਂ ਤੋਂ ਕੱਟ ਕੱਟ ਤੜਫ਼ਦਿਆਂ ਦਾ ਤਮਾਸ਼ਾ ਵੇਖਦੇ ਨੇ, ਉੱਥੇ ਤਾਂ ਦੋਜ਼ਖ ਬਣਿਆ ਪਿਆ ਏ। ਤੁਸੀਂ ਇਹ ਰਾਹ ਛੱਡ ਜਾਓ। ਅਸੀਂ ਤਿੰਨੇ ਰਾਹੋਂ ਲਾਂਭੇ ਹੋ ਗਏ। ਰਾਤ ਕਾਲਾ ਸਿੰਘ ਪਾਸ ਭੁਚੋਕੇ ਚਲੇ ਗਏ। ਬੀਬੀ ਸੰਤੋ ਪਹਿਲਾਂ ਤਾਂ ਪ੍ਰਸੰਨ ਹੋਈ ਪਰ ਫਿਰ ਚਿਹਰੇ ਤੇ ਪਲਿਤੱਣ ਛਾ ਗਈ ਕਿ ਇਹ ਗ਼ਰੀਬ ਵੀ ਆ ਫਸੇ, ਉਸ ਆਖਿਆ 'ਭਰਾਵੋ! ਨਿਕਲਣ ਦਾ ਉਪਾ ਕਰੋ।' ਇਤਨੇ ਨੂੰ ਮੁਸਲਮਾਨ ਢੋਲ ਵਜਾਂਦੇ ਆ ਗਏ। ਉਹਨਾਂ ਹੱਲਾ ਬੋਲ ਦਿੱਤਾ। ਅੱਗੋਂ ਬੰਦੂਕਾਂ ਦੀ ਵਾਛੜ ਹੋਈ, ਸਾਰੀ ਮੁਸਲਕੜ ਨੱਸ ਗਈ। ਰਾਤ ਨੂੰ ਬੜੀ ਵਰਸ਼ਾ ਹੋਈ। ਚਾਰ ਚੁਫੇਰੇ ਪਾਣੀ ਪਾਣੀ ਵਖਾਈ ਦੇਵੇ। ਮਨ ਵਿਚ ਆਖੀਏ 'ਸਤਿਗੁਰ! ਵਾਹ ਤੇਰੇ ਚੋਜ।' ਜੀਆਂ ਦੇ ਭਾਗ ਇਕ ਪਾਸੇ ਅੱਗ, ਦੂਜੇ ਬੰਨੇ ਪਾਣੀ, ਤੇਰੀਆਂ ਖੇਡਾਂ ਤੇਰੀ ਮੌਜਾਂ। ਪਿਛਲੇ ਪਹਿਰ ਮਿਲਟਰੀ ਆ ਗਈ, ਓਸ ਇਕ ਪਾਸਿਓਂ ਤੇਲ ਪਾ ਅੱਗ ਲਾਣੀ ਸ਼ੁਰੂ ਕਰ ਦਿੱਤੀ। ਨੱਸਣ ਵਾਲਿਆਂ ਨੂੰ ਗੋਲੀਆਂ ਨਾਲ ਭੁੰਨਿਆ। ਸਾਰਾ ਦਿਨ ਕਰਬਲਾ ਦਾ ਸੀਨ ਬਣਿਆ ਰਿਹਾ। ਅਸੀਂ ਮੌਕਿਆ ਪਾ ਕੇ ਪਿਛਲੇ ਪਹਿਰ ਲਹਿੰਦੇ ਪਾਸਿਓਂ ਨਿਕਲ ਤੁਰੇ। ਰਾਤ ਰਾਵੀ ਦੇ ਬਰੇਤੇ ਤੇ ਗੁਜ਼ਾਰੀ। ਸਵੇਰ ਸਾਰ ਆਮ ਹਜੂਮ ਨਾਲੋਂ ਵੱਖ ਹੋ ਗਏ। ਤੇ ਕੂਕਿਆਂ ਦੇ ਬੋਹੜ ਵਾਲੇ ਪੱਤਨ ਤੇ ਜਾ ਪੁੱਜੇ।

ਕਾਲਾ ਸਿੰਘ ਨੇ ਦੱਸਿਆ ਸੀ ਕਿ ਮਲਾਹ ਆਪਣੇ ਹਨ। ਉਹਨਾਂ ਨੂੰ ਸਮਝਾਇਆ ਹੋਇਆ ਹੈ ਕਿ ਜਦ ਕੱਪੜਾ ਹਿਲਾਇਆ ਜਾਵੇ ਤਾਂ ਉਹ ਬੇੜੀ ਲੈ ਕੇ ਆ ਜਾਣਗੇ। ਮੈਂ ਕਿਰਪਾਨ ਨਾਲ ਪਰਨਾ ਬੰਨ ਲਟਕਾਇਆ, ਕਿਰਪਾਨ ਹਿਲਾਈ ਤਾਂ ਉਹ ਬੇੜੀ ਨੂੰ ਉਰਲੇ ਪਾਸੇ ਲੈ ਆਏ। ਜਦ ਬੇੜੀ ਕੰਢੇ ਤੇ ਪੁੱਜੀ ਤੇ ਅਸੀਂ ਬੈਠਣ ਲੱਗੇ ਤਾਂ ਉਹਨਾਂ ਪੁੱਛਿਆ 'ਤੁਸੀਂ ਕੌਣ? ਕਿੱਥੋਂ ਆਏ ਓ?' ਅਸੀਂ ਸਾਰੀ ਰਾਮ ਕਹਾਣੀ ਸੁਣਾਈ ਤੇ ਆਖਿਆ ਸਾਨੂੰ ਕਾਲਾ ਸਿੰਘ ਨੇ ਭੇਜਿਆ ਏ, ਪਰ ਉਹਨਾਂ ਇੱਕੋ ਨੰਨਾ ਫੜੀ ਰਖਿਆ। ਅੰਤ ਹਾਰ ਹੁਟ ਮੈਂ 100 ਰੁਪਿਆ ਤੇ ਇਕ ਟੂੰਬ ਦੇਣੀ ਕੀਤੀ ਪਰ ਅੜਬ ਮੁੰਡੇ ਦੇ ਮੰਨ ਤੇ ਜੂੰ

Sri Satguru Jagjit Singh Ji eLibrary NamdhariElibrary@gmail.com

ਨਾ ਸਰਕੀ। ਮੁੜ ਸਤਿਗੁਰੂ ਪ੍ਰਤਾਪ ਸਿੰਘ ਨੂੰ ਯਾਦ ਕੀਤਾ ਤੇ ਅੰਦਰੋਂ ਅੰਦਰੀਂ ਅਰਦਾਸ ਕੀਤੀ ਤੇ ਵਾਸਤਾ ਪਾਇਆ 'ਹੇ ਸੱਚੇ ਪਾਤਸ਼ਾਹ! ਹਲਤ ਪਲਤ ਦੇ ਰਾਖੇ, ਤੈਥੋਂ ਮੰਗਣਾਂ ਤਾਂ ਸਿੱਖੀ ਦਾਨ ਚਾਹੀਦਾ ਹੈ, ਪਰ ਇਸ ਵੇਲੇ ਤੇਰੇ ਸਿੱਖ ਤੇ ਸਿੱਖੀ ਦੋਵੇਂ ਘੁੰਮਣ ਘੇਰੀ ਵਿਚ ਫਸੇ ਪਏ ਹਨ। ਅੱਗੇ ਅੱਗ ਤੇ ਪਿੱਛੇ ਪਾਣੀ ਏ ਘਰੋਂ ਦੂਰ ਆਂ। ਰਾਹ ਵਿਚ ਲੋਥਾਂ ਨਾ ਰੁਲਣ। ਤੇਰੇ ਬਿਨਾ ਕੋਈ ਕੋਈ ਬੌਹੜੀ ਨਹੀਂ ਕਰ ਸਕਦਾ।'

### 'ਅਪਨੇ ਸੇਵਕ ਕੀ ਆਪੇ ਰਾਖੈ'

ਠੀਕ ਉਸ ਦਿਨ ਸਿੱਧ ਹੋਇਆ। ਅਰਦਾਸ ਸੁਣੀ ਗਈ ਤੇ ਪ੍ਰਵਾਨ ਹੋ ਗਈ। ਸਤਿਗੁਰ ਬਿਰਦ ਮਲਾਹ ਅੰਦਰ ਆ ਵਸਿਆ, ਤਾਂ ਓਸ ਨੇ ਪੁੱਤਰ ਨੂੰ ਕਿਹਾ 'ਪੁੱਤ! ਵੇਖ ਇਨ੍ਹਾਂ ਦੋਹਾਂ ਨਾਲ ਹਿੰਦੁਸਤਾਨ ਵੱਧ ਨਹੀਂ ਜਾਣਾ। ਇਹ ਕਿੰਨੇ ਅੱਲਾ ਦੇ ਪਿਆਰੇ ਜਾਪਦੇ ਹਨ। ਇਹਨਾਂ ਦੇ ਮਥੇ ਦਾ ਜਲਾਲ ਦੱਸਦਾ ਏ ਕਿ ਇਹ ਖ਼ੁਦਾ ਦੀ ਯਾਦ ਵਾਲੇ ਨੇ, ਇਹਨਾਂ ਦੀਆਂ ਤਸਬੀਰਾਂ ਕਿੰਨੀਆਂ ਸੋਹਣੀਆਂ ਨੇ।' ਬਿਰਧ ਦੇ ਇਤਨਾ ਕਹਿਣ ਦੀ ਦੇਰ ਸੀ ਕਿ ਗਭਰੋਟਾ ਵੀ ਪਸੀਜ ਗਿਆ। ਅਸੀਂ ਬੇੜੀ ਵਿਚ ਬੈਠ ਗਏ। ਉਹਨਾਂ ਦੋਹਾਂ ਪਿਓ ਪੁੱਤਰਾਂ ਪਾਰ ਕਰ ਦਿੱਤਾ ਤੇ ਪੈਸੇ ਵੀ ਨਾ ਲਏ। ਹੁਣ ਅਸੀਂ ਰਾਵੀ ਪਾਰ ਮਾਂਗੇ ਹਰਨਾਮ ਸਿੰਘ ਦੇ ਘਰ ਪਹੁੰਚ ਗਏ। ਪ੍ਰਸ਼ਾਦਾ ਛੱਕਿਆ, ਆਰਾਮ ਕੀਤਾ ਤੇ ਸਵੇਰੇ ਸ਼ਹੀਦੀ ਕਰਨ ਦਾ ਪ੍ਰੋਗਰਾਮ ਬਣਿਆ। ਰਸਦਾਂ ਇਕੱਠੀਆਂ ਹੋ ਗਈਆਂ। ਇਤਨੇ ਨੂੰ ਲਾਹੌਰੋਂ ਫ਼ੌਜੀ ਆ ਗਏ। ਉਹਨਾਂ ਚੋਣਵੇਂ ਚੋਣਵੇਂ ਬੰਦੇ ਟਰੱਕਾਂ ਵਿਚ ਭਰ ਲਏ। ਉਹਨਾਂ ਟਰੱਕਾਂ ਵਿਚ ਸੂਬਾ ਕਰਤਾਰ ਸਿੰਘ ਵੀ ਸੀ ਓਸ ਇਸ਼ਾਰਾ ਕਰ ਕੇ ਬੁਲਾਇਆ ਤੇ ਆਖਿਆ, 'ਸਤਿਗੁਰਾਂ ਦੇ ਚਰਨਾਂ ਤੇ ਹੱਥ ਜੋੜ ਨਮਸਕਾਰ ਕਰ ਅਰਜ਼ ਕਰਨੀ ਕਿ ਮੇਰੀ ਬੰਦ ਖਲਾਸੀ ਕਰਾਉਣ। ਉਹਨਾਂ ਬਿਨਾਂ ਹੋਰ ਕੋਈ ਬੇਲੀ ਨਹੀਂ। ਉਹੀ ਦੀਨ ਤੇ ਉਹੀ ਦੁਖੀ ਦੇ ਰਾਖੇ ਹਨ।' ਇਤਨੇ ਨੂੰ ਫ਼ੋਜੀਆਂ ਨੇ ਟਰੱਕ ਸਟਾਰਟ ਕਰ ਦਿੱਤੇ ਤੇ ਉਹ ਘੜੀਆਂ ਪਲਾਂ ਵਿਚ ਜਾਲ ਵਿਚ ਫੱਸੇ ਸ਼ੇਰਾਂ ਨੂੰ ਲਾਂ ਅੱਖਾਂ ਤੋਂ ਉਹਲੇ ਹੋ ਗਏ। ਬਾਕੀ ਪਿੰਡ ਵਾਲਿਆਂ ਦੇ ਸਾਹ ਸੁਕ ਗਏ ਤੇ ਉਹਨਾਂ ਘਰਾਂ ਦੇ ਬੂਹੇ ਖੁੱਲ੍ਹੇ ਛੱਡ ਨਿਕਲਣ ਦੀ ਕੀਤੀ। ਸਾਰੀ ਰਾਤ ਤੁਰਦੇ ਰਹੇ ਤੇ ਦਿਨ ਚੜ੍ਹਨ ਨਾਲ ਅੰਮ੍ਰਿਤਸਰ ਵੱਲੋਂ ਆ ਰਹੀ ਨਹਿਰ ਦੇ ਕੰਢੇ ਤੇ ਪੁੱਜ ਗਏ। ਅੱਗੋਂ ਮਿੰਟਗੁਮਰੀ ਤੋਂ ਇਕ ਕਾਫਲਾ ਆ ਰਿਹਾ ਸੀ। ਸਿੱਖ ਮਿਲਟਰੀ ਨਾਲ ਸੀ, ਅਸੀਂ ਸਾਰੇ ਉਹਨਾਂ ਨਾਲ ਮਿਲ ਗਏ ਤੇ ਸਤਿਗੁਰਾਂ ਦਾ ਕੋਟਾਨ ਕੋਟ ਧੰਨਵਾਦ ਕੀਤਾ।'

ਇਸ ਕਾਫਲੇ ਨਾਲ ਇਕ ਪੜਾ ਰਾਏ ਜੰਗਾਂ ਦੇ ਦੂਜਾ ਖਰੜ ਕੀਤਾ। ਰਾਤ ਨਾਰਲੀ ਸ੍ਰ: ਕਿਰਪਾਲ ਸਿੰਘ ਦੇ ਘਰ ਕੱਟੀ। ਸਵੇਰੇ ਜਲ ਪ੍ਰਸ਼ਾਦਾ ਛੱਕਿਆ ਤੇ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ। ਕੁਝ ਸਮਾਂ ਅੰਮ੍ਰਿਤਸਰ ਠਹਿਰੇ, ਪਾਕਿਸਤਾਨੋਂ ਆਉਣ ਵਾਲਿਆਂ ਦੇ ਬੁਰੇ ਦਿਨ ਤੇ ਬਾਂਕੇ ਹਾਲ ਤੱਕੇ ਤੇ ਰੋਂਦਿਆਂ ਨੂੰ ਇਕ ਦੂਜੇ ਦੇ ਅੱਥਰੂ ਪੂੰਜਦਿਆਂ ਨੂੰ ਛੱਡ ਸ੍ਰੀ ਭੈਣੀ ਸਾਹਿਬ ਆ ਦਮ

Sri Satguru Jagjit Singh Ji eLibrary NamdhariElibrary@gmail.com

ਮਾਰਿਆ। ਇੱਥੇ ਆ ਕੇ ਇਹ ਤ੍ਰਿਸ਼ਨਾ ਪ੍ਰਬਲ ਹੋਈ ਕਿ ਕਿਸ ਵੇਲੇ ਸਤਿਗੁਰਾਂ ਦਾ ਦਰਸ਼ਨ ਕਰਾਂ ਤੇ ਭੁੱਲਾਂ ਬਖਸ਼ਾਵਾਂ। ਪਰ ਸਤਿਗੁਰੂ ਜੀ ਫਸਿਆਂ ਨੂੰ ਕੱਢਣ ਖ਼ਾਤਰ ਏਧਰ ਓਧਰ ਦੌਰੇ ਕਰ ਰਹੇ ਸਨ।

ਮੈਂ ਇਸ਼ਨਾਨ ਪਾਠ ਕੀਤਾ ਤੇ ਬਾਹਰ ਨਿਕਲਿਆ, ਤਬੇਲੇ ਵਿਚ ਘੋੜੀ ਸ਼ੇਰ ਸਿੰਘ ਯਾਕੀ ਨੂੰ ਖ਼ਰਾਬ ਕਰ ਰਹੀ ਸੀ। ਉਸ ਨੂੰ ਜਾ 'ਸਤਿ ਸ੍ਰੀ ਅਕਾਲ ਬੁਲਾਈ' ਤੇ ਸਤਿਗੁਰੂ ਜੀ ਦਾ ਪ੍ਰੋਗਰਾਮ ਪੁੱਛਿਆ। ਗੱਲਾਂ ਬਾਤਾਂ ਹੋ ਰਹੀਆਂ ਸਨ ਕਿ ਮਗਰੋਂ ਇਕ ਹੱਥ ਅਚਾਨਕ ਮੇਰੇ ਮੋਢੇ ਤੇ ਵੱਜਾ। ਮੈਂ ਤ੍ਰਬਕ ਉੱਠਿਆ, ਜਦ ਮੂੰਹ ਪਿਛਾਂ ਮੋੜਿਆ ਤਾਂ ਸਤਿਗੁਰਾਂ ਦੇ ਦਰਸ਼ਨ ਹੋਏ। ਬਸ! 'ਦਰਸ਼ਨ ਦੇਖਿਤ ਦੋਸ ਨਸੇ। ਚਰਨਾਂ ਤੇ ਸੀਸ ਰਖਿਆ। ਨਾਲ ਹੀ ਭੁੱਬਾਂ ਨਿਕਲ ਗਈਆਂ। ਮੂੰਹੋਂ ਗੱਲ ਨਾ ਨਿਕਲੇ। ਘਿੱਘੀ ਬੱਝ ਗਈ। ਕਿੰਨਾ ਚਿਰ ਨੂਰਾਨੀ ਮੁਖੜੇ ਨੂੰ ਤਕਦਾ ਤਕਦਾ ਵਿਸਮਾਦ ਹੋ ਗਿਆ। ਸਤਿਗੁਰਾਂ ਕਰ ਕਮਲਾਂ ਨੂੰ ਮੇਰੀ ਕੰਢ ਤੇ ਫੇਰਿਆ ਤੇ ਤੌਲਿਉਂ ਪਕੜ ਸਾਰਾ ਹਾਲ ਪੁੱਛਿਆ। ਹਾਲ ਤਾਂ ਅੱਗੇ ਜਾਣਦੇ ਹੀ ਸਨ, ਰਾਹ ਦੇ ਛਾਪਿਆਂ ਨੂੰ ਆਪ ਚੁੱਕ ਚੁੱਕ ਪਰ੍ਹਾਂ ਵਘਾਂਦੇ ਤੇ ਸੱਪਾਂ ਨਾਗਾਂ ਤੋਂ ਬਚਾ ਕੇ ਲਿਆਏ ਸਨ। ਪਰ ਫੇਰ ਵੀ ਰਾਹ ਦਾ ਹਾਲ ਸੁਣਨਾ ਚਾਹਿਆ। ਮੈਂ ਅੱਥਰੂਆਂ ਦੀ ਝੜੀ ਲਾਈ ਜਿਵੇਂ ਬੀਤੀ ਸੀ, ਤੇ ਰਖਿਆ ਹੋਈ ਸੀ, ਵਾਰਤਾ ਸੁਣਾਈ। ਜਦ ਸੂਬਾ ਕਰਤਾਰ ਸਿੰਘ ਬਾਰੇ ਦੱਸਣ ਲੱਗਾ ਤਾਂ ਹੁਕਮ ਹੋਇਆ, ਕਿ 'ਨਿਤਨੇਮ ਤੋਂ ਪਿੱਛੋਂ ਦੱਸੀਂ।'

ਗੋਲ ਮੰਦਰ ਲਾਗੇ ਨਿਤਨੇਮ ਹੋਇਆ। ਤੇ ਪਿੱਛੋਂ ਸਤਿਗੁਰੂ ਜੀ ਮੈਨੂੰ ਮੁੜ ਬੁਲਾਇਆ ਤੇ ਮੈਂ ਸਾਰੀ ਵਿਥਿਆ ਸੁਣਾਈ। ਸਤਿਗੁਰੂ ਜੀ ਓਸੇ ਵੇਲੇ ਸ੍ਰੀ ਅੰਮ੍ਰਿਤਸਰ ਉਚੇਚਾ ਬੰਦਾ ਭੇਜ ਬਰਗੇਡੀਅਰ ਚਿਮਨੀ ਦੇ ਦਫ਼ਤਰ ਖ਼ਬਰ ਭਿਜਵਾਈ ਤੇ ਓਸੇ ਵੇਲੇ ਫ਼ੌਜੀ ਲਾਹੌਰ ਨੂੰ ਚਾਲੇ ਪਾ ਗਏ, ਤੇ ਸੂਬੇ ਕਰਤਾਰ ਸਿੰਘ ਨੂੰ ਨਾਲ ਲੈ ਮੁੜੇ। ਅਗਲੇ ਦਿਨ ਸੂਬਾ ਜੀ ਨੇ ਰਾਮ ਕਹਾਣੀ ਸੁਣਾਂਦਿਆਂ ਕਿਹਾ-'ਸਾਧ ਸੰਗਤ ਜੀ! ਸਤਿਗੁਰਾਂ ਦੀ ਕਿਰਪਾ ਨਾਲ ਤੁਹਾਡੇ ਦਰਸ਼ਨ ਕਰ ਰਿਹਾ ਹਾਂ, ਜੇ ਅੱਧਾ ਘੰਟਾ ਸਤਿਗੁਰੂ ਜੀ ਦੇ ਭੇਜੇ ਫ਼ੌਜੀ ਨਾ ਪੁੱਜਦੇ ਤਾਂ ਅੱਗੇ ਹੀ ਮੇਲੇ ਹੋਣੇ ਸਨ। ਜਦ ਸਾਨੂੰ ਲਾਹੌਰ ਲਿਆਂਦਾ ਗਿਆ ਤੇ ਅੱਗੇ ਜੇਲ੍ਹ ਵਿਚ ਹਿੰਦੂ ਸਿੱਖ ਵੱਡੀਆਂ ਵੱਡੀਆ ਪੱਗਾਂ ਬੰਨੀ ਬੈਠੇ ਮੌਤ ਦੀਆਂ ਘੜੀਆਂ ਗਿਣ ਰਹੇ ਸਨ। ਕਿਸੇ ਵਾਰਡ ਵਿੱਚੋਂ ਛਲੀਆਂ ਦੇ ਕੁਟਣ ਵਾਂਗੂ ਧੜੰਮ ਧੜੰਮ ਦੀ ਆਵਾਜ਼ ਆ ਰਹੀ ਸੀ। ਕਿਤੋਂ ਦਰਦ ਭਰੀਆਂ ਚੀਖਾਂ ਸੁਣਾਈ ਦੇਂਦੀਆਂ ਸਨ। ਸਾਡੇ ਵਾਰਡ ਵਾਲਿਆਂ ਲਈ ਖ਼ਾਸ ਜਾਲ ਤਣਿਆ ਹੋਇਆ ਸੀ, ਦੋ-ਦੋ ਚਾਰ-ਚਾਰ ਨੂੰ ਬੁਲਾਉਣਾ ਤੇ ਕਹਿਣਾ-'ਖਾਲਸਿਓ, ਜਾਓ ਤੁਹਾਡੀ ਮਿਲਟਰੀ ਆਈ ਏ, ਬਾਹਰ ਜਾਕੇ ਟਰੱਕਾਂ ਵਿਚ ਸਵਾਰ ਹੋ ਜਾਓ।' ਉਹ ਗ਼ਰੀਬ ਜੇਹਲੋਂ ਬਾਹਰ ਦਸ ਕਦਮ ਹੀ ਜਾਂਦੇ ਕਿ ਅੱਗੋਂ ਛੁਰੇਬਾਜ ਘੇਰ ਲੈਂਦੇ ਤੇ ਬੁਰੀ ਤਰ੍ਹਾਂ ਕੁਹਦੇ। ਜਦ ਉਹ ਦਮ ਤੋੜ ਠੰਡੇ ਹੋ ਜਾਂਦੇ ਤਾਂ ਅਗਲਾ ਬੈਚ ਭੇਜ ਦਿੰਦੇ। ਹੌਲੀ ਹੌਲੀ ਸਭ ਨੂੰ ਖ਼ਤਮ ਕਰੀ ਜਾਂਦੇ ਸਨ। ਮੈਂ ਜਾਣਦਾ ਸਾਂ ਕਿ ਜਮ ਲੈ ਚਲੇ ਨੇ,

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਬਿਨਾਂ ਕੋਈ ਬੋਲੀ ਨਹੀਂ। ਜੇਹਲ ਵਿਚ ਭਾਵੇਂ ਨਰਕੀ ਕੁਰਲਾਟ ਸੁਣਦੇ ਪਰ ਮਾਲਾ ਹੱਥੋਂ ਨਾ ਛੱਡੀ। ਰਸਨਾ ਚੱਲਦੀ ਰਹੀ। ਸੁਰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਜੁੜੀ ਰਹੀ। ਨੇਤਰ ਬੰਦ ਸਨ। ਕਿ ਜੇਲਰ ਨੇ ਜੰਦਰਾ ਖੋਲਿਆ ਤੇ ਆਖਿਆ, 'ਕਰਤਾਰ ਸਿੰਘ ਕੂਕਾ ਬਾਹਰ ਆਵੇ ਉਸ ਦੇ ਵਾਰਸ ਆ ਗਏ ਹਨ।' ਮੈਂ ਜਾਣਿਆ ਆਏ ਗਿੱਦੜਾਂ ਦੇ ਭਤੇ ਵੇਲੇ। 'ਹਾਏ! ਪਹਿਲਾਂ ਸਤਿਗੁਰਾਂ ਦਾ ਬਚਨ ਨਾ ਮੰਨਿਆ, ਹੁਣ ਕਸਾਈਆਂ ਹੱਥੋਂ ਜਾਨ ਗਵਾਵਾਂਗਾ। ਚੰਗਾ ਜਿਵੇਂ ਰਜ਼ਾ, ਵਿਸਾਰੀਂ ਨਾ! ਆਪਣੇ ਚਰਨਾਂ ਨਾਲ ਰੱਖੀਂ।' ਇਹ ਗਿਣਤੀਆਂ ਗਿਣਦਿਆਂ ਜਦ ਵੱਡੇ ਫਾਟਕ ਤੋਂ ਬਾਹਰ ਹੋਇਆ ਤਾਂ ਠੀਕ ਸਿੱਖ ਮਿਲਟਰੀ ਖੜੀ ਦਿੱਸੀ। ਉਨ੍ਹਾਂ ਪੁੱਛਿਆ, 'ਕਰਤਾਰ ਸਿੰਘ ਖੁਦਪੁਰ ਤੋਂ? ਤੇਰੇ ਵਾਰਸ ਸ੍ਰੀ ਭੈਣੀ ਸਾਹਿਬ ਉਡੀਕ ਰਹੇ ਹਨ। ਸ੍ਰੀ ਭੈਣੀ ਸਾਹਿਬ ਦਾ ਨਾਉਂ ਕੰਨੀ ਪੈਣ ਦੀ ਦੇਰ ਸੀ, ਇਉਂ ਮਾਲੂਮ ਹੋਇਆ ਜਿਵੇਂ ਭਖਦੇ ਅੰਗਾਰਿਆਂ ਵਿੱਚੋਂ ਨਿਕਲ ਫੁੱਲਾਂ ਦੇ ਸੇਜ ਤੇ ਆ ਬਰਾਜਿਆ ਹਾਂ, ਕੰਡਿਆਂ ਤੋਂ ਧਰੂਈ ਜਾਂਦਾ ਮਖਮਲੀ ਵਿਛੌਣਿਆਂ ਤੇ ਆ ਟਿਕਿਆ ਆਂ, ਮਝਧਾਰਾਂ ਵਿਚ ਗੋਤੇ ਖਾਂਦਾ ਸ਼ਹੁ ਸਾਗਰੋਂ ਪਾਰ ਹੋ ਸੁਗੰਧਤ ਪੌਣਾਂ ਵਿਚ ਮੌਜ ਨਾਲ ਘੁੰਮ ਰਿਹਾ ਹਾਂ। ਪ੍ਰੇਮ-ਛੱਲ ਅਜੇਹੀ ਕਿ ਹੰਝੂਆਂ ਨਾਲ ਨੇਤਰ ਸਜਲ ਹੋ ਗਏ। ਗਲਾ ਬੰਦ ਹੋ ਗਿਆ, ਕੇਵਲ ਇਤਨਾ ਕਹਿ ਸਕਿਆ, 'ਧੰਨ ਹਨ ਮੇਰੇ ਲੋਕ ਪਰਲੋਕ ਦੇ ਰਾਖੇ ਸਤਿਗੁਰੂ ਪ੍ਰਤਾਪ ਸਿੰਘ ਜੀ, ਜਿਨ੍ਹਾਂ ਮੈਨੂੰ ਨਰਕੀਂ ਜਾਂਦੇ ਨੂੰ ਬਾਹੋਂ ਪਕੜ ਆਪਣੇ ਚਰਨਾਂ ਵਲ ਖਿੱਚ ਲਿਆ। ਇਹ ਕਹਿੰਦਿਆਂ ਟਰੱਕ ਵਿਚ ਬੈਠ ਗਿਆ। ਅੱਗੇ ਕੁਝ ਹੋਰ ਹਿੰਦੂ ਸਿੱਖ ਬੈਠੇ ਸਨ। ਗੱਡੀ ਚਾਲੇ ਪਾਏ ਤਾਂ ਅਸੀਂ ਘੰਟੇ ਪੌਣੇ ਘੰਟੇ ਵਿਚ ਸ੍ਰੀ ਅੰਮ੍ਰਿਤਸਰ ਪੁੱਜ ਗਏ ਤੇ ਥੋੜ੍ਹੇ ਸਮੇਂ ਪਿੱਛੋਂ ਸਿੱਧਾ ਭੈਣੀ ਸਾਹਿਬ ਆ ਸਾਹ ਲਿਆ।'

**ਮੈਂਬਰ ਹਰਬੰਸ ਸਿੰਘ**
ਸੰਤ ਨਗਰ

Sri Satguru Jagjit Singh Ji eLibrary NamdhariElibrary@gmail.com

# ਫਾਇਰ ਮਿਸ

ਤ੍ਰਿਕਾਲ ਦਰਸ਼ੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਦੇਸ਼ ਵੰਡਾਰੇ ਤੋਂ ਪਹਿਲਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਦੀ ਭੋਏ 30 ਲੱਖ ਰੁਪਏ ਤੋਂ ਖ਼ਰੀਦੀ। ਇੱਥੋਂ ਦੇ ਧਾੜਵੀ ਮੁਸਲਮਾਨਾਂ ਨੂੰ ਫ਼ਿਕਰ ਪੈ ਗਿਆ। ਚਿੰਤਾ ਚੰਬੜ ਗਈ ਕਿ 'ਇਹ ਬਾਵਾ ਕਿੱਥੋਂ ਆ ਗਿਆ। ਕੌਣ ਹੈ ਸਾਡੇ ਰਾਹ ਵਿਚ ਰੋੜੇ ਅਟਕਾਣ ਵਾਲਾ? ਇਹ ਸਾਡੇ ਸਾਹਮਣੇ ਥਿਰਕ ਨਹੀਂ ਸਕੇਗਾ। ਇੱਕੋ ਹੱਲਾ ਘਾਸ ਫੂਸ ਨੂੰ ਉਡਾ ਦੇਵੇਗਾ।' ਇਕ ਦਿਨ ਕੁਝ ਲਫੰਗਿਆਂ ਮਤਾ ਪਕਾਇਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਾਰ ਬੁਲਾਇਆ ਜਾਵੇ। ਜੋ ਹੋਵੇ ਸੋ ਹੋਵੇ।

ਪਰ ਅੰਮ੍ਰਿਤਸਰ ਦਾ ਚੌਧਰੀ ਜ਼ੁਹੀਰਦੀਨ ਸਤਿਗੁਰੂ ਜੀ ਨੂੰ ਵਲੀ ਅੱਲਾ ਜਾਣਦਾ ਸੀ। ਉਸਦੇ ਖ਼ਿਆਲ ਅਨੁਸਾਰ ਸਤਿਗੁਰੂ ਜੀ ਦਾ ਨੂਰ ਕੀ ਚਰਿੰਦ, ਕੀ ਪ੍ਰਿੰਦ, ਕੀ ਦਰਿੰਦ ਸਭ ਵਿਚ ਮੌਜੂਦ ਹੈ। ਉਸ ਨੇ ਮੂੰਹ ਜੋਰ ਮੁਸਲਮਾਨਾਂ ਨੂੰ ਸਮਝਾਇਆ ਕਿ ਇਸ ਬਾਵੇ ਨੂੰ ਮਾਮੂਲੀ ਨਾ ਜਾਣੋਂ। ਇਹ ਖ਼ਾਕੀ ਪੁਤਲਾ ਨਹੀਂ ਹਜ਼ਰਤ ਬਾਬਾ ਨਾਨਕ ਹੈ। ਇਸਦੀ ਇਤਾਇਤ ਕਬੂਲ ਕਰੋ' ਮਗਰ ਉਹ ਭੂਤਰੇ ਸ਼ੈਤਾਨ ਕਦ ਸੁਣਦੇ ਸਨ, ਉਨ੍ਹਾਂ ਕਿਹਾ, 'ਕਿਬਲਾ! ਅਸੀਂ ਅੱਜ ਹੀ ਇਸਦੀ ਪਾਰਸ਼ਾਈ ਕੱਢ ਦੇਣੀ ਏ। ਆਪ ਇਜਾਜ਼ਤ ਦੋ।' ਪਰ ਜ਼ੁਹੀਰਦੀਨ ਨੇ ਕਿਹਾ, 'ਜੇ ਨਹੀਂ ਰਹਿ ਸਕਦੇ ਤਾਂ ਘਰੋਂ ਅਜ਼ਮਾ ਕੇ ਟੁਰੋ। ਤੁਹਾਡੀਆਂ ਬੰਦੂਕਾਂ ਉਸ ਪਾਸੇ ਮੂੰਹ ਨਹੀਂ ਕਰਨਗੀਆਂ, ਜੇ ਓਧਰ ਮੂੰਹ ਕਰ ਚਲ ਪੈਣ ਤਾਂ ਤੁਹਾਡੀ ਫਤਹਿ, ਜੇ ਨਾ ਚੱਲਣ ਤਾਂ ਉਸਦੀ ਕਦਮ-ਬੋਸੀ ਹਾਸਲ ਕਰੋ।' ਉਹ ਜਵਾਨ ਸਹਿਮਤ ਹੋ ਗਏ। ਸਾਰਿਆਂ ਬੰਦੂਕਾਂ ਭਰ ਲਈਆਂ, ਤੋੜੇ ਕਸ ਲਏ। ਇਕ, ਦੋ ਤੀਨ। ਉਨ੍ਹਾਂ ਜਵਾਨਾਂ ਬੰਦੂਕਾਂ ਦੇ ਘੋੜੇ ਦਬਾਏ, ਮਗਰ ਗੋਲੀਆਂ ਜਵਾਬ ਦੇ ਗਈਆਂ। ਦੂਜੀ ਵੇਰ ਫੇਰ ਕਲਾ ਆਜ਼ਮਾਈ ਕੀਤੀ ਪਰ ਨਤੀਜਾ ਢਾਕ ਕੇ ਤੀਨ ਪਾਤ। ਤੀਜੀ ਵਾਰ ਫੇਰ ਗੋਲੀਆਂ ਭਰੀਆਂ ਮਗਰ ਫ਼ੌਜੀ ਜਵਾਨਾਂ ਦੇ ਹੱਥੋਂ ਬੰਦੂਕਾਂ ਔਹ ਜਾ ਪਈਆਂ। ਸਭ ਹੱਕੇ ਬੱਕੇ ਰਹਿ ਗਏ। ਸਭ ਨੇ ਕੰਨਾਂ ਨੂੰ ਹੱਥ ਲਾਏ। ਤੋਬਾਂ ਕੀਤੀ। ਸਾਡੀ ਗ਼ਲਤੀ ਏ!' ਸਾਰੇ ਇਕ ਜ਼ਬਾਨ ਹੋ ਬੋਲੇ। 'ਬਾਬਾ ਤੇਰਾ ਬਾਵਾ ਬੜਾ। ਅਸੀਂ ਹਾਰੇ ਤੁਸੀਂ ਜਿੱਤੇ। ਅੱਗੋਂ ਕਦੀ ਅਜੇਹੇ ਖ਼ਿਆਲ ਮਨ ਵਿਚ ਨਹੀਂ ਲਿਆਵਾਂਗੇ।

ਸ੍ਰ: ਅਵਤਾਰ ਸਿੰਘ
ਮੁਖਤਾਰੇ ਆਮ

Sri Satguru Jagjit Singh Ji eLibrary NamdhariElibrary@gmail.com

# ਸ਼ਿਕਾਰੀ ਨੂੰ ਗੋਲੀ

ਸੂਰਜ ਢੱਲ ਚੁੱਕਾ ਸੀ ਤੇ ਸਾਧ ਸੰਗਤ ਆਪਣੇ ਕੰਮਾਂ ਕਾਜਾਂ ਤੇ ਜਾ ਚੁੱਕੀ ਸੀ। ਕੁਝ ਵਿਹਾਰੀ ਸੱਜਣ ਹੁਕਮ ਦੀ ਉਡੀਕ ਵਿਚ ਖੜੇ ਸਨ, ਕਿ ਮਿਸਟਰ ਸਕਸੀਨਾ ਰੀਟਾਇਰਡ ਫ਼ੌਜੀ, ਸੁਪ੍ਰਿੰਟੈਂਡੈਂਟ ਪੁਲੀਸ ਸਰਸਾ ਤੇ ਸ੍ਰ: ਬਹਾਲ ਸਿੰਘ ਡੀ.ਐਸ.ਪੀ. ਵਣੀ ਆਦਿ ਪਿੰਡਾਂ ਦਾ ਦੌਰਾ ਕਰਦੇ ਸ੍ਰੀ ਜੀਵਨ ਨਗਰ ਆਏ। ਸੇਵਾਦਾਰਾਂ ਨੇ ਸਤਿਕਾਰ ਨਾਲ ਮਹਿਮਾਨ ਖਾਨੇ ਕੁਰਸੀਆਂ ਤੇ ਬਿਠਾਇਆ ਤੇ ਸ੍ਰ: ਅਵਤਾਰ ਸਿੰਘ ਜੀ ਉਨ੍ਹਾਂ ਪਾਸ ਬੈਠ ਕੁਝ ਵਿਚਾਰ ਵਟਾਂਦਰਾ ਕਰਨ ਲੱਗ ਪਏ। ਸਤਿਗੁਰਾਂ ਨੂੰ ਉਨ੍ਹਾਂ ਬਾਰੇ ਇਤਲਾਹ ਦਿੱਤੀ ਗਈ। ਉਹ ਵੀ ਭਾਈ ਵਜ਼ੀਰ ਸਿੰਘ ਤੇ ਰਤਨ ਸਿੰਘ ਵਿਚ ਘਿਰੇ ਮਹਿਮਾਨ ਖਾਨੇ ਆ ਗਏ। ਸਭ ਸੱਜਣ ਸਤਿਕਾਰ ਵੱਜੋਂ ਖੜੇ ਹੋ ਗਏ। ਸਤਿਗੁਰੂ ਜੀ ਕੁਰਸੀ ਤੇ ਸ਼ਸ਼ੋਭਤ ਹੋ ਗਏ ਤੇ ਦੋਵੇਂ ਅਫ਼ਸਰ ਵੀ ਬੈਠ ਗਏ। ਸੇਵਾਦਾਰ ਇਕ ਪਾਸੇ ਹੋ ਖਲੋਤੇ।

ਗੱਲਾਂ ਬਾਤਾਂ ਚੱਲ ਪਈਆਂ। ਕਿਵੇਂ ਜ਼ਮੀਨ ਖ਼ਰੀਦੀ ਗਈ, ਕਿਵੇਂ ਸਿੰਘ ਜਾਣ ਮਾਰ ਅਬਾਦ ਕਰ ਰਹੇ ਹਨ। ਪਰ ਇਸ ਦੇ ਨਾਲ ਹੀ ਕੁਝ ਖੋਟੀ ਸੰਗਤ ਕਾਰਨ ਮਾਸ, ਚੋਰੀ ਆਦਿ ਦੀ ਵੀ ਚਰਚਾ ਚੱਲ ਪਈ। ਡੀ.ਐਸ.ਪੀ. ਨੇ ਕਿਹਾ ਇਨ੍ਹਾਂ ਪਿੰਡਾਂ ਵਿਚ ਇਹ ਵਾਕਿਆਤ ਨਹੀਂ ਹੋਣੇ ਚਾਹੀਦੇ। ਤਾਂ ਸਤਿਗੁਰੂ ਜੀ ਬੜੀ ਕੋਮਲਤਾ ਨਾਲ ਆਖਿਆ, ਤੁਸੀਂ ਠੀਕ ਕਹਿ ਰਹੇ ਹੋ, ਪਰ ਜੇ ਸਰਕਾਰ ਮਿਲ ਵਰਤੋਂ ਦੇਵੇ ਤਾਂ ਮਸਲਾ ਹੱਲ ਹੋ ਸਕਦਾ ਹੈ।' ਸਕਸੀਨਾ ਸਾਹਬ ਨੇ ਕਿਹਾ 'ਸਰਕਾਰ ਜ਼ਰੂਰ ਮਿਲ ਵਰਤੋਂ ਦੇਵੇਗੀ, ਪਰ ਸਤਿਗੁਰੂ ਜੀ ਬਚਨ ਕੀਤਾ– 'ਦੁੱਖ ਤਾਂ ਇਸੇ ਗੱਲ ਦਾ ਹੈ, ਕਿ ਸਰਕਾਰ ਮਿਲ ਵਰਤੋਂ ਨਹੀਂ ਦੇ ਰਹੀ ਹੈ' ਕੁਝ ਸਾਧਾਰਨ ਲੋਕ ਵਿਰੋਧੀਆਂ ਦੇ ਇਸ਼ਾਰੇ ਤੇ ਚੱਲਕੇ ਇਸ ਇਲਾਕੇ ਵਿਚ ਸ਼ਿਕਾਰ ਖੇਡਦੇ ਹਨ। ਸਾਡਾ ਧਰਮ ਜੀਵ-ਹੱਤਿਆ ਸਹਾਰ ਨਹੀਂ ਸਕਦਾ। ਅਸੀਂ ਇਸ ਦੇ ਵਿਰੁੱਧ ਹਾਂ। ਅਸਾਂ ਲਿਖਕੇ ਲਾਇਆ ਹੋਇਆ ਹੈ ਕਿ ਇਸ ਇਲਾਕੇ ਸ਼ਿਕਾਰ ਖੇਡਣਾ ਮਨ੍ਹਾ ਹੈ। ਪਰ ਵਿਰੋਧੀ ਤੇ ਸ਼ਰਾਰਤੀ ਮਨ ਮਰਜ਼ੀ ਕਰਦੇ ਹਨ। ਸਰਕਾਰ ਮਿਲ ਵਰਤੋਂ ਕਰੇ। ਮਾਸ ਸ਼ਰਾਬ, ਚੋਰੀ ਜਾਰੀ ਆਪੇ ਬੰਦ ਹੋ ਜਾਵੇ। ਧਰਮ ਦੀ ਕਿਰਤ ਵੱਧੇਗੀ। ਲੋਕ ਭੈੜੇ ਕੰਮ ਤੋਂ ਬਚਣਗੇ। ਜਦ ਮੂੰਹ ਜ਼ੋਰ ਕੁਕਰਮ ਕਰਦੇ ਹਨ ਅਤੇ ਸਰਕਾਰ ਦਖ਼ਲ ਨਾ ਦੇਵੇ ਤਾਂ ਅਮਨ ਕਿਵੇਂ ਹੋਵੇ?' ਮਿਸਟਰ ਸਕਸੀਨਾ ਐਸ.ਪੀ. ਸਰਕਾਰੀ ਤਰਜਮਾਨੀ ਕਰਦਿਆਂ ਬੋਲਿਆ, 'ਮਹਾਰਾਜ ਜੀ! ਸ਼ਿਕਾਰ ਬੰਦ ਕਰਨਾ ਬੜਾ ਮੁਸ਼ਕਲ ਹੈ। ਲੋਕ ਰਾਈਫਲਾਂ ਲੈਂਦੇ ਹਨ। ਉਨ੍ਹਾਂ ਪਾਸ ਲਾਈਸੈਂਸ ਹਨ। ਕਾਨੂੰਨ ਉਨ੍ਹਾਂ ਨੂੰ ਰੋਕ ਨਹੀਂ ਸਕਦਾ।

Sri Satguru Jagjit Singh Ji eLibrary NamdhariElibrary@gmail.com

ਤੁਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ।' 'ਤੁਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ' ਸੁਣਕੇ ਸਤਿਗੁਰੂ ਜੀ ਬੀਰ ਰਸ ਵਿਚ ਆ ਗਏ ਤੇ ਚਰਨਾਂ ਦੇ ਜੋੜੇ ਨੂੰ ਉਤਾਂਹ ਕਰਕੇ ਗਰਜਵੀ ਆਵਾਜ਼ ਵਿਚ ਕਿਹਾ, 'ਤੁਹਾਡੀ ਸਰਕਾਰ ਰੋਕ ਨਹੀਂ ਪਾ ਸਕਦੀ, ਮਗਰ ਮੇਰਾ ਧਰਮ ਰੋਕ ਪਾ ਸਕਦਾ ਹੈ। ਮੈਂ ਕਿਸੇ ਨੂੰ ਆਪਣੇ ਇਲਾਕੇ ਵਿਚ ਸ਼ਿਕਾਰ ਖੇਡਣ ਨਹੀਂ ਦਿਆਂਗਾ। ਤੁਹਾਡੀ ਸਰਕਾਰ ਮੇਰੀ ਜੁੱਤੀ ਥੱਲੇ। ਜਿਹੜਾ ਸ਼ਿਕਾਰੀ ਇਧਰ ਆਇਆ ਉਸ ਨੂੰ ਮੈਂ ਗੋਲੀ ਨਾਲ ਉਡਾ ਦੇਵਾਂਗਾ।' ਸਤਿਗੁਰੂ ਜੀ ਦੇ ਇਹ ਸ਼ਬਦ ਸੁਣਕੇ ਮਿਸਟਰ ਸਕਸੀਨਾ ਉਬਾਲੇ ਖਾਂਦੀ ਢੱਕੀ ਹਾਂਡੀ ਵਾਂਗੂੰ ਵਿੱਚੇ ਵਿੱਚੇ ਕਰਿਜਦਾ ਤੇ ਦੰਦ ਕਰੀਚਦਾ ਰਿਹਾ ਪਰ ਬੋਲ ਕੁਝ ਨਾ ਸਕਿਆ। ਸ੍ਰ: ਬਹਾਲ ਸਿੰਘ ਬੜੇ ਠਰੱਮੇ ਨਾਲ ਬੇਨਤੀ ਕੀਤੀ 'ਨਹੀਂ ਮਹਾਰਾਜ ਜੀ। ਭਾਵੇਂ ਸ਼ਿਕਾਰ ਦਾ ਕਾਨੂੰਨ ਹੈ, ਮਗਰ ਤੁਹਾਡੇ ਹੁਕਮ ਦੀ ਵੀ ਪਾਲਣਾ ਸਤਿਕਾਰ ਸਹਿਤ ਕੀਤੀ ਜਾਵੇਗੀ। ਤੁਹਾਡੀ ਆਪਣੀ ਸਰਕਾਰ ਹੈ, ਤੁਹਾਡੇ ਨਾਲ ਮਿਲਕੇ ਕਿਉਂ ਨਾ ਚੱਲੇਗੀ। ਤੁਹਾਡਾ ਇਸ਼ਾਰਾ ਹੋਣਾ ਚਾਹੀਦਾ ਹੈ।'

ਸ੍ਰ: ਅਵਤਾਰ ਸਿੰਘ
ਮੁਖਤਾਰੇ ਆਮ

Sri Satguru Jagjit Singh Ji eLibrary NamdhariElibrary@gmail.com

# ਗੁਲਬਦਨ ਦੀ ਲਾਜ

**ਸੁਧ ਜਬ ਤੇ ਹਮ ਧਰੀ ਬਚਨ ਗੁਰ ਦਯੇ ਹਮਾਰੇ॥**
**ਪੂਤ ਇਹੈ ਪ੍ਰਣ ਤੋਹਿ, ਪ੍ਰਾਨ ਜਬ ਲਗ ਘਟ ਥਾਰੇ॥**
**ਨਿਜ ਨਾਰੀ ਕੇ ਸੰਗ ਨਿਹੁ ਤੁਮ ਨਿੱਤ ਬਢੈਯੋਹੁ॥**
**ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੋ॥**

ਭਾਗਾਂ ਭਰਿਆ 15 ਅਗਸਤ, 1947 ਦਾ ਦਿਨ ਬੜੇ ਚਾ ਮਲਾਰਾਂ ਨਾਲ ਚੜ੍ਹਿਆ। ਦਿੱਲੀ, ਬੰਬਈ, ਕਲਕੱਤਾ ਤੇ ਬਾਕੀ ਸੂਬਿਆਂ ਦੀ ਰਾਜਧਾਨੀਆਂ ਨਵੀਂ ਨਵੀਲੀ ਲਾੜੀ ਵਾਂਗੂ ਸਜਾਈਆਂ ਗਈਆਂ। ਅੱਜ ਹਰ ਭਾਰਤੀ ਹਿੱਕ ਕੱਢਕੇ ਤੁਰਨ ਵਿਚ ਮਾਣ ਸਮਝਦਾ ਸੀ, ਕਿਉਂਕਿ ਹਜ਼ਾਰਾਂ ਸਾਲਾਂ ਤੋਂ ਜ਼ੰਜੀਰਾਂ ਨਾਲ ਜਕੜੀ ਭਾਰਤ ਮਾਂ ਆਜ਼ਾਦ ਹੋਈ ਸੀ। ਸ੍ਰ: ਹੀਰਾ ਸਿੰਘ, ਲਹਿਣਾ ਸਿੰਘ ਦੀ ਪ੍ਰਤਿਗਿਆ ਜਿਹੜੀ ਉਹਨਾਂ ਤੋਪ ਸਾਹਮਣੇ ਖੜੇ ਹੋ ਕੇ ਲਈ ਸੀ 'ਬਿਲਿਆ ਤੂੰ ਸਾਨੂੰ ਤੋਪ ਨਾਲ ਉਡਾ ਕੇ ਇਹ ਨਾ ਸਮਝ ਬੈਠੀਂ ਕਿ ਅਸੀਂ ਚੜ੍ਹ ਗਏ ਹਾਂ। ਨਹੀਂ ਵੇਖ ਕਿਸੇ ਜੱਟੀ ਦਾ ਪੇਟ ਨੌਂ ਮਹੀਨੇ ਗੀਦਾ ਕਰ ਕੇ ਆਏ ਕਿ ਆਏ। ਜਦ ਤਕ ਤੈਨੂੰ ਦੇਸ਼ੋਂ ਕੱਢ ਨਹੀਂ ਲੈਂਦੇ ਜਨਮ ਧਾਰਦੇ ਰਹਾਂਗੇ ਤੇ ਦਮ ਨਹੀਂ ਲਵਾਂਗੇ।' ਸੋ ਸ੍ਰ: ਭਗਤ ਸਿੰਘ, ਬੀ.ਕੇ. ਦੱਤ, ਕਾਮਾਗਾਟਾ ਦੇ ਬੀਰ ਸਿਪਾਹੀ ਤੇ ਆਜ਼ਾਦ ਹਿੰਦ ਫ਼ੌਜ ਦੇ ਸਿਰਲੱਥ ਸੂਰਮੇ ਤੇ ਹੋਰ ਅਣਗਿਣਤ ਹਿੰਦੂ, ਸਿੱਖ, ਮੁਸਲਮਾਨ ਸ਼ਹੀਦਾਂ ਤੇ ਦੇਵੀਆਂ ਜਿਨ੍ਹਾਂ ਦੇਸ਼ ਖ਼ਾਤਰ ਜਾਨਾਂ ਕੁਰਬਾਨ ਕੀਤੀਆਂ ਉਹਨਾਂ ਦੇ ਚਰਨਾਂ ਤੇ ਪ੍ਰਣਾਮ ਹੋ ਰਹੇ ਹਨ, ਕਿਉਂਕਿ ਉਹਨਾਂ ਦੀਆਂ ਕੁਰਬਾਨੀਆਂ ਦਾ ਫਲ ਪ੍ਰਤੱਖ ਰੂਪ ਵਿਚ ਪ੍ਰਾਪਤ ਹੋ ਰਿਹਾ ਸੀ। ਮਗਰ ਅੰਗਰੇਜ਼ ਦੀ ਕੁਟਲ ਨੀਤੀ ਸਦਕਾ ਪੰਜਾਬ ਤੇ ਬੰਗਾਲ ਵਿਚ ਇਸ ਸੁਭਾਗ ਪਹੁ ਫੁਟਾਲੇ ਤੋਂ ਪਹਿਲਾਂ ਹੀ ਫਿਰਕੂ ਭਾਂਬੜ ਮੱਚ ਉੱਠੇ। ਲਾਟਾਂ ਆਕਾਸ਼ ਨੂੰ ਛੋਹਣ ਲੱਗ ਪਈਆਂ। ਸਾਰਾ ਵਾਯੂ ਮੰਡਲ ਧੁਆਖਿਆ ਗਿਆ। ਸਾੜ ਫੂਕ ਤੇ ਕੱਟ ਵੱਢ ਸ਼ੁਰੂ ਹੋ ਗਈ। ਕੁਝ ਮੁਸਲਮਾਨ ਅੰਗਰੇਜ਼ ਦਾ ਹੱਥ ਠੋਕਾ ਬਣ ਪਾਗ਼ਲ ਹੋ ਗਏ। ਹਿੰਦੂਆਂ ਸਿੱਖਾਂ ਵਿਚ ਵੀ ਬਦਲੇ ਦੀ ਅੱਗ ਭੜਕ ਉਠੀ। ਬੇ-ਮਸੂਮ ਬੱਚੇ ਬੱਚੀਆਂ ਦਾ ਲਹੂ ਵੀਟਿਆ ਗਿਆ। ਸੁਹਾਗਣਾਂ ਦੇ ਸੁਹਾਗ ਦਿਨ ਦੀਵੀਂ ਲੁੱਟੇ ਗਏ। ਧਰਤੀ ਲਹੂ ਨਾਲ ਰੰਗੀ ਗਈ। ਆਕਾਸ਼ ਹਾਉਕਿਆਂ ਨਾਲ ਧੁਆਖਿਆ ਗਿਆ।

ਰੱਬ ਨੇ ਪੰਜੇ ਉਂਗਲਾਂ ਇਕ ਬਰਾਬਰ ਨਹੀਂ ਬਣਾਈਆਂ। ਇਸ ਘੋਰ ਸਮੇਂ ਵਿਚ ਵੀ ਪ੍ਰਕਾਸ਼ ਕਈ ਥਾਈਂ ਲਿਸ਼ਕਾਂ ਮਾਰਦਾ ਰਿਹਾ। ਇਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਜਿੱਥੇ ਸ਼ੇਖ਼ੂਪੁਰੇ, ਬਗ਼ਦਾਦ ਦੇ ਹੋਲੇ ਸਮੇਂ ਖੁੱਲ੍ਹੇ ਤੌਰ ਤੇ ਇਸ

Sri Satguru Jagjit Singh Ji eLibrary NamdhariElibrary@gmail.com

ਆਉਣ ਵਾਲੇ ਘੱਲੂਘਾਰੇ ਤੋਂ ਖ਼ਬਰਦਾਰ ਕਰ ਦਿੱਤਾ ਸੀ, ਉਸ ਦੇ ਨਾਲ ਹੀ ਨਾਮਧਾਰੀਆਂ ਨੂੰ ਪ੍ਰੇਮ ਪਿਆਰ ਨਾਲ ਆਪਣੇ ਜਾਨ ਮਾਲ ਤੇ ਇੱਜ਼ਤ ਦੀ ਰਾਖੀ ਵਾਸਤੇ ਉਪਦੇਸ਼ ਦਿੱਤਾ ਸੀ, ਓਥੇ ਘਰੋਂ ਬੇਘਰ ਹੋ ਰਹੇ ਭਰਾਵਾਂ ਦੀ ਜਾਨ ਮਾਲ ਤੇ ਇੱਜ਼ਤ ਦੀ ਰਾਖੀ ਕਰਦਿਆਂ ਉਹਨਾਂ ਨੂੰ ਸੁਰੱਖਿਅਤ ਥਾਂ ਪਹੁੰਚਾਉਣ ਦੀ ਪੱਕੀ ਵੀ ਨਾਲ ਹੀ ਕਰ ਦਿੱਤੀ ਸੀ। ਸ਼ਾਵਾ ਸ਼ੇ ਨਾਮਧਾਰੀਆਂ ਦੇ! ਜਿਨ੍ਹਾਂ ਸਤਿਗੁਰੂ ਜੀ ਦੇ ਹੁਕਮ ਤੇ ਫੁੱਲ ਚੜ੍ਹਾਏ ਅਤੇ ਸ੍ਰੀ ਭੈਣੀ ਸਾਹਿਬ ਤੇ ਨਵੇਂ ਵਸਾਏ ਸ੍ਰੀ ਜੀਵਨ ਨਗਰ ਦੇ ਇਲਾਕੇ ਦੀਆਂ ਸੰਗਤਾਂ ਉਖੜੇ ਪੁਖੜੇ ਮੁਸਲਮਾਨਾਂ ਦੀ ਵਿਤ ਅਨੁਸਾਰ ਖਾਣ ਪੀਣ ਦੀ ਸੇਵਾ ਕੀਤੀ। ਸੰਤ ਤਰਨ ਸਿੰਘ ਜੀ ਦੱਸਦੇ ਹਨ ਕਿ ਜਦ ਬੀਗੜ ਦਾ ਕਾਫਲਾ ਨਹਿਰੋਂ ਨਹਿਰ ਜਾ ਰਿਹਾ ਸੀ ਤਾਂ ਉਹ ਸਿੱਖਾਂ ਨੂੰ ਵੇਖ ਘਬਰਾ ਗਏ, ਪਰ ਭਾਈ ਘਸੀਟਾ ਸਿੰਘ, ਕੰਧਾਰਾ ਸਿੰਘ ਤੇ ਉਹਨਾਂ ਦੇ ਨਾਲ ਹੋਰ ਸਨਧ-ਬਧ ਸਾਥੀਆਂ ਜਾ ਕੇ ਤਸੱਲੀ ਦੇਂਦਿਆਂ ਕਿਹਾ 'ਭਰਾਵੋ! ਘਾਬਰੋ ਨਾ, ਕੂਕਿਆਂ ਦੀ ਹੱਦ ਅੰਦਰ ਤੁਹਾਡੀ ਵਾ ਵਲ ਕੋਈ ਨਹੀਂ ਵੇਖ ਸਕਦਾ। ਨਿਸਚਿੰਤ ਹੋ ਕੇ ਜਾਓ, ਇਸ ਸਾਡੇ ਸਤਿਗੁਰਾਂ ਦਾ ਫੁਰਮਾਨ ਹੈ।' ਜਦ ਭਾਈ ਜੀ ਨੇ ਇਹ ਸ਼ਬਦ ਕਹੇ ਤਾਂ ਪੰਜ-ਸੱਤ ਭੁੱਖੀਆਂ ਜ਼ਨਾਨੀਆਂ ਲੁੱਕੀਆਂ ਹੋਈਆਂ ਝਾੜੀਆਂ ਵਿੱਚੋਂ ਨਿਕਲ ਕੇ ਕਾਫਲੇ ਨਾਲ ਆ ਰਲੀਆਂ ਤੇ ਨਿਸਚਿੰਤ ਹੋ ਕੇ ਨਵੇਂ ਟਿਕਾਣੇ ਤੇ ਗਈਆਂ।

ਇਸ ਰਾਮ ਰੌਲੇ ਵਿਚ ਗੁਲਬਦਨ 16-17 ਸਾਲਾਂ ਦੀ ਤੇਲਣ ਕੁੜੀ, ਜਿਸ ਨੂੰ ਮਾਪੇ ਛੋਟੀ ਕਰ ਕੇ ਵਾਜ ਮਾਰਦੇ ਸਨ, ਪਰਿਵਾਰ ਨਾਲੋਂ ਵਿਛੜ ਗਈ ਤੇ ਨਵੇਂ ਪਿੰਡ ਦੇ ਵਾਸੀਆਂ ਦੇ ਕਾਬੂ ਆ ਗਈ। ਛੋਟੀ ਨੂੰ ਹੁਸਨ ਵੀ ਰੱਬ ਨੇ ਖੁਲ੍ਹ ਦਿਲੀ ਨਾਲ ਬਖਸ਼ਿਆ ਸੀ। ਲੰਮੀ, ਉੱਚੀ, ਮਮੋਲਿਆਂ ਵਰਗੀਆਂ ਅੱਖਾਂ, ਸੁਡੌਲ ਛਾਤੀਆਂ, ਗੁਦਗੁਦਾ ਸਰੀਰ ਪਾਟੀਆਂ ਲੀਰਾਂ ਵਿੱਚੋਂ ਸੁੰਦਰਤਾ ਡੁਲ੍ਹ ਡੁਲ੍ਹ ਪੈਂਦੀ ਸੀ। ਗੁੰਡੇ ਉਸ ਨੂੰ ਲੁਧਿਆਣੇ ਲੈ ਆਏ ਇਕ ਹੋਟਲ ਵਿਚ ਲੈ ਵੜੇ। ਰੱਬ ਮਿਹਰਬਾਨ, ਕੁਲ ਮਿਹਰਬਾਨ। ਕੁਦਰਤ ਨਾਲ ਸ੍ਰ: ਚੰਨਨ ਸਿੰਘ ਮੋਢੇ ਬੰਦੂਕ ਲਟਕਾਈ ਉਸੇ ਹੋਟਲ ਵਿਚ ਗਿਆ। ਸਹਿਮੀ ਕੂੰਜ ਨੂੰ ਬਾਜਾਂ ਦੇ ਪੰਜਿਆਂ ਵਿਚ ਫਸਿਆ ਵੇਖਿਆ ਤਾਂ ਪੁੱਛਿਆ 'ਤੁਸੀਂ ਕੌਣ ਹੋ? ਇਸ ਭੋਲੀ ਭਾਲੀ ਦੇ ਦੁਆਲੇ ਕਿਉਂ ਬੈਠੇ ਹੋ?' ਸ੍ਰ: ਚੰਨਨ ਸਿੰਘ ਦੇ ਪਿਆਰ ਭਰੇ ਸ਼ਬਦ ਸੁਣ ਛੋਟੀ ਡੁਲ੍ਹ ਪਈ। ਮਾਂ, ਪਿਓ, ਭੈਣ, ਭਰਾਵਾਂ ਦਾ ਪਿਆਰ ਅੱਖਾਂ ਰਾਹੀਂ ਵਹਿ ਟੁਰਿਆ ਤ੍ਰਪ ਤ੍ਰਪ ਅੱਥਰੂ ਕੇਰਨ ਲੱਗ ਪਈ, ਪਰ ਗੁੰਡਿਆਂ ਕਿਹਾ 'ਸਰਦਾਰ ਜੀ ਕੋਈ ਗੱਲ ਨਹੀਂ ਘਰੋਂ ਮਾਪਿਆਂ ਨਾਲੋਂ ਕੁੜੀਆਂ ਵਿਛੜਨ ਤਾਂ ਦਿਲ ਭਾਰਾ ਜ਼ਰੂਰ ਹੋ ਜਾਂਦਾ ਹੈ, ਤੁਸੀਂ ਆਪਣਾ ਕੰਮ ਕਰੋ।' ਸਰਦਾਰ ਸਮਝ ਗਿਆ ਦਾਲ ਵਿਚ ਕੁਝ ਕਾਲਾ ਕਾਲਾ ਏ, ਉਹ ਕੁਝ ਦੱਸੇ ਪੁੱਛੇ ਬਿਨਾ ਥਾਣੇ ਗਿਆ ਤੇ ਥਾਣੇਦਾਰ ਨੂੰ ਨਾਲ ਲੈ ਹੋਟਲ ਵਿਚ ਪੁੱਜਾ। ਥਾਣੇਦਾਰ ਵੀ ਰੱਬ ਦੇ ਭੌ ਵਾਲਾ ਸੀ ਉਸ ਆ ਕੇ ਪੁੱਛਿਆ-ਸਿੰਘੋ! ਕੀ ਗੱਲ ਏ ਇਸ ਕੁੜੀ ਨੂੰ ਕਿਉਂ ਉਂਗਲੀ ਲਾਈ ਫਿਰਦੇ ਹੋ?' 'ਨਹੀਂ ਜਨਾਬ! ਅਸੀਂ ਤਾਂ ਇਸ ਨੂੰ

Sri Satguru Jagjit Singh Ji eLibrary NamdhariElibrary@gmail.com

ਬਦਮਾਸ਼ਾਂ ਕੋਲੋਂ ਛੁਡਾ ਕੇ ਲਿਆਏ ਹਾਂ। ਘੜੀ ਦੋ ਆਰਾਮ ਕਰਕੇ ਘਰ ਚਲੇ ਜਾਵਾਂਗੇ। ਹੁਣ ਇਸ ਕੁੜੀ ਨੂੰ ਕੋਈ ਡਰ ਨਹੀਂ' ਮਗਰ ਗੁੰਡਿਆਂ ਦੀਆਂ ਇਹ ਗੱਲਾਂ ਸੁਣ ਗੁਲਬਦਨ ਭਿਸ ਪਈ ਪਰ ਮੂੰਹੋਂ ਕੁਝ ਨਾ ਬੋਲੀ। ਥਾਣੇਦਾਰ ਨੇ ਕਿਹਾ-'ਬੀਬੀ ਤੂੰ ਕਿਧਰ ਜਾਣਾ ਹੈ, ਇਨ੍ਹਾਂ ਜਵਾਨਾਂ ਨਾਲ ਜਾਂ ਇਸ ਸਰਦਾਰ ਨਾਲ?' ਗੁਲਬਦਨ ਨੇ ਸਰਦਾਰ ਦੀਆਂ ਅੱਖਾਂ ਵਿਚ ਸੱਚਾ ਮਨੁੱਖੀ ਜਜ਼ਬਾ ਤੇ ਦਿਲ ਵਿਚ ਹਮਦਰਦੀ ਤੱਕੀ ਤਾਂ ਸਿਸਕੀਆਂ ਭਰਦਿਆਂ ਕਹਿਣ ਲੱਗੀ-'ਮੈਂ ਬਾਬੇ ਨਾਲ ਜਾਣਾ ਚਾਹੁੰਦੀ ਹਾਂ।' ਥਾਣੇਦਾਰ ਨੇ ਓਸੇ ਵੇਲੇ ਗੁਲਬਦਨ ਨੂੰ ਸਰਦਾਰ ਨਾਲ ਤੋਰ ਦਿੱਤਾ ਪਰ ਉਨ੍ਹਾਂ ਗੁੰਡਿਆਂ ਦੀਆਂ ਅੱਖਾਂ ਲਾਲ ਹੋ ਗਈਆਂ ਤੇ ਸਰਦਾਰ ਚੰਨਨ ਸਿੰਘ ਵਲ ਇਉਂ ਵੇਖਣ ਲੱਗ ਪਏ ਜਿਵੇਂ ਕਾਮਾਤਰ ਰਿੱਛਾਂ ਪਾਸੋਂ ਬੱਕਰੀ ਖੋਹ ਲਈ ਜਾਵੇ। ਬਦਮਾਸ਼ ਓਸੇ ਵੇਲੇ ਬੁੜ ਬੁੜ ਕਰਨ ਲੱਗ ਪਏ ਤੇ ਦੂਰ ਤੱਕ ਉਨ੍ਹਾਂ ਦੀਆਂ ਅੱਖਾਂ ਸਰਦਾਰ ਚੰਨਨ ਸਿੰਘ ਤੇ ਗੁਲਬਦਨ ਨੂੰ ਵੇਖਦੀਆਂ ਰਹੀਆਂ ਤੇ ਲਲਕਾਰ ਕੇ ਆਖਿਆ-'ਬੁੱਢਿਆ ਇਸ ਪੰਛੀ ਨੂੰ ਤੂੰ ਲੈ ਤਾਂ ਚਲਿਆ ਹੈਂ ਚੰਗਾ ਇਸ ਦੇ ਬਦਲੇ ਤੇਰੀ ਕੁੜੀ ਚੁੱਕਾਂਗੇ। ਖ਼ਬਰਦਾਰ ਰਹਿਣਾ' ਚੰਨਨ ਸਿੰਘ ਗੁਲਬਦਨ ਨੂੰ ਨਾਲ ਲੈ ਰਬੋਂ ਪੁੱਜਾ ਤੇ ਸਾਰੀ ਵਾਰਤਾ ਸੁਣਾਈ।

ਸਰਦਾਰਨੀ ਗੁਲਬਦਨ ਨੂੰ ਪਿਆਰ ਕੀਤਾ। ਪੀੜੀ ਦਿੱਤੀ। ਨਹਾਉਣ ਵਾਸਤੇ ਪਾਣੀ ਦਿੱਤਾ। ਕੱਪੜੇ ਲੱਤੇ ਦਿੱਤੇ। ਰੋਟੀ ਖਵਾਈ। ਰੋਟੀ ਖਾਕੇ ਗੁਲਬਦਨ ਸੌਂ ਗਈ। ਘੂਕ ਸੌਂ ਗਈ ਜਦ ਜਾਗੀ ਤਾਂ ਮਸੂਸ ਕੀਤਾ ਜਿਵੇਂ ਛਾਪਿਆਂ ਤੋਂ ਨਿਕਲ ਕੇ ਮਖ਼ਮਲ ਤੇ ਆ ਬੈਠੀ ਹੈ। ਲਹਿੰਦੇ ਵਲ ਮੂੰਹ ਕਰ ਰੱਬ ਦਾ ਸ਼ੁਕਰ ਕੀਤਾ, ਕਿ ਇਸ ਦੁਨੀਆਂ ਵਿਚ ਅਜੇ ਐਸੇ ਇਨਸਾਨ ਹਨ, ਜਿਨ੍ਹਾਂ ਅੰਦਰ ਰੱਬ ਦਾ ਭੌ ਹੈ।

ਗੁਲਬਦਨ ਰਬੋਂ ਤਾਂ ਚਲੀ ਗਈ, ਪਰ ਬਦਮਾਸ਼ਾਂ ਪਿੱਛਾ ਨਾ ਛੱਡਿਆ। ਸਰਦਾਰ ਜੀ ਦੇ ਪਿੱਛੇ ਹੱਥ ਧੋਕੇ ਪੈ ਗਏ ਕਿ ਕਦ ਮੌਕਾ ਮਿਲੇ ਤੇ ਜਾਂ ਗੁਲਬਦਨ ਨੂੰ ਚੁੱਕ ਲੈ ਜਾਈਏ ਜਾਂ ਚੰਨਨ ਸਿੰਘ ਨੂੰ ਪਾਰ ਬੁਲਾਈਏ। ਖ਼ੈਰ ਸਰਦਾਰ ਨੇ ਗੁਲਬਦਨ ਦੀ ਦੇਖ ਰੇਖ ਵਾਸਤੇ ਪੂਰੇ ਪ੍ਰਬੰਧ ਕਰ ਦਿੱਤੇ ਤੇ ਉਹ ਵੀ ਪਰਿਵਾਰ ਨਾਲ ਰਚ ਮਿੱਚ ਗਈ। ਆਮ ਲੋਕਾਂ ਤੋਂ ਪਰਦੇ ਰੱਖਣ ਵਾਸਤੇ ਉਸਨੂੰ ਪਿਆਰੋ ਕਰਕੇ ਪੁਕਾਰਨ ਲੱਗ ਪਏ ਤੇ ਆਖਿਆ ਇਸਦੇ ਮਾਪਿਆਂ ਦਾ ਰੌਲੇ ਗੋਲੇ ਵਿਚ ਕੁਝ ਪਤਾ ਨਹੀਂ ਲੱਗਦਾ। ਇਸ ਵਾਸਤੇ ਇਹ ਬੀਬੀ ਸਾਡੇ ਕੋਲ ਹੈ।'

ਸੂਰਜ ਡੁਬ ਗਿਆ ਸੀ ਤੇ ਲੋਕ ਬਾਹਰੋਂ ਘਰਾਂ ਨੂੰ ਆ ਰਹੇ ਸਨ। ਸੂ: ਬਾਹਰੋਂ ਇਕੱਲਾ ਹੀ ਆ ਰਿਹਾ ਸੀ। ਬਦਮਾਸ਼ ਮੌਕੇ ਦੀ ਤਾੜ ਵਿਚ ਸਨ ਪੰਜ-ਸੱਤ ਗੰਡਾਸੀਆਂ ਨਾਲ ਇੱਉਂ ਟੁੱਟ ਪਏ ਜਿਵੇਂ ਹਲਕੇ ਗਿੱਦੜ ਰਾਹੀਆਂ ਤੇ ਹੱਲਾ ਕਰਕੇ ਪੈ ਜਾਂਦੇ ਹਨ। ਸਰਦਾਰ ਕੁਝ ਟਾਕਰਾ ਕੀਤਾ, ਪਰ ਬਹੁਤਿਆਂ ਅੱਗੇ ਇਕੱਲੇ ਦੀ ਕੀ ਪੇਸ਼ ਜਾਣੀ ਸੀ, ਅੰਤ ਡਫ ਕੇ ਡਿੱਗ ਪਿਆ, ਡਿੱਗਣ

Sri Satguru Jagjit Singh Ji eLibrary NamdhariElibrary@gmail.com

ਦੀ ਦੇਰ ਸੀ ਤੇ ਕੁਝ ਆਵਾਜ਼ਾਂ ਦੀ ਸੋ ਸੁਣ ਬਦਮਾਸ਼ ਨੌਂ ਦੋ ਗਿਆਰਾਂ ਹੋ ਗਏ ਤੇ ਸਰਦਾਰ ਨੂੰ...

...ਹਸਪਤਾਲ ਪਹੁੰਚਾਇਆ ਗਿਆ। ਡਾਕਟਰ ਨੇ ਮੁਆਇਨਾ ਕਰਕੇ ਰਪੋਰਟ ਕੀਤੀ ਪੂਰੇ 32 ਜ਼ਖ਼ਮ ਨਿਕਲੇ। ਥਾਣੇ ਵੀ ਰਪਟ ਦਰਜ ਹੋ ਗਈ। ਸਰਦਾਰ ਦੀ ਸਰਕਾਰੇ ਦਰਬਾਰੇ ਇੱਜ਼ਤ ਮਾਣ ਸੀ, ਪੰ: ਜਵਾਹਰ ਲਾਲ ਤਕ ਰਸਾਈ ਸੀ। ਉਨ੍ਹਾਂ ਪੂਰੇ ਗਹੁ ਨਾਲ ਇਲਾਜ਼ ਕੀਤਾ।

ਇਧਰ ਸ੍ਰ: ਸੂਰਤ ਸਿੰਘ, ਸ੍ਰ: ਚੰਨਨ ਸਿੰਘ ਦੇ ਜਵਾਤਰੇ ਨੇ ਸਮਝਿਆ ਕਿ ਸਰਦਾਰ ਦਾ ਕੋਈ ਦੋਖ ਨਹੀਂ ਸੀ, ਇਹ ਸਾਰਾ ਕਾਰਾ ਗੁਲਬਦਨ ਕਰਕੇ ਹੋਇਆ ਹੈ। ਉਸ ਨੂੰ ਸੁਰਖਸ਼ਤ ਥਾਂ ਤੇ ਪਹੁੰਚਾਉਣ ਖ਼ਾਤਰ ਆਪਣੇ ਕੋਲ ਲੈ ਗਿਆ ਤੇ ਹਰਦਿਆਲ ਕੌਰ ਨੂੰ ਸਾਰੀ ਗੱਲ ਸਮਝਾ ਦਿੱਤੀ। ਖਾਣ ਪੀਣ ਦੀ ਭਾਵੇਂ ਕੋਈ ਪਰਵਾਹ ਨਹੀਂ ਸੀ ਮਗਰ ਇਕ ਸਰਦਾਰ ਚੰਨਨ ਸਿੰਘ ਤੇ ਹੱਲੇ ਤੇ ਦੂਜੇ ਮਾਪਿਆਂ ਦਾ ਵਿਛੋੜੇ ਦੀ ਯਾਦ ਕਈ ਵਾਰੀ ਨਿੰਮੋਝੂਣ ਬਣਾ ਦੇਂਦੀ। ਪਰ ਸਰਦਾਰਨੀ ਹਰਦਿਆਲ ਕੌਰ ਉਸਨੂੰ ਪ੍ਰਸੰਨ ਰੱਖਣ ਵਾਸਤੇ ਕੋਈ ਨਾ ਕੋਈ ਰਾਹ ਕੱਢ ਹੀ ਲੈਂਦੀ।

ਜਦ ਇੱਥੇ ਕੁਝ ਦਿਨ ਬਤੀਤ ਹੋਏ ਤਾਂ ਸੂਰਤ ਸਿੰਘ ਦੇ ਮੇਲੀਆਂ ਗੇਲੀਆਂ ਨੂੰ ਪਿਆਰੋ ਦੀ ਅਸਲੀਅਤ ਬਾਰੇ ਪਤਾ ਲੱਗ ਗਿਆ ਤੇ ਲੱਗੇ ਸਰਦਾਰ ਨੂੰ ਉਲਟੀ ਮਤ ਦੇਣ। ਸਰਦਾਰ ਚਾਹੁੰਦਾ ਸੀ ਇਸ ਨੂੰ ਮਾਪਿਆਂ ਕੋਲ ਪਹੁੰਚਾਇਆ ਜਾਵੇ। ਯਾਰ ਦੋਸਤ ਕਹਿਣ ਕਿ ਇਸ ਨੂੰ ਇੱਥੇ ਹੀ ਕਿਸੇ ਸਿੱਖ ਮੁੰਡੇ ਨਾਲ ਵਿਆਹ ਦਿੱਤਾ ਜਾਵੇ। ਸੂਰਤ ਸਿੰਘ ਵੀ ਉਨ੍ਹਾਂ ਦੀਆਂ ਸੁਣ ਸੁਣ ਚੇਤੰਨ ਹੋ ਗਿਆ ਕਿਉਂਕਿ ਸੂਰਤ ਸਿੰਘ ਕੇਵਲ ਨਾਉਂ ਦਾ ਸੂਰਤ ਸਿੰਘ ਨਹੀਂ ਸੀ, ਸਗੋਂ ਮਨ ਦਾ ਵੀ ਸੂਰਤ ਸਿੰਘ ਸੀ। ਜਦ ਉਸ ਨੂੰ ਨਿਜੀ ਦੋਸਤ ਦਰਬਾਰਾ ਸਿੰਘ ਨੇ ਜ਼ੋਰਦਾਰ ਸ਼ਬਦਾਂ ਨਾਲ ਪਿਆਰੋ ਦੇ ਵਿਆਹ ਬਾਰੇ ਕਿਹਾ ਤਾਂ ਸੂਰਜ ਸਿੰਘ ਦੀਆਂ ਅੱਖਾਂ ਲਾਲ ਹੋ ਗਈਆਂ ਤੇ ਇਕ ਜਬਾਨ ਹੋ ਬੋਲਿਆ-'ਤੁਸੀਂ ਠੀਕ ਆਖਦੇ ਹੋ ਕਿ ਨੌਜਵਾਨ ਲੜਕੀ ਜਾਂ ਲੜਕੇ ਨੂੰ ਵਰ ਦੀ ਲੋੜ ਹੁੰਦੀ ਹੈ, ਪਰ ਜੇ ਪਿਆਰੋ ਦਾ ਮਨ ਪਾਕਿਸਤਾਨ ਜਾਣ ਦਾ ਹੋਵੇ ਤਾਂ ਉਸ ਨੂੰ ਕਿਸੇ ਘਰ ਬਿਠਾਣਾ ਪਾਪ ਹੈ। ਚੰਗਾ ਘਰ ਮਿਲ ਜਾਵੇ ਤਾਂ ਵੀ ਉਹ ਔਖੀ ਰਹੇਗੀ।

ਤੂੰ ਛੱਡ ਇਨ੍ਹਾਂ ਗਿਆਨਾਂ ਨੂੰ, ਆਪਣੇ ਧਰਮ ਦਾ ਵਾਧਾ ਕਰਨਾ ਹਰ ਵੱਡੇ ਛੋਟੇ ਦਾ ਫਰਜ਼ ਹੈ। ਫੇਰ ਕੋਈ ਜਬਰਦਸਤ ਨਹੀਂ, ਉਧਾਲਿਆ ਨਹੀਂ, ਗੁੰਡਿਆਂ ਕੋਲੋਂ ਤੁਸਾਂ ਬਚਾਇਆ, ਹੁਣ ਤੁਸੀਂ ਸਿੱਖੀ ਧਰਮ ਦਾ ਪੱਲਾ ਫੜਾਓ। ਕੌਮ ਦਾ ਭਲਾ ਹੋਵੇਗਾ। 'ਤੁਸੀਂ ਬਹੁਤਾ ਗਿਆਨ ਨਾ ਘੋਲੋ, (ਗੁਲਬਦਲ) ਮੂੰਹੋਂ ਬੋਲੇ। ਉਸ ਦਾ ਜਾਮਾ ਮੁਸਲਮਾਨੀ ਘਰ ਦਾ ਹੈ। ਉਸ ਨੂੰ ਮੁਹੱਮਦੀ ਸ਼ਰਾਅ ਨਾਲ ਪਿਆਰ ਹੈ, ਉਸ ਦੇ ਧਰਮ ਨੂੰ ਬਦਲਨਾ ਯੋਗ ਨਹੀਂ।' ਸਤਿਗੁਰੂ ਰਾਮ ਸਿੰਘ ਦਾ ਹੁਕਮ ਹੈ-'....ਬਗਾਨੀ ਅੰਸ ਕਿਤੇ ਤਰ੍ਹਾਂ ਵੀ ਨਾ ਲੈਣੀ, ਨਾ ਖੋਹ ਕੇ ਨਾ

Sri Satguru Jagjit Singh Ji eLibrary NamdhariElibrary@gmail.com

ਚੁਰਾ ਕੇ, ਜੇ ਕਿਸੇ ਦੀ ਡਿੱਗੀ ਚੀਜ਼ ਮਿਲੇ ਤਾਂ ਵੀ ਹੋਕਾ ਦੇ ਵਾਪਸ ਕਰਨੀ...।'

'ਸਰਦਾਰਾ! ਤੂੰ ਸਮਝਦਾ ਨਹੀਂ, ਧਰਮ ਵਿਚ ਵਾਧਾ ਕਰਨਾ ਪਾਪ ਹੈ? ਗੁਰੂ ਗੋਬਿੰਦ ਸਿੰਘ ਤੇ ਗੁਰੂ ਰਾਮ ਸਿੰਘ, ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣਾ ਨਹੀਂ ਚਾਹੁੰਦੇ? ਅਸੀਂ ਕੋਈ ਉਧਾਲ ਕੇ ਲਿਆਏ ਹਾਂ? ਤੈਨੂੰ ਜ਼ਰਾ ਸੋਚਣਾ ਚਾਹੀਦਾ ਹੈ।'

ਮੈਂ ਸੋਚ ਲਿਆ ਹੈ। ਚੰਗੀ ਤਰ੍ਹਾਂ ਸੋਚ ਲਿਆ ਹੈ, ਤੁਸੀਂ ਖੂਹ ਵਿਚ ਡਿੱਗੀ ਗਊ ਦੇ ਗਲੇ ਤੇ ਛੁਰੀ ਫੇਰਨਾ ਚਾਹੰਦੇ ਹੋ। ਧਰਮ ਤਾਂ ਹੈ ਜੇ ਤੁਸੀਂ ਸੱਚ ਦਾ ਪ੍ਰਚਾਰ ਕਰੋ, ਦਲੀਲਾਂ ਨਾਲ ਕਾਇਲ ਕਰੋ, ਫੇਰ ਜੇ ਕੋਈ ਮਨ-ਮਰਜੀ ਨਾਲ ਹੱਥ ਜੋੜ ਬੇਨਤੀ ਕਰੇ ਮੈਨੂੰ ਗੁਰੂ ਰਾਮ ਸਿੰਘ ਦੇ ਘਰ ਦਾ ਰਾਹ ਦੱਸੋ, ਫੇਰ ਤਾਂ ਸਵਾਦ ਹੈ, ਪਰ ਜੇ ਫੰਡੀ ਘੁੱਗੀ ਦੇ ਗਲੇ ਤੇ ਛੁਰੀ ਫੇਰਨੀ ਹੈ, ਤਾਂ ਧਰਮ ਦੀ ਵੇਲ ਵੱਧੀ ਜਾਣੋ! ਇਹ ਧਰਮ ਥੋੜ੍ਹਾ ਹੈ, ਇਹ ਤਾਂ ਉਲਟਾ ਪਾਪ ਹੈ, ਪਾਪ ਨਹੀਂ, ਘੋਰ ਪਾਪ, ਗੁਨਾਹਿ ਕਬੀਰਾ। ਤੁਸੀਂ ਨਹੀਂ ਸੁਣਿਆ ਸਿੱਖ ਜਦ ਲੜਦੇ ਲੜਦੇ ਵੈਰੀਆਂ ਨੂੰ ਮਾਰ ਭਜਾਂਦੇ ਸਨ ਅਤੇ ਉਹ ਆਪਣੀਆਂ ਇਸਤਰੀਆਂ ਨਾਲ ਨਹੀਂ ਲੈ ਜਾ ਸਕਦੇ ਸਨ, ਤਾਂ ਸਿੱਖ ਬੀਰ ਉਨ੍ਹਾਂ ਅਬਲਾਵਾਂ ਨੂੰ ਆਪਣੀਆਂ ਬੱਚੀਆਂ ਵਾਂਗੂ ਉਨ੍ਹਾਂ ਦੇ ਵਾਰਸਾਂ ਤੱਕ ਸਹੀ ਸਲਾਮਤ ਪਹੁੰਚਾਇਆ ਕਰਦੇ ਸਨ। ਏਸ ਬੇਜਬਾਨ ਨੂੰ ਘਰ ਰਖਕੇ ਅਸਾਂ ਜਮਰੋਦ ਦਾ ਕਿਲ੍ਹਾ ਨਹੀਂ ਜਿੱਤ ਲੈਣਾ?' ਸੂਰਤ ਸਿੰਘ ਕਿਹਾ 'ਪਰ ਓਧਰ ਪਾਕਿਸਤਾਨੀਆਂ ਬਥੇਰੀਆਂ ਕੁੜੀਆਂ ਘਰੀਂ ਬਿਠਾ ਲਈਆਂ ਹਨ, ਜੇ ਅਸਾਂ ਇਕ ਰਖ ਲਈ ਤਾਂ ਕਿਹੜੀ ਗੱਲ ਏ, ਫੇਰ ਅਸੀਂ ਕੋਈ ਜ਼ਬਰਦਸਤੀ ਨਹੀਂ ਕੀਤੀ! ਗੁੰਡਿਆਂ ਹੱਥੋਂ ਛੁੜਾ ਕੇ ਲਿਆਏ ਹਾਂ।'

'ਵਾਹ ਭਾਈ ਵਾਹ! ਲਹੂ ਨਾਲ ਕਦੇ ਲਹੂ ਨਹੀਂ ਧੋਤਾ ਜਾਂਦਾ। ਲਹੂ ਨੂੰ ਕੇਵਲ ਨਿਰਮਲ ਜਲ ਸਾਫ਼ ਕਰ ਸਕਦਾ ਹੈ। ਉਸ ਨੂੰ ਬਦਮਾਸ਼ਾਂ ਤੋਂ ਬਚਾਇਆ, ਇਹ ਨੇਕੀ ਹੈ, ਪਰ ਹੁਣ ਉਸ ਨੂੰ ਦੀਨੋਂ ਬੇ-ਦੀਨ ਕਰਨਾ ਸਖ਼ਤ ਅਨੀਤੀ ਏ, ਅਧਰਮ ਏ, ਮੈਨੂੰ ਇਹ ਠੀਕ ਨਹੀਂ ਜਾਪਦਾ, ਮੈਂ ਇਹ ਕੰਮ ਕਦਾਚਿਤ ਨਹੀਂ ਹੋਣ ਦੇਣਾ।' ਹਿੱਕ ਤੇ ਹੱਥ ਮਾਰਦਿਆਂ ਬੜੇ ਜ਼ੋਰ ਨਾਲ ਕਿਹਾ, 'ਇਸ ਗ਼ਰੀਬਣੀ ਖ਼ਾਤਰ ਜੇ ਕੋਈ ਮੁਸੀਬਤ ਝੱਲਣੀ ਪਈ ਤਾਂ ਖਿੜੇ ਮੱਥੇ ਬਰਦਾਸ਼ਤ ਕਰਾਂਗਾ। ਉਤਨਾ ਚਿਰ ਦਮ ਨਹੀਂ ਲਵਾਂਗਾ ਜਦ ਤਕ ਇਸ ਨੂੰ ਅਸਲ ਵਾਰਸਾਂ ਤਕ ਪਹੁੰਚਾ ਨਹੀਂ ਲੈਂਦਾ। ਸੂਰਤ ਸਿੰਘ ਛੋਟੀ ਨੂੰ ਪਿਆਰ ਕਰਦਾ ਪਰ ਉਸਨੂੰ ਬਹੁਤਾ ਫ਼ਿਕਰ ਛੋਟੀ ਨੂੰ ਉਸ ਦੇ ਮਾਪਿਆਂ ਕੋਲ ਪਹੁੰਚਾਣ ਦਾ ਸੀ। ਲਾਹੌਰ ਟਰਾਂਸਪੋਰਟ ਯੂਨੀਅਨ ਵਿਚ ਅਜ਼ੀਜ਼ ਅਹਿਮਦ ਉਸਦਾ ਚੰਗਾ ਦੋਸਤ ਸੀ। ਉਸਨੂੰ ਸਾਰੀ ਗੱਲ ਲਿਖ ਭੇਜੀ। ਉਸ ਨੇ ਅਖ਼ਬਾਰਾਂ ਵਿਚ ਇਸ਼ਤਿਹਾਰ-ਬਾਜੀ ਕੀਤੀ ਪੰਜ ਮਹੀਨਿਆਂ ਪਿੱਛੋਂ ਅਜ਼ੀਜ਼ ਅਹਿਮਦ ਦੀ ਚਿੱਠੀ

Sri Satguru Jagjit Singh Ji eLibrary NamdhariElibrary@gmail.com

ਆਈ ਕਿ ਛੋਟੀ (ਗੁਲਬਦਨ) ਦੇ ਮਾਪਿਆਂ ਦਾ ਪਤਾ ਲੱਗ ਗਿਆ ਹੈ ਤੁਸੀਂ ਉਸਨੂੰ ਬਾਰਡਰ ਤਕ ਲੈ ਆਓ। ਇਕਬਾਲ ਛੋਟੀ ਦਾ ਤਾਇਆ ਆ ਕੇ ਲੈ ਜਾਵੇਗਾ। ਤਾਰੀਖ਼ ਮਿਥੀ ਗਈ। ਛੋਟੀ ਨੂੰ ਪਾਕਿਸਤਾਨ ਭੇਜਣ ਦੇ ਪ੍ਰਬੰਧ ਕਰ ਲਏ।

ਦੂਜੇ ਬੰਨੇ ਹਰਦਿਆਲ ਕੌਰ ਨੇ ਆਪਣੇ ਸਵਾਮੀ ਨਾਲ ਸਲਾਹ ਕਰ ਇਕ-ਦੋ ਵਧੀਆ ਜੋੜੇ ਕੱਪੜਿਆਂ ਦੇ ਸਿਲਵਾ ਦਿੱਤੇ। ਛੋਟੀ ਕੱਪੜੇ ਟਰੰਕ ਵਿਚ ਪਾ ਬਾਰਡਰ ਤੇ ਜਾਣ ਲਈ ਤਿਆਰ ਹੋ ਪਈ। ਸਰਦਾਰਨੀ ਨੇ ਰਾਹ ਵਾਸਤੇ ਪੰਜੀਰੀ ਤਿਆਰ ਕਰ ਇਕ ਡੱਬੇ ਵਿਚ ਪਾ ਦਿੱਤਾ ਤੇ ਦੂਜੇ ਡੱਬੇ ਵਿਚ ਪਰਾਂਠੇ, ਆਲੂ ਤੇ ਅਚਾਰ। ਉਹ ਇਉਂ ਤਿਆਰ ਹੋ ਰਹੀ ਸੀ ਜਿਵੇਂ ਦੂਹਤਰ ਰਾਣੀ ਨਾਨਕਿਆਂ ਤੋਂ ਮਾਪਿਆਂ ਕੋਲ। ਛੋਟੀ ਦਾ ਰੂਪ ਨਿਖਰਿਆ ਹੋਇਆ ਸੀ। ਸਾਦੇ ਮੁਰਾਦੇ ਕੱਪੜਿਆਂ ਵਿਚ ਇਉਂ ਫਬਦੀ ਸੀ ਜਿਵੇਂ ਦੇਵਪੁਰੀ ਦੀ ਅਪੱਸ਼ਰਾ। ਹਰਦਿਆਲ ਕੌਰ ਨੇ ਛੋਟੀ ਨੂੰ ਪਿਆਰ ਦਿੱਤਾ। ਛੋਟੀ ਦੀਆਂ ਅੱਖਾਂ ਪਿਆਰ ਨਾਲ ਡੁਲ੍ਹ ਪਈਆਂ। ਸਰਦਾਰ ਸੂਰਤ ਸਿੰਘ ਤੇ ਛੋਟੀ ਬਸ ਅੱਡੇ ਵਲ ਰਵਾਨਾ ਹੋਏ। ਕੋਈ ਤਿੰਨ ਘੰਟਿਆਂ ਵਿਚ ਬਾਰਡਰ ਤੇ ਪੁੱਜੇ।

ਭਾਰਤੀ ਤੇ ਪਾਕਿਸਤਾਨੀ ਕੌਂਸਲਰਾਂ ਨੂੰ ਬਕਾਇਦਾ ਇਤਲਾਹ ਦਿੱਤੀ ਹੋਈ ਸੀ। ਸੂਰਤ ਸਿੰਘ ਛੋਟੀ ਨਾਲ ਬਸ ਤੋਂ ਉਤਰਿਆ ਟਰੰਕ ਛੋਟੀ ਨੇ ਚੁੱਕਿਆ। ਹੱਦ ਤੇ ਪੁੱਜੇ। ਇਕਬਾਲ, ਅਜ਼ੀਜ਼, ਅਹਿਮਦ ਤੇ ਉਨ੍ਹਾਂ ਦੇ ਬਾਕੀ ਸੰਬੰਧੀ ਵੀ ਆਏ ਸਨ। ਜਦ ਤਏ ਨੇ ਛੋਟੀ ਨੂੰ ਵੇਖਿਆ ਤਾਂ ਦੋਹਾਂ ਤਾਏ ਤੇ ਭਤਰੀ ਦੀਆਂ ਅੱਖਾਂ ਤਰ ਹੋ ਗਈਆਂ। ਬਾਕੀ ਪਰਿਵਾਰ ਦਾ ਵੈਰਾਗ ਠਲਿਆ ਨਾ ਜਾਵੇ। ਸਿਕਿਉਰਿਟੀ ਅਫ਼ਸਰਾਂ ਕਾਗ਼ਜ਼ਾਂ ਦੀ ਪੜਤਾਲ ਕੀਤੀ ਤੇ ਛੋਟੀ ਨੂੰ ਤਾਏ ਦੇ ਹਵਾਲੇ ਕੀਤਾ। ਛੋਟੀ ਮਾਂ ਦੇ ਗਲੇ ਲੱਗੀ। ਪ੍ਰੇਮ ਦੀ ਕੁਰਲਾਹਟ ਨਾਲ ਬਾਰਡਰ ਹਿਲ ਗਿਆ। ਛੋਟੀ ਦੇ ਤਾਏ ਨੇ ਸੂਰਤ ਸਿੰਘ ਦੇ ਪੈਰਾਂ ਨੂੰ ਛੂਹਿਆ ਤੇ ਭਰੇ ਗਲੇ ਨਾਲ ਆਖਿਆ, 'ਸਰਦਾਰਾ! ਸੁਣਦੇ ਸਾਂ ਕਿ ਸਿੱਖ ਸੂਰਮੇ, ਬਹਾਦਰ ਤੇ ਪਰਉਪਕਾਰੀ ਹੁੰਦੇ ਹਨ, ਤੂੰ ਸਾਬਤ ਕਰ ਵਖਾਇਆ।' 'ਮੀਆਂ ਜੀ! ਇਹ ਤਾਂ ਇਨਸਾਨੀ ਫ਼ਰਜ਼ ਹੈ। ਫ਼ਰਜ਼ ਤੋਂ ਵੱਧ ਕੁਝ ਨਹੀਂ ਕੀਤਾ।' ਕੋਲੋਂ ਗੁਲਬਦਨ ਅੱਖਾਂ ਪੂੰਜਦਿਆਂ ਆਖਿਆ 'ਤਾਊ! ਸਿੱਖ ਕਾਮਲ ਇਨਸਾਨ ਹਨ, ਤੇ ਉਨ੍ਹਾਂ ਵਿੱਚੋਂ ਨਾਮਧਾਰੀਏ ਅਰਸ਼ੀ ਫਰਿਸ਼ਤੇ।'

**ਹਜ਼ਾਰਾ ਸਿੰਘ 'ਸਾਫੀ'**

Sri Satguru Jagjit Singh Ji eLibrary NamdhariElibrary@gmail.com

# ਪੰਡਿਤ ਜੀ ਤੋਂ ਸੇਵਾ

ਜਿਸ ਭਾਵੈ ਤਿਸ ਆਪਨ ਨਾਇ ਲਾਵੈ॥
ਜਿਸ ਭਾਵੈ ਤਿਸ ਖੇਲ ਖਿਲਾਵੈ॥
ਬੇਸੁਮਾਰ ਅਥਾਹ ਅਗਨਤ ਅਤੋਲੈ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥
(ਗਉੜੀ ਸੁਖਮਨੀ, ਪੰਨਾਂ ੨੯੨)

ਅੱਜ ਪੰਡਿਤ ਗੋਪਾਲ ਸਿੰਘ ਜੀ ਤੇ ਖ਼ਾਸ ਕਿਰਪਾ ਸੀ। ਪੰਡਿਤ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਸੋਧ ਬੰਦਨਾਂ ਅਰੰਭੀ। ਕਰਮ ਸਿੰਘ ਢੋਲਕੀਏ ਨੇ ਢੋਲਕੀ ਤੇ ਧੱਪਾ ਮਾਰਿਆ ਤੇ ਧੱਪੇ ਨੇ ਸਾਰੇ ਦਿਲਾਂ ਨੂੰ ਧੂਹ ਪਾ ਦਿੱਤੀ। ਕੁੰਦਨ ਸਿੰਘ ਭਗੋਤਾ ਤੇ ਦਿੱਲੀ ਦੇ ਨੌਜਵਾਨਾਂ ਨੇ ਛੈਣਿਆਂ ਦੀ ਗੁੰਜਾਰ ਨਾਲ ਚੁੰਬਕ ਦਾ ਅਸਰ ਵਿਖਾਇਆ। ਬੰਦਨਾਂ ਉਪਰੰਤ ਪੰਡਿਤ ਜੀ ਨੂਰਜਹਾਂ ਤੇ ਆਸਿਫਜਾਹ ਦਾ ਪ੍ਰਸੰਗ ਅਰੰਭਦਿਆਂ ਧਾਰਨਾ ਲਈ:-

**'ਕਿਉਂ ਜ਼ੁਲਮ ਕਮਾਨਾਂ ਏਂ, ਪਾਪੀਆ ਰਾਜ ਸਦਾ ਨਹੀਂ ਰਹਿਣਾ'**

ਇਕ ਭਾਰਤ ਦੀ ਰਾਜਧਾਨੀ, ਦੂਜਾ ਇਨਸਾਫ਼ ਨਾ ਪ੍ਰਸੰਗ, ਤੀਜਾ ਜਥੇ ਵਾਲਿਆਂ ਦਾ ਪ੍ਰਬਲ ਉਤਸ਼ਾਹ ਸਰੋਤਿਆਂ ਤੇ ਰਾਹ ਜਾਂਦਿਆਂ ਨੂੰ ਵੈਰਾਗੀ ਬਣਾਈ ਜਾ ਰਿਹਾ ਸੀ। ਪੰਡਿਤ ਜੀ ਨੇ ਸਾਖੀ ਨੂੰ ਸੰਖੇਪ ਰੂਪ ਵਿਚ ਇਉਂ ਪੇਸ਼ ਕੀਤਾ:-

'ਆਸਿਫਜਾਹ ਨੂਰਜਹਾਂ ਦਾ ਭਰਾ ਲਾਹੌਰ ਦਾ ਸੂਬੇਦਾਰ ਸੀ। ਸੂਬੇਦਾਰੀ ਪਾ ਕੇ ਵੈਲੀ ਤੇ ਵਸ਼ਈ ਹੋ ਗਿਆ। ਇਨਸਾਫ਼ ਭੁਲਾ ਬੈਠਾ। ਕੇਵਲ ਆਪਣੇ ਐਸ਼ੋ ਇਸ਼ਰਤ ਨੂੰ ਮੁਖ ਰਖਦਾ।

ਲਾਹੌਰ ਵਿਚ ਆਸਿਫਜਾਹ ਦੇ ਮਹਲ ਲਾਗੇ ਇਕ ਗ਼ਰੀਬ ਬੁੱਢੇ ਦੇ ਘਰ ਪਿਛਲੇਰੀ ਉਮਰ ਵਿਚ ਬੱਚੇ ਦਾ ਜਨਮ ਹੋਇਆ, ਬਿਰਧ ਮਾਪਿਆਂ ਖ਼ੁਸ਼ੀ ਵਿਚ ਵਾਜੇ ਵਜਵਾਏ। ਆਸਿਫਜਾਹ ਦੀ ਅੱਖ ਉਖੜ ਗਈ। ਓਸੇ ਵੇਲੇ ਗੁੱਸੇ ਵਿਚ ਲਾਲ ਪੀਲਾ ਹੁੰਦਿਆਂ ਬੁੱਢੇ ਤੇ ਬੱਚੇ ਨੂੰ ਬੁਲਵਾਇਆ ਤੇ ਤਰਲੇ ਮਾਰਦਿਆਂ ਤੇ ਲਿਲੜੀਆਂ ਲੈਂਦਿਆਂ ਬੁੱਢੇ ਦੇ ਸਾਹਮਣੇ ਬੱਚੇ ਨੂੰ ਕਤਲ ਕਰਵਾ ਦਿੱਤਾ।

ਬਿਰਧ ਜਹਾਂਗੀਰ ਪਾਸ ਪੁੱਜਾ। ਸਾਰੀ ਵਿਥਿਆ ਸੁਣਾਈ ਜਹਾਂਗੀਰ ਇਨਸਾਫ਼ ਦਾ ਭਰੋਸਾ ਦਿਵਾਇਆ ਤੇ ਵਾਪਿਸ ਮੋੜਿਆ। ਥੋੜ੍ਹੇ ਸਮੇਂ ਉਪਰੰਤ ਜਹਾਂਗੀਰ ਨੂਰਜਹਾਂ ਸਮੇਤ ਲਾਹੌਰ ਆਇਆ ਤੇ ਨੂਰਜਹਾਂ ਨੂੰ ਬਿਨਾਂ ਨਾਉਂ ਦੱਸਿਆ ਘਟਨਾ ਸੁਣਾਈ। ਜਿਉਂ ਜਿਉਂ ਜਹਾਂਗੀਰ ਵਾਰਤਾ ਸੁਣਾਏ ਤਿਉਂ ਤਿਉਂ ਨੂਰਜਹਾਂ ਦਾ ਚਿਹਰਾ ਬਦਲਦਾ ਜਾਏ। ਜਦ ਜਹਾਂਗੀਰ ਨੇ ਨੂਰਜਹਾਂ ਤੋਂ ਰਾਇ ਪੁੱਛੀ

Sri Satguru Jagjit Singh Ji eLibrary NamdhariElibrary@gmail.com

ਤਾਂ ਨੂਰਜਹਾਂ ਦ੍ਰਿੜ੍ਹਤਾ ਨਾਲ ਕਿਹਾ ਕਿ, 'ਯਿਹ ਭੀ ਕੋਈ ਬਾਤ ਹੈ, 'ਖ਼ੂਨ ਕਾ ਬਦਲਾ ਖ਼ੂਨ' ਔਰ ਐਸੇ ਹਾਕਮੋਂ ਕੋ ਲੋਗੋਂ ਕੇ ਸਾਮਨੇ ਸਜਾ ਮਿਲਨੀ ਚਾਹੀਏ।' ਜਦ ਨੂਰਜਹਾਂ ਦਾ ਮਨ ਪੱਕਾ ਹੋ ਗਿਆ ਤਾਂ ਬੁੱਢੇ ਨੂੰ ਬੁਲਾਇਆ ਗਿਆ। ਉਸ ਰੋ ਰੋ ਵਿਥਿਆ ਸੁਣਾਈ ਤੇ ਦਰਬਾਰੀਆਂ ਨੂੰ ਵੀ ਰੁਆਇਆ, ਨੂਰਜਹਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਆਸਿਫਜਾਹ ਨੂੰ ਬੁਲਾਇਆ। ਹੁਣ ਇਕ ਪਾਸੇ ਭਰਾ ਸੀ, ਇਕ ਪਾਸੇ ਇਨਸਾਫ਼ ਸੀ। ਸਾਰੇ ਦਰਬਾਰੀਆਂ ਨੂਰਜਹਾਂ ਅੱਗੇ ਤਰਲੇ ਮਿੰਨਤਾਂ ਕੀਤੇ ਕਿ ਆਸਫਜਾਹ ਨੂੰ ਮਾਫ਼ ਕੀਤਾ ਜਾਵੇ। ਮਗਰ, ਨੂਰਜਹਾਂ ਬਿਜਲੀ ਵਾਂਗੂ ਕੜਕ ਕੇ ਬੋਲੀ 'ਆਸਫ਼ ਕੋ ਮੁਆਫ਼ ਨਹੀਂ ਕਿਆ ਜਾ ਸਕਤਾ, ਮੈਂ ਮੁਆਫ਼ ਨਹੀਂ ਕਰ ਸਕਤੀ, ਕਿਉਂਕਿ ਉਸ ਬੱਚੇ ਕੀ ਮਾਂ ਮੁਆਫ਼ ਨਹੀਂ ਕਰਤੀ।' ਇਤਨਾ ਕਹਿ ਨੂਰਜਹਾਂ ਆਪ ਤਲਵਾਰ ਚਲਾਈ ਤੇ ਆਸਿਫਜਾਹ ਦਾ ਸਿਰ ਧਰਤੀ ਤੇ ਤੜਫਨ ਲੱਗ ਪਿਆ। ਇਸ ਨਜ਼ਾਰੇ ਨੂੰ ਇਕ ਕਵੀ ਇਉਂ ਨਿਰੂਪਣ ਕੀਤਾ ਏ:-

**ਆਸਿਫਜਾਹ ਜ਼ਮੀਨ ਤੇ ਤੜਫਦਾ ਏ।**
**ਨੂਰ ਨੂਰਜਹਾਂ ਤੇ ਬਰਸਦਾ ਏ।**
**ਇਹੋ ਜਿਹੇ ਇਨਸਾਫ ਨੂੰ ਲਾਲ ਚੰਦਾ,**
**ਹਿੰਦੁਸਤਦਾਨ ਸਾਡਾ ਪਿਆ ਤਰਸਦਾ ਏ।**

ਇਸ ਕਥਾ ਉਪਰੰਤ ਚੰਦ੍ਰਮਾ ਸਿਖਰ ਤੇ ਪੁੱਜ ਗਿਆ ਸੀ ਤੇ ਸਰੋਤੇ ਰਾਤ ਦੇ ਭਿੱਜਣ ਨਾਲ ਮਸਤੀ ਵਿਚ ਤਾਰੀਆਂ ਲਾ ਰਹੇ ਸਨ। ਬੁਤ ਬਣੇ ਬੈਠੇ ਸਨ। ਜਿਵੇਂ ਲੋਹਾਰ ਲੋਹੇ ਨੂੰ ਲਾਲ ਕਰ ਸੱਟਾਂ ਮਾਰ ਮਨ ਮਰਜ਼ੀ ਦਾ ਢਾਲ ਲੈਂਦਾ ਹੈ, ਤਿਵੇਂ ਪੰਡਿਤ ਜੀ ਨੇ ਇਸ ਕਥਾ ਉਪਰੰਤ ਆਤਮਕ ਮੰਡਲਾਂ ਵਿਚ ਪਹੁੰਚਣ ਵਾਸਤੇ ਗੁਰੂ ਦੀ ਲੋੜ ਦਰਸਾਈ। ਪ੍ਰੋੜ੍ਹਤਾ ਵੱਜੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਪੇਸ਼ ਕੀਤੀ:-

**ਜੇ ਸਉ ਚੰਦਾ ਉਗਵਹਿ ਸੂਰਜ ਚੜ੍ਹੇ ਹਜ਼ਾਰ॥**
**ਏਤੇ ਚਾਨਣ ਹੋਂਦਿਆਂ ਗੁਰ ਬਿਨ ਘੋਰ ਅੰਧਾਰ॥**

ਇਹਨਾਂ ਤੁਕਾਂ ਦੀ ਵਿਆਖਿਆ ਕਰਦਿਆਂ ਪੰਡਿਤ ਜੀ ਬ੍ਰਹਮਾਂ, ਨਾਰਦ, ਵਿਆਸ ਤੇ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚੋਂ ਝਾਕੀਆਂ ਪੇਸ਼ ਕੀਤੀਆਂ ਤੇ ਦਰਸਾਇਆ ਕਿ ਗੁਰੂ ਤੋਂ ਬਿਨਾ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਾਣੀ ਦਾ ਫ਼ੁਰਮਾਨ ਹੈ:-

**ਭਾਈ ਰੇ ਗੁਰ ਬਿਨ ਗਿਆਨ ਨ ਹੋਇ॥**
**ਪੂਛਹੁ ਬ੍ਰਹਮੈ ਨਾਰਦੇ ਬੇਦ ਬਿਆਸੇ ਕੋਇ॥**

ਇਸ ਦੀ ਪੁਸ਼ਟੀ ਹਿਤ ਆਪ ਨੇ ਕਿਹਾ "ਗਿਆਨ" ਵੇਦ ਸ਼ਾਸਤਰ, ਸਿਮ੍ਰਤੀਆਂ, ਪੁਰਾਣ, ਅੰਜੀਲ, ਕੁਰਾਨ ਤੇ ਤੌਰੇਤ ਪੜ੍ਹਨ ਨਾਲ ਪ੍ਰਾਪਤ ਨਹੀਂ ਹੋ ਸਕਦਾ, ਇਹ ਤਾਂ ਗੁਰੂ ਪਾਸੋਂ ਅੱਖ ਦੇ ਪਲਕਾਰੇ ਵਿਚ ਪ੍ਰਾਪਤ ਹੁੰਦਾ ਹੈ, ਇਕ ਕਵੀ ਠੀਕ ਆਖਿਆ ਹੈ:-

Sri Satguru Jagjit Singh Ji eLibrary NamdhariElibrary@gmail.com

**ਯਿਹ ਮੁਮਕਨ ਹੈ, ਕਿ ਕੋਹਿ ਗ੍ਰਾਂ ਫੂਕੋਂ ਸੇ ਹਿਲ ਜਾਏ।**
**ਯਿਹ ਮੁਮਕਨ ਹੈ, ਕਿ ਬੇ ਮੌਸਿਮ ਫੂਲ ਖਿਲ ਜਾਏ।**
**ਯਿਹ ਮੁਮਕਨ ਹੈ, ਕਿ ਧਾਗੇ ਸੇ ਨਦੀ ਕਾ ਪੇਟ ਸਿਲ ਜਾਏ।**
**ਹਲਾਹਲ ਸੇ ਪਿਆਸੇ, ਜ਼ਿੰਦਗੀ ਮੁਮਕਨ ਹੈ ਮਿਲ ਜਾਏ।**
**ਮਗਰ ਯਿਹ ਹੋ ਨਹੀਂ ਸਕਤਾ, ਗੁਰੂ ਬਿਨ ਗਿਆਨ ਮਿਲ ਜਾਏ।**

ਇਸ ਕਵਿਤਾ ਨੇ ਦੀਵਾਨ ਦੇ ਸਾਰੇ ਸਿਰ ਹਿਲਾ ਦਿੱਤੇ, ਤੇ ਸਾਰੀ ਸੰਗਤ ਸੂਤਰੀ ਅਵਸਥਾ ਵਿਚ ਚਲੀ ਗਈ।

ਹੁਣ ਪੰਡਿਤ ਜੀ ਨੇ ਅੰਗਰੇਜ਼ ਕਾਲ ਵਿਚ ਸਿੰਘ ਸਭਾ ਵੱਲੋਂ ਪੁਆਏ ਰੌਲੇ, ਕਿ ਗ੍ਰੰਥ ਗੁਰੂ ਹੈ ਦਾ ਨਿਤਾਰਾ ਕਰਨ ਹਿਤ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦਿੱਤੇ ਕਿ ਗੁਰੂ ਹੋ ਈ ਦੇਹਧਾਰੀ ਸਕਦਾ ਹੈ, ਗੁਰੂ 'ਗ੍ਰੰਥ' ਨਹੀਂ ਹੋ ਸਕਦਾ।

1. **ਮਾਈ ਚਰਨ ਗੁਰ ਮੀਠੇ, ਵਡੇ ਭਾਗ ਦੇਵਹਿ ਪ੍ਰੇਮਸੁਰ ਕੋਟ ਫਲਾ ਦਰਸਲ ਗੁਰਿ ਡੀਠੇ।...**
2. **ਸਮਰੱਥ ਗੁਰੂ ਸਿਰ ਹੱਥ ਧਰਿਓ...**
3. **ਧਨੁ ਧੰਨੁ ਪਿਤਾ, ਧਨੁ ਧੰਨੁ ਕੁਲੁ, ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ।**
4. **ਤਿਸੁ ਗੁਰ ਕਉ ਛਾਦਨ ਭੋਜਨ ਧਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖ ਸੰਚਹੁ ਤਿਸ ਪੁਨ ਕੀ ਫਿਰ ਤੋਟਿ ਨ ਆਵੈ।**
5. **ਗੁਰ ਰਸਨਾ ਅੰਮ੍ਰਿਤ ਬੋਲਦੀ।**
6. **ਸੋਈ ਸਤਿਗੁਰੂ ਪੁਰਖੁ ਹੈ ਜਿਨ ਪੰਜੇ ਦੂਤ ਕੀਤੇ ਵਸ ਛਿਕੇ**
7. **ਨਿਹਤੇ ਪੰਜ ਜਵਾਨ ਗੁਰੂ ਥਾਪੀ ਦਿਤੀ ਕੰਢੀ ਜੀਊ।**

ਉਪਰਲੇ ਬਾਣੀ ਦੇ ਮਹਾਂ ਵਾਕ ਇਹ ਦੱਸਦੇ ਹਨ ਕਿ ਗੁਰੂ ਦੇਹਧਾਰੀ ਹੀ ਹੋ ਸਕਦਾ ਹੈ। ਗੁਰੂ ਦੇ ਚਰਨ ਹੁੰਦੇ ਹਨ, ਜਿਨ੍ਹਾਂ ਦਰਸ਼ਨ ਕਰਨ ਨਾਲ ਕਰੋੜਾਂ ਫਲਾਂ ਦੀ ਪ੍ਰਾਪਤੀ ਹੁੰਦੀ ਹੈ।

ਸਤਿਗੁਰੂ ਦੇ ਪਵਿੱਤਰ ਹੱਥ ਹੁੰਦੇ ਹਨ, ਜਿਹੜੇ ਮਸਤਕ ਤੇ ਰੱਖ ਕੇ ਰੇਖ ਵਿਚ ਮੇਖ ਮਾਰ ਸਕਦੇ ਹਨ।

ਉਹ ਕੁਲ ਧੰਨ ਹੈ, ਉਹ ਮਾਤਾ ਪੂਜਣ ਯੋਗ ਹੈ, ਉਹ ਪਿਤਾ ਭਾਗਾਂ ਵਾਲਾ ਹੈ, ਜਿਸ ਦੇ ਗ੍ਰਹਿ ਗੁਰੂ ਅਵਤਾਰ ਲੈਂਦਾ ਹੈ।

ਅਜੇਹੇ ਗੁਰੂ ਨੂੰ ਵਧੀਆ ਭੋਜਨ, ਵਧੀਆ ਵਧੀਆ ਕੱਪੜੇ ਭੇਟਾ ਕਰੋ, ਫੇਰ ਕਿਸੇ ਗੱਲ ਦੀ ਘਾਟ ਨਹੀਂ ਰਹੇਗੀ।

ਬਲਵਾਨ ਸਤਿਗੁਰੂ ਕਾਮ, ਕ੍ਰੋਧ, ਮੋਹ, ਅਹੰਕਾਰ ਤੇ ਪੂਰਾ ਪੂਰਾ ਕਾਬੂ ਪਾ ਸਕਦਾ ਹੈ। ਪੰਡਿਤ ਜੀ ਖੁੱਲੇ ਸ਼ਬਦਾਂ ਵਿਚ ਦੱਸਿਆ ਕਿ ਗੁਰੂ ਤਾਂ ਹੁੰਦਾ ਹੀ ਦੇਹਧਾਰੀ ਹੈ, ਅਤੇ ਰਹੇਗਾ ਮਗਰ ਕੇਵਲ ਉਨ੍ਹੀਵੀਂ ਸਦੀ ਵਿਚ ਅੰਗਰੇਜ਼ ਕਾਲ ਦੇ ਦੌਰਾਨ ਗੁਰੂ ਗ੍ਰੰਥ ਵਾਲੀ ਘਾੜਤ ਘੜੀ ਗਈ ਉੱਕਾ ਹੀ ਨਿਰਮੂਲ ਹੈ।

ਇਸ ਤੋਂ ਉਪਰੰਤ ਉਦਾਹਰਨਾਂ ਦੇ ਕੇ ਇਹ ਸਪਸ਼ਟ ਕੀਤਾ ਕਿ ਗੁਰੂ ਕਰਦਾ

Sri Satguru Jagjit Singh Ji eLibrary NamdhariElibrary@gmail.com

ਕੀ ਹੈ। ਗੁਰੂ ਗਿਆਨ ਦਾ ਚਰਾਗ ਬਾਲਣ ਹਿਤ ਪਹਿਲਾਂ ਕੰਨ ਵਿਚ ਮੰਤਰ ਦੇਂਦਾ ਹੈ, ਜੇ ਕਿਸੇ ਪ੍ਰਾਣੀ ਪਾਸ ਮੰਤਰ ਨਾ ਹੋਵੇ ਉਹ ਅਭਾਗਾ ਪੁਰਸ਼ ਕਾਵਾਂ, ਕੁੱਤਿਆਂ ਨਾਲੋਂ ਵੀ ਭੈੜਾ ਹੈ ਜਿਵੇ:-

**ਗੁਰ ਮੰਤਰ ਹੀਣੇਸ ਜੋ ਪਰਾਣੀ,**
**ਧਿਗੀਤਿ ਜਨਮ ਭ੍ਰਸਟਣੈਹ।**
**ਕੂਕਰਹਿ ਸੂਕਰਹ ਗਰਧਭਹ,**
**ਕਾਕਹ ਸਰਪ ਨਹ ਤੁਲਿ ਖਲਹ।**

ਪਰ ਜਿਹੜੇ ਪੁਰਸ਼ ਪ੍ਰਤੱਖ ਗੁਰੂ ਦੇ ਹੁੰਦਿਆਂ ਵਿਛੜਦੇ ਹਨ, ਉਨ੍ਹਾਂ ਬਾਰੇ ਕਿਹੜਾ ਸਰਟੀਫੀਕੇਟ ਹੈ?

**ਹੋਦੇ ਪ੍ਰਤੱਖ ਗੁਰ ਜੋ ਵਿਛੁੜੇ ਤਿਨ ਦਰ ਢੋਈ ਨਾਹੀ**
**ਕੋਈ ਜਾਏ ਮਿਲੇ ਤਿੰਨ ਨਿੰਦਕਾਂ**
**ਮੁਹ ਫਿਕੇ ਥੁਕ ਥੁਕ ਮੁਹਿ ਪਾਈ।**

ਹੁਣ ਰਾਤ ਸਿੱਖਰ ਨੂੰ ਛੂਹਣ ਲੱਗ ਪਈ ਤੇ ਲਾਊਡ ਸਪੀਕਰ ਵਾਲੇ ਸ਼ਾਹੀ ਹੁਕਮ ਸੁਣਾਇਆ ਕਿ ਇਸ ਸਮੇਂ ਤੋਂ ਅੱਗੇ ਲਾਊਡ ਸਪੀਕਰ ਚਲਾਣਾ ਕਾਨੂੰਨਨ ਮਨ੍ਹਾ ਹੈ ਤੇ ਉਲੰਘਣਾ ਕਰਨਾ ਡੰਨ ਤੇ ਕੈਦ ਹੈ। ਪੰਡਿਤ ਜੀ ਤਾਂ ਬਹਿ ਗਏ, ਪਰੰਤੂ ਸਰੋਤਿਆਂ ਪੂਰੇ ਜ਼ੋਰ ਨਾਲ ਕਿਹਾ ਕਿ ਜ਼ੁਰਮਾਨੇ ਅਸੀਂ ਭਰਾਂਗੇ ਤੇ ਕੈਦਾਂ ਵੀ ਕਟਾਂਗੇ, ਪੰਡਿਤ ਜੀ ਕਿਰਪਾ ਕਰਦੇ ਜਾਣ।

ਇਤਨੇ ਨੂੰ ਸੰਤ ਦਰਸ਼ਨ ਸਿੰਘ ਧਾਰਨ ਚੁੱਕ ਲਈ:-

**ਤੂੰ ਜਨਮ ਗੁਆਇਆ ਹੀਰਾ ਕੌਡੀਆਂ ਦੇ ਸੰਗ ਲਗ ਕੇ।**

ਪੰਡਿਤ ਜੀ ਇਸੇ ਪੰਗਤੀ ਦੀ ਵਿਆਖਿਆ ਅਰੰਭ ਕੀਤੀ ਤੇ ਜਨਮ ਸਵਾਰਨ ਹਿਤ ਪ੍ਰੇਰਨਾ ਦਿੱਤੀ:-

**ਕਾਰ ਸਵਾਰੀਂ ਆਪਣਾ, ਗੁਰਾਂ ਨੂੰ ਮਿਲਕੇ, ਗੁਰਾਂ ਨੂੰ ਮਿਲਕੇ।**
**ਜਨਮ ਸਵਾਰੀਂ ਆਪਣਾ,**
**ਸਤਿਗੁਰੂ ਨੂੰ ਮਿਲਕੇ, ਸਤਿਗੁਰੂ ਨੂੰ ਮਿਲਕੇ।**

ਸਤਿਗੁਰੂ ਨੂੰ ਮਿਲਕੇ, ਸਤਿਗੁਰੂ ਨੂੰ ਮਿਲਕੇ ਕਾਫ਼ੀ ਪ੍ਰਮਾਣਾਂ ਉਪਰੰਤ ਏਧਰ ਸਤਿਗੁਰੂ ਨੂੰ ਮਿਲਣ ਦੀ ਪ੍ਰੇਰਨਾ ਹੋ ਰਹੀ ਸੀ, ਓਧਰ ਗੁਰੂ ਸੰਵਾਰੇ ਅੰਮ੍ਰਿਤਮਈ ਬਾਣੀ ਆਸਾ ਦੀ ਵਾਰ ਦਾ ਰਸ ਮਾਣਨ ਤੇ ਸਤਿਗੁਰਾਂ ਦੇ ਦਰਸ਼ਨਾਂ ਨਾਲ ਨੇਤਰਾਂ ਨੂੰ ਠਾਰਨ ਨਮਿੱਤ ਖੂਹਾਂ ਦੁਆਲੇ ਪ੍ਰਕਰਮਾ ਕਰਨ ਲੱਗ ਪਏ।

ਪੰਡਿਤ ਜੀ। ਪ੍ਰਮਾਣਾਂ ਨੂੰ ਸੰਕੋਚਦਿਆਂ ਹੋਕਾ ਦਿੱਤਾ ਹੈ, ਕੋਈ ਗੁਰੂ ਨਾਨਕ ਦੀ ਹੱਟੀ ਦੇ ਸੌਦੇ ਦਾ ਗਾਹਕ? ਸਤਿਗੁਰੂ ਦੀ ਕਿਰਪਾ ਨਾਲ ਸਾਧ ਸੰਗਤ ਪੰਡਿਤ ਜੀ ਤੋਂ ਜਾਨ ਵਾਰਨ ਵਾਸਤੇ ਤਿਆਰ ਹੋਈ ਬੈਠੀ ਸੀ, ਸਾਰਾ ਦੀਵਾਨ ਈ ਉਲਟ ਪਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਪੰਡਿਤ ਜੀ ਦੀ ਰਸਨਾ ਤੇ ਬੋਲ ਰਹੇ ਸਨ। ਪੰਡਿਤ ਜੀ ਕਿਹਾ ਪਹਿਲਾਂ ਉਹ ਆਉਣ ਜਿਹੜੇ ਸ਼ਰਾਬਾਂ ਦੀ ਵਰਤੋਂ ਕਰਦੇ ਹਨ, ਜਿਹੜੇ ਅਭਖ ਖਾਜ ਮਾਸ ਨੂੰ ਖਾਂਦੇ ਹਨ। ਉਹ ਪ੍ਰਣ

Sri Satguru Jagjit Singh Ji eLibrary NamdhariElibrary@gmail.com

ਕਰਨ, ਨਹੀਂ ਖਾਵਾਂਗੇ, ਸ਼ਰਾਬ ਨਹੀਂ ਪੀਵਾਂਗੇ, ਪਰਾਈ ਧੀ ਭੈਣ ਆਪਣੀ ਹੋ ਭੈਣ ਜਾਣਾਂਗੇ। ਉਨ੍ਹਾਂ ਨੂੰ ਦਰਗਾਹ ਦੀਆਂ ਟਿਕਟਾਂ ਮਿਲਣਗੀਆਂ। ਅਜੇਹਿਆਂ ਕੁਕਰਮੀਆਂ ਦੀ ਗਿਣਤੀ ਕੀਤੀ ਗਈ ਜਿਹੜੀ ਪੂਰੀ 435 ਸੀ। ਸਭ ਦੇ ਕੰਨ ਵਿਚ ਫੂਕ ਮਾਰੀ ਗਈ। ਭਜਨ ਦਿੱਤਾ ਗਿਆ। ਸਭ ਪਾਸਿਆਂ ਤੋਂ ਜੈ ਜੈ ਕਾਰ ਹੋ ਰਹੀ ਸੀ, ਤੇ ਵਾਯੂ ਮੰਡਲ ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਹਰੀ ਸਿੰਘ ਤੇ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਗੂੰਜ ਰਿਹਾ ਸੀ।

**ਭਗੌਤਾ ਸਿੰਘ**
ਸੇਵਕ ਪੰਡਿਤ ਜੀ

Sri Satguru Jagjit Singh Ji eLibrary NamdhariElibrary@gmail.com

## ਸਤਿਗੁਰ ਸੁਨੇਹਾ

ਜਥੇਦਾਰ ਨਾਹਰ ਸਿੰਘ ਆਪਣੇ ਜਥੇ ਸਮੇਤ ਟਾਪਲੀ ਸਾਹਿਬ ਦੇ ਗੁਰਦੁਆਰੇ ਦਾ ਦਰਸ਼ਨ ਮੇਲਾ ਕਰਕੇ ਆ ਰਹੇ ਸਨ। ਉਨ੍ਹਾਂ ਨੂੰ ਲੰਘਦਿਆਂ ਲੰਘਦਿਆਂ ਖ਼ਿਆਲ ਆਇਆ ਕਿ ਜਾਜਿਓਂ ਜ਼ਿਲ੍ਹਾ ਹੁਸ਼ਿਆਰਪੁਰ ਹੁੰਦੇ ਚਲੀਏ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਸ ਕਰਦੇ ਫਿਰ ਦੂਜੇ ਪਿੰਡੀਂ ਜਾਈਏ। ਕਰਤਾਰ ਸਿੰਘ, ਨਿਰੰਜਨ ਸਿੰਘ, ਕਿਹਰ ਸਿੰਘ, ਅਵਤਾਰ ਸਿੰਘ ਦਰਜੀ, ਰੰਗਾ ਸਿੰਘ, ਜਗਨ ਢੋਲਕੀਆ, ਗਿਆਨੀ ਮਾਲਕ ਸਿੰਘ ਵਾਜਾ ਮਾਸਟਰ ਤੇ ਖਜ਼ਾਨ ਸਿੰਘ ਲਾਂਗਰੀ ਭਜਨ ਕਰਦੇ ਲੰਘ ਰਹੇ ਸਨ ਕਿ ਇਕ ਬਿਰਧ ਤੇ ਨਜ਼ਰ ਪਈ ਉਸ ਨੂੰ ਪੁੱਛਿਆ 'ਬਾਬਾ ਜਾਜਾ ਕਿਹੜੇ ਪਾਸੇ ਏ?' ਉਸ ਨੇ ਜਦ ਇਹ ਸਾਧੂ ਟੋਲਾ ਵੇਖਿਆ ਤੇ ਆਖਿਆ–'ਮਹਾਂ ਪੁਰਸ਼ੋ! ਇਧਰ ਕੀ ਲੈਣ ਜਾਣਾ ਏ? ਕਿਸੇ ਹੋਰ ਨਗਰ ਦਾ ਰਾਹ ਫੜੋ ਜੇਹੜੇ ਸਾਧੂ ਜਾਜੇ ਜਾਂਦੇ ਹਨ ਇਹ ਲੋਕ ਉਨ੍ਹਾਂ ਦੀ ਬੇ-ਇੱਜ਼ਤੀ ਕਰਦੇ ਨੇ ਰੰਗੂ ਬਦਮਾਸ਼ ਸਾਧਾਂ ਫ਼ਕੀਰਾਂ ਤੋਂ ਸਖਤ ਨਫ਼ਰਤ ਕਰਦਾ ਏ। ਲੋਕ ਬੜੇ ਉਲਟੀ ਮਤ ਵਾਲੇ ਨੇ। ਸਾਰੇ ਸਰੀਰ ਉਨ੍ਹਾਂ ਦੀ ਇਹ ਗੱਲ ਸੁਣ ਪੈਰਾਂ ਤੇ ਰੁਕ ਗਏ। ਜਥੇਦਾਰ ਪੁੱਛਿਆ ਕਾਰਨ ਕੀ ਏ, ਤਾਂ ਬਿਰਧ ਰਲਾ ਸਿੰਘ ਨੇ ਉੱਤਰ ਦਿੱਤਾ-'ਇਸ ਨਗਰ ਇਕ ਭਰਵੇਂ ਕੱਪੜਿਆਂ ਵਾਲਾ ਸਾਧੂ ਆਇਆ। ਲੋਕਾਂ ਨੇ ਬੜੀ ਸੇਵਾ ਕੀਤੀ। ਮਗਰ ਉਹ ਸਾਧ ਦੇ ਭੇਸ ਵਿਚ ਬਦਮਾਸ਼ ਸੀ। ਓਸ ਇਕ ਇਸਤਰੀ ਦਾ ਸੱਤ ਭੰਗ ਕਰ ਦਿੱਤਾ। ਨਤੀਜਾ ਇਹ ਨਿਕਲਿਆ ਕਿ ਉਹ ਜਾਨ ਬਚਾ ਕੇ ਰਾਤੋ ਰਾਤ ਖਿਸਕ ਗਿਆ। ਓਦਣ ਤੋਂ ਪਿੰਡ ਵਾਸੀ ਸਾਧਾਂ ਨੂੰ ਵੜਨ ਨਹੀਂ ਦੇਂਦੇ ਤੇ ਜੇ ਕੋਈ ਭੁੱਲ ਭੁਲੇਖੇ ਚਲਾ ਜਾਏ ਤਾਂ ਵਿਚਾਰੇ ਦੀ ਬੜੀ ਦੁਰਗਤ ਕਰਦੇ ਨੇ। ਚੰਗਾ ਹੋਵੇ ਜੇ ਤੁਸੀਂ ਇਸ ਪਾਸੇ ਧਿਆਨ ਨਾ ਕਰੋ।' ਸੰਤਾਂ ਕਿਹਾ, 'ਸਾਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਪਿੰਡ ਦਾ ਹੁਕਮ ਲਾ ਰਹੇ ਹਨ। ਅਸੀਂ ਜ਼ਰੂਰ ਜਾਵਾਂਗੇ। ਅੱਗੋਂ ਜੋ ਉਹਨਾਂ ਨੂੰ ਭਾਵੇ।' ਰਲਾ ਸਿੰਘ ਘਾਹ ਖੋਤਣ ਲੱਗ ਪਿਆ ਤੇ ਸਿੰਘ ਜਾਜੇ ਨੂੰ ਟੁਰ ਪਏ।

ਜਥਾ ਜਾਜੇ ਪੁੱਜਾ ਤੇ ਮੁੰਡੇ ਕੁੜੀਆਂ ਲੱਗੇ ਉਂਗਲਾਂ ਕਰਨ। ਇਹਨਾਂ ਦੇ ਪਿੰਡ ਦੀ ਧਰਮਸਾਲਾ ਪੁੱਜਣ ਤਕ ਚੰਗਾ ਜਲੂਸ ਬਣ ਗਿਆ। ਧਰਮਸਾਲਾ ਦੇ ਬਾਹਰ ਹੀ ਥੜਾ ਸੀ। ਸਿੰਘ ਅੰਦਰ ਗਏ। ਗ੍ਰੰਥ ਸਾਹਿਬ ਨੂੰ ਵੇਖਿਆ। ਗੋਡੇ ਗੋਡੇ ਮਿੱਟੀ ਘਟਾ। ਪੀੜ੍ਹੇ ਸਾਹਿਬ ਨੂੰ ਜਾਲੇ। ਇਧਰ ਓਧਰ ਚੂਹਿਆਂ ਦੀਆਂ ਮੇਂਗਣਾਂ। ਕਮਰਾ ਬਦਬੂ ਮਾਰੇ। ਸਿੰਘਾਂ ਰਲ ਕੇ ਜਾਲੇ ਲਾਹੇ, ਰੁਮਾਲੇ ਝਾੜੇ। ਪੀੜ੍ਹੇ ਨੂੰ ਸਾਫ਼ ਕੀਤਾ। ਕਮਰਾ ਝਾੜਿਆ ਪੂੰਝਿਆ। ਬਾਹਰ ਥੜੇ ਤੇ ਝਾੜੂ ਦਿੱਤਾ। ਅੰਦਰ ਬਾਹਰ ਪਾਣੀ ਛਿੜਕਿਆ ਤੇ ਆਪਣੀਆਂ ਚਾਦਰਾਂ ਵਿਛਾ ਢੋਲਕੀ ਖੋਲ੍ਹ ਲਈ।

Sri Satguru Jagjit Singh Ji eLibrary NamdhariElibrary@gmail.com

ਅੱਗੇ ਇਸ ਥਾਂ ਤੇ ਰਾਸਾਂ ਪੈਂਦੀਆਂ ਸਨ। ਨਾਚੇ ਆਉਂਦੇ ਸਨ। ਨਾਚੀਆਂ ਨੱਚਦੀਆਂ ਤੇ ਪੈਸੇ ਬਟੋਰਦੇ ਸਨ। ਅੱਜ ਚਿੱਟੇ ਦਿਨ ਢੋਲਕ ਛੈਣਿਆਂ ਦੀ ਗੂੰਜ ਸੁਣ ਨਰ ਨਾਰੀ ਇਕੱਠੇ ਹੋਣੇ ਸ਼ੁਰੂ ਹੋ ਗਏ। ਜਥੇਦਾਰ ਜਾਣਿਆਂ ਇਹ ਪਿੰਡ ਸਹਿਜ ਧਾਰੀਆਂ ਦਾ ਹੈ। ਸੰਤਾਂ ਧਾਰਨ ਲਈ, 'ਕਈ ਬੇਨ ਵਜਾਈਉਂ, ਵੇ, ਭੁੱਲ ਗਇਆ ਦੁਧ ਦਹੀਂ।' ਪਿੰਡ ਦੇ ਮੁਖੀਆਂ ਵਿੱਚੋਂ ਭਗਤ ਸਿੰਘ, ਸਿੰਘਾਂ ਬਾਰੇ ਪੁਣ-ਛਾਣ ਕਰਨ ਆਇਆ। ਸਤਿਗੁਰਾਂ ਦੀ ਕਿਰਪਾ ਨਾਲ ਵੇਖਦਿਆਂ ਰੰਗ ਚੜ੍ਹ ਗਿਆ। ਲੱਗਾ ਨਮਸਕਾਰਾਂ ਕਰਨ। ਉਸ ਦੀ ਇਹ ਦਸ਼ਾ ਵੇਖ ਕੁਝ ਮੁੰਡੀਰ ਹਸ ਪਈ, ਪਰ ਸੰਤਾਂ ਦੀ ਰਸਨਾ ਤੇ ਉਸ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਾਸਾ ਸੀ, ਜੋ ਮੂੰਹ 'ਚੋਂ ਬਚਨ ਨਿਕਲਦਾ ਸੀ ਸੀਨੇ ਜਾ ਕੇ ਵੱਜਦਾ ਸੀ ਤੇ ਵਿੰਨਦਾ ਜਾਂਦਾ ਸੀ। ਸੰਤਾਂ ਨੇ ਮੁੰਡਿਆਂ ਨੂੰ ਹਸਦਿਆਂ ਤਕ ਧਾਰਨ ਬਦਲ ਲਈ ਤੇ ਕੰਨਾਂ ਤੇ ਹੱਥ ਰੱਖ ਉੱਚੀ ਬਾਂਹ ਕੱਢ ਇਹ ਪੜ੍ਹਿਆ:-

**ਦੁਖੀ ਵੇਖ ਗ਼ਰੀਬ ਨੂੰ ਹੱਸੀਏ ਨਾ**
**ਉਹ ਪਾਸ ਪਿਆਰੇ ਦੇ ਰੋ ਦੇਗਾ।**
**ਜਬ ਸੁਨੇਗਾ ਮਾਲਕ ਫਰਿਯਾਦ ਉਸਕੀ**
**ਉਸੇ ਜੜ ਸੇ ਵੋਹ ਖੋ ਦੇਗਾ।**

ਵਾਜੰਤਰੀ ਨੇ ਤਾਨ ਉਡਾਈ ਤੇ ਢੋਲਕੀਏ ਨੇ ਧੱਪਾ ਮਾਰਿਆ ਤਾਂ ਸਰੋਤਿਆਂ ਦੇ ਨੇਤਰ ਸਜਲ ਹੋ ਗਏ।

ਇਤਨੇ ਨੂੰ ਰੀਗੂ ਬਦਮਾਸ਼ ਵੀ ਲੰਮੀ ਡਾਂਗ ਫੜੀ ਆ ਗਿਆ, ਮੁਲਖੀਏ ਜਾਣਿਆਂ ਹੁਣ ਖ਼ੈਰ ਨਹੀਂ, ਪਰ ਜਦ ਸਤਿਗੁਰੂ ਆਪ ਸਹਾਈ ਹੋਣ ਤਾਂ ਡਾਂਗਾਂ ਸੋਟੇ ਕੀ ਕਰਦੇ ਹਨ। ਰੀਗੂ ਦਾ ਦਿਲ ਵੀ ਦ੍ਰਵ ਗਿਆ, ਉਸ ਇਕ ਰੁਪਈਆ ਕੱਢਿਆ ਤੇ ਗਵਈਆਂ ਵਾਂਗੂ ਵੇਲ ਕਰਨ ਲਈ ਜਥੇਦਾਰ ਨੂੰ ਦਿੱਤਾ। ਪਰ ਇੱਥੇ ਸ਼ਬਦਾਂ ਦਾ ਮੁੱਲ ਸਿਰ ਹੋਵੇ, ਓਥੇ ਰੁਪਏ ਦੀ ਕੀ ਵਟਕ? ਸੰਤਾਂ ਨੋਟ ਫੜਿਆ ਤੇ ਟੁਕੜੇ ਟੁਕੜੇ ਕਰ ਫੂਕ ਮਾਰੀ ਤੇ ਪੌਣ ਵਿਚ ਉਡਾ ਦਿੱਤਾ। ਸਰੋਤੇ ਜਨ ਤਾਂ ਹੁਣ ਹੈਰਾਨਗੀ ਤੇ ਸੱਤਵੇਂ ਤਬਕ ਤੇ ਪੁੱਜ ਗਏ। ਇਤਨੇ ਨੂੰ ਇੱਕ ਸਿੰਘ ਮਸਤਾਨਾ ਹੋ ਗਿਆ, ਸਿੱਖ ਦੇ ਮਸਤਾਨਾ ਹੋਣ ਦੀ ਦੇਰ ਸੀ, ਇੱਕ ਮੁਸਲਮਾਨ ਵੀ ਨੱਚਣ ਲੱਗ ਪਿਆ ਤੇ 'ਅੱਲਾ ਹੂ! ਅੱਲਾ ਹੂ!! ਅੱਲਾ ਹੂ!!! ਨੇ ਮੁਸਲਮ ਭਰਾਵਾਂ ਦੇ ਦਿਲਾਂ ਵਿਚ ਚਿਰਾਗ਼ ਰੌਸ਼ਨ ਕਰ ਦਿੱਤੇ। ਹੁਣ ਸੰਤਾਂ ਦੇ ਮੂੰਹੋਂ ਸਤਿਗੁਰਾਂ ਇਹ ਸ਼ਬਦ ਕਢਵਾਏ ਜਿਸ ਨੇ ਨਰ ਨਾਰੀਆਂ ਤੋਂ ਵੱਧ ਪਸ਼ੂ ਪੰਛੀਆਂ ਨੂੰ ਵੀ ਹੁਲਾਰੇ ਅੰਦਰ ਲੈ ਆਂਦਾ।

**ਦਿਲ ਆਸ਼ਕਾਂ ਦਾ ਅਕਲੇ ਆਈਨਾ ਹੁੰਦਾ ਏ।**
**ਟੁਟ ਜਾਨ ਵਾਲੀ ਚੀਜ਼ ਦਾ ਕੀ ਜੀਨਾਂ ਹੁੰਦਾ ਏ।**
**ਜਿਨ੍ਹਾਂ ਪੀਤੇ ਪ੍ਰੇਮ ਪਿਆਲੇ ਉਹ ਸ਼ਰਾ-ਸ਼ਰਾਬੋਂ ਦੂਰ ਹੂਏ**
**ਉਹਨਾਂ ਛੁਰੀ ਚਲਾਣੀ ਕਿਸ ਉਤੇ**
**ਆਪ ਜੋ ਚਕਨਾ ਚੂਰ ਹੂਏ**

Sri Satguru Jagjit Singh Ji eLibrary NamdhariElibrary@gmail.com

**ਗੋਸ਼ਤ ਗੋਸ਼ ਨਸ਼ੀਨੀ ਕਰ ਸਬਰ ਸ਼ੁਕਰ ਭਰਪੂਰ ਹੂਏ**
**ਡਰੇ ਨਾ ਛਾਲ ਚਿਖਾ ਵਿਚ ਮਾਰੀ**
**ਬੁਝ ਗਈ ਅੱਗ ਅੰਗਾਰ ਹੂਏ।**
**ਨ ਆਪ ਰਹੇ ਨਾ ਖਾਕ ਰਹੀ**
**ਮਿਲ ਨੂਰ ਸੇ ਨੂਰੋ ਨੂਰ ਹੂਏ।**

ਹੁਣ ਤਾਂ ਮਸਤੀ ਦਾ ਹੜ੍ਹ ਕੰਢਿਆਂ ਤੋਂ ਬਾਹਰ ਆ ਗਿਆ। ਮਰਦਾ ਇਸਤਰੀਆਂ, ਮੁੰਡੇ ਕੁੜੀਆਂ ਦੇ ਸਿਰ ਹਿੱਲਣ ਲੱਗ ਪਏ। ਤੇ ਸਭ ਦੇ ਮੂੰਹੋਂ ਨਿਕਲ ਰਿਹਾ ਸੀ:-

**ਨ ਆਪ ਰਹੇ ਨ ਖਾਕ ਰਹੀ**
**ਮਿਲ ਨੂਰ ਸੇ ਨੂਰੋ ਨੂਰ ਹੂਏ।**

ਡਾ: ਸਿਰੀ ਰਾਮ ਨੇ ਕਿਹਾ 'ਸੰਤ ਜੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ਼ ਜਾਣ ਦਾ ਪ੍ਰਸੰਗ ਸੁਣਾਓ।' ਜਥੇਦਾਰ ਹੁਰਾਂ ਸੁਰ ਚੁੱਕੀ "ਚੁੱਪ ਕਰਕੇ ਗੱਡੇ ਉੱਤੇ ਬਹਿ ਗਿਆ, ਜਾਂਦਾ ਕੁਝ ਕਹਿ ਨਾ ਗਿਆ, ਹਾਏ! ਵਿਛੋੜਾ ਸਾਨੂੰ ਪੈ ਗਿਆ।' ਜਥੇ ਵਾਲਿਆਂ ਵੈਰਾਗੀ ਦਸ਼ਾ ਵਿਚ ਅਲਾਪ ਕੀਤਾ। ਸਰੋਤੇ ਜਿਨ੍ਹਾਂ ਦੀਆਂ ਅੱਖਾਂ ਵਿੱਚੋਂ ਜਲ ਦੀਆਂ ਧਾਰਾਂ ਬਹਿਣ ਲੱਗ ਪਈਆਂ।

ਸੂ: ਅਰਜਨ ਸਿੰਘ ਰੀਟਾਇਰਡ ਫ਼ੌਜੀ ਸੂਬੇਦਾਰ ਨੇ ਲੰਗਰ ਵਾਸਤੇ ਅਰਜ਼ ਕੀਤੀ। ਸੰਤਾਂ ਕਿਹਾ ਮਾਸ ਸ਼ਰਾਬ ਛੱਡੋ ਫਿਰ ਲੰਗਰ ਕਰਾਂਗੇ। ਅਰਜਨ ਸਿੰਘ ਮਾਸ ਸ਼ਰਾਬ ਛੱਡਣ ਤਾਂ ਨਾ ਮੰਨੇ, ਮਗਰ ਲੰਗਰ ਵਾਸਤੇ ਜ਼ੋਰ ਦੇਵੇ। ਸੰਤ ਪਰਵਾਨ ਨਾ ਕਰਨ। ਇਹ ਰਗੜਾ ਚੱਲਦਾ ਰਿਹਾ। ਪੇਂਡੂ ਹੈਰਾਨ ਸਨ ਇਹ ਕਿਸ ਦੇਸ਼ ਦੇ ਵਾਸੀ ਹਨ, ਲੰਗਰ ਪਰਵਾਨ ਨਹੀਂ ਕਰਦੇ। ਰਾਤ ਦੇ 11 ਵਜੇ ਗਏ। ਫ਼ੈਸਲਾ ਹੋਇਆ ਜੇ ਸਾਡਾ ਗੁਰੂ ਕਾਮਲ ਹੋਇਆ ਤਾਂ ਤੁਹਾਥੋਂ ਮਾਸ ਸ਼ਰਾਬ ਛੁਡਾ ਦੇਵੇਗਾ। ਸਭ ਬ੍ਰਾਜ ਗਏ ਤੇ ਸੰਤਾਂ ਦੇ ਸਾਥੀਆਂ ਅੰਮ੍ਰਿਤ ਵੇਲੇ ਇਸ਼ਨਾਨ ਪਾਨ ਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬਿਰਤੀਆਂ ਜੋੜ ਲਈਆਂ। ਓਧਰ ਸ਼ਹੀਦ ਸਿੰਘ ਅਰਜਨ ਸਿੰਘ ਦੇ ਦੁਆਲੇ ਜਾ ਹੋਏ। ਉਹ ਇਤਨਾ ਭੈ ਭੀਤ ਹੋਇਆ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਉਸ ਹਾਜ਼ਰ ਹੋ ਢਾਹ ਮਾਰੀ ਤੇ ਭਜਨ ਪੁੱਛਣ ਲਈ ਬੇਨਤੀ ਕੀਤੀ। ਅਰਜਨ ਸਿੰਘ ਦੇ ਭਜਨ ਪੁੱਛਣ ਨਾਲ ਅਨੇਕਾਂ ਨਰ ਨਾਰੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਜਹਾਜ਼ ਤੇ ਸਵਾਰ ਹੋਏ।

ਲਾਂਗਰੀ ਸਿੰਘਾਂ ਲੰਗਰ ਤਿਆਰ ਕੀਤਾ। ਜਥੇਦਾਰ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹ ਕੇ ਅਰਜਨ ਸਿੰਘ ਦੇ ਘਰ ਗਏ। ਇਸ ਨਜ਼ਾਰੇ ਨੂੰ ਵੇਖਣ ਲਈ ਮਾਈਆਂ ਬੀਬੀਆਂ ਕੋਠਿਆਂ ਤੇ ਚੜ੍ਹ ਖਲੋਤੀਆਂ। ਸੰਤਾਂ ਲੰਗਰ ਛੱਕਿਆ। ਤੇ ਮੁੜਨ ਲੱਗੇ ਪਰ ਰੀਗੂ ਡਾਂਗ ਫੜ੍ਹ ਰਾਹ ਰੋਕ ਖਲੋ ਗਿਆ ਕਿ ਸੰਤ ਜੀ ਸ਼ਬਦ ਪੜ੍ਹਦੇ ਚਲੋ ਨਹੀਂ ਤਾਂ ਇਹ ਡਾਂਗ ਲੱਤਾਂ ਤੋੜ ਦੂ। ਸੰਤਾਂ ਰੰਗ ਵਿਚ ਹੋ ਕਿਹਾ ਰੀਗੂ ਡਾਂਗ ਚੁੱਲ੍ਹੇ ਵਿਚ ਰੱਖ ਦੇ ਨਹੀਂ ਤਾਂ... ਪਤਾ ਨਹੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰੀਗੂ ਨੂੰ ਕੀ ਨਜ਼ਾਰਾ ਵਿਖਾਇਆ ਕਿ ਸੰਤਾਂ ਦੇ ਕਹਿਣ ਦੀ ਦੇਰ ਸੀ ਕਿ

Sri Satguru Jagjit Singh Ji eLibrary NamdhariElibrary@gmail.com

ਓਸ ਡਾਂਗ ਚੁੱਲ੍ਹੇ ਵਿਚ ਸੁੱਟ ਦਿੱਤੀ ਤੇ ਭਜਨ ਵਾਸਤੇ ਸੰਤਾਂ ਦੇ ਕੋਲ ਚਲਿਆ ਗਿਆ। ਸੰਤਾਂ ਉਸ ਤੇ ਬਖਸ਼ਸ਼ ਕੀਤੀ। ਉਹ ਭੀ ਨਾਮ ਦੇ ਜਹਾਜ਼ ਤੇ ਸਵਾਰ ਹੋਇਆ।

ਓਸੇ ਨਗਰ ਸੇਠ ਮੁਨਸ਼ੀ ਰਾਮ ਬੜਾ ਧਨਾਢ ਸੀ। ਮਾਇਆ ਵਿਚ ਖੇਡੇ। ਲੋਕਾਂ ਦੇ ਬਾਂਸ ਦੇ ਹੁੱਕੇ ਹੁੰਦੇ ਸਨ ਉਸਦਾ ਚਾਂਦੀ ਦਾ ਹੁੱਕਾ ਸੀ। ਉਸ ਵਿਅੰਗਮਈ ਢੰਗ ਨਾਲ ਕਿਹਾ ਸੰਤ ਜੀ ਮੇਰੇ ਘਰ ਭੀ ਲੰਗਰ ਕਰੋ। ਸੰਤਾਂ ਕਿਹਾ ਵਾਹ ਭਾਈ। ਮੁਨਸ਼ੀ ਰਾਮ! ਸਤਿਗੁਰੂ ਰਾਮ ਸਿੰਘ ਤਾਂ ਕਲਿਜੁਗ ਵਿਚ ਸਤਿਜੁਗ ਲਾਣਾ ਏ। ਤੇ ਕਲਿਜੁਗ ਦੀ ਨਿਸ਼ਾਨੀ ਏ ਝੂਠ, ਜੂਠ ਤੇ ਤੰਬਾਕੂ। ਤੰਬਾਕੂ ਪੀਣ ਵਾਲਾ ਤਾਂ ਸ਼ਾਸਤਰਾਂ ਵਿਚ ਲਿਖਿਆ ਏ ਪਿੰਡ ਦਾ ਸੂਰ ਬਣਦਾ ਏ। ਸਤਿਗੁਰੂ ਰਾਮ ਸਿੰਘ ਜੀ ਜਦ ਨਾਮ ਬਾਣੀ ਦਾ ਪ੍ਰਵਾਹ ਚਲਾਇਆ ਤਾਂ ਹੁੱਕੀਆਂ ਤੇ ਹੁੱਕੇ ਭੰਨ ਫੂਕ ਦਿੱਤੇ। ਗਿਆਨੀ ਗਿਆਨ ਸਿੰਘ ਜੀ ਕਥਨ ਕਰਦੇ ਹਨ:-

**ਹੁਕੇ ਛੁਡਵਾਏ ਰਖਵਾਏ ਕੇਸ ਮੋਨਿਯੋਂ ਕੇ**
**ਸੁਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ।**
**ਫੈਲਿਓ ਜਸ ਭਾਰੀ ਸਿਖ ਥੀਏ ਤਾਹਿਕੇ ਅਪਾਰੀ**
**ਸਿਖ ਪੰਥ ਬਿਰਧਾਨੋ ਨਾਮ ਰਸ ਪਾਗਿਓ।**
**ਫੀਸ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ**
**ਠਗੀ ਤਜ ਥੀਏ ਸੰਤ ਸਤਿਜੁਗ ਆ ਗਿਓ।**

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾ ਤੰਬਾਕੂ ਵਾਲੇ ਖੇਤ ਵਿੱਚੋਂ ਨਹੀਂ ਲੰਘਿਆ ਸੀ, ਤੁਸੀਂ ਹੁੱਕਾ ਪੀਂਦਿਆਂ ਲੰਗਰ ਵਾਸਤੇ ਕਹਿ ਰਹੇ ਹੋ। ਇਹ ਕਦੇ ਨਹੀਂ ਹੋ ਸਕਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਸ ਤੇ ਮਿਹਰ ਹੋਈ। ਮੁਨਸ਼ੀ ਰਾਮ ਉਸੇ ਵੇਲੇ ਹੁੱਕਾ ਭੰਨ ਦਿੱਤਾ। ਇਸ਼ਨਾਨ ਕਰ ਭਜਨ ਪੁੱਛਿਆ। ਸੰਤਾਂ ਲੰਗਰ ਪ੍ਰਵਾਨ ਕਰ ਲਿਆ। ਜਥਾ ਦੋ ਦਿਨ ਓਥੇ ਰਿਹਾ ਰੰਗ ਲੱਗਾ ਰਿਹਾ। ਜਦ ਸੰਤ ਟੁਰਨ ਲੱਗੇ ਤਾਂ ਪਿੰਡ ਵਾਲਿਆਂ ਅਰਜ਼ ਕੀਤੀ, 'ਮਹਾਰਾਜ! ਸ਼ਬਦ ਪੜ੍ਹਦੇ ਜਾਓ।' ਸੰਤਾਂ ਢੋਲਕੀਏ ਨੂੰ ਢੋਲਕੀ ਵਜਾਉਣ ਦਾ ਹੁਕਮ ਦਿੱਤਾ। ਢੋਲਕੀ ਵਜਣੀ ਅਰੰਭ ਹੋਈ, ਛੈਣਿਆਂ ਨੇ ਘੁਮਕਾਰ ਪਾਈ। ਸੰਤਾਂ ਨੇ ਸ਼ਬਦ ਪੜ੍ਹਿਆ:-

**ਨਦੀਆਂ ਦੇ ਵਹਿਣ ਵਿਛੁੜੇ, ਮੇਲੇ ਹੋਣਗੇ ਸੰਜੋਗੀ ਰਾਮ।**

'ਮੇਲੇ ਹੋਣਗੇ ਸੰਜੋਗੀ ਰਾਮ' ਨੇ ਸਾਰਾ ਵਾਤਾਵਰਣ ਈ ਵੈਰਾਗੀ ਕਰ ਦਿੱਤਾ। ਅਰਜਨ ਸਿੰਘ, ਮੁਨਸ਼ੀ ਰਾਮ, ਭਗਤ ਸਿਂਘ ਤੇ ਰੀਗੂ ਹੱਥ ਜੋੜ ਬੇਨਤੀ ਕਰਨ 'ਸੰਤ ਜੀ! ਤੁਸਾਂ ਮੋਇਆਂ ਨੂੰ ਜਿਵਾਇਆ ਏ। ਤੁਸਾਂ ਸਾਨੂੰ ਨਰਕੋਂ ਕੱਢਿਆ ਏ। ਭੁਲਿਓ ਨਾ! ਸ਼ਬਦੇ ਕਿਰਪਾ ਕਰਿਓ ਤੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਰੱਖਣੀ ਕਿ ਉਹ ਵੀ ਮਿਹਰਾਂ ਕਰਨ।'

**ਜਥੇਦਾਰ ਨਾਹਰ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਇੰਦਰ ਮੋਹਣੀਆਂ

ਕਦੇ ਖ਼ਾਲੀ ਕਾਰਤੂਸ ਨਹੀਂ ਚਲਦੇ। ਗੋਲੀ ਭਰਪੂਰ ਹੋਵੇ ਨਿਸ਼ਾਨਚੀ ਪੱਕਾ ਹੋਵੇ; ਫੇਰ ਉਸਦਾ ਅਭਿਆਸ ਹੋਵੇ; ਅੱਗੇ ਨਿਸ਼ਾਨਾ ਵੀ ਠੀਕ ਹੋਵੇ ਫੇਰ ਵਾਰ ਖ਼ਾਲੀ ਨਹੀਂ ਜਾਂਦਾ। ਇਸੇ ਤਰ੍ਹਾਂ ਜੇ ਉਸਤਾਦ ਹੋਵੇ, ਕਥਿਤ ਹੋਵੇ, ਫ਼ਿਲਾਸਫ਼ਰ ਹੋਵੇ ਪਰ ਜੋ ਉਸਦਾ ਆਪਣਾ ਆਚਰਨ ਨਾ ਹੋਵੇ ਤਾਂ ਗੱਲ ਸਿਰੇ ਚੜ੍ਹਦੀ ਨਹੀਂ। ਸੰਤ ਅਤਰ ਸਿੰਘ ਉਨ੍ਹਾਂ ਉਸਤਾਦਾਂ, ਉਨ੍ਹਾਂ ਪ੍ਰਚਾਰਕਾਂ, ਉਨ੍ਹਾਂ ਫ਼ਿਲਾਸਫ਼ਰਾਂ ਵਿੱਚੋਂ ਇਕ ਸਨ। ਅਤਰ ਨਾਉਂ ਰਖਾ ਕੇ ਕੇਵਲ ਆਪ ਹੀ ਅਤਰ ਨਹੀਂ ਸਨ, ਸਗੋਂ ਜਿੱਥੇ ਖਲੋ ਜਾਂਦੇ ਸਨ, ਅਤਰ ਦੀਆਂ ਬੋਤਲਾਂ ਖੋਲ ਦਿੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਤਨੀ ਕ੍ਰਿਪਾ ਦ੍ਰਿਸ਼ਟੀ ਸੀ, ਕਿ ਸੰਤ ਜਿਧਰੋਂ ਲੰਘ ਜਾਂਦੇ ਸਨ, ਉਸ ਗਲੀ, ਬਾਜ਼ਾਰ, ਗਰਾਂ, ਸ਼ਹਿਰ ਸਭ ਨੂੰ ਅਤਰ ਹੀ ਅਤਰ ਵਰਤਾਈ ਜਾਂਦੇ ਸਨ। ਦੂਜਾ ਸੰਤਾਂ ਵਿਚ ਇਹ ਵਾਧਾ ਸੀ ਕਿ ਆਤਮਕ ਮੰਡਲਾਂ ਦੇ ਅਤਰ ਤੇ ਭੰਡਾਰੇ ਭਰਨ ਨਮਿਤ ਰਾਤ ਢਲਦਿਆਂ ਹੀ ਇਸ਼ਨਾਨ ਪਾਠ ਕਰ, ਵੱਖਰੀ ਥਾਂ ਲੱਭਕੇ ਝੁੰਬਲ ਮਾਰ ਘੰਟਿਆਂ ਬਧੀ ਬੂੰਦ ਬੂੰਦ ਇਕੱਠਾ ਕਰ ਅਤਰ ਦੇ ਮਟਕਿਆਂ ਦੇ ਮਟਕੇ ਭਰ ਲੈਂਦੇ ਸਨ। ਪਰ ਜਦ ਵਰਤਾਉਣ ਲੱਗਦੇ ਸਨ ਤਾਂ ਗਾਗਰਾਂ ਦੀਆਂ ਗਾਗਰਾਂ ਉਲਟਾਈ ਚਲੇ ਜਾਂਦੇ ਸਨ।

ਬਸੰਤ ਪੰਜਮੀ ਦਾ ਪਵਿੱਤਰ ਦਿਹਾੜਾ ਸੀ। ਕੁਦਰਤ ਚੌਤਰਫੀ ਮੌਲ ਰਹੀ ਸੀ। ਵੰਨ ਸੁਵੰਨੇ ਫੁੱਲ ਗੁਟਕਦੇ ਅਰਸ਼ੀ ਪ੍ਰੀਤਮ ਦੀ ਆਮਦ ਦੇ ਸੁਨੇਹੇ ਸੁਣਾ ਰਹੇ ਸਨ। ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਜਲ ਪਾਣੀ ਛੱਕ, ਸੰਤਾਂ ਸ਼ੇਖੂਪੁਰੇ ਦੀ ਧਰਮਸਾਲ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸਾ ਸੋਧ ਦੀਵਾਨ ਅਰੰਭਿਆ। ਸੰਤ ਗੁਰਬਖਸ਼ ਸਿੰਘ ਢੋਲਕ ਤੇ ਧੱਪਾ ਮਾਰਿਆ ਤੇ ਬਲੀ ਸਿੰਘ, ਗੁਰਦਿਆਲ ਸਿੰਘ, ਗਿਆਨ ਸਿੰਘ, ਧਿਆਨ ਸਿੰਘ, ਭਗਤ ਸਿੰਘ, ਕਿਰਪਾਲ ਸਿੰਘ, ਜਗੀਰ ਸਿੰਘ ਤ੍ਰਿਗੜੀ ਤੇ ਇੰਦਰ ਸਿੰਘ ਸਮਸੇ ਨੇ ਛੈਣਿਆਂ ਨੂੰ ਸੰਭਾਲਿਆ। ਲੱਗੀਆਂ ਗੂੰਜਾਂ ਉੱਠਣ। ਬੰਦਨਾਂ ਉਪਰੰਤ ਸੰਤਾਂ ਧਾਰਨ ਲਈ:-

**'ਸਤਿਗੁਰ ਰਾਮ ਸਿੰਘ ਜਗ ਵਿਚ ਆਇਆ,**
**ਪਾਪੀਆਂ ਦੇ ਤਾਰਨੇ ਨੂੰ।'**

ਇਸ ਸ਼ਬਦ ਦੀ ਵਿਆਖਿਆ ਕਰਦਿਆਂ ਸੰਤਾਂ ਪੰਜੇ ਐਬ ਸ਼ਰਈ ਬਾਬਾ ਦਰਬਾਰਾ ਸਿੰਘ, ਜਿਹੜਾ ਪਰਲੇ ਦਰਜ਼ੇ ਦਾ ਵੈਲੀ, ਮਾਸੀ, ਅਫੀਮੀ ਤੇ ਸ਼ਰਾਬੀ ਸੀ ਤੇ ਜਿਹੜਾ ਸ਼ਰਾਬ ਦੀ ਲਾਹਣ ਤਿਆਰ ਕਰਨ ਹਿਤ ਪੰਜ ਪੰਜ ਸੌ ਚਿੜੇ,

Sri Satguru Jagjit Singh Ji eLibrary NamdhariElibrary@gmail.com

ਸੌ ਸੌ ਮੁਰਗੇ, ਪੰਜ ਪੰਜ ਬੱਕਰਿਆਂ ਦਾ ਮਾਸ ਪਾਇਆ ਕਰਦਾ, ਜਦ ਚੀਨੀ ਵਾਲੇ ਪਾਤਸ਼ਾਹ ਮਿਹਰ ਦ੍ਰਿਸ਼ਟੀ ਕੀਤੀ ਤਾਂ ਇਕ ਦਮ ਬੱਕਰਿਆਂ ਦੇ ਗਲਾਂ ਤੋਂ ਰੱਸੀਆਂ ਖੋਲ੍ਹ ਦਿੱਤੀਆਂ। ਕੁਕੜਾਂ ਦੇ ਡਾਲੇ ਤੋੜ ਦਿੱਤੇ। ਸ਼ਰਾਬ ਦੀਆਂ ਬੋਤਲਾਂ ਭੰਨ ਦਿੱਤੀਆਂ। ਲਾਹਣਾ ਡੋਲ੍ਹ ਦਿੱਤੀਆਂ ਤੇ ਇਕ ਦਮ ਦੇਵਤਾ ਬਣ ਗਿਆ ਦਾ ਪ੍ਰਸੰਗ, ਤਿਵੇਂ ਖਤਰਾਂ ਦੇ ਪ੍ਰਤਾਪ ਸਿੰਘ, ਖ਼ੁਸ਼ਹਾਲ ਸਿੰਘ ਜਿਹੜੇ ਸ਼ਬਦ ਕੀਤਰਨ ਵਾਲੀ ਥਾਂ ਜਾ ਕੇ ਲੁੱਚੇ ਲਫੰਗਿਆਂ ਨੂੰ ਨਾਲ ਲੈ ਰੰਗ ਵਿਚ ਭੰਗ ਪਾਇਆ ਕਰਦੇ ਸਨ, ਇਕ ਇਸ਼ਾਰਾ ਪਾ ਕੇ ਮਸਤ ਬਣ ਖਲੋਤਿਆਂ ਦੀਆਂ ਸਾਖੀਆਂ ਸੁਣਾਈਆਂ ਤਾਂ ਮਨੁੱਖ, ਪਸ਼ੂ, ਪੰਛੀ ਸਭ ਅਰਸ਼ਾਂ ਦੇ ਹੁਲਾਰੇ ਲੈਣ ਲੱਗ ਪਏ।

ਧਰਮਸਾਲ ਦੇ ਲਾਗੇ ਮੜ੍ਹੀਆਂ 'ਚ ਇਕ ਥੜ੍ਹੇ ਤੇ ਇਕ 7 ਫੁਟ ਲੰਮਾ, ਜਟਾਧਾਰੀ, ਤੀਹ-ਪੈਂਤੀ ਸਾਲਾਂ ਦਾ ਨਾਗਾ ਸਾਧੂ ਬੈਠਾ ਸੀ। ਕਾੜ੍ਹਨੀਆਂ ਦਾ ਦੁੱਧ ਪੀ ਪੀ ਇਤਨਾ ਮੋਟਾ ਹੋ ਚੁੱਕਿਆ ਸੀ, ਕਿ ਲਾਗੇ ਦੀ ਬੋਹੜ ਤੇ ਸਾਧੂ ਦੇ ਪੇਟ ਵਿਚ ਕੋਈ ਫ਼ਰਕ ਨਹੀਂ ਸੀ ਜਾਪਦਾ। ਸਾਹਨੇ ਵਾਂਗੂ ਧੌਣ ਅਕੜਾਈ ਬੇ-ਧਿਆਨਾ ਸ਼ਬਦ ਕੀਰਤਨ ਵੱਲੋਂ ਲਾਪਰਵਾਹੀ ਦਸ ਰਿਹਾ ਸੀ। ਸ਼ਬਦੀਆਂ ਵਿੱਚੋਂ ਇਕ ਸਿੰਘ ਉੱਠਿਆ ਤੇ ਨਾਂਗੇ ਪਾਸ ਜਾਕੇ ਹੱਥ ਜੋੜ ਕੇ ਬੇਨਤੀ ਕੀਤੀ "ਸੰਤ ਜੀ! ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਕੀਰਤਨ ਹੋ ਰਿਹਾ ਹੈ ਤੁਸੀਂ ਉੱਚੇ ਥਾਂ ਸੋਭਦੇ ਨਹੀਂ, ਹੇਠਾਂ ਆ ਜਾਓ।" ਬੱਗਾ ਸਿੰਘ ਅਜੇ ਨਾਉਂ ਦਾ ਬੱਗਾ ਸੀ, ਤੇ ਅੰਦਰੋਂ ਕਾਲਾ ਧੂਤ ਸੀ। ਨੱਕ ਚਾੜ੍ਹ ਬੋਲਿਆ:-

"ਹਮ ਨਾਨਕ ਕੋ ਨਹੀਂ ਮਾਨਤੇ, ਤੁਮ ਨਾਨਕ ਕੇ ਹੋ ਪੜ੍ਹੋ ਨਾਨਕ ਕੀ ਬਾਣੀ, ਹਮ ਲਿਵਲੀਨ ਹੈਂ, ਤੁਮਾਰਾ ਹਮ ਸੇ ਕਿਆ ਵਾਸਤਾ, ਹਮਾਰੇ ਕਾਮ ਮੇਂ ਦਖ਼ਲ ਮਤ ਦੋ।"

ਸੰਤ ਅਤਰ ਸਿੰਘ ਹੋਰਾਂ ਆਵਾਜ਼ ਦੇ ਕੇ ਸਿੱਖ ਨੂੰ ਬੁਲਾ ਲਿਆ ਤੇ ਬਚਨ ਕੀਤਾ- "ਵੇਖੋ ਸਤਿਗੁਰਾਂ ਦੇ ਰੰਗ।"

ਇਹ ਕਹਿ ਸੰਤਾਂ ਇੰਦਰ ਮੋਹਣੀਆਂ ਫੜ ਲਈਆਂ ਤੇ ਲੱਗੇ ਜਲਾਲ ਵਿਚ ਆਉਣ। ਮਸਤ ਹੋ ਲੱਗੇ ਆਲੇ ਦੁਆਲੇ ਨੂੰ ਮਸਤੀ ਵੰਡਣ। ਦੀਵਾਨ ਦੇ ਲਾਗਿਓਂ ਇਕ ਖੁੱਲਾ ਸਿੱਖ ਲੰਘ ਰਿਹਾ ਸੀ। ਉਸ ਟਿਚਕਰ ਕਰਦਿਆਂ ਕਿਹਾ- 'ਕੂਕੇ ਕੜਾਹ ਖਾ ਖਾ ਤੇ ਗਾੜ੍ਹੀਆਂ ਸਰਦਾਈਆਂ ਪੀ ਪੀ ਖੜਤਾਲਾਂ ਨੂੰ ਇੰਦਰ ਮੋਹਣੀਆਂ, ਇੰਦਰ ਮੋਹਣੀਆਂ ਆਖ ਰਹੇ ਹਨ, ਕਦੇ ਭੇਡਾਂ ਹੂਰਾਂ ਨਹੀਂ ਬਣ ਖਲੋਤੀਆਂ' ਸੰਤਾਂ ਇਹ ਬਚਨ ਸੁਣ ਲਿਆ ਤੇ ਉਸ ਨੂੰ ਬਾਹੋਂ ਫੜ ਦੀਵਾਨ ਵਿਚ ਬਿਠਾ ਲਿਆ। ਆਖਿਆ 'ਭਲਿਆ ਲੋਕਾ ਬਹਿ ਜਾ ਵੇਖ ਮੇਰੇ ਸਤਿਗੁਰ ਦੇ ਰੰਗ।' ਗੱਭਰੂ ਵੀ ਬਹਿ ਗਿਆ ਤੇ ਨਾਂਗਾ ਵੀ ਗੋਡੇ ਤੇ ਲੱਤ ਰਖ ਲੇਟ ਗਿਆ।

ਹੁਣ ਇਕ ਵਜ ਚੁੱਕਾ ਸੀ ਤੇ ਸੰਤ ਇਸ ਸਮੇਂ ਤੱਕ ਸਤਿਗੁਰੂ ਰਾਮ ਸਿੰਘ ਜੀ ਦੇ ਚੋਜ, ਗੁਰੂ ਹਰੀ ਸਿੰਘ ਜੀ ਦੀ ਤਪੱਸਿਆ, ਸਤਿਗੁਰੂ ਪ੍ਰਤਾਪ ਸਿੰਘ

Sri Satguru Jagjit Singh Ji eLibrary NamdhariElibrary@gmail.com

ਜੀ ਦੀਆਂ ਮਿਹਰਾਂ ਸੁਣਾ ਸੁਣਾ ਸਾਧ ਸੰਗਤ ਨੂੰ ਸੱਚਖੰਡ ਦੇ ਹੁਲਾਰੇ ਦਵਾ ਰਹੇ ਸਨ। ਇਸੇ ਤਰ੍ਹਾਂ ਸੈਦਖਾਂ ਦਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨੀ ਲਗਣਾਂ। ਗੁਰੂ ਰਾਮ ਸਿੰਘ ਜੀ ਦੇ ਨਿਹੰਗ ਦੇ ਵਲ ਕੱਢਣੇ ਤੇ ਅਨੇਕ ਪਾਮਰਾਂ ਨੂੰ ਦੇਵਤੇ ਬਣਾਉਣ ਦੇ ਪ੍ਰਸੰਗ ਸੁਣਾ ਸੁਣਾ ਜਨਮਾਂ ਜਨਮਾਂ ਦੀ ਮੈਲ ਮਨਾਂ ਤੋਂ ਲਾਹ ਰਹੇ ਸਨ, ਪਰ ਹੁਣ ਸੰਤਾਂ ਇੰਦਰ ਮੋਹਣੀਆਂ ਦੇ ਨਾਲ ਸਿਰ ਤੇ ਮਟਕੀ ਰਖ ਲਈ ਤੇ ਕਦੇ ਦੀਵਾਨ ਦੇ ਚੜ੍ਹਦੇ ਪਾਸੇ, ਕਦੇ ਨਾਂਗੇ ਵੱਲ ਕਦੇ ਕੰਧਾਂ ਤੇ ਛਾਲਾਂ ਮਾਰ ਚੜ੍ਹਨ, ਮੁੜ ਛੱਤਾਂ ਤੋਂ ਛਾਲਾਂ ਮਾਰਨ। ਮਗਰ ਮਟਕੀ ਸਿਰ ਤੋਂ ਹਿੱਲੇ ਨਾ, ਸਾਰੀ ਸੰਗਤ ਵੈਰਾਗੀ ਹੋਈ:-

**ਮੇਰੇ ਸਿਰ ਤੇ ਮਟਕੀ ਵੇ, ਮੈਂ ਵੇਚਾਂ ਦੁੱਧ ਦਹੀਂ।**
**ਮੇਰੇ ਸਿਰ ਤੇ ਮਟਕੀ ਵੇਂ ਲੈ ਲਓ ਦੁੱਧ ਦਹੀਂ।...**

ਗੂੰਜਾਰਾਂ ਉਠ ਰਹੀਆਂ ਸਨ ਚੰਗਾ ਰੰਗ ਬੱਝਾ। ਖਾਣਾ ਪੀਣਾ ਸਭ ਨੂੰ ਭੁਲ ਗਿਆ। ਇਤਨੇ ਨੂੰ ਪੂਰਬੋਂ ਇਕ ਬਦਲੀ ਨਿਕਲੀ ਤੇ ਮਗਰੇ ਮਗਰ ਉਸਦੀਆਂ ਸਖੀਆਂ ਸਹੇਲੀਆਂ ਆ ਝੁਰਮਟ ਪਾਇਆ। ਲੱਗੀ ਮੋਢਿਉ ਫੜ ਬਿਠਾ ਦੇਣ। ਕਣਮਣ ਅਰੰਭ ਹੋਣ ਸਮੇਂ ਮਸਤਾਨਿਆਂ ਨਾਲ ਦੀਵਾਨ ਭਰ ਗਿਆ। ਸੰਤ ਵੀ ਗੇੜੇ ਲਾਈ ਜਾਣ ਤੇ ਮਸਤਾਨੇ ਵੀ ਲੋਟਣ ਕਬੂਤਰ ਬਣਦੇ ਜਾਣ। ਇਕ ਵੇਰ ਸੰਤਾਂ ਬੱਦਲਾਂ ਵੱਲ ਕਮਲ ਮੁਖੜਾ ਕਰਕੇ ਇਤਨਾ ਉਚਾਰਿਆ:-

**ਵਰਖੋ! ਵਰਖੋ!! ਵਰਖੋ!!! ਕਿਰਪਾ ਧਾਰ ਵਰਖੋ।**

ਬਸ ਇਕ ਦਮ ਛਰਲਾਟੇ ਛੁੱਟ ਪਏ। ਵਿਰਕ ਭਲਵਾਨ ਦੀ ਬੰਦੂਕ ਔਹ ਜਾ ਪਈ। ਦਸਤਾਰ ਦਾ ਪਤਾ ਨਾ ਲੱਗੇ। ਸੰਤ ਮੌਜ ਵਿਚ ਆਏ ਤੇ ਨਾਂਗੇ ਕੋਲ ਗਏ। ਮੁਛਹਿਰਿਆਂ ਨੂੰ ਵੱਟ ਚਾੜ੍ਹ, ਨੇਤਰ ਲਾਲ ਕਰ ਨੀਜ ਲਾ ਕੇ ਅੱਖਾਂ ਵਿਚ ਅੱਖਾਂ ਪਾਈਆਂ, ਅੱਖਾਂ ਚਾਰ ਹੋਣ ਦੀ ਦੇਰ ਸੀ, ਬੱਗਾ ਸਿੰਘ ਥੜੇ ਤੋਂ ਔਹ ਜਾ ਡਿੱਗਾ। ਲੱਗਾ ਲੇਟਣੀਆਂ ਖਾਣ। ਓਧਰ ਪਾਣੀ ਦੀਆਂ ਧਾਰਾਂ ਵਹਿ ਰਹੀਆਂ ਸਨ। ਓਧਰ ਬੱਗਾ ਸਿੰਘ ਲੇਟਣੀਆਂ ਖਾਂਦਾ ਦੀਵਾਨ ਵੱਲ ਇਉਂ ਆ ਰਿਹਾ ਸੀ, ਜਿਵੇਂ ਸ਼ੇਸ਼ ਕੀਲਿਆ ਖੀਰ ਸਮੁੰਦਰ ਨੂੰ ਚੀਰਦਾ ਆ ਰਿਹਾ ਹੈ। ਹੁਣ ਵਰਸ਼ਾ ਥੰਮ ਚੁੱਕੀ ਸੀ। ਸੰਤਾਂ ਬੱਗਾ ਸਿੰਘ ਦੇ ਕੰਨ ਵਿਚ ਫੂਕ ਮਾਰ ਦਿੱਤੀ। ਬੱਗਾ ਸਿੰਘ ਠੀਕ ਅੰਦਰੋਂ ਬਾਹਰੋਂ ਬੱਗਾ ਹੋ ਗਿਆ ਤੇ ਬਾਕੀ ਜੀਵਨ ਬੱਗਿਆਂ ਵਿਚ ਗੁਜ਼ਾਰਿਆ। ਨਾਂਗੇ ਨੂੰ ਭਜਨ ਲੈਂਦਿਆਂ ਤਕ ਸੈਂਕੜੇ ਧੋਤੀਆਂ ਤੇ ਤੰਬਿਆਂ ਵਾਲਿਆਂ ਭਜਨ ਲਿਆ ਤੇ ਮਾਸ ਸ਼ਰਾਬ ਛੱਡਣ ਦਾ ਪ੍ਰਣ ਕਰ ਦੇਵਤਿਆਂ ਨਾਲ ਰਲ ਗਏ।

**ਗੁਰਬਖਸ਼ ਸਿੰਘ**
ਸੰਤ ਨਗਰ

Sri Satguru Jagjit Singh Ji eLibrary NamdhariElibrary@gmail.com

# ਗੁਪਤ ਖਜ਼ਾਨੇ

ਦਿੱਲੀ ਤੋਂ ਸ੍ਰ: ਸੁੱਚਾ ਸਿੰਘ ਸੋਖੀ ਦੇ ਕੁਆਰਟਰ ਤੋਂ ਮੰਡੀ ਹਿਮਾਚਲ ਨੂੰ ਭਾਗ ਲਾਉਣ ਹਿਤ ਸੰਤ ਗੀਡਾ ਸਿੰਘ ਨੂੰ ਸਤਿਗੁਰੂ ਜੀ ਦਾ ਹੁਕਮ ਹੋਇਆ 'ਅਸੀਂ ਦਸ-ਪੰਦਰ੍ਹਾਂ ਦਿਨ ਮੰਡੀ ਰਹਿਣਾ ਹੈ, ਤੁਸੀਂ ਨਾਲ ਚੱਲੋ।' 'ਸਤਿ ਬਚਨ! ਆਗਿਆ ਦਿਓ, ਘਰੋਂ ਕਛ ਪਰਨਾ ਲੈ ਆਵਾਂ।' 'ਤੁਸੀਂ ਗੱਡੀ ਵਿਚ ਬੈਠੋ, ਸਾਡੇ ਪਾਸ ਕਛ ਪਰਨਾ ਹੈ।' ਨੇੜੇ ਹੀ ਗਿ: ਮੰਗਲ ਸਿੰਘ ਖੜਾ ਸੀ। ਸੱਚੇ ਪਾਤਸ਼ਾਹ ਉਸਨੂੰ ਹੁਕਮ ਕੀਤਾ 'ਤੁਸੀਂ ਗੀਡਾ ਸਿੰਘ ਹੁਰਾਂ ਦੇ ਘਰ ਕਹਿ ਦੇਣਾ, ਉਹ ਸਾਡੇ ਨਾਲ ਚਲੇ ਗਏ ਹਨ।' ਗੱਡੀ ਚੱਲ ਪਈ ਅਤੇ ਅਸੀਂ ਰਾਤ ਸ੍ਰੀ ਭੈਣੀ ਸਾਹਿਬ ਰਹੇ। ਸਵੇਰ ਸਾਰ ਮੰਡੀ ਦੀ ਤਿਆਰੀ ਹੋਈ, ਸੰਤ ਗੀਡਾ ਸਿੰਘ ਜੀ ਅਰਜ਼ ਕੀਤੀ 'ਗ਼ਰੀਬ ਨਿਵਾਜ਼! ਕਿੰਨੀ ਕੁ ਮਾਇਆ ਨਾਲ ਲੈ ਚਲੀਏ।' ਹੁਕਮ ਹੋਇਆ ਛੇ ਸੌ। ਸੰਤਾ ਛੇ ਸੌ ਰਖ ਲਿਆ ਤੇ ਬਾਕੀ ਮਾਇਆ ਬਾਬੇ ਕਿਸ਼ਨ ਸਿੰਘ ਪਾਸ ਜਮਾਂ ਕਰਾ ਦਿੱਤੀ।

ਸਤਿਗੁਰੂ ਜੀ ਅਰਦਾਸਾ ਸੋਧਿਆ ਤੇ ਪਠਾਨਕੋਟ ਨੂੰ ਰਵਾਨਾ ਹੋਏ। ਓਥੋਂ ਤੇਲ ਪਵਾਇਆ, ਸਬਜ਼ੀ ਲਈ, ਫਲ ਖ਼ਰੀਦੇ, ਲੱਗਪਗ ਸੌ ਰੁਪਿਆ ਖ਼ਰਚ ਹੋ ਗਿਆ। ਬਾਕੀ ਪੰਜ ਸੌ ਬਚੇ। ਸ਼ਾਮ ਨੂੰ ਮੰਡੀ ਪੁੱਜੇ। ਸਾਧ ਸੰਗਤ ਦਰਸ਼ਨ ਕਰਨ ਲਾਈ। ਓਸ ਦਿਨ 30/- ਮੱਥਾ ਟਿਕਿਆ। ਸਵੇਰੇ ਆਸਾ ਦੀ ਵਾਰ ਵਿਚ 90/- ਹੋਏ, ਗ਼ਰੀਬ ਨਿਵਾਜ਼ ਜੀ ਜਲ ਪ੍ਰਸ਼ਾਦ ਛੱਕਿਆ, ਮੁੜ ਕਈ ਸੇਵਕਾਂ ਘਰੀਂ ਚਰਨ ਪਾਏ। ਉਸ ਦਿਨ 300/- ਹੋਰ ਆਇਆ। ਅਗਲੇ ਦਿਨ ਮੁੜ ਚਰਨ ਪਾਏ ਤੇ 90/- ਮੱਥਾ ਟਿਕਿਆ, ਤੀਸਰੇ ਦਿਨ ਸੁਕੇਤ ਗਏ। ਓਥੇ 205/- ਹੋਏ।

ਸੁਕੇਤੋਂ ਮੁੜੇ ਤਾਂ ਸਰਦਾਰ ਬਚਨ ਸਿੰਘ ਦਾ ਗ੍ਰਿਹ ਪਵਿੱਤਰ ਕੀਤਾ। ਲੰਗਰ ਵੀ ਛੱਕਿਆ। ਟੁਰਨ ਵੇਲੇ ਬਾਬੂ ਜੀ 51/- ਚਰਨਾਂ ਤੇ ਰਖੇ। ਬਾਬੂ ਜੀ ਪਾਸੋਂ ਆਕੇ ਮੁੜ ਅੱਠ-ਦਸ ਦਿਨ ਮੰਡੀ ਨੂੰ ਭਾਗ ਲਾਏ, ਇਸ ਦੌਰਾਨ 350 ਲੰਗਰ ਵਾਸਤੇ ਆਏ। ਮੰਡੀਉਂ ਵਾਪਸ ਮੁੜੇ ਤਾਂ 60/- ਦਾ ਤੇਲ ਪੁਆਇਆ। ਸੰਤ ਰਤਨ ਸਿੰਘ ਕੁਝ ਫਲਾਂ ਤੇ ਖ਼ਰਚ ਕੀਤੇ, ਜਿਨ੍ਹਾਂ ਦਾ ਜੋੜ 30/- ਦੇ ਲੱਗਪਗ ਬਣਿਆ ਦਸੂਹਇਉਂ 91/- ਆਏ, ਰਾਤ ਨੂੰ ਸ੍ਰੀ ਭੈਣੀ ਸਾਹਿਬ ਪੁੱਜੇ। ਇਕ ਦਿਨ ਭੈਣੀ ਸਾਹਿਬ ਰਹੇ। ਸਾਧ ਸੰਗਤ ਨੂੰ ਦਰਸ਼ਨ ਮੇਲੇ ਦਿੱਤੇ। ਅਗਲੀ ਸਵੇਰ ਦਿੱਲੀ ਨੂੰ ਟੁਰਨਾ ਸੀ, 500/- ਕੋਲ ਰਖਕੇ ਬਾਕੀ ਬਾਬੇ ਕਿਸ਼ਨ ਸਿੰਘ

Sri Satguru Jagjit Singh Ji eLibrary NamdhariElibrary@gmail.com

ਪਾਸ ਜਮਾਂ ਕਰਾਉਣ ਦਾ ਹੁਕਮ ਹੋਇਆ। ਸਾਡੇ ਹਿਸਾਬ ਨਾਲ ਚੌਦ੍ਹਾਂ ਜਾਂ ਪੰਦਰ੍ਹਾਂ ਸੌ ਕੋਲ ਹੋਣਾ ਚਾਹੀਦਾ ਸੀ। ਭਾਈ ਵਜ਼ੀਰ ਸਿੰਘ ਕੁੜਤੀ ਦੀਆਂ ਸਭ ਨੁਕਰਾਂ ਫੋਲ ਢੇਰੀ ਲਾਈ। ਮਾਇਆ ਗਿਣੀ ਗਈ ਤਾਂ 3700/- ਹੋਇਆ, 500/- ਕੋਲ ਰਖੇ ਤੇ ਬਾਕੀ ਜਮਾ ਕਰਾਏ। ਭਾਈ ਜੀ ਨਾਲੇ ਰੁਪਏ ਜਮ੍ਹਾ ਕਰਾ ਰਹੇ ਸਨ, ਨਾਲ ਹੀ ਹੈਰਾਨ ਹੋ ਰਹੇ ਸਨ। ਇਹ ਮਾਇਆ ਕਿੱਥੋਂ ਆਈ। ਅੰਦਰੋਂ ਉੱਤਰ ਮਿਲਿਆ ਲੰਗਰ ਵਾਸਤੇ ਮਾਇਆ ਏਵੇਂ ਆਉਂਦੀ ਹੈ, ਇਹ ਚੜ੍ਹਾਵਿਆਂ ਨਾਲ ਨਹੀਂ ਚਲਦਾ: ਇੱਥੇ ਧੁਰ ਦਰਗਾਹੋਂ ਰਸਦਾਂ ਆਉਂਦੀਆਂ ਹਨ।

**ਸੂਬਾ ਰੀਡਾ ਸਿੰਘ**
ਦਿੱਲੀ

Sri Satguru Jagjit Singh Ji eLibrary NamdhariElibrary@gmail.com

# ਗੁਰੂ ਕਾ ਲੰਗਰ

ਗਰਮੀ ਦੀ ਰੁੱਤ ਸੀ, ਪਰ ਬੰਬਈ ਦਾ ਪੌਣ ਪਾਣੀ ਲੱਗਪਗ ਸਾਰਾ ਸਾਲ ਇੱਕੋ ਜਿਹਾ ਰਹਿੰਦਾ ਹੈ ਸਤਿਗੁਰੂ ਜੀ! ਕਲਿਜੁਗੀ ਜੀਆਂ ਨੂੰ ਤਾਰਦੇ ਤਾਰਦੇ ਬੰਬਈ ਦੀ ਸਾਧ ਸੰਗਤ ਨੂੰ ਦਰਸ਼ਨ ਦੇ ਨਿਹਾਲ ਕਰਨ ਦਾ ਵਿਚਾਰ ਬਣਾਇਆ। ਸੰਗਤ ਨੂੰ ਸੂਚਨਾ ਦਿੱਤੀ ਗਈ। ਸੰਗਤ ਨੂੰ ਸੁਣਦਿਆਂ ਸਾਰ ਹੀ ਲਾਲੀਆਂ ਚੜ੍ਹ ਗਈਆਂ। ਸਭ ਸੁਣ ਕੇ ਹਰੇ ਹੋ ਗਏ। ਸਤਿਗੁਰੂ ਜੀ ਹਜ਼ੂਰੀ ਸੇਵਕਾਂ, ਸੰਤ ਬਹਾਦਰ ਸਿੰਘ, ਵਜ਼ੀਰ ਸਿੰਘ, ਰਤਨ ਸਿੰਘ, ਸੰਤ ਮੁਹਕਮ ਸਿੰਘ, ਸੰਤ ਨਿਧਾਨ ਸਿੰਘ 'ਆਲਿਮ', ਸੰਤ ਇੰਦਰ ਸਿੰਘ ਚਕ੍ਰਵਰਤੀ, ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' ਤੇ ਸੰਤ ਅਤਰ ਸਿੰਘ ਆਦਿ ਜਥੇਦਾਰਾਂ ਨੂੰ ਨਾਲ ਲੈ ਨਿਊ-ਕਸਟਮ ਹਾਊਸ ਵਿਚ ਜਾ ਉਤਾਰਾ ਕੀਤਾ। ਸੂ: ਤੇਜਾ ਸਿੰਘ, ਸੂ: ਮੁਬਾਰਕ ਸਿੰਘ, ਭਾਈ ਦਲੀਪ ਸਿੰਘ ਅਤੇ ਕੇਸਰ ਸਿੰਘ ਆਦਿ ਜਾਮਿਆਂ ਵਿਚ ਫੁੱਲੇ ਨਾ ਸਮਾਉਣ।

ਦੁਪਹਿਰ ਉਪਰੰਤ ਰਾਗੀਆਂ ਕੀਰਤਨ ਅਰੰਭਿਆ। ਹਰ ਭੇਖ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਇਲਾਹੀ ਕੀਰਤਨ ਸੁਣ ਕੇ ਗਦ ਗਦ ਹੋ ਉੱਠੇ। ਸ੍ਰੀ ਆਲਿਮ ਜੀ ਸੰਤ ਮੰਗਲ ਸਿੰਘ ਜੀ ਤੇ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਦੇ ਆਲਮਾਨਾ ਵਖਿਆਨਾਂ ਨੇ ਸਰੋਤਿਆਂ ਨੂੰ ਬੁਤ ਬਣਾ ਦਿੱਤਾ ਤੇ ਉਹ ਇਸ ਅਗੀਮੀ ਦੇਸ਼ ਵਿਚ ਤਾਰੀਆਂ ਲਾਉਂਦੇ ਘਰਾਂ ਨੂੰ ਮੁੜੇ। ਰਾਤ ਨੂੰ ਸੰਤ ਅਤਰ ਸਿੰਘ ਜੀ ਨੇ 'ਇੰਦਰ ਮੋਹਣੀਆਂ' ਨਾਲ ਹੱਲੇ ਦਾ ਦੀਵਾਨ ਲਾਇਆ। ਦੀਵਾਨ ਦੀ ਕੀ ਉਪਮਾ ਕਰਨੀ ਏਂ। ਸਭ ਰੰਗ ਵਿਚ ਰੰਗੇ ਗਏ। ਇਕ ਸਤਿਗੁਰਾਂ ਦੇ ਦਰਸ਼ਨ, ਦੂਜੇ ਭੂਤਾਂ ਪ੍ਰੇਤਾਂ ਦਾ ਕਲਿਆਣ ਕਰਨ ਵਾਲੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਸਰੋਤਿਆਂ ਨੂੰ ਮੁਗਧ ਕਰੀ ਜਾਂਦੀ ਸੀ।

ਸੰਤ ਮੌਜ ਵਿਚ ਆਏ ਤੇ ਸ਼ਿਕਾਗੂ ਕੰਪਨੀ ਦੇ ਲਾਗੇ ਦੀ ਦੀਵਾਰ ਤੇ ਛਾਲ ਮਾਰ ਜਾ ਚੜ੍ਹੇ ਤੇ ਨ੍ਰਿਤਕਾਰੀ ਅਰੰਭ ਦਿੱਤੀ। ਸਰੋਤੇ ਤੇ ਦਰਸ਼ਕ ਹੈਰਾਨ ਸਨ, ਤੇ ਡਰ ਸੀ, ਕਿ ਸੰਤ ਕਿਤੇ ਡਿੱਗ ਕੇ ਹੱਡੀ ਪਸਲੀ ਹੀ ਨਾ ਤੁੜਾ ਬੈਠਣ। ਹੋਸ਼ਾਂ ਵਾਲੇ ਚਾਦਰਾਂ ਪਕੜ ਆਲੇ ਦੁਆਲੇ ਖਲੋ ਗਏ। ਪਰ ਜਿਹੜੇ ਮਾਲਕ ਨਾਲ ਇਕ ਮਿਕ ਹੋਣ ਡਿੱਗਦੇ ਨਹੀਂ, ਤੇ ਜੇ ਡਿੱਗ ਵੀ ਪੈਣ ਤਾਂ ਪੱਥਰ ਫੁੱਲਾਂ ਵਿਚ ਬਦਲ ਜਾਂਦੇ ਹਨ। ਸਾਰੀ ਸੰਗਤ ਸੂਤਰੀ ਹੋ ਗਈ। ਹੁੰਦੀ ਵੀ ਕਿਉਂ ਨਾ ਜਦ ਆਸ਼ਕਾਂ ਦੀ ਮਜਲਿਸ ਹੋਵੇ ਤੇ ਆਸ਼ਕ ਮਸ਼ੂਕ ਆਹਮਣੇ ਸਾਹਮਣੇ ਹੋਣ ਤਾਂ ਫੇਰ ਮਸਤਾਨੇ ਭੰਭਰਾਂ ਕਿਉਂ ਨਾ ਪਾਉਣ? ਸੰਤਾਂ ਨੇ ਹੁਣ ਕੰਧ ਉੱਤੇ

Sri Satguru Jagjit Singh Ji eLibrary NamdhariElibrary@gmail.com

ਹੀ ਧਾਰਨਾ ਚੁੱਕ ਲਈ:-

**'ਤਪ ਹੋ ਗਿਆ ਤਪੱਸੀਆ ਪੂਰਾ, ਫੇਰਾ ਪਾ ਪੰਜਾਬ ਦੇਸ਼ ਨੂੰ।'**

ਰਾਤ ਭਿੱਜਣ ਨਾਲ ਸੁਰਤਾਂ ਵਧੇਰੇ ਸਤਿਗੁਰੂ ਜੀ ਦੇ ਚਰਨਾਂ ਨਾਲ ਜਾ ਜੁੜੀਆਂ। ਹੁਣ ਸੰਤਾਂ ਹੋਰ ਪ੍ਰਮਾਣ ਛੋਹਿਆ:-

**ਕਾਪੜ ਤਨ ਨ ਸੁਖਾਵੈ, ਮਰੀਐ ਹਾਵੈ ਦਾਮਨ ਚਮਕ ਡਰਾਵੈ॥**
**ਫੇਰਾ ਪਾ ਪੰਜਾਬ ਦੇਸ਼ ਨੂੰ, ਕਾਪੜ ਤਨ ਨ................।'**

ਇਹ ਕਹਿਣ ਦੇ ਨਾਲ ਹੀ ਤਨ ਦਾ ਕੁੜਤਾ ਲੀਰੋ ਲੀਰ ਕਰ ਦਿੱਤਾ। ਇਸ ਇਸ਼ਾਰੇ ਨੇ ਸ੍ਰ: ਤੇਜਾ ਸਿੰਘ ਦੇ ਅੰਦਰ ਵੈਰਾਗ ਦਾ ਕਟਕ ਚਾੜ੍ਹ ਦਿੱਤਾ ਤੇ ਉਹ ਵੀ ਲੱਗਾ ਬੰਨੇ ਚੰਨੇ ਤੋੜਨ। ਸ੍ਰ: ਜੀ ਪਤਲੂਣ ਕੋਟ ਉਤਾਰ ਕੇ ਜਾ ਮਸਤਾਨਿਆਂ ਵਿਚ ਸ਼ਾਮਲ ਹੋਇਆ। ਇਹਨਾਂ ਦੇ ਸੂਤਰੀ ਹੋਣ ਦੀ ਦੇਰ ਸੀ ਕਿ ਨੀਲੀਆਂ ਪੱਗਾਂ ਵੀ ਹਿੱਲਣ ਲੱਗ ਪਈਆਂ। ਸੰਤ ਕੰਧ ਤੇ ਨਿਰਤ ਕਰ ਰਹੇ ਸਨ ਤੇ ਸ੍ਰ: ਜੀ ਬਿਰਹਾ ਕੁਠੇ ਹਾਲੋਂ ਬੇਹਾਲ ਹੋ ਕੰਨ ਤੇ ਹੱਥ ਧਰ ਸੰਗਤ ਨੂੰ ਸੰਬੋਧਨ ਕਰਦਿਆਂ ਇਹ ਕਵਾਲੀ ਛੁਹ ਦਿੱਤੀ:-

**ਖਬਰਦਾਰ ਨਾਮ ਇਸ਼ਕ ਦਾ ਲੈ ਨ ਬਹੀਂ ਵੇ।**
**ਜੇ ਆਸ਼ਿਕ ਭੀ ਹੈਂ, ਤਾਂ ਮੂੰਹੋਂ ਕਹਿ ਨ ਬਹੀਂ ਵੇ।**
**ਖਤਰਨਾਕ ਮੰਨਜ਼ਿਲ ਸਫਰ ਦੂਰ ਦਾ**
**ਇਰਾਦਾ ਬੁਰਾ ਤੇਰੇ ਦਸਤੂਰ ਦਾ**
**ਤੇਰੀ ਜ਼ਿੰਦਗੀ ਨਾਮ ਕਾਫੂਰ ਦਾ**
**ਤੂੰ ਬਚ ਹਿਰਸ ਦੇ ਸ਼ਹਿਰ 'ਚ ਬਹਿ ਨ ਰਹੀਂ ਵੇ......**
**ਜ਼ਬਰ ਕਿਬਲ ਆਸ਼ਿਕ ਹੋਏ ਬਾਰਜ਼ਾ**
**ਤੂੰ ਭੀ ਬਨ ਆਸ਼ਿਕ**
**ਸਰ ਨੂੰ ਕਟਾ**
**ਜੇ ਮਰਦੇ ਖ਼ੁਦਾ ਹੈਂ**
**ਤਾਂ ਕਰਕੇ ਵਖਾ**
**ਪਰ ਇਹ ਦੁਨੀਆਂ ਈ ਤਿਲਕਣ**
**ਕਿਤੇ ਢਹਿ ਨਾ ਪਈਂ ਵੇ........**
**ਜਿਵੇਂ ਤੇਰੀ ਗੁਜਰੇ ਤੂੰ ਸਦਕੇ ਲੰਘਾ!**
**ਸਬਰ ਕਰ ਨਾ ਪਰਦਾ ਸਜਣ ਦਾ ਉਠਾ!**
**ਇਹੀ ਫੱਕਰ ਦਰਵੇਸ਼ ਦੀ ਹੈ ਸਦਾ!**
**ਤੂੰ ਬਚ ਝੂਠ ਤੋਂ ਸਚ ਵੀ ਕਹਿ ਨਾ ਬਹੀਂ ਵੇ........**
**ਕੋਈ ਨਹਿਰ ਸ਼ੀਰੀ ਦੇ ਵਿਚ ਜਾ ਪਇਆ!**
**ਕੋਈ ਸ਼ਹਿਰ ਲੈਲਾ ਦੇ ਫਿਰਦਾ ਰਹਿਆ!**
**ਕੋਈ ਹੈਦਰੀ ਸੂਲੀ ਤੇ ਕਹਿ ਗਿਆ!**
**ਖਬਰਦਾਰ..............................................**

ਸ੍ਰ: ਜੀ ਦੇ ਇਹ ਸ਼ਬਦ ਕੀ ਸਨ? ਪ੍ਰੇਮ ਚੰਗਾੜੇ ਸਨ, ਜਿਸ ਨੇ ਰਾਮ

Sri Satguru Jagjit Singh Ji eLibrary NamdhariElibrary@gmail.com

ਵਿਜੋਗੀਆਂ ਅੰਦਰ ਭਾਂਬੜ ਮਚਾ ਦਿੱਤੇ। ਕੋਈ ਰੂਹ ਹੋਵੇਗੀ ਜਿਹੜੀ ਨਜ਼ਾਰਾ ਤਕ ਪੁਕਾਰ ਨਾ ਉਠੀ ਹੋਵੇ। ਇਸ ਵੇਲੇ ਤਾਂ ਹੋਸ਼ਾਂ ਵਾਲਿਆਂ ਦੇ ਹੋਸ਼ ਗੁੰਮ ਹੋ ਰਹੇ ਸਨ। ਉਹ ਕੀ ਜਾਨਣ ਇਹ ਕੀ ਮਾਜਰਾ ਹੈ?

ਨੇੜੇ ਹੀ ਪਾਰਸੀਆਂ ਦਾ ਬੰਗਲਾ ਸੀ। ਇਕ ਪਾਰਸਨ ਨਵਯੁਵਤੀ ਦੌੜੀ ਦੌੜੀ ਆਈ ਤੇ ਮਾਤਾ ਲਛਮੀ ਨੂੰ ਆ ਕੇ ਕਹਿਣ ਲੱਗੀ, 'ਬਾਈ! ਬਾਈ!! ਢੋਲਕ ਬੰਦ ਕਰਾਓ, ਅਗਰ ਹਮੇਂ ਭੀ ਕੁਝ ਹੋ ਗਿਆ, ਤੋ ਫਿਰ ਕਿਆ ਬਨੇਗਾ, ਬਾਈ! ਜਲਦੀ ਕਰੋ! ਮੈਂ ਹਾਥ ਜੋੜਤੀ ਹੂੰ, ਢੋਲਕ ਬੰਦ ਕਰਾਓ, ਮੇਰੇ ਦਿਲ ਕੋ ਭੀ ਕੁਛ ਕੁਛ ਹੋਨੇ ਲਗਾ ਹੈ।' ਮਾਤਾ ਜੀ ਕਿਹਾ, 'ਬਾਈ ਚਿੰਤਾ ਮਤ ਕਰ! ਇਹ ਈਸ਼ਵਰ ਦੀ ਭਗਤੀ ਕਰ ਰਹੇ ਹਨ, ਤੈਨੂੰ ਕੁਝ ਨਹੀਂ ਹੁੰਦਾ। ਜੇ ਹੋਇਆ ਵੀ ਤਾਂ ਸਾਰਿਆਂ ਨਾਲ ਅਸੀਂ ਵੀ ਤੇਰੇ ਕੋਲ ਹਾਂ।' ਉਹ ਵਿਚਾਰੀ ਚੁੱਪ ਕਰ ਗਈ ਮਗਰ ਦਿਲ ਡੁੱਬਦਾ ਜਾਵੇ। ਖ਼ੈਰ ਉਸ ਰਾਤ ਨੂੰ ਬਾਰ੍ਹਾਂ ਇੱਕ ਵਜੇ ਭੋਗ ਪਾਇਆ। ਸੰਗਤਾਂ ਓਥੇ ਈ ਬਿਰਾਜੀਆਂ।

ਸਵੇਰ ਸਾਰ ਵਾਰ ਉਪਰੰਤ ਜਲ ਪ੍ਰਸ਼ਾਦ ਸਾਰਿਆਂ ਓਥੇ ਹੀ ਛੱਕਿਆ। ਆਲਾ ਦੁਆਲਾ ਵਾਹ ਵਾਹ ਕਰ ਰਿਹਾ ਸੀ। ਪਰ ਸਾਰੇ ਪ੍ਰੇਮੀ ਨਹੀਂ ਹੁੰਦੇ ਤੇ ਨਾ ਸਾਰੇ ਅਪ੍ਰੇਮੀ। ਕੁਝ ਪੱਛਮੀ ਤਹਿਜ਼ੀਬ ਦੇ ਅਸਰ ਹੇਠ ਆਇਆਂ ਵੱਡੇ ਕਸਟਮ-ਆਫ਼ੀਸਰ, ਮਿਸਟਰ ਹਾਜ਼ ਪਾਸ ਲਿਖਤੀ ਸ਼ਿਕਾਇਤ ਭੇਜੀ ਕਿ ਰਾਤ ਨੂੰ ਢੋਲਕ ਛੈਣਿਆਂ ਦੀ ਅੱਧੀ ਰਾਤ ਤਕ ਦੀ ਆਵਾਜ਼ ਬੇ ਆਰਾਮ ਕਰਦੀ ਰਹੀ ਏ, ਨੀਂਦ ਨਹੀਂ ਪਈ, ਸਿਹਤ ਖ਼ਰਾਬ ਹੋਣ ਦਾ ਡਰ ਹੈ।' ਪਰੰਤੂ ਮਿਸਟਰ ਹਾਜ਼ ਤੇ ਖ਼ਾਸ ਕਿਰਪਾ ਸੀ। ਉਸ ਨੂੰ ਬੜਾ ਅਨੰਦ ਆਇਆ ਸੀ। ਮਨ ਵਿਚ ਕਿਹਾ 'ਮੁਝੇ ਤੋ ਕੋਈ ਤਕਲੀਫ਼ ਨਹੀਂ। ਇਹ ਝੂਠ ਹੈ।' ਉਸ ਨੇ ਦਰਖ਼ਾਸਤਾਂ ਤਾਂ ਪਾੜ ਦਿੱਤੀਆਂ, ਪਰ ਉਹਨਾਂ ਨੂੰ ਜਵਾਬ ਦਿੱਤਾ 'ਟੁਮ ਘਬਰਾਓ ਮੱਟ, ਮੈਂ ਸ੍ਰ: ਟੇਜਾ ਸਿੰਘ ਕੋ ਬੋਲ ਡੂੰਗਾ ਕਿ ਬਹੁਤ ਡੇਰ ਟੱਕ ਕੀਰਤਨ ਨਾ ਕਰਾਏਂ।' ਏਵੇਂ ਕਈ ਦਿਨ ਤੇ ਰਾਤਾਂ ਮੰਗਲਾਚਰਨ ਕਰਦਿਆਂ ਗੁਜ਼ਰੀਆਂ। ਸਤਿਗੁਰੂ ਜੀ ਕਈ ਘਰੀਂ ਚਰਨ ਪਾ ਕੇ ਉਹਨਾਂ ਦੇ ਗ੍ਰਹਿ ਪਵਿੱਤਰ ਕੀਤੇ ਉਹਨਾਂ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰ ਕੇ ਤੇ ਸਵੇਰ ਸ਼ਾਮ ਦੀਵਾਨ ਦਰਸ਼ਨ ਦੇ ਚਕੋਰ ਨੇਤਰਾਂ ਨੂੰ ਠੰਡਕ ਬਖਸ਼ਦੇ।

ਇਕ ਦਿਨ ਗੁਜਰਾਂਵਾਲੀਏ ਠੇਕੇਦਾਰ ਲਾਲਾ ਈਸ਼ਰ ਦਾਸ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਦਾ ਲੰਗਰ ਮੇਰੇ ਵੱਲੋਂ ਹੋਵੇ। ਸ੍ਰ: ਜੀ ਠੇਕੇਦਾਰ ਦੀ ਬੇਨਤੀ ਪ੍ਰਵਾਨ ਕਰ ਲਈ। ਉਨ੍ਹੀਂ ਦਿਨੀਂ ਦੇਸ਼ ਵਿਚ ਰਾਸ਼ਨ ਸਿਸਟਮ ਸੀ। ਠੇਕਾਦਾਰ ਨੇ ਕੋਈ 40-50 ਸਰੀਰਾਂ ਦੇ ਲੰਗਰ ਦਾ ਪ੍ਰਬੰਧ ਕਰ ਦਿੱਤਾ। ਸਤਿਗੁਰੂ ਜੀ ਉਸ ਦਿਨ ਐਲੀਫੈਂਟਾ ਕੇਵ ਦੇ ਜੀਵਾਂ ਜੰਤੂਆਂ ਨੂੰ ਦਰਸ਼ਨ ਦੇ ਮੁਕਤ ਕਰਨ ਦਾ ਵਿਚਾਰ ਬਣਾਇਆ। ਐਲੀਫੈਂਟਾ ਕੇਵ ਸਮੁੰਦਰ ਦੇ ਵਿਚ ਇਕ ਰਮਣੀਕ ਥਾਂ ਹੈ, ਉਸਨੂੰ ਵੇਖਣ ਵਾਸਤੇ ਯਾਤਰੂਆਂ ਦਾ ਤਾਂਤਾਂ ਬੱਧਾ ਰਹਿੰਦਾ ਹੈ। ਜਦ

Sri Satguru Jagjit Singh Ji eLibrary NamdhariElibrary@gmail.com

ਸੰਗਤ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਐਲੀਫੈਂਟਾ ਕੇਵ ਜਾਣਾ ਏਂ ਤਾਂ ਸਭਨਾਂ ਨਾਲੇ ਪੁੰਨ ਨਾਲੇ ਫਲੀਆਂ ਜਾਣਿਆਂ। ਇਕ ਸੈਰ ਸਪਾਟਾ ਦੂਜਾ ਸਤਿਗੁਰੂ ਜੀ ਦੇ ਦਰਸ਼ਨ। ਖ਼ੂਬ ਹੁਮ ਹੁਮਾ ਕੇ ਸੰਗਤਾਂ ਆਈਆਂ। ਚੰਗੀ ਗਹਿਮਾ ਗਹਿਮ ਹੋਈ।

ਇਤਨੀ ਸੰਗਤ ਤੇ ਹੋਰ ਦਰਸ਼ਕ ਵੇਖ ਸਰਦਾਰ ਜੀ ਤੇ ਮਾਤਾ ਲੱਛਮੀ ਜੀ ਸੋਚਾਂ ਵਿਚ ਪੈ ਗਏ। ਇਹਨਾਂ ਪੰਜ-ਛੇ ਸੌ ਦੀ ਉਧਰ ਪੂਰਤੀ ਕਿਵੇਂ ਹੋਵੇਗੀ। ਗੁਰੂ ਕਾ ਲੰਗਰ ਹੈ। ਮੋੜਿਆ ਕਿਸੇ ਨੂੰ ਜਾਇਆ ਨਹੀਂ ਜਾ ਸਕਦਾ। ਕਿਵੇਂ ਕੀਤਾ ਜਾਵੇ। ਇਹਨਾਂ ਦੋਹਾਂ ਨੂੰ ਘੁਸਰ ਮੁਸਰ ਕਰਦਿਆਂ ਵੇਖ ਸੰਤ ਬਹਾਦੁਰ ਸਿੰਘ ਜੀ ਉਹਨਾਂ ਕੋਲ ਆਏ ਤੇ ਪੁੱਛਿਆ, 'ਸਰਦਾਰ ਜੀ ਕੀ ਗੱਲ ਏ?'

'ਕੋਈ ਨਹੀਂ।'

'ਗੱਲ ਜ਼ਰੂਰ ਏ।'

'ਤੁਸੀਂ ਜਾਣੀ ਜਾਣ ਓ! ਸੰਗਤ ਅੰਦਾਜ਼ੇ ਨਾਲੋਂ ਵੱਧ ਏ। ਰਸਦ ਥੋੜ੍ਹੀ ਏ, ਜੰਗਲ ਵਿੱਚੋਂ ਮਿਲਣੀ ਵੀ ਮੁਸ਼ਕਲ ਏ। ਹੋਰ ਕੋਈ ਗੱਲ ਨਹੀਂ।'

'ਫੇਰ ਤੁਸੀਂ ਇਕ ਪਾਸੇ ਹੋ ਜਾਓ, ਲੰਗਰ ਵਿਚ ਮੈਂ ਲੱਗਦਾ ਹਾਂ, ਵੇਖੋ ਕਰਤਾਰ ਦੇ ਰੰਗ।'

ਸੰਤਾਂ ਬਰਤਨ ਆਪ ਮਾਂਜੇ, ਆਟਾ ਆਪ ਗੁੰਨਿਆ। ਦਾਲਾ ਧਰਵਾ ਦਿੱਤਾ। ਲੰਗਰ ਤਿਆਰ ਹੋ ਗਿਆ। ਉਪਰ ਸਵੱਛ ਕੱਪੜਾ ਪਾ ਦਿੱਤਾ ਤੇ ਅਰਦਾਸਾ ਸੋਧ ਲੰਗਰ ਵਰਤਾਉਣਾ ਸ਼ੁਰੂ ਕਰ ਦਿੱਤਾ। ਭਜਨ ਕਰੀ ਜਾਣ ਤੇ ਲੰਗਰ ਵਰਤਾਈ ਜਾਣ। ਸਾਧ ਸੰਗਤ ਲੱਗੀ ਛੱਕਣ। ਪੂਰੇ 600 ਸੱਜਣ ਤੇ ਸੱਜਣੀਆਂ ਨੇ ਛੱਕਿਆ, ਛੱਕ ਕੇ ਤ੍ਰਿਪਤ ਹੋ ਗਏ। ਨਾਮਧਾਰੀਆਂ ਨੇ ਤਾਂ ਅਨੰਦ ਕਹਿਣਾ ਹੀ ਸੀ, ਪਰ ਪੈਂਟਾਂ ਪਤਲੂਨਾਂ ਤੇ ਟੋਪੀਆਂ ਨੇ ਵੀ ਛੱਕ ਕੇ ਏਹੋ ਕਿਹਾ, ਕਿ ਬੜਾ ਸਵਾਦ ਆਇਆ ਏ। ਦਾਲੇ ਭਾਜੇ ਵਿਚ 36 ਪਦਾਰਥਾਂ ਦੇ ਸਵਾਦ ਸਨ। ਸਭ ਛੱਕ ਛਕਾ ਗਏ, ਪਰ ਸਤਿਗੁਰੂ ਦੀ ਕਿਰਪਾ ਨਾਲ ਪ੍ਰਸ਼ਾਦੇ ਵੀ ਬੱਚ ਗਏ ਅਤੇ ਦਾਲਾ ਵੀ ਕਾਇਮ ਰਿਹਾ। ਆਏ ਮਜ਼ੂਰ ਮਜ਼ੂਰਨੀਆਂ ਨੂੰ ਛਕਾਇਆ, ਉਹ ਵੀ ਪ੍ਰਸੰਨ ਹੋ ਗੁਣ ਗਾਉਂਦੇ ਗਏ।

ਸਤਿਗੁਰੂ ਜੀ ਆਰਾਮ-ਅਸਥਾਨ ਤੋਂ ਉੱਠੇ ਤੇ ਬਾਹਰ ਦਰਸ਼ਨ ਦਿੱਤੇ। ਚਾਰ ਕੁ ਕਦਮ ਗਏ ਸਨ, ਤੇ ਬਚਨ ਕੀਤਾ 'ਭਾਈ ਲਿਆ ਬਰਸਾਤੀ।' ਭਾਈ ਵਜ਼ੀਰ ਸਿੰਘ ਜੀ ਬਰਸਾਤੀ ਲੈ ਆਏ ਤੇ ਸਤਿਗੁਰੂ ਜੀ ਬਰਸਾਤੀ ਗਲੇ ਪਾ ਲਈ। ਸੰਤ ਮੰਗਲ ਸਿੰਘ ਹੁਰਾਂ ਦੇ ਮਨ ਵਿਚ ਆਇਆ ਕਿ ਉੱਤੋਂ ਗਰਮੀ ਹੈ। ਸੂਰਜ ਚਮਕ ਰਿਹਾ ਹੈ ਪਰ ਸਤਿਗੁਰੂ ਜੀ ਬਰਸਾਤੀ ਪਾ ਫਿਰ ਤੁਰ ਰਹੇ ਹਨ। ਬੰਬਈ ਦੇ ਪਾੜ੍ਹੇ ਕੀ ਕਹਿਣਗੇ ਕਿ ਕੂਕਿਆਂ ਦੇ ਗੁਰੂ ਨਿਰਮਲ ਅਕਾਸ਼ ਵਿਚ ਬਰਸਾਤੀ ਪਾਈ ਫਿਰਦੇ ਹਨ। ਪਰ ਅੰਤਰਜਾਮੀ ਸਤਿਗੁਰੂ ਜੀ ਸਭ ਕੁਝ ਜਾਣਦੇ ਸਨ। ਫਰਿਸ਼ਤੇ ਹੁਰਾਂ ਦੇ ਮਨ ਵਿਚ ਇਹ ਫੁਰਨਾ ਆਇਆ ਹੀ ਸੀ

Sri Satguru Jagjit Singh Ji eLibrary NamdhariElibrary@gmail.com

ਕਿ ਪੱਛਮ ਵਾਲੇ ਪਾਸਿਓਂ ਘਟਾ ਉਠੀ ਤੇ ਆਨਨ ਫਾਨਨ ਵਿਚ ਸਾਰੇ ਆਕਾਸ਼ ਨੂੰ ਬੁੱਕਲ ਵਿਚ ਲੈ ਲਿਆ ਤੇ ਲੱਗੀ ਛਮ ਛਮ ਵਰਖਾ ਹੋਣ। ਸਭ ਦੇ ਸ਼ੰਕੇ ਨਵਿੱਤਰ ਹੋ ਗਏ। ਦਰਸ਼ਕ ਮੂੰਹ ਨਾਲ ਮੂੰਹ ਜੋੜ ਇਉਂ ਗੱਲਾਂ ਕਰ ਰਹੇ ਸਨ:- 'ਇਕ ਗੁਰੂ ਬੜਾ ਸ਼ਕਤੀ ਵਾਲਾ ਏ। ਇਹਨਾਂ ਦੇ ਦਰਸ਼ਨਾਂ ਵਿਚ ਸਵਾਦ, ਇਹਨਾਂ ਦੀ ਬਾਣੀ ਵਿਚ ਅਨੰਦ, ਇਹਨਾਂ ਦੇ ਚਿਹਰਿਆਂ ਤੇ ਖੇੜਾ, ਇਹਨਾਂ ਦੇ ਲੰਗਰ ਵਿਚ ਰਸ, ਏਥੇ ਸਵਾਦ ਈ ਸਵਾਦ ਏ, ਅਨੰਦ ਹੀ ਅਨੰਦ ਏ, ਖੇੜਾ ਹੀ ਖੇੜਾ ਏ, ਰਸ ਹੀ ਰਸ ਏ।'

**ਬਲਬੰਤ ਸਿੰਘ**
ਪ੍ਰਤਾਪ ਨਗਰ

Sri Satguru Jagjit Singh Ji eLibrary NamdhariElibrary@gmail...

# ਕੋਠੇ ਤੋਂ ਕੋਠੀ

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।
ਦਮੜਾ ਪਲੈ ਨ ਪਵੈ ਨਾ ਕੋ ਦੇਵੈ ਧੀਰ।
ਸੁਆਰਥ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ।
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥

(ਸ੍ਰੀ ਰਾਗੁ ਮਹਲਾ ੫)

ਸਤਿਗੁਰਾਂ ਦੀ ਕਿਰਪਾ ਨਾਲ ਰੋਹਤਕ ਰੋਡ ਦੇ ਪੰਜ-ਸੱਤ ਲੱਖ ਦਾ ਸ਼ਾਨਦਾਰ ਬੰਗਲਾ, ਰੋਸ਼ਨਆਰਾ ਰੋਡ ਤੇ ਮਿੰਟਗੁਮਰੀ ਟਰਾਂਸਪੋਰਟ ਕੰਪਨੀ ਦਾ ਪ੍ਰਭਾਵਸ਼ਾਲੀ ਦਫ਼ਤਰ ਯੂ.ਪੀ. ਬਾਰਡਰ ਦੇ ਲਾਗੇ ਵਧੀਆ ਮਾਲ ਗੋਦਾਮ, ਬੰਬਈ ਵਰਗੇ ਸ਼ਹਿਰ ਵਿਚ ਇਕ ਕਾਰੋਬਾਰੀ ਅੱਡਾ, ਇਹਨਾਂ ਸਭਨਾਂ ਦੇ ਮਾਲਕ ਦੋਵੇਂ ਸ੍ਰ: ਕਰਤਾਰ ਸਿੰਘ ਹਨ। ਇਹਨਾਂ ਤੋਂ ਵੱਖ ਟਰੱਕ, ਕਾਰਾਂ, ਜੀਪਾਂ ਦੀ ਰੇਲ ਪੇਲ ਏ। ਕੋਠੀ ਵਿਚ ਰੇਫਰਿਜਰੇਟਰ, ਕੱਪੜੇ ਧੋਣ ਦੀ ਮਸ਼ੀਨ, ਰੇਡੀਓ, ਟੈਲੀਵੀਜ਼ਨ ਸੈਟ ਘਰ ਦੀ ਰੌਣਕ ਵਧਾ ਰਹੇ ਹਨ। ਇਹ ਸਾਰੀ ਕਿਰਪਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੈ, ਜਿਨ੍ਹਾਂ ਨੇ ਕੱਖਾਂ ਵਿਚ ਰੁਲਦੀਆਂ ਨੂੰ ਬਾਦਸ਼ਾਹੀ ਬਖਸ਼ ਦਿੱਤੀ।

ਅੱਜ ਤੋਂ 40 ਸਾਲ ਪਹਿਲਾਂ ਇਹਨਾਂ ਦੀ ਜ਼ਿੰਦਗੀ ਵਲ ਝਾਤ ਮਾਰੀਏ ਤਾਂ ਜ਼ਮੀਨ ਆਸਮਾਨ ਦਾ ਫ਼ਰਕ ਹੈ, ਵੱਡਾ ਕਰਤਾਰ ਸਿੰਘ ਆਪਣੇ ਚਾਚੇ ਸੋਹਣ ਸਿੰਘ ਨੂੰ ਨਾਲ ਲੈ, ਆਪਣੀ ਕਿਸਮਤ ਅਜਮਾਉਣ ਹਿਤ, ਜਨਮ ਭੂਮੀ ਜ਼ਿਲ੍ਹਾ ਸਿਆਲਕੋਟ ਨੂੰ ਤਿਆਗ ਕੇ ਘਰੋਂ ਨਿਕਲ ਟੁਰਿਆ ਤੇ 6 ਚੱਕ ਜ਼ਿਲ੍ਹਾ ਲਾਇਲਪੁਰ ਵਿਚ ਸ੍ਰ: ਰਵੇਲ ਸਿੰਘ ਪਾਸ ਚਲਿਆ ਗਿਆ ਪਰ ਓਥੇ ਵੀ ਕੰਮ ਦੇ ਆਸਾਰ ਬਣਦੇ ਨਜ਼ਰ ਨਾ ਆਏ। ਭਾਵੇਂ ਸ੍ਰ: ਰਵੇਲ ਸਿੰਘ ਕੋਈ ਕਸਰ ਨਾ ਛੱਡੀ, ਮਗਰ ਜਦ ਤਕ ਕਿਸਮਤ ਸਾਥ ਨਾ ਦੇਵੇ ਕੋਈ ਹੀਲਾ ਬਹਾਨਾ ਕੰਮ ਕਰਦਾ ਨਹੀਂ। ਇੱਥੋਂ ਟੁਰੇ ਤੇ ਮਿੰਟਗੁਮਰੀ ਚਲੇ ਗਏ ਤੇ ਦਾਲਾਂ ਦਾ ਕੰਮ ਅਰੰਭਿਆ। ਪਰ ਰੋਟੀ ਦਾਲ ਵੀ ਮੁਸ਼ਕਲ ਸੀ।

ਦੂਜੇ ਪਾਸੇ ਕਰਤਾਰ ਸਿੰਘ ਸਪੁੱਤਰ ਸ੍ਰ: ਗੁਰਮੁਖ ਸਿੰਘ ਘਰੋਂ ਨਿਕਲਿਆ ਤੇ ਨੀਲੀ ਬਾਰ ਬਸ ਸਰਵਿਸ ਵਿਚ ਕਲੀਨਰ ਭਰਤੀ ਹੋ ਗਿਆ। ਪਰ ਜੀਵਨ ਤੇ ਪਿਤਾ ਵਾਲੀ ਮੁਹਰ ਛਾਪ ਸੀ। ਕਰਤਾਰ ਸਿੰਘ ਤੜਕੇ ਉਠਦਾ, ਇਸ਼ਨਾਨ ਪਾਠ ਕਰ, ਨਿਤਨੇਤ ਤੋਂ ਵਿਹਲਾ ਹੋ ਬਸ ਚੱਲਣ ਤੋਂ ਪਹਿਲਾਂ ਅੱਡੇ ਤੇ ਚਲਿਆ ਜਾਂਦਾ। ਝਾੜ ਪੂੰਝ, ਪਾਣੀ ਧਾਣੀ ਘਤ ਤਿਆਰ ਬਰ ਤਿਆਰ ਹੁੰਦਾ। ਬਸ ਮੰਡੀ ਬੂਰੇਵਾਲ ਤੋਂ ਚਲਦੀ ਲਾਹੌਰ ਪੁੱਜਦੀ ਤੇ ਰਾਤ ਨੂੰ ਮੁੜ ਬੂਰੇਵਾਲ ਆ

Sri Satguru Jagjit Singh Ji eLibrary NamdhariElibrary@gmail.com

ਖਲੋਂਦੀ। ਮਾਲਕ ਤਾਂ ਨੋਟਾਂ ਤੇ ਥੱਦੇ ਸਾਂਭ ਘਰ ਚਲੇ ਜਾਂਦੇ, ਪਰ ਇਹ ਨੌਜਵਾਨ ਪ੍ਰਸ਼ਾਦ ਛੱਕ ਚੌਂਕੜਾ ਮਾਰ ਬਹਿ ਜਾਂਦਾ ਤੇ ਕਈ ਵਾਰੀ ਓਸੇ ਚੌਂਕੜੇ ਤੋਂ ਡਿੱਗ ਨੀਂਦ ਦੀ ਗੋਦ ਵਿਚ ਜਾ ਬਰਾਜਦਾ ਤੇ ਤੜਕੇ ਮੁੜ ਸੇਵਾ ਤੇ ਹਾਜ਼ਰ ਹੁੰਦਾ। ਪਰੰਤੂ ਕਲੀਨਰੀ ਸੀ, ਕੇਵਲ ਲੂਣ ਪਾਣੀ ਚੱਲਦਾ। ਤਨ ਢੱਕਣ ਨੂੰ ਕੱਪੜਾ ਨਹੀਂ ਸੀ ਤੇ ਪੈਰੀਂ ਜੁੱਤੀ ਵੀ ਘੱਟ ਵੱਧ ਹੁੰਦੀ। ਇਸੇ ਵਾਸਤੇ ਇਸ ਨੂੰ ਇਸ ਦੇ ਸਾਥੀ ਕਰਤਾਰ ਸਿੰਘ ਨੰਗੇ ਪੈਰਾਂ ਵਾਲਾ ਕਹਿ ਕੇ ਪੁਕਾਰਦੇ ਸਨ।

ਕਿਸਮਤ ਅਜਮਾਉਣ ਹਿਤ ਕਰਤਾਰ ਸਿੰਘ ਨੇ ਕਲੀਨਰੀ ਛੱਡ ਦਿੱਤੀ ਤੇ ਆਪਣੀ ਭੈਣ ਹਰ ਕੌਰ ਪਾਸੋਂ 500/- ਰੁਪਿਆ ਉਧਾਰਾ ਲੈ ਕੇ ਸ੍ਰ: ਸੂਰਤ ਸਿੰਘ ਪਾਸੋਂ ਇਕ ਮੋਈ ਹੋਈ ਬਸ ਲੈ ਲਈ। ਊਂਟ ਰੇ ਊਂਟ ਤੇਰੀ ਕੌਣ ਸੀ ਕਲ ਸੀਧੀ, ਵਾਲੀ ਗੱਲ ਇਸ ਬਸ ਦੀ ਸੀ। ਬਰੇਕਾਂ ਲੂਜ਼, ਬਾਡੀ ਖੜਖੜਾਂਦੀ, ਸੀਟਾਂ ਪਾਟੀਆਂ, ਹਾਰਨ ਢਿਲਕਵਾਂ, ਰੰਗ ਲਾਪਤਾ। ਕਰਤਾਰ ਸਿੰਘ ਬਸ ਨੂੰ ਲੈ ਐਸ.ਪੀ. ਦੇ ਦਫ਼ਤਰ ਕੋਲ ਗਿਆ। ਸਾਹਬ ਛਟਿਆ ਫੂਕਿਆ ਸੀ। ਬਸ ਨੂੰ ਵੇਖਦਿਆਂ ਸਾਰ ਪਾਰਾ 100 ਡਿਗਰੀ ਤੇ ਚੜ੍ਹ ਗਿਆ, ਮੱਥੇ ਤੇ ਤਿਊੜੀਆਂ ਪੈ ਗਈਆਂ, ਅੱਖਾਂ ਲਾਲ ਕਰ ਕੇ ਕੜਕ ਕੇ ਬੋਲਿਆ, 'ਕੰਮਬਖ਼ਤ ਕਹੀਂ ਕਾ! ਯੇਹ ਗਾੜੀ ਹੈ, ਲੋਗੋਂ ਕੀ ਜਾਨ ਲੇਗੇ।' ਇਹ ਕਹਿੰਦਿਆਂ ਦੋ-ਤਿੰਨ ਬੂਟਾਂ ਦੇ ਠੁੱਡੇ ਵੀ ਜੜ ਦਿੱਤੇ। ਕਰਤਾਰ ਸਿੰਘ ਆਪਣਾ ਮੂੰਹ ਲੈ ਵਾਪਸ ਮੁੜਿਆ।

ਦੇਵਨੇਤ ਸਤਿਗੁਰੂ ਪ੍ਰਤਾਪ ਸਿੰਘ ਜੀ ਓਸ ਇਲਾਕੇ ਨੂੰ ਭਾਗ ਲਾਣ ਗਏ। ਕਰਤਾਰ ਸਿੰਘ ਨੂੰ ਚਾ ਚੜ੍ਹ ਗਿਆ। ਜਦ ਸਤਿਗੁਰੂ ਜੀ ਦਰਸ਼ਨ ਦੇਣੇ ਸਨ, ਇਹ ਆਪਣੀ ਗੱਡੀ ਲੈ ਪਹਿਲਾਂ ਜਾ ਸਟੇਸ਼ਨ ਤੇ ਖਲੋਤਾ। ਵੱਡਾ ਕਰਤਾਰ ਸਿੰਘ ਵੀ ਨਵੀਂ ਬਸ ਲੈ ਹਾਜ਼ਰ ਹੋਇਆ। ਹੁਣ ਕਰਤਾਰ ਸਿੰਘ ਛੋਟੇ ਦੇ ਮਨ ਵਿਚ ਵਿਚਾਰ ਆਇਆ, ਨਵੀਂ ਗੱਡੀ ਦੇ ਸਾਹਮਣੇ ਮੇਰੀ ਪੁਰਾਣੀ ਗੱਡੀ ਤੇ ਕਿਸ ਪੈਰ ਧਰਨੇ ਹਨ, ਪਰ ਬਾਬਾ ਜੰਗ ਸਿੰਘ ਜੀ ਆਖਿਆ ਕਰਦੇ ਸਨ- 'ਚਿੱਕੜ ਭਿੱਜੀਆਂ ਨੂੰ ਲਏ ਗਲ ਲਾ, ਇੱਥੇ ਮਾਣ ਨਹੀਂ ਹਾਰ ਤੇ ਸ਼ੰਗਾਰ ਦਾ' ਇੱਥੇ ਇਹ ਠੀਕ ਸਿੱਧ ਹੋਇਆ ਸਤਿਗੁਰੂ ਜੀ ਸਟੇਸ਼ਨ ਤੋਂ ਬਾਹਰ ਆਏ। ਸੰਗਤਾਂ ਜੈਕਾਰੇ ਛੱਡੇ। ਆਉਂਦਿਆਂ ਹੀ ਛੋਟੇ ਕਰਤਾਰ ਸਿੰਘ ਦੇ ਮੋਢੇ ਤੇ ਹੱਥ ਰੱਖ ਪੁੱਛਿਅ;, 'ਤੇਰੀ ਗੱਡੀ ਕਿਹੜੀ ਏ?'

ਕਰਤਾਰ ਸਿੰਘ ਨੂੰ ਇਉਂ ਮਾਲੂਮ ਹੋਇਆ ਜਿਵੇਂ ਸੱਤਾਂ ਵਲੈਤਾਂ ਦੀ ਬਾਦਸ਼ਾਹੀ ਮਿਲ ਜਾਂਦੀ ਏ। ਸਤਿਗੁਰੂ ਜੀ ਗੱਡੀ ਵਿਚ ਬਹਿ ਗਏ ਤੇ ਦੂਸਰੀ ਬਸ ਵਿਚ ਸੰਗਤਾਂ ਬਹਿ ਗਈਆਂ। ਸ੍ਰ: ਪ੍ਰਤਾਪ ਸਿੰਘ ਦੇ ਘਰ ਉਤਾਰਾ ਹੋਇਆ। ਇੱਥੋਂ ਦੇ ਦੀਵਾਨ ਉਪਰੰਤ ਸਤਿਗੁਰੂ ਮੁਲਤਾਨ ਦੇ ਇਲਾਕੇ ਦੇ ਨਾਲ ਨਾਲ 95 ਤੇ 23 ਚੱਕ ਨੂੰ ਭਾਗ ਲਾਏ। ਕਰਤਾਰ ਸਿੰਘ 24 ਘੰਟੇ ਹਾਜ਼ਰ ਰਿਹਾ। ਮਨ ਵਿਚ ਕੋਈ ਕਾਪਾ ਨਹੀਂ ਖਾਧਾ ਕਿ ਅੱਗੇ ਰੋਜ਼ਗਾਰ ਕੋਈ ਨਹੀਂ

Sri Satguru Jagjit Singh Ji eLibrary NamdhariElibrary@gmail.com

ਤੇ ਹੁਣ ਇਹ ਤਿੰਨ ਹਫ਼ਤੇ ਲੰਘ ਗਏ ਹਨ। ਸਤਿਗੁਰੂ ਜੀ ਚੂੰਨੀਆਂ ਪੁੱਜੇ ਤਾਂ ਸੂਬਾ ਲੱਧਾ ਸਿੰਘ ਗਲ ਵਿਚ ਪੱਲਾ ਪਾ ਅੱਗੇ ਖਲੋ ਗਿਆ ਤੇ ਅਰਜ਼ ਕੀਤੀ-

'ਗ਼ਰੀਬ ਨਿਵਾਜ਼! ਸਿੱਖ ਬੜਾ ਬੀਬਾ ਏ, ਸਾਧ ਸੰਗਤ ਦੀ ਸੇਵਾ ਬੜੀ ਕਰਦਾ ਏ, ਪਰ......।'

'ਪਰ ਕੀ?' ਸਤਿਗੁਰਾਂ ਪਿਆਰ ਕਰਦਿਆਂ ਪੁੱਛਿਆ।

'ਸੱਚੇ ਪਾਤਸ਼ਾਹ ਗ਼ਰੀਬੀ ਬੜੀ ਏ।'

'ਸੂਬਾ ਜੀ! ਜਿਹੜਾ ਸਾਧ ਸੰਗਤ ਦੀ ਸੇਵਾ ਕਰਦਾ ਏ, ਉਸਨੂੰ ਕਦੇ ਘਾਟਾ ਹੋ ਨਹੀਂ ਸਕਦਾ। ਨੌ ਨਿਧਾਂ ਤੇ ਬਾਰਾਂ ਸਿੱਧਾਂ ਉਸ ਦੇ ਪਿੱਛੇ ਲੱਗੀਆਂ ਫਿਰਦੀਆਂ ਹਨ।" ਕਰਤਾਰ ਸਿੰਘ ਦੀਆਂ ਪ੍ਰੇਮ ਨਾਲ ਅੱਖਾਂ ਸਜਲ ਹੋ ਗਈਆਂ ਤੇ ਚਰਨਾਂ ਤੇ ਢਹਿ ਪਿਆ, ਨਿੰਮ੍ਰਤਾ ਨਾਲ ਬੋਲਿਆ-'ਆਪ ਜੀ ਦੀ ਕਿਰਪਾ ਚਾਹੀਦੀ ਏ।' ਇਧਰੋਂ ਸਤਿਗੁਰਾਂ ਬਚਨ ਕੀਤਾ ਓਧਰੋਂ ਐਸ.ਪੀ. ਦੇ ਮਨ ਵਿਚ ਜਾ ਵਸੇ। ਤੇ ਉਸ ਨੂੰ ਪ੍ਰੇਰਨਾ ਬਖਸ਼ੀ। ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਚਲੇ ਗਏ ਤੇ ਕਰਤਾਰ ਸਿੰਘ ਦੂਰ ਨੇੜੇ ਚੱਕਰ ਲਾਂਦਾ ਰਿਹਾ। ਕਈ ਦਿਨਾਂ ਪਿੱਛੋਂ ਜਦ ਇਹ ਮਿੰਟਗੁਮਰੀ ਵਲ ਆ ਰਿਹਾ ਸੀ ਗੱਡੀ ਉਵਰਲੋਡ ਸੀ। ਤਾਂ ਸਾਹਮਣਿਓ ਪੁਲੀਸ ਦੀ ਗੱਡੀ ਆਉਂਦੀ ਨਜ਼ਰ ਪਈ। ਗੱਡੀ ਵਿਚ ਪੁਲੀਸ ਕਪਤਾਨ ਆਪ ਸੀ ਇਹ ਵੇਖ ਕਰਤਾਰ ਸਿੰਘ ਦੇ ਹੱਥੋਂ ਤੋਤੇ ਉੱਡ ਗਏ, ਮਗਰ ਬਸ ਛੱਡ ਕੇ ਜਾ ਕਿਧਰ ਸਕਦਾ ਸੀ। ਜਦ ਬਸ ਜੀਪ ਦੇ ਲਾਗੇ ਬਰਾਬਰ ਪੁੱਜੀ ਤਾਂ ਸਾਹਿਬ ਨੇ ਹੱਥ ਨਾਲ ਗੱਡੀ ਰੋਕਣ ਦਾ ਇਸ਼ਾਰਾ ਕੀਤਾ' ਜਦ ਬਸ ਵਿਚ ਕਰਤਾਰ ਸਿੰਘ ਨਜ਼ਰੀਂ ਪਿਆ ਤਾਂ ਬਿਨਾਂ ਪੁੱਛ ਪੜਤਾਲ ਕੀਤੇ ਲੰਘ ਜਾਣ ਦਾ ਇਸ਼ਾਰਾ ਦੇ ਦਿੱਤਾ। ਕਰਤਾਰ ਸਿੰਘ ਵਾਹੋ ਦਾਹੀ ਗੱਡੀ ਲੈ ਅੱਗੇ ਪੁੱਜਾ ਪਰ ਅਤੇ ਡਰਾਈਵਰਾਂ ਇਕ ਦਮ ਕਾਵਾਂ ਰੌਲੀ ਮੱਚਾ ਦਿੱਤੀ 'ਨੰਗੇ ਪੈਰਾਂ ਵਾਲਾ ਆ ਗਿਆ। ਨੰਗੇ ਪੈਰਾਂ ਵਾਲਾ ਆ ਗਿਆ। 'ਕਰਤਾਰ ਸਿੰਘ ਹੈਰਾਨ ਸੀ। ਪੁੱਛਿਆ ਕੀ ਗੱਲ ਏ। ਸਾਰਿਆਂ ਇਕ ਜਬਾਨ ਹੋ ਕਿਹਾ-'ਤੇਰੀ ਭਾਲ ਹੋ ਰਹੀ ਏ। ਸਾਹਿਬ ਆਪ ਵੀ ਲੰਘਦਾ ਟੱਪਦਾ ਝਾਤ ਮਾਰ ਗਿਆ ਏ। ਇਕ-ਦੋ ਵੇਰ ਉਸ ਦਾ ਚਪੜਾਸੀ, ਪੁਲਸੀਆ ਵੀ ਚੱਕਰ ਲਾ ਗਿਆ ਏ।' ਕਰਤਾਰ ਸਿੰਘ ਨੂੰ ਪਿੱਸੂ ਪੈ ਗਏ ਕਿ ਬਿਨਾ ਪਾਸ ਕਰਾਏ ਗੱਡੀ ਚਲਾਂਦੇ ਰਿਹਾ ਹਾਂ, ਪਤਾ ਨਹੀਂ ਕੀ ਵਾਪਰਨੀ ਏ। ਓਸ ਵੇਲੇ ਅੱਖ ਬਚਾ ਕੇ ਬਸ ਅੱਡੇ ਤੋਂ ਲੈ ਨਿਕਲਿਆ ਤੇ ਆਰਫ ਵਾਲੇ ਜਾ ਕੇ ਬਸ ਖੜੀ ਕਰ ਦਿੱਤੀ ਤੇ ਆਪ ਕੋਟ ਹੀਰਾ ਸਿੰਘ ਦੇ ਚੱਲਿਆ ਗਿਆ। ਐਸ.ਪੀ. ਨੇ ਪਤਾ ਕੱਢਕੇ, ਉਚੇਚਾ ਸਿਪਾਹੀ ਭੇਜਿਆ ਤਾਂ ਕਿ ਕਰਤਾਰ ਸਿੰਘ ਨੂੰ ਬੁਲਾ ਲਿਆਏ।

ਕਰਤਾਰ ਸਿੰਘ ਦੀ ਪੁਰਾਣੀ ਗੱਡੀ ਸਿਪਾਹੀ ਨੇ ਘੇਰ ਲਈ, ਕਰਤਾਰ ਸਿੰਘ ਦੇ ਭਾ ਦੀ ਬਣੀ ਹੋਈ ਸੀ। ਇਕ-ਦੋ ਰੁਪਏ ਦੇ ਕੇ ਸਿਪਾਹੀ ਨੂੰ ਮਗਰੋਂ ਲਾਹੁਣਾ ਚਾਹਿਆ, ਪਰ ਉਸਨੂੰ ਸਾਹਿਬ ਵੱਲੋਂ ਪੱਕੀ ਸੀ, ਉਸ ਨੇ ਇਕ ਨਾ

Sri Satguru Jagjit Singh Ji eLibrary NamdhariElibrary@gmail.com

ਸੁਣੀ। ਮਰਦਾ ਕੀ ਨਹੀਂ ਕਰਦਾ?' ਕਰਤਾਰ ਸਿੰਘ ਸਿਪਾਹੀ ਦੇ ਨਾਲ ਹੋ ਟੁਰਿਆ। ਗਿਣਤੀਆਂ ਗਿਣੀ ਜਾਵੇ, ਕਿ ਪਤਾ ਨਹੀਂ ਕੀ ਬੀਤਣੀ ਏ। ਗੱਡੀ ਬਿਨਾ ਪਾਸ ਕਰਾਏ ਹੀ ਵਾਹੁੰਦਾ ਰਿਹਾ ਹਾਂ। ਓਵਰਲੋਡ ਗੱਡੀ ਸਾਹਿਬ ਨੇ ਆਪ ਵੇਖ ਲਈ ਸੀ। ਜਿਉਂ ਜਿਉਂ ਦਫ਼ਤਰ ਨੇੜੇ ਆਵੇ, ਤਿਉਂ ਤਿਉਂ ਕਰਤਾਰ ਸਿੰਘ ਦਾ ਰੰਗ ਉੱਡਦਾ ਜਾਵੇ। ਆਖ਼ਰ ਦੋਵੇਂ ਜਣੇ ਦਫ਼ਤਰ ਲਾਗੇ ਪੁੱਜੇ। ਸਪ੍ਹਾਟਾ ਇਤਲਾਹ ਦੇਣ ਅੰਦਰ ਚਲਾ ਗਿਆ ਤੇ ਸਾਹਿਬ ਬਾਹਰ ਆਇਆ। ਕਰਤਾਰ ਸਿੰਘ ਨੇ ਅਦਾਬ ਅਰਜ਼ ਕੀਤਾ।

ਕਰਤਾਰ ਸਿੰਘਾ! ਕਿੱਥੇ ਰਿਹਾ ਏਂ? ਬਸ ਕਿੱਥੇ ਈ? ਕੁਝ ਰੰਗ ਰੂਪ ਬਦਲਿਆ ਈ?' ਐਸ.ਪੀ. ਨੇ ਪੁੱਛਿਆ।

'ਨਹੀਂ ਸਾਹਿਬ ਕੁਝ ਠੀਕ ਨਹੀਂ ਕਰਾਇਆ।'

ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤਾਂ ਨੂੰ ਤਾਰ ਰਹੇ ਸਨ, ਮਹੀਨਾ ਖੰਡ ਉਨ੍ਹਾਂ ਨਾਲ ਰਿਹਾ ਹਾਂ, ਬੱਸ ਆਰਫ ਵਾਲੇ ਖੜੀ ਏ।

'ਲਿਆ ਬੱਸ, ਉਸ ਨੂੰ ਵੇਖੀਏ।'

"ਜਨਾਬ ਤੇਲ ਜੋਗੇ ਪੈਸੇ ਨਹੀਂ, ਗੱਡੀ ਕਿਵੇਂ ਲਿਆਵਾਂ?"

ਸਤਿਗੁਰੂ ਦੇ ਪਰੇਰੇ ਸਾਹਿਬ ਨੇ ਬਿਨਾਂ ਦੇਖੇ ਹੀ ਗੱਡੀ ਪਾਸ ਕਰ ਦਿੱਤੀ ਤੇ ਸਰਟੀਫਿਕੇਟ ਦੇ ਦਿੱਤਾ। ਕਰਤਾਰ ਸਿੰਘ ਸਹਿਮਿਆ ਸਹਿਮਿਆ ਗਿਆ ਸੀ, ਹੱਸਦਾ ਹੱਸਦਾ ਮੁੜਿਆ। ਸਤਿਗੁਰੂ ਜੀ ਦਾ ਲੱਖ ਲੱਖ ਸ਼ੁਕਰ ਕੀਤਾ, ਜਿਨ੍ਹਾਂ ਦੀ ਮਿਹਰ ਕਾਰਨ ਇਹ ਕਾਰਜ ਸਿਰੇ ਚਾੜ੍ਹਿਆ।

ਕਰਤਾਰ ਸਿੰਘ ਨੇ ਕੁਝ ਸਮੇਂ ਉਪਰੰਤ ਬਸ ਵੇਚ ਦਿੱਤੀ ਤੇ ਮੁੜ ਦੁਕਾਨ ਪਾ ਲਈ। ਕੰਮ ਤਾਂ ਚੰਗਾ ਚੱਲਿਆ ਮਗਰ ਭੱਠੇ ਦੇ ਮਜ਼ੂਰ 500/700 ਲੈ ਕੇ ਨੱਸ ਗਏ। ਕਰਤਾਰ ਸਿੰਘ ਉਨ੍ਹਾਂ ਦੇ ਮਗਰ ਤਾਂ ਗਿਆ ਪਰ ਪੱਲੇ ਕੁਝ ਵੀ ਨਾ ਪਿਆ। ਸਰਦਾਰ ਸੂਰਜ ਸਿੰਘ ਦੀ ਸਲਾਹ ਨਾਲ ਉਨ੍ਹਾਂ ਮੁੜ ਟਰਾਂਸਪੋਰਟ ਦਾ ਕੰਮ ਅਰੰਭ ਦਿੱਤਾ। ਸੂ: ਸੂਰਤ ਸਿੰਘ, ਕਰਤਾਰ ਸਿੰਘ ਵੱਡਾ ਤੇ ਕਰਤਾਰ ਸਿੰਘ ਛੋਟਾ ਤਿੰਨੇ ਵੱਡੇ ਹਿੱਸੇਦਾਰ ਸਨ। ਇਨ੍ਹਾਂ ਪਾਸ ਪਹਿਲਾਂ ਮੌਲਵੀ ਅਬਦੁਲ ਰਹਿਮਾਨ ਤੇ ਅਬਦੁਲ ਵਾਹਦ ਕੰਮ ਕਰਦੇ ਰਹੇ ਸਨ। ਸਤਿਗੁਰਾਂ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਵੀ ਕੂਕਿਆਂ ਵਾਲਾ ਇਸ਼ਕ ਸਤਾਂਦਾ ਸੀ। ਜਦ ਕਦੇ ਦੀਵਾਨ ਵਿਚ ਜਾਂਦੇ ਮਸਤ ਹੋ ਨੱਚਦੇ। ਉਨ੍ਹਾਂ ਦਾ ਕੰਮ ਜ਼ੋਰਾਂ ਤੇ ਸੀ। ਉਨ੍ਹਾਂ ਹੱਲਾਸ਼ੇਰਾ ਦਿੱਤੀ ਤੇ ਆਖਿਆ ਸਰਦਾਰਾ! ਫ਼ਿਕਰ ਨਾ ਕਰ ਸਤਿਗੁਰੂ ਰਾਮ ਸਿੰਘ ਮਿਹਰਾਂ ਕਰਨਗੇ। ਤਗੜਾ ਹੋ, ਅੱਲਾ ਖ਼ੈਰ ਕਰ ਅਸੀਂ ਤੁਹਾਡੀ ਪੂਰੀ ਪੂਰੀ ਮੱਦਦ ਕਰਾਂਗੇ,' ਉਨ੍ਹਾਂ ਚੰਗਾ ਹੱਥ ਵਟਾਇਆ ਤੇ ਸਤਿਗੁਰਾਂ ਦੀ ਮਿਹਰਾਂ ਨਾਲ ਲਛਮੀ ਪ੍ਰਕਰਮਾ ਕਰਨ ਲੱਗ ਪਈ। ਅਸਲ ਵਿਚ ਜਦ ਸਤਿਗੁਰ ਦੀ ਨਜ਼ਰ ਸੁਵੱਲੀ ਹੋ ਜਾਵੇ ਤਾਂ ਰਾਹ ਜਾਂਦੇ ਵੀ ਮੱਦਦ ਵਾਸਤੇ ਆ ਖਲੋਂਦੇ ਹਨ। ਜਦ ਤੋਂ ਸਤਿਗੁਰਾਂ ਸੂਬਾ ਲੱਧਾ ਸਿੰਘ ਦੀ ਬੇਨਤੀ ਪ੍ਰਵਾਨ

Sri Satguru Jagjit Singh Ji eLibrary NamdhariElibrary@

ਕਰਦਿਆਂ, ਮਿਹਰਾਂ ਬਖਸ਼ੀਆਂ ਫੇਰ ਤਾਂ ਪੈਰ ਅਗ੍ਹਾਂ ਦਾ ਅਗ੍ਹਾਂ ਹੀ ਵੱਧਦਾ ਗਿਆ ਦਿਨਾਂ ਵਿਚ ਲੱਖਾਂ ਪੈਦਾ ਹੋ ਗਏ। ਹੁਣ ਇਨ੍ਹਾਂ ਬਸਾਂ ਦਾ ਕੰਮ ਛੱਡ ਦਿੱਤਾ ਤੇ ਮਿੰਟਗੁਮਰੀ ਟਰਾਂਸਪੋਰਟ ਦੀ ਬੁਨਿਆਦ ਰੱਖੀ। ਗਹਿਮਾ ਗਹਿਮ ਹੋਣ ਲੱਗ ਪਈ। ਜਿਸ ਕੰਮ ਨੂੰ ਹੱਥ ਪਾਇਆ, ਉਹ ਸੰਪੂਰਨ, ਜਿਸ ਮੁਹਿਮ ਤੇ ਚੜ੍ਹੇ ਉਹ ਸਰ, ਰਾਜ ਦਰਬਾਰ ਵੀ ਮਾਣ ਵੱਧ ਗਿਆ।

ਬਟਵਾਰੇ ਉਪਰੰਤ ਦਿੱਲੀ ਆ ਡੇਰਾ ਲਾਇਆ, ਪੈਸਾ ਪਾ ਕੇ ਵੀ ਨਿੰਮ੍ਰਤਾ ਨਹੀਂ ਛੱਡੀ। ਕਿਸੇ ਨਾਲ ਹੇਰਾ ਫੇਰਾ ਨਹੀਂ ਕੀਤੀ। ਕਿਸੇ ਗ਼ਰੀਬ ਨੂੰ ਨਹੀਂ ਦੁਖਾਇਆ। ਜਿੱਥੋਂ ਤੱਕ ਵਾਹ ਲੱਗੀ ਯਤੀਮਾਂ ਅਨਾਥਾਂ ਦੀ ਮੱਦਦ ਕੀਤੀ।

**ਬਾਬਾ ਜੈਮਲ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਬੰਗਲੇ ਦੀ ਸਾਈ

ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਆਰਾਮ ਬਾਗ਼, ਨਵੀਂ ਦਿੱਲੀ ਵਿਚ ਹੋ ਰਿਹਾ ਸੀ। ਭੋਗ ਉਪਰੰਤ ਸਤਿਗੁਰੂ ਜੀ ਮੈਦਾਨ ਵਿਚ ਮੌਜ ਨਾਲ ਟਹਿਲ ਰਹੇ ਸਨ। ਮਾਤਾ ਵੀਰਾਂ ਗੀਟੀਆਂ ਗਿਣਦੀ ਉਹ ਵੀ ਪੁੱਜੀ। ਉਹ ਘਰ ਦੀਆਂ ਸਾਰੀਆਂ ਗੁੱਠਾਂ ਫੋਲ ਫਰਾਲ ਕੇਵਲ 5 ਆਨੇ ਪ੍ਰਾਪਤ ਕਰਕੇ ਆਰਾਮ ਬਾਗ਼ ਪਹੁੰਚੀ। ਉਸ ਦੇ ਦੇਰ ਨਾਲ ਪੁੱਜਣ ਦਾ ਕਾਰਨ ਵੀ ਇਹੋ ਸੀ, ਕਿ ਉਸ ਨੂੰ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਣ ਵਾਸਤੇ ਕੁਝ ਔੜ ਨਹੀਂ ਰਿਹਾ ਸੀ। ਅੰਤ ਉਸ ਨੇ ਪੰਜ ਆਨੇ ਲੈ ਕੇ ਹੀ ਦਰਸ਼ਨ ਕਰਨੇ ਮੁਨਾਸਬ ਜਾਣਿਆਂ ਪਰ ਹੁਣ ਮੱਥਾ ਕਿਵੇਂ ਟੇਕੇ, ਸਤਿਗੁਰੂ ਜੀ ਤਾਂ ਦੀਵਾਨ ਵਿੱਚੋਂ ਉਠ ਬੈਠੇ ਸਨ। ਉਹ ਪੰਜ ਆਨੇ ਕਿੱਥੇ ਖਿਲਾਰੇ, ਇਸੇ ਵਾਸਤੇ ਉਹ ਆ ਕੇ ਵੀ ਇਧਰ ਉਧਰ ਤੱਕ ਰਹੀ ਸੀ।

ਸਤਿਗੁਰੂ ਜੀ ਜਾਣੀ ਜਾਣ ਬੀਬੀ ਵੱਲ ਤੱਕਿਆ ਤੇ ਵੀਰਾਂ ਦੀ ਅੰਦਰਲੀ ਹਾਲਤ ਜਾਣ ਇਕ ਸਿੱਖ ਨੂੰ ਹੁਕਮ ਕੀਤਾ 'ਇਸ ਮਾਈ ਪਾਸੋਂ ਪੰਜ ਆਨੇ ਲੈ ਆ। ਇਹ ਪੰਜ ਆਨੇ ਨਹੀਂ ਪੰਜ ਲੱਖ ਹੈ।' ਬੀਬੀ ਨਾਲੇ ਪੈਸਿਆਂ ਦੀ ਗੀਢ ਖੋਲ ਰਹੀ ਸੀ। ਨਾਲ ਹੀ ਤ੍ਰਿਪ ਤ੍ਰਿਪ ਪ੍ਰੇਮ ਹੰਝੂ ਕੇਰ ਰਹੀ ਸੀ। ਪੈਸੇ ਦਿੱਤੇ ਤੇ ਚਰਨਾਂ ਤੇ ਮੱਥਾ ਟੇਕਿਆ ਤੇ ਘਰ ਨੂੰ ਮੁੜੀ! ਭਾਈ ਗੁਰਦਾਸ ਜੀ ਨੇ ਠੀਕ ਹੀ ਆਖਿਆ ਹੈ:-

**ਭਾਵਨੀ ਭਗਤਿ ਭਾਏ ਕੌਡੀ ਅਗਰ ਭਾਗ ਰਾਖੈ।**
**ਸਤਿਗੁਰ ਸਰਥ ਨਿਧਾਨ, ਤਾਹੋਂ ਦੇਤ ਹੈ।**

ਮਾਤਾ ਵੀਰਾਂ ਘਰ ਪੁੱਜੀ। ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਰੰਗ ਲਿਆਉਣਾ ਸ਼ੁਰੂ ਕੀਤਾ। ਅੱਜ ਹੋਰ, ਕੱਲ੍ਹ ਹੋਰ। ਮਾਇਆ ਲੱਗੀ ਪ੍ਰਕਰਮਾ ਕਰਨ। ਦਿਨਾਂ ਵਿਚ ਬੋਹਲ ਉਸਰ ਗਿਆ। ਅੱਜ ਮਾਤਾ ਵੀਰਾਂ ਦੇ ਸਪੁੱਤਰ ਅਨੰਦ ਪੂਰਵਕ ਜੀਵਨ ਬਤੀਤ ਕਰ ਰਹੇ ਹਨ। ਦਰਸ਼ਨ ਸਿੰਘ ਪਾਸ ਲੱਗਪਗ ਇਕ ਲੱਖ ਦੀ ਕੋਠੀ ਹੈ। ਰੇਡੀਓ ਹੈ, ਟੈਲੀਵੀਜ਼ਨ ਹੈ। ਘਰ ਵਿਚ ਖੂਹੀ ਹੈ। ਦੂਜਾ ਪੁੱਤਰ ਸੁਖਬੀਰ ਸਿੰਘ ਡਬਲ ਐਮ.ਏ. ਹੈ। ਦੋਹਾਂ ਦਾ ਚੰਗਾ ਨਿਰਬਾਹ ਹੋ ਰਿਹਾ ਹੈ। ਮਾਤਾ ਵੀਰਾਂ ਦਾ ਕੰਮ ਕੇਵਲ ਮਾਲਾ ਫੇਰਨਾ ਹੈ, ਬਾਕੀ ਜ਼ੁੰਮੇਵਾਰੀਆਂ ਤੋਂ ਪੂਰਨ ਰੂਪ ਵਿਚ ਮੁਕਤ ਹੈ। ਤੇ ਸਤਿਗੁਰਾਂ ਦਾ ਲੱਖ ਲੱਖ ਸ਼ੁਕਰ ਕਰਦੀ ਹੈ।

**ਮਾਤਾ ਵੀਰਾਂ**

Sri Satguru Jagjit Singh Ji eLibrary NamdhariElibrary@gmail.com

# ਟਰੈਕਟਰ ਤੇ ਟਿਊਬਵੈੱਲ

**ਏਕ ਜੇ ਸਰੀਰ ਕੇ ਬਪ ਹੋਵੈ ਕੋਟ ਕੋਟ,**
**ਛਿਅੰਨਵੇਂ ਕਰੋੜ ਰੋਮ ਏਕ ਏਕ ਸਰੀਰ ਕੇ।**
**ਏਕ ਏਕ ਰੋਮ ਪਰ ਸੀਸ ਹੋਵੈ ਕੋਟ ਕੋਟ**
**ਏਕ ਏਕ ਸੀਸ ਪੈ ਮੁਖ ਹੋਵੈ ਚੀਰ ਕੇ।**
**ਏਕ ਏਕ ਮੁਖ ਮੈਂ ਜਿਬਹਾ ਹੋਵੈ ਕੋਟ ਕੋਟ,**
**ਏਕ ਏਕ ਜੇਹਬਾ ਭਣੈ ਗੁਣ ਜਗਦੀਸ਼ ਕੇ।**
**ਕਹੇ ਗੁਰਦਾਸ ਭੋਲਾ ਤਊ ਭੀ ਹਉ ਐਵਾਲ ਮਤ,**
**ਕਹਿ ਭੀ ਨ ਸਕਓ ਗੁਣ ਸਤਿਗੁਰ ਸਰੀਰ ਕੇ।**

(ਭਾਈ ਗੁਰਦਾਸ)

ਮੈਂ ਤਾਂ ਨਹੀਂ ਕਹਿ ਸਕਦਾ ਕਿ ਭਾਈ ਗੁਰਦਾਸ ਜੀ ਨੇ ਇਹ ਕਦੋਂ ਤੇ ਕਿਸ ਸਮੇਂ ਉਚਾਰਨ ਕੀਤਾ, ਪਰ ਮੇਰਾ ਪੂਰਨ ਵਿਸ਼ਵਾਸ ਹੈ ਕਿ ਇਹ ਕਵਿਤ ਸਾਹਿਬ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਾਨ ਵਿਚ ਪੂਰਾ ਉਤਰ ਸਕਦਾ ਹੈ। ਇਹ ਠੀਕ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਜ਼ਾਰਾਂ ਪਾਪੀਆਂ ਨੂੰ ਪਾਵਨ ਬਣਾਇਆ! ਰਾਖਸ਼ਾਂ ਨੂੰ ਦੇਵਤੇ ਕੀਤਾ, ਰੋਗੀਆਂ ਦੇ ਰੋਗ ਦੂਰ ਕਰ ਉਨ੍ਹਾਂ ਦੀ ਦੇਹਾਂ ਨੂੰ ਕੁੰਦਨ ਬਣਾ ਦਿੱਤਾ। ਦਰ ਦਰ ਦੀਆਂ ਠੋਕਰਾਂ ਖਾਣ ਵਾਲਿਆਂ ਨੂੰ ਬਾਦਸ਼ਾਹੀਆਂ ਬਖਸ਼ੀਆਂ। ਕੇਵਲ ਇਕ ਨਹੀਂ, ਕਲਮ ਲਿਖ ਨਹੀਂ ਸਕਦੀ, ਜੀਭ ਦਸ ਨਹੀਂ ਸਕਦੀ ਇਕ ਕਵੀ ਦਾ ਕਥਨ ਹੈ:-

**ਤਾਰੇ ਗਿਣੇ ਜਾਤ ਹੈਂ, ਨਾ ਤਾਰੇ ਗਿਣੇ ਜਾਤ ਹੈਂ।**

ਦੂਜਿਆਂ ਦੀ ਗੱਲ ਛੱਡੋ ਆਪਣੀ ਹੱਡ ਬੀਤੀ ਦੱਸਣ ਵਿਚ ਸਵਾਦ ਹੈ। ਅਸੀਂ ਕੀ ਸਾਂ? ਗੋਡੇ ਗੋਡੇ ਗ਼ਰੀਬੀ ਸੀ, ਵਾਲ ਵਾਲ ਕਰਜ਼ੇ ਨਾਲ ਵਿੰਨਿਆ ਪਿਆ ਸੀ। ਸਵੇਰ ਨੂੰ ਖਾਧੀ ਤਾਂ ਰਾਤ ਦਾ ਫ਼ਿਕਰ ਸੀ। ਹਜ਼ਾਰਾ ਸਿੰਘ ਨੂੰ ਵਿਆਹਿਆ ਉਹ ਵੀ ਧੰਨੋਂ ਨੂੰ ਦੇ ਕੇ। ਵਿਚਾਰੀ ਮਾਸੀ ਸ਼ਰਾਬੀਆਂ ਦੇ ਘਰ ਗਈ। ਕੋਈ ਸਾਡੀ ਸਾਖ ਸੀ?

ਸਤਿਗੁਰਾਂ ਕਿਰਪਾ ਕੀਤੀ ਮੇਰੇ ਤਾਏ ਜਗਤ ਸਿੰਘ ਨੂੰ ਸਾਧ ਸੰਗਤ ਦੀ ਜਾਗ ਲੱਗ ਗਈ। ਉਹ ਮਹੀਨਿਆਂ ਬੱਧੀ ਸ੍ਰੀ ਭੈਣੀ ਸਾਹਿਬ ਸਾਧ ਸੰਗਤ ਦੀ ਸੇਵਾ ਕਰਦਾ। ਜਦ ਕਦੀ ਆ ਕੇ ਸਾਡਾ ਹੱਥ ਵਟਾਉਂਦਾ ਤਾਂ ਫੱਸਿਆ ਗੱਡਾ ਰਿੜ ਪੈਂਦਾ। ਚਿਹਰਿਆਂ ਤੇ ਲਾਲੀ ਚੜ੍ਹ ਜਾਂਦੀ ਤੇ ਵਿਹੜੇ ਵਿਚ ਖ਼ੁਸ਼ੀਆਂ ਨੱਚਣ ਲੱਗ ਪੈਂਦੀਆਂ। ਸਮਸੇ ਦੌਰਾ ਸੀ। ਅਨੋਖ ਸਿੰਘ, ਤ੍ਰਿਲੋਕ ਸਿੰਘ, ਲੱਧਾ ਸਿੰਘ, ਕਾਰੀਗਰ ਸਿੰਘ ਮੁਕਤੇ ਰਹਿੰਦੇ ਸਨ। ਬੜੇ ਗੁਰਮੁਖ ਪਿਆਰੇ। ਦਸਾਂ ਨਵਾਂ

Sri Satguru Jagjit Singh Ji eLibrary NamdhariElibrary@gmail.com

ਦੀ ਕਿਰਤ ਕਰਦੇ, ਹੱਥ ਦੇ ਸੁੱਚੇ, ਮੇਰੇ ਪਿਤਾ ਜੀ ਨੂੰ ਨਾਲ ਲੈ ਸਮਸੇ ਗਏ ਬੜਾ ਸਵਾਦ ਆਇਆ। ਸ਼ਬਦ ਕੀਰਤਨ ਸੁਣਿਆ ਦਰਸ਼ਨ ਕੀਤੇ ਤੇ ਸਾਰਿਆਂ ਰਲਕੇ ਮੁਕਤੇ ਚਰਨ ਪਾਣ ਵਾਸਤੇ ਬੇਨਤੀ ਕੀਤੀ। ਸਤਿਗੁਰੂ ਜੀ ਤ੍ਰੁਠ ਪਏ। ਬੇਨਤੀ ਪ੍ਰਵਾਨ ਕਰ ਲਈ ਤੇ ਅਗਲੇ ਦਿਨ ਮੇਲਾ ਸਾਡੇ ਨਗਰ ਆ ਗਿਆ। ਬੜੀਆਂ ਖ਼ੁਸ਼ੀਆਂ ਚੜੀਆਂ ਰੰਗ ਬੱਝਾ। ਸੱਜਣ ਸਿੰਘ ਬੜਾ ਨੌਸਰ ਬਾਜ ਸੀ। ਉਹ ਸੰਤ ਅਤਰ ਸਿੰਘ ਜੀ ਦਾ ਦੀਵਾਨ ਸੁਣਨ ਗਿਆ, ਬਸ ਜਾਂਦਿਆਂ ਈ ਫਾਹਿਆ ਗਿਆ। ਸੰਤਾਂ ਸਹੁੰਏ ਕੋਈ ਪੇਸ਼ ਨਾ ਗਈ। ਸੰਤਾਂ ਕੰਨ ਵਿੱਚੋਂ ਫੂਕ ਮਾਰ ਦਿੱਤੀ। ਉਸ ਦੇ ਸਿੰਘ ਸੱਜਣ ਨਾਲ ਚੰਗਾ ਪ੍ਰਭਾਵ ਪਿਆ। ਹੋਰਨਾਂ ਕਈਆਂ ਭਜਨ ਪੁੱਛ ਲਿਆ ਸਤਿਗੁਰੂ ਜੀ ਦਾ ਉਤਾਰਾ ਸਾਡੇ ਘਰਾਂ ਵਿਚ ਸੀ। ਜਿਸ ਦੇ ਆਲੇ ਦੁਆਲੇ ਛੱਪੜ ਸਨ ਤੇ ਕੰਧਾਂ ਤੇ ਗੋਡੇ ਗੋਡੇ ਸਲਾਬਾ। ਉਸ ਰਾਤ ਸਤਿਗੁਰੂ ਜੀ ਬਰਾਜ ਨਾ ਸਕੇ। ਬਾਹਰ ਫਿਰ ਟੁਰ ਕੇ ਰਾਤ ਗੁਜ਼ਾਰੀ ਤੇ ਸੰਤ ਰਤਨ ਸਿੰਘ ਨਾਲ ਬਚਨ ਕੀਤਾ-'ਰਤਨ! ਮੈਨੂੰ ਸੁੱਖ ਦੀ ਨੀਂਦ ਓਦਣ ਆਵੇਗੀ ਜਦ ਅਜੇਹੇ ਸਿੰਘ ਰੱਜ ਕੇ ਰੋਟੀ ਖਾਣਗੇ ਤੇ ਪਕਿਆਂ ਚੁਬਾਰਿਆਂ ਵਿਚ ਵੱਸਣਗੇ।

ਬਸ ਉਸੇ ਦਿਨ ਤੋਂ ਰੇਖ ਵਿਚ ਮੇਖ ਵੱਜ ਗਈ। ਦਿਨ ਬਦਲਨੇ ਸ਼ੁਰੂ ਹੋ ਗਏ। ਅੱਜ ਹੋਰ ਕੱਲ੍ਹ ਹੋਰ। ਦਿਨਾਂ ਵਿਚ ਲਛਮੀ ਪ੍ਰਕਰਮਾ ਅਰੰਭ ਦਿੱਤੀ। ਇਕ ਜੱਟ ਪਾਸੋਂ ਭੋਏਂ ਠੇਕੇ ਤੇ ਲਈ 20-22 ਰੁਪਏ ਕਿਲੇ ਦਾ ਠੇਕਾ ਸੀ। ਭਾ ਵੀ ਨਰਮ ਸਨ। ਪਿੰਡ ਵਿਚ ਗੱਲਾਂ ਚੱਲ ਪਈਆਂ। ਸਿੱਖ ਦੀ ਕਿਵੇਂ ਪੂਰੀ ਪਵੇਗੀ। ਦੇ ਕੇ ਛੁੱਟੇਗਾ। ਜੱਟ ਵੀ ਟਿਚਕਰਾਂ ਕਰੇ-'ਧਰਮ ਕੀ ਬਾਤ ਏ! ਧਰਮ ਕੀ ਬਾਤ!! ਬਚਕੇ ਨਿਕਲਣਗੇ ਤਾਂ ਜਾਣਾਂਗੇ।' ਮਗਰ ਜਦ ਸਤਿਗੁਰੂ ਦੀ ਸਵੱਲੀ ਨਜ਼ਰ ਹੋਵੇ, ਫੇਰ ਭਾ ਕਿਤੇ ਚਲੇ ਜਾਣ ਪਰਵਾਹ ਨਹੀਂ ਰਹਿ ਸਕਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਸਾਰਾ ਠੇਕਾ ਸਾਉਣੀ ਵਿੱਚੋਂ ਪੂਰਾ ਹੋ ਗਿਆ। ਬਲ ਬਲ ਹੋ ਗਈ 250 ਮਣ ਕਣਕ ਵੱਢ ਕੁਝ ਹੋਰ ਇਧਰੋਂ ਹੋ ਗਈ।

ਸਤਿਗੁਰੂ ਜੀ ਜ਼ਮੀਨਾਂ ਖ਼ਰੀਦਣ ਦਾ ਐਲਾਨ ਕੀਤਾ। ਕਣਕ ਵੱਖ ਹੋ ਗਈ। ਉਧਰੋਂ ਇਕੱਠਾ ਕਰ ਪੈਸੇ ਜਮ੍ਹਾ ਕਰ ਦਿੱਤੇ। ਜ਼ਮੀਨ ਕਾਹਦੀ ਏ ਨਿਰਾ ਸੋਨਾ। ਇਹ ਬਖਸ਼ਸ਼ਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਹਨ। ਕਿਸੇ ਵੇਲੇ ਸਾਡੇ 12 ਖੋਤੇ ਸਨ ਅੱਜ ਦੋ ਟਰੈਕਟਰ ਹਨ ਤੇ 3 ਟਿਊਬਵੈੱਲ। ਹੋਰ ਮਾਇਆ ਸਾਂਭੀ ਨਹੀਂ ਜਾਂਦੀ। ਇਹ ਸਾਰੀ ਕ੍ਰਿਪਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੈ ਜਿਸ ਦੇ ਗੁਣ ਬ੍ਰਹਮਾ ਵੀ ਗਾ ਨਹੀਂ ਸਕਦਾ।

**ਧਰਮ ਸਿੰਘ**
ਸੰਤ ਨਗਰ

Sri Satguru Jagjit Singh Ji eLibrary NamdhariElibrary@gmail.com

## 'ਬਾਪੂ'

'ਚੋਲਿਆਂ ਦੇ ਦਾਲੇ ਵਿੱਚੋਂ, ਖੀਰ ਦਾ ਸਵਾਦ ਆਉਂਦਾ ਹੈ।'

ਇਹ ਬੋਲੇ ਮਾਤਾ ਜੀ ਸੁਭਾਵਕ ਹੀ ਆਖਿਆ ਕਰਦੇ ਸਨ। ਸੰਤ ਪ੍ਰਤਾਪ ਸਿੰਘ 'ਚੋਲੇ' ਸਨ ਤੇ ਇਨ੍ਹਾਂ ਦੇ ਬੈਕਿਆਂ ਵਿਚ ਮੰਨੇ ਪ੍ਰਮੰਨੇ 'ਬਾਪੂ' ਕਿਸ਼ਨ ਸਿੰਘ ਸਨ। ਸੰਤ ਪ੍ਰਤਾਪ ਸਿੰਘ ਦੀਆਂ ਦੋ ਗੱਲਾਂ ਯਾਦ ਰੱਖਣ ਵਾਲੀਆਂ ਹਨ:-

1. ਮੁਕਦਮਾ ਨਹੀਂ ਲੜਨਾ।
2. ਹਸਪਤਾਲ ਨਹੀਂ ਜਾਣਾ।

ਸਤਿਗੁਰੂ ਦੀ ਕ੍ਰਿਪਾ ਨਾਲ ਉਹ ਦੋਹਾਂ ਗੱਲਾਂ ਤੇ ਹੀ ਪੂਰੇ ਉਤਰੇ।

ਬਾਪੂ ਪ੍ਰਤਾਪ ਸਿੰਘ ਸਿਆਮ ਗਏ। ਸਤਿਗੁਰੂ ਜੀ ਦੀ ਮਿਹਰ ਨਾਲ ਚੰਗਾ ਕੰਮ ਚੱਲ ਪਿਆ। ਬਾਜ਼ਾਰ ਵਿਚ ਸਾਖ ਵੀ ਚੰਗੀ ਜੰਮ ਗਈ। ਘਰ ਮਾਨ ਸਤਿਕਾਰ ਸੀ, ਸਾਰੇ ਪੁੱਛ ਕੇ ਟੁਰਦੇ ਸਨ। ਪਰ ਸਤਿਗੁਰਾਂ ਦੀ ਮੌਜ ਇੱਕ ਪੁੱਤਰ ਦੀ ਘਾਟ ਸੀ। ਤਿੰਨ ਪੁਤਰੀਆਂ ਸਨ। ਪੁੱਤਰ ਬਿਨਾ ਘਰ ਭਾਂ ਭਾਂ ਕਰਦਾ ਸੀ। ਵਿਹੜਾ ਸੁੰਨਾ ਵੇਖ ਕੇ ਸੰਤਾਂ ਦੀ ਅਰਧੰਗੀ ਕਰਤਾਰ ਕੌਰ ਉਦਾਸ ਰਹਿੰਦੀ। ਕਈ ਉਪਾ ਕੀਤੇ। ਵੈਦਾਂ ਤੇ ਡਾਕਟਰਾਂ ਨੂੰ ਪੁੱਛਿਆ, ਸਾਧਾਂ ਫ਼ਕੀਰਾਂ ਦੀਆਂ ਮੰਨਤਾਂ ਮੰਨੀਆਂ, ਪਰ ਕਿਤੋਂ ਖ਼ੈਰ ਨਾ ਪਿਆ।

ਦੇਵਤਾ ਸਰੂਪ ਸੰਤ ਧਿਆਨ ਸਿੰਘ ਜੀ ਬੈਂਕੋਕ ਰਹਿੰਦੇ ਸਨ, ਉਨ੍ਹਾਂ ਬੜੇ ਬੜੇ ਮਗਰਮੱਛਾਂ ਨੂੰ ਨੱਥਿਆ ਸੀ, 'ਤੇ ਵੱਡੇ ਵਡੇ ਪਹਿਲਵਾਨਾਂ ਦੀ ਕੰਢ ਲਾਈ ਸੀ। ਮਾਤਾ ਕਰਤਾਰ ਕੌਰ ਸੰਤਾਂ ਕੋਲ ਗਈ ਅਤੇ ਮਨ ਦੀ ਵਿਥਿਆ ਦੱਸੀ। ਸੰਤਾਂ ਰਚਨ ਕੀਤਾ-'ਬੀਬੀ! ਭਜਨ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰਿਆ ਕਰ। ਉਹ ਕਿਰਪਾ ਕਰਨਗੇ।' ਕਰਤਾਰ ਕੌਰ ਖੁਲ੍ਹਿਆਂ ਦੀ ਧੀ, ਕੱਟੜ ਸਿੰਘ ਸਭੀਆਂ ਦੇ ਅਸਰ ਹੇਠ ਪਲੀ ਠਠੰਬਰ ਕੇ ਬੋਲੀ-

'ਸਤਿਗੁਰੂ ਰਾਮ ਸਿੰਘ? ਉਹ ਕੌਣ? ਮੈਂ ਦੱਸਾਂ ਗੁਰੂਆਂ ਉਪਰੰਤ ਕਿਸੇ ਗੁਰੂ ਨੂੰ ਨਹੀਂ ਜਾਣਦੀ।'

ਪਰ ਸੰਤ ਪ੍ਰਤਾਪ ਸਿੰਘ ਤੇ ਸਤਿਗੁਰਾਂ ਦੀ ਕਿਰਪਾ ਸੀ ਉਹ ਸਦਾ ਸਾਧ ਸੰਗਤ ਦੀ ਸੇਵਾ ਵਿਚ ਅਨੰਦ ਮਾਣਦੇ। ਸੰਤ ਧਿਆਨ ਸਿੰਘ ਜੀ ਨੇ ਕਿਹਾ:-

ਬੀਬੀ! ਤੇਰੇ ਪਤੀ ਸਤਿਗੁਰੂ ਰਾਮ ਸਿੰਘ ਜੀ ਦੇ ਸ਼ਰਧਾਲੂ ਹਨ। ਤੇਰੇ ਮਨ ਦੀ ਬਿਰਤੀ ਹੋਰ ਹੈ। ਸਵਾਲ ਟੇਡਾ ਏ, ਤੈਨੂੰ ਇਹ ਗੱਲ ਛੱਡਣੀ ਪਵੇਗੀ। ਦੋ ਬੇੜੀਆਂ ਦੇ ਸਵਾਰ ਕਦੇ ਪਾਰ ਨਹੀਂ ਲੰਘਦੇ। ਤੈਨੂੰ ਵੀ ਪਤੀ ਦੇਵ ਵਾਲੀ

Sri Satguru Jagjit Singh Ji eLibrary NamdhariElibrary@gmail.com

ਬੇੜੀ ਤੇ ਚੜ੍ਹਨਾ ਹੋਵੇਗਾ, ਤਦ ਘਰ ਵਿਚ ਮੰਗਲਾਚਾਰ ਹੋਵੇਗਾ।'

ਮਾਵਾਂ ਨੂੰ ਪੁੱਤਾਂ ਦਾ ਮੇਵਾ ਹਰ ਵਸਤ ਨਾਲੋਂ ਮਿੱਠਾ ਲੱਗਦਾ ਹੈ। ਪੁੱਤਰ ਖ਼ਾਤਰ ਮਾਂ ਸੌ ਜਫਰ ਜਾਲਦੀ ਹੈ। ਹਾਰ ਕੇ ਸੰਤਾਂ ਅੱਗੇ ਮੱਥਾ ਟੇਕ ਦਿੱਤਾ ਤੇ ਭਜਨ ਪੁੱਛ ਲਿਆ। ਹੁਣ ਦੰਪਤੀ ਜੋੜਾ ਲੱਗਾ ਰਲਕੇ ਸਾਧ ਸੰਗਤ ਦੀ ਸੇਵਾ ਕਰਨ। ਇਨ੍ਹਾਂ ਦੀ ਸਤਿਗੁਰੂ ਦੇ ਘਰ ਸੁਣੀ ਗਈ ਅਤੇ ਮਿਹਰਾਂ ਹੋ ਗਈਆਂ। 40 ਸਾਲ ਦੀ ਉਮਰ ਉਪਰੰਤ ਪ੍ਰਤਾਪ ਸਿੰਘ ਦੇ ਘਰ ਪੁੱਤਰ ਦਾ ਜਨਮ ਹੋਇਆ। ਸਾਧ ਸੰਗਤ ਨੂੰ ਸਵੇਰ ਸਾਰ ਧਰਮਸਾਲੇ ਖ਼ਬਰ ਪੁੱਜ ਗਈ। ਸੰਗਤਾਂ ਅੰਦਰ ਵੀ ਖ਼ੁਸ਼ੀਆਂ ਦਾ ਹੜ੍ਹ ਆ ਗਿਆ। ਢੋਲਕੀ ਛੈਣਿਆਂ ਨਾਲ ਸ਼ਬਦ ਕੀਰਤਨ ਕਰਦਿਆਂ ਵਧਾਈਆਂ ਦੇਣ ਆਈਆਂ। ਪੁੱਤਰ ਦਾ ਜਨਮ ਸਾਧ ਸੰਗਤ ਦੀ ਸੇਵਾ ਦਾ ਫਲ ਸਮਝਿਆ ਗਿਆ, ਇਸ ਵਾਸਤੇ ਬੱਚੇ ਦਾ ਨਾਉਂ ਸੇਵਾ ਸਿੰਘ ਰਖਿਆ।

ਕੁਝ ਸਮੇਂ ਉਪਰੰਤ ਬਾਪੂ ਪ੍ਰਤਾਪ ਸਿੰਘ ਦਾ ਕੰਮ ਨਰਮ ਪੈ ਗਿਆ। ਮਾਇਆ ਦਾ ਕੋਈ ਵਿਸਾਰ ਨਹੀਂ। ਨਿਰੀ ਢੱਲਦੀ ਛਾਇਆ, ਹੁਣ ਇੱਥੇ, ਘੜੀ ਪਲ ਨੂੰ ਓਥੇ, ਖੂਹ ਦੀਆਂ ਟਿੰਡਾਂ ਕਦੇ ਭਰੀਆਂ ਕਦੇ ਸਖਣੀਆਂ, ਕਾਂਗ ਬਨੇਰੇ ਦਾ ਅੱਜ ਇਸ ਘਰ ਕੱਲ੍ਹ ਉਸ ਘਰ। ਸਲਾਹਕਾਰਾਂ ਕਈ ਸਲਾਹਾਂ ਦਿੱਤੀਆਂ ਜਿਸ ਨਾਲ ਸੱਪ ਵੀ ਮਰ ਜਾਏ ਤੇ ਲਠ ਵੀ ਬਚੀ ਰਹੇ। ਆਪ ਮੌਜਾਂ ਮਾਣੋ ਸ਼ਾਹ ਢਾਹ ਮਾਰ ਮਾਰ ਰੋਣ। ਪਰ ਬਾਪੂ ਪ੍ਰਤਾਪ ਸਿੰਘ ਹੋਰ ਦੁਨੀਆਂ ਦੇ ਵਸਨੀਕ ਸਨ। ਉਨ੍ਹਾਂ ਇਹ ਪੱਟੀ ਨਾ ਪੜ੍ਹੀ ਤੇ ਲਾਹਿਣੇਦਾਰਾਂ ਦੀ ਕੌਡੀ ਕੌਡੀ ਚੁਕਾਈ ਕਿਉਂਕਿ ਇਹ ਆਖਿਆ ਕਰਦੇ ਸਨ:-

'ਮੇਰੇ ਬਾਪੂ ਸਤਿਗੁਰੂ ਰਾਮ ਸਿੰਘ ਦਾ ਹੁਕਮ ਹੈ, ਕਰਜ਼ਾ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਤੋਂ ਵੀ ਬੜਾ ਪਾਪ ਹੈ, ਪਰਾਈ ਚੀਜ਼ ਕਿਸੇ ਤਰ੍ਹਾਂ ਵੀ ਨਹੀਂ ਲੈਣੀ ਨਾ ਖੋਹ ਕੇ ਨਾ ਚੁਰਾ ਕੇ। ਸਗੋਂ ਡਿੱਗੀ ਚੀਜ਼ ਹੋਕਾ ਦੇਕੇ ਵਾਪਿਸ ਕਰਨੀ।"

ਉਨ੍ਹਾਂ ਕਦੇ ਝੂਠ ਨਾ ਬੋਲਿਆ ਕਿਸੇ ਨਾਲ ਹੇਰਾ ਫੇਰੀ ਨਹੀਂ ਕੀਤੀ। ਇਸੇ ਵਾਸਤੇ ਉਨ੍ਹਾਂ ਨੂੰ ਸਿਆਮ ਦੇ ਮਿਤਰਾਂ ਨੂੰ ਹੰਝੂ ਕੇਰਦਿਆਂ ਛੱਡ ਮਾਤਾ ਕਰਤਾਰ ਕੌਰ ਦੇ ਭਰਾ ਡਾ: ਨਿਰੰਜਨ ਸਿੰਘ ਸੇਠੀ ਡਿਸਟ੍ਰਿਕਟ ਹੈਲਥ ਆਫ਼ੀਸਰ ਕੋਲ ਅੰਮ੍ਰਿਤਸਰ ਆਉਣਾ ਪਿਆ। ਡਾਕਟਰ ਸਾਹਿਬ ਚੰਗੇ ਸੁਭਾ ਦੇ ਸਨ। ਉਨ੍ਹਾਂ ਦੀ ਸਿਫ਼ਾਰਸ਼ ਨਾਲ ਮਿੰਟਗੁਮਰੀ ਦੇ ਲਾਗੇ ਕੁਝ ਠੇਕਾ ਮਿਲ ਗਿਆ।

ਮਗਰ ਇਸ ਜ਼ਮਾਨੇ ਵਿਚ ਠੇਕੇਦਾਰੀ ਵਿਚ ਉਹ ਸਫ਼ਲ ਹੋ ਸਕਦਾ ਹੈ ਜਿਸ 420 ਦਾ ਕੋਰਸ ਪਾਸ ਕੀਤਾ ਹੋਵੇ। ਅਫ਼ਸਰਾਂ ਨੂੰ ਖ਼ੁਸ਼ ਕਰ ਸਕਦਾ ਹੋਵੇ। ਮਜ਼ੂਰਾਂ ਦੇ ਪੈਸੇ ਮਾਰਨ ਵਿਚ ਉਸਤਾਦ ਹੋਵੇ, ਪਰ ਬਾਪੂ ਇਸ ਪਾਸਿਉਂ ਕਦੇ ਲੰਘਿਆ ਨਹੀਂ ਸੀ। ਇਸ ਵਾਸਤੇ ਉਹ ਇਸ ਵਿਚ ਸਫ਼ਲ ਨਾ ਹੋਏ।

ਤਿੰਨਾਂ ਬੀਬੀਆਂ ਦਾ ਸਿਰ ਤੇ ਭਾਰ ਸੀ। ਕੁੜੀਆਂ ਦੇ ਮਾਮੇ ਸਲਾਹ ਦਿੱਤੀ ਇਨ੍ਹਾਂ ਨੂੰ ਸਰਦੇ ਪੁੱਜਦੇ ਘਰੀਂ ਦਿੱਤਾ ਜਾਵੇ 'ਮੁੰਡੇ ਕੌਣ ਹਨ?' 'ਕੂਕੇ ਨਹੀਂ,

Sri Satguru Jagjit Singh Ji eLibrary NamdhariElibrary@gmail.com

ਪਰ ਖਾਣ ਪੀਣ ਦਾ ਰਵਾਜ ਚਲ ਪਿਆ ਹੈ' 'ਵੈਸੇ ਚੰਗੇ ਅਹੁਦਿਆਂ ਤੇ ਹਨ।' ਬਾਪੂ ਇੱਕੋ ਗੱਲ ਕਹਿ ਮਾਮਲਾ ਸਾਫ਼ ਕਰ ਦਿੱਤਾ ਕਿ-'ਇਹ ਕੁੜੀਆਂ ਨਾਮਧਾਰੀਆਂ ਘਰੀਂ ਜਾਣਗੀਆਂ, ਭਾਵੇਂ ਉਹ ਗ਼ਰੀਬ ਹੋਣ।' ਹੁਣ ਇਸ ਤੋਂ ਅੱਗੇ ਕੀ ਹੋ ਸਕਦਾ ਸੀ, ਡਾਕਟਰ ਸੇਠੀ ਨੂੰ ਇਨ੍ਹਾਂ ਦੀ ਰਾਏ ਅੱਗੇ ਝੁਕਣਾ ਪਿਆ ਤੇ ਬੀਬੀਆਂ ਕੂਕਿਆਂ ਘਰੀਂ ਗਈਆਂ।

ਅੰਮ੍ਰਿਤਸਰੋਂ ਬਾਪੂ ਪ੍ਰਤਾਪ ਸਿੰਘ ਕਿਸਮਤ ਅਜ਼ਮਾਈ ਵਾਸਤੇ ਬੰਬਈ ਚਲਿਆ ਗਿਆ। ਓਥੇ ਦੁਕਾਨ ਸ਼ੁਰੂ ਕੀਤੀ! ਉਨ੍ਹੀਂ ਦਿਨੀਂ ਗੁਰਮੁਖ ਪਿਆਰਾ ਸ੍ਰ: ਤੇਜਾ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦਾ ਆਸ਼ਿਕ, ਬੰਬਈ ਵਿਚ ਕਸਟਮ ਆਫ਼ੀਸਰ ਸੀ। ਉਨ੍ਹਾਂ ਘਰ ਆਉਣ ਜਾਣ ਹੋ ਗਿਆ। ਸਿੱਖੀ ਹੋਰ ਦ੍ਰਿੜ੍ਹ ਹੋ ਗਈ। ਸੇਵਾ ਸਿੰਘ ਸਾਧ ਸੰਗਤ ਦੀ ਸੇਵਾ ਵਿਚ ਅਨੰਦ ਮਾਨਣ ਲੱਗ ਪਿਆ।

ਮਾਘ ਦੇ ਮਹੀਨੇ ਬਸੰਤ ਦੇ ਲਾਗੇ 1940 ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹੀਨੇ ਦਾ ਪ੍ਰਯੋਗ ਅਰੰਭਿਆ। ਸੇਵਾ ਸਿੰਘ ਅੰਦਰ ਸੇਵਾ ਦਾ ਚਾਉ ਉਤਪੰਨ ਹੋਇਆ। ਸੇਵਾ ਸਿੰਘ ਪਿਤਾ ਪਾਸੋਂ ਆਗਿਆ ਮੰਗੀ। ਕੰਮ ਨਰਮ ਹੋਣ ਕਾਰਨ ਪਹਿਲਾਂ ਤਾਂ ਉਨ੍ਹਾਂ ਨਾਂਹ ਨੁਕਰ ਕੀਤੀ, ਮਗਰ ਸੇਵਾ ਸਿੰਘ ਦੇ ਉਤਸ਼ਾਹ ਅੱਗੇ, ਉਨ੍ਹਾਂ ਨੂੰ ਝੁਕਣਾ ਪਇਆ ਤੇ ਸੇਵਾ ਸਿੰਘ ਸਿੱਧਾ ਸ੍ਰੀ ਭੈਣੀ ਸਾਹਿਬ ਪੁੱਜਾ ਤੇ ਸਤਿਗੁਰਾਂ ਪਾਸ ਕਿਸੇ ਸੇਵਾ ਵਾਸਤੇ ਅਰਜ਼ ਕੀਤੀ। ਸਤਿਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਜੋੜਿਆਂ ਦੀ ਸੇਵਾ ਸੌਂਪ ਦਿੱਤੀ। ਇਸ ਨੌਜਵਾਨ ਬੜੇ ਪ੍ਰੇਮ ਨਾਲ ਸੇਵਾ ਨਿਭਾਈ। ਜਦ ਕਦੇ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਪਵੇ, ਬੜੀਆਂ ਖ਼ੁਸ਼ੀਆਂ ਬਖਸ਼ਣ।

ਮਹੀਨਾ ਮੁੱਕਣ ਤੇ ਆ ਗਿਆ। ਸਾਧ ਸੰਗਤ ਦੀ ਗਹਿਮਾ ਗਹਿਮ ਹੋਣ ਲੱਗ ਪਈ। ਸੇਵਾਦਾਰਾਂ ਦੀ ਗਿਣਤੀ ਵੱਧਣੀ ਸ਼ੁਰੂ ਹੋ ਗਈ। ਸ੍ਰ: ਦਇਆ ਸਿੰਘ ਹਰ ਮੇਲੇ ਸਮੇਂ ਦੀਵਾਨ ਦੇ ਪ੍ਰਬੰਧ ਦੀ ਸੇਵਾ ਕੀਤਾ ਕਰਦੇ ਸਨ। ਉਨ੍ਹਾਂ ਆ ਕੇ ਜੋੜਿਆਂ ਦੀ ਸੇਵਾ ਲਾਹੌਰ ਦੇ ਜਥੇ ਨੂੰ ਸੌਂਪ ਦਿੱਤੀ। ਉਨ੍ਹਾਂ ਬੋਰਡ ਲਾਣੇ ਸ਼ੁਰੂ ਕਰ ਦਿੱਤੇ। ਸੇਵਾ ਸਿੰਘ ਨੂੰ ਸੇਵਾ ਖੁਸਣ ਦਾ ਬੜਾ ਦੁੱਖ ਹੋਇਆ। ਇਸਨੇ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕੀਤੀ, 'ਗ਼ਰੀਬ ਨਿਵਾਜ਼! ਇਹ ਸੇਵਾ ਮੇਰੇ ਕੋਲ ਰਹੇ।' ਸਤਿਗੁਰਾਂ ਸਰਦਾਰ ਦਇਆ ਸਿੰਘ ਨੂੰ ਬੁਲਾਇਆ ਤੇ ਸੇਵਾ ਬਦਲਣ ਦਾ ਕਾਰਨ ਪੁੱਛਿਆ। ਦਇਆ ਸਿੰਘ ਕਿਹਾ, 'ਗ਼ਰੀਬ ਨਿਵਾਜ਼! ਇਹ ਜਥਾ ਹਰ ਮੇਲੇ ਤੇ ਜੋੜਿਆਂ ਦੀ ਸੇਵਾ ਕਰਦਾ ਹੈ। ਇਸ ਮੁੰਡੇ ਕੋਲ ਸਾਥੀ ਥੋੜ੍ਹੇ ਹਨ। ਜੋੜੇ ਗੁਆਚਣ ਦਾ ਡਰ ਹੈ, ਇਸੇ ਵਾਸਤੇ ਇਹ ਸੇਵਾ ਇਸ ਜਥੇ ਨੂੰ ਦਿੱਤੀ ਹੈ।' ਸਤਿਗੁਰੂ ਜੀ ਤੇਜ਼ੀ ਨਾਲ ਬਚਨ ਕੀਤਾ, 'ਇਹ ਸੇਠ ਮੁੰਡਾ ਮਹੀਨੇ ਤੋਂ ਸੇਵਾ ਕਰਦਾ ਆ ਰਿਹਾ ਹੈ। ਭਾਵੇਂ ਸਾਰੇ ਜੋੜੇ ਗੁੰਮ ਹੋ ਜਾਣ, ਇਹ ਸੇਵਾ ਇਸੇ ਕੋਲ ਰਹੇਗੀ।' ਸ੍ਰ: ਦਇਆ ਸਿੰਘ ਚੁੱਪ ਹੋ ਗਿਆ ਤੇ ਸੇਵਾ ਸਿੰਘ ਸਤਿਗੁਰਾਂ ਦੀਆਂ ਖ਼ੁਸ਼ੀਆਂ ਲੈ ਬੰਬਈ ਚਲਿਆ ਗਿਆ।

Sri Satguru Jagjit Singh Ji eLibrary NamdhariElibrary@gmail.com

ਸਾਧੂ ਬੋਲਿਆ ਸਹਿਜ ਸੁਭਾ ਸਾਧਾ ਦਾ ਬੋਲਿਆ ਬਿਰਥਾ ਨਾ ਜਾ। ਪਰ ਸਤਿਗੁਰੂ ਤਾਂ ਚੋਰਾਂ ਨੂੰ ਸੰਤ ਬਣਾਉਣ ਵਾਲੇ ਹੁੰਦੇ ਹਨ। ਘਰ ਆ ਵਿਹਾਰ ਕਰਨ ਲੱਗ ਪਿਆ। ਥੋੜ੍ਹੇ ਸਮੇਂ ਪਿੱਛੋਂ ਸਾਰਾ ਪਰਿਵਾਰ ਪੰਜਾਬ ਮੁੜ ਆਇਆ। ਸੇਠੀ ਸਾਹਿਬ ਨੇ ਸੇਵਾ ਸਿੰਘ ਨੂੰ ਗਵਰਨਮਿੰਟ ਡਾਈਇੰਗ ਪ੍ਰਿੰਟਿੰਗ ਐਂਡ ਕੈਲੀਕੋ ਇਨਸਟੀਚਿਊਟ, ਸ਼ਾਹਦਰਾ ਵਿਚ ਦਾਖ਼ਲ ਕਰਾ ਦਿੱਤਾ। ਟਰੇਨਿੰਗ ਪਿੱਛੋਂ ਕੇ.ਡੀ. ਬੂਟਾ ਸਿੰਘ, ਰਾਵਲਪਿੰਡੀ ਵਿਚ ਰੰਗਾਈ ਦਾ ਠੇਕਾ ਲੈ ਲਿਆ। ਸਤਿਗੁਰਾਂ ਦੇ 'ਸੇਠਾਂ' ਦੇ ਸ਼ਬਦ ਨੇ ਸੁੱਤੀ ਕਿਸਮਤ ਨੂੰ ਟੁੰਬਿਆ। ਅੱਜ ਹੋਰ ਕੱਲ ਹੋਰ। ਦਿਨ ਫਿਰਨੇ ਸ਼ੁਰੂ ਹੋ ਗਏ। ਜਿੱਥੇ ਕੰਮ ਕੀਤਾ ਸਫ਼ਲਤਾ ਪੈਰ ਚੁੰਮੇ।

15 ਅਗਸਤ, 1947 ਨੂੰ ਦੇਸ਼ ਦਾ ਵੰਡਾਰਾ ਹੋ ਗਿਆ। ਸੇਵਾ ਸਿੰਘ ਆਪਣੇ ਮਾਤਾ ਪਿਤਾ ਨਾਲ ਰਾਵਲਪਿੰਡੀ ਦਾ ਕੰਮ ਛੱਡ, ਪ੍ਰਤਾਪ ਬਾਗ਼ ਦਿੱਲੀ, ਸ੍ਰ: ਆਤਮਾ ਸਿੰਘ ਦੇ ਕੁਆਰਟਰਾਂ ਵਿਚ ਆ ਡੇਰਾ ਲਾਇਆ। ਇੱਥੇ ਇਸ ਦੇ ਭੈਣ ਭਣੂਜੇ ਵੀ ਸਾਰੇ ਰਲਕੇ ਰਹਿਣ ਲੱਗ ਪਏ। ਰੰਗਾਈ ਦਾ ਕੰਮ ਅਰੰਭਿਆ ਤੇ ਕਮਲਾ ਨਗਰ ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਇਹ ਦਿਨ ਰੌਲੇ ਗੌਲੇ ਦੇ ਸਨ। ਸ਼ੈਤਾਨ ਐਸੀ ਫੂਕ ਚਾੜ੍ਹੀ ਕਿ ਹਮਸਾਏ ਮਾਂ ਪਿਉ ਜਾਏ ਲਹੂ ਤਿਹਾਏ ਬਣ ਗਏ। ਜਿਸ ਦਾ ਦਾਉ ਲਗਿਆ ਦੂਜੇ ਦਾ ਘਰ ਫੂਕ ਤਮਾਸ਼ਾ ਵੇਖਿਆ। ਖ਼ੂਬ ਖਿੱਲੀ ਮਚੀ।

ਪ੍ਰਤਾਪ ਬਾਗ਼ ਦੇ ਲਾਗੇ ਮੁਸਲਮਾਨ ਗਵਾਲਿਆਂ ਦੇ ਘਰ ਸਨ, ਰੌਲਾ ਪੈਣ ਤੇ ਉਹ ਗਊਆਂ ਮੱਝਾਂ ਛੱਡ ਸਾਕ ਸੰਬੰਧੀਆਂ ਕੋਲ ਭੱਜ ਗਏ। ਇਕ ਵਧੀਆ ਗਊ ਇਨ੍ਹਾਂ ਕੋਲ ਆ ਗਈ। ਬਾਪੂ ਪ੍ਰਤਾਪ ਸਿੰਘ ਦੇ ਬਿਨਾਂ ਸਾਰੇ ਪ੍ਰਸੰਨ ਹੋਏ। ਕਰੋ ਸੇਵਾ ਤੇ ਪੀਉ ਦੁੱਧ। ਮਗਰ ਬਾਪੂ ਪ੍ਰਤਾਪ ਸਿੰਘ ਦੇ ਕੂਕ ਪੁਣੇ ਜੋਸ਼ ਮਾਰਿਆ ਤੇ ਆਖਿਆ-'ਮੇਰੀ ਗੱਲ ਸਾਰੇ ਵੱਡੇ ਛੋਟੇ ਸੁਣ ਲਵੋ। ਮੈਨੂੰ ਮੇਰਾ ਬਾਪੂ ਕਹਿੰਦਾ ਏ, ਪ੍ਰਤਾਪ ਸਿੰਘ! ਇਹ ਦੁੱਧ ਨਹੀਂ, ਜ਼ਹਿਰ ਹੈ, ਅੰਮ੍ਰਿਤ ਨਹੀਂ ਬਿਖ ਹੈ। ਇਸ ਦੁੱਧ ਨੂੰ ਨਹੀਂ ਪੀਣਾ! ਇਸ ਨੂੰ ਘਰੋਂ ਕੱਢ ਦਿਉ।' ਚੂੰਕਿ ਬਾਪੂ ਜੀ ਨੂੰ ਅੱਗੇ ਵੀ ਕਈ ਵੇਰ ਇਸ ਪ੍ਰਕਾਰ ਦਰਸ਼ਨਾਂ ਨਾਲ ਦ੍ਰਿਸ਼ਟਾਂਤ ਹੋਇਆ ਕਰਦੇ ਸਨ। ਉਨ੍ਹਾਂ ਦੇ ਬਚਨ ਅੱਗੇ ਸਾਰਿਆਂ ਨੇ ਹਥਿਆਰ ਸੁੱਟ ਦਿੱਤੇ ਤੇ ਘਰ ਆਈ ਗਊ ਨੂੰ ਮੱਥਾ ਟੇਕ ਕਿਲਿਉਂ ਖੋਲ੍ਹ ਦਿੱਤਾ।

ਉਨ੍ਹੀਂ ਦਿਨੀਂ ਸੇਵਾ ਸਿੰਘ ਤੇ ਮੁਕੰਦ ਸਿੰਘ ਕਮਲਾ ਨਗਰ ਵਾਲੀ ਦੁਕਾਨ ਛਡ ਕੇ ਪਹਾੜ ਗੰਜ ਵਿਚ ਲਾਈਟ ਰੈਸਟੋਰੈਂਟ ਖੋਲ੍ਹ ਦਿੱਤਾ। ਸਤਿਗੁਰਾਂ ਦੀ ਕ੍ਰਿਪਾ ਨਾਲ ਖੰਡ, ਮੈਦੇ ਦਾ ਕੋਟਾ ਮਿਲ ਗਿਆ। ਕੰਮ ਚੰਗਾ ਚੱਲ ਪਿਆ ਪਰ ਮੰਨ ਰੱਜਦਾ ਨਹੀਂ। ਇਨ੍ਹਾਂ ਖ਼ਿਆਲ ਕੀਤਾ ਇਹ ਰੈਸਟੋਰੈਂਟ ਕਰਾਏ ਤੇ ਦਈਏ ਤੇ ਆਪ ਹੋਰ ਕੰਮ ਕਰੀਏ। 700/- ਰੁਪਏ ਮਹੀਨੇ ਦੇ ਠੇਕੇ ਦੀ ਗੱਲ ਬਾਤ ਸ਼ੁਰੂ ਹੋ ਗਈ ਤੇ ਸਾਈ ਲੈ ਲਈ। ਪਰ ਬਾਪੂ ਜੀ! ਪੁੱਛਿਆ-'ਮੁੰਡਿਓ!

Sri Satguru Jagjit Singh Ji eLibrary NamdhariElibrary@gmail.com

ਦੁਕਾਨ ਦੇਣ ਲਗਿਓ ਕੀ ਕੀ ਸ਼ਰਤਾਂ ਹਨ?' 'ਬਾਪੂ ਜੀ! ਸ਼ਰਤਾਂ ਕਾਹਦੀਆਂ। ਅਸਾਂ ਠੇਕਾ ਲੈਣਾ ਏ।' 'ਜੇ ਉਹ ਮਾਸ ਬਣਾਉਣ?' 'ਤਾਂ ਕੀ? ਸਾਨੂੰ ਤਾਂ ਪੈਸੇ ਚਾਹੀਦੇ ਹਨ।' 'ਮਤਲਬ ਅਸੀਂ ਮਾਸ ਖਾਣ ਲੱਗੇ ਆਂ' ਉਹ ਕਿਵੇਂ? ਚੰਗਾ ਮੇਰੀ ਰੋਟੀ ਅੱਜ ਤੋਂ ਬੰਦ। ਤੁਸੀਂ ਖਾਓ ਕਮਾਈਆਂ...'

ਪਿਉ ਪੁੱਤ ਦੀ ਲੜਾਈ ਵਿਚ ਸਭ ਸੌਂ ਗਏ। ਅੰਮ੍ਰਿਤ ਵੇਲੇ ਸੇਵਾ ਸਿੰਘ ਨੂੰ ਸੁਪਨਾ ਆਇਆ। ਸੁੱਚਾ ਸਿੰਘ 'ਸੋਖੀ' ਦੇ ਕੁਆਰਟਰ ਅੱਗੇ ਦੀਵਾਨ ਲੱਗਾ ਹੋਇਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਸੰਗਤਾਂ ਦੇ ਹਿਰਦਿਆਂ ਨੂੰ ਠਾਰ ਰਹੇ ਹਨ। ਪਿਆਰਿਆਂ ਨੂੰ ਦਰਸ਼ਨ ਦੇ ਨਿਹਾਲ ਕਰ ਰਹੇ ਹਨ। ਸੇਵਾ ਸਿੰਘ ਕਾਹਲੀ ਕਾਲੀ ਪੁੱਜਾ ਤੇ ਦੀਵਾਨ ਵਿਚ ਹਾਜ਼ਰ ਹੋ ਇਕ ਰੁਪਿਆ ਮੱਥਾ ਟੇਕਿਆ। ਸਤਿਗੁਰਾਂ ਨੇਤਰ ਲਾਲ ਕਰ ਤੇਜ਼ੀ ਨਾਲ ਬਚਨ ਕੀਤਾ-'ਚੁੱਕ ਰੁਪਿਆ! ਤੂੰ ਮਾਸ ਖਾਣ ਲੱਗ ਪਿਆ ਏਂ।' ਸੇਵਾ ਸਿੰਘ ਦੀਆਂ ਅੱਖਾਂ ਵਿੱਚੋਂ ਅੱਥਰੂ ਧਾਰਾਂ ਬੰਨ ਟੁਰੇ ਬੜੀ ਅਧੀਨਗੀ ਨਾਲ ਅਰਜ਼ ਕੀਤੀ, 'ਨਹੀਂ ਗ਼ਰੀਬ ਨਿਵਾਜ਼! ਮੈਂ ਮਾਸ ਨਹੀਂ ਖਾਂਦਾ। ਕਿਸੇ ਚੁਗਲੀ ਲਾਈ ਏ।' 'ਮੇਰੇ ਅੱਗੇ ਪਰਦੇ ਪਾਂਦਾ ਏਂ, ਮੈਨੂੰ ਕਿਸੇ ਰਪੋਰਟ ਨਹੀਂ ਕੀਤੀ। ਚੱਲ ਦੂਰ ਹੋ। ਮਾਸ ਖਾਣ ਵਾਲੇ ਦਾ ਰੁਪਿਆ ਲੰਗਰ ਵਿਚ ਨਹੀਂ ਜਾ ਸਕਦਾ।' ਸਤਿਗੁਰੂ ਰਾਮ ਸਿੰਘ ਦੀ ਸੌਂਹ, ਮੈਂ ਮਾਸ ਦੇ ਲਾਗੇ ਨਹੀਂ ਜਾਂਦਾ' 'ਤੇਰੀ ਸਹੁੰ ਝੂਠੀ ਹੈ, ਮੈਨੂੰ ਤੇਰੀ ਸਹੁੰ ਤੇ ਇਤਬਾਰ ਨਹੀਂ, ਚੱਲ ਦੂਰ ਹੋ! ਭਾਈ! ਮੋੜ ਰੁਪਿਆ' ਇਸ ਤੇਜਸ਼ਵੀ ਬਚਨ ਨਾਲ ਸੇਵਾ ਸਿੰਘ ਦੀਆਂ ਭੁੱਬਾਂ ਨਿਕਲ ਗਈਆਂ ਤੇ ਅੱਖ ਖੁੱਲ੍ਹ ਗਈ। ਪਵਨਜੀਤ ਕੌਰ, ਅਰਧੰਗੀ ਨੇ ਇਹ ਡੁਸਕੇ ਸੁਣੇ ਤਾਂ ਪਤੀ ਦੇਵ ਨੂੰ ਹਿਲਾਇਆ। ਕੀ ਗੱਲ ਏ? ਰੋਂ ਕਿਉਂ ਰਹੇ ਹੋ? ਹੋਸ਼ ਕਰੋ।' ਘੰਟੇ ਪਿੱਛੋਂ ਸੇਵਾ ਸਿੰਘ ਦਾ ਸਾਹ ਨਾਲ ਸਾਹ ਰਲਿਆ ਤੇ ਸੁਪਨੇ ਦੀ ਵਾਰਤਾ ਸੁਣਾਈ, ਪਵਨਜੀਤ ਨੇ ਕਿਹਾ-'ਬਾਪੂ ਜੀ ਨਾਲ ਝਗੜ ਰਹੇ ਸਓ, ਕਿ ਸਾਨੂੰ ਕੀ, ਅਸਾਂ ਕਰਾਇਆ ਲੈਣਾ ਏ, ਭਾਵੇਂ ਉਹ ਮਾਸ ਬਣਾਉਣ। ਤੁਸੀਂ ਬਾਪੂ ਜੀ ਦੀ ਗੱਲ ਨਹੀਂ ਸੀ ਸੁਣੀ। ਹੁਣ ਬਾਪੂ ਜੀ ਦੇ ਬਾਪੂ ਨੇ ਤੁਹਾਨੂੰ ਰਾਹੇ ਪਾਇਆ ਏ ਕਿ ਇਸ ਮਾਸ ਦੀ ਕਮਾਈ ਵਿੱਚੋਂ ਖਾਣਾ ਮਾਸ ਦੇ ਬਰਾਬਰ ਹੈ। ਬਾਪੂ ਜੀ ਤੋਂ ਮਾਫ਼ੀ ਮੰਗੋ' ਸੇਵਾ ਸਿੰਘ ਸਵੇਰ ਸਾਰ ਸਾਈ ਮੋੜ ਦਿੱਤੀ ਤੇ ਬਾਪੂ ਤੋਂ ਮਾਫ਼ੀ ਮੰਗੀ।

ਪਹਾੜ ਗੰਜ ਦਾ ਕੰਮ ਛੱਡ ਦਿੱਤਾ ਤੇ ਸੇਵਾ ਸਿੰਘ ਮਾਤਾ ਪਿਤਾ ਨਾਲ ਪਟਿਆਲੇ ਆ ਗਿਆ ਤੇ ਡਰਾਈਕਲੀਨਿੰਗ ਦਾ ਕੰਮ ਸ਼ੁਰੂ ਕਰ ਦਿੱਤਾ, ਮੁੜ ਰੰਗਾਈ ਵਾਲਾ ਪਾਸਾ ਫੜ ਲਿਆ। ਸਾਧ ਸੰਗਤ ਦੇ ਆਸਣ ਵੀ ਖੁੱਲ੍ਹਣ ਲੱਗ ਪਏ। ਸਤਿਗੁਰੂ ਪ੍ਰਤਾਪ ਸਿੰਘ ਜੀ ਕਈ ਵੇਰ ਦਰਸ਼ਨ ਦੇਂਦੇ ਤੇ ਖ਼ੁਸ਼ੀਆਂ ਬਖਸ਼ਦੇ। ਇੱਥੇ ਮਾਤਾ ਕਰਤਾਰ ਕੌਰ ਨੂੰ ਬੜਾ ਚੰਦਰਾ ਰੋਗ ਚੰਬੜ ਗਿਆ। ਡਾਕਟਰਾਂ ਭਾਵੇਂ ਕਿਹਾ ਇਹ ਨਾਮਰਾਦ ਛੂਤ ਦਾ ਰੋਗ ਏ, ਮਗਰ ਸੇਵਾ ਸਿੰਘ

Sri Satguru Jagjit Singh Ji eLibrary NamdhariElibrary@gmail.com

ਆਪਣੀ ਮਾਤਾ ਦੀ ਪੂਰੀ ਪੂਰੀ ਸੇਵਾ ਕੀਤੀ ਅੰਤ ਉਹ ਹਮੇਸ਼ਾਂ ਲਈ ਵਿਛੋੜਾ ਦੇ ਗਈ।

ਹੁਣ ਸੇਵਾ ਸਿੰਘ ਨੇ ਆਪਣੇ ਭਣੇਵੇਂ ਮਨਮੋਹਨ ਸਿੰਘ ਨੂੰ ਕੰਮ ਵਿਚ ਰਲਾ ਲਿਆ ਤੇ ਕੁਝ ਸਮੇਂ ਬਾਅਦ ਮੁੜ ਦਿੱਲੀ ਡੇਰਾ ਆ ਜਮਾਇਆ, ਏਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਮਿਹਰਾਂ ਭਰੀਆਂ ਬਖਸ਼ਿਸ਼ਾਂ ਰੰਗ ਲਿਆਉਣ ਲੱਗੀਆਂ। ਬਾਪੂ ਪ੍ਰਤਾਪ ਸਿੰਘ ਦੇ ਸਿਦਕ, ਭਰੋਸੇ, ਨਾਮ ਸਿਮਰਨ ਤੇ ਹੱਥ ਦੀ ਸੁੱਚਮਤਾ ਦਾ ਬੀ ਬੀਜਿਆ ਉਂਗਲ ਲਗਾ ਭਾਗ ਜਾਗਣ ਲੱਗ ਪਏ।

ਇਕ ਦਿਨ ਸੇਵਾ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਨਵੇਂ ਥਾਂ ਤੇ ਦਰਸ਼ਨਾਂ ਵਾਸਤੇ ਬੇਨਤੀ ਕੀਤੀ। ਸਤਿਗੁਰੂ ਜੀ ਕ੍ਰਿਪਾਲਤਾ ਸਹਿਤ ਚਰਨ ਪਾਏ ਤੇ ਸਹਿਜ ਸੁਭਾ ਬਚਨ ਕੀਤਾ:-

'ਇੱਥੇ ਪਟਿਆਲੇ ਨਾਲੋਂ ਚੰਗੇ ਰਹੋਗੇ।'

ਬਸ!

ਅੱਜ ਹੋਰ ਕੱਲ੍ਹ ਹੋਰ, ਸਤਿਗੁਰਾਂ ਦੀ ਕ੍ਰਿਪਾ ਨਾਲ ਮਾਇਆ ਅੱਗੇ ਪਿੱਛੇ ਪਰਕਰਮਾ ਕਰਨ ਲਈ। ਪਰ ਸੇਵਾ ਸਿੰਘ ਅੰਦਰ ਸਤਿਗੁਰਾਂ ਦੀ ਕ੍ਰਿਪਾਲਤਾ ਨਾਲ ਹਉਮੈ ਨਹੀਂ ਆਈ। ਇਹ ਮਾਇਆ ਨੂੰ ਸਤਿਗੁਰ ਚਰਨਾਂ ਤੋਂ ਨਿਛਾਵਰ ਕਰਨ ਨੂੰ ਤਤਪਰ ਰਹਿੰਦਾ ਹੈ, ਕਿਉਂਕਿ ਉਹ ਸਮਝਦਾ ਹੈ ਕਿ ਉਸਦੇ ਪਿਤਾ ਨੂੰ ਸਤਿਗੁਰੂ ਜੀ ਨੇ ਔਖੀ ਪ੍ਰੀਖਿਆ ਸਮੇਂ ਖਿੜੇ ਮੱਥੇ ਮੁਸ਼ਕਲਾਂ ਸਹਾਰਨ ਦਾ ਬਲ ਬਖਸ਼ਿਆ। ਉਨ੍ਹਾਂ ਨੂੰ ਡੋਲਣ ਤੋਂ ਬਚਾਇਆ ਤੇ ਤੁੱਛ ਸੇਵਾ ਤੋਂ ਪ੍ਰਸੰਨ ਹੋ ਕੇ ਮਾਇਆ ਦੇ ਬੇਅੰਤ ਭੰਡਾਰੇ ਖੋਲ੍ਹ ਦਿੱਤੇ। ਇਸ ਮਾਇਆ ਦੇ ਮਾਲਿਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ।

**ਦਿਲਜੀਤ ਕੌਰ**

Sri Satguru Jagjit Singh Ji eLibrary NamdhariElibrary@gmail.com

# ਮੋਟਰ ਸਾਈਕਲ ਤੇ ਮੋਟਰਕਾਰ

ਮਨਮੋਹਨ ਅਜੇ ਤਿੰਨ ਕੁ ਸਾਲ ਦਾ ਸੀ ਕਿ ਸਤਿਗੁਰੂ ਸੱਚੇ ਪਾਤਸ਼ਾਹ ਦੇ ਦਾਸ ਨੂੰ ਮਾਡਰਨ ਕਾਲਜ ਫਾਰ ਗਰਲਜ਼, ਰਾਵਲਪਿੰਡੀ ਤੋਂ ਨੌਕਰੀ ਛੁਡਾ ਕੇ ਸ੍ਰੀ ਭੈਣੀ ਸਾਹਿਬ ਪੁੱਜਣ ਦਾ ਹੁਕਮ ਦਿੱਤਾ। ਸਨੇਹੀਆਂ ਤੇ ਸੰਬੰਧੀਆਂ ਨੂੰ ਇਹ ਗੱਲ ਪਸੰਦ ਨਾ ਆਈ। ਅੰਤ ਉਨ੍ਹਾਂ ਰੋਕਣ ਹਿਤ ਕਈ ਨਰਮ ਗਰਮ ਹੀਲੇ ਕੀਤੇ। ਪਰ ਸੰਬੰਧੀਆਂ ਦੀ ਗੱਲ ਦਾ ਅਸਰ ਥਿੰਦੀ ਸਿਲ ਤੋਂ ਪਾਣੀ ਤਿਲਕਣ ਜਿੰਨਾਂ ਨਾ ਹੋਇਆ ਅਤੇ 1945 ਵਿਚ ਵਿਦਿਆਰਥੀਆਂ ਦੇ ਇਮਤਿਹਾਨਾਂ ਤੋਂ ਵਿਹਲਾ ਹੋ ਸ੍ਰੀ ਭੈਣੀ ਸਾਹਿਬ ਪੁੱਜਾ। ਮਾਸਟਰ ਬਲਵੰਤ ਸਿੰਘ ਬੜੇ ਸ਼ਰਧਾਲੂ ਪ੍ਰਬੰਧਕ ਸਨ, ਉਨ੍ਹਾਂ ਬੜਾ ਪਿਆਰ ਵਿਖਾਇਆ ਅਤੇ ਮੇਰੇ ਉਧਰੇਵੇਂ ਨੂੰ ਦਿਲ ਤੱਕ ਪੁੱਜਣ ਨਾ ਦਿੱਤਾ। ਦਿਲਜੀਤ ਕੌਰ ਮਾਪਿਆਂ ਤੋਂ ਵਿਛੜ ਸ੍ਰੀ ਭੈਣੀ ਸਾਹਿਬ ਰਹਿਣ ਤਾਂ ਲੱਗ ਪਈ, ਮਗਰ ਦਿਲ ਉਡਾਰੀਆਂ ਖਾਵੇ।

ਕੁਝ ਸਮਾਂ ਲੰਘਿਆ ਡੇਰੇ ਵਾਲਿਆਂ ਪੂਰੇ ਪਿਆਰ ਦਾ ਪ੍ਰਗਟਾਵਾ ਕੀਤਾ। ਇਕ ਦਿਨ ਕੁਝ ਡੇਰੇ ਵਿਚ ਉਸਾਰੀ ਹੋ ਰਹੀ ਸੀ। ਸਤਿਗੁਰੂ ਜੀ ਆਪ ਬੱਚਿਆਂ ਨੂੰ ਟਰੱਕ ਤੇ ਚੜ੍ਹਾ ਸੇਵਾਦਾਰਾਂ ਨੇ ਨਾਲ ਤੋਰ ਸੇਵਾ ਲੈ ਰਹੇ ਸਨ। ਡੇਰੇ ਦੇ ਦਰਵਾਜ਼ੇ ਸਾਹਮਣੇ ਟਰੱਕ ਖੜਾ ਸੀ। ਨਿੱਕੇ ਮੋਟੇ ਬੱਚੇ ਟਰੱਕ ਵਲ ਦੌੜੇ ਜਾ ਰਹੇ ਸਨ। ਮਨਮੋਹਨ ਵੀ ਆਪਣੀ ਮਾਂ ਤੋਂ ਅੱਖ ਬਚਾ ਕੇ ਟਰੱਕ ਵੱਲ ਦੌੜਿਆ। ਜਦ ਦਿਲਜੀਤ ਨੂੰ ਪਤਾ ਲੱਗਾ ਤੇ ਇਹ ਵੀ ਮਨਮੋਹਨ ਪਿੱਛੇ ਦੌੜੀ ਅਤੇ ਫੜ ਕੇ ਲਿਆਉਣ ਲੱਗੀ। ਮਨਮੋਹਨ ਨੇ ਜ਼ਿੱਦ ਕੀਤੀ ਅਤੇ ਧਰਤੀ ਤੇ ਲੇਟਣਾ ਸ਼ੁਰੂ ਕਰ ਦਿੱਤਾ। ਸਤਿਗੁਰੂ ਜੀ ਬੱਚੇ ਦੀ ਇਹ ਦਸ਼ਾ ਵੇਖੀ ਅਤੇ ਮਾਂ ਪੁੱਤਰ ਦਾ ਸੰਘਰਸ਼ ਤਕਿਆ ਤੇ ਸਹਿਜੇ ਹੀ ਮਨਮੋਹਨ ਨੂੰ ਪਿਆਰਦਿਆਂ ਬਚਨ ਕੀਤਾ, 'ਕਾਕਾ ਤੂੰ ਟਰੱਕ ਤੇ ਕਿਉਂ ਚੜ੍ਹਦਾ ਏਂ। ਅਸੀਂ ਤੈਨੂੰ ਕਾਰਾਂ ਤੇ ਚੜ੍ਹਾਵਾਂਗੇ। ਜਾ ਰੋ ਨਾ।' ਦਿਲਜੀਤ ਮਨਮੋਹਨ ਨੂੰ ਨਾਲ ਲੈ ਮੁੜੀ ਅਤੇ ਸਤਿਗੁਰਾਂ ਦੇ ਬਚਨ ਸੁਣਾਏ। ਉਸ ਵੇਲੇ ਮੈਂ ਦਿਲਜੀਤ ਨੂੰ ਕਿਹਾ 'ਲੈ ਭੋਲੀਏ! ਲੋਕੀ ਸੇਵਾ ਕਰਕੇ ਵਰ ਲੈਂਦੇ ਹਨ। ਸਾਨੂੰ ਬਿਨਾ ਸੇਵਾ ਕੀਤਿਆਂ ਹੀ ਖ਼ੁਸ਼ੀਆਂ ਮਿਲ ਗਈਆਂ ਹਨ। ਯਾਦ ਰੱਖੀਂ ਮਨਮੋਹਨ ਵਾਸਤੇ ਕਾਰਾਂ ਹਾਜ਼ਰ ਰਹਿਣਗੀਆਂ। ਘਾਬਰਿਆ ਨਾ ਕਰ!"

ਅੱਜ ਸਤਿਗੁਰੂ ਜੀ ਦੇ ਬਚਨ ਪ੍ਰਤੱਖ ਵਿਖਾਈ ਦੇ ਰਹੇ ਹਨ। ਸੇਵਾ ਸਿੰਘ ਤੇ ਮਨਮੋਹਨ ਸਿੰਘ ਰਲਕੇ ਕੰਮ ਕਰ ਰਹੇ ਹਨ। ਟੈਂਪੂ, ਸਕੂਟਰ, ਮੋਟਰ ਸਾਈਕਲ ਅਤੇ ਕਾਰਾਂ ਹਾਜ਼ਰ ਹਨ। ਸਤਿਗੁਰੂ ਜੀ ਮਿਹਰਾਂ ਰੱਖਣ। ਤੇ ਇਨ੍ਹਾਂ ਦਾ ਸਿਦਕ ਭਰੋਸਾ ਕਾਇਮ ਰਹੇ।

**ਲੇਖਕ**

Sri Satguru Jagjit Singh Ji eLibrary NamdhariElibrary@gmail.com

# ਦਰੀਆ ਰਾਮ, ਦਰਿਆ ਰਾਮ

ਰਤਨ! ਤੂੰ ਇਨ੍ਹਾਂ ਨੂੰ ਪ੍ਰਸ਼ਾਦਾ ਛਕਾ ਤੇ ਇਹ ਲੰਡਾ ਇਨ੍ਹਾਂ ਦੇ ਜੂਠੇ ਭਾਂਡੇ ਮਾਂਜੇ। ਇਸ ਦੇ ਵਾਸਤੇ ਇਹੋ ਤਨਖਾਹ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਦਰਬਾਰ ਵਿਚ ਆਉਣੋਂ ਕਿਸੇ ਨੂੰ ਰੋਕਣਾ ਪਾਪ ਏ। ਇਹ ਕਿਹੜੀ ਅੱਗੇ ਸਾਧ ਸੰਗਤ ਵਿਚ ਆਈ ਸੀ। ਸਮੇਂ ਸਿਰ ਸਭ ਠੀਕ ਹੋ ਜਾਵੇਗਾ। ਇਹ ਕੋਈ ਨਾਮਧਾਰਨ ਏ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਸ਼ਬਦ ਉਸ ਵੇਲੇ ਉਚਾਰੇ ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਜਗਤ ਸਿੰਘ ਘੋੜਿਆਂ ਵਾਲੇ ਨੇ ਮਾਈ ਨੂੰ ਕਾਲਾ ਘੱਗਰਾ ਪਾ ਕੇ ਆਉਣ ਤੇ ਮੱਥਾ ਟੇਕਣ ਤੋਂ ਰੋਕਿਆ ਸੀ। ਪਰ ਸਤਿਗੁਰੂ ਜੀ ਮੈਨੂੰ ਪਿਆਰ ਨਾਲ ਕੋਲ ਈ ਬਠਾ ਲਿਆ।" ਵਾਰਤਾ ਸੁਣਾਂਦਿਆਂ ਦਰੀਆ ਰਾਮ ਨੇ ਕਿਹਾ, 'ਮਾਸਟਰ ਜੀ! ਉਸ ਵੇਲੇ ਮਹਾਰਾਜ ਜੀ ਦੇ ਚਿਹਰੇ ਦਾ ਤੇਜ਼ ਝਲਿਆ ਨਹੀਂ ਸੀ ਜਾਂਦਾ, ਨੂਰੋ-ਨੂਰ, ਮੋਟੇ ਨੇਤਰ, ਸੁੰਦਰ ਮੁਖੜਾ। ਬੜੇ ਉੱਤਮ ਬਚਨ ਕਰ ਰਹੇ ਸਨ। ਮਾਨੋ ਮੁਖਾਰਬਿੰਦ ਤੋਂ ਫੁੱਲ ਕਿਰ ਰਹੇ ਸਨ। ਮੈਨੂੰ ਕੋਲ ਬਿਠਾ ਕੇ ਬੜੇ ਦਲਾਸੇ ਨਾਲ ਮੇਰਾ ਅੱਗਾ-ਪਿੱਛਾ ਪੁੱਛਿਆ। ਪਰ ਮੈਂ ਕੰਬ ਰਿਹਾ ਸਾਂ। ਕਦੇ ਵੱਡੇ ਮਹਾਂ ਪੁਰਸ਼ਾਂ ਦੇ ਸਾਹਮਣੇ ਗੱਲ ਨਹੀਂ ਸੀ ਕੀਤੀ ਤੇ ਗੱਲ ਕਰਨੀ ਵੀ ਨਹੀਂ ਸੀ ਆਉਂਦੀ। ਪਰ ਮੈਂ ਖਿੜਕਦਿਆਂ-ਖਿੜਕਦਿਆਂ ਕਿਹਾ, "ਮੇਰੇ ਪਿਤ ਪਿਤਾਮਾ 287 ਚੱਕ, ਜ਼ਿਲ੍ਹਾ ਲਾਇਲਪੁਰ ਵਿਚ ਵਸਦੇ ਸਨ। ਸਭ ਕੁਝ ਲੁਟਿਆ ਪੁਟਿਆ ਗਿਆ। ਪਿਉ ਵੀ ਸਿਰ ਤੇ ਨਹੀਂ। ਮੁੱਡ-ਪੁਣੇ ਵਿਚ ਸਿਖਿਆ ਵੀ ਕੁਝ ਨਹੀਂ। ਉਰਦੂ ਦੀਆਂ ਪੰਜ ਜਮਾਤਾਂ ਪੜ੍ਹੀਆਂ। ਅੱਜ-ਕੱਲ੍ਹ ਰਾਣੀਆਂ ਰਹਿੰਦਾ ਹਾਂ।'

"ਇੱਥੋਂ ਦੀ ਦਸ ਕਿਸ ਪਾਈ?"

'ਮਹਾਰਾਜ ਜੀ! ਇਸ ਸੰਤਣੀ ਨਾਲ ਮੇਰੀ ਮਾਂ ਦਾ ਉੱਠਣ ਬਹਿਣ ਹੋ ਗਿਆ। ਇਸ ਕਿਹਾ, ਚਲੋ ਤੁਹਾਨੂੰ ਕੋਠੀ ਸਤਿਗੁਰਾਂ ਦੇ ਦਰਸ਼ਨ ਕਰਾ ਲਿਆਵਾਂ, ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਤੁਹਾਡੇ ਸਾਰੇ ਕੰਮ ਰਾਸ ਆ ਜਾਣਗੇ। ਮੈਂ ਮਾਂ ਤੇ ਸੰਤਣ ਨੂੰ ਸਾਈਕਲ ਤੇ ਬਿਠਾ ਕੇ ਲਿਆਇਆ ਹਾਂ ਮੇਰੇ ਬੋਜੇ ਵਿਚ ਮੱਥਾ ਟੇਕਣ ਨੂੰ ਪੈਸਾ ਨਹੀਂ ਸੀ। ਇਸ ਸੰਤਣੀ ਨੇ ਇਹ ਰੁਪਿਆ ਵੀ ਮਾਂ ਨੂੰ ਦਿੱਤਾ, ਜਿਹੜਾ ਉਸ ਨੇ ਮੱਥਾ ਟੇਕਿਆ ਹੈ। ਕੋਈ ਸਹਾਰਾ ਨਹੀਂ, ਕੋਈ ਯਾਰ-ਬੇਲੀ ਨਹੀਂ।" ਕੋਈ ਬਾਂਹ ਫੜਨ ਵਾਲਾ ਵਖਾਈ ਨਹੀਂ ਦੇਂਦਾ। ਮੇਰੀ ਇਹ ਵਾਰਤਾ ਸੁਣ ਸੰਤ ਆਲਾ ਸਿੰਘ, ਸੂਬਾ ਵਰਿਆਮ ਸਿੰਘ ਤੇ ਬਾਕੀ ਸਿੰਘ ਦਰਵ ਗਏ। ਪਰ ਸਤਿਗੁਰ ਤਾਂ ਸਬ ਦਾ ਏ। ਉਸ ਨੂੰ ਕੀੜੀ ਤੋਂ ਲੈ ਕੇ ਹਾਥੀ ਦਾ ਫ਼ਿਕਰ ਏ।

Sri Satguru Jagjit Singh Ji eLibrary NamdhariElibrary@gmail.com

"(ਉਹ) ਨਿਰਗੁਣਆਰੇ ਪਾਲਦਾ ਭਾਈ, ਦੇ ਨਿਥਾਵੇਂ ਥਾਂ।"

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ 1947 ਸਮੇਂ ਤਾਂ ਸਭ ਤੋਂ ਵੱਡਾ ਏਹੋ ਕੰਮ ਸੀ ਕਿ ਪਾਕਿਸਤਾਨ ਵਿੱਚੋਂ ਵਸਦੇ ਹਿੰਦੂ, ਸਿੱਖ ਇੱਜ਼ਤ ਨਲ ਏਧਰ ਆ ਜਾਣ। ਜਿਹੜਾ ਕੋਈ ਵੀ ਉਹਨਾਂ ਨੂੰ ਉੜਿਆ-ਥੁੜਿਆ ਮਿਲਿਆ ਉਸ ਦੀ ਉਹਨਾਂ ਸਹਾਇਤਾ ਕੀਤੀ। ਨਿਆਸਰਿਆਂ ਨੂੰ ਆਸਰਾ ਦਵਾਉਣ ਦੀ ਕ੍ਰਿਪਾਲਤਾ ਕੀਤੀ, ਨਿਥਾਵਿਆਂ ਨੂੰ ਥਾਂ ਵੀ ਬਖਸ਼ਿਸ਼ ਕੀਤੀ। ਅਸਲ ਗੱਲ ਤਾਂ ਇਹ ਹੈ ਕਿ ਜਦ ਉਹ ਤਰੁਠ ਪੈਂਦੇ ਸਨ ਤਾਂ ਭਿਖਾਰੀ ਨੂੰ ਭੀ ਰਾਜਾ ਬਣਾ ਦੇਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਵਚਨ ਠੀਕ ਢੁਕਦਾ ਹੈ:-

**ਛਿਨ ਮਹਿ ਨੀਚ ਕੀਟ ਕੋ ਰਾਜ॥**
**ਪਾਰ ਬ੍ਰਹਮ ਗਰੀਬ ਨਿਵਾਜ॥**

ਇਹਨਾਂ ਸ਼ਬਦਾਂ ਦੀ ਦਸਵੇਂ ਪਾਤਸ਼ਾਹ ਆਪਣੇ ਸ਼ਬਦਾਂ ਵਿਚ ਪਰੋੜ੍ਹਤਾ ਕੀਤੀ ਏ:-

**ਗਰੀਬੁਲ ਨਵਾਜ ਹੈ ਗਨੀਮਲ ਖਰਾਜ ਹੈ।**

ਪਰ ਹਨ ਮੌਜ ਦੇ ਮਾਲਿਕ।

**ਇਕ ਜਗੰਦੇ ਨਾ ਲਹਿਣ, ਇਨਾਂ ਸੁੱਤਿਆਂ ਦੇ ਉਠਾਲ।**

ਜੇ ਉਹ ਤੁਠ ਪੈਣ ਤਾਂ ਨੌ-ਨਿਧਾਂ ਤੇ ਬਾਰਾਂ ਸਿਧਾਂ ਪ੍ਰਕਰਮਾਂ ਕਰਦੀਆਂ ਫਿਰਨ, ਪਰ?

ਸਤਿਗੁਰੂ ਜੀ ਧਰੀਜ ਦੇਂਦਿਆਂ ਪੁੱਛਿਆ, 'ਕਾਕਾ ਅੱਜ-ਕੱਲ੍ਹ ਕੀ ਕੰਮ ਕਰਦਾ ਏਂ?'

'ਜੀ ਸਾਈਕਲ ਵਾਹੁੰਦਾ ਹਾਂ। ਇਕ ਮਾੜੀ ਜਿਹੀ ਦੁਕਾਨ ਢੁਡੀਆਂ ਪਾਈ ਹੋਈ ਏ। ਦਿਨ ਪੂਰੇ ਕਰਨ ਵਾਲੀ ਗੱਲ ਏ।'

ਸਤਿਗੁਰੂ ਜੀ ਸੁੱਤੇ ਵਚਨ ਕਰ ਦਿੱਤਾ, 'ਦਰੀਆ ਤੂੰ ਘਬਰਾ ਨਾ। ਤੇਰਾ ਬੜਾ ਕੰਮ ਚੱਲੇਗਾ। ਤੂੰ ਰਾਮ-ਰਾਮ ਕਰਿਆ ਕਰ। ਸਿਦਕ ਭਰੋਸੇ ਨਾਲ ਦਸਾਂ ਨੌਹਾਂ ਦੀ ਕਿਰਤ ਕਰੀ ਜਾ।"

'ਸਤ ਬਚਨ।'

'ਤਮਾਕੂ ਨਾ ਵਰਤੀਂ।'

'ਨਹੀਂ ਵਰਤਦਾ ਜੀ।'

'ਸ਼ਰਾਬ ਵੀ ਮੂੰਹ ਨਾ ਲਾਈਂ।'

'ਬਹੁਤ ਅੱਛਾ ਮਹਾਰਾਜ ਜੀ।'

'ਮਾਸ ਦੇ ਲਾਗੇ ਵੀ ਨਾ ਜਾਂਈਂ।'

'ਚੰਗਾ ਜੀ।'

'ਵੇਖ ਰਾਮ-ਰਾਮ ਕਰਿਆ ਕਰ। ਪੈਸੇ ਕੋਲ ਆ ਜਾਣ ਤਾਂ ਕਈ ਵੈਲ ਚੰਬੜ ਜਾਂਦੇ ਹਨ।'

'ਤੁਹਾਡੀ ਰਹਿਮਤ ਚਾਹੀਦੀ ਏ।'

Sri Satguru Jagjit Singh Ji eLibrary NamdhariElibrary@gmail.com

'ਜਾਓ! ਪ੍ਰਸ਼ਾਦ ਛੱਕੋ।'

ਸੰਤ ਰਤਨ ਸਿੰਘ ਵਧੀਆ ਰਤਨ ਸੀ। ਉਸ ਨੇ ਇਕ ਦਿਨ ਆਪਣੀ ਗੱਲ ਸੁਣਾਈ ਕਿ ਮਾਸਟਰ ਜੀ! ਜਦ ਮੈਂ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਮਾਤਾ ਜੀਵਨ ਕੌਰ ਕੋਲ ਬਿਠਾ, ਸਿਰ ਤੇ ਮਿਹਰ ਭਰਿਆ ਹੱਥ ਰਖ ਕੇ ਕਿਹਾ 'ਕਾਕਾ! ਸਤਿਗੁਰੂ ਦੀ ਸੇਵਾ ਕਰਨ ਵਾਲੇ ਤਾਂ ਸੌ ਨੇ, ਤੂੰ ਸਤਿਗੁਰਾਂ ਦੀ ਸੇਵਾ ਵੀ ਕਰੀਂ ਪਰ ਬਹੁਤਾ ਖਿਆਲ ਅੜਿਆਂ-ਥੁੜਿਆਂ ਦਾ ਰਖੀਂ। ਉਹ ਗੱਲ ਰਤਨ ਨੇ ਪੱਲੇ ਬੰਨ੍ਹੀ ਹੋਈ ਸੀ। ਦਰੀਆ ਰਾਮ ਤੇ ਉਸਦੀ ਮਾਂ, ਯਸ਼ੋਦਾ ਬਾਈ, ਤੇ ਸੰਤ ਅਤਰ ਸਿੰਘ ਦੇ ਘਰੋਂ ਬੀਬੀ ਬੰਤ ਕੌਰ ਨੂੰ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਛਕਾਇਆ। ਉਚੇਚੇ ਘਿਓ ਵਰਤਾਇਆ। ਘਿਓ ਥਾਲੀ ਵਿਚ ਵੱਗਦਾ ਵੇਖ ਮਾਂ-ਪੁੱਤ ਖ਼ੁਸ਼ੀਆਂ ਨਾਲ ਫੁਲ ਕੇ ਜਾਮਿਆਂ ਵਿਚ ਨਾ ਸਮਾਉਣ। ਪ੍ਰਸ਼ਾਦ ਛੱਕ ਮਾਈ ਭਾਂਡੇ ਮਾਂਜਣ ਲੱਗੀ, ਪਰ ਜਗਤ ਸਿੰਘ ਨੇ ਹੱਥ ਫੜ ਲਏ ਤੇ ਕਿਹਾ, 'ਮਾਤਾ! ਪਿਛਲੀ ਭੁੱਲ ਬਖਸ਼ ਦੇ। ਭਾਂਡੇ ਮਾਂਜਣ ਦਾ ਮੈਨੂੰ ਹੁਕਮ ਹੈ। ਮੈਂ ਮਾਂਜਾਂਗਾ।' ਯਸ਼ੋਧਾ ਬਾਈ ਕਿਹਾ, 'ਪੁੱਤ! ਅਸੀਂ ਗ਼ਰੀਬ ਪਰਦੇਸੀ ਤੁਹਾਥੋਂ ਭਾਂਡੇ ਨਹੀਂ ਮੰਜਵਾਂਦੇ, ਪਰ ਸਿੰਘ ਨੇ ਹੱਥੋਂ ਭਾਂਡੇ ਫੜ ਲਏ ਤੇ ਮਾਂਜਣ ਲੱਗ ਪਿਆ। ਸਾਰੇ ਸਤਿਗੁਰੂ ਜੀ ਨੂੰ ਨਮਸਕਾਰ ਕਰ ਰਾਣੀਆਂ ਨੂੰ ਮੁੜ ਆਏ।

ਅਗਲੇ ਦਿਨ ਦਰਿਆ ਰਾਮ ਨੇ ਸਾਈਕਲ ਫੜਿਆ ਤੇ ਢੂਡੀਆਂ ਜਾਣ ਲਈ ਤਿਆਰ ਹੋ ਪਿਆ। ਬਾਹਰ ਨਿਕਲਦਿਆਂ ਦੋ ਸੱਜਣ ਮਿਲੇ। ਉਹਨਾਂ ਕਿਹਾ, 'ਹਰੀ ਪੁਰੇ ਜਾਣਾ ਈ?'

ਮੈਂ ਬੜਾ ਖ਼ੁਸ਼ ਹੋਇਆ। ਕਿਸੇ ਭਲੇ ਦੇ ਮੱਥੇ ਲੱਗ ਨਿਕਲਿਆ ਹਾਂ।' ਘਰੋਂ ਨਿਕਲਦਿਆਂ ਈ ਸਵਾਰੀਆਂ ਮਿਲ ਗਈਆਂ ਹਨ। ਰੁਪਿਆ ਕਰਾਇਆ ਚੁਕਾਇਆ ਤੇ ਨਹਿਰ ਦੀ ਪਟੜੀ ਫੜੀ। ਜਦ ਹਰੀ ਪੁਰ ਦੇ ਪੁਲ ਤੇ ਅਪੜੇ ਤਾਂ ਉਹਨਾਂ ਦਸ ਦਾ ਨੋਟ ਕੱਢ ਵਖਾਇਆ ਤੇ ਆਖਿਆ "ਲਿਆ ਭਾਈ ਨੌ ਰੁਪਏ।" ਮੇਰੇ ਕੋਲ 9 ਕਿੱਥੇ ਸਨ। ਉਨ੍ਹਾਂ ਕੋਲ ਭਾਨ ਨਹੀਂ ਸੀ, ਉਸ ਜੰਗਲ ਵਿੱਚੋਂ ਭਾਨ ਲੱਭਦਾ ਵੀ ਕਿੱਥੋਂ? ਉਹ ਇਹ ਆਖ ਕੇ 'ਭਾਈ ਜਦ ਕਦੇ ਫੇਰ ਮੇਲਾ ਹੋਵੇਗਾ ਤਾਂ ਦੇਵਾਂਗੇ", ਇਹ ਹਸਦੇ-ਹਸਦੇ ਅੱਗੇ ਨਿਕਲ ਗਏ। ਮੇਰੇ ਕੋਲ ਚਾਰਾ ਵੀ ਕੀ ਸੀ? ਗੀਟੀਆਂ ਗਿਣਦਾ ਢੂਡੀਆਂ ਪੁੱਜ ਗਿਆ ਤੇ ਜਾ ਦੁਕਾਨ ਖੋਲੀ। ਪਰ ਇਉਂ ਮਾਲੂਮ ਹੁੰਦਾ ਏ ਕਿ ਮੇਰੀ ਦੀਨਦਸ਼ਾ ਸਤਿਗੁਰਾਂ ਦੇ ਚਰਨਾਂ ਵਿਚ ਪੁੱਜ ਗਈ। ਮੇਰੀ ਅਰਦਾਸ ਉਹਨਾਂ ਪਰਵਾਨ ਕਰ ਲਈ ਤੇ ਉਹ ਦਿਆਲਤਾ ਦੇ ਘਰ ਆ ਵਸੇ।

ਪਿਛਲੇ ਪਹਿਰ ਦੁਕਾਨ ਵਧਾਈ ਤੇ ਸਾਈਕਲ ਲਿਆ ਤੇ ਰਾਣੀਆਂ ਦਾ ਰਾਹ ਫੜਿਆ ਅਜੇ ਨਹਿਰ ਤੇ ਨਹੀਂ ਅਪੜਿਆ ਸਾਂ ਕਿ ਜੰਗਲ ਵਿਚ ਤਿੰਨ (3) ਨੋਟ ਸੌ ਸੌ ਦੇ ਪਏ ਨਜ਼ਰੀਂ ਆਏ। ਇਕ ਦਮ ਸਾਈਕਲ ਰੁਕ ਗਿਆ ਕਦੇ ਨੋਟਾਂ ਵੱਲ ਵੇਖਾਂ ਕਦੇ ਸੱਜੇ ਖੱਬੇ ਝਾਕਾਂ। ਮਨ ਵਿਚ ਗਬੇੜ ਲਾਵਾਂ ਖ਼ਬਰੇ ਹੁਣੇ

Sri Satguru Jagjit Singh Ji eLibrary NamdhariElibrary@gmail.com

ਨੋਟਾਂ ਦਾ ਮਾਲਕ ਆ ਜਾਵੇ ਤੇ ਨਾਲੇ ਨੋਟ ਲੈ ਲਵੇ ਨਾਲੇ ਸਾਈਕਲ ਵੀ ਖੋਂਦਾ ਹੋਵੇ। ਕੀ ਪਤਾ ਕਿਵੇਂ ਬੀਤੇ? ਕੰਨਾਂ ਵਿਚ ਅਵਾਜ਼ ਆਈ 'ਦਰੀਆ ਇਹ ਨੋਟ ਤੇਰੇ ਵਾਸਤੇ ਹਨ, ਚੱਕ ਲੈ ਫ਼ਿਕਰ ਨਾ ਕਰ ਤੈਥੋਂ ਖੋਂਹਦਾ ਕੋਈ ਨਹੀਂ। ਇਹ ਆਵਾਜ਼ ਉਹੀ ਸੀ ਜਿਸ ਕਿਹਾ ਸੀ 'ਤੇਰਾ ਕੰਮ ਬੜਾ ਚੱਲੇਗਾ। ਰਾਮ-ਰਾਮ ਕਰਿਆ ਕਰ।' ਮੈਂ ਨੋਟ ਫੜ ਲਏ ਤੇ ਵਾਹੋ ਦਾਹੀ ਸਾਈਕਲ ਚਲਾਇਆ। ਪਰ ਦਿਲ ਵਿਚ ਧੁੜਕੂ ਲੱਗਾ ਰਿਹਾ। ਪਿੱਛਾ ਵੀ ਪਰਤ ਪਰਤ ਝਾਕਾਂ ਮਤੇ ਕੋਈ ਆ ਰਿਹਾ ਹੋਵੇ। ਘਰ ਪੁੱਜਾ। ਸਾਹ ਨਾਲ ਸਾਹ ਰਲਿਆ। ਮਾਂ ਦੀ ਤਲੀ ਤੇ ਨੋਟ ਰੱਖੇ। ਉਸ ਕਿਹਾ ਪੁੱਤ। ਇਹ ਕੋਠੀ ਵਾਲੇ ਸਤਿਗੁਰਾਂ ਦੀ ਬਖਸ਼ਸ਼ ਏ। ਆ ਉਸਦਾ ਸ਼ੁਕਰ ਕਰੀਏ।'

ਅੱਜ ਦਰੀਆ ਰਾਮ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦਾ ਸਦਕਾ ਦਰਿਆ ਰਾਮ ਬਣਿਆ ਹੈ। ਸੁੰਦਰ ਮਕਾਨ ਹੈ। ਸੜਕ ਤੇ ਦੁਕਾਨ ਹੈ। ਬੂਹੇ ਅੱਗੇ ਮੱਝਾਂ ਹਨ। ਸੁਖ ਨਾਲ ਦੁੱਧ ਹੈ। ਆਗਿਆਕਾਰੀ ਪੁੱਤ ਹਨ। ਆਂਢ ਗੁਆਂਢ ਵਿਚ ਆਦਰ ਸਤਿਕਾਰ ਹੈ। ਕੋਈ ਫ਼ਿਕਰ ਫ਼ਾਕਾ ਨਹੀਂ।

ਸਤਿਗੁਰੂ ਜੀ ਦੇ ਰੀਕਾਰਡ ਕੀਤੇ ਉਪਦੇਸ਼ਾਂ ਵਿਚ ਆਉਂਦਾ ਹੈ। ਜਿਸ ਇਲਾਕੇ ਵਿਚ ਰਸੈਣੀ ਰਹੇ ਉਸ ਦੇ ਆਲੇ ਦੁਆਲੇ ਬਾਰ੍ਹਾਂ ਬਾਰ੍ਹਾਂ ਕੋਹ ਤੱਕ ਕੋਈ ਭੁੱਖਾ ਰਹੇ ਤਾਂ ਰਸੈਣੀ ਨੂੰ ਦੋਸ਼ ਲੱਗਦਾ ਹੈ, ਪਰ ਜਿੱਥੇ ਰਸੈਣੀਆਂ ਦਾ ਬਾਪੂ ਰਹਿੰਦਾ ਹੋਵੇ ਉੱਥੇ ਤਾਂ ਭੁੱਖ ਨੰਗ ਰਹਿ ਨਹੀਂ ਸਕਦੀ। ਅੱਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਸਦਕਾ ਨਾਲੀ ਦਾ ਇਲਾਕਾ ਅੰਨ ਦਾਣੇ ਦਾ ਭੰਡਾਰ ਹੈ। ਆਮ ਰੁੱਖਾਂ ਬ੍ਰਿਸ਼ਾਂ ਨਾਲ ਫਲ ਲੱਗਦੇ ਹਨ, ਪਰ ਸ੍ਰੀ ਜੀਵਨ ਨਗਰ ਤੇ ਇਸਦੇ ਆਲੇ ਦੁਆਲੇ ਦੇ ਰੁੱਖਾਂ ਨਾਲ ਨੋਟ ਲੱਗਦੇ ਹਨ। ਮਾਇਆ ਦਾ ਦਰਿਆ ਵੱਗਦਾ ਹੈ ਤੇ ਦਰੀਆ ਰਾਮ ਵਿਚ ਖੁੱਲ੍ਹੀਆਂ ਤਾਰੀਆਂ ਲਾ ਰਿਹਾ ਹੈ।

**ਦਰੀਆ ਰਾਮ ਰਾਣੀਆਂ**

---

ਨੋਟ: ਦਰਿਆ ਰਾਮ ਨੇ 1980 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਚਰਨਾਂ ਵਿਚ ਹਾਜ਼ਰ ਹੋ ਖ਼ੁਸ਼ੀਆਂ ਲਈਆਂ ਤੇ ਨਾਮ ਦੀ ਦਾਤ ਪ੍ਰਾਪਤ ਕੀਤੀ।

Sri Satguru Jagjit Singh Ji eLibrary NamdhariElibrary@gmail.com

# ਸਿੱਖ ਦੀ ਡੋਰੀ

ਸੱਚੇ ਪਾਤਸ਼ਾਹ ਜੀ ਸਿਆਲਕੋਟ ਦੀਆਂ ਸੰਗਤਾਂ ਨੂੰ ਦਰਸ਼ਨ ਦੇ ਕੇ ਡੇਰਾ ਬਾਬਾ ਨਾਨਕ ਵੱਲ ਆ ਰਹੇ ਸਨ। ਰਾਹ ਵਿਚ ਜੱਸੜ ਤੇ ਅਲੀਆਬਾਦੀ ਤੇ ਭਿਖਾਰੀਵਾਲ ਦੇ ਵਿਚਾਲੇ ਕੱਚੀ ਸੜਕ ਖ਼ਰਾਬ ਸੀ। ਦਲਦਲ ਜੇਹੀ ਬਣੀ ਬਣੀ ਪਈ ਸੀ। ਡਰਾਈਵਰ ਲਾਲ ਸਿੰਘ ਕਾਰ ਚਲਾ ਰਿਹਾ ਸੀ। ਗੱਡੀ ਆਈ ਤੇ ਦਲਦਲ ਵਿਚ ਫਸ ਗਈ। ਖੋਬਾ ਕਾਫ਼ੀ ਸੀ। ਲਾਲ ਸਿੰਘ ਨੇ ਬਥੇਰਾ ਜਤਨ ਲਾਇਆ ਮਗਰ ਗੱਡੀ ਨਿਕਲ ਨਾ ਸਕੀ। ਗੱਡੀ ਫਸੀ ਵੇਖ ਆਲੇ ਦੁਆਲੇ ਦੇ ਬੰਦੇ ਇਕੱਠੇ ਹੋ ਗਏ। ਉਨ੍ਹਾਂ ਵੀ ਜਤਨ ਕੀਤਾ ਮਗਰ ਵਾਹ ਕੋਈ ਨਾ ਲੱਗੀ। ਬਲਦ ਵੀ ਜੋੜੇ ਪਰ ਜਦ ਗੱਡੀ ਘੱਰਰ ਕਰੇ ਤਾਂ ਬਲਦ ਤ੍ਰਬਕ ਕੇ ਨੱਸ ਜਾਣ। ਹੁਣ ਇਥੇ ਹਮਦਰਦ ਥੋੜੇ ਸਨ ਤੇ ਤਮਾਸ਼ਬੀਨ ਬਹੁਤੇ। ਬੁੱਕਲ ਵਿਚ ਮੂੰਹੋਂ ਪਾ ਹੱਸਣ ਕਿ ਵੇਖੀਏ ਸਿੱਖਾਂ ਦੇ ਗੁਰੂ ਦੀ ਹਾਲਤ। ਹੋਏ ਤਾਂ ਸਾਰੇ ਕੜਾਹ ਖਾਣੇ। ਜਦ ਕਿਸੇ ਪਾਸਿਉਂ ਵੀ ਸਫ਼ਲਤਾ ਨਾ ਹੋਈ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, 'ਤੁਸੀਂ ਪਿੱਛੇ ਹਟ ਜਾਉ। ਰਤਨ ਤੂੰ ਡੋਰੀ ਕੱਢ, ਮੈਂ ਇਕੱਲਾ ਈ ਗੱਡੀ ਖਿੱਚਾਂਗਾ।' ਇਹ ਗੱਲ ਸੁਣ ਤਮਾਸ਼ਬੀਣ ਹੋਰ ਇਕੱਠੇ ਹੋ ਗਏ ਤੇ ਮੂੰਹ ਨਾਲ ਮੂੰਹ ਜੋੜ ਕੇ ਕਹਿਣ, ਅੱਗੇ ਧਾੜ ਕੋਲੋਂ ਤਾਂ ਗੱਡੀ ਨਿਕਲੀ ਨਹੀਂ, ਹੁਣ ਇਕੱਲਾ ਗੁਰੂ ਖਿੱਚੇਗਾ। ਪਰ ਉਨ੍ਹਾਂ ਗ਼ਰੀਬਾਂ ਨੂੰ ਕੀ ਪਤਾ ਕਿ ਇੱਥੇ ਇਸ ਦੇਹ ਵਿਚ ਕਿੰਨਾ ਕੁ ਬਲ ਏ। ਰਤਨ ਸਿੰਘ ਨੇ ਡੋਰੀ ਕੱਢੀ। ਸਤਿਗੁਰੂ ਜੀ ਲੱਕ ਨਾਲ ਬੰਨ੍ਹੀ ਤੇ ਲਾਲ ਸਿੰਘ ਨੂੰ ਕਿਹਾ ਤੂੰ ਸਟੀਅਰਿੰਗ ਫੜ। ਗ਼ਰੀਬ ਨਿਵਾਜ਼ ਜੀ ਆਪ ਲੱਗੇ ਖਿੱਚਣ। ਸੱਚੇ ਪਾਤਸ਼ਾਹ ਕਦਮ ਪੁੱਟਿਆ, ਮੋਟਰ ਦਾ ਪਹੀਆ ਸਰਕਿਆ। ਸਤਿਗੁਰੂ ਜੀ ਦੂਸਰਾ ਕਦਮ ਪੁੱਟਿਆ, ਗੱਡੀ ਅੱਗੇ ਨਿਕਲ ਟੁਰੀ। ਇਸੇ ਤਰ੍ਹਾਂ ਕਦਮ ਪੁੱਟਦੇ ਗਏ, ਗੱਡੀ ਰਿੜ੍ਹੀ ਗਈ। ਅੰਤ ਗੱਡੀ ਦਲਦਲ ਵਿੱਚੋਂ ਬਾਹਰ ਨਿਕਲ ਆਈ। ਸ਼ਰਧਾਲੂਆਂ ਤਾਂ ਚਰਨ ਚੁੰਮਣੇ ਸਨ, ਪਰ ਤਮਾਸ਼ਾਈ ਇਉਂ ਗੁਣ-ਗੁਣ ਕਰਦੇ ਜਾਂਦੇ ਸਨ: 'ਇਹ ਬੰਦੇ ਦਾ ਕੰਮ ਨਹੀਂ, ਮੋਜਜ਼ਾ ਏ।' ਪਰ ਸਤਿਗੁਰੂ ਜੀ ਡੋਰੀ ਤਰਨ ਸਿੰਘ ਨੂੰ ਸੰਭਾਲਦਿਆਂ ਕਹਿ ਰਹੇ ਸਨ,ਨਰਾਇਣ ਸਿੰਘ ਇਹ ਡੋਰੀ ਬੜੀ ਡਾਢੀ ਏ, ਜਿਸ ਨੇ ਸਿੱਖ ਦੀ ਲਾਜ ਰੱਖੀ।

**ਨਰਾਇਣ ਸਿੰਘ ਰਾਣੀਆ**
ਪਿਤਾ ਗੁਰਬਚਨ ਸਿੰਘ
3-3-82

Sri Satguru Jagjit Singh Ji eLibrary NamdhariElibrary@gmail.com

# ਚੋਜੀ ਪ੍ਰੀਤਮ

**ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ**
**ਹਰਿ ਪ੍ਰਭੁ ਮੇਰਾ ਚੋਜੀ ਜੀਓ॥**

ਪੁਰਖ ਪਰਮੇਸੁਰ ਜਦ ਦੇਹ ਧਾਰ ਕੇ ਸੰਸਾਰ ਤੇ ਆਉਂਦਾ ਹੈ ਤਾਂ ਮਨੁੱਖਾਂ ਵਾਂਗੂ ਹੀ ਖੇਡਾਂ ਖੇਡਦਾ ਹੈ। ਸ੍ਰੀ ਤੁਲਸੀ ਜੀ ਨੇ ਸਾਰੀ ਲੰਮੀ ਰਾਮਾਇਣ ਕਥਾ ਨੂੰ ਰਾਮ-ਮਾਨੁਸ-ਚ੍ਰਿਤਰ ਆਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀਵਨ ਸੰਘਰਸ਼ ਦਾ ਠੀਕ ਧੁਰਾ ਦਰਸਾਇਆ ਹੈ:-

**ਨਾਨਕ ਪੂਰਾ ਸਤਿਗੁਰ ਭੇਟੀਐ ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਡੰਦਿਆਂ ਪਹਿਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ॥**

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਸੰਸਾਰ ਨੂੰ ਇਕ ਰੰਗ-ਮੰਚ ਆਖਿਆ ਹੈ:-

**ਮੈਂ ਹਉ ਪਰਮ ਪੁਰਖ ਕੋ ਦਾਸਾ॥**
**ਦੇਖਣ ਆਇਓ ਜਗਤ ਤਮਾਸਾ॥**

ਦਸਮੇਸ਼ ਪਿਤਾ ਜਿੰਨਾ ਸਮਾ ਵੀ ਦੇਹ ਕਰ ਕੇ ਸੰਸਾਰ ਤੇ ਵਿਚਰੇ, ਨਿਤ ਨਵੀਂ ਖੇਡ ਰੱਚੀ। ਉਨ੍ਹਾਂ ਦੀ ਇਕ ਲੀਲ੍ਹਾ ਨੂੰ ਇਕ ਕਵੀ ਨੇ ਇਉਂ ਨਿਰੂਪਣ ਕੀਤਾ ਹੈ:-

**ਇਕ ਦਿਨ ਕਲਗੀ ਵਾਲੇ ਪਾਤਸ਼ਾਹ ਨੇ**
**ਕੜਾਹ ਪ੍ਰਸ਼ਾਦ ਵਿਚ ਮੈਦਾਨ ਰਖਾਇਆ ਸੀ।**
**ਇਰਦ ਗਿਰਦ ਬਹਾਲ ਕੇ ਸੰਗਤਾਂ ਨੂੰ**
**ਉਤੇ ਕੁਤਿਆਂ ਤਾਈਂ ਛੁਡਾਇਆ ਸੀ।**
**ਕੁਤਪੁਣਾ ਖਲਾਰਿਆ ਕੁਤਿਆਂ ਨੇ**
**ਕੜਾਹ ਘੱਟੇ ਵਿਚ ਰੁਲਾਇਆ ਸੀ।**
**ਇਸ ਰਮਜ਼ ਦੇ ਨਾਲ ਸੱਚੇ ਪਾਤਸ਼ਾਹ ਨੇ**
**ਗੁੱਝਾ ਭੇਦ ਸਿੱਖਾਂ ਤਾਈਂ ਸਮਝਾਇਆ ਸੀ।**

ਉਪਰ ਵਰਨਣ ਕੀਤੇ ਕੌਤਕ ਨੂੰ ਬੀਤਿਆਂ ਲੱਗਪਗ ਤਿੰਨ ਸੌ ਸਾਲ ਹੋ ਗਏ ਹੋਣਗੇ। ਮਾਰਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸੇ ਤਰ੍ਹਾਂ ਦੇ ਕੌਤਕ ਆਮ ਸੰਗਤਾਂ ਵਿਚ ਪ੍ਰਸਿੱਧ ਹਨ। ਗੱਲ ਬਹੁਤੀ ਪੁਰਾਣੀ ਨਹੀਂ। ਚੂਨੀ ਵਿਚ ਸਾਲਾਨਾ ਹੌਲੇ ਦਾ ਮੇਲਾ ਸੀ। ਇਹ ਹੌਲਾ 1987 ਬਿਕ੍ਰਮੀ ਵਿਚ ਹੋਇਆ। ਮੇਲੇ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਾਤਾ ਜੀਵਨ ਕੌਰ, ਸੰਤ ਭਗਤ ਸਿੰਘ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਜੀ, ਸ੍ਰੀ ਆਲਿਮ ਜੀ, ਸ੍ਰੀ ਚਕ੍ਰਵਰਤੀ,ਰਾਗੀ

Sri Satguru Jagjit Singh Ji eLibrary NamdhariElibrary@gmail.com

ਰਬਾਬੀ ਤੇ ਹੋਰ ਸਾਧੂ ਸੰਤਾਂ ਦਰਸ਼ਨ ਦਿੱਤੇ। ਤਿੰਨ ਦਿਨ ਕਥਾ ਕੀਰਤਨ, ਨਾਮ ਸਿਮਰਨ ਦਾ ਪ੍ਰਵਾਹ ਚੱਲਦਾ ਰਿਹਾ। ਸ਼ਬਦਾਂ ਦੀ ਘਨਘੋਰ ਨੇ ਵਾਯੂ ਮੰਡਲ ਨੂੰ ਸਵੱਛ ਤੇ ਪਵਿੱਤਰ ਕੀਤਾ। ਸੈਂਕੜੇ ਨਰ ਨਾਰੀਆਂ ਮਾਸ ਸ਼ਰਾਬ ਦਾ ਤਿਆਗ ਕਰ ਸਤਿਜੁਗੀ ਮਾਰਗ ਨੂੰ ਅਪਨਾਇਆ।

ਹੌਲੇ ਦੇ ਭੋਗ ਵਾਲੇ ਦਿਨ ਲਾਂਗਰੀ ਸਿੰਘਾਂ ਨੂੰ ਹੁਕਮ ਹੋਇਆ ਕਿ ਕੜਾਹ ਪ੍ਰਸ਼ਾਦ ਬਣਾਓ, ਥੋੜ੍ਹਾ ਜੇਹਾ ਠੰਡਾ ਕਰਕੇ ਅਰਦਾਸਾ ਕਰ ਭੋਗ ਲਵਾਓ। ਬਾਕੀ ਕੜਾਹ ਪ੍ਰਸ਼ਾਦ ਦੇ ਕੜਾਹੇ ਦੋਹਾਂ ਚੁਨੀਆਂ ਦੇ ਵਿਚਾਲੇ ਸਾਫ਼ ਸੁਥਰੀ ਥਾਂ ਤੇ ਪੋਚਾ ਦੇ ਕੇ ਰਖ ਦਿਓ ਤੇ ਆਪ ਪਿੱਛੇ ਹੱਟ ਜਾਓ। ਹਜ਼ਾਰਾਂ ਲੋਕ ਇਹ ਕੌਤਰ ਦੇਖ ਰਹੇ ਸਨ। ਸੱਚੇ ਪਾਤਸ਼ਾਹ ਚੁਬਾਰੇ ਤੇ ਕੁਰਸੀ ਡਾਹ ਕੇ ਬੈਠ ਗਏ। ਸੱਚੇ ਪਾਤਸ਼ਾਹ ਨੇ ਲਾਂਗਰੀਆਂ ਨੂੰ ਕਿਹਾ, 'ਤੁਸੀਂ ਪਿਛਾਂਹ ਹਟ ਜਾਓ, ਕੋਈ ਸੋਧੀ ਸਿੰਘ ਪ੍ਰਸ਼ਾਦ ਨਾ ਵਰਤਾਏ। ਅੱਜ ਸਭ ਆਪਣੀ ਮਨਮਰਜ਼ੀ ਨਾਲ ਜਿੰਨਾ ਚਾਹੁਣ, ਲੈ ਜਾਣ। ਸਭ ਨੂੰ ਖੁੱਲ੍ਹੀ ਛੁੱਟੀ ਏ।' ਇਹ ਸੁਣਦਿਆਂ ਸਾਰੇ ਸਿੰਘ ਪਿਛਾਂਹ ਹਟ ਗਏ। ਸਿੰਘਾਂ ਦੇ ਪਿਛਾਂਹ ਹੱਟਣ ਦੀ ਦੇਰ ਸੀ, ਖਲਕਤ ਇਕ ਦਮ ਕੜਾਹ ਤੇ ਟੁੱਟ ਪਈ। ਜਾ ਕੜਾਹਿਆਂ ਵਿਚ ਹੱਥ ਪਾਏ। ਹਰੇਕ ਨੂੰ ਆਪਣੀ ਪਈ ਸੀ, ਧੱਕੇ ਤੇ ਧੱਕਾ। ਕੜਾਹ ਪ੍ਰਸ਼ਾਦ ਗਰਮ ਸੀ। ਬੁਕ ਭਰਿਆ ਨਹੀਂ ਕਿ ਚੀਸਾਂ ਨਿਕਲੀਆਂ ਨਹੀਂ। ਕਈਆਂ ਥਾਲੀਆਂ ਭਰ ਲਈਆਂ। ਪਰ ਉਹ ਲੁਟੀਆਂ ਗਈਆਂ। ਕਈਆਂ ਨੂੰ ਧੱਕੇ ਵਜੇ। ਉਹਨਾਂ ਦੀ ਬਾਹਵਾਂ ਕੜਾਹੇ ਵਿਚ ਜਾ ਪਈਆਂ। ਉਹ ਝੁਲਸ ਗਈਆਂ। ਕਈਆਂ ਝੋਲੀਆਂ ਭਰ ਲਈਆਂ, ਪਰ ਝੋਲੀਆਂ ਕਿਨ ਰਹਿਣ ਦੇਣੀਆਂ ਸਨ। ਖਾਣਾ ਕਿਸੇ ਕੀ ਸੀ? ਜੁਗਤੀ ਬਿਨਾ ਮੁਕਤੀ ਕਿੱਥੇ? ਕੜਾਹ ਪ੍ਰਸ਼ਾਦ ਘੱਟੇ ਕੌਡੀਆਂ ਰੁਲਿਆ। ਬਹੁਤਿਆਂ ਦੇ ਮੂੰਹ ਹੱਥ ਲੂਸੇ। ਕਈਆਂ ਦੇ ਕੱਪੜੇ ਪਾਟੇ। ਸੱਚੇ ਪਾਤਸ਼ਾਹ ਵੇਖ ਵੇਖ ਮੁਸਕਰਾ ਰਹੇ ਸਨ। ਬਚਨ ਕੀਤਾ, 'ਭਾਈ ਜੁਗਤ ਬਿਨਾ ਜਿੱਤੀ ਬਾਜ਼ੀ ਹਾਰ ਜਾਈਦੇ ਏ। ਕਦੇ ਵੀ ਬੇਜੁਗਤੀ ਨਾ ਵਰਤੋ। ਸਦਾ ਸਬਰ ਤੋਂ ਕੰਮ ਲਵੋ। ਕਾਹਲੀ ਅੱਗੇ ਸਦਾ ਟੋਏ ਹੁੰਦੇ ਹਨ।'

**ਪੰਡਿਤ ਬਿਸ਼ਨ ਸਿੰਘ**
**ਬਖਸ਼ੀ ਹਰਦੇਵ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਨਾਗਣੀ ਨੂੰ ਲੱਤ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਭੌਰੇ ਸਰਦਾਰ ਇੰਦਰ ਸਿੰਘ ਜਲ-ਪ੍ਰਸ਼ਾਦ ਛੱਕਿਆ ਤੇ ਅਰਦਾਸਾ ਸੋਧਿਆ, 'ਹੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ। ਕੰਮ ਤੇ ਚਲਿਆ ਹਾਂ, ਉਹ ਕੰਮ ਕਰਾਈਂ ਜੋ ਤੈਨੂੰ ਭਾਵੇ। ਤੇਰੇ ਬਿਰਦ ਬਾਣੇ ਦੀ ਲਾਜ ਰਹੇ!'

ਐਸ.ਬੀ. ਸ਼ੂਗਰ ਮਿਲ ਬਿਜਨੌਰ ਆਪਣੇ ਦਫ਼ਤਰ ਵੱਲ ਰਵਾਨਾ ਹੋਇਆ। ਚਪੜਾਸੀ ਡਾਕ ਰਖਕੇ ਨਿਕਲਿਆ ਈ ਸੀ ਕਿ ਚੀਫ਼ ਸਾਹਿਬ ਚਿੱਠੀਆਂ ਖੋਲ੍ਹੀਆਂ, ਪੜ੍ਹੀਆਂ ਤੇ ਕਲਰਕ ਨੂੰ ਸੌਂਪ ਦਿੱਤੀਆਂ। ਅਖ਼ਬਾਰ ਖੋਲ੍ਹਿਆ, ਮੋਟੀਆਂ ਮੋਟੀਆਂ ਸੁਰਖ਼ੀਆਂ ਤੇ ਨਜ਼ਰ ਮਾਰੀ। ਉਸ ਵਿਚ ਇਕ ਇਸ਼ਤਿਹਾਰ ਸੀ- ਅਮਰੋਹਾ ਸ਼ੂਗਰ ਮਿਲ ਵਿਕਾਊ। ਲੈਣ ਦੇ ਚਾਹਵਾਨ ਗਣੇਸ਼ ਫਿਲੌਰ ਮਿਲ ਲਾਇਲਪੁਰ ਵਿਚ ਚਿੱਠੀ ਪੱਤਰ ਕਰਨ।

ਇਸ਼ਤਿਹਾਰ ਪੜ੍ਹਦਿਆਂ ਸਾਰ ਲਾਲਾ ਕੁੰਦਨ ਲਾਲ ਨਾਲ ਗੱਲ ਕੀਤੀ। ਉਹ ਇਹ ਸੁਣ ਇਤਨਾ ਪ੍ਰਸੰਨ ਹੋਇਆ ਜਿਵੇਂ ਕਿਸੇ ਰਾਹੀ ਨੂੰ ਲੰਘਦਿਆਂ ਲੰਘਦਿਆਂ ਲਾਲ ਲੱਭ ਪੈਂਦਾ ਏ। ਸੇਠ ਤਿਆਰ ਹੋ ਗਿਆ। ਇਹ ਐਸ.ਬੀ. ਮਿਲ ਦਾ ਵੈਸੇ ਹਿੱਸੇ ਦਾ ਪਤੀਦਾਰ ਸੀ। ਪਰ ਕਿੱਥੇ ਪਤੀਦਾਰੀ ਕਿੱਥੇ ਮਾਲਕੀ। ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ। ਪੱਤੀ ਪੱਤੀ ਹੁੰਦੀ ਏ, ਮਾਲਕੀ ਮਾਲਕੀ। ਲਾਲਾ ਜੀ ਮਨ ਬਣਾਇਆ ਕਿ ਸੌਦਾ ਜ਼ਰੂਰ ਕਰਨਾ ਏ। ਚੀਫ਼ ਸਾਹਿਬ ਨਾਲ ਸਲਾਹ ਕਰ, ਲਾਲਾ ਚੀਫ਼ ਸਾਹਿਬ, ਤੇ ਰਘਬੀਰ ਸਿੰਘ ਜਨਰਲ ਮੈਨੇਜਰ ਲਾਇਲਪੁਰ ਨੂੰ ਰਵਾਨਾ ਹੋ ਪਏ।

ਰਾਤ ਆਰਾਮ ਕੀਤਾ ਤੇ ਸਵੇਰ ਸਾਰ ਨਿਤਨੇਮ ਉਪਰੰਤ ਨਾਸ਼ਤਾ ਕਰ, ਗਣੇਸ਼ ਫਿਲੌਰ ਮਿਲ ਪੁੱਜੇ। ਗੱਲ ਬਾਤ ਸ਼ੁਰੂ ਹੋਈ। ਦਲਾਲ ਨੇ ਕਿਹਾ, 'ਲਾਲਾ ਜੀ! 18 ਲੱਖ ਲੱਗ ਚੁੱਕਾ ਹੈ ਪਰ 20 ਲੱਖ ਲੈਣਾ ਏ।' ਥੋੜ੍ਹੇ ਸਮੇਂ ਦੀ ਗੱਲ ਬਾਤ ਉਪਰੰਤ ਸਾਰੀ ਪਾਰਟੀ ਡੇਰੇ ਮੁੜ ਆਈ। ਸੇਠ ਪ੍ਰਸੰਨ ਸੀ ਕਿ 19-20 ਲੱਖ ਕੋਈ ਬਹੁਤਾ ਨਹੀਂ। ਉਸ ਮਨ ਬਣਾ ਲਿਆ ਕਿ ਸੌਦਾ ਜਾਣ ਨਹੀਂ ਦੇਣਾ। ਅਜੇਹੇ ਮੌਕੇ ਕਿਸਮਤ ਨਾਲ ਮਿਲਦੇ ਹਨ। ਉਸ ਸਰਦਾਰ ਇੰਦਰ ਸਿੰਘ ਨੂੰ ਕਿਹਾ, 'ਸਰਦਾਰ ਸਾਹਿਬ ਚੂਕਣਾ ਨਹੀਂ ਸੌਦਾ ਜ਼ਰੂਰ ਕਰਨਾ ਹੈ। ਦੇਖਣਾ ਕਹੀਂ ਮੌਕਾ ਖੋਹ ਨਾ ਜਾਵੇ ਪਰ ਅਕਲ ਕਿਸੇ ਦੇ ਪਿਉ ਦੀ ਨਹੀਂ। ਇਹ ਜ਼ਰੂਰੀ ਨਹੀਂ ਕਿ ਲੱਖਾਂਪਤੀ ਕੋਲ ਵਧੇਰੇ ਸਮਝ ਹੋਵੇ ਤੇ ਗ਼ਰੀਬ ਕੋਲ ਥੋੜ੍ਹੀ। ਸਰਦਾਰ ਨੇ ਠਰੰਮੇ ਨਾਲ ਕਿਹਾ, 'ਲਾਲਾ ਜੀ! ਜਲਦੀ ਕੀ ਕੋਈ ਬਾਤ ਨਹੀਂ। ਪੰਜਾਬੀ ਮੇਂ ਮਿਸਾਲ ਹੈ ਕਾਹਲੀ ਅੱਗੇ ਟੋਏ। ਮੇਰੇ ਸਤਿਗੁਰੂ ਜੀ ਕ੍ਰਿਪਾ

Sri Satguru Jagjit Singh Ji eLibrary NamdhariElibrary@gmail.com

ਕੀ ਤੋ ਮਿਲ ਕੇ ਮਾਲਿਕ ਆਪ ਹੋਂਗੇ। ਜ਼ਰਾ ਧੀਰਜ ਸੇ ਕਾਮ ਲੋ, ਬਾਤ ਮੈਂ ਕਰੂੰਗਾ।' ਸਰਦਾਰ ਨੂੰ ਸਤਿਗੁਰਾਂ ਇਹ ਜਣਾਇਆ। ਦਲਾਲ ਨੇ ਫੜ ਮਾਰੀ ਏ ਇਸ ਪਾਸੇ ਕੋਈ ਗਾਹਕ ਨਹੀਂ।

ਦੂਸਰੇ ਦਿਨ ਇਹ ਪਾਰਟੀ ਦਲਾਲ ਨੂੰ ਮਿਲੀ ਤੇ 13 ਲੱਖ ਦੀ ਪੇਸ਼ਕਸ਼ ਕੀਤੀ। ਦਲਾਲ ਨੇ ਮੁਸਕਰਾਂਦਿਆਂ ਕਿਹਾ, 'ਵਾਹ ਸਰਦਾਰ! 18 ਲੱਖ ਮਿਲਦਾ ਏ। ਸੌਦਾ ਕਰਨਾ ਏ ਕਿ ਵੇਲਾ ਟਪਾਣਾ ਏ?'

'ਨਹੀਂ ਲਾਲਾ ਜੀ! ਕੋਈ ਘਰੋਂ ਵਿਹਲੇ ਨਹੀਂ। ਸੈਲ ਸਪੱਟਾ ਕਰਨ ਨਹੀਂ ਆਏ। ਪੈਸੇ ਦੇਣੇ ਹਨ ਮਾਲ ਲੈਣਾ ਏਂ।' ਇਹ ਕਹਿ ਵਾਪਸ ਮੁੜ ਆਏ। ਤੀਸਰੇ ਦਿਨ ਫਿਰ ਮਿਲੇ ਤੇ ਇਸ ਪੇਸ਼ਕਸ਼ ਨੂੰ ਦੁਹਰਾਇਆ। ਦਲਾਲ ਜ਼ਰਾ ਸਾਹ ਖਿੱਚਕੇ ਕਿਹਾ 'ਇਹ ਮੂੰਹ ਤੇ ਮਸਰਾਂ ਦੀ ਦਾਲ'। ਪਰ ਸਰਦਾਰ ਉਸ ਦੇ ਮੂੰਹ ਤੋਂ ਪੜ੍ਹ ਗਿਆ ਕਿ ਇਹ ਸਭ ਕੁਝ ਦਲਾਲਾਂ ਵਾਲੀਆਂ ਹੇਰਾਫੇਰੀਆਂ ਹਨ। ਗਾਹਕ ਇਹਨਾਂ ਪਾਸ ਕੋਈ ਨਹੀਂ ਇਹ ਗੱਲ ਕਹਿ ਪਾਰਟੀ ਵਾਪਸ ਬਿਜਨੌਰ ਨੂੰ ਮੁੜ ਆਈ।

ਲਾਲਾ ਕੁੰਦਨ ਲਾਲ ਦਾ ਦਿਲ ਡੋਬੂ ਖਾਣ ਲੱਗ ਪਿਆ ਕਿ ਇੰਦਰ ਸਿੰਘ ਨੇ ਗ਼ਲਤੀ ਕੀਤੀ ਏ। ਸੌਦਾ ਗੁਆ ਬੈਠੇ ਹਾਂ। ਪਰ ਔਲੇ ਦਾ ਤੇ ਸਿਆਣੇ ਦੇ ਆਖੇ ਦਾ ਮੁੱਲ ਸਮੇਂ ਸਿਰ ਪੈਂਦਾ ਹੈ। ਜਦ ਇਹ ਪਾਰਟੀ ਅੰਮ੍ਰਿਤਸਰ ਉਤਰੀ ਤਾਂ ਨਾਲ ਦੇ ਡੱਬੇ ਵਿੱਚੋਂ ਦਲਾਲ ਉਤਰ ਆਇਆ ਤੇ ਮੁੜ ਗੱਲ ਛੇੜ ਦਿੱਤੀ। ਤਾਂ ਸਰਦਾਰ ਦ੍ਰਿੜ੍ਹ ਹੋ ਗਿਆ ਕਿ ਇਸ ਸੌਦੇ ਵਿਚ ਮੇਰੀ ਲਾਜ ਰਹਿਣੀ ਹੈ। ਇਹਨਾਂ ਪਾਸ ਕੋਈ ਬੜਾ ਗਾਹਕ ਨਹੀਂ। ਸਰਦਾਰ ਨੇ ਪੋਲਾ ਜਿਹਾ ਮੂੰਹ ਬਣਾਕੇ ਕਿਹਾ, 'ਲਾਲਾ ਜੀ 13 ਲੱਖ ਤੋਂ ਵੱਧ ਇਕ ਧੇਲਾ ਨਹੀਂ ਦੇਣਾ। ਜੇ ਤੁਹਾਡੇ ਗਾਹਕ ਹਨ ਤਾਂ ਵੇਚੋ।' ਦਲਾਲ ਨੇ ਕਿਹਾ 'ਸਰਦਾਰ ਸਾਹਿਬ! ਹੁਣ ਸਟੇਸ਼ਨ ਤੇ ਨਹੀਂ ਮੈਂ ਤੁਹਾਡੇ ਕੋਲ ਆਪ ਆਵਾਂਗਾ।' ਜਦ ਉਸ ਕਿਹਾ ਆਵਾਂਗਾ ਤਾਂ ਸਰਦਾਰ ਇੰਦਰ ਸਿੰਘ ਨੇ ਸੇਠ ਕੁੰਦਨ ਲਾਲ ਨੂੰ ਭਰੋਸਾ ਦਵਾਉਂਦਿਆਂ ਕਿਹਾ, 'ਲਾਲਾ ਜੀ! ਸਤਿਗੁਰੂ ਪ੍ਰਤਾਪ ਸਿੰਘ ਜੀ ਚੰਗਾ ਹੀ ਕਰਨਗੇ।' ਪਰ ਲਾਲੇ ਦਾ ਚਿਹਰਾ ਚਮਕਿਆ ਹੋਇਆ ਮੁੜ ਪੀਲਾ ਪੈ ਗਿਆ। ਪਾਰਟੀ ਘਰ ਮੁੜ ਆਈ।

ਮੁਕੱਰਰ ਤਾਰੀਖ਼ ਤੇ ਅੰਮ੍ਰਿਤਸਰੀਆ ਦਲਾਲ ਆ ਗਿਆ। ਜਲ-ਪਾਣੀ ਛੱਕਿਆ। ਕੁਦਰਤੀ ਲਾਲਾ ਕੁੰਦਨ ਲਾਲ ਨੂੰ ਲਖਨਊ ਜਾਣਾ ਪੈ ਗਿਆ। ਉਹ ਆਪਣੇ ਪੁੱਤਰ ਨੂੰ ਕੋਰੇ ਚੈਕ ਤੇ ਦਸਤਖ਼ਤ ਕਰ ਕੇ ਦੇ ਗਿਆ ਤੇ ਸਰਦਾਰ ਇੰਦਰ ਸਿੰਘ ਨੂੰ ਪੱਕੀ ਕਰ ਗਿਆ ਕਿ ਬਹੁਤੀ ਸਿਆਣਪ ਨਹੀਂ ਕਰਨੀ। ਸੌਦਾ ਜਾਣ ਨਹੀਂ ਦੇਣਾ। ਦਲਾਲ ਨਾਲ ਮੁੜ ਗੱਲ ਬਾਤ ਹੋਈ। ਚੀਫ਼ ਸਾਹਿਬ ਇੱਕੋ ਗੱਲ ਫੜੀ ਕਿ ਅਸੀਂ ਤਾਂ 13 ਲੱਖ ਤੋਂ ਇਕ ਕੌਡੀ ਵੱਧ ਨਹੀਂ ਦੇਣੀ, ਮਗਰ ਦਲਾਲ ਨੇ ਨਿੰਮ੍ਰਤਾ ਨਾਲ ਕਿਹਾ ਕਿ ਨਹੀਂ ਸਰਦਾਰਾ ਇਹ ਗੱਲ ਬਣਦੀ ਨਹੀਂ ਕੁਝ ਵੱਧਣਾ ਪਵੇਗਾ। ਆਖ਼ਰ 15 ਹਜ਼ਾਰ ਵਧਾ ਦਿੱਤਾ। ਦਲਾਲ ਕਿਹਾ ਪੱਕਾ

Sri Satguru Jagjit Singh Ji eLibrary NamdhariElibrary@gmail.com

ਸੌਦਾ ਦਿੱਲੀ ਹੋਵੇਗਾ। ਪਰ ਬਾਹਰ ਗੱਲ ਕੱਢਣੀ ਨਹੀਂ। ਮੁਕੱਰਰ ਤਾਰੀਖ਼ ਤੇ ਸਰਦਾਰ ਇੰਦਰ ਸਿੰਘ ਤੇ ਕੁਝ ਹੋਰ ਸੱਜਣ ਦਿੱਲੀ ਪੁੱਜੇ। ਲਾਲਾ ਨਰਾਇਣ ਦਾਸ ਦੇ ਸੇਵਾਦਾਰਾਂ ਨੇ ਚੰਗੀ ਖ਼ਾਤਰ ਤਵਾਜ਼ਾ ਕੀਤੀ। ਪ੍ਰਸ਼ਾਦਾ ਛੱਕ ਕੇ ਲਾਲਾ ਜੀ ਸਰਦਾਰ ਇੰਦਰ ਸਿੰਘ ਜੀ ਇਕ ਕਮਰੇ ਵਿਚ ਚਲੇ ਗਏ। ਦਲਾਲ ਜਾਂਦਿਆਂ ਜਾਂਦਿਆਂ ਸੇਠ ਦੇ ਕੰਨ ਵਿਚ ਕਹਿ ਗਿਆ ਕਿ ਸੌਦੇ ਦੀ ਕੁੰਜੀ ਸਰਦਾਰ ਦੇ ਹੱਥ ਏ। ਇਸ ਨੂੰ ਕਾਬੂ ਕਰੋ! ਫਿਰ ਪੈਸੇ ਈ ਪੈਸੇ। ਲਾਲਾ ਹੰਡਿਆ ਵਰਤਿਆ ਸੀ। ਦੁਨੀਆਂ ਦੇ ਸਭ ਵਲ ਛਲ ਜਾਣਦਾ ਸੀ। ਕਈ ਪਤਣਾਂ ਦਾ ਪਾਣੀ ਪੀ ਚੁੱਕਾ ਸੀ। ਉਹ ਤਾੜ ਗਿਆ ਕਿ ਇੰਦਰ ਸਿੰਘ ਗੁਰੂ ਵਾਲਾ ਏ। ਇਸ ਨੂੰ ਵਸ ਵਿਚ ਕਰਨਾ ਸੌਖਾ ਕੰਮ ਨਹੀਂ, ਪਰ ਸਾਡਾ ਕੀ ਹਰਜ ਏ। ਕਈ ਨੀਤੀਵਾਨ ਕਹਿੰਦੇ ਹਨ, ਜਿੱਥੇ ਕੰਮ ਨਿਕਲਦਾ ਨਜ਼ਰੀਂ ਨਾ ਆਵੇ ਓਥੇ ਇਸਤਰੀ ਤੇ ਪੈਸਾ ਕੰਮ ਕੱਢ ਲੈਂਦੇ ਹਨ,ਤ ਤੁਸੀਂ ਦਾਉ ਲਾ ਕੇ ਵੇਖੋ, ਵੱਜ਼ ਗਿਆ ਤਾਂ ਤੀਰ ਨਹੀਂ ਤਾਂ ਤੁੱਕਾ ਹੀ ਸਹੀ। ਲਾਲੇ ਨੇ ਗੱਲ ਸ਼ੁਰੂ ਕੀਤੀ, ਵੇਖ ਸਰਦਾਰਾ! ਜ਼ਿੰਦਗੀ ਵਿਚ ਅਜੇਹੇ ਮੌਕੇ ਘੱਟ ਆਉਂਦੇ ਹਨ। ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ। ਸਾਰੀ ਉਮਰ ਬੈਠਾ ਖਾਵੇਂਗਾ। ਪੁੱਤਰ ਪੋਤਰੇ ਮੌਜਾਂ ਕਰਨਗੇ! ਵੇਲਾ ਖੁੰਝਿਆ ਹੱਥ ਨਹੀਂ ਆਉਂਦਾ। ਸਾਡੀ ਮੰਗ 20 ਲੱਖ ਦੀ ਹੈ ਅਤੇ ਪੇਸ਼ਕਸ਼ ਹੈ 13 ਲੱਖ ਦੀ, ਜਿਤਨਾ ਵੱਧ ਜਾਵੇ ਅੱਧੋ ਅੱਧ, ਬਸ।

ਸਤਿਗੁਰੂ ਨੇ ਮਾਇਆ ਦੋ ਪ੍ਰਕਾਰ ਦੀ ਬਣਾਈ ਏ! ਜੜ ਤੇ ਚੇਤਨ। ਚੇਤਨ ਮਾਇਆ ਨੇ ਸਿਰੰਗੀ ਰਿਖੀ ਦਾ ਨਾਸ ਕੀਤਾ, ਰਾਵਨ ਮਹਾਨ ਪੰਡਿਤ ਚੇਤਨ ਮਾਇਆ ਤੇ ਡੁੱਲਾ, ਰਾਜ ਭਾਗ ਗੁਆ ਕਲੰਕ ਦਾ ਟਿੱਕਾ ਲਵਾ ਸੰਸਾਰ ਤੋਂ ਗਿਆ। ਇੰਦਰ ਚੇਤਨ ਮਾਇਆ ਤੇ ਭੁੱਲ ਗਿਆ। ਆਪ ਵੀ ਸਰਾਪਿਆ ਗਿਆ ਤੇ ਸਤੀ ਵਿਚਾਰੀ ਨੂੰ ਪੱਥਰ ਕੀਤਾ। ਇਕ ਇਕ ਦਾ ਕੀ ਕਹਿਣਾ ਹੋਰ ਅਨੇਕਾਂ ਨੂੰ ਇਸ ਮਾਇਆ ਨੇ ਘਾਇਲ ਕੀਤਾ। ਇਸ ਨੂੰ ਵੇਖਦਿਆਂ ਸਾਰ ਉਨ੍ਹਾਂ ਦੇ ਜਤ ਸਤ ਇਉਂ ਕਾਫੂਰ ਹੋ ਗਏ ਜਿਵੇਂ ਤੂਫਾਨੀ ਹੜ ਅੱਗੇ ਸੁੱਕਾ ਤੀਲਾ। ਜੇਹੜੀ ਮਾਇਆ ਇਸ ਤੋਂ ਚਾਰ ਹਿੱਸੇ ਵੱਧ ਹੈ। ਵੇਖਿਆ ਜਾਂਦਾ ਹੈ ਕਿ ਵੱਡੇ ਵੱਡੇ ਧੂਣੀਆਂ ਦੇ ਰਮਜੇ, ਤਪੱਸਵੀ, ਵੈਰਾਗੀ, ਤਿਆਗੀ ਅਤੇ ਬਾਨ ਪ੍ਰਸਤੀਏ, ਇਸਨੂੰ ਚਿਮਟੇ ਨਾਲ ਨਾ ਛੂਹਣ ਵਾਲਿਆਂ ਨੂੰ ਇਸ ਨੇ ਆਪਣੀ ਛਣਕਾਰ ਤੇ ਲਿਸ਼ਕ ਵਿਖਾਈ, ਸਭ ਦੇ ਆਸਣ ਡੋਲ ਗਏ। ਪਰ ਸਰਦਾਰ ਇੰਦਰ ਸਿੰਘ ਅੰਦਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮਿਹਰ ਭਰਿਆ ਹੱਥ ਸੀ। ਜਦ ਸਰਦਾਰ ਇੰਦਰ ਸਿੰਘ ਇਹ ਗੱਲ ਸੁਣੀ ਤਾਂ ਇਕ ਦਮ ਅੱਖਾਂ ਬੰਦ ਕਰ ਲਈਆਂ। ਅੰਦਰ ਕੀ ਵੇਖਿਆ ਸਤਿਗੁਰੂ ਪ੍ਰਤਾਪ ਸਿੰਘ ਜੀ ਬਰਾਜਮਾਨ ਹਨ। ਠੰਡ ਪੈ ਗਈ ਤੇ ਮਨ ਨੂੰ ਕੀ ਆਖਿਆ ਇੰਦਰ ਸਿੰਘ! ਵੇਖ ਇਕ ਪਾਸੇ ਸਤਿਗੁਰੂ! ਇਕ ਪਾਸੇ ਨਾਗਨੀ! ਚੁਣ ਕਿਹੜੀ ਚੀਜ਼ ਚੁਣਨੀਆਂ। ਇਹ ਮਾਇਆ ਢਲਦੀ ਛਾਉਂ, ਕਾਗ ਬਨੇਰੇ ਦਾ। ਅੱਜ ਇਸ ਘਰ, ਕੱਲ੍ਹ ਉਸ ਘਰ, ਜਿਸਦਾ ਨਾ ਕੋਈ ਥਾਂ ਨਾ ਟਿਕਾਣਾ। ਇਹ ਡੰਗ ਮਾਰ

Sri Satguru Jagjit Singh Ji eLibrary NamdhariElibrary@gmail.com

ਪਾਗਲ ਕਰ ਚਲੀ ਜਾਂਦੀ ਹੁੰਦੀ ਹੈ। ਦੂਜੇ ਪਾਸੇ ਹੈ ਸਤਿਗੁਰੂ ਪ੍ਰਤਾਪ ਸਿੰਘ ਜਿਸਦੇ ਚਰਨਾਂ ਵਿਚ ਲਾਲ, ਹੀਰੇ, ਮੋਤੀ, ਯਾਕੂਤ ਜ਼ੁਮਰਦ ਰੁਲਦੇ ਫਿਰਦੇ ਹਨ। ਚੁਣ ਲੈ ਦੋਹਾਂ ਵਿੱਚੋਂ। ਕਰ ਸਤਿਗੁਰ ਦੇ ਚਰਨਾਂ ਵਲ ਧਿਆਨ। ਮਾਰ ਇਨ੍ਹਾਂ ਠੀਕਰੀਆਂ ਨੂੰ ਲੱਤ। ਇਹ ਅੱਜ ਦੀ ਗੱਲ ਨਹੀਂ। ਇਹ ਘਟਨਾ ਸੰਨ 1956 ਦੀ ਹੈ, ਜਦ ਮਾਇਆ ਮਹਿੰਗੀ ਸੀ। ਜਿਸਦੀ ਜੇਬ ਵਿਚ ਨਗੂਣੇ 10 ਨੋਟ ਹੁੰਦੇ ਸਨ ਉਹ ਆਪਣੇ ਆਪ ਨੂੰ ਕਾਰੂੰ ਸਮਝਦਾ ਸੀ। ਮਸਤੀ ਚੜ੍ਹੀ ਰਹਿੰਦੀ ਸੀ। ਉਹ ਆਪਣੇ ਆਪ ਨੂੰ ਇਸ ਧਰਤੀ ਦਾ ਬੰਦਾ ਨਹੀਂ ਜਾਣਦਾ ਸੀ। ਆਕਾਸ਼ੋਂ ਉਤਰਿਆ ਸਮਝਦਾ ਸੀ।

ਸਰਦਾਰ ਇੰਦਰ ਸਿੰਘ ਨੇ ਨੇਤਰ ਖੋਲੇ ਤੇ ਕਿਹਾ, ਲਾਲਾ ਜੀ ਮੈਨੂੰ ਇਹ ਗਾਂ ਖਵਾਉਣ ਲੱਗੇ ਓ! ਭੜੂਏ ਪੈਸੇ ਨਾਲ ਤਾਂ ਨਹੀਂ ਜਾਣੇ। ਅੰਤ ਧਰਮ ਨੇ ਬਾਂਹ ਫੜਨੀ ਏ। ਮੈਨੂੰ ਫੁੱਲਾਂ ਦੀ ਸੇਜ ਤੋਂ ਡੇਗਕੇ ਕੰਡਿਆਂ ਤੇ ਘਸੀਟਨ ਲੱਗੇ ਓ। ਤਖ਼ਤ ਤੋਂ ਸੁੱਟ ਦਲਦਲ ਵਿਚ ਫਸਾਉਣਾ ਚਾਹੁੰਦੇ ਹੋ। ਮੈਂ ਮਾਲ ਲੈਣ ਆਇਆ ਹਾਂ ਕਿ ਧਰਮ ਗਵਾਉਣ? ਇਹ ਸੁਣਦਿਆਂ ਸਾਰ ਲਾਲਾ ਜੀ ਦੇ ਹੱਥਾਂ ਦੇ ਤੋਤੇ ਉੱਡ ਗਏ। ਪਸੀਨਾ ਪਸੀਨਾ ਹੋ ਗਿਆ। ਸਵਾਰਥ ਦੀ ਰਾਹ ਵੇਖ ਸਹਿਮ ਗਿਆ। ਕਦੇ ਸਰਦਾਰ ਇੰਦਰ ਸਿੰਘ ਦੇ ਨੂਰਾਨੀ ਮੁਖੜੇ ਵਲ ਤੱਕੇ, ਕਦੇ ਛਤ ਵਲ ਵੇਖੇ। ਸੋਚੇ ਗ੍ਰਿਸਤੀਆਂ ਦੀ ਗੱਲ ਛੱਡੋ ਵੱਡੇ ਅਖਾੜਿਆਂ ਵਾਲੇ ਮਹੰਤ, ਗੱਦੀਦਾਰ ਦਿਗੰਬਰਾਂ ਨੂੰ ਮਾਇਆ ਦਿੱਤੀ ਜਾਵੇ ਤਾਂ ਅਨੇਕਾਂ ਵਰ ਤੇ ਅਸੀਸਾਂ ਦੇਂਦੇ ਸਵੀਕਾਰ ਕਰਦੇ ਹਨ ਪਰ ਇਹ ਚਾਰ-ਪੰਜ ਸੌ ਲੈਣ ਵਾਲਾ ਸਿੱਖ ਲੱਖਾਂ ਰੁਪਿਆਂ ਵਲ ਅੱਖ ਉਠਾ ਕੇ ਨਹੀਂ ਦੇਖਦਾ। ਕੁਝ ਚਿਰ ਬਾਅਦ ਹੌਸਲਾ ਕਰਕੇ ਬੋਲਿਆ, ਸਰਦਾਰਾ! ਤੂੰ ਜਿੱਤਿਆ ਮੈਂ ਹਾਰਿਆ! ਪਰ ਕੁਝ ਵਧਾ। ਸਰਦਾਰ ਨੇ ਕਿਹਾ, ਜੇ ਤੁਸੀਂ ਨਹੀਂ ਰਹਿ ਸਕਦੇ ਤਾਂ ਲਵੋ ਪੰਜ ਹਜ਼ਾਰ ਹੋਰ ਇਕ, ਦੋ, ਤਿੰਨ, ਬਸ। ਹੁਣ ਲਾਲਾ ਕ੍ਰਿਪਾ ਨਰਾਇਣ ਕੁਝ ਬੋਲ ਨਾ ਸਕਿਆ ਤੇ ਪੇਸ਼ਗੀ ਵਾਸਤੇ ਆਖਿਆ। ਚਾਰ ਲੱਖ ਦੀ ਪੇਸ਼ਗੀ ਦਿੱਤੀ ਗਈ। ਮਹੀਨੇ ਦੀ ਤਾਰੀਖ਼ ਤੇ ਰਜਿਸਟਰੀ ਹੋਣੀ ਮਿਥੀ, ਇਕਰਾਰ ਨਾਮਾ ਤੈ ਹੋ ਗਿਆ। ਤਹਿਰੀਰ ਲਿੱਖੀ ਗਈ।

ਰਜਿਸਟਰੀ ਅਜੇ ਹੋਣੀ ਸੀ। ਲਾਲਾ ਕਿਰਪਾ ਨਰਾਇਣ ਲਾਲਾ ਕੁੰਦਨ ਲਾਲ ਨੂੰ ਮਿਲੇ। ਰਜਿਸਟਰਾਰ ਦੀ ਮੇਜ਼ ਤੇ 11 ਲੱਖ 20 ਹਜ਼ਾਰ ਰਖਿਆ ਤੇ ਰਜਿਸਟਰੀ ਹੋ ਗਈ। ਜਦ ਰਜਿਸਟਰੀ ਹੋ ਗਈ ਤਾਂ ਲਾਲਾ ਕ੍ਰਿਪਾ ਨਾਰਾਇਣ ਨੇ ਕੁੰਦਰ ਲਾਲ ਨੂੰ ਸਾਰੀ ਗੱਲ ਦੱਸਦਿਆਂ ਬਹੁਤ ਬਹੁਤ ਵਧਾਈ ਦਿੱਤੀ ਅਤੇ ਆਖਿਆ, ਲਾਲਾ ਜੀ ਤੁਸੀਂ ਭਲੀ ਭਾਂਤ ਸਫ਼ਲ ਰਹੋਗੇ। ਜਿਸ ਸਖ਼ਸ਼ ਕੇ ਪਾਸ ਸਰਦਾਰ ਇੰਦਰ ਸਿੰਘ ਜੈਸੇ ਧਰਮਾਤਮਾ, ਈਮਾਨਦਾਰ ਔਰ ਦੇਵਤਾ ਸਰੂਪ ਕਾਮ ਕਰਨੇ ਵਾਲੇ ਹੋਂ ਵਹਾਂ ਕਭੀ ਅਸਫ਼ਲਤਾ ਨਹੀਂ ਹੋ ਸਕਤੀ।

ਰਜਿਸਟਰੀ ਹੋ ਗਈ। ਬਾਕੀ ਯਾਰ੍ਹਾਂ-ਬਾਰ੍ਹਾਂ ਲੱਖ ਦਾ ਸਟੋਰ ਸੀ। ਉਸਨੂੰ ਮਹੀਨੇ ਦੇ ਅੰਦਰ ਖ਼ਾਲੀ ਕਰਨਾ ਸੀ। ਫੇਰ ਲਾਲਾ ਜੀ ਨੇ ਆਪਣੇ ਜਵਾਤਰੇ

Sri Satguru Jagjit Singh Ji eLibrary NamdhariElibrary@gmail.com

ਕਿਰਪਾ ਨਾਰਾਇਣ ਨੂੰ ਦਸ ਹਜ਼ਾਰ ਦੀ ਥੈਲੀ ਦੇ ਕੇ ਭੇਜਿਆ ਤਾਂ ਕਿ ਉਨ੍ਹਾਂ ਨੂੰ ਸਟੋਰ ਚੁੱਕਣਾ ਨਾ ਪਵੇ। ਕਿਰਪਾ ਨਾਰਾਇਣ ਆਇਆ ਤੇ ਥੈਲੀ ਸਰਦਾਰ ਜੀ ਦੇ ਅੱਗੇ ਰੱਖੀ ਤੇ ਆਖਿਆ ਸਰਦਾਰ ਜੀ ਕੇਵਲ ਫਲ ਫਰੂਟ ਹੈ। ਨਜ਼ਰਾਨਾ ਕੁਝ ਨਹੀਂ। ਸਟੋਰ ਵਿਕ ਜਾਵੇ। ਸਰਦਾਰ ਅੰਦਰ ਮੁੜ ਉਹ ਕੂਕਿਆਂ ਵਾਲੀ ਰੂਹ ਆਈ ਤੇ ਆਖਿਆ, ਲਾਲਾ ਜੀ ਜੇ ਮੈਨੂੰ 3 ਲੱਖ ਲੈਣ ਤੋਂ ਸਤਿਗੁਰੂ ਨੇ ਬਚਾਇਆ ਹੈ ਤਾਂ ਇਸ ਦਸ ਹਜ਼ਾਰ ਨਾਲ ਮੈ ਜ਼ਰੂਰ ਮੂੰਹ ਕਾਲਾ ਕਰਨਾ ਏ। ਤੁਸੀਂ ਘੜੀ ਮੁੜੀ ਪਰਚੇ ਨਾ ਪਾਉ ਜਿਸ ਤਰ੍ਹਾਂ ਬਣੇਗਾ ਸਟੋਰ ਲੈ ਲਵਾਂਗੇ। ਪਰ ਇਸ ਮਾਇਆ ਜਾਲ ਤੋਂ ਬਚਾਓ। ਜਦ ਇਸ ਘਟਨਾ ਦੀ ਖ਼ਬਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੂੰ ਮਿੱਲੀ ਤਾਂ ਪਾਤਸ਼ਾਹ ਸਰਦਾਰ ਇੰਦਰ ਸਿੰਘ ਨੂੰ ਬੁਲਾ ਕੇ ਛਾਤੀ ਨਾਲ ਲਾਇਆ ਤੇ ਬੜੀਆਂ ਖ਼ੁਸ਼ੀਆਂ ਬਖਸ਼ੀਆਂ ਤੇ ਬਚਨ ਕੀਤਾ, ਇੰਦਰ ਸਿੰਘ! ਤੇਰੇ ਇਸ ਕਰਤਵ ਨੇ ਮੇਰੀ ਛਾਤੀ ਚੌੜੀ ਕਰ ਦਿੱਤੀ ਏ। ਪਰ ਸਰਦਾਰ ਨੇ ਛਲਕਦੇ ਹੰਝੂਆਂ ਨਾਲ ਸੀਸ ਨਿਵਾਂਦਿਆਂ ਕਿਹਾ, ਗ਼ਰੀਬ ਨਿਵਾਜ਼ ਇਹ ਤੇਰੀ ਮਿਹਰ, ਸਭ ਤੇਰੀ ਬਖਸ਼ਸ਼!! ਮੈਂ ਕੌਣ ਵਿਚਾਰਾ!!!'

**ਦਰਸ਼ਨ ਟੋਟਕੇ:**

Sri Satguru Jagjit Singh Ji eLibrary NamdhariElibrary@gmail.com

# ਯਰਕਾਨ

ਸਰਦਾਰਨੀ ਕਰਮ ਦਈ, ਮੇਰੀ ਸੱਸ ਤੇ ਹੋਰ ਪਰਿਵਾਰ ਸ੍ਰੀ ਨਨਕਾਣਾ ਸਾਹਿਬ ਕਤਕ ਦੀ ਪੂਰਨਮਾਸੀ ਦੇ ਮੇਲੇ ਤੇ ਗਏ। ਸਤਿਗੁਰਾਂ ਦੇ ਦਰਸ਼ਨ ਕੀਤੇ। ਸੰਤ ਨਿਧਾਨ ਸਿੰਘ ਆਲਿਮ ਦਾ ਮਨੋਹਰ ਵਖਿਆਨ, ਸੰਤ ਭਗਤ ਸਿੰਘ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਤੇ ਅੰਮ੍ਰਿਤ ਭਿੱਜੇ ਹੋਲੇ ਦੇ ਦੀਵਾਨ, ਸੰਤ ਭੂਰੀ ਵਾਲੇ ਤੇ ਰਲਾ ਸਿੰਘ ਦੇ ਖਿੜੇ ਮਸਤਕਾਂ ਤੇ ਨੂਰਾਨੀ ਝਲਕਾਂ ਦੇ ਦਰਸ਼ਨ। ਇਸ ਤੋਂ ਵੱਖ ਗੁਰਦੁਆਰਾ ਜਨਮ ਅਸਥਾਨ, ਬਾਲ ਲੀਲ੍ਹਾ, ਤੰਬੂ ਸਾਹਿਬ, ਕਿਆਰਾ ਸਾਹਿਬ ਤੇ ਮਾਲ ਸਾਹਿਬ ਦੀ ਯਾਤਰਾ ਕਰ ਮਨ ਬੜਾ ਪ੍ਰਸੰਨ ਹੋਇਆ।

ਮੇਲੇ ਦਾ ਭੋਗ ਪੈ ਗਿਆ ਤੇ ਵਾਪਸੀ ਦੀਆਂ ਤਿਆਰੀਆਂ ਅਰੰਭੀਆਂ। ਸਰਦਾਰਨੀ ਜੀ ਦਾ ਇਹ ਸੁਭਾਉ ਸੀ ਕਿ ਜਦ ਕਦੇ ਮੇਲੇ ਤੋਂ ਆਉਣਾ ਤਾਂ ਦਾਲਾ ਪ੍ਰਸ਼ਾਦਾ ਨਾਲ ਜ਼ਰੂਰ ਲੈ ਕੇ ਆਉਣਾ ਤੇ ਘਰ ਆ ਕੇ ਸਵਾਇਆ ਸਵਾਇਆ ਸਭ ਨੂੰ ਵਰਤਾਉਣਾ। ਜਦ ਮੇਲੇ ਉਪਰੰਤ ਅਸੀਂ ਕਿਸ਼ਨ ਗੜ੍ਹ ਜ਼ਿਲ੍ਹਾ ਸ਼ੇਖੂਪੁਰਾ, ਮੁਰੱਬਿਆਂ ਤੇ ਪੁੱਜੇ ਤਾਂ ਉਹਨਾਂ ਦਾਲਾ ਪ੍ਰਸ਼ਾਦਾ ਵਰਤਾਉਣਾ ਸ਼ੁਰੂ ਕੀਤਾ।

ਮੁਨਸ਼ੀ ਹਰਦਿੱਤ ਸਿੰਘ ਯਰਕਾਨ ਨਾਲ ਮੋਇਆ ਪਿਆ ਸੀ। ਮਹੀਨਾ ਭਰ ਪ੍ਰਸ਼ਾਦਾ ਨਹੀਂ ਸੀ ਛੱਕਿਆ। ਕੋਈ ਦਵਾਈ ਵੀ ਕਾਰਗਰ ਨਹੀਂ ਸੀ ਆਈ। ਡਾਕਟਰ ਬਥੇਰੀ ਵਾਹ ਲਾ ਥੱਕੇ। ਬੇ ਜੀ ਕਿਹਾ 'ਹਰਦਿੱਤ ਸਿੰਘ। ਆਹ ਲੈ ਤੂੰ ਵੀ ਪ੍ਰਸ਼ਾਦਾ, ਹੁਣੇ ਬੁਖਾਰ ਉੱਡ ਜਾਸੀ।' ਹਰਦਿੱਤ ਸਿੰਘ ਬੜਾ ਭਰਿਆ, ਅੱਗੇ ਕੋਈ ਦਵਾਈ ਕਾਟ ਨਹੀਂ ਕਰਦੀ। ਇਹ ਲੰਗਰ ਦਾ ਬਿਹਾ ਪ੍ਰਸ਼ਾਦਾ ਤੇ ਮਾਂਹ ਦਾ ਦਾਲਾ, ਆਂਦਰਾਂ ਵਿੱਚੋਂ ਨਿਕਲਣਾ ਨਹੀਂ, ਵੇਖਦਿਆਂ ਸਾਰ ਸਿਰ ਫੇਰਿਆ, ਪਰ ਬੇ ਜੀ ਕਿਹਾ 'ਡਰਦਾ ਕਿਉਂ ਏਂ? ਇਹ ਗੁਰੂ ਕੇ ਲੰਗਰ ਦਾ ਪ੍ਰਸ਼ਾਦਾ ਏ। ਜਨਮ ਜਨਮਾਂਤਰਾਂ ਦੇ ਕੋੜ੍ਹ ਦੂਰ ਕਰ ਦੇਸੀ, ਘਬਰਾ ਨਾ।' ਬੇ ਜੀ ਦੇ ਇਤਨੇ ਸ਼ਰਧਾ ਭਰੇ ਸ਼ਬਦਾਂ ਦੇ ਸਾਹਮਣੇ ਬੋਲ ਨਾ ਸਕਿਆ ਤੇ ਦਾਲਾ ਪ੍ਰਸ਼ਾਦਾ ਮੂੰਹ ਵਿਚ ਹੌਲੀ ਹੌਲੀ ਨਿਗਲ ਗਿਆ।

ਇਸ ਸੁਣ ਗਿਆਨੀ ਤੇ ਵਿਗਿਆਨੀ ਹੱਕੇ ਬੱਕੇ ਰਹਿ ਜਾਣਗੇ ਕਿ ਪ੍ਰਸ਼ਾਦਾ ਅੰਦਰ ਜਾਣ ਦੀ ਦੇਰ ਸੀ, ਯਰਕਾਣ ਦਾ ਪਤਾ ਨਹੀਂ ਲੱਗਾ ਕਿਹੜੇ ਪਾਸੇ ਚਲਾ ਗਿਆ। ਅੱਜ ਹੋਰ ਕੱਲ੍ਹ ਹੋਰ ਦਿਲਾਂ ਵਿਚ ਮੋੜਾ ਪੈ ਗਿਆ। ਜਿੱਥੇ ਡਾਕਟਰਾਂ ਦੀ ਦਵਾਈ ਦਾ ਅਸਰ ਨਹੀਂ ਸੀ ਹੁੰਦਾ ਉੱਥੇ ਪ੍ਰਸ਼ਾਦੇ ਨੇ ਰੋਗ ਨੂੰ ਦਾਬਾ ਚਾੜ੍ਹਿਆ। ਬੇ ਜੀ ਕਿਹਾ 'ਹਰਦਿੱਤ ਸਿੰਘਾ ਵੇਖਿਆ ਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲੰਗਰ ਦਾ ਸਵਾਦ। ਇਹ ਘਰ ਅਕਾਲ ਪੁਰਖ ਦਾ ਘਰ ਹੈ।'

**ਸਰਦਾਰਨੀ ਲੀਲ੍ਹਾ ਵੰਤੀ**

Sri Satguru Jagjit Singh Ji eLibrary NamdhariElibrary@gmail.com

# ਬਵਾਸੀਰ

ਬਾਬਾ ਟੇਕ ਸਿੰਘ ਗੁਰੂ ਕੇ ਲਾਡਲੇ, ਦੇਸ਼ ਦੇ ਵੰਡਾਰੇ ਪਿੱਛੋਂ ਸਰਸੇ ਵਿਚ ਆ ਨਿਵਾਸ ਕੀਤਾ। ਉਨ੍ਹਾਂ ਨੂੰ ਬਵਾਸੀਰ ਦੀ ਸ਼ਿਕਾਇਤ ਸੀ, ਸਰਦਾ ਪੁੱਜਦਾ ਸੀ। ਬੜੇ ਬੜੇ ਕਾਬਲ ਵੈਦਾਂ, ਹਕੀਮਾਂ ਤੇ ਸਰਜਨਾਂ ਕੋਲੋਂ ਦਵਾਈਆਂ ਲਈਆਂ ਪਰੰਤੂ ਆਰਾਮ ਕਿਤੋਂ ਨਾ ਆਇਆ।

ਹਾਰ ਹੁਟ ਕੇ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕੀਤੀ, ਗ਼ਰੀਬ ਨਿਵਾਜ਼ ਤਰੁਠ ਪਏ ਤੇ ਬਚਨ ਕੀਤਾ 'ਟੇਕ ਸਿੰਘਾ! ਮੂਲੀ ਲੈ ਕੇ ਉਸ ਦੀਆਂ ਚਾਰ ਫਾਗਾਂ ਲੂਣ, ਕਾਲੀ ਮਿਰਚ ਲਾ, ਰਾਤ ਨੂੰ ਬਾਹਰ ਤਰੇਲ ਵਿਚ ਟੰਗ ਦਿਆ ਕਰ, ਸਵੇਰ ਸਾਰ ਉਸਨੂੰ ਛੱਕ ਬਾਹਰ ਖੇਤਾਂ ਵਲ ਨਿਕਲ ਜਾਇਆ ਕਰ, ਪਰ ਭਜਨ ਕਰਦਾ ਮੁੜੀਂ। ਸਤਿਗੁਰੂ ਰਾਮ ਸਿੰਘ ਜੀ ਮਿਹਰ ਕਰਨਗੇ।

ਟੇਕ ਸਿੰਘ ਸਤਿ ਬਚਨ ਕਹਿ ਮੱਥਾ ਟੇਕ ਦਿੱਤਾ। ਉਸੇ ਸਮੇਂ ਇਕ ਹੋਰ ਸਿੰਘ ਵੀ ਪਾਸ ਬੈਠਾ ਸੀ। ਉਸ ਨੇ ਵੀ ਬਵਾਸੀਰ ਦੀ ਤਕਲੀਫ਼ ਬਾਰੇ ਬੇਨਤੀ ਕੀਤੀ ਤੇ ਨਾਲ ਹੀ ਕਿਹਾ ਜੀ ਮੈਂ ਵੀ ਟੇਕ ਸਿੰਘ ਵਾਂਗੂੰ ਕਰਾਂ। ਬਿਮਾਰੀ ਦੋਹਾਂ ਦੀ ਇੱਕੋ ਜੇਹੀ ਸੀ। ਉਮਰ ਵੀ ਲੱਗਭਗ ਬਰਾਬਰ ਸੀ, ਮਗਰ ਸਤਿਗੁਰੂ ਸੱਚੇ ਪਾਤਸ਼ਾਹ ਫ਼ੁਰਮਾਇਆ 'ਤੈਨੂੰ ਨਵਾਂ ਨੁਸਖ਼ਾ ਦੱਸਾਂਗੇ।

ਸੰਤ ਟੇਕ ਸਿੰਘ ਹੁਕਮ ਮੰਨ ਅਮਲ ਸ਼ੁਰੂ ਕੀਤਾ। ਦਿਨਾਂ ਵਿਚ ਫ਼ਰਕ ਪੈ ਗਿਆ ਅਤੇ ਝਬਦੇ ਹੀ ਰੋਗ ਬਿਸਤਰਾ ਬੋਰੀਆ ਬੰਨ੍ਹ ਕੂਚ ਕਰ ਗਿਆ। ਟੇਕ ਸਿੰਘ ਨੂੰ ਰਾਜ਼ੀ ਵੇਖ ਉਸ ਸਿੰਘ ਵੀ ਇਹੋ ਨੁਸਖ਼ਾ ਅਜ਼ਮਾਇਆ, ਮਗਰ ਕੋਈ ਫ਼ਰਕ ਨਾ ਪਿਆ। ਉਸ ਨੇ ਆਪਣੀ ਵਿਥਿਆ ਹੋਰਨਾਂ ਨੂੰ ਸੁਣਾਈ। ਸਰੋਤਿਆਂ ਵਿੱਚੋਂ ਕੋਈ ਸਤਿਗੁਰਾਂ ਦੀ ਰਜ਼ਾ ਨੂੰ ਜਾਣਦਾ ਸੀ। ਉਸ ਕਿਹਾ 'ਭਾਈ ਸਾਹਿਬ! ਰੋਗ ਮੂਲੀ ਨਾਲ ਨਹੀਂ ਨੱਸਿਆ ਉਹ ਤਾਂ ਸਤਿਗੁਰਾਂ ਦੇ ਬਚਨਾਂ ਕਾਰਨ ਜਾਂਦਾ ਨਹੀਂ ਲੱਭਾ। ਅਸਲ ਦਵਾਈ ਸਤਿਗੁਰਾਂ ਦੇ ਬਚਨ ਵਿਚ ਹੈ।

**ਟੇਕ ਸਿੰਘ**

ਸਰਸਾ

Sri Satguru Jagjit Singh Ji eLibrary NamdhariElibrary@gmail.com

## ਮੂਤ ਰੋਗ

ਭਾਈ ਜਿਊਣ ਸਿੰਘ ਬੌਰੇ ਪਿਆਰੇ ਦੇ ਸਿਆਸ ਵਿਚ ਕਾਰੋਬਾਰ ਕਰਦੇ ਸਨ, ਗੁਰੂ ਕੇ ਬੜੇ ਪਿਆਰੇ ਸਨ। ਪੇਸ਼ਾਬ ਵਿਚ ਬੜਾ ਨੁਕਸ ਪੈ ਗਿਆ। ਬੜਾ ਦੁਖੀ ਹੋਇਆ। ਬਥੇਰੇ ਡਾਕਟਰਾਂ ਪਾਸੋਂ ਇਲਾਜ਼ ਕਰਵਾਇਆ ਮਗਰ ਕੋਈ ਫ਼ਰਕ ਨਾ ਪਿਆ। ਜਦ ਆਸਰੇ ਟੁੱਟ ਜਾਂਦੇ ਨੇ, ਮਨੁੱਖ ਫੇਰ ਸਤਿਗੁਰ ਦਾ ਆਸਰਾ ਲੱਭਦਾ ਹੈ।

ਗ਼ਰੀਬ ਨਿਵਾਜ਼ ਸਤਿਗੁਰੂ ਜੀ ਸਿਆਮ ਨੂੰ ਭਾਗ ਲਾਉਣ ਗਏ, ਜੀਊਣ ਸਿੰਘ ਦੀਵਾਨ ਤੋਂ ਬਾਹਰ ਜਾ ਮੰਜੇ ਤੇ ਲੇਟਿਆ ਮਨ ਵਿਚ ਇਹ ਧਾਰ ਲਈ ਕਿ ਪੂਰਾ ਸਤਿਗੁਰੂ ਹੈ ਤਾਂ ਮੇਰੀ ਹਾਲਤ ਆਪ ਪੁੱਛੇਗਾ। ਦੀਵਾਨ ਦਾ ਭੋਗ ਪੈ ਗਿਆ, ਜਾਣੀਜਾਣ ਸਤਿਗੁਰੂ ਜੀ ਸਿੰਘਾਸਨ ਤੋਂ ਉੱਠੇ ਤੇ ਸਿੱਧੇ ਜੀਊਣ ਸਿੰਘ ਕੋਲ ਗਏ। ਸਤਿਗੁਰੂ ਜੀ ਸਹਿਜ ਸੁਭਾ ਬਚਨ ਕੀਤਾ 'ਜੀਊਣ ਸਿੰਘ! ਲੰਮਾ ਕਿਉਂ ਪਿਆ ਹੈਂ ਤੂੰ ਤਾਂ ਬਿਲਕੁਲ ਰਾਜ਼ੀ-ਬਾਜ਼ੀ ਹੈਂ। ਇਹ ਕਹਿ ਗ਼ਰੀਬ ਨਿਵਾਜ਼ ਜੀ ਅੱਗੇ ਚਲੇ ਗਏ। ਭਾਈ ਜਿਊਣ ਸਿੰਘ ਘਰ ਚਲਾ ਗਿਆ। ਬਿਮਾਰੀ ਵੀ ਕਿਸੇ ਹੋਰ ਦੇਸ਼ ਨੂੰ ਉਡਾਰੀ ਮਾਰ ਗਈ।

**ਮਾਸਟਰ ਕਪੂਰ ਸਿੰਘ**

## ਭੂਤਨੀਆਂ ਦਾ ਮੰਤਰ

ਸ੍ਰੀਮਾਨ ਸੰਤ ਆਲਾ ਸਿੰਘ ਜੀ ਦੇ ਡੇਰੇ ਟਿਬੀ (ਰਾਜਸਥਾਨ) ਨੂੰ ਗ਼ਰੀਬ ਨਿਵਾਜ਼ ਸਤਿਗੁਰੂ ਜੀ ਭਾਗ ਲਾ ਰਹੇ ਸਨ। ਸਤਿਗੁਰੂ ਜੀ ਦੇ ਚਰਣ ਭੌਰੇ ਮਸਤ ਹੋ ਗੂੰਜਰਾਂ ਪਾ ਰਹੇ ਸਨ। ਚਕੋਰ ਚੰਨ ਮੁਖੜੇ ਨੂੰ ਤੱਕਦੇ ਥੱਕਦੇ ਨਹੀਂ ਸਨ। ਦੀਵਾਨ ਲੱਗ ਰਿਹਾ ਸੀ। ਮਸਤਾਨੇ ਨਿਰਤਕਾਰੀ ਕਰਦੇ ਦੂਜਿਆਂ ਨੂੰ ਮਸਤਾਨੇ ਬਣਾ ਰਹੇ ਸਨ। ਦੀਵਾਨ ਦੇ ਭੋਗ ਉਪਰੰਤ ਅਰਦਾਸ ਹੋਈ। ਦੁਖੀਆਂ ਆਪਣੀਆਂ ਪੀੜਾਂ ਦੱਸੀਆਂ, ਸਤਿਗੁਰੂ ਜੀ ਸਭ ਨੂੰ ਨਾਮਦਾਨ ਦਾ ਨੁਸਖ਼ਾ ਬਖਸ਼ਿਆ। ਇਤਨੇ ਨੂੰ ਇਕ ਬਾਗੜਨ ਮਾਈ ਇਕ ਬੱਚੇ ਨੂੰ ਨਾਲ ਲੈ ਕੇ ਆਈ ਅਤੇ ਦੋਵੇਂ ਹੱਥ ਜੋੜ ਬੇਨਤੀ ਕੀਤੀ 'ਵੇ ਮਹਾਰਾਜਾ ਤੇਰੇ ਪੁੱਤ ਜੀਵਣ, ਤੇਰੀ ਵੱਡੀ ਉਮਰ ਹੋਵੇ। ਤੂੰ ਮੇਰੇ ਪੁੱਤ ਦੀਆਂ ਭੂਤਨੀਆਂ ਕੱਢ ਦੇ।' ਸਤਿਗੁਰੂ ਜੀ ਬਚਨ ਕੀਤਾ 'ਮਾਈ! ਸਵੇਰੇ ਆਈਂ।' ਮਾਈ ਬੱਚੇ ਨੂੰ ਲੈ ਇਕ ਪਾਸੇ ਹੋ ਗਈ, ਪ੍ਰਸ਼ਾਦਾ ਛੱਕਿਆ ਤੇ ਰਾਤ ਵੀ ਉੱਥੇ ਰਹੀ।

ਅਗਲੀ ਸਵੇਰੇ ਸ੍ਰੀ ਆਸਾ ਜੀ ਦੀ ਵਾਰ ਦਾ ਰਸ ਭਿੰਨੜਾ ਕੀਰਤਨ ਹੋਇਆ, ਜਿਨ੍ਹਾਂ ਜਿਨ੍ਹਾਂ ਦੀ ਕੰਨੀ ਆਵਾਜ਼ ਪੁੱਜੀ ਉਹ ਮੁਕਤ ਹੋ ਗਏ, ਉਹਨਾਂ ਦੀ ਬੰਦ

Sri Satguru Jagjit Singh Ji eLibrary NamdhariElibrary@gmail.com

ਖਲਾਸੀ ਹੋ ਗਈ। ਮਾਈ ਵੀ ਪੁੱਤ ਨੂੰ ਨਾਲ ਲੈ ਦੀਵਾਨ ਵਿਚ ਪੁੱਜੀ ਤੇ ਮੁੜ ਉਹੋ ਵਾਰਤਾ, 'ਵੇ ਮਹਾਰਾਜ ਮੇਰੇ ਪੁੱਤ ਦੀਆਂ ਭੂਤਨੀਆਂ ਕੱਢ ਦੇ, ਤੇਰੇ ਪੁੱਤ ਜੀਵਣ।' ਸਤਿਗੁਰੂ ਜੀ ਸੰਤ ਆਲਾ ਸਿੰਘ ਨੂੰ ਬੱਚੇ ਦੇ ਕੰਨ ਵਿਚ ਭਜਨ ਦੇਣ ਦਾ ਹੁਕਮ ਕੀਤਾ, ਸੰਤ ਆਲਾ ਸਿੰਘ ਜੀ ਕਿਹਾ 'ਧੰਨ ਹਨ ਮੇਰੇ ਸਤਿਗੁਰ! ਭੂਤਨੀਆਂ ਤਾਂ ਛਿੱਤਰਾਂ ਨਾਲ ਵੀ ਨਿਕਲ ਜਾਂਦੀਆਂ ਸਨ, ਪਰ ਭਜਨ ਦੀ ਕ੍ਰਿਪਾਲਤਾ ਨਾਲ ਕਈ ਜਨਮਾਂ ਦੇ ਰੋਗ ਦੂਰ ਕਰ ਦਿੱਤੇ ਹਨ।' ਇਹ ਕਹਿੰਦੇ ਕੰਨ ਵਿਚ ਭਜਨ ਦਸ ਦਿੱਤਾ। ਭਜਨ ਦੱਸਣ ਦੀ ਲੋੜ ਸੀ, ਬੱਚੇ ਦਾ ਰੋਗ ਠੀਕ ਹੋ ਗਿਆ, ਚਿਹਰਾ ਗੁਲਾਬ ਵਾਂਗੂ ਖਿੜ ਗਿਆ। ਮਾਈ ਮੱਥਾ ਟੇਕ ਸ਼ੁਕਰ-ਸ਼ੁਕਰ ਕਰਦੀ ਬੱਚੇ ਸਮੇਤ ਘਰ ਨੂੰ ਮੁੜੀ।

**ਪੰਡਿਤ ਗੋਪਾਲ ਸਿੰਘ**

## ਚਿੱਟੇ

ਭਾਗ ਵਾਲੇ ਬਾਬਾ ਸੋਭਾ ਸਿੰਘ ਜੀ ਸੰਗਿਆ ਦੇ ਹੋਏ ਹਨ, ਉਹਨਾਂ ਤੇ ਬੜੀ ਕਿਰਪਾ ਸੀ। ਸਾਧ ਸੰਗਤ ਵਾਸਤੇ ਬਾਦਾਮ, ਸਰਦਾਈ ਤੇ ਖੰਡ ਆਦਿ ਦੇ ਭਾਂਡੇ ਭਰੀ ਰੱਖਦੇ, ਲੋੜ ਅਨੁਸਾਰ ਸਾਧੂ ਆਪੇ ਕੱਢਣ, ਆਪੇ ਵਰਤਣ। ਸੋਭਾ ਸਿੰਘ ਦੇ ਪਰਿਵਾਰ ਦਾ ਕੋਈ ਵਾਸਤਾ ਨਹੀਂ ਸੀ। ਹਾਂ ਭਾਂਡੇ ਜਦੋਂ ਖ਼ਾਲੀ ਹੋ ਜਾਣ ਤਾਂ ਉਨ੍ਹਾਂ ਵਿਚ ਰਸਦ ਦਾ ਭਰਨਾ, ਉਨ੍ਹਾਂ ਵਾਸਤੇ ਪਹਿਲਾਂ ਕੰਮ ਸੀ। ਦੂਜਾ ਉਨ੍ਹਾਂ ਦੇ ਖੇਤ ਗੁਰੂ ਕਿਆਂ ਦੇ ਘੋੜੇ ਘੋੜੀਆਂ ਵਾਸਤੇ ਰੀਜ਼ਰਵ ਰਹਿੰਦੇ। ਛੋਲੇ, ਕਣਕ ਬੀਜੇ ਪਰ ਗੁਰੂ ਕਿਆਂ ਦੇ ਮਾਲ ਵਾਸਤੇ। ਘੋੜੀ ਘੋੜੀਆਂ ਆਉਂਦੇ, ਮਨ ਮਰਜ਼ੀ ਦਾ ਖਾਂਦੇ, ਮਨ ਮਰਜ਼ੀ ਦਾ ਲਤਾੜਦੇ। ਘੋੜਿਆਂ ਦੇ ਸੇਵਾਦਾਰ ਭਜਨ ਬਾਣੀ ਕਰਦੇ ਤੇ ਗੱਫੇ ਵੀ ਲਾਂਦੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖ਼ਾਸ ਮਿਹਰਾਂ ਸਨ।

ਸੰਤਾਂ ਦੇ ਦੋ ਪੁੱਤਰ ਭਗਵਾਨ ਸਿੰਘ ਤੇ ਪ੍ਰੀਤਮ ਸਿੰਘ ਸਨ। ਸਤਿਗੁਰ ਦੀ ਰਜ਼ਾ, ਪ੍ਰੀਤਮ ਸਿੰਘ ਨੂੰ ਮਾਤਾ ਨਿਕਲੀ ਤੇ ਮਾਤਾ ਦੇ ਨਿਕਲਣ ਨਾਲ ਅੱਖਾਂ ਵਿਚ ਚਿੱਟੇ ਪੈ ਗਏ, ਚੰਨ ਵਰਗੇ ਮੂੰਹ ਤੇ ਦਾਗ਼ ਲਗ ਗਏ। ਉਹਨਾਂ ਦੀ ਮਾਤਾ ਠਾਕਰੀ ਨੂੰ ਬੜਾ ਫ਼ਿਕਰ ਲੱਗਾ। ਬਥੇਰਾ ਡਾਕਟਰਾਂ, ਹਕੀਮਾਂ ਪਾਸ ਭੱਜੀ ਪਰ ਕੁਝ ਲਾਭ ਨਾ ਹੋਇਆ। ਸਭ ਡਾਕਟਰਾਂ ਇਹ ਫਤਵਾ ਦਿੱਤਾ 'ਮਾਤਾ! ਚੀਚਕ ਕਾਰਨ ਚਿੱਟਿਆਂ ਦਾ ਕੋਈ ਇਲਾਜ਼ ਨਹੀਂ।' ਮਾਤਾ ਬੜੀ ਨਰਾਸ਼ ਹੋਈ ਪਰ ਮੁੜ ਖ਼ਿਆਲ ਆਇਆ ਕਿ ਮੈਂ ਡਾਕਟਰਾਂ, ਵੈਦਾਂ, ਹਕੀਮਾਂ ਪਾਸ ਭੱਜੀ ਫਿਰਦੀ ਹਾਂ, ਕਿਉਂ ਨਾ ਵੱਡੇ ਡਾਕਟਰ ਦੇ ਚਰਨਾਂ ਵਿਚ ਅਰਜ਼ ਕਰਾਂ।

ਉਨ੍ਹੀਂ ਦਿਨੀਂ ਸਤਿਗੁਰੂ ਜੀ ਤਰਨਤਾਰਨ ਸੰਗਤਾਂ ਨੂੰ ਜੀਅ ਦਾਨ ਬਖਸ਼ ਰਹੇ ਸਨ। ਮਾਤਾ ਠਾਕੁਰੀ ਵੀ ਪੁੱਜੀ ਤੇ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕੀਤੀ,

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਬਚਨ ਕੀਤਾ 'ਮਾਤਾ! ਬੁਲਾ ਪ੍ਰੀਤਮ ਸਿੰਘ ਨੂੰ।' ਪ੍ਰੀਤਮ ਸਿੰਘ ਹਾਜ਼ਰ ਹੋਇਆ, ਚਰਨਾਂ ਤੇ ਮੱਥਾ ਟੇਕਿਆ ਸਤਿਗੁਰਾਂ ਬਚਨ ਕੀਤਾ 'ਰਤਨ ਸਿਆਂ ਲਿਆ ਜਲ ਦਾ ਗੜਵਾ' ਰਤਨ ਸਿੰਘ ਜਲ ਲੈ ਹਾਜ਼ਰ ਹੋਇਆ, ਸਤਿਗੁਰਾਂ ਆਪਣੇ ਕਰ ਕਮਲਾਂ ਨਾਲ ਪ੍ਰੀਤਮ ਸਿੰਘ ਦੇ ਨੇਤਰਾਂ ਵਿਚ ਛਿੱਟੇ ਮਾਰੇ। ਛਿੱਟੇ ਮਾਰਨ ਦੀ ਦੇਰ ਸੀ, ਨੇਤਰ ਮਮੋਲਿਆਂ ਵਾਂਗੂ ਨਿਕਲ ਆਏ। ਮਾਂ ਪੁੱਤਰ ਨਮਸਕਾਰ ਕੀਤੀ ਤੇ ਸਤਿਗੁਰਾਂ ਦਾ ਜਸ ਕਰਦੇ ਘਰ ਨੂੰ ਮੁੜੇ।

**ਪੰਡਿਤ ਗੋਪਾਲ ਸਿੰਘ**

## ਸਿਫਲਸ

ਧਾਰਾ ਸਿੰਘ ਡਰਾਈਵਰ ਨੂੰ ਸਿਫਲਸ ਦਾ ਰੋਗ ਚਿੰਬੜ ਗਿਆ। ਉਸ ਨੇ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕੀਤੀ, ਸਤਿਗੁਰ ਸਦਾ ਮੌਜ ਦੇ ਮਾਲਕ। ਮੌਜੀ ਨੇ ਡਾਕਟਰ ਸ਼ਮਸ਼ੇਰ ਸਿੰਘ ਜਲੰਧਰ ਵਲ ਚਿੱਠੀ ਲਿਖਵਾ ਦਿੱਤੀ। ਧਾਰਾ ਸਿੰਘ ਬਚਨ ਮੰਨ ਜਲੰਧਰ ਚਲਾ ਗਿਆ। ਧਾਰਾ ਸਿੰਘ ਨੇ ਜਾ ਕੇ ਡਾਕਟਰ ਸਾਹਿਬ ਨੂੰ ਚਿੱਠੀ ਦਿੱਤੀ ਤੇ ਹਾਲ ਵੀ ਦੱਸਿਆ। ਡਾਕਟਰ ਸਾਹਿਬ ਨੇ ਵੇਖਿਆ ਅਤੇ ਆਖਿਆ ਇਹ ਮੇਰਾ ਵਸ ਦਾ ਰੋਗ ਨਹੀਂ। ਤੂੰ ਅੰਮ੍ਰਿਤਸਰ ਦੇ ਵੱਡੇ ਹਸਪਤਾਲ ਚਲਾ ਜਾ। ਡਾਕਟਰ ਸਾਹਿਬ ਦਾ ਉੱਤਰ ਸੁਣ ਧਾਰਾ ਸਿੰਘ ਸ੍ਰੀ ਭੈਣੀ ਸਾਹਿਬ ਮੁੜ ਆਇਆ, ਆ ਕੇ ਮੱਥਾ ਟੇਕਿਆ ਤੇ ਆਖਿਆ ਤੁਸੀਂ ਮੋਇਆਂ ਨੂੰ ਜਿਵਾਂਦੇ ਹੋ ਤੇ ਮੈਨੂੰ ਡਾਕਟਰਾਂ ਪਾਸ ਭੇਜਦੇ ਹੋ।' ਸਤਿਗੁਰੂ ਜੀ ਸੰਤ ਰਤਨ ਸਿੰਘ ਨੂੰ ਬੁਲਾਇਆ ਤੇ ਆਖਿਆ "ਰਤਨ! ਇਹ ਤਾਂ ਸਾਡੇ ਗਲ ਪੈ ਗਿਆ ਈ। ਜਾਹ ਇਸ ਨੂੰ ਦੇ ਗੋਲੀ।'

'ਕਿਹੜੀ ਗੋਲੀ?'

'ਜਿਹੜੀ ਹੱਥ ਆਉਂਦੀ ਆ।'

ਰਤਨ ਸਿੰਘ ਨੇ ਧਾਰਾ ਸਿੰਘ ਨੂੰ ਕੁਝ ਦਿਨਾਂ ਦੀ ਦਵਾਈ ਦਿੱਤੀ ਤੇ ਧਾਰਾ ਸਿੰਘ ਥੋੜ੍ਹੇ ਦਿਨਾਂ ਵਿਚ ਹੀ ਨੌ ਬਰ ਨੌ ਹੋ ਗਿਆ, ਕੁੰਦਨ ਵਰਗੀ ਦੇਹ ਨਿਕਲ ਆਈ। ਧਾਰਾ ਸਿੰਘ ਮੁੜ ਕਿਸੇ ਕਾਰਜ ਜਲੰਧਰ ਗਿਆ ਤੇ ਓਥੇ ਡਾਕਟਰ ਸਾਹਿਬ ਦੀ ਦੁਕਾਨ ਤੇ ਪੁੱਜਾ, ਡਾਕਟਰ ਸਾਹਿਬ ਜਾਣੂ ਪਛਾਣੂ ਸੀ ਉਸ ਕਿਹਾ 'ਧਾਰਾ ਸਿਆਂ! ਤੇਰੇ ਤੇ ਬੜੀ ਕਿਰਪਾ ਹੋ ਗਈ। ਤੂੰ ਤਾਂ ਬਹੁਤ ਜਲਦੀ ਰਾਜ਼ੀ ਬਾਜ਼ੀ ਹੋ ਗਿਆ ਹੈਂ। ਕਿਸ ਡਾਕਟਰ ਤੋਂ ਦਵਾਈ ਲਈ ਆ।' ਧਾਰਾ ਸਿੰਘ ਨੇ ਨਿੰਮ੍ਰਤਾ ਸਹਿਤ ਉੱਤਰ ਦਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਡਾਕਟਰਾਂ ਦੇ ਡਾਕਟਰ ਹਨ, ਇਹਨਾਂ ਕਿਰਪਾ ਕੀਤੀ ਏ।

**ਧਾਰਾ ਸਿੰਘ**
ਹਜ਼ੂਰੀ ਡਰਾਈਵਰ

Sri Satguru Jagjit Singh Ji eLibrary NamdhariElibrary@gmail.com

# ਅੰਧਾ-ਪੰਨ

ਵੈਦ ਸਵਾਮੀ ਅਨੰਦ ਮੋਹਨ ਹਰੀ ਸੁਭਾਗ ਨਾਲ ਮੰਡੀ ਹਿਮਾਚਲ ਗਏ। ਉਸ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਵੀ ਮੰਡੀ ਦੀ ਸੰਗਤ ਨੂੰ ਤਾਰ ਰਹੇ ਸਨ। ਸਵਾਮੀ ਅਨੰਦ ਮੋਹਨ ਦੇ ਭਾਗ ਵੀ ਜਾਗੇ, ਇਹ ਵੀ ਸਤਿਗੁਰੂ ਜੀ ਦੇ ਦੀਵਾਨ ਵਿਚ ਹਾਜ਼ਰ ਹੋਇਆ, ਗੁਰੂ ਦਰਸ਼ਨ ਕੀਤੇ। ਦਰਸ਼ਨ ਕਰਕੇ ਮਨ ਵਿਚ ਨਵਾਂ ਅਨੂਠਾ ਖੇੜਾ ਆਇਆ ਤੇ ਹਿਰਦੇ ਵਿਚ ਸ਼ਰਧਾ ਭਾਵਨਾ ਦਾ ਚਸ਼ਮਾ ਫੁਟ ਪਿਆ।

ਇਸਨੇ ਆਪਣੀ ਜਾਣ ਪਛਾਣ ਕਰਾਂਦਿਆਂ ਗੁਰੂ ਚਰਨਾਂ ਵਿਚ ਅਰਜ਼ ਕੀਤੀ, 'ਗ਼ਰੀਬ ਨਿਵਾਜ਼' ਮੇਰਾ ਜਨਮ ਪਤਤੀ ਟਾਪੂ ਨਗਰ (ਜੰਮੂ ਤੇ ਸ੍ਰੀਨਗਰ ਵਿਚਾਲੇ) ਹੈ, ਮੇਰਾ ਪਿਤਾ ਭੀਮ ਬਹਾਦਰ ਡੋਗਰਾ ਪਲਟਨ ਵਿਚ ਰਾਈਫਲਮੈਨ ਸੀ। ਪਰ ਮੈਂ ਪਿਤਾ ਵਾਲਾ ਪੇਸ਼ਾ ਗ੍ਰਹਿਣ ਨਾ ਕੀਤਾ ਤੇ ਸਗੋਂ ਇਕ ਸੰਨਿਆਸੀ ਸਾਧ (ਜੋ ਬੰਗਾਲੀ ਸੀ) ਸੈਰ ਕਰਦਾ ਮਿਲ ਗਿਆ ਉਹ ਹਿਕਮਤ (ਵੈਦਗੀ) ਦਾ ਪੰਡਿਤ ਸੀ। ਮੈਂ ਤਕਰੀਬਨ ਬਾਰ੍ਹਾਂ ਸਾਲ ਉਸਦੀ ਸੇਵਾ ਕੀਤੀ, ਇਤਨੇ ਚਿਰ ਵਿਚ ਉਸ ਨੇ ਮੈਨੂੰ ਵੈਦਗੀ ਵਿਚ ਚੰਗੀ ਤਰ੍ਹਾਂ ਨਿਪੁੰਨ ਕਰ ਦਿੱਤਾ। ਹੋਰ ਬਿਮਾਰੀਆਂ ਤੋਂ ਇਲਾਵਾ ਮੈਂ ਦਮੇ ਦੀ ਬਿਮਾਰੀ ਦਾ ਸ਼ਰਤੀਆਂ ਇਲਾਜ਼ ਕਰਦਾ ਹਾਂ।

ਉਸ ਦੀ ਗੱਲ ਬਾਤ ਸੁਣਕੇ ਸੱਚੇ ਪਾਤਸ਼ਾਹ ਜੀ ਪ੍ਰਸੰਨ ਹੋਏ ਤੇ ਉਸਨੂੰ ਬੜਾ ਪਿਆਰ ਕੀਤਾ। ਹੋਣੀ ਬੜੀ ਪ੍ਰਬਲ ਹੈ, ਸਮਾਂ ਪਾ ਕੇ ਸੰਨਿਆਸੀ ਅਨੰਦ ਮੋਹਨ ਦੀਆਂ ਅੱਖਾਂ ਬੰਦ ਹੋ ਗਈਆਂ, ਜਿਸਦੇ ਕਾਰਨ ਉਹ ਬੜਾ ਦੁਖੀ ਹੋਇਆ। ਮਨ ਵਿਚ ਧਾਰ ਲਿਆ ਕਿ ਹੁਣ ਇਸ ਜੀਵਨ ਨਾਲੋਂ ਆਤਮਘਾਤ ਕਰਕੇ ਮਰ ਜਾਣਾ ਹੀ ਚੰਗਾ ਹੈ? ਜਦੋਂ ਇਸ ਸੰਨਿਆਸੀ ਦੇ ਮਨ ਵਿਚ ਅਜਿਹਾ ਫੁਰ ਰਿਹਾ ਸੀ ਉਸ ਵਕਤ ਇਹ ਸੰਨਿਆਸੀ ਪਿੰਡ ਪੰਨਵਾਂ ਜ਼ਿਲ੍ਹਾ ਗੁਰਦਾਸਪੁਰ ਵਿਚ ਰਹਿੰਦੇ ਮਿਸਤ੍ਰੀ ਸੁੰਦਰ ਸਿੰਘ ਦੇ ਦਮੇ ਦਾ ਇਲਾਜ਼ ਕਰ ਰਿਹਾ ਸੀ।

ਬਾਹਰ ਧਰੇਕਾਂ ਹੇਠਾਂ ਮੰਜੇ ਤੇ ਲੇਟਿਆ ਇਹੋ ਜਿਹੀਆਂ ਵਿਚਾਰਾਂ ਕਰਦਾ ਕਰਦਾ ਅਧੋਰਾਣੀ ਸੌਂ ਗਿਆ ਕਿ ਏਸੇ ਅਧੋਰਾਣੀ ਨੀਂਦ ਵਿਚ ਇਸ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਬਾਹੋਂ ਫੜ ਕੇ ਹਲੂਣਾ ਦੇਂਦਿਆਂ ਬਚਨ ਕੀਤਾ ਕਿ 'ਅਨੰਦ ਹਰੀ' ਇਤਨਾ ਸਿਆਣਾ ਹੋ ਕੇ ਆਤਮਘਾਤ ਕਰਨ ਦੀਆਂ ਗੱਲਾਂ ਸੋਚ ਰਿਹਾ ਹੈਂ?

ਉਸ ਹਾਲਤ ਵਿਚ ਸੰਨਿਆਸੀ ਨੇ ਅਰਜ਼ ਕੀਤੀ, ਗ਼ਰੀਬ ਨਿਵਾਜ਼ ਹੋਰ ਕੀ ਕਰਾਂ? ਇਸ ਜੀਵਨ ਨਾਲੋਂ ਤਾਂ ਮੌਤ ਕਈ ਦਰਜੇ ਚੰਗੀ ਹੋਵੇਗੀ। ਅੱਖਾਂ ਤੋਂ ਬਿਨਾਂ ਜਿਊਣਾ ਬੇਕਾਰ ਹੈ?

ਸੱਚੇ ਪਾਤਸ਼ਾਹ ਹੁਕਮ ਦਿੱਤਾ, ਸਵਾਮੀ ਉਦਾਸ ਨਾ ਹੋ! ਤੇਰੇ ਕੋਲ ਇਕ

Sri Satguru Jagjit Singh Ji eLibrary NamdhariElibrary@gmail.com

ਦਵਾਈ ਪਈ ਹੈ, ਤੂੰ ਉਹ ਦਵਾਈ ਅੱਖਾਂ ਵਿਚ ਪਾ! ਸਤਿਗੁਰੂ ਰਾਮ ਸਿੰਘ ਜੀ ਮੇਹਰ ਕਰਨਗੇ!

ਬਸ ਇਤਨਾ ਹੁਕਮ ਕਰਕੇ ਸਤਿਗੁਰੂ ਜੀ ਅਲੋਪ ਹੋ ਗਏ ਤੇ ਸਵਾਮੀ ਦੀ ਜਾਗ ਖੁੱਲ ਗਈ ਤੇ ਉਸੇ ਵੇਲੇ ਉਠ ਕੇ ਮੰਜੇ ਤੇ ਬੈਠ ਗਿਆ ਅਤੇ ਸੇਵਾਦਾਰ ਨੂੰ ਸਦ ਕੇ ਥੈਲੇ ਵਿੱਚੋਂ ਉਹ ਦਵਾਈ ਕੱਢਵਾਈ ਔਰ ਇਕ ਸਲਾਈ ਦੋਹਾਂ ਅੱਖਾਂ ਵਿਚ ਪਾਈ।

ਸੰਨਿਆਸੀ ਨੂੰ ਇਉਂ ਲੱਗਾ ਜਿਵੇਂ ਦਵਾਈ ਦਵਾਰਾ ਕਿਸੇ ਅਗੰਮੀ ਵੈਦ ਨੇ ਅੱਖਾਂ ਦਾ ਅਪ੍ਰੇਸ਼ਨ ਹੀ ਕਰ ਦਿੱਤਾ ਹੈ। ਥੋੜ੍ਹੇ ਦਿਨ ਸੰਜਮ ਨਾਲ ਦਵਾਈ ਵਰਤਨ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਧਿਆਨ ਕਰਦਿਆਂ ਦੋਵੇਂ ਅੱਖਾਂ ਬਿਲਕੁਲ ਠੀਕ ਹੋ ਗਈਆਂ। ਸਮਾਂ ਪਾ ਕੇ ਉਸ ਸੰਨਿਆਸੀ ਨੇ ਗੁਰੂ ਚਰਨਾਂ ਵਿਚ ਹਾਜ਼ਰ ਹੋ ਕੇ ਆਪਣੀ ਸਾਰੀ ਵੇਦਨਾ ਦੱਸੀ। ਆਮ ਸਰੀਰਾਂ ਨਾਲ ਗੱਲ ਬਾਤ ਕਰਦਿਆਂ ਉਹ ਸੰਨਿਆਸੀ ਆਖਿਆ ਕਰਦਾ ਕਿ ਮੈਂ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵੈਦਾਂ ਦਾ ਵੈਦ ਸਮਝਦਾ ਹਾਂ।

## ਸ਼ੂਗਰ

"ਡਾਕਟਰ ਸਾਹਿਬ! ਮੈਂ ਮਿੱਠਾ ਕਿਉਂ ਛੱਡਾਂ? ਮੈਂ ਤਾਂ ਸਗੋਂ ਸੇਵੀਆਂ ਵਿਚ ਸ਼ੱਕਰ ਪਾਕੇ ਖਾਂਦਾ ਹਾਂ। ਸ਼ਕੰਜਵੀ ਗਾੜ੍ਹੇ ਮਿੱਠੇ ਵਾਲੀ ਪੀਂਦਾ ਹਾਂ, ਸਰਦਾਈ ਦੇ ਗਾੜ੍ਹੇ ਗੱਫੇ ਲਾਂਦਾ ਹਾਂ, ਕੜਾਹ ਪ੍ਰਸ਼ਾਦ ਵੀ ਛੱਕਦਾ ਹਾਂ। ਮੈਂ ਕੋਈ ਤੁਹਾਡੀ ਦਵਾਈ ਵਰਤੀ ਏ। ਜਿਸ ਡਾਕਟਰ ਦੀ ਦਵਾਈ ਨੇ ਮੈਨੂੰ ਨੌ ਬਰ ਨੌ ਕਰ ਦਿੱਤਾ ਏ ਉਸ ਮਿੱਠਾ ਛੱਡਣ ਵਾਸਤੇ ਨਹੀਂ ਕਿਹਾ। ਵੈਸੇ ਤੁਹਾਡਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੇਰੇ ਨਾਲ ਸੁਨੇਹ ਕਰਦਿਆਂ ਇਹ ਰਾਏ ਦਿੱਤੀ ਹੈ। ਪਰ ਮਿੱਠਾ ਨਹੀਂ ਛੱਡ ਸਕਦਾ।"

"ਉਜਾਗਰ ਸਿੰਘਾ! ਉਹ ਤੈਨੂੰ ਕਿਹੜਾ ਡਾਕਟਰ ਮਿਲ ਗਿਆ ਜਿਸ ਸ਼ੂਗਰ ਵਰਗੀ ਨਾ ਮੁਰਾਦ ਬਿਮਾਰੀ ਤੋਂ ਤੈਨੂੰ ਛੁਡਾਇਆ ਤੇ ਨਾਲ ਹੀ ਮਿੱਠਾ ਖਾਣ ਤੋਂ ਨਹੀਂ ਵਰਜਿਆ?"

"ਮਿਹਰਬਾਨ ਜੀਉ! ਉਹ ਡਾਕਟਰ ਹੈ, ਜਿਸ ਦੇ ਧਨੰਤਰ, ਅਫਲਾਤੂਨ ਤੇ ਅਰਸਤੂ ਵਰਗੇ ਚੇਲੇ ਹਨ। ਸਭ ਹਿਕਮਤਾਂ ਉਸੇ ਤੋਂ ਪ੍ਰਗਟ ਹੋਈਆਂ ਹਨ।"

"ਹੈਂ ਹੈਂ! ਤੂੰ ਕੀ ਕਹਿ ਰਿਹਾ ਹੈਂ? ਕਿਤੇ ਕੂਕਿਆਂ ਪਾਸੋਂ ਉਨ੍ਹਾਂ ਦੀ ਸ਼ਹੀਦੀ ਤਾਂ ਨਹੀਂ ਛੱਕ ਆਇਆ, ਕਿ ਧਨੰਤਰ ਤੇ ਅਫਲਾਤੂਨ ਦਾ ਗੁਰੂ ਦੱਸਣ ਲੱਗ ਪਿਆ ਏਂ?"

"ਨਹੀਂ ਨਹੀਂ, ਡਾਕਟਰ ਸਾਹਿਬ ਮਜ਼ਾਕ ਨਹੀਂ। ਉਸ ਦੀਆਂ ਸਿਫ਼ਤਾਂ ਕੀਤੀਆਂ ਨਹੀਂ ਜਾ ਸਕਦੀਆਂ।"

**ਪੜੇ ਭਟਕਤੇ ਹੈਂ ਲਾਖੋਂ ਪੰਡਿਤ, ਕਰੋੜੋਂ ਦਾਨਾਂ ਹਜ਼ਾਰੋਂ ਸਿਆਨੇ।**

Sri Satguru Jagjit Singh Ji eLibrary NamdhariElibrary@gmail.com

**ਪਰ ਜੋ ਦੇਖਾ ਯਾਰ ਆਖ਼ਿਰ, ਖ਼ੁਦਾ ਕੀ ਬਾਤੇਂ ਖ਼ੁਦਾ ਹੀ ਜਾਨੇ।**
ਵਾਲਾ ਹਿਸਾਬ ਹੈ। ਸੁਣੋ! ਇਹ ਕੇਵਲ ਆਸਾਧ ਰੋਗਾਂ ਤੋਂ ਹੀ ਛੁਟਕਾਰਾ ਨਹੀਂ ਦਵਾ ਸਕਦਾ, ਸਗੋਂ ਧਰਮ ਰਾਜ ਦੇ ਦੂਤਾਂ ਤੋਂ ਵੀ ਬੰਦਾ ਖਲਾਸ ਕਰਾ ਸਕਦਾ ਹੈ।"

"ਜਥੇਦਾਰਾ! ਤੂੰ ਜਥੇਦਾਰਾਂ ਵਾਲੀਆਂ ਈ ਨਾ ਰੇੜ੍ਹੀ ਜਾ ਕੋਈ ਸਿਰੇ ਦੀ ਗੱਲ ਕਰ।"

"ਸਿਰੇ ਦੀ ਗੱਲ ਤਾਂ ਇਹ ਹੈ ਕਿ ਉਹ ਡਾਕਟਰ ਨਿਰਗੁਣ ਤੋਂ ਸਰਗੁਣ ਬਣਦਾ ਹੈ, ਤੇ ਸੰਸਾਰ ਤੇ ਸੰਸਾਰੀਆਂ ਵਾਂਗੂ ਵਿਚਰਦਾ ਹੈ। ਸੰਸਾਰੀਆਂ ਵਾਂਗੂ ਹੱਸਦਾ ਖੇਡਦਾ ਹੈ, ਬਚਨ ਬਿਲਾਸ ਕਰਦਾ ਹੈ, ਉਨ੍ਹਾਂ ਦੇ ਦੁੱਖ ਸੁੱਖ ਦਾ ਭਾਈਵਾਲ ਬਣਦਾ, ਉਨ੍ਹਾਂ ਨੂੰ ਆਸਾਧ ਰੋਗਾਂ ਤੋਂ ਬਚਾਂਦਾ ਹੈ, ਤੇ ਜਿਸ ਤੇ ਤਰੁੱਠ ਪਵੇ ਉਸਦਾ ਵਾਲ ਵਿੰਗਾ ਨਹੀਂ ਹੋਣ ਦਿੰਦਾ।"

"ਤੂੰ ਬਹੁਤੀ ਗੱਲ ਲਮਕਾ ਨਾ ਸਾਫ਼ ਗੱਲ ਕਰ।"

"ਸੁਣੋ ਡਾਕਟਰ ਸਾਹਿਬ! ਹੱਡ ਬੀਤੀ ਜਗ ਬੀਤੀ?"

"ਜਗ ਬੀਤੀ ਕਾਹਨੂੰ ਸੁਨਣੀ ਏਂ, ਹਡ ਬੀਤੀ ਸੁਣਾਓ।"

"ਮੈਂ ਕੋਈ 18 ਸਾਲ ਦਾ ਸਾਂ ਕਿ ਬੁਖਾਰ ਚੰਬੜ ਗਿਆ। ਵਾਢੀਆਂ ਦੇ ਦਿਨ ਸਨ। ਕਣਕ ਗਾਂਹਦਿਆਂ ਗਾਂਹਦਿਆਂ ਈ ਬੁਖਾਰ ਨੇ ਆ ਦਬੋਚਿਆ। ਖ਼ਬਰੇ ਗਰਮੀ ਕਾਰਨ ਤ੍ਰਿਹ ਡੱਕੀ ਗਈ ਤੇ ਬੁਖਾਰ ਪਿੱਛਾ ਨਾ ਛੱਡੇ। ਬਥੇਰੀ ਵਾਹ ਲਾਈ। ਕੋਈ ਡਾਕਟਰ, ਕੋਈ ਵੈਦ, ਕੋਈ ਹਕੀਮ ਨਾ ਹੋਵੇਗਾ ਜਿਸਨੂੰ ਵਖਾਇਆ ਨਾ ਹੋਵੇ। ਮਾਇਆ ਵੀ ਖ਼ਰਚ ਕੀਤੀ, ਪਰ ਕਿਤੋਂ ਫ਼ਰਕ ਨਾ ਪਿਆ। ਸੁੱਕ ਕੇ ਤੀਲਾ ਨਿਕਲ ਆਇਆ। ਨਿਰੀ ਹੱਡੀਆਂ ਦੀ ਮੁੱਠ। ਪਰ ਭਜਨ ਬੜਾ ਫੁਰੇ। ਜਿਹੜਾ ਕੋਈ ਭਰਾ ਭਾਈ ਖ਼ਬਰ ਲੈਣ ਆਵੇ, ਮਨ ਵਿਚ ਕਹੇ 'ਮੁੰਡੇ ਨੇ ਬਚਣਾ ਨਹੀਂ। ਇਸ ਦਾ ਅੰਨ ਜਲ ਮੁੱਕ ਗਿਆ ਏ।' ਉਸ ਸਮੇਂ ਮੇਰੇ ਤਾਏ ਹਰਵੇਲ ਸਿੰਘ ਦਾ ਪੁੱਤਰ ਦਰਸ਼ਨ ਸਿੰਘ ਚੜ੍ਹ ਗਿਆ। ਉਸਦਾ ਨੜੋਆ ਨਿਕਲਣਾ ਸੀ। ਮੇਰੀ ਮਾਂ ਨੇ ਮੇਰਾ ਮੰਜਾ ਚੁਕਵਾ ਕੇ ਪਿਛਲੇ ਕਮਰੇ ਵਿਚ ਡੂਹਾ ਬਾਹਰੋਂ ਕੁੰਡਾ ਮਾਰ ਬੂਹੇ ਅੱਗੇ ਬਹਿ ਗਈ ਤਾਂ ਕਿ ਉਸ ਦੇ ਮਰਨ ਦੀ ਖ਼ਬਰ ਮੇਰੇ ਕੰਨੀਂ ਨਾ ਪੈ ਜਾਵੇ, ਮਤੇ ਮੇਰਾ ਦੀਵਾ ਗੁਲ ਹੋ ਜਾਵੇ। ਅੰਦਰ ਪਿਆ ਪਿਆ ਮੈਂ ਕੀ ਵੇਖਿਆ ਕਿ ਧਰਮ ਰਾਜ ਦੇ ਦੂਤ ਮੇਰੇ ਸਾਹਮਣੇ ਆ ਕੇ ਬਹਿ ਗਏ ਤੇ ਲੱਗੇ ਮੇਰੇ ਸੁਆਸਾਂ ਨੂੰ ਖਿੱਚਣ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆ ਦਰਸ਼ਨ ਦਿੱਤੇ। ਉਨ੍ਹਾਂ ਆਉਂਦਿਆਂ ਆਪਣਾ ਖੂੰਡਾ ਖੜਾ ਕੀਤਾ ਤੇ ਤੇਜ਼ੀ ਨਾਲ ਬਚਨ ਕੀਤਾ, "ਖ਼ਬਰਦਾਰ ਇਸਨੂੰ ਹੱਥ ਨਹੀਂ ਲਾਉਣਾ ਇਹ ਸਾਡਾ ਏ। ਇਸ ਤੋਂ ਅਸਾਂ ਸੇਵਾ ਲੈਣੀ ਏ, ਵਾਪਿਸ ਚਲੇ ਜਾਓ।" ਧਰਮ ਰਾਜ ਦੇ ਦੂਤ ਇਹ ਸੁਣਦਿਆਂ ਸਿਰ ਤੇ ਪੈਰ ਰੱਖ ਨੌਂ ਦੋ ਗਿਆਰ੍ਹਾਂ ਹੋ ਗਏ ਤੇ ਮੇਰਾ ਸਰੀਰ ਹੌਲਾ ਫੁਲ ਹੋ ਗਿਆ। ਉਸੇ ਵੇਲੇ ਸ਼ਬਦ ਕਰੀਤਨ ਆਰੰਭ ਹੋ ਗਿਆ। ਦੇਵਤੇ ਤੇ ਦੇਵੀਆਂ ਦੀ ਸਭਾ ਲੱਗ ਗਈ। ਸਤਿਗੁਰੂ ਪ੍ਰਤਾਪ ਸਿੰਘ

Sri Satguru Jagjit Singh Ji eLibrary NamdhariElibrary@gmail.com

ਜੀ ਦਰਸ਼ਨ ਦੇ ਰਹੇ ਸਨ। ਮੈਂ ਮੰਜੇ ਤੋਂ ਉੱਠਿਆ ਤੇ ਜਾਕੇ ਨਮਸਕਾਰ ਕੀਤੀ। ਮੈਨੂੰ ਜਾਂਦਿਆਂ ਈ ਹੁਕਮ ਲੱਗ ਗਿਆ, ਉਜਾਗਰ ਸਿੰਘਾ ਤੂੰ ਪਹਿਰੇ ਤੇ ਖੜਾ ਹੋ ਜਾ।' ਮੈਂ ਖੜਾ ਹੋ ਕੇ ਪਹਿਰਾ ਦਿੱਤਾ।"

"ਤੂੰ ਇੱਥੇ ਦੀ ਗੱਲ ਕਰ ਰਿਹਾ ਹੈਂ ਕਿ ਹੋਰ ਜਨਮ ਦੀ?"

"ਨਹੀਂ ਨਹੀਂ ਡਾਕਟਰ ਸਾਹਿਬ ਇਸੇ ਜਨਮ ਦੀ, ਅੱਜ ਤੋਂ ਕੋਈ 35-36 ਸਾਲ ਪਹਿਲਾਂ ਦੀ ਏ। ਪਰ ਮੰਜੇ ਤੇ ਪਿਆ ਬੁਖਾਰ ਨਾਲ ਬੇਹੋਸ਼ ਜਾਣ ਮੇਰੀ ਮਾਤਾ ਨੇ ਦਰਵਾਜ਼ਾ ਖੋਲ੍ਹਿਆ ਤੇ ਮੈਨੂੰ ਬਾਹਰ ਕੱਢਿਆ ਪਰ ਮੇਰਾ ਸਰੀਰ ਹੋਲਾ ਫੁੱਲ ਸੀ।

"ਅਗਲੇ ਦਿਨ ਮੈਂ ਮੁੜ ਮੰਜਾ ਅੰਦਰ ਕਰ ਲਿਆ ਤੇ ਮੁੜ ਉਹ ਨਜ਼ਾਰਾ। ਸ਼ਬਦ ਕੀਰਤਨ, ਸਤਿਗੁਰਾਂ ਦੇ ਦਰਸ਼ਨ ਤੇ ਮਸਤਾਨਿਆਂ ਦੀਆਂ ਕਿਲਕਾਰੀਆਂ। ਮੈਨੂੰ ਮੁੜ ਪਹਿਰੇ ਦਾ ਹੁਕਮ ਲੱਗਾ। ਮੈਂ ਉਸ ਬਿਮਾਰੀ ਵਿਚ ਚਾਰ ਦਿਨ ਪਹਿਰਾ ਦਿੱਤਾ। ਹੁਣ ਬਿਮਾਰੀ ਮੈਨੂੰ ਛੱਡ ਗਈ। ਥੋੜ੍ਹੇ ਦਿਨਾਂ ਵਿਚ ਮੈਂ ਨੌ ਬਰ ਨੌ ਹੋ ਗਿਆ।

"ਸਿਆਲ ਲੰਘਿਆ। ਚੇਤ ਦੇ ਦਿਨ ਸਨ ਕਿ ਪਤਾ ਲੱਗਾ ਕਿ ਤ੍ਰਿਗੜੀ ਵਿਰਕਾਂ ਦੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਭਾਗ ਲਾ ਰਹੇ ਹਨ। ਸੰਗਤਾਂ ਦੂਰੋਂ ਨੇੜਿਓਂ ਦਰਸ਼ਨਾਂ ਨੂੰ ਜਾ ਰਹੀਆਂ ਸਨ। ਮੈਂ ਬਲਵੰਤ ਸਿੰਘ ਪੁੱਤਰ ਮਾਨ ਸਿੰਘ ਕਿਹਾ, 'ਉਜਾਗਰ ਸਿੰਘ! ਚੱਲ ਦਰਸ਼ਨ ਮੇਲਾ ਕਰ ਆਈਏ। ਇਹ ਤ੍ਰਿਗੜੀ ਤਾਜੋਕਿਆਂ ਤੋਂ ਕੋਈ ਪੰਜ ਕੋਹ ਤੇ ਹੈ। ਮੈਂ ਉਨ੍ਹਾਂ ਨਾਲ ਤੁਰ ਪਿਆ। ਇਨ੍ਹਾਂ ਪਿੰਡਾਂ ਦੇ ਵਿਚਾਲੇ ਜਦ ਮਿਰਜ਼ੇ ਪੁੱਜੇ ਤਾਂ ਮਨ ਵਿਚ ਖ਼ਿਆਲ ਆਇਆ ਜੇ ਸੱਚੇ ਪਾਤਸ਼ਾਹ ਅੱਜ ਪਹਿਰੇ ਤੇ ਖੜਾ ਕਰਨ ਤਾਂ ਜਾਣਾ।

'ਗਿੱਟੀਆਂ ਗਿਣਦਿਆਂ ਤ੍ਰਿਗੜੀ ਪੁੱਜ ਗਏ। ਅੱਗੇ ਕੀਰਤਨ ਹੋ ਰਿਹਾ ਸੀ। ਸੰਤ ਨਿਧਾਨ ਸਿੰਘ ਜੀ ਆਲਿਮ ਵਿਆਖਿਆ ਕਰ ਰਹੇ ਸਨ। ਮਸਤਾਨੇ ਨਿਰਤ ਕਰ ਰਹੇ ਸਨ। ਰੰਗ ਬੱਝਾ ਪਿਆ ਸੀ। ਜਾ ਮੱਥਾ ਟੇਕਿਆ। ਸਤਿਗੁਰੂ ਜੀ ਮੈਨੂੰ ਵੇਖਦਿਆਂ ਮੁਸਕਰਾ ਪਏ। ਡਾਕਟਰ ਸਾਹਿਬ! ਉਹ ਮੁਸਕਣੀ ਜਿਸ ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਰਸਦੇ ਹਨ। ਮੇਰਾ ਮਨ ਹਰਿਆ ਭਰਿਆ ਹੋ ਗਿਆ। ਹੁਕਮ ਹੋਇਆ ਏਥੇ ਪਹਿਰੇ ਤੇ ਖੜਾ ਹੋ ਜਾ। ਸਤਿਗੁਰਾਂ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਨਿਕਲਨੇ ਸਨ ਕਿ ਲੂੰ ਲੂੰ ਵਿਚ ਪੁਰਕਾਵਲੀ ਛਾ ਗਈ। ਬੜੀ ਹੁਸ਼ਿਆਰੀ ਨਾਲ ਪਹਿਰਾ ਦਿੱਤਾ। ਇੱਥੋਂ ਦੌਰਾ ਬੁਧੋ ਪੁਰ ਦੋ ਫਰਲਾਂਗ ਤੇ ਸੀ, ਉੱਥੇ ਦੀਵਾਨ ਸਜਿਆ ਦੋ ਪਹਿਰੇ ਉੱਥੇ ਦਿੱਤੇ। ਮਨ ਮੰਨ ਗਿਆ ਕਿ ਇਹੋ ਸ਼ਕਤੀ ਸੀ ਜਿਸਨੇ ਮੌਤ ਦੇ ਮੂੰਹੋਂ ਬਚਾਇਆ ਸੀ ਤੇ ਜਿਹੜੇ ਚਾਰ ਉੱਥੇ ਪਹਿਰੇ ਦੀ ਸੇਵਾ ਲਾਈ ਉਹ ਪ੍ਰਤਖ ਰੂਪ ਵਿਚ ਵੀ ਚਾਰ ਪਹਿਰੇ ਪੂਰੇ ਕਰ ਵਖਾਏ ਸਨ। ਏਥੇ ਸੱਚੇ ਪਾਤਸ਼ਾਹ ਜੀ ਭੋਗ ਪਾ ਸਾਧ ਸੰਗਤ ਨੂੰ ਖ਼ੁਸ਼ੀਆਂ ਬਖਸ਼ਦੇ ਮੇਤਲੇ, ਬੁਗਰੇ ਤੇ ਅਰਛੜਾਂ ਨੂੰ ਤਾਰਣ ਚਲੇ ਗਏ। ਅਸੀਂ

Sri Satguru Jagjit Singh Ji eLibrary NamdhariElibrary@gmail.com

ਵਾਪਸ ਪਿੰਡ ਆ ਗਏ।

'ਏਡਾ ਬਲੀ ਏ ਤੁਹਾਡਾ ਸਤਿਗੁਰ।'

'ਹਾਂ ਹਾਂ। ਉਸਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ।

**ਅਤ ਊਚਾ ਤਾਕਾ ਦਰਬਾਰ**
**ਅੰਤ ਨਹੀਂ ਕਿਛ ਪਾਰਾਵਾਰ**

ਇਹ ਤਾਂ ਮੇਰੀ ਆਪਣੀ ਕਥਾ ਹੈ। ਤੁਸੀਂ ਘੁੜਾਮ ਦੇ ਸਰਦਾਰ ਸੁਰਜੀਤ ਸਿੰਘ ਤੇ ਸੰਤ ਨਗਰ ਦੇ ਮਲੂਕ ਸਿੰਘ ਪਾਸੋਂ ਜੋ ਜੀਉਂਦੀਆਂ ਜਾਗਦੀਆਂ ਹਨ, ਉਹ ਵੀ ਧਰਮ ਰਾਜ ਦੀ ਕਚਹਿਰੀ ਨੂੰ ਹੱਥ ਲਾ ਆਏ ਹਨ। ਉਨ੍ਹਾਂ ਤੋਂ ਪੁੱਛ ਲਵੋ। ਅਜੇ ਹੋਰ ਬਥੇਰੇ ਹਨ ਜਿਹੜੇ ਯਾਦ ਨਹੀਂ ਆ ਰਹੇ।''

"ਸ਼ੂਗਰ ਦੀ ਬਿਮਾਰੀ ਦੀ ਗੱਲ ਵਿਚ ਪਈ ਰਹੀ ਉਹ ਨਹੀਂ ਦੱਸੀ?"

"ਹੁਣ ਸੁਣੋ! ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੌਤ ਦੇ ਜਬਾੜਿਆਂ ਵਿੱਚੋਂ ਕੱਢ ਕੇ ਸੇਵਾ ਲਈ। ਉਸ ਉਪਰੰਤ ਲੱਗਭਗ 35-36 ਸਾਲ ਲੰਘ ਗਏ, ਕੋਈ ਖ਼ਾਸ ਘਟਨਾ ਨਹੀਂ ਵਾਪਰੀ। ਦਸਾਂ ਨੌਹਾਂ ਦੀ ਕਿਰਤ ਕਰਨੀ ਤੇ ਸੇਵਾ ਗੁਰੂ ਦੀ ਜਿੱਥੋਂ ਦਾ ਹੁਕਮ ਆ ਜਾਵੇ। 1978 ਵਿਚ ਸ਼ੂਗਰ ਦੀ ਬਿਮਾਰੀ ਲੱਗ ਗਈ। ਸ਼ਰਲਾ ਆਵੇ ਤੇ ਠੰਡੇ ਪਾਣੀ ਦੀ ਲੋੜ ਪਵੇ। ਹੱਡੀਆਂ ਖੁਰਨੀਆਂ ਸ਼ੁਰੂ ਹੋ ਗਈਆਂ। ਬਾਹਾਂ ਫੁੱਲਣ ਲੱਗ ਪਈਆਂ, ਹੱਡ ਪੈਰ ਟੁੱਟਣ। ਕੰਮ ਨੂੰ ਜੀ ਨਾ ਕਰੇ। ਕਈ ਡਾਕਟਰਾਂ ਵੈਦਾਂ ਦੀ ਦਵਾਈ ਵਰਤੀ ਪਰ ਰੋਗ ਵੱਧਦਾ ਗਿਆ। ਇਕ ਰਾਤ ਤਾਂ ਇੱਥੋਂ ਤਕ ਆ ਪੁੱਜੀ ਤੇ ਪਿਸ਼ਾਬ ਕਰਕੇ ਉੱਠਿਆ ਤੇ ਪਾਣੀ ਪੀਣ ਲੱਗਾ ਲੱਤਾਂ ਸਾਥ ਛੱਡ ਦਿੱਤਾ। ਧੜੱਮ ਕਰਕੇ ਡਿੱਗਾ। ਪਤੀਲੇ ਤੇ ਸਿਰ ਵੱਜਾ ਪਰ ਦੱਸਿਆ ਕਿਸੇ ਨੂੰ ਨਾ। ਸਵੇਰੇ ਵੇਖਿਆ ਤਾਂ ਪਤੀਲੇ ਨੂੰ ਚਿੱਬ ਪਿਆ ਨਜ਼ਰੀਂ ਆਇਆ। ਅਜੇ ਵੀ ਉਹ ਪਤੀਲਾ ਸੰਭਾਲ ਕੇ ਰਖਿਆ ਹੋਇਆ ਹੈ। ਮੇਰੀ ਹਾਲਤ ਨਿਘਰਦੀ ਵੇਖ ਮੇਰੀ ਸਿੰਘਣੀ ਸਵਰਨ ਕੌਰ ਨੂੰ ਬੜਾ ਫ਼ਿਕਰ ਲੱਗਾ। ਉਸ ਕਿਹਾ ਤੁਸੀਂ ਸਤਿਗੁਰਾਂ ਨੂੰ ਅਰਜ਼ ਕਰੋ। ਇਹੋ ਗੱਲ ਠੇਕਦਾਰ ਹਰਭਜਨ ਸਿੰਘ ਮਾਸਟਰ ਸੰਪੂਰਨ ਸਿੰਘ, ਭਾਈ ਬਦਨ ਸਿੰਘ ਨੇ ਵੀ ਕਹੀ ਕਿ ਜਥੇਦਾਰ ਤੂੰ ਤਾਂ ਨਿਘਰਦਾ ਜਾਂਦਾ ਹੈ। ਜਾ ਸਤਿਗੁਰੂ ਜੀ ਪਾਸ। ਪਰ ਮੇਰਾ ਉੱਤਰ ਸੀ ਕਿ ਉਹ ਜਾਣਦੇ ਨਹੀਂ, ਉਸ ਨੂੰ ਕੁਝ ਭੁਲਾ ਹੋਇਆ ਏ, ਮੈਂ ਵੀ ਉਦੋਂ ਅਰਜ਼ ਕਰਨੀ ਏ ਜਦ ਪੁੱਛਣਗੇ। ਮੇਰੇ ਹਿਤੈਸ਼ੀ ਚੁੱਪ ਕਰਕੇ ਬਹਿ ਗਏ।

'ਸ੍ਰੀ ਪਾਲਾ ਸਿੰਘ ਦਾ ਭੋਗ ਸਰਸੇ ਪੈਣਾ ਸੀ। ਮੈਂ ਭੋਗ ਤੇ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਕਾਰ ਵਿੱਚੋਂ ਉਤਰੇ ਮੈਂ ਨਮਸਕਾਰ ਕਰ ਨਾਲ ਹੋ ਟੁਰਿਆ। ਜਾਣੀ ਜਾਣ ਸਤਿਗੁਰੂ ਜ਼ੀ ਪੁੱਛਿਆ, ਚੀਮਾਂ ਗੌਗੜ ਕਿੱਥੇ ਗਈ,' ਕਿਹਾ, 'ਜੀ, ਬੈਠੋਗੇ ਤੇ ਦੱਸਾਂਗਾ।' ਸੱਚੇ ਪਾਤਸ਼ਾਹ ਜੀ ਆਸਣ ਤੇ ਬਰਾਜਮਾਨ ਹੋ ਗਏ। ਸੰਗਤਾਂ ਮੱਥਾ ਟੇਕਣ ਲੱਗ ਪਈਆਂ। ਜਦ ਜ਼ਰਾ ਵੇਹਲ ਹੋਈ ਤਾਂ

Sri Satguru Jagjit Singh Ji eLibrary NamdhariElibrary@gmail.com

ਮੁੜ ਮੱਥਾ ਟੇਕ ਅਰਜ਼ ਕੀਤੀ, 'ਗਰੀਬ ਨਿਵਾਜ਼ ਸ਼ੂਗਰ ਨੇ ਮੈਨੂੰ ਖੋਹ ਸੁਟਿਆ।'

'ਚੀਮਾਂ, ਤੂੰ ਸੜਕ ਤਾਂ ਨਹੀਂ ਬਦਲ ਲਈ? ਅੱਗੇ ਤੂੰ ਡਾਕਟਰ ਡਾਕਟਰ ਕਰਦਾ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਨਾਉਂ ਲਿਆ ਸੀ ਹੁਣ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਉਂ ਲੈਣ ਲੱਗ ਪਿਆ ਏਂ?'

'ਡਾਕਟਰ ਸਾਹਿਬ! ਮੇਰੀ ਗੱਲ ਜ਼ਰਾ ਧਿਆਨ ਨਾਲ ਸੁਣੋ। ਡਾਕਟਰ ਉਹੋ ਈ ਏ। ਇਹੋ ਡਾਕਟਰ ਸਤਿਜੁਗ ਵਿਚ ਸੀ। ਜੁਗ ਬਦਲਦੇ ਗਏ ਡਾਕਟਰ ਨਹੀਂ ਬਦਲਿਆ। ਕੇਵਲ ਨਾਉ ਬਦਲੇ। ਇਹੋ ਰਾਮ ਸੀ, ਇਹੋ ਕ੍ਰਿਸ਼ਨ ਭਗਵਾਨ ਕਲਿਜੁਗ ਵਿਚ ਗੁਰੂ ਨਾਨਕ ਨਾਉ ਧਰਾਇਆ। ਇਹੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਹਾਂਦਾ ਏ। ਇਸ ਦੀ ਦਵਾਈ ਤੀਰ ਬਾਹਦਰ, ਅਰਜਨ ਬਾਣ, ਅਚੂਕ ਮਗਰ ਹੈ ਬੜਾ ਬੇਪਰਵਾਹ। ਮੌਜ ਦਾ ਮਾਲਕ। ਦਿਨ ਚਾਹੇ ਤਾਂ ਹਜ਼ਾਰਾਂ ਮੀਲਾਂ ਤੇ ਬੈਠੇ ਨੂੰ ਉਸ ਦੀ ਜੋਦੜੀ ਸੁਣ ਉੱਥੇ ਹੀ ਨਵਾਂ ਨਰੋਆ ਕਰ ਦੇਵੇ। ਪਰ ਜੇ ਰਜ਼ਾ ਨਾ ਹੋਵੇ ਤਾਂ ਦੁਆਲੇ ਪ੍ਰਕਰਮਾਂ ਕਰਦੇ ਤੇ ਨਾ ਤਰੁਠੇ। ਹੈ ਇਸ ਦਾ ਸੁਭਾ ਮੁੱਢ ਕਦੀਮਾਂ ਤੋਂ ਅੱਜ ਨਵਾਂ ਨਹੀਂ।

'ਚੰਗਾ! ਤੂੰ ਆਪਣੀ ਵਾਰਤਾ ਦਾ ਭੋਗ ਪਾ ਮੇਰੇ ਮਰੀਜ਼ ਵੀ ਉਡੀਕ ਰਹੇ ਹੋਣਗੇ।'

'ਡਾਕਟਰ ਸਾਹਿਬ! ਮੈਨੂੰ ਹੁਕਮ ਹੋਇਆ ਕਿ ਤੂੰ ਸੰਤ ਗੁਲਜ਼ਾਰ ਸਿੰਘ ਪਾਸੋਂ ਦਵਾਈ ਲੈ, ਪਰ ਉਸਨੇ ਮੈਨੂੰ ਟਾਲ ਛੱਡਣਾ ਏਂ, ਤੂੰ ਕਹੀਂ ਹੁਕਮ ਹੈ ਉਹ ਫੇਰ ਤੈਨੂੰ ਦਵਾਈ ਦੇਵੇਗਾ। ਮੈਂ ਉਵੇਂ ਜਾ ਦਬਕਿਆ। ਉਸ ਦਵਾਈ ਦਿੱਤੀ ਪਰ ਦਵਾਈ ਕਾਟ ਨਾ ਕੀਤੀ। ਮੁੜ ਸ੍ਰੀ ਭੈਣੀ ਸਾਹਿਬ ਅਰਜ਼ ਕੀਤੀ। ਉੱਥੇ ਉਨ੍ਹਾਂ ਡਾਕਟਰ ਤ੍ਰਲੋਕ ਸਿੰਘ ਦਾ ਨਾਉਂ ਲਿਆ। ਡਾਕਟਰ ਤ੍ਰਲੋਕ ਸਿੰਘ ਦਾ ਨਾਉਂ ਸੁਣ ਦਿਲ ਨੂੰ ਡੋਬੂ ਪੈਣ ਲੱਗਾ ਕਿ ਤੇ ਉਹ ਤਾਂ ਮੈਨੂੰ ਪਾਣੀ ਵਿਚ ਗੋਤੇ ਦੇਵੇਗਾ। ਖ਼ੈਰ ਉਹਨਾਂ ਵੀ ਬੜੇ ਪਿਆਰ ਨਾਲ ਮੇਰੀ ਗੱਲ ਸੁਣੀ। ਦਵਾਈ ਵੀ ਦਿੱਤੀ। ਪਰ ਦਵਾਈ ਕਾਟ ਨਾ ਕੀਤੀ। ਦਵਾਈ ਕਾਟ ਕਿਵੇਂ ਕਰਦੀ, ਡਾਕਟਰ ਤਾਂ ਅਜੇ ਮੈਨੂੰ ਅਜ਼ਮਾ ਰਿਹਾ ਸੀ ਕਿ ਦਵਾਈ ਦਾ ਹਕਦਾਰ ਹੈ ਕਿ ਨਹੀਂ।

'ਅੰਤ ਮੈਂ 1979 ਦੀ ਵਿਸਾਖੀ ਤੇ ਜਿੱਥੇ ਹੋਲੇ ਬਾਰੇ ਫ਼ੈਸਲਾ ਹੋਣਾ ਸੀ, ਆਪਣੇ ਸੰਗੀਆਂ ਸਾਥੀਆਂ ਨਾਲ ਗਿਆ ਤੇ ਚੁਬਾਰੇ ਚੜ੍ਹ ਮੱਥਾ ਟੇਕ ਮੁੜ ਜੋਦੜੀ ਕੀਤੀ ਕਿ ਸੱਚੇ ਪਾਤਸ਼ਾਹ ਜੀ ਹੁਣ ਮੈਂ ਦਵਾਈ ਨਹੀਂ ਖਾਣੀ ਜੇ ਰਾਜ਼ੀ ਨਹੀਂ ਕਰਨਾ ਤਾਂ ਤੁਹਾਡੀ ਰਜ਼ਾ। ਵੱਡੇ ਸਤਿਗੁਰਾਂ ਜਮਾਂ ਦੇ ਫੰਦਿਆਂ ਵਿਚ ਫੱਸੇ ਨੂੰ ਕੱਢ ਲਿਆਏ ਸਨ ਜੇ ਉਨ੍ਹਾਂ ਫੰਡਿਆਂ ਵਿਚ ਫਿਰ ਫਸਾਉਣਾ ਏ ਤਾਂ ਤੁਹਾਡੀ ਰਜ਼ਾ। ਲਕੜੀਆਂ ਬਾਲਣ ਦਾ ਪ੍ਰਬੰਧ ਕਰਵਾ ਲਵੋ। ਬਸ! ਦਵਾਈ ਨਹੀਂ ਖਾਣੀ। ਇਹ ਸੁਣ ਸਤਿਗੁਰੂ ਜੀ ਮੁਸਕਰਾ ਪਏ ਪਰ ਉੱਤਰ ਕੋਈ ਨਾ ਦਿੱਤਾ।

"ਪਿਛਲੇ ਪਹਿਰ ਦਾ ਦੀਵਾਨ ਸਜਿਆ। ਸੰਗਤਾਂ ਦੀ ਗਹਿਮਾ ਗਹਿਮ ਸੀ।

Sri Satguru Jagjit Singh Ji eLibrary NamdhariElibrary@gmail.com

ਮੈਂ ਪਹਿਰੇ ਤੇ ਖਲੋ ਗਿਆ ਤੇ ਪਹਿਰਾ ਛੱਡ ਕੇ ਇਕ-ਦੋ ਵਾਰ ਪਿਸ਼ਾਬ ਕਰਨ ਗਿਆ। ਮੇਰੀ ਇਹ ਤਰਸ ਯੋਗ ਹਾਲਤ ਵੇਖ ਤਰੁਠ ਪਏ। ਇਕ ਵੇਰ ਕ੍ਰਿਪਾ ਦ੍ਰਿਸ਼ਟੀ ਨਾਲ ਮੈਂ ਪਾਪੀ ਵਲ ਤਕਿਆ। ਨਦਰੀ ਨਦਰ ਨਿਹਾਲ ਕਰ ਦਿੱਤਾ। ਡਾਕਟਰ ਸਾਹਿਬ! ਉਸ ਕਿਰਪਾ ਦ੍ਰਿਸ਼ਟੀ ਨੇ ਮੇਰੇ ਤੇ ਜਾਦੂ ਕਰ ਦਿੱਤਾ। ਸੈਂਕੜੇ ਮਣਾਂ ਦਾ ਭਾਰ, ਜਿਹੜਾ ਮੈਨੂੰ ਜਾਪ ਰਿਹਾ ਸੀ, ਦੂਰ ਹੋ ਗਿਆ, ਸਰੀਰ ਹੌਲਾ ਫੁੱਲ ਹੋ ਗਿਆ। ਕਦਮਾਂ ਵਿਚ ਫੁਰਤੀ ਆ ਗਈ। ਜਿੱਥੇ ਰਾਤ ਨੂੰ 6-6- ਜਾਂ 7-7 ਵਾਰੀ ਸ਼ਰਲਾ ਛੱਡਦਾ ਸਾਂ ਤੇ ਮੁੜ ਠੰਡਾ ਜਲ ਛੱਕਦਾ ਸਾਂ, ਲੋੜ ਨਹੀਂ ਪਈ। ਹੁਣ ਤੁਹਾਡੇ ਸਾਹਮਣੇ ਖੜਾ ਹਾਂ, ਪ੍ਰਤੱਖ ਨੂੰ ਪ੍ਰਮਾਣ ਕੀ?"

9-12-1980 **ਉਜਾਗਰ ਸਿੰਘ**

ਤਾਜੋ ਕੇ, ਤਸੀਲ ਡਸਕਾ, ਜ਼ਿਲ੍ਹਾ ਸਿਆਲਕੋਟ
ਹਾਲ ਰਾਣੀਆ (ਸਰਸਾ)

## ਰੋਗੀ ਹਸਪਤਾਲੋਂ ਨੱਸਿਆ

**ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ॥**
**ਸੁਖ ਉਪਜੇ ਵਾਜੇ ਅਨਹਦ ਤੂਰੇ॥੧॥ਰਹਾਉ॥**
**ਤਾਪ ਪਾਪ ਸੰਤਾਪ ਬਿਨਾਸੇ॥**
**ਹਰਿ ਸਿਮਰਤ ਕਿਲਵਿਖ ਸਭਿ ਨਾਸੇ॥੧॥**

ਬਿਲਾਵਲ ਮਹਲਾ ੫ (੮੦੬)

ਮਸਤਾਨ ਗੜ੍ਹ ਦੇਸ ਪ੍ਰਦੇਸ ਵਿਚ ਪ੍ਰਸਿੱਧ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਆਪਣੇ ਅਨਿਨ ਸੇਵਕ ਮਸਤਾਨਾ ਪ੍ਰਤਾਪ ਸਿੰਘ ਜੀ ਦੇ ਨਾਉਂ ਨਾਲ ਇਸ ਪਵਿੱਤਰ ਥਾਂ ਨੂੰ ਸੰਬੰਧਤ ਕਰਨ ਦੀ ਕ੍ਰਿਪਾਲਤਾ ਕੀਤੀ। ਸਤਿਗੁਰਾਂ ਦੀ ਉਨ੍ਹਾਂ ਤੇ ਇਤਨੀ ਮਿਹਰ ਸੀ, ਕਿ ਉਹ ਜਿਸ ਕਿਸੇ ਨੂੰ ਮਿਲਣ ਓਸੇ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜਨ ਦਾ ਯਤਨ ਕਰਿਆ ਕਰਨ। ਭਾਈ ਜਗਤ ਸਿੰਘ ਲਪਾਂਗ ਨਿਵਾਸੀ ਰਾਹੋਂ ਘੁੱਥਾ ਓਜੜ ਟੱਕਰਾਂ ਮਾਰ ਰਿਹਾ ਸੀ। ਅਚਾਨਕ ਉਸਨੂੰ ਮਸਤਾਨਾ ਜੀ ਮਿਲ ਪਏ।

ਇਹ ਉਸ ਸਮੇਂ ਦੀ ਗੱਲ ਹੈ, ਜਦ ਜਗਤ ਸਿੰਘ ਖੁਰਾਟ ਦੁਕਾਨ ਕਰਦਾ ਸੀ। ਸਿਰ ਤੇ ਜਵਾਨੀ ਦਾ ਭੂਤ, ਦੂਜੇ ਖੋਟੀ ਸੰਗਤ। ਇਸੇ ਵਾਸਤੇ ਖਾਓ ਪੀਓ ਤੇ ਮੌਜ ਮੇਲੇ। ਮਾਸ ਸ਼ਰਾਬ ਤੇ ਹੋਰ ਵੈਲ ਜ਼ੂੰਗੇ ਦੇ।

**ਸਉ ਉਲਾਂਭੇ ਦਿਨੈ ਕੇ, ਰਾਤੀ ਮਿਲਣ ਸਹੰਸ॥**
**ਸਿਫਤ ਸਾਲਾਹਣ ਛਡ ਕੈ, ਕੁਰੰਗੀ ਲਗਾ ਹੰਸ॥**

ਇਕ ਦਿਨ ਜਗਤ ਸਿੰਘ ਨੂੰ ਸ਼ਰਾਰਤ ਸੁੱਝੀ ਤੇ ਨਾਮਧਾਰੀਆਂ ਨੂੰ ਚਿੜਾਨ

Sri Satguru Jagjit Singh Ji eLibrary NamdhariElibrary@gmail.com

ਵਾਸਤੇ ਖੂਹ ਵਿਚ ਸਾਬਣ ਦੀ ਗਾਚੀ ਸੁੱਟ, ਇਹ ਧੁਮਾ ਦਿੱਤਾ, ਕਿ ਖੂਹ ਵਿਚ ਕੁੱਕੜ ਦੀ ਸਿਰੀ ਵੱਢ ਕੇ ਸੁੱਟੀ ਏ। ਰੌਲਾ ਪੈ ਗਿਆ। ਨਾਮਧਾਰੀਆਂ ਨੂੰ ਬੜਾ ਦੁੱਖ ਲੱਗਾ, ਮਗਰ ਜਗਤ ਸਿੰਘ ਬੁੱਕਲ ਵਿਚ ਮੂੰਹ ਕਰਕੇ ਹਸ ਛਡੇ। ਆਖ਼ਿਰ ਸਿਆਣਿਆਂ ਕਿਹਾ, ਇਸ ਨਾਲ ਫੇਰ ਨਿਬੜਾਂਗੇ, ਪਹਿਲਾਂ ਖੂਹ ਵਿੱਚੋਂ ਗੰਦ ਤਾਂ ਕੱਢੀਏ। ਇਕ ਸੱਜਣ ਖੂਹ ਵਿਚ ਉਤਰਿਆ, ਉਸ ਏਧਰ ਓਧਰ ਹੱਥ ਪੈਰ ਮਾਰੇ ਤਾਂ ਸਾਬਣ ਦੀ ਗਲੀ ਗਾਚੀ ਹੱਥ ਵਿੱਚੋਂ ਨਿਕਲ ਗਈ, ਉਸ ਸਮਝਿਆ ਸਿਰੀ ਗੱਲ ਗਈ ਹੈ ਤੇ ਹੱਥੋਂ ਤਿਲਕ ਗਈ ਏ। ਏਥੇ ਮੁੜ ਹੱਥ ਪਾਇਆ ਤਾਂ ਕਾਬੂ ਆ ਗਈ, ਹੋਰ ਕੁਝ ਨਾ ਲੱਭਾ ਅੰਤ ਜਗਤ ਸਿੰਘ ਮੰਨ ਗਿਆ ਕਿ ਉਸਨੇ ਹਾਸੇ ਠੱਠੇ ਖ਼ਾਤਿਰ ਇਹ ਕਾਰਾ ਕੀਤਾ ਹੈ। ਪਰ ਜਗਤ ਸਿੰਘ ਨੂੰ ਬਰਾਦਰੀ ਦਾ ਡੰਨ ਭਰਨਾ ਪਿਆ ਤੇ ਮਾਫ਼ੀ ਮੰਗੀ। ਅਖ਼ੀਰ ਸੰਤ ਪ੍ਰਤਾਪ ਸਿੰਘ ਦੇ ਉਪਦੇਸ਼ ਨਾਲ ਜਗਤ ਸਿੰਘ ਖੋਟੀ ਸੰਗਤ ਛੱਡ ਗਿਆ ਤੇ ਦੇਵਤਿਆਂ ਵਿਚ ਸ਼ਾਮਲ ਹੋ ਗਿਆ। ਭਜਨ ਬੰਦਗੀ ਵੱਲ ਮੂੰਹ ਕਰਨ ਦੀ ਦੇਰ ਸੀ, ਦਿਨ ਵੀ ਨਾਲ ਫਿਰਨੇ ਸ਼ੁਰੂ ਹੋ ਗਏ। ਕੁਝ ਸਮੇਂ ਉਪਰੰਤ ਖ਼ੁਰਾਟ ਛੱਡ ਲਪਾਂਗ ਆ ਗਿਆ।

ਸੰਨ 1952 ਵਿਚ ਸਰੀਰ ਕੁਝ ਢਿੱਲਾ ਪੈ ਗਿਆ। ਆਲਿਸ ਤੇ ਸੁਸਤੀ ਵੱਧ ਗਈ। ਲੱਕ ਵਿਚ ਦਰਦ ਰਹਿਣ ਲੱਗ ਪਿਆ। ਕੰਮ ਕਰਨਾ ਔਖਾ ਹੋ ਗਿਆ। ਵੈਦਾਂ ਹਕੀਮਾਂ ਪਾਸੋਂ ਦਵਾਈਆਂ ਲਈਆਂ। ਮਾਇਆ ਨੂੰ ਪਾਣੀ ਵਾਂਗ ਰੋੜ੍ਹਿਆ, ਮਗਰ ਫ਼ਰਕ ਨਾ ਪਿਆ। ਸਰੀਰ ਹੱਡੀਆਂ ਦੀ ਮੁੱਠ ਹੋ ਗਿਆ ਤੰਗ ਆ ਬੰਕੋਕ ਦੇ ਮਿਸ਼ਨ ਹਸਪਤਾਲ ਵਿਚ ਜਾਕੇ ਐਕਸ-ਰੇ ਕਰਾਇਆ। ਡਾਕਟਰ ਫ਼ਿਲਮ ਵੇਖ ਇਸ ਸਿੱਟੇ ਤੇ ਪੁੱਜੇ ਕਿ ਰੀੜ ਦੀ ਹੱਡੀ ਗਲ ਗਈ ਏ, ਤੇ ਇਸ ਨੂੰ ਕੱਢਣਾ ਪਵੇਗਾ, ਪਹਿਲਾਂ ਪਲਸਤਰ ਕੀਤਾ ਜਾਵੇਗਾ, ਮਰੀਜ਼ ਵਾਸਤੇ ਇਕ ਪਾਸੇ ਲੇਟੇ ਰਹਿਣਾ ਲਾਜ਼ਮੀ ਏ। ਮੂਧੜੇ ਮੂੰਹ ਪਿਆ ਰਹਿਣਾ ਏ। ਹਿਲਣਾ ਜੁਲਣਾ ਉੱਕਾ ਨਹੀਂ। ਸੱਤ-ਅੱਠ ਮਹੀਨੇ ਉਪਰੰਤ ਹੱਡੀ ਕੱਢ ਦਿੱਤੀ ਜਾਏਗੀ, ਹੋਰ ਸੰਗਲੀ ਪਾ ਦਿੱਤੀ ਜਾਵੇਗੀ। ਇਸ ਸਮੇਂ ਤਕ ਡਾਕਟਰਾਂ ਦੀ ਹਦੈਤਾਂ ਤੇ ਚਲਣਾ ਜ਼ਰੂਰੀ ਹੈ। 'ਮਰਦਾ ਕੀ ਨਹੀਂ ਕਰਦਾ?' ਜਗਤ ਸਿੰਘ ਹਸਪਤਾਲ ਵਿਚ ਦਾਖ਼ਲ ਹੋ ਗਿਆ ਤੇ ਡਾਕਟਰਾਂ ਨੇ ਪਲਸਤਰ ਕਰ ਦਿੱਤਾ।

ਅੱਠ ਪਹਿਰ ਬੀਤੇ ਸਨ ਕਿ ਜਗਤ ਸਿੰਘ ਨੂੰ ਡਾਕਟਰਾਂ ਦੇ ਡਾਕਟਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਾਗੋ ਮੀਟੀ ਅਵਸਥਾ ਵਿਚ ਦਰਸ਼ਨ ਹੋਏ ਤੇ ਉਨ੍ਹਾਂ ਬਚਨ ਕੀਤਾ 'ਜਗਤ ਸਿੰਘ! ਪਲਸਤਰ ਲਾਹ ਦੇ। ਦਵਾਈ ਦਿੱਤੀ ਜਾਏਗੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਿਰਪਾ ਕਰਨਗੇ।' ਜਗਤ ਸਿੰਘ ਤ੍ਰਬਕ ਉੱਠਿਆ ਤੇ ਆਪਣੀ ਸਿੱਖਣੀ ਗੁਰਚਰਨ ਕੌਰ ਨੂੰ ਸਾਰਾ ਬ੍ਰਿਤਾਂਤ ਦੱਸਿਆ ਤੇ ਆਖਿਆ 'ਭਲੀਏ ਲੋਕਣੀਏ। ਮੇਰਾ ਪਲਸਤਰ ਕੱਟ ਦੇ। ਸਤਿਗੁਰੂ ਮੇਰਾ ਇਲਾਜ ਕਰਨਗੇ। ਮੈਂ ਹਸਪਤਾਲ ਨਹੀਂ ਰਹਿਣਾ' ਗੁਰਚਰਨ ਕੌਰ ਦਲੀਲੀਂ ਪੈ ਗਈ। ਮਸਾਂ ਮਸਾਂ ਰੋਗ ਹੱਥ ਆਇਆ ਸੀ, ਜੇ ਇਲਜ਼ ਛੱਡ ਦਿੱਤਾ ਪਤਾ ਤਾਂ ਨਹੀਂ...' ਮਗਰ ਜਗਤ ਸਿੰਘ ਅੰਦਰ ਪੂਰਾ ਭਰੋਸਾ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਵਿਸ਼ਵਾਸ ਬੱਝ ਗਿਆ, ਜਦ ਗੁਰਚਰਨ ਕੌਰ ਨੇ ਗੱਲ ਨਾ ਗੌਲੀ ਤਾਂ ਰਾਤੀਂ ਆਪ ਹੀ ਚਾਕੂ ਲੈ ਸਭ ਪਲਸਤਰ ਲਾਹ ਦਿੱਤਾ, ਤੇ ਡਾਕਟਰ ਨੂੰ ਬਿਨਾ ਦੱਸੇ ਰਾਤੋਂ ਰਾਤ ਹਸਪਤਾਲੋਂ ਨਿਕਲ ਟੁਰਿਆ। ਬਾਹਰ ਆ ਸਤਿਗੁਰੂ ਜੀ ਨੂੰ ਤਾਰ ਦਿੱਤੀ ਤੇ ਅੰਦਰੋਂ ਬੇਨਤੀ ਕੀਤੀ।

ਥੋੜ੍ਹੇ ਸਮੇਂ ਉਪਰੰਤ ਸਤਿਗੁਰਾਂ ਜੀ ਸਿਆਮ ਨੂੰ ਭਾਗ ਲਾਣ ਗਏ। ਮਸਤਾਨੇ ਪ੍ਰਤਾਪ ਸਿੰਘ ਜੀ ਨੇ ਅਰਜ਼ ਕੀਤੀ 'ਗ਼ਰੀਬ ਨਿਵਾਜ਼! ਜਗਤ ਸਿੰਘ ਬਿਮਾਰ ਹੈ। ਸਤਿਗੁਰੂ ਜੀ ਓਸੇ ਵੇਲੇ ਲੰਪਾਗ ਜਾਣ ਦਾ ਹੁਕਮ ਦੇ ਦਿੱਤਾ। ਸਤਿਗੁਰਾਂ ਦੇ ਨਾਲ ਹਜ਼ੂਰੀ ਸੇਵਕ ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ ਤੋਂ ਵਖ ਸੇਠ ਦਿਆਲ ਸਿੰਘ, ਸੇਠ ਤ੍ਰਿਲੋਕ ਸਿੰਘ, ਸੇਠ ਦੀਵਾਨ ਸਿੰਘ ਤੇ ਮਸਤਾਨਾ ਪ੍ਰਤਾਪ ਸਿੰਘ ਨਾਲ ਸਨ। ਦਰਸ਼ਨ ਦਿੱਤੇ ਤੇ ਮੁਖਾਰਬਿੰਦ ਤੋਂ ਬਚਨ ਕੀਤਾ 'ਜਗਤ ਸਿਆਂ। ਤੇਰੇ ਨਾਲ ਸਾਡੀ ਲੰਪਾਂਗ ਵਸਦੀ ਏ।' ਜਗਤ ਸਿੰਘ ਦੇ ਹੰਝੂ ਡੁਲ੍ਹ ਪਏ, ਤੇ ਸੀਸ ਨਿਵਾਂਦਿਆਂ ਅਰਜ਼ ਕੀਤੀ:-

'ਗ਼ਰੀਬ ਨਿਵਾਜ਼! ਤੇਰਾ ਆਸਰਾ ਏ! ਤੇਰੀ ਸਾਧ ਸੰਗਤ ਦਾ ਆਸਰਾ ਏ।'

ਸਤਿਗੁਰਾਂ ਰਤਨ ਸਿੰਘ ਪਾਸੋਂ ਕੇਵਲ 14 ਗੋਲੀਆਂ ਦਲਵਾਈਆਂ ਤੇ ਅਖੰਡ ਪਾਠ ਦਾ ਹੁਕਮ ਕੀਤਾ। ਇਹ ਕਹਿ ਸਤਿਗੁਰੂ ਜੀ ਸੇਵਕਾਂ ਸਮੇਤ ਵਾਪਿਸ ਆ ਗਏ। ਜਗਤ ਸਿੰਘ ਨੇ ਹੁਕਮ ਅਨੁਸਾਰ ਗੋਲੀਆਂ ਵਰਤੀਆਂ ਤੇ ਅਖੰਡ ਪਾਠ ਵੀ ਕਰਵਾ ਦਿੱਤਾ। ਥੋੜ੍ਹੇ ਦਿਨਾਂ ਵਿਚ ਹੱਡੀ ਇਉਂ ਹੋ ਗਈ ਜਿਵੇਂ ਨੌਜਵਾਨਾਂ ਦੀ ਬਿਲਕੁਲ ਨਰੋਈ ਹੱਡੀ ਹੁੰਦੀ ਹੈ।

ਸਮਾਂ ਪਾਕੇ ਜਗਤ ਸਿੰਘ ਮੁੜ ਉਸ ਹਸਪਤਾਲ ਵਿਚ ਗਿਆ ਤੇ ਐਕਸ-ਰੇ ਕਰਵਾਇਆ। ਡਾਕਟਰਾਂ ਬੜਾ ਗਹੁ ਨਾਲ ਹੱਡੀ ਦੇ ਫ਼ੋਟੋ ਨੂੰ ਵਾਚਿਆ ਤੇ ਘੋਖਿਆ। ਸਾਰੇ ਵੇਖ ਹੈਰਾਨ ਹੋਏ ਕਿ ਇਹ ਹੱਡੀ ਬਿਨਾ ਉਪਰੇਸ਼ਨ ਕਿਵੇਂ ਠੀਕ ਹੋ ਗਈ। ਇਹ ਕਿਸੇ ਦਵਾਈ ਦਾ ਕੰਮ ਨਹੀਂ, ਇਹ ਕਰਾਮਾਤ ਹੈ।

**(ਸੂਬਾ ਦੀਵਾਨ ਸਿੰਘ ਅਤੇ ਬੀਬੀ ਸੁਰਜੀਤ ਕੌਰ, ਸਿਆਮ)**

## ਟੂਟੀ ਗੰਢਨਹਾਰ

**ਟੂਟੀ ਗਾਢਨ ਹਾਰ ਗੋਪਾਲ**
**ਸਰਬ ਜੀਆ ਆਪੇ ਪ੍ਰਤਿਪਾਲ॥**
**ਸਗਲ ਕੀ ਚਿੰਤਾ ਜਿਸੁ ਮਨ ਮਾਹਿ।**
**ਤਿਸਤੇ ਬਿਥਾ ਕੋਈ ਨਾਹਿ॥**

(ਸੁਖਮਨੀ ਸਾਹਿਬ ੨੮੨)

ਕੱਤਕ ਦੀ ਸੰਗਰਾਂਦਾ ਸੀ। ਗੁਰਚਰਨ ਸਿੰਘ ਮੁਕਤਸਰੋਂ ਜਲੰਧਰ ਸ਼ਹਿਰ ਸਹੁਰੇ ਜਾਣ ਨੂੰ ਤਿਆਰ ਹੋਇਆ ਤਾਂ ਮਾਂ ਨੇ ਪੁੱਤਰ ਨੂੰ ਕਿਹਾ, "ਪੁੱਤਰ! ਮੰਗਲਵਾਰ ਏ, ਸੰਗਰਾਂਦ ਦਾ ਦਿਨ ਏ, ਮੈਂ ਕੁਝ ਕਹਿ ਨਹੀਂ ਸਕਦੀ" ਗੁਰਬਚਨ ਸਿੰਘ ਬੜੀ ਅਧੀਨਗੀ ਨਾਲ

Sri Satguru Jagjit Singh Ji eLibrary NamdhariElibrary@gmail.com

ਉੱਤਰ ਦਿੱਤਾ-"ਬੇਬੇ! ਸਤਿਗੁਰ ਨਾਲ ਏ, ਮੰਗਲਵਾਰ ਹੋਇਆ ਤਾਂ ਫੇਰ ਕੀ?" ਇਹ ਕਹਿ ਗੁਰਬਚਨ ਸਿੰਘ ਰਵਾਨਾ ਹੋਇਆ ਤੇ ਪਿਛਲੇ ਪਹਿਰ ਜਲੰਧਰ ਪੁੱਜਾ।

ਮਸਤਾਨਾ ਕਾਨ੍ਹ ਸਿੰਘ ਉਨ੍ਹੀਂ ਦਿਨੀਂ ਵਾਈ ਰੋਗਾਂ ਹਿਤ ਇਕ ਦਵਾਈ ਬਣਾ ਰਿਹਾ ਸੀ। ਹਮਾਮ ਦਸਤੇ ਵਿਚ ਮਿੱਠਾ ਤੇਲੀਆ, ਮਘਾਂ, ਕਾਲੀਆਂ ਮਿਰਚਾਂ, ਸੁੰਢ ਤੇ ਮੋਟੀਆਂ ਲਾਚੀਆਂ ਨੂੰ ਰਗੜ ਰਿਹਾ ਸੀ। ਅਜੇ ਕੁਆਰ ਗੰਦਲ ਪਾਉਣੀ ਸੀ ਤਾਂ ਗੋਲੀਆਂ ਬਣਨੀਆਂ ਸਨ। ਪਤਾ ਨਹੀਂ ਗੁਰਬਚਨ ਦੇ ਜੀ ਵਿਚ ਕੀ ਆਇਆ ਕਿ ਅਭੋਲ ਹੀ ਦੋ-ਤਿੰਨ ਨਿੱਕੇ ਨਿੱਕੇ ਫੱਕੇ ਦਵਾਈ ਦੇ ਮਾਰ ਲਏ। ਦਾਦੜ ਦਵਾਈ ਅੰਦਰ ਜਾਣ ਦੀ ਦੇਰ ਸੀ ਕਿ ਸਰੀਰ ਵਿਚ ਹਫੜਾ ਦਫੜੀ ਮੱਚ ਗਈ, 12 ਵਜੇ ਤਕ ਗੁਰਬਚਨ ਸਿੰਘ ਨੀਮ-ਪਾਗ਼ਲ ਹੋ ਗਿਆ। ਬੀਬੀ ਮੁਹਿੰਦਰ ਕੌਰ ਆਪਣੇ ਪਿਤਾ ਨਾਲ ਗੱਲ ਕੀਤੀ ਕਿ ਮੇਰੇ ਸਿਰ ਦੇ ਸਾਂਈਂ ਦਵਾਈ ਖਾ ਗਏ ਨੇ, ਉਨ੍ਹਾਂ ਦੀ ਸੰਭਾਲ ਕਰੋ। ਸਾਰਿਆਂ ਨੂੰ ਫ਼ਿਕਰ ਲੱਗ ਗਿਆ। ਗੁਰਬਚਨ ਸਿੰਘ ਛੁੱਟੀ ਲੈ ਕੇ ਘਰ ਆਇਆ ਹੋਇਆ ਸੀ, ਉਹ ਜੀਜੇ ਦੀ ਭਾਲ ਵਾਸਤੇ ਨਿਕਲ ਟੁਰਿਆ ਤੇ ਮੰਗਲ ਸਿੰਘ ਦੇ ਪਰਿਵਾਰ ਨੇ ਦੱਸਿਆ ਕਿ ਗੁਰਬਚਨ ਸਿੰਘ ਜਦ ਦਾ ਆਇਆ ਏ, ਘੜੀ ਮੁੜੀ ਪਾਣੀ ਪੀ ਰਿਹਾ ਏ, ਪਤਾ ਨਹੀਂ ਕੀ ਗੱਲ ਏ।

ਮਸਤਾਨਾ ਕਾਹਨ ਸਿੰਘ ਤੇ ਗੁਰਬਚਨ ਸਿੰਘ ਉਸ ਨੂੰ ਫੜ ਕੇ ਇਕ ਡਾਕਟਰ ਕੋਲ ਲੈ ਗਏ, ਪਰ ਉਸ ਦੀ ਦਵਾਈ ਦਾ ਕੋਈ ਅਸਰ ਨਾ ਹੋਇਆ। ਮੁੜ ਗਲੀ ਦੇ ਡਾਕਟਰ ਚਰਨ ਦਾਸ ਪਾਸ ਲੈ ਗਏ। ਉਹ ਬੜਾ ਲਾਇਕ ਡਾਕਟਰ ਸੀ। ਉਸ ਟੂਟੀਆਂ ਲਾਈਆਂ ਤੇ ਨਬਜ਼ ਵੇਖੀ। ਨਬਜ਼ ਕੂਹਣੀਆਂ ਤੱਕ ਪੁੱਜ ਚੁੱਕੀ ਸੀ। ਓਸ ਜਵਾਬ ਦੇ ਦਿੱਤਾ, ਪਰ ਮਿੰਨਤ ਸਮਾਜਤ ਕਰਨ ਤੇ ਉਸ ਨੇ ਕੁਝ ਟੀਕੇ ਲਾਏ ਤੇ ਦਵਾਈ ਵੀ ਦਿੱਤੀ। ਪਰ ਫ਼ਰਕ ਕੁਝ ਨਾ ਪਿਆ। ਕੇਵਲ ਉਲਟੀਆਂ ਆਈਆਂ, ਅੰਦਰੋਂ ਕੁਝ ਪਾਣੀ ਜੇਹਾ ਨਿਕਲਿਆ ਤੇ ਨਬਜ਼ ਵੀ ਚੱਲ ਪਈ, ਪਰ ਥੋੜ੍ਹੇ ਸਮੇਂ ਪਿੱਛੋਂ ਉਹ ਮੁੜ ਮਿੱਟੀ ਦੀ ਢੇਰੀ ਬਣ ਗਿਆ। ਡਾਕਟਰ ਨੇ ਕਿਹਾ-"ਇਸ ਨੂੰ ਸਿਵਲ ਹਸਪਤਾਲ ਲੈ ਜਾਓ।" ਮਸਤਾਨੇ ਨੇ 40 ਰੁਪਏ ਡਾਕਟਰ ਚਰਨ ਦਾਸ ਨੂੰ ਦਿੱਤੇ ਤੇ ਹਸਪਤਾਲ ਵਲ ਰਵਾਨਾ ਹੋਏ।

ਜਦ ਹਸਪਤਾਲ ਵਲ ਟੁਰੇ ਤਾਂ ਇਕ ਸੱਜਣ ਨੇ ਕਿਹਾ-"ਡਾਕਟਰ ਤੁਹਾਡੀ ਕੋਈ ਸੁਣਨੀ ਨਹੀਂ। ਜੇ ਜਾਣਾ ਜੇ ਤਾਂ...ਸਿੰਘ ਨੂੰ ਨਾਲ ਲੈ ਜਾਓ।" ਇਹ ਅਰਦਾਸਾ ਕਰ ਟੁਰੇ ਹੀ ਸਨ ਕਿ ਉਹ ਸਿੰਘ ਵੀ ਮਿਲ ਗਿਆ ਤੇ ਨਾਲ ਹੋ ਟੁਰਿਆ। ਅੱਗੋਂ ਡਾਕਟਰ ਸਾਹਿਬ ਦੀ ਡਿਊਟੀ ਬਦਲ ਰਹੀ ਸੀ ਤੇ ਸਿਵਲ ਸਰਜਨ ਅਸਿਸਟੈਂਟ ਨੂੰ ਡਿਊਟੀ ਸੰਭਾਲ, ਆਪ ਜਾ ਰਿਹਾ ਸੀ। ...ਸਿੰਘ ਦੀ ਬੇਨਤੀ ਸੁਣ ਉਹ ਰੁੱਕ ਗਿਆ। ਹਸਪਤਾਲ ਜਾਂਦਿਆਂ ਤਕ ਗੁਰਬਚਨ ਸਿੰਘ ਦੀਆਂ ਅੱਖਾਂ ਤਾੜੇ ਲੱਗ ਗਈਆਂ। ਸਾਰਾ ਸਰੀਰ ਠੰਡਾ ਯੱਖ ਹੋ ਗਿਆ। ਡਾਕਟਰ ਨੇ ਸਾਰੀ ਵਿਥਿਆ ਸੁਣੀ ਤੇ ਜਵਾਬ ਦੇ ਦਿੱਤਾ। ਦਵਾਈ ਦੀ ਕਹਾਣੀ ਇਕ ਪੁਲਸੀਆ ਵੀ ਸੁਣ ਰਿਹਾ ਸੀ। ਅੰਨ੍ਹਾਂ ਕੀ ਭਾਲੇ ਦੋ ਅੱਖਾਂ। ਓਸ ਥਾਣੇ ਜਾ ਦੱਸਿਆ। ਸ਼ਿਕਾਰੀ ਥਾਣੇਦਾਰ ਕੁਝ ਸਿਪਾਹੀਆਂ ਨੂੰ ਨਾਲ ਲੈ ਹਸਪਤਾਲ ਵਿਚ ਆ ਦਬੱਕਿਆ ਤੇ ਗੁਰਬਚਨ ਸਿੰਘ ਨੂੰ ਡਾਕਟਰ ਦੇ ਹਵਾਲੇ ਕਰਦਿਆਂ ਕਾਹਨ ਸਿੰਘ,

Sri Satguru Jagjit Singh Ji eLibrary NamdhariElibrary@gmail.com

ਬੇਅੰਤ ਸਿੰਘ ਤੇ ਗੁਰਚਰਨ ਸਿੰਘ ਨੂੰ ਖਾਣੇ ਲੈ ਤੁਰਿਆ "...ਸਿੰਘ" ਅੰਦਰ ਸਤਿਗੁਰ ਆ ਵੱਸਿਆ ਤੇ ਉਸ ਥਾਣੇਦਾਰ ਨੂੰ ਕਿਹਾ, "ਇਨ੍ਹਾਂ ਦੀ ਥਾਂ ਮੈਨੂੰ ਡੱਕੋ ਤੇ ਇਨ੍ਹਾਂ ਗ਼ਰੀਬਾਂ ਨੂੰ ਮਰੀਜ਼ ਕੋਲ ਰਹਿਣ ਦਿਓ ਮੈਂ ਜਾਮਨ ਹਾਂ।"

ਡਾਕਟਰ ਨੇ ਇਕ ਲੱਤ ਚੀਰੀ, ਲਹੂ ਕੱਢਿਆ ਤੇ ਗੁਲੂਕੋਸ ਚੜ੍ਹਾਉਣਾ ਸ਼ੁਰੂ ਕੀਤਾ ਅਤੇ ਇਹ ਵੀ ਕਿਹਾ-"ਬਾਬਾ! ਜੇ ਕੋਈ ਤੇਰਾ ਗੁਰੂ ਪੀਰ ਹੈ ਤਾਂ ਉਸ ਨੂੰ ਯਾਦ ਕਰ ਲੈ। ਇਹ ਜਾ ਰਿਹਾ ਹੈ।" ਮਸਤਾਨੇ ਕਾਹਨ ਸਿੰਘ ਦੇ ਹੱਥਾਂ ਦੇ ਤੋਤੇ ਉੱਡ ਗਏ। ਉਨ੍ਹਾਂ ਦੇ ਵੇਂਹਦਿਆਂ ਵੇਂਹਦਿਆਂ ਇਕ ਸਜੇ, ਇਕ ਖੱਬੇ ਤੇ ਇਕ ਪੁਆਂਦ ਦਾ ਮਰੀਜ਼ ਦਮ ਤੋੜ ਗਿਆ। ਚੀਕ ਚਿਹਾੜਾ ਮਚ ਗਿਆ। ਕਰਮਚਾਰੀਆਂ ਉਹ ਲਾਸ਼ਾਂ ਬਾਹਰ ਕੱਢਵਾ ਦਿੱਤੀਆਂ। ਰੋਣਾ ਪਿੱਟਣਾ ਸੁਣ ਗੁਰਬਚਨ ਸਿੰਘ ਦੇ ਸੰਬੰਧੀ ਅੰਦਰ ਗਏ। ਅੱਖਾਂ ਸਭ ਦੀਆਂ ਤਰ ਤੇ ਗਲੇ ਬੰਦ ਸਨ। ਡਾਕਟਰ ਨੇ ਕਿਹਾ-"ਬੇੜਾ ਸਮੁੰਦਰ ਵਿਚ ਹੈ, ਆਪਣੇ ਸਤਿਗੁਰ ਨੂੰ ਯਾਦ ਕਰੋ।' ਡਾਕਟਰ ਦੀ ਇਹ ਗੱਲ ਸੁਣ ਮਸਤਾਨੇ ਕਾਹਨ ਸਿੰਘ ਅਰਦਾਸਾ ਸੋਧਿਆ ਤੇ ਅਰਦਾਸ ਕਰਦਿਆਂ ਸਤਿਗੁਰ ਪ੍ਰਤਾਪ ਸਿੰਘ ਨੂੰ ਮੇਹਣੇ ਮਾਰੇ "ਤੂੰ ਦਰੋਪਦੀ ਵੇਲੇ ਭੱਜ ਆਇਉਂ! ਤੂੰ ਨਾਮਦੇਵ ਵਾਰੀ ਸਾਰੇ ਸੁਖ ਤਿਆਗ ਦਿੱਤੇ! ਤੂੰ ਹਾਥੀ ਦੀ ਪੁਕਾਰ ਸੁਣ, ਸਮੁੰਦਰ ਵਿਚ ਗੋਤੇ ਖਾਣ ਨੂੰ ਤਿਆਰ ਹੋ ਪਇਓਂ, ਹੁਣ ਮੇਰੇ ਗ਼ਰੀਬ ਬਾਰੇ ਕਿਤੇ ਸੌਂ ਗਿਆ ਏਂ!" ਅਰਦਾਸ ਸਮਾਪਤ ਹੋਈ ਸੀ ਕਿ ਹਸਪਤਾਲ ਦੇ ਕਮਰੇ ਵਚ ਬੜਾ ਪ੍ਰਕਾਸ਼ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਸਾਮ੍ਹਣੇ ਆ ਖਲੋਤੇ ਤੇ ਬਚਨ ਕੀਤਾ "ਦੋ ਮਿੰਟ ਤਾਂ ਸਬਰ ਕਰ!" ਦੋ ਮਿੰਟ ਨਹੀਂ ਗੁਜ਼ਰੇ ਸਨ ਕਿ ਗੁਰਚਰਨ ਸਿੰਘ ਇਕ ਦਮ ਤੜਪ ਉੱਠਿਆ। ਨਬਜ਼ ਤੇ ਹੱਥ ਲਾਇਆ ਤਾਂ ਨਬਜ਼ ਮੋਢੇ ਤੱਕ ਪੁੱਜ ਚੁੱਕੀ ਸੀ। ਘੜੀਆਂ ਪਲਾਂ ਵਿਚ ਸਾਰਾ ਸਰੀਰ ਭੱਖ ਉੱਠਿਆ। ਡਾਕਟਰ ਅੰਦਰੋਂ ਬਾਹਰ ਆਇਆ ਤੇ ਵੇਖ ਕੇ ਕਹਿਣ ਲੱਗਾ "ਬਾਬਾ! ਇਹ ਮੋੜ ਤੇਰੇ ਸਤਿਗੁਰ ਮੋੜਿਆ ਏ। ਸਾਡੇ ਵੱਲੋਂ ਤਾਂ ਕੋਰਾ ਜਵਾਬ ਸੀ।"

**ਕਾਹਨ ਸਿੰਘ ਮਸਤਾਨਾ**

# ਮੁਰਦੇ 'ਚ ਜਾਨ

**ਮਿਰਤਕ ਕਉ ਜੀਵਾਲਨਹਾਰ॥**
**ਭੂਖੇ ਕਉ ਦੇਵਤ ਆਧਾਰ॥**

(ਸੁਖਮਨੀ ਸਾਹਿਬ ੨੯੩)

ਟੇਕ ਸਿੰਘ ਕੋਟ ਹੀਰਾ ਸਿੰਘ ਜ਼ਿਲਾ ਮਿੰਟਗੁਮਰੀ ਰਹਿੰਦਾ ਸੀ। ਬੇਦੀ ਸਾਹਿਬਜ਼ਾਦਿਆਂ ਨੂੰ ਇਹ ਗੁਰੂ ਮੰਨਦੇ ਸਨ ਸਮਾਂ ਆਇਆ ਤੇ ਟੇਕ ਸਿੰਘ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਪਰਸੇ ਅਤੇ ਦੇਵਤਾ ਬਣ ਗਿਆ। ਸੁੱਖ ਨਾਲ ਉਨ੍ਹਾਂ ਦਾ ਪਰਿਵਾਰ ਵੀ ਤਗੜਾ ਸੀ। ਵਸਾਵਾ ਸਿੰਘ, ਸਉਣ ਸਿੰਘ, ਸ਼ੇਰ ਸਿੰਘ ਤੇ ਹਜ਼ਾਰਾ ਸਿੰਘ ਗੋਲੀਆਂ

Sri Satguru Jagjit Singh Ji eLibrary NamdhariElibrary@gmail.com

ਵਰਗੇ ਜਵਾਨ ਸਨ। ਇਹ ਸਾਰੇ ਗੁਰੂ ਜਸ ਕਰਦੇ, ਮਗਰ ਸ਼ਰੀਕਾਂ ਐਵੇਂ ਕੋਲਿਆਂ ਵਾਂਗੂ ਭੱਖਦਾ ਰਹਿੰਦਾ।

ਸਤਿਗੁਰ ਦਾ ਭਾਣਾ, ਹਜ਼ਾਰਾ ਸਿੰਘ ਚੜ੍ਹਾਈ ਕਰ ਗਿਆ, ਮਗਰ ਉਸ ਦਾ ਪੁੱਤਰ ਹਰਨਾਮ ਸਿੰਘ ਪਿਤਾ ਵਰਗਾ ਪੂਰਾ ਸਿੱਖ ਨਿਕਲਿਆ। ਇਸ ਦੀ ਮਾਤਾ ਹਰਿ ਕੌਰ ਵੀ ਦੇਵੀ ਸੀ। ਉਸ ਤੇ ਵੀ ਬੜੀ ਬਖਸ਼ਸ਼ ਸੀ। ਉਸ ਦੀ ਰਸਨਾ ਅੱਠੇ ਪਹਿਰ ਚੱਲਦੀ ਰਹਿੰਦੀ ਅਤੇ ਆਏ ਗਏ ਸਾਧੂ ਦੀ ਤਨੋਂ ਮਨੋਂ ਸੇਵਾ ਕਰਦੀ।

ਹਰਨਾਮ ਸਿੰਘ ਦੇ ਘਰ ਬੱਚੇ ਹੋਣ ਪਰ ਬੱਚਣ ਨਾ। ਇਕ ਦਿਨ ਬਾਵੇ ਪੂਰਨ ਸਿੰਘ ਨੇ ਕਿਹਾ-'ਹਰਨਾਮ ਸਿੰਘਾ! ਦਵਾਈ ਮੈਂ ਦੇਨਾਂ ਹਾਂ, ਸ਼ਰਤੀਆਂ ਲੜਕਾ ਹੋਵੇਗਾ।" ਹਰਨਾਮ ਸਿੰਘ ਅੰਦਰ ਸਤਿਗੁਰਾਂ ਦਾ ਹੱਥ ਸੀ। ਓਸ ਉੱਤਰ ਦਿੱਤਾ-"ਪੂਰਨ ਸਿੰਘ! ਮੈਨੂੰ ਜਦ ਲੜਕਾ ਮਿਲਣਾ ਹੈ ਤਾਂ ਸਤਿਗੁਰੂ ਰਾਮ ਸਿੰਘ ਦੇ ਘਰੋਂ। ਤੇਰੀ ਦਵਾਈ ਨਾਲ ਮੈਂ ਲੜਕਾ ਨਹੀਂ ਲੈਣਾ।" ਪੂਰਨ ਸਿੰਘ ਆਪਣਾ ਮੂੰਹ ਲੈ ਕੇ ਬਹਿ ਗਿਆ।

ਹੋਣੀ ਬੜੀ ਪ੍ਰਬਲ ਹੈ। ਮਗਰ ਸਤਿਗੁਰੂ ਹੋਣੀ ਤੋਂ ਵੀ ਪ੍ਰਬਲ ਹੈ। ਜਦ ਹਰਨਾਮ ਸਿੰਘ ਲੱਗਪਗ 24-25 ਸਾਲ ਦਾ ਹੋਇਆ ਤਾਂ ਬੁਖਾਰ ਆ ਦਬਾਇਆ। ਬੁਖਾਰ ਐਸਾ ਚੰਬੜਿਆ ਕਿ ਪਿੱਛਾ ਨਾ ਛੱਡੇ। ਬਥੇਰੀਆਂ ਦਵਾਈਆਂ ਕੀਤੀਆਂ ਪਰ ਫ਼ਰਕ ਨਾ ਪਵੇ। ਮਾਤਾ ਹਰਿ ਕੌਰ ਪੂਰਨ ਸਿੰਘ ਤੋਂ ਦਵਾਈ ਨਾ ਲਿਆਵੇ। ਬੋਧੂ ਰਾਮ ਤੋਂ ਲਿਆਵੇ। ਇਕ ਦਿਨ ਐਸਾ ਆ ਗਿਆ ਕਿ ਹਰਨਾਮ ਸਿੰਘ ਦਾ ਸਰੀਰ ਬਿਲਕੁਲ ਠੰਡਾ ਹੋ ਗਿਆ। ਬਾਬਾ ਜੈਮਲ ਸਿੰਘ, ਬੇਬੇ ਬਿਸ਼ਨ ਤੇ ਹੋਰ ਸਾਕ ਸੰਬੰਧੀ ਉਂਧੀਆਂ ਪਾਈ ਬੈਠੇ ਸਨ। ਹਰਿ ਕੌਰ ਤਾਂ ਕਮਲੀ ਹੋ ਗਈ। ਕਦੀ ਅੰਦਰ ਜਾਵੇ ਕਦੀ ਬਾਹਰ। ਕਦੀ ਕੋਠੇ ਤੇ ਚੜ੍ਹ ਸਤਿਗੁਰੂ ਪ੍ਰਤਾਪ ਸਿੰਘ ਦਾ ਰਾਹ ਤੱਕੇ, ਕਦੀ ਵਾਜਾਂ ਮਾਰਨ ਲੱਗ ਪਏ। ਜਦ ਕੋਈ ਵਾਹ ਲੱਗਦੀ ਨਾ ਵੇਖੀ ਤਾਂ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਨੂੰ ਤਾਰ ਦਿੱਤੀ ਪਰ ਇਸ ਤਾਰ ਤੋਂ ਪਹਿਲਾਂ ਹਰਿ ਕੌਰ ਆਪ ਅੰਦਰੋਂ ਇਕ ਤਾਰ ਦੇ ਚੁੱਕੀ ਸੀ। ਇਸੇ ਵਾਸਤੇ ਮਾਈ ਕਦੇ ਨਬਜ਼ ਤੇ ਹੱਥ ਰੱਖੇ, ਜਦ ਕੋਠੀ ਕੰਬਣ ਲੱਗੇ ਤਾਂ ਕੋਠੇ ਤੇ ਚੜ੍ਹ ਜਾਵੇ। ਤੇ ਦੁਹਾਈ ਦੇਵੇ-"ਗ਼ਰੀਬ ਨਿਵਾਜ਼! ਬੌਹੜੀ ਕਰ! ਮੇਰਾ ਇੱਕੋ ਇਕ ਪੁੱਤਰ ਮੈਥੋਂ ਜਾ ਰਿਹਾ ਹੈ। ਮੇਰੀ ਦੁਨੀਆਂ ਸੁੰਞੀ ਹੋ ਜਾਵੇਗੀ। ਮੇਰੇ ਵਾਸਤੇ ਹਨੇਰ ਛਾ ਜਾਇਗਾ। ਡਾਕਟਰ ਵੈਦ ਸਭ ਜਵਾਬ ਦੇ ਚੁੱਕੇ ਹਨ। ਹੁਣ ਤੂੰ ਈ ਵੈਦਾਂ ਦਾ ਵੈਦ ਤੇ ਡਾਕਟਰਾਂ ਦਾ ਡਾਕਟਰ। ਤੇਰੇ ਬਿਨਾਂ ਕੋਈ ਨਹੀਂ। ਹੇ ਸਤਿਗੁਰੂ! ਮੇਰੀ ਗ਼ਰੀਬਣੀ ਦੀ ਝੋਲੀ ਭਰਪੂਰ ਕਰ ਦੇ।" ਮੰਜੇ ਦੇ ਕੋਲ ਬੈਠੇ ਸਵਾਸ ਗਿਣ ਰਹੇ ਸਨ। ਨਬਜ਼ ਕਿਤੇ ਦਿੱਸੇ ਨਾ-ਸਾਹ ਵੀ ਛਾਤੀ ਤੱਕ ਪੁੱਜ ਗਿਆ, ਲੱਤਾਂ, ਪੈਰ ਸਭ ਯਖ ਬਰਫ਼ ਸਨ। ਹਰਿ ਕੌਰ ਖੁੱਲ੍ਹੇ ਕੇਸਾਂ ਨਾਲ ਫੇਰ ਕੋਠੇ ਤੇ ਚੜ੍ਹੀ। ਧੂੜ ਉੱਡਦੀ ਦਿੱਸੀ। ਸਾਹ ਵਿਚ ਸਾਹ ਆਇਆ ਕਿ ਹੁਣ ਹਰਨਾਮ ਸਿੰਘ ਦਾ ਵਾਲ ਵਿੰਗਾ ਨਹੀਂ ਹੋ ਸਕਿਆ। ਦੌੜਦੀ ਕੋਠੇ ਤੋਂ ਉਤਰੀ ਤੇ ਗਲੀ ਵਲ ਦੌੜ ਗਈ "ਔਹ ਮੇਰੇ ਪੁੱਤਰ ਦੇ ਡਾਕਟਰ ਆ ਗਏ ਔਹ ਅਕਾਲ ਪੁਰਖ ਆ ਗਿਆ। ਹੁਣ ਮੇਰੇ ਪੁੱਤਰ ਦੀ ਖ਼ੈਰ ਹੈ।" ਸਤਿਗੁਰ ਖਰਾਸ ਕੋਲ ਪੁੱਜ ਗਏ। ਸੰਗਤ ਵੀ ਜਾ ਖਲੋਤੀ। ਗੱਡੀ ਵਿਚ ਸਤਿਗੁਰੂ ਸੱਚੇ ਪਾਤਸ਼ਾਹ, ਸੂ: ਦਇਆ ਸਿੰਘ, ਸੰਤ ਬਹਾਦੁਰ ਸਿੰਘ, ਭਾਈ ਵਜ਼ੀਰ ਸਿੰਘ ਤੇ ਕਿਰਪਾ ਸਿੰਘ ਉਤਰੇ।

Sri Satguru Jagjit Singh Ji eLibrary NamdhariElibrary@gmail.com

ਰਵਾਂ ਰਵੀਂ ਅੰਦਰ ਗਏ। ਹਰਨਾਮ ਸਿੰਘ ਦੇ ਸਰੀਰ ਤੇ ਹੱਥ ਫੇਰਿਆ ਤੇ ਮੁਖਾਰਬਿੰਦ ਤੋਂ ਬਚਨ ਕੀਤਾ "ਹਰਨਾਮ ਸਿੰਘਾ! ਤਕੜਾ ਹੋ!" ਤਕੜਾ ਹੋ ਸ਼ਬਦ ਮੁੱਖੋਂ ਨਿਕਲਣੇ ਸਨ, ਕਿ ਹਰਨਾਮ ਸਿੰਘ ਅੱਖ ਪੱਟੀ। ਫੇਰ ਨਬਜ਼ ਮੁੜ ਪਈ। ਸਾਰਾ ਸਰੀਰ ਗਰਮ ਹੋ ਗਿਆ। ਸਤਿਗੁਰੂ ਜੀ ਕੁਝ ਸਮਾਂ ਠਹਿਰ ਵਾਪਸ ਆ ਗਏ, ਅਤੇ ਹਰਨਾਮ ਸਿੰਘ ਦਿਨਾਂ ਵਿਚ ਨਵਾਂ ਨਰੋਆ ਹੋ ਗਿਆ।

ਜਦ ਜ਼ਰਾ ਅੰਦਰ ਬਾਹਰ ਜਾਣ ਜੋਗਾ ਹੋਇਆ ਤਾਂ ਮਾਤਾ ਹਰਿ ਕੌਰ ਪੁੱਛਿਆ- "ਬੱਚਾ! ਕਿਵੇਂ ਬੀਤੀ?" ਤਾਂ ਹਰਨਾਮ ਸਿੰਘ ਨੇ ਉੱਤਰ ਦਿੱਤਾ-"ਬੇਬੇ! ਮੈਂ ਕੀ ਵੇਖਦਾ ਹਾਂ, ਕਿ ਕੁਝ ਸੱਜਣ ਆਏ ਅਤੇ ਮੈਨੂੰ ਨਾਲ ਲੈ ਟੁਰੇ। ਅਸੀਂ ਕਾਫ਼ੀ ਦੂਰ ਗਏ ਸਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜੇ ਤੇ ਸਵਾਰ ਮਿਲੇ। ਮੈਂ ਨਮਸਕਾਰ ਕੀਤੇ। ਸਤਿਗੁਰੂ ਜੀ ਉਨ੍ਹਾਂ ਨੂੰ ਬਚਨ ਕੀਤਾ "ਇਸ ਨੂੰ ਛੱਡ ਦਿਓ, ਅਜੇ ਇਸ ਦੀ ਬੜੀ ਲੋੜ ਏ। ਉਨ੍ਹਾਂ ਭਲਿਆਂ ਲੋਕਾਂ ਮੈਨੂੰ ਛੱਡ ਦਿੱਤਾ। ਮੈਂ ਸਤਿਗੁਰਾਂ ਨੂੰ ਮੱਥਾ ਟੇਕਿਆ ਤੇ ਘਰ ਮੁੜ ਆਇਆ ਪਰ ਜਦ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਮੰਜੇ ਤੇ ਸਾਂ ਸਤਿਗੁਰੂ ਜੀ ਮੇਰੇ ਸਾਹਮਣੇ ਖੜੇ ਸਨ।"

## ਛਪਾਕੀ

ਸਿਆਮ ਵਿਚ ਸੇਠ ਲੱਧਾ ਸਿੰਘ ਦਾ ਪਰਿਵਾਰ ਬਾਦਸ਼ਾਹੀ ਕਰ ਰਿਹਾ ਹੈ। ਪਰ ਕਿਸੇ ਵੇਲੇ ਲੱਧਾ ਸਿੰਘ ਫਿਲੋ ਕੇ ਵਿਚ ਸਧਾਰਨ ਜੀਵਨ ਬਤੀਤ ਕਰਦਾ ਸੀ। ਲੱਧਾ ਸਿੰਘ ਦੇ ਭਾਗ ਜਾਗਣ ਤੇ ਆਏ। ਸੰਤ ਨਰੈਣ ਸਿੰਘ ਘੋੜੀਆਂ ਵਾਲੇ ਤੇ ਉਨ੍ਹਾਂ ਦਾ ਜਥਾ ਫਿਲੋ ਕੇ ਨੂੰ ਜਾ ਰਿਹਾ ਸੀ। ਲੰਘਦਿਆਂ ਨੂੰ ਕੁਝ ਮੁਸ਼ਟੰਡਿਆਂ ਤੱਕਿਆ ਤਾਂ ਇਕ ਦੂਜੇ ਨਾਲ ਰਲ ਸਾਧਾਂ ਨੂੰ ਟਿਚਕਰਾਂ ਨਾਲ ਬੋਲੀ ਮਾਰਨ ਖ਼ਾਤਰ, ਉੱਚੀ ਉੱਚੀ ਗੱਲਾਂ ਕਰਨ ਲੱਗ ਪਏ।

'ਇਹ ਧਾੜ ਕਿਧਰ ਜਾ ਰਹੀ ਹੈ?'

'ਲੱਧਾ ਸਿੰਘ ਦੇ ਘਰ।'

'ਉਜਾੜ ਦੇਣਗੇ ਗ਼ਰੀਬ ਨੂੰ।'

ਇਹ ਗੱਲ ਸੰਤਾਂ ਤੱਕ ਵੀ ਪੁੱਜ ਗਈ। ਸੰਤ ਰੰਗ ਵਿਚ ਹੋ ਗਏ, ਬਚਨ ਕੀਤਾ- 'ਲੱਧਾ ਸਿੰਘ ਸ਼ਾਹਾਂ ਦਾ ਸ਼ਾਹ, ਲੱਧਾ ਸਿੰਘ ਸ਼ਾਹਾਂ ਦਾ ਸ਼ਾਹ, ਲੱਧਾ ਸਿੰਘ ਸ਼ਾਹਾਂ ਦਾ ਸ਼ਾਹ।'

**ਚੰਦ ਬਨਾਸੇ ਸੂਰ ਬਨਾਸੇ, ਸਾਧ ਬਚਨ ਅਟਲਾਧਾ।**

ਦਿਨ ਫਿਰਨੇ ਸ਼ੁਰੂ ਹੋ ਗਏ। ਕੁਝ ਸਾਲਾਂ ਵਿਚ ਹੀ ਗੁਜਰਾਂਵਾਲਾ ਤੇ ਸਿਆਮ ਵਿਚ ਇਕ ਪਰਿਵਾਰ ਦਾ ਬੋਲਬਾਲਾ ਹੋ ਗਿਆ।

ਸੇਠ ਸ਼ਮਸ਼ੇਰ ਸਿੰਘ ਸਪੁੱਤਰ ਸੇਠ ਦਿਆਲ ਸਿੰਘ, ਸੇਠ ਲੱਧਾ ਸਿੰਘ ਦੇ ਪਰਿਵਾਰ ਵਿੱਚੋਂ ਹੀ ਹਨ। ਕੁਸੰਗਤ ਕਾਰਨ ਸ਼ਮਸ਼ੇਰ ਸਿੰਘ ਦਾੜ੍ਹੀ ਨੂੰ ਵਸਮਾ ਲਾਉਣ ਲੱਗ ਪਿਆ। ਓਧਰ ਛਪਾਕੀ ਨੇ ਆ ਦਬਾਇਆ। ਕਈ ਡਾਕਟਰਾਂ ਨੂੰ ਵਖਾਇਆ, ਬੜਾ ਕੁਝ

Sri Satguru Jagjit Singh Ji eLibrary NamdhariElibrary@gmail.com

ਕੀਤਾ ਮਗਰ ਫ਼ਰਕ ਨਾ ਪਇਆ। ਜਦ ਬੰਦਾ ਹਰ ਪਾਸਿਓਂ ਹਾਰ ਜਾਵੇ ਫੇਰ ਉਹ ਰੱਬ ਵਾਲੇ ਪਾਸੇ ਤੁਰਦਾ ਹੈ। ਸਤਿਗੁਰੂ ਜੀ ਸਿਆਮ ਨੂੰ ਭਾਗ ਲਾਣ ਗਏ। ਸ਼ਮਸ਼ੇਰ ਸਿੰਘ ਨੇ ਸੰਤ ਰਤਨ ਸਿੰਘ ਨਾਲ ਦੁੱਖ ਵੰਡਾਇਆ ਤੇ ਦਵਾਈ ਲਈ ਬੇਨਤੀ ਕੀਤੀ। ਸਤਿਗੁਰਾਂ ਸ਼ਮਸ਼ੇਰ ਸਿੰਘ ਤੇ ਰਤਨ ਸਿੰਘ ਨੂੰ ਗੱਲਾਂ ਕਰਦਿਆਂ ਸੁਣ ਲਿਆ ਤੇ ਬਚਨ ਕੀਤਾ-

'ਰਤਨ! ਕੀ ਗੱਲ ਏ?'

'ਸੱਚੇ ਪਾਤਸ਼ਾਹ! ਸੇਠ ਸ਼ਮਸ਼ੇਰ ਸਿੰਘ ਨੂੰ ਛਪਾਕੀ ਬੜਾ ਦੁੱਖ ਦੇ ਰਹੀ ਏ।'

'ਇਸ ਨੂੰ ਦਵਾਈ ਮੈਂ ਦੇਂਦਾ ਹਾਂ।'

'ਸਤਿ ਬਚਨ ਜੀ।'

ਅੱਗੇ ਅੱਗੇ ਸੱਚੇ ਪਾਤਸ਼ਾਹ ਮਗਰ ਮਗਰ ਸ਼ਮਸ਼ੇਰ ਸਿੰਘ ਤੇ ਸੇਠ ਦਿਆਲ ਸਿੰਘ ਜੀ ਟੁਰ ਪਏ। ਸਤਿਗੁਰਾਂ ਸੇਠ ਦਿਆਲ ਸਿੰਘ ਹੁਰਾਂ ਨੂੰ ਬਚਨ ਕੀਤਾ-

'ਸੇਠ ਜੀ! ਤੁਸੀਂ ਪਿੱਛੇ ਠਹਿਰੋ।' ਸੇਠ ਜੀ ਰੁਕ ਗਏ। ਫੇਰ ਸ਼ਮਸ਼ੇਰ ਸਿੰਘ ਨੂੰ ਪੁੱਛਿਆ-

'ਕੀ ਤਕਲੀਫ਼ ਏ?'

ਗ਼ਰੀਬ ਨਿਵਾਜ਼! ਛਪਾਕੀ ਬੜਾ ਦੁੱਖ ਦੇਂਦੀ ਏ। ਬੜਾ ਕੁਝ ਕੀਤਾ ਏ, ਅਰਾਮ ਨਹੀਂ ਆਇਆ।'

'ਲੈ ਫਿਰ ਦਾਹੜੀ ਨੂੰ ਵਸਮਾ ਨਾ ਲਾਇਆ ਕਰ, ਆਪੇ ਸਤਿਗੁਰ ਕਿਰਪਾ ਕਰਨਗੇ।'

ਸਤਿ ਬਚਨ ਕਹਿ ਮੱਥਾ ਟੇਕ ਦਿੱਤਾ। ਛਪਾਕੀ ਜਾਂਦੀ ਨਹੀਂ ਲੱਭੀ। ਕੁੰਦਨ ਵਰਗੀ ਦੇਹ ਨਿਕਲ ਆਈ।

**ਪੰਡਿਤ ਗੋਪਾਲ ਸਿੰਘ ਜੀ**

## ਚਰਨਾਮ੍ਰਿਤ

ਗ਼ਰੀਬ ਦਾਸ ਉੱਚਾ ਲੰਮਾ ਸਾਧੂ ਸੀ, ਮਗਰ ਸਰੀਰ ਪੀੜਤ। ਕਈ ਇਲਾਜ਼ ਕਰਵਾਏ, ਡਾਕਟਰਾਂ, ਵੈਦਾਂ, ਹਕੀਮਾਂ ਨੂੰ ਨਬਜ਼ ਦਿਖਾਈ ਅਤੇ ਜੋ ਉਨ੍ਹਾਂ ਦੱਸਿਆ, ਪਰਹੇਜ਼ ਰੱਖ ਕੇ ਕੀਤਾ, ਪਰ ਲਾਭ ਨਾ ਹੋਇਆ। ਦੂਸਰੇ ਸਾਥੀ ਸਾਧੂਆਂ ਨੇ ਆਖਿਆ ਕਿ ਇਹ ਕਰਮ ਰੋਗ ਏ ਇਹ ਡਾਕਟਰਾਂ, ਹਕੀਮਾਂ ਦੇ ਵਸ ਦਾ ਨਹੀਂ ਕਿਸੇ ਮਹਾਂਪੁਰਸ਼ਾਂ ਦਾ ਚਰਨਾਮ੍ਰਿਤ ਲਵੋ, ਸ਼ਾਇਦ ਰੋਗ ਨਵ੍ਰਿਤੀ ਹੋ ਜਾਵੇ। ਸਾਧੂ ਦੇ ਮਨ ਇਹ ਗੱਲ ਲੱਗੀ ਤੇ ਲੱਗਾ ਮਹਾਂਪੁਰਸ਼ ਦੀ ਭਾਲ ਕਰਨ। ਗ਼ਰੀਬ ਦਾਸ ਕਈ ਤੀਰਥਾਂ ਤੇ ਗਿਆ, ਬਿੰਦਰਾਬਨ, ਰਿਸ਼ੀਕੇਸ਼, ਕਾਂਸ਼ੀ ਆਦਿ ਥਾਵਾਂ ਤੇ ਪੁੱਜਾ ਮਗਰ ਰੋਗ ਨਵ੍ਰਿਤੀ ਕਾਹਦੀ, ਸਗੋਂ ਸਾਧੂਆਂ ਤੋਂ ਨਫ਼ਰਤ ਆਉਣੀ ਸ਼ੁਰੂ ਹੋ ਗਈ।

Sri Satguru Jagjit Singh Ji eLibrary NamdhariElibrary@gmail.com

ਗ਼ਰੀਬ ਦਾਸ ਦਾ ਆਉਣਾ ਜਾਣਾ ਉਸਤਾਦ ਨੱਥਾ ਸਿੰਘ ਗੁਜਰਾਂਵਾਲੀਏ ਦੇ ਘਰ ਸੀ। ਇਕ ਦਿਨ ਸਾਧੂ ਨੇ ਦਿਲ ਦਾ ਫੋਲਾ ਉਸਤਾਦ ਹੁਰਾਂ ਅੱਗੇ ਫੋਲਿਆ ਉਸਤਾਦ ਜੀ ਕਿਹਾ 'ਸੰਤ ਜੀ! ਕੋਟ ਤੀਰਥਾਂ ਦੇ ਤੀਰਥ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ। ਜਦ ਉਹ ਆਉਣਗੇ ਤਾਂ ਅਰਜ਼ ਕਰਾਂਗੇ।' ਸੁਭਾਗ ਨਾਲ ਝਬਦੇ ਹੀ ਸਤਿਗੁਰੂ ਜੀ ਗੁਜਰਾਂਵਾਲੇ ਆ ਗਏ। ਗੋਇੰਦਵਾਲ ਵਾਲੀ ਸੜਕ ਤੇ ਨਾਮਧਾਰੀ ਧਰਮਸਾਲਾ ਵਿਚ ਦੀਵਾਨ ਦਾ ਪ੍ਰੋਗਰਾਮ ਸੀ। ਉਸਤਾਦ ਜੀ ਸਾਧੂ ਨੂੰ ਖ਼ਬਰ ਦਿੱਤੀ, ਸਾਧੂ ਦਾ ਤਨ ਮਨ ਖਿੜ ਗਿਆ ਕਿ ਹੁਣ ਕਲਿਆਣ ਹੋਵੇਗੀ। ਉਸਤਾਦ ਜੀ ਦਾ ਸਾਰਾ ਪਰਿਵਾਰ ਤੇ ਗ਼ਰੀਬ ਦਾਸ ਸਭ ਦਰਸ਼ਨਾਂ ਨੂੰ ਗਏ।

ਸਾਧੂ ਨੇ ਦੇਵਤਿਆਂ ਦੀ ਸੰਗਤ ਦੇ ਦਰਸ਼ਨ ਕੀਤੇ। ਦਰਸ਼ਨ ਕਰਦਿਆਂ ਮਨ ਵਿਚ ਸ਼ਾਂਤ ਆ ਗਈ। ਨਿਸਚਾ ਹੋ ਗਿਆ ਕਿ ਸਤਿਗੁਰਾਂ ਦੇ ਚਰਨਾਂ ਵਿਚ ਅੰਮ੍ਰਿਤ ਸਰੋਵਰ ਹੈ। ਹੁਣ ਮੇਰੀ ਕਸ਼ਟ ਨਿਵ੍ਰਤੀ ਹੋ ਜਾਵੇਗੀ। ਨਮਸਕਾਰ ਕਰਕੇ ਸਭ ਥਾਂ ਪਰ ਥਾਂ ਬਹਿੰਦੇ ਗਏ। ਭੋਗ ਉਪਰੰਤ ਸਤਿਗੁਰੂ ਜੀ ਉੱਠੇ ਤੇ ਲੰਗਰ ਵਲ ਪਵਿੱਤਰ ਕਦਮ ਰੱਖੇ। ਗ਼ਰੀਬ ਦਾਸ ਮੌਕਿਆ ਦੀ ਤਾੜ ਵਿਚ ਸੀ। ਲੰਗਰ ਦੇ ਬੂਹੇ ਅੱਗੇ ਹੱਥ ਧੋਣ ਵਾਸਤੇ ਬਾਟੀ ਸੀ। ਜਿਸ ਵਿਚ ਮੈਲਾ ਕੁਚੈਲਾ ਜਲ ਸੀ। ਲੰਘਦਿਆਂ ਲੰਘਦਿਆਂ ਸਤਿਗੁਰੂ ਜੀ ਦਾ ਚਰਨ ਬਾਟੀ ਨੂੰ ਛੂਹ ਗਿਆ। ਸਾਧੂ ਦੇ ਸੁੱਤੇ ਭਾਗ ਜਾਗ ਪਏ। ਉਹ ਅੱਗੇ ਵੱਧਿਆ ਤੇ ਬਾਟੀ ਨੂੰ ਜਾ ਹੱਥ ਪਾਇਹ। ਮੌਜੀ ਸਤਿਗੁਰੂ ਜੀ ਚਰਨ ਨਾਲ ਬਾਟੀ ਨੂੰ ਅਗ੍ਹਾਂ ਰੇੜਦੇ ਗਏ। ਸਾਧੂ ਪਿਛਾਂਹ ਖਿੱਚੇ ਸੱਚੇ ਪਾਤਸ਼ਾਹ ਜੀ ਅਗ੍ਹਾਂ ਰੇੜਨ। ਇਕ-ਦੋ ਮਿੰਟ ਚੰਗਾ ਮੌਜ ਮੇਲਾ ਬਣਿਆ। ਅੰਤ ਸਾਧੂ ਦੀ ਮੁਰਾਦ ਪੂਰੀ ਹੋਈ। ਬਾਟੀ ਉਸ ਦੇ ਹੱਥ ਆ ਗਈ, ਉਸ ਝੱਟ ਬਾਟੀ ਨੂੰ ਮੂੰਹ ਲਾ ਜਲ ਛੱਕ ਲਿਆ। ਸਭ ਦਵਾਈਆਂ ਖੂਹ ਵਿਚ ਵਗਾਹ ਮਾਰੀਆਂ। ਥੋੜ੍ਹੇ ਦਿਨਾਂ ਵਿਚ ਹੀ ਸਰੀਰ ਕੁੰਦਨ ਵਰਗਾ ਨਿਕਲ ਆਇਆ। ਪੀੜਾਂ ਜਾਂਦੀਆਂ ਨਾ ਦਿੱਸੀਆਂ। ਧੰਨ ਧੰਨ ਕਰਦਾ ਵਿਚਰਨ ਲੱਗਾ।

**ਪੰਡਿਤ ਗੋਪਾਲ ਸਿੰਘ**

## ਅੱਡੀ ਪੀੜ

ਜਦ ਮੇਰੀ ਉਮਰ ਪੰਜਤਾਲੀ-ਛਤਾਲੀ ਸਾਲ ਦੀ ਹੋਈ ਤਾਂ ਸਵੇਰ ਉੱਠਣ ਸਮੇਂ ਅੱਡੀ ਵਿਚ ਦਰਦ ਹੋਇਆ ਕਰੇ। ਸਖ਼ਤ ਤਕਲੀਫ਼ ਹੋਵੇ। ਸਿਆਣਿਆਂ ਹਕੀਮਾਂ ਪਾਸੋਂ ਸਲਾਹ ਵੀ ਲਈ ਅਤੇ ਦਵਾਈਆਂ ਵੀ ਖਾਧੀਆਂ ਪਰ ਫ਼ਰਕ ਨਾ ਪਵੇ। ਗਰਮ ਦਵਾਈਆਂ ਖਾ ਖਾ ਰੰਗ ਕਾਲਾ ਪੈ ਗਿਆ। ਬੜੀ ਚਿੰਤਾ ਲੱਗੀ।

ਇਕ ਦਿਨ ਸ੍ਰੀ ਜੀਵਨ ਨਗਰ ਦਰਸ਼ਨ ਕਰਨ ਆਇਆ ਸਤਿਗੁਰਾਂ ਅੱਗੇ ਬੇਨਤੀ ਕੀਤੀ ਅਤੇ ਵੇਦਨ ਦੱਸੀ। ਸਤਿਗੁਰ ਮੌਜ ਦੇ ਮਾਲਿਕ ਹੱਸ ਕੇ ਬਚਨ ਕੀਤਾ, "ਮੈਂ ਕੋਈ ਡਾਕਟਰ ਆਂ?" "ਤੁਸੀਂ ਡਾਕਟਰਾਂ ਦੇ ਡਾਕਟਰ ਓ, ਗ਼ਰੀਬ ਨਿਵਾਜ਼!" ਮੈਂ ਮੁੜ

Sri Satguru Jagjit Singh Ji eLibrary NamdhariElibrary@gmail.com

ਦੁਹਰਾਇਆ, ਮਗਰ ਕੋਈ ਕਿਰਪਾ ਨਾ ਹੋਈ।

ਉਸੇ ਸਾਲ ਮੁੜ ਦਸੰਬਰ ਵਿਚ ਦਰਸ਼ਨ ਕਰਨ ਆਇਆ ਤੇ ਅਰਜ਼ ਗੁਜ਼ਾਰੀ। ਮਿਹਰਾਂ ਹੋ ਪਈਆਂ, ਸਹਿਜ ਸੁਭਾ ਬਚਨ ਕੀਤਾ 'ਕਈ ਵਾਰੀ ਮੂਲੀਆਂ ਦੇ ਪਾਣੀ ਪੀਣ ਨਾਲ ਫ਼ਰਕ ਪੈ ਜਾਂਦਾ ਹੈ।' ਘਰ ਮੁੜਿਆ ਤੇ ਬਚਨ ਮੰਨੇ ਮੂਲੀ ਕੁਤਰਾ ਕਰ, ਪਾਣੀ ਨਿਚੋੜ ਵਰਤਣ ਲੱਗ ਪਿਆ। ਘਰ ਵਾਲਿਆਂ ਬਥੇਰਾ ਕਿਹਾ ਕਿ ਸਰਦੀਆਂ ਹਨ, ਅੱਗੋਂ ਪਾਣੀ ਵੀ ਸਰਦ ਦੱਸਦੇ ਹਨ, ਪਰ ਮੈਂ ਇਕ ਨਾ ਸੁਣੀ ਤੇ ਮੂਲੀ ਦਾ ਜਲ ਵਰਤਦਾ ਗਿਆ। ਜਿੰਨਾ ਚਿਰ ਮੂਲੀਆਂ ਮਿਲੀਆਂ ਉਨ੍ਹਾਂ ਦਾ ਪਾਣੀ ਪੀਤਾ। ਸਿਆਲ ਦੇ ਮੁੱਕਣ ਨਾਲ ਮੂਲੀਆਂ ਵੀ ਮੁੱਕ ਗਈਆਂ ਤੇ ਪੀੜ ਦਾ ਵੀ ਅੰਤ ਹੋ ਗਿਆ। ਇਕ ਦਿਨ ਬਾਜ਼ਾਰ ਵਿੱਚੋਂ ਲੰਘਦਿਆਂ ਡਾਕਟਰ ਸ਼ਿਵ ਸ਼ੰਕਰ ਸਰਸੇ ਨਿਵਾਸੀ ਨੂੰ ਕਿਹਾ, 'ਤੁਸਾਂ ਮੈਨੂੰ ਦਵਾਈਆਂ ਖੁਆ ਖੁਆ ਹੁਲੀਆ ਵਿਗਾੜ ਦਿੱਤਾ ਸੀ, ਮੇਰੇ ਤੇ ਇਉਂ ਕ੍ਰਿਪਾ ਹੋਈ ਏ।' ਉਸ ਬੜੀ ਨਰਮੀ ਨਾਲ ਕਿਹਾ 'ਮਾਸਟਰ ਜੀ! ਇਹ ਦਵਾਈ ਦੀ ਗੱਲ ਨਹੀਂ, ਇਹ ਤਾਂ ਮਹਾਂ ਪੁਰਸ਼ਾਂ ਦੇ ਬਚਨਾਂ ਨੇ ਰਹਿਮਤਾਂ ਕੀਤੀਆਂ ਹਨ। ਮਹਾਂ ਪੁਰਸ਼ਾਂ ਤਾਂ ਮਿਹਰ ਦ੍ਰਿਸ਼ਟੀ ਨਾਲ ਬੇੜਾ ਪਾਰ ਕਰ ਸਕਦੇ ਹਨ।

ਲੇਖਕ

## ਨਾਮ ਦਾਰੂ

॥ਸਰਬ ਰੋਗ ਕਾ ਅਉਖਦ ਨਾਮੁ॥
(ਪ੍ਰਸੰਗ ਬਾਵਾ ਸਿੰਘ ਪਿੰਡ ਬੰਗਾ ।ਜ਼ਿਲ੍ਹਾ ਜਲੰਧਰ)

ਔਹ! ਵੇਖੋ ਵੀਹ ਇਕੀ ਸਾਲਾ, ਤੁਰਦਾ ਫਿਰਦਾ ਆਇਆ ਮੁਰਦਾ।
ਹਾਰੇ ਹੋਏ ਜੁਆਰੀ ਵਾਂਗਰ, ਅੰਦਰੋ ਅੰਦਰੀ ਜਾਇ ਝੁਰਦਾ।
ਭਰੀ ਜੁਆਨੀ ਅੰਦਰ ਦੇਹਦੀ, ਖੁਰੀ ਜੁਆਨੀ ਵਾਂਙ ਪਤਾਸ਼ੇ।
ਰਹਿ ਗਿਆ ਇਕ ਹੱਡੀਆਂ ਦੀ ਮੁਠੀ, ਨਾਲ ਬਿਮਾਰੀ ਖੁਰਦਾ ਖੁਰਦਾ।
ਹਲਦੀ ਰੰਗੇ ਚੇਹਰੇ ਉਤੇ, ਥਾਉਂ ਥਾਈਂ ਪੈ ਗਏ ਲੁਤੇ।
ਹੜਬਾਂ ਏਹਦੀਆਂ ਨਿਕਲ ਆਈਆਂ, ਜਾਪਨ ਜਿਵੇਂ ਅਨਾਰ ਕਰੁਤੇ।
ਅੱਖਾਂ ਦੋਵੇਂ ਬਣੀਆਂ ਖੁਡੇ, ਵੇਖਣ ਵਾਲੇ ਨੂੰ ਇਉਂ ਲਗੇ।
ਲਗਾ ਹੋਇਆ ਜਿਵੇਂ 'ਡਰੌਣਾ' ਬਿਜਲੀ ਵਾਲੇ ਖੰਬੇ ਉਤੇ।
ਅੱਸੀ ਨੱਬੇ ਸਾਲਾ ਕਰ ਗਈ, ਇਸ ਨੂੰ ਇਸ ਦੀ ਭਰੀ ਜਵਾਨੀ।
ਰੱਤੀ ਰਤ ਰਹੀ ਨਹੀਂ ਅੰਦਰ, ਮੂੰਹ ਤੇ ਛਾਈ 'ਮੁਰਦੇ ਹਾਨੀ।'
ਕੰਬਦੇ ਕੰਬਦੇ ਹੋਠਾਂ ਵਿਚੋਂ, ਥਿੜਕ ਥਿੜਕ ਕੇ ਬੋਲ ਰਿਹਾ ਏ।
'ਵਡ ਪ੍ਰਤਾਪੀ' ਜੀ ਨੂੰ ਆਪਣੀ, ਦਸ ਰਿਹਾ ਏ ਗਮ-ਕਹਾਣੀ:-

Sri Satguru Jagjit Singh Ji eLibrary NamdhariElibrary@gmail.com

'ਸਤਿਗੁਰ ਜੀ! ਕੀ ਦਸਾਂ? ਤੈਨੂੰ ਮੈਨੂੰ ਹੈ ਕੰਨਾਂ ਦਾ ਰੋਗ।
ਛੇ ਸਤਾਂ ਵਰ੍ਹਿਆਂ ਤੋਂ ਲਗਾ, ਮੈਂ ਰਿਹਾ ਹਾਂ ਜਿਸਨੂੰ ਭੋਗ।
ਮਾਸ ਲਹੂ ਤੇ ਚਰਬੀ ਸਾਰੀ, ਖਾਧਾ ਏ ਮੇਰਾ ਏਸ ਬਿਮਾਰੀ।
ਨੁਚੜੇ ਹੋਏ ਨਿੰਬੂ ਵਾਂਙੂ, ਤੇਰੇ ਕੋਲ ਖਲੋਤਾ ਫੋਗ।
ਸੁਤੇ ਪਿਆਂ ਰਾਤ ਨੂੰ ਮੇਰੀ, ਛੇ ਛੇ ਘੰਟੇ ਅੱਖ ਨ ਲਗੇ।
ਚੀਸਾਂ ਚਲਣ ਸਲਣ ਹਿਰਦਾ, ਕੰਨਾਂ ਵਿਚੋਂ ਰੇਸ਼ਾ ਵੱਗੇ।
ਲਹੂ ਪਾਕ ਦੇ ਝਰਨੇ ਚਲਣ, ਲਿਬੜ ਜਾਂਦੀ ਦਰੀ ਤੁਲਾਈ।
ਨੱਕ ਸਾੜਣੀ ਬੋ ਔਂਦੀ ਏ, ਘਿਰਨਾ ਕਰਦੇ ਭਾਈ ਸੱਗੇ।
ਛੇ ਸੱਤ ਸਾਲ ਇਲਾਜ ਕਰਾਕੇ, ਥੱਕ ਗਏ ਮਾਪ ਪੈਸੇ ਲਾ ਕੇ।
ਐ ਪਰ ਕਿਤੋਂ ਅਰਾਮ ਨਾ ਆਇਆ, ਹੋਰ ਵਧੇਰਾ ਜੀਅ ਘਬਰਾਇਆ।
ਇਕ ਦਿਨ ਮੈਨੂੰ ਮਿਲੇ ਅਚਾਨਕ, ਏਸੇ (ਮੇਰੇ) ਬੰਗੇ ਪਿੰਡ ਸਥਾਨਕ।
ਸੂਬਾ ਸੰਤ ਖੇਮ ਸਿੰਘ ਪਿਆਰੇ, ਕਟੜ ਕੂਕੇ ਗੁਰੂ ਸਵਾਰੇ।
ਬ੍ਰਹਮ ਗਿਆਨੀ ਪਰਉਪਕਾਰੀ, ਸੁਣਕੇ ਮੇਰੀ ਵਿਥਿਆ ਸਾਰੀ।
ਦਿਤਾ ਮੈਨੂੰ ਬਹੁਤ ਦਿਲਾਸਾ, ਆਖਿਆ ਹੁਣ ਨਾ ਹੋ ਨਿਰਾਸਾ।
ਧਰਮ ਧੁਜਾ ਸਤਿਗੁਰ ਇਸ ਠੌਰਾ, ਛੇਤੀ ਦਰਸਨ ਨਿਜੀ ਦੌਰਾ।
ਉਹ ਵੈਦਾਂ ਦਾ ਵੈਦ ਗੁਰੂ ਹੈ, ਮੀਰਾਂ ਸਯਦਾਂ ਦਾ ਸਯੈਦ ਗੁਰੂ ਹੈ।
ਪੀਰਾਂ ਦਾ ਵੀ ਪੀਰ ਗੁਰੂ ਹੈ, ਮੀਰਾਂ ਦੇ ਸਿਰ ਮੀਰ ਗੁਰੂ ਹੈ।
ਲੁਕਮਾਨ ਹਕੀਮ ਤੇ ਵੈਦ ਧਨੰਤਰ, ਸਿਖ ਇਸੇ ਕੋਲੋਂ ਮੰਤਰ।
ਸਰਨ ਪਏ ਦੀ ਰਖਦੈ ਲਾਜ, ਕਰਸੀ ਤੇਰਾ ਉਹੀ ਇਲਾਜ।
ਉਸ ਦਿਨ ਤੋਂ ਮੈਂ ਲਾ ਉਡੀਕਾਂ, ਔਸੀਆਂ ਪਾਈਆਂ ਕਢ ਕਢ ਲੀਕਾਂ।
ਰਾਤਾਂ ਕਟੀਆਂ ਗਿਣ ਗਿਣ ਤਾਰੇ, ਇਸੇ ਤਰ੍ਹਾਂ ਹੀ ਦਿਨ ਗੁਜ਼ਾਰੇ।
ਤੇਰੇ ਔਣ ਦੀਆਂ ਕੰਨਸੋਆਂ, ਸੂਬਾ ਜੀ ਤੋਂ ਪੁਛੀਆਂ ਸੋਆਂ।
ਭਾਗੀਂ ਭਰਿਆ ਅਜ ਦਿਹਾੜਾ, ਜਿਸਦੇ ਲਈ ਸਾਂ ਲੈਂਦਾ ਹਾੜਾ।
ਮੇਰੇ ਕਰਮਾਂ ਨੂੰ ਹੈ ਆਇਆ, ਆ ਕੇ ਤੁਸਾਂ ਦਿਦਾਰ ਦਿਖਾਇਆ।
ਸਰਨ ਪੜੇ ਕੀ ਰਾਖੁ ਦਇਆਲਾ॥
ਨਾਨਕੁ ਤੁਮਰੇ ਬਾਲੁ ਗੁਪਾਲਾ॥
ਬਾਵਾ ਸਿੰਘ ਇਹ ਕਹਿੰਦਾ ਕਹਿੰਦਾ, ਗੁਰ ਚਰਨਾਂ ਤੇ ਢਹਿੰਦਾ ਢਹਿੰਦਾ।
ਮਾਰ ਮਾਰ ਕੇ ਭੁੱਬਾਂ ਰੋਇਆ, ਥੰਮ ਦਿਲੇ ਦਾ ਹਿਲ ਖਲੋਇਆ।
ਬਾਵਾ ਸਿੰਘ ਦੀ ਦਰਦ ਕਹਾਨੀ, ਉਸੇ ਦੀ ਹੀ ਸੁਣੀ ਜੁਬਾਨੀ।
ਜਦੋਂ ਗੁਰੂ 'ਪ੍ਰਤਾਪ' ਪਿਆਰੇ, ਦੂਖ ਦਰਦ ਕੇ ਹਰਨੇ ਹਾਰੇ।
ਕ੍ਰਿਪਾ ਰੂਪੀ ਸਾਗਰ ਅੰਦਰ, ਸੁਖਾਂ ਦੇ ਰਤਨਾਗਰ ਅੰਦਰ।
ਆਇਆ ਨਿੱਕਾ ਜਿਹਾ ਜੁਆਰ, ਕਰ ਗਿਆ ਇਸਦੀ ਬੇੜੀ ਪਾਰ।
ਖੇਮ ਸਿੰਘ ਨੂੰ ਝੱਟ ਬੁਲਾ ਕੇ, ਆਖਿਆ ਇਹਦਾ ਸਨਾਨ ਕਰਾ ਕੇ।

Sri Satguru Jagjit Singh Ji eLibrary NamdhariElibrary@gmail.com

ਸਰਬ ਰੋਗ ਕਾ ਅਉਖਦ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥
ਇਹਦੇ ਕੰਨਾਂ ਵਿਚ ਦੇਹ ਪਾਈ, ਇਸ ਤੋਂ ਵਧ ਨਾ ਹੋਰ ਦਵਾਈ।
ਝਟ ਪਟ ਗਿਆ ਹੁਕਮ ਬਜਾਇਆ, ਸਣ ਕੇਸੀ ਇਸ਼ਨਾਨ ਕਰਾਇਆ।
ਨਿੱਕਰ ਕੱਛਾ ਗਿਆ ਲੁਹਾਇਆ, ਉਸਦੀ ਥਾਂ ਅਰੇਬ ਪੁਵਾਇਆ।
ਕਲੀਆਂ ਵਾਲਾ ਚਿੱਟਾ ਜਾਮਾ, ਨਾਲੇ ਚੂੜੀਦਾਰ ਪਜਾਮਾ।
ਬਾਵਾ ਸਿੰਘ ਜਦ ਧਾਰਨ ਕੀਤੇ, ਪਾਟੇ ਕਰਮ ਜਿਵੇਂ ਗਏ ਸੀਤੇ।
ਕਾਂ ਤੋਂ ਬਣ ਗਿਆ ਸੁੰਦਰ ਹੰਸ, ਦਇਆ ਗੁਰ ਬਾਢੀ ਬੰਸ।
ਸ੍ਰੀ ਸਤਿਗੁਰ ਪਰਤਾਪ ਪਿਆਰੇ, ਸ੍ਰੀ ਮੁਖ ਤੋਂ ਆਦੇਸ ਉਚਾਰੇ।
ਇਕ ਕਰਾ ਦੇ ਦੇਗ ਸ਼ਹੀਦੀ, ਨਾਲੇ ਕੀਤੀ ਇੰਞ ਤਕੀਦੀ।
ਸਣਕੇਸੀ ਕਰਨਾ ਇਸ਼ਨਾਨ, ਨਾਗਾ ਪਵੇ ਨਾ ਇਸ ਵਿਚ ਜਾਣ।
ਮੇਰੀਆਂ ਗੱਲਾਂ ਭੁਲ ਨਾ ਜਾਵੀਂ, ਕੰਨਾਂ ਵਿਚ ਨਾ ਦਾਰੂ ਪਾਵੀਂ।
ਜੇਕਰ ਭੁਲ ਭੁਲੇਖੇ ਪਾਈ, ਕੰਨਾਂ ਦੇ ਵਿਚ ਆਪ ਦੁਆਈ।
ਸਾਡੀ ਨਹੀਂ ਫਿਰ ਜੁਮੇਵਾਰੀ, ਸੁਣਦੀ ਪਈ ਹੈ ਸੰਗਤ ਸਾਰੀ।
ਬਾਵਾ ਸਿੰਘ ਬਾਢੀ ਅਧਮੋਇਆ, ਛੇਤੀ ਹੋ ਗਿਆ ਨਵਾਂ ਨਰੋਆ।
ਪਿਲੱਤਣ ਦੇ ਥਾਂ ਫਿਰ ਗਈ ਲਾਲੀ, ਮੂੰਹ ਤੇ ਆ ਗਈ ਸਗੋਂ ਜਲਾਲੀ।
ਚੰਗੇ ਬੀਤੇ ਬਾਰਾਂ ਸਾਲ, ਫੇਰ ਸਮੇਂ ਕੁਝ ਬਦਲੀ ਚਾਲ।
ਧੰਨ ਦੌਲਤ ਖੱਟਣ ਦੀ ਖੱਟੀ, ਇਸ ਨੂੰ ਕਿਸੇ ਪੜ੍ਹਾਈ ਪੱਟੀ।
ਮਿੱਤਰ ਮੰਡਲ ਇਸ ਨੂੰ ਖਿੱਚ, ਲੈ ਗਈ ਨਾਲ ਅਫਰੀਕਾ ਵਿਚ।
ਸਮਝੋ ਆ ਗਏ ਦਿਨ ਅਭਾਗੇ, ਨਿਤਨੇਮ ਵਿਚ ਪੈ ਗਏ ਨਾਗੇ।
ਕਈ ਦਿਨ ਤਕ ਇਸ਼ਨਾਨ ਨਾ ਕੀਤਾ, ਬਿਨਾ ਨਹਾਏ ਖਾਧਾ ਪੀਤਾ।
ਰਾਮਕਾਰ ਮਰਜਾਦਾ ਵਾਲੀ, ਜਦੋਂ ਨਾ ਇਸ ਤੋਂ ਗਈ ਸੰਭਾਲੀ।
ਉਹ ਬਿਮਾਰੀ ਚੋਰੀ ਚੋਰੀ, ਵੜ ਗਈ ਤਕ ਕੇ ਖੁਲ੍ਹੀ ਮੋਰੀ।
ਚਲੀ ਕੰਨਾਂ ਅੰਦਰ ਪੀੜ, ਬਾਵਾ ਸਿੰਘ ਨੂੰ ਲਿਆ ਝਪੀੜ।
ਬਾਵਾ ਸਿਘ ਘਬਰਾਏ ਹੋਏ, ਗੁਰ ਉਪਦੇਸ਼ ਭੁਲਾਏ ਹੋਏ।
ਸੁਤੀ ਸ਼ਾਮਤ ਆਪ ਜਗਾਈ, ਪਾ ਕੇ ਕੰਨਾਂ ਵਿਚ ਦੁਆਈ।
ਤੜਪ ਤੜਪ ਕੇ ਕੱਢੀ ਰਾਤ, ਹੋਇਆ ਜਦੋਂ ਸਮਾਂ ਪ੍ਰਭਾਤ।
ਵੇਖਿਆ ਹੋਇਆ ਭੈੜਾ ਹਾਲ, ਬਿਸਤਰ ਗੰਦੇ ਰੇਸ਼ੇ ਨਾਲ।
ਬਚਨ ਗੁਰਾਂ ਦਾ ਆਇਆ ਯਾਦ, ਕਰਨ ਗਿਆ ਆਪਣੀ ਫਰਿਆਦ।
ਸੂਬਾ ਲਾਲ ਸਿੰਘ ਦੇ ਕੋਲ, ਦਸੀ ਸਾਰੀ ਵਿਥਿਆ ਫੋਲ।
ਸੂਬਾ ਲਾਲ ਸਿੰਘ ਗੁਰ ਲਾਲ, ਬਣ ਗਏ ਇਸ ਦੀ ਸਮਝੋ ਢਾਲ।
ਦਸੀ ਇਸ ਨੂੰ ਸੋਹਣੀ ਜੁਗਤੀ, ਜੁਗਤੀ ਰਾਹੀਂ ਕੀਤੀ ਮੁਕਤੀ।
ਆਖਿਆ ਇਕ ਕਰਾਦੇ ਵਰਨੀ, ਵਰਨੀ ਨਾਲ ਬਿਮਾਰੀ ਮਰਨੀ।

Sri Satguru Jagjit Singh Ji eLibrary NamdhariElibrary@gmail.com

ਇਸ ਤੋਂ ਵੱਡਾ ਹੋਰ ਉਪਾਅ ਨਹੀਂ, ਦੁਨੀਆਂ ਅੰਦਰ ਬਣੀ ਦਵਾ ਨਹੀਂ।
ਸਤ ਬਚਨ ਬਾਵਾ ਸਿੰਘ ਕਹਿ ਕੇ, ਰਸਦ ਸਮਗਰੀ ਸ਼ਹਿਰੋਂ ਲੈ ਕੇ।
ਵਰਨੀ ਦੂਜੇ ਦਿਨ ਕਰਾਈ, ਸਦਕੇ ਕੂਕੇ ਮਾਈ ਭਾਈ।
ਬਾਵਾ ਸਿੰਘ ਦਾ ਕਰਕੇ ਹਿਤ, ਹੋ ਕੇ ਫੇਰ ਇਕਾਗਰ ਚਿੱਤ।
ਸੂਬਾ ਜੀ ਕੀਤੀ ਅਰਦਾਸ, ਸਤਿਗੁਰ ਜੀ ਦੇ ਚਰਨਾਂ ਪਾਸ।
ਆਖਿਆ ਇਸ ਤੇ ਕ੍ਰਿਪਾ ਧਾਰੋ, ਹੋਈ ਇਸ ਦੀ ਖਤਾ ਵਿਸਾਰੋ।
ਤੁਮ ਮਾਤ ਪਿਤਾ ਹਮ ਬਾਰਕ ਤੇਰੇ, ਤੁਮਰੀ ਕ੍ਰਿਪਾ ਮੈ ਸੂਖ ਘਨੇਰੇ।
ਪਵੇ ਬਿਮਾਰੀ ਅੰਦਰ ਠੱਲਾ, ਕਰਨ ਰੋਗ ਹੁਣ ਛਡੇ ਪੱਲਾ।
ਫਿਰ ਬੋਲੇ ਉਹ ਸਹਿਤ ਪਿਆਰ, ਕੜਾਹ ਪ੍ਰਸ਼ਾਦ ਦੀ ਦੇਗ ਤਿਆਰ।
ਸਤਿਗੁਰ ਇਸ ਨੂੰ ਭੋਗ ਲਗਾਵੇ, ਸਭ ਦੇ ਦਿਲ ਦੀ ਆਸ ਪੁਗਾਵੇ।
ਤੇਰੇ ਭਾਣੇ ਦੀ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ।
ਓਸੇ ਦਿਨ ਤੋਂ ਕ੍ਰਿਪਾ ਭਈ, ਪਿਛਾ ਛੱਡ ਬਿਮਾਰੀ ਗਈ।
ਬਾਕੀ ਸਾਰੀ ਉਮਰਾਂ ਤੋਈ, ਕੰਨਾਂ ਦੀ ਤਕਲੀਫ ਨਾ ਹੋਈ।
ਕਹਿਤ ਕਵੀ 'ਬਲਵੰਤ ਗਿਆਨੀ', ਨਾਮੁ ਕੀ ਮਹਿਮਾ ਬਹੁਤ ਮਹਾਨੀ।

**ਬਲਵੰਤ ਸਿੰਘ 'ਗਿਆਨੀ'**
ਐਲਨਾਬਾਦ (ਹਰਿਆਣਾ)

## ਉਹ ਸੀ ਵੈਦ ਬੀਮਾਰਾਂ ਦਾ*

ਜੀਉਣ ਕੌਰ ਦਾ ਰਾਜ ਦੁਲਾਰਾ, ਸੋਮਾ ਸੀ ਉਹ ਪਿਆਰਾਂ ਦਾ।
ਪਾਰਾਵਾਰ ਪਾਇਆ ਨਹੀਂ ਜਾਂਦਾ, ਸਤਿਗੁਰ ਦੇ ਉਪਕਾਰਾਂ ਦਾ।
ਉਸ ਦੇ ਤੇਜ ਪ੍ਰਤਾਪ ਦੇ ਅਗੇ, ਝੁਕ ਜਾਵੇ ਸੀਸ ਬਹਾਰਾਂ ਦਾ।
ਇਕੋ ਇਕ ਉਹ ਰਹਿਬਰ ਹੈਸੀ, ਲੱਖਾਂ ਅਤੇ ਹਜ਼ਾਰਾਂ ਦਾ।
ਦੇ ਗਿਆ ਦਾਰੂ ਨਾਮ ਸਭ ਨੂੰ, ਉਹ ਸੀ ਵੈਦ ਬੀਮਾਰਾਂ ਦਾ।
ਗਾਉਂਦਾ ਉਸ ਦੇ ਗੀਤ ਰਸੀਲਾ, ਮਿਲ ਜਾਏ ਖੈਰ ਦੀਦਾਰਾਂ ਦਾ।

**ਹ. ਸ. ਰਸੀਲਾ**
ਹੁਸ਼ਿਆਰਪੁਰੀ

* ਆਦਿ, ਬਿਆਦਿ, ਉਪਾਦਿ ਦੇ ਰੋਗ।

Sri Satguru Jagjit Singh Ji eLibrary NamdhariElibrary@gmail.com

# ਮਿਹਰਾਂ ਦਾ ਮੀਂਹ

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਦਾ ਸਦਕਾ ਮੈਂ ਬਿਲਕੁਲ ਸੰਤੁਸ਼ਟ ਹਾਂ। ਮੈਨੂੰ ਕੋਈ ਚਿੰਤਾ ਨਹੀਂ। ਮੈਂ ਆਪਣੇ ਆਪ ਨੂੰ ਗੁਲਾਬ ਦੇ ਫੁੱਲਾਂ ਨਾਲੋਂ ਵੀ ਹੌਲਾ ਸਮਝਦਾ ਹਾਂ। ਗੁਰੂ ਘਰ ਵਿਚ ਤੇ ਸਾਧ ਸੰਗਤ ਵਿਚ ਜਿਹੜਾ ਮਾਣ ਪ੍ਰਤਿਸ਼ਠਾ ਹੈ। ਇਹ ਸਭ ਸਤਿਗੁਰੂ ਪ੍ਰਤਾਪ ਸਿੰਘ ਦੀ ਕ੍ਰਿਪਾ ਭਰੀ ਨਜ਼ਰ ਦਾ ਸਦਕਾ ਹੈ। ਇਹ ਪੰਡਿਤ ਗੋਪਾਲ ਸਿੰਘ "ਚਮਤਕਾਰੇ" ਨਾਮੀ ਲਿਖਤ ਘੋਖਦਿਆਂ ਕਿਹਾ। ਸਤਿਗੁਰੂ ਜੀ ਬੜੇ ਬਲੀ ਸਨ ਸਤਿਗੁਰੂ ਜੀ ਬੜੇ ਨੀਤੀ ਨਿਤਗ ਸਨ। ਸਤਿਗੁਰਾਂ ਦੇ ਨੇਤਰਾਂ ਵਿਚ ਅੰਮ੍ਰਿਤ ਸੀ। ਸਤਿਗੁਰਾਂ ਦੀ ਰਸਨਾ ਦੀ ਸ਼ਕਤੀ ਸੀ। ਜਿਧਰ ਕ੍ਰਿਪਾ ਹੋ ਗਈ ਨਦਰੋ ਨਦਰ ਨਿਹਾਲ ਕਰ ਦਿੱਤਾ ਜਿੱਥੇ ਤਰੁਠ ਪਏ ਉਸਦਾ ਬੇੜਾ ਪਾਰ ਕਰ ਦਿੱਤਾ। ਕੰਗਲਿਆਂ ਨੂੰ ਬਾਦਸ਼ਾਹੀ ਮੂੜਾ ਨੂੰ ਪੰਡਤਾਈ, ਗੂੰਗਿਆਂ ਨੂੰ ਰਸਨਾ, ਅੰਨਿਆਂ ਨੂੰ ਅੱਖਾਂ ਉਨ੍ਹਾਂ ਦੀ ਚਰਨ ਛੂਹ ਪ੍ਰਾਪਤ ਕਰਨ ਵਾਲੇ ਨੂੰ ਸੁੱਤੇ ਹੀ ਮਿਲ ਜਾਂਦੀਆਂ ਸਨ। ਉਨ੍ਹਾਂ ਦੇ ਗੁਣ ਬ੍ਰਹਮਾ ਨਹੀਂ ਗਾ ਸਕਦਾ। ਉਨ੍ਹਾਂ ਦੀ ਉਪਮਾ ਸੁਰਸਤੀ ਨਹੀਂ ਕਰ ਸਕਦੀ। ਤੁਸੀਂ ਮੇਰੀ ਗੱਲ ਸੁਣੋ। ਮੈ ਗ਼ਰੀਬ ਬ੍ਰਾਹਮਣ ਦਾ ਲੜਕਾ ਪਿਤਾ ਦਾ ਸਾਇਆ ਵੀ ਬਚਪਨ ਵਿਚ ਉਠ ਗਿਆ ਕੋਈ ਬਾਂਹ ਫੜਨ ਵਾਲਾ ਨਾ ਰਿਹਾ। ਮੇਰੇ ਤੇ ਐਸੀ ਕ੍ਰਿਪਾ ਹੋਈ ਕਿ ਗੁਰੂਆਨ - ਗੁਰੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਕਾਰਨ ਏਸ ਕੀਟ ਨੂੰ ਦੇਸ਼ ਦੇਸ਼ਾਂਤਰਾਂ ਤਕ ਜਾਣਦੇ ਹਨ।

ਮੈਂ ਸ੍ਰੀਮਾਨ ਪੰਡਿਤ ਜਗਤ ਸਿੰਘ ਜੀ ਖੰਡੂਵਾਲਿਆ ਪਾਸੋਂ ਵਿਦਿਆ ਪੜ੍ਹਦਾ ਹੁੰਦਾ ਸੀ। ਪੰਡਿਤ ਜੀ ਮੈਨੂੰ ਸਜਾਦੇ ਪਠ ਕਰਨ ਵਾਸਤੇ ਭੇਜਿਆ। ਚਵਿੰਡੇ ਸਤਿਗੁਰਾਂ ਦੀ ਦੌਰਾ ਸੀ। ਸੰਤ ਮੰਡਲਿਆਂ ਜੁੜੀਆਂ ਬੈਠੀਆਂ ਸਨ ਸ੍ਰੀਮਾਨ ਸੰਤ ਭਗਤ ਸਿੰਘ ਦਾਤੇ ਵਾਲ ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤੇ ਤੇ ਹੋਰ ਸਾਧੂ ਸੰਤ ਮਹੰਤ ਜੁੜੇ ਬੈਠੇ ਸਨ ਸੰਤ ਭਗਤ ਸਿੰਘ ਜੀ ਬੜੇ ਹੱਸਮੁਖੇ ਸਨ। ਉਨ੍ਹਾਂ ਪੁੱਛਿਆ ਤੂੰ ਪਾਠੀ ਏਂ?

"ਜੀ ਹਾਂ।"

"ਕਾਕਾ ਸਤਿਗੁਰਾਂ ਨੂੰ ਪਾਠ ਸੁਣਾਏਂਗਾ।"

"ਲੰਗੋਟਾ ਬਨਕੇ ਸੁਣਾਉਣਾ ਹੁੰਦਾ ਏ।"

"ਤੇਰੇ ਵਰਗੇ ਥਿੜਕ ਜਾਂਦੇ ਨੇ।"

ਮੈਂ ਨਹੀਂ ਥਿੜਕਾਂਗਾ। ਤੁਹਾਡੇ ਵਰਗੇ ਥਿੜਕਦੇ ਨੇ ਮੈਂ ਉਸਤਾਦ ਦਾ ਚੰਡਿਆਂ ਹਾਂ ਮੈਂ ਨਹੀਂ ਥਿੜਕਾਂਗਾ। ਮੇਰੀ ਗੱਲਬਾਤ ਤੋਂ ਸਾਰੇ ਹੈਰਾਨ ਹੋ ਗਏ।

ਸਤਿਗੁਰੂ ਜੀ ਦਰਸ਼ਨ ਦਿੱਤੇ। ਸੰਤ ਭਗਤ ਸਿੰਘ ਸਤਿਗੁਰਾਂ ਤਕ ਗੱਲ ਟੋਰ ਦਿੱਤੀ। ਮੈਨੂੰ ਆਵਾਜ਼ਾ ਹੋਇਆ ਮੈਂ ਸਤਿਗੁਰਾਂ ਨੂੰ ਨਮਸਕਾਰ ਕੀਤੀ। ਚਰਨਾਂ ਵਿਚ ਬਹਿ ਗਿਆ। ਗ਼ਰੀਬ ਨਿਵਾਜ਼ ਜੀ ਮੈਥੋਂ ਸਾਰੀ ਵਾਰਤਾ ਸੁਣੀ। ਸੁਣਦਿਆਂ

Sri Satguru Jagjit Singh Ji eLibrary NamdhariElibrary@gmail.com

ਹੀ ਮਿਹਰਾਂ ਦੇ ਮੀਂਹ ਦੀ ਛਹਿਬਰ ਆ ਹੋਈ। ਬੜੇ ਵਰ ਦਿੱਤੇ। ਕਾਕਾ ਘਬਰਾ ਨਾ ਸਤਿਗੁਰੂ ਰਾਮ ਸਿੰਘ ਤੇਰੇ ਸਹਾਈ ਹੋਣਗੇ। ਤੈਨੂੰ ਕਿਸੇ ਵਸਤੂ ਦੀ ਥੁੜ ਨਹੀਂ ਰਹੇਗੀ। ਸਭ ਥਾਂ ਤੇਰਾ ਆਦਰ ਮਾਣ ਹੋਵੇਗਾ। ਹੁਕਮ ਪਾਕੇ ਪਾਠ ਕਰਨਾ ਸ਼ੁਰੂ ਕੀਤਾ। ਸਤਿਗੁਰੂ ਜੀ ਪਾਸ ਪਾਠ ਕਰਨਾ ਕਿਹੜਾ ਸੌਖਾ ਸੀ। ਪਰ ਗ਼ਰੀਬ ਨਿਵਾਜ਼ ਜੀ ਜਿਵੇਂ ਇਸ਼ਾਰਾ ਕਰਦੇ ਮੈਂ ਹਰ ਗੱਲ ਤੂੰ ਪਕੜ ਲੈਂਦਾ। ਪ੍ਰਸੰਨ ਹੋ ਬਚਨ ਕੀਤਾ। ਬੱਚੇ ਦੀ ਬੁੱਧੀ ਬੜੀ ਤੀਖਣ ਏ। ਬੜਾ ਹੁਸ਼ਿਆਰ ਏ। ਪਾਠ ਸੁਣ ਗ਼ਰੀਬ ਨਿਵਾਜ਼ ਜੀ ਖ਼ੁਸ਼ੀਆਂ ਦੇ ਭੰਡਾਰੇ ਖੋਲ ਦਿੱਤੇ ਉਨ੍ਹਾਂ ਦੀਆਂ ਖ਼ੁਸ਼ੀਆਂ ਦੇ ਕਾਰਨ ਹੀ ਮੇਰੇ ਆਲੇ ਦੁਆਲੇ ਖ਼ੁਸ਼ੀਆਂ ਨਿਰਤਕਾਰੀ ਕਰਦੀਆਂ ਰਹਿੰਦੀਆਂ ਹਨ।

ਸਤਿਗੁਰੂ ਜੀ ਦੀ ਬਖਸ਼ਸ਼ ਕਾਰਨ ਵਿਦਿਆ ਦਾ ਪ੍ਰਕਾਸ਼ ਵਧਣ ਲੱਗਾ। ਥੋੜ੍ਹੇ ਸਮੇਂ ਅੰਦਰ ਦੀ ਸੰਗਤਾਂ ਵਿਚ ਖਲੋਕੇ ਕੀਰਤਨ ਕਰਨ ਲੱਗਾ। ਮੈਂ ਇਹ ਸਮਝਿਆ ਨਾ ਕਿ ਮੇਰੀ ਕਿਉਂ ਪ੍ਰਸੰਸਾ ਵਧਣ ਲੱਗੀ। ਸਤਿਗੁਰੂ ਦਾ ਬਚਨ ਪਾ ਕੇ ਬਾਲੇਕੇ ਜ਼ਿਲ੍ਹਾ ਸਿਆਲਕੋਟ ਗਿਆ ਉੱਥੇ ਚਾਰ-ਪੰਜ ਦੀਵਾਨ ਸੱਜੇ ਕਈਆਂ ਮਾਸ ਸ਼ਰਾਬ ਛਡਿਆ ਸਤਿਗੁਰਾਂ ਦੀ ਮਹਿਮਾ ਹੋਈ।

ਇਕ ਦਿਨ ਦੀਵਾਨ ਵਿਚ ਇਕ ਮਾਈ ਖਲੋਕੇ ਬੜੀ ਨਿਮ੍ਰਤਾ ਨਾਲ ਅਰਜ਼ ਕੀਤੀ ਪੰਡਿਤ ਜੀ ਮੇਰੇ ਬੱਚੇ ਨਹੀਂ ਬਚਦੇ ਚਾਰ-ਪੰਜ ਸਾਲ ਦੇ ਹੋਕੇ ਚੜ ਜਾਂਦੇ ਹਨ। ਤੁਸੀਂ ਸਤਿਗੁਰੂ ਦੇ ਚਰਨਾਂ ਵਿਚ ਅਰਜ਼ ਕਰੋ। ਕਿ ਮੈਂ ਸਪੁਤੀ ਕਹਾਂਵਾ। ਇਹ ਕਹਿੰਦੇ ਮਾਈ ਦੀਆਂ ਅੱਖਾਂ ਡੁੱਲ ਪਈਆਂ ਮੈਂ ਆਖਿਆ ਮਾਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਧਿਆਨ ਧਰ ਜਦ ਬੱਚਾ 4-5 ਸਾਲ ਟੱਪ ਜਾਵੇ। ਅਖੰਡ ਪਾਠ ਕਰਾਵੀਂ। ਉਸਦੇ ਘਰ ਕਿਸੇ ਵਸਤੂ ਦਾ ਘਾਟਾ ਨਹੀਂ ਹਰ ਰੋਜ਼ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਿਆ ਕਰ ਵੇਲ ਵਧੇਗੀ। ਮੈਂ ਉੱਥੋਂ ਵਾਪਸ ਆ ਗਿਆ ਦਿਲ ਵਿਚ ਬੜਾ ਡਰਿਆ ਡੀਂਗ ਮਾਰ ਆਇਆ ਹਾਂ ਗੁਰੂ ਲਾਜ ਰਖੇ ਆਕੇ ਸਤਿਗੁਰਾਂ ਅੱਗੇ ਅਰਜ਼ ਕੀਤੀ ਜੀ ਇਕ ਸੌਦਾ ਕਰ ਆਇਆ ਹਾਂ ਸਿਰੇ ਤੁਸਾਂ ਚਾੜਨਾ ਏ। ਸਾਰੀ ਕਹਾਣੀ ਸੁਣਾਈ। ਸਤਿਗੁਰੂ ਜੀ ਮਿਹਰ ਭਰਿਆ ਹੱਥ ਮੇਰੀ ਪਿੱਠ ਤੇ ਰਖਦਿਆਂ ਆਖਿਆ ਪੰਡਤਾਂ ਘਬਰਾ ਨਾ ਤੇਰਾ ਦੌਰਾ ਪੱਕਾ ਰਹੇਗਾ ਤੈਨੂੰ ਝੂਠਾ ਨਹੀਂ ਹੋਣ ਦੇਂਦੇ ਸਤਿਗੁਰੂ ਰਾਮ ਸਿੰਘ ਜੀ ਲਾਜ ਰੱਖਣਗੇ।

ਸਤਿਗੁਰੂ ਕ੍ਰਿਪਾ ਕੀਤੀ। ਬੱਚਾ ਹੋਇਆ ਡਰ ਵਾਲਾ ਸਮਾਂ ਲੰਘ ਗਿਆ ਮਾਈ ਬੜੀ ਪ੍ਰਸੰਨ ਹੋਈ। ਮਾਈ ਅਖੰਡ ਪਾਠ ਕਰਾਇਆ। ਸਾਧ ਸੰਗਤ ਨੂੰ ਚਰਨ ਪਾਉਣ ਲਈ ਬੁਲਾਇਆ ਮੁੰਡਾ ਬੜਾ ਜਵਾਨ ਹੋਇਆ। ਮਾਈ ਫੁੱਲੀ ਨਾ ਸਮਾਈ।

❑

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com






ਆਰਸੀ ਪਬਲਿਸ਼ਰਜ਼
51 ਪਰਦਾ ਬਾਗ, ਦਰਿਆ ਗੰਜ,
ਨੇੜੇ ਪੈਟਰਲ ਪੰਪ, ਨਵੀ ਦਿਲੀ-110002
ਫੋਨ : 23280657, 8076749930
E-mail : arseepublishers@rediffmail.com

ISBN 818299457-8

Sri Satguru Jagjit Singh Ji eLibrary NamdhariElibrary@gmail.com